# ਪੰਜਾਬੀ ਗਲਪ

DPBI638

Edited By:
Dr. Yaadwinder Kaur

LOVELY PROFESSIONAL UNIVERSITY

LOVELY PROFESSIONAL UNIVERSITY

# ਪੰਜਾਬੀ ਗਲਪ

**Edited By**

**Dr. Yaadvinder Kaur**

| ਅਧਿਆਇ ਨੰਬਰ | ਅਧਿਆਇ ਦਾ ਨਾਮ | ਲੇਖਕ ਦਾ ਨਾਮ | ਪੰਨਾ ਨੰਬਰ |
|---|---|---|---|
| ਅਧਿਆਇ - 1 | ਗਲਪ: ਸੰਕਲਪ, ਤੱਤ ਅਤੇ ਉਪਰੂਪ | ਡਾ. ਯਾਦਵਿੰਦਰ ਕੌਰ | 1-12 |
| ਅਧਿਆਇ - 2 | ਕਹਾਣੀ: ਸਿਧਾਂਤਕ ਪਰਿਪੇਖ | ਡਾ. ਯਾਦਵਿੰਦਰ ਕੌਰ | 13-18 |
| ਅਧਿਆਇ - 3 | ਪੰਜਾਬੀ ਕਹਾਣੀ: ਨਿਕਾਸ, ਵਿਕਾਸ ਅਤੇ ਪ੍ਰਵਿਰਤੀਆਂ | ਡਾ. ਯਾਦਵਿੰਦਰ ਕੌਰ | 19-32 |
| ਅਧਿਆਇ - 4 | ਕਹਾਣੀ ਸੰਗ੍ਰਹਿ 'ਇਕੱਤੀ ਕਹਾਣੀਆਂ': ਥੀਮਗਤ ਪਾਸਾਰ | ਡਾ. ਯਾਦਵਿੰਦਰ ਕੌਰ | 33-42 |
| ਅਧਿਆਇ - 5 | ਕਹਾਣੀ ਸੰਗ੍ਰਹਿ 'ਇਕੱਤੀ ਕਹਾਣੀਆਂ': ਕਲਾਤਮਕ ਸੰਗਠਨ | ਡਾ. ਯਾਦਵਿੰਦਰ ਕੌਰ | 43-52 |
| ਅਧਿਆਇ - 6 | ਪਰਵਾਸੀ ਪੰਜਾਬੀ ਕਹਾਣੀ: ਸਿਧਾਂਤ ਅਤੇ ਇਤਿਹਾਸ | ਡਾ. ਯਾਦਵਿੰਦਰ ਕੌਰ | 53-62 |
| ਅਧਿਆਇ - 7 | ਕਹਾਣੀ ਸੰਗ੍ਰਹਿ 'ਟਾਵਰਜ਼': ਥੀਮਗਤ ਪਾਸਾਰ | ਡਾ. ਯਾਦਵਿੰਦਰ ਕੌਰ | 63-80 |
| ਅਧਿਆਇ - 8 | ਕਹਾਣੀ ਸੰਗ੍ਰਹਿ 'ਟਾਵਰਜ਼': ਕਲਾਤਮਕ ਸੰਗਠਨ | ਡਾ. ਯਾਦਵਿੰਦਰ ਕੌਰ | 81-90 |
| ਅਧਿਆਇ - 9 | ਨਾਵਲ: ਸਿਧਾਂਤਕ ਪਰਿਪੇਖ | ਡਾ. ਯਾਦਵਿੰਦਰ ਕੌਰ | 91-102 |
| ਅਧਿਆਇ - 10 | ਪੰਜਾਬੀ ਨਾਵਲ: ਨਿਕਾਸ, ਵਿਕਾਸ ਅਤੇ ਪ੍ਰਵਿਰਤੀਆਂ | ਡਾ. ਯਾਦਵਿੰਦਰ ਕੌਰ | 103-120 |
| ਅਧਿਆਇ - 11 | ਨਾਵਲ 'ਪਿੰਜਰ': ਥੀਮਗਤ ਪਾਸਾਰ | ਡਾ. ਯਾਦਵਿੰਦਰ ਕੌਰ | 121-130 |
| ਅਧਿਆਇ - 12 | ਨਾਵਲ 'ਪਿੰਜਰ': ਨਾਵਲੀ ਜੁਗਤਾਂ | ਡਾ. ਯਾਦਵਿੰਦਰ ਕੌਰ | 131-140 |
| ਅਧਿਆਇ - 13 | ਨਾਵਲ 'ਇੱਕੀਵੀਂ ਸਦੀ': ਥੀਮਗਤ ਪਾਸਾਰ | ਡਾ. ਯਾਦਵਿੰਦਰ ਕੌਰ | 141-154 |
| ਅਧਿਆਇ - 14 | ਨਾਵਲ 'ਇੱਕੀਵੀਂ ਸਦੀ': ਨਾਵਲੀ ਜੁਗਤਾਂ | ਡਾ. ਯਾਦਵਿੰਦਰ ਕੌਰ | 155-165 |

# Unit 01: ਗਲਪ: ਸੰਕਲਪ, ਤੱਤ ਅਤੇ ਉਪ-ਰੂਪ


**ਵਿਸ਼ਾ-ਵਸਤੂ**

**ਉਦੇਸ਼**

**ਜਾਣ-ਪਛਾਣ**

**1.1 ਗਲਪ ਦਾ ਸਕੰਲਪ**

**1.2 ਗਲਪ ਅਤੇ ਸਾਹਿਤ ਰੂਪ**

**1.3 ਗਲਪ ਦੇ ਤੱਤ**

**1.4 ਗਲਪ ਦੇ ਉਪਰੂਪ**

**ਸਾਰਾਂਸ਼**

**ਕੇਂਦਰੀ ਸ਼ਬਦ**

**ਸਵੈ-ਮੁਲਾਂਕਣ**

**ਸਵੈ-ਮੁਲਾਂਕਣ ਲਈ ਉੱਤਰ**

**ਅਭਿਆਸ ਪ੍ਰਸ਼ਨ**

**ਸੰਦਰਭ ਪੁਸਤਕਾਂ**


## ਉਦੇਸ਼

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

- ਗਲਪ ਦੇ ਸੰਕਲਪ ਨੂੰ ਸਮਝਣ ਦੇ ਯੋਗ ਹੋਣਗੇ
- ਗਲਪ ਨੂੰ ਪਰਿਭਾਸ਼ਤ ਕਰਨ ਦੇ ਕਾਬਿਲ ਹੋਣਗੇ
- ਗਲਪ ਦੇ ਤੱਤਾਂ ਦਾ ਵਿਸਤਾਰ ਕਰਨ ਦੇ ਸਮੱਰਥ ਹੋਣਗੇ
- ਗਲਪ ਦੇ ਵਿਭਿੰਨ ਉਪਰੂਪਾਂ ਪ੍ਰਤੀ ਸਮਝ ਹਾਸਿਲ ਕਰਨ ਦੇ ਯੋਗ ਹੋਣਗੇ

## 1.1 ਗਲਪ ਦਾ ਸੰਕਲਪ

ਗਲਪ ਸ਼ਬਦ ਸੰਸਕ੍ਰਿਤ ਵਿੱਚੋਂ ਵਿਸ਼ੇਸ਼ ਅਰਥਾਂ ਵਿੱਚ ਵਰਤੋਂ ਵਿੱਚ ਲਿਆਂਦਾ ਗਿਆ ਹੈ। ਗਲਪ ਦੇ ਅਰਥ ਕਲਪਿਤ ਗੱਲਾਂ ਦੇ ਹਨ ਜਿਸ ਗੱਲ ਦਾ ਕੋਈ ਵਾਸਤਵਿਕ ਆਧਾਰ ਨਾ ਹੋਵੇ। ਅੰਗਰੇਜ਼ੀ ਵਿੱਚ ਇਸ ਦਾ ਸਮਾਨਆਰਥਕ ਸ਼ਬਦ ਫਿਕਸ਼ਨ (Fiction) ਹੈ। ਜਿਸ ਦੇ ਅਰਥ ਵੀ Fact ਦੇ ਉਲਟ ਅਰਥਾਤ ਮਿੱਥਿਆ ਹਨ।

ਗਲਪ ਸ਼ਬਦ ਅੰਗਰੇਜ਼ੀ ਦੇ ਫਿਕਸ਼ਨ ਸ਼ਬਦ ਦਾ ਪੰਜਾਬੀ ਅਨੁਵਾਦ ਰੂਪ ਹੈ ਇਸ ਸ਼ਬਦ ਦੇ ਬਹੁਤ ਸਪੱਸ਼ਟ ਅਤੇ ਨਿਸਚਿਤ ਅਰਥ ਤਾਂ ਨਹੀਂ ਹਨ ਪਰ ਆਮ ਤੌਰ ਤੇ ਇਹ ਸ਼ਬਦ ਉਨ੍ਹਾਂ ਰਚਨਾਵਾਂ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਵਿੱਚ ਕਲਪਨਾ ਦਾ ਮਹੱਤਵ ਵਧੇਰੇ ਹੁੰਦਾ ਹੈ ਹੌਲੀ ਹੌਲੀ ਇਹ ਸ਼ਬਦ ਬਿਰਤਾਂਤਕ ਰਚਨਾਵਾਂ ਅਤੇ ਫੇਰ ਨਾਵਲ ਤੇ ਕਹਾਣੀ ਲਈ ਸਾਂਝੇ ਨਾਂ ਦੇ ਰੂਪ ਵਿੱਚ ਰੂੜ੍ਹ ਹੋ ਗਿਆ ਹੈ। ਅਸੀਂ ਕਹਿ ਸਕਦੇ ਹਾਂ ਕਿ

ਗਲਪ ਹੁਣ ਬਿਰਤਾਂਤ ਸਾਹਿਤ ਰੂਪ ਦਾ ਇੱਕ ਉਪ ਰੂਪ ਹੈ ਜਿਸ ਵਿੱਚ ਨਾਵਲ ਤੇ ਕਹਾਣੀ ਪ੍ਰਮੁੱਖ ਰੂਪਾਕਾਰ ਸ਼ਾਮਲ ਹਨ ਗਲਪ ਮੂਲੋਂ ਹੀ ਤੱਥਾਂ ਤੋਂ ਕੋਰਾ ਨਹੀਂ ਹੁੰਦਾ ਪਰ ਇਸ ਵਿੱਚ ਤੱਥ ਨੂੰ ਗਲਪ ਬਿੰਬ ਚ ਢਾਲ ਕੇ ਪੇਸ਼ ਕੀਤਾ ਜਾਂਦਾ ਹੈ ਜਿਸ ਕਰਕੇ ਗਲਪ ਯਥਾਰਥ ਨੂੰ ਗ੍ਰਹਿਣ ਕਰਨ ਅਤੇ ਪ੍ਰਗਟਾਉਣ ਦੀ ਇੱਕ ਵਿਲੱਖਣ ਸੰਚਾਰ ਵਿਧੀ ਹੈ ਜਦੋਂ ਗਲਪ ਦੇ ਤੱਤਾਂ ਦੀ ਗੱਲ ਕੀਤੀ ਜਾਂਦੀ ਹੈ ਤਾਂ ਇੱਥੇ ਵੀ ਕੋਈ ਨਿਸ਼ਚਿਤ ਗਿਣਤੀ ਨਹੀਂ ਸਗੋਂ ਵਿਭਿੰਨ ਗਲਪ ਸ਼ਾਸਤਰੀਆਂ ਵਾਸਤੇ ਇਹ ਗਿਣਤੀ ਵੱਖ ਵੱਖ ਹੈ ਫਿਰ ਵੀ ਕੁਝ ਤੱਤ ਜਿਹੇ ਹਨ ਜਿਨ੍ਹਾਂ ਬਾਰੇ ਇੱਕ ਮੱਤ ਹੋਇਆ ਜਾ ਸਕਦਾ ਹੈ ਜਿਵੇਂ ਬਿਰਤਾਂਤਕਾਰ ਘਟਨਾ, ਪਾਤਰ, ਵਾਤਾਵਰਨ, ਭਾਸ਼ਾ, ਪਲਾਟ, ਬਿੰਬ ਤੇ ਪ੍ਰਤੀਕ ਗਲਪ ਕੇਵਲ ਸਾਹਿਤ ਦੇ ਬਿਰਤਾਂਤ ਬਾਰੇ ਰੂਪਾਂ ਨਾਟਕ ਤੇ ਕਵਿਤਾ ਤੋਂ ਹੀ ਵਿਲੱਖਣ ਨਹੀਂ ਬਲਕਿ ਆਪਣੇ ਨੇੜਲੇ ਬਿਰਤਾਂਤ ਰੂਪਾਕਾਰਾਂ ਜੀਵਨੀ ਸਵੈਜੀਵਨੀ ਸਫ਼ਰਨਾਮਾ ਆਦਿ ਤੋਂ ਵੀ ਅੱਡਰੀ ਹੋਂਦ ਦਾ ਧਾਰਨੀ ਹੈ ਗਲਪ ਵਿੱਚ ਗਾਲਪਨਿਕ ਤੱਤਾਂ ਕਥਾ ਪਲਾਟ ਆਦਿ ਦੀ ਪ੍ਰਮੁੱਖਤਾ ਹੁੰਦੀ ਹੈ

ਸੰਸਾਰ ਵਿੱਚ ਸਾਹਿਤ ਦਾ ਮੁੱਢ ਗਲਪ ਤੋਂ ਹੀ ਪ੍ਰਵਾਨ ਚੜ੍ਹਦਾ ਹੈ। ਸੰਸਾਰ ਦੀਆਂ ਮੁੱਢਲੀਆਂ ਸਾਹਿਤਕ ਰਚਨਾਵਾਂ ਤੋਂ ਲੈ ਕੇ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਵਿੱਚ ਗਲਪ ਕਿਸੇ ਨਾ ਕਿਸੇ ਰੂਪ ਵਿੱਚ ਵਿਦਮਾਨ ਹੈ। ਗਲਪ ਹੀ ਉਹ ਸ਼ਕਤੀ ਹੈ ਜੋ ਕਿਸੇ ਰਚਨਾ ਵਿੱਚ ਸਾਹਿਤ ਰੂਪ ਪ੍ਰਦਾਨ ਕਰਨ ਵਿੱਚ ਸਹਾਈ ਹੁੰਦੀ ਹੈ।

ਪੰਜਾਬੀ ਵਿੱਚ ਗਲਪ ਸ਼ਬਦ ਦੀ ਵਰਤੋਂ ਉਸ ਸਮੇਂ ਹੋਈ ਜਦੋਂ ਅੰਗਰੇਜ਼ੀ ਵਿੱਚ ਫਿਕਸ਼ਨ ਸ਼ਬਦ ਨਾਵਲ ਅਤੇ ਕਹਾਣੀ ਦੇ ਸਾਹਿਤ ਰੂਪ ਲਈ ਸਾਂਝੇ ਤੌਰ 'ਤੇ ਵਰਤਿਆ ਜਾਣ ਲੱਗ ਪਿਆ ਸੀ। ਉਂਜ ਭਾਵੇਂ ਪੰਜਾਬੀ ਦਾ ਗਲਪ ਸ਼ਬਦ ਵੀ ਇਹ ਅਰਥ ਦਿੰਦਾ ਹੈ ਕਿ ਜੋ ਤੱਥਾਂ ਉੱਤੇ ਆਧਾਰਿਤ ਨਹੀਂ ਉਹ ਗਲਪ ਹੈ। ਇਸੇ ਲਈ ਵਿਗਿਆਨ ਅਤੇ ਕਾਨੂੰਨ ਆਦਿ ਵਿਸ਼ਿਆਂ ਵਿੱਚ ਜੋ ਭਾਸ਼ਾ ਵਰਤੀ ਜਾਂਦੀ ਹੈ ਉਹ ਦੋਅਰਥੀ ਨਹੀਂ ਹੁੰਦੀ ਸਗੋਂ ਇੱਕਅਰਥੀ ਅਤੇ ਤੱਥਾਂ ਉੱਤੇ ਆਧਾਰਿਤ ਹੁੰਦੀ ਹੈ। ਇਸ ਦੇ ਉਲਟ ਸਾਹਿਤ ਦੀ ਭਾਸ਼ਾ ਲਚਕੀਲੀ ਹੁੰਦੀ ਹੈ ਅਰਥਾਤ ਗਾਲਪਨਿਕ ਹੁੰਦੀ ਹੈ।ਇਸ ਦੇ ਬਾਵਜੂਦ ਵੀ ਗਲਪ ਸ਼ਬਦ ਨੂੰ ਪੰਜਾਬੀ ਵਿੱਚ ਸਾਹਿਤ ਦੇ ਸਮਾਨ ਅਰਥਾਂ ਵਿੱਚ ਨਹੀਂ ਵਰਤਿਆ ਜਾਂਦਾ ਸਗੋਂ ਇਹ ਸ਼ਬਦ ਨਾਵਲ ਅਤੇ ਕਹਾਣੀ ਲਈ ਰੂੜ ਹੋ ਗਿਆ ਹੈ।

ਗਲਪ ਇੱਕ ਮਨੁੱਖੀ ਰਚਨਾ ਹੈ ਜਿਸ ਦੀ ਹੋਣ ਦਾ ਅਧਾਰ ਸਮਾਜਿਕ ਘਟਨਾ ਬਣਦੀ ਹੈ ਰਚਨਾ ਦਾ ਆਧਾਰ ਲੇਖਕ ਦਾ ਸਮਾਜਿਕ ਅਨੁਭਵ ਹੁੰਦਾ ਹੈ ਪਰ ਇਹ ਵੀ ਜ਼ਰੂਰੀ ਨਹੀਂ ਕਿ ਸਾਹਿਤ ਵਿੱਚ ਰਚੀ ਹਰ ਘਟਨਾ ਦਾ ਸਬੰਧ ਲੇਖਕ ਦੇ ਨਿੱਜੀ ਜੀਵਨ ਨਾਲ ਹੀ ਹੋਵੇ ਗਲਪ ਰਚਨਾ ਵਿੱਚ ਜਿਹੜੀਆਂ ਘਟਨਾਵਾਂ ਪੇਸ਼ ਕੀਤੀਆਂ ਹੁੰਦੀਆਂ ਹਨ ਜ਼ਰੂਰੀ ਨਹੀਂ ਕਿ ਸਮਾਜਿਕ ਵਰਤਾਰੇ ਵਿੱਚ ਉਹ ਇਨ ਬਿਨ ਕੱਟੀਆਂ ਹੋਈਆਂ ਹੋਣ ਸੰਭਵ ਹੈ ਉਨ੍ਹਾਂ ਵਰਗੀਆਂ ਘਟਨਾਵਾਂ ਘਟਣ ਦੀ ਸੰਭਾਵਨਾ ਸਮਾਜ ਵਿੱਚ ਮੌਜੂਦ ਹੋਵੇ ਲੇਖਕ ਵੀ ਇਸ ਸਮਾਜ ਦਾ ਹੀ ਇੱਕ ਹਿੱਸਾ ਹੁੰਦਾ ਹੈ ਇਸ ਲਈ ਸਾਹਿਤਕ ਰਚਨਾ ਉਸ ਦੀ ਕਲਪਨਾ ਉਸ ਦੀ ਚੇਤਨਾ ਵਿੱਚੋਂ ਪੈਦਾ ਹੋਈ ਹੁੰਦੀ ਹੈ ਚੇਤਨਾ ਦਾ ਆਧਾਰ ਸਮਾਜ ਹੁੰਦਾ ਹੈ ਇਸ ਲਈ ਲੇਖਕ ਦੁਆਰਾ ਸਿਰਜੀ ਗਈ ਰਚਨਾ ਸਮਾਜ ਵਿੱਚ ਵਾਪਰੀ ਨਾ ਹੋਈ ਹੋਣ ਦੇ ਬਾਵਜੂਦ ਵੀ ਸਮਾਜਿਕ ਜੀਵਨ ਦਾ ਹਿੱਸਾ ਪ੍ਰਤੀਤ ਹੁੰਦੀ ਹੈ ਇਸ ਲਈ ਸਮਾਜ ਦਾ ਸੱਚ ਹੀ ਸਾਹਿਤ ਵਿੱਚ ਪ੍ਰਗਟ ਹੁੰਦਾ ਹੈ

ਕੋਈ ਵੀ ਲੇਖਕ ਆਪਣੀ ਕਿਸੇ ਵੀ ਰਚਨਾ ਵਿੱਚ ਆਪਣੇ ਜੀਵਨ ਮੁੱਲਾਂ ਵਿਚਾਰਾਂ ਭਾਵਨਾਵਾਂ ਨੂੰ ਹੀ ਨਹੀਂ ਪ੍ਰਗਟਾ ਰਿਹਾ ਹੁੰਦਾ ਵਿਸ਼ੇਸ਼ ਕਰਕੇ ਗਲਪਕਾਰ ਉਹ ਆਪਣੀ ਰਚਨਾ ਵਿੱਚ ਆਪਣੇ ਆਲੇ ਦੁਆਲੇ ਦੇ ਸਮਾਜਿਕ ਜੀਵਨ ਦੇ ਸ਼ਬਦ ਚਿੱਤਰ ਪੇਸ਼ ਕਰ ਰਿਹਾ ਹੁੰਦਾ ਹੈ ਸਿੱਟੇ ਵਜੋਂ ਸਮਾਜਿਕ ਜੀਵਨ ਨੂੰ ਚਿਤਰਦਿਆਂ ਉਹ ਕੇਵਲ ਨਿੱਜੀ ਨਹੀਂ ਸਰਵਜਨਿਕ ਜੀਵਨ ਮੁੱਲਾਂ ਭਾਵਨਾਵਾਂ ਤੇ ਵਿਚਾਰਾਂ ਨੂੰ ਵੀ ਪੇਸ਼ ਕਰਦਾ ਹੈ ਇਸ ਲਈ ਉਸ ਦੀ ਕਿਸੇ ਰਚਨਾ ਨੂੰ ਨਿਰਾ ਉਹਦੇ ਨਿੱਜੀ ਜੀਵਨ ਦਾ ਪ੍ਰਤੀਬਿੰਬ ਮੰਨ ਲੈਣਾ ਉਂਜ ਹੀ ਗਲਤ ਹੈ ਜਿਵੇਂ ਬੁੱਤ ਦੀ ਸ਼ਕਲ ਨਾਲ ਬੁੱਤਕਾਰ ਦੀ ਸ਼ਕਲ ਨੂੰ ਮਿਲਣ ਦਾ ਯਤਨ ਕਰਨਾ

ਵੀਹਵੀਂ ਸਦੀ ਵਿੱਚ ਵਿਗਿਆਨਕ ਖੋਜਾਂ ਅਤੇ ਲੱਭਤਾਂ ਦੇ ਨਵੇਂ ਦੌਰ ਵਿੱਚ ਸਮਾਜਿਕ ਜੀਵਨ ਯਥਾਰਥ ਨੂੰ ਸਮਝਣ ਸਮਝਾਉਣ ਲਈ ਸਾਹਿਤਕਾਰਾਂ ਨੇ ਵੀ ਆਪਣੀਆਂ ਸਾਹਿਤਕ ਕਿਰਤਾਂ ਵਿੱਚ ਨਵੇਂ ਪ੍ਰਯੋਗ ਕੀਤੇ ਮਹਾਂਕਾਵਿ ਦੀ ਥਾਂ ਤੇ ਨਾਵਲ ਨੇ ਆਪਣਾ ਵਿਸ਼ੇਸ਼ ਬਿਰਤਾਂਤੀ ਕੈਨਵਸ ਸਿਰਜ ਕੇ ਪਾਠਕਾਂ ਨੂੰ ਵਰਤਾਂਤ ਰਚਨਾ ਨਾਲ ਬੰਨ੍ਹ ਕੇ ਤੋਰਿਆ ਵਿਸ਼ਵ ਦੇ ਪ੍ਰਸਿੱਧ ਨਾਵਲਕਾਰ ਦੋਸਤੋਵਸਕੀ ਟਾਲਸਟਾਏ ਦੂਰਗ ਨੇ ਵਿਕਟਰ ਹਿਊਗੋ ਥਾਮਸ ਹਾਰਡੀ ਆਦਿ ਨੇ ਸਾਹਿਤਕ ਖੇਤਰ ਵਿੱਚ ਇੱਕ ਇਤਿਹਾਸਕ ਕ੍ਰਾਂਤੀ ਲਿਆਂਦੀ ਇਨ੍ਹਾਂ ਗਲਪਕਾਰਾਂ ਨੇ ਮਨੁੱਖੀ ਸੱਭਿਆਚਾਰ ਵਿੱਚ ਸਦੀਆਂ ਤੋਂ ਆ ਰਹੀਆਂ ਵੱਖਰੀਆਂ ਵੱਖਰੀਆਂ ਤਬਦੀਲੀਆਂ ਅਤੇ ਮਨੁੱਖ ਦੇ ਵਿਅਕਤੀਗਤ ਅਤੇ ਸਮੂਹਿਕ ਉਤਰਾਵਾਂ ਚੜ੍ਹਾਵਾਂ ਨੂੰ ਜ਼ਿੰਦਗੀ ਦੀ ਮੌਲਿਕ ਸੁਰ ਨਾਲ ਇੱਕ ਸੁਰ ਕਰਕੇ ਦ੍ਰਿਸ਼ਟਮਾਨ ਕੀਤਾ ਹੈ

ਆਧੁਨਿਕ ਪੰਜਾਬੀ ਗਲਪ ਨੇ ਭਾਵੇਂ ਮੁੱਖ ਰੂਪ ਵਿੱਚ ਪੱਛਮੀ ਮਾਡਲ ਤੋਂ ਪ੍ਰਭਾਵ ਗ੍ਰਹਿਣ ਕੀਤਾ ਹੈ ਪਰ ਇਸ ਦਾ ਵਿਸ਼ਾ ਵਸਤੂ ਪੰਜਾਬੀ ਮਾਨਸਿਕਤਾ ਦੀ ਬਾਤ ਪਾਉਂਦਾ ਹੈ। ਵੈਦਿਕ ਭਾਸ਼ਾ ਵਿੱਚ ਪੰਜਾਬੀ ਦਾ ਪੁਰਾਤਨ ਸਰੂਪ ਮੰਨਿਆ ਗਿਆ ਹੈ ਵੇਦਾਂ ਵਿੱਚ ਖਾਸ ਤੌਰ ਤੇ ਰਿਗਵੇਦ ਵਿੱਚ ਸੂਰਬੀਰਾਂ ਰਾਜਿਆਂ ਅਤੇ ਰਿਸ਼ੀ ਮੁਨੀਆਂ ਦਾ ਜ਼ਿਕਰ ਆਉਂਦਾ ਹੈ ਕਿਤੇ ਕਿਤੇ ਲੋਕਾਂ ਦੀ ਦੇਸ਼ ਵਿਦੇਸ਼ ਦੀ ਯਾਤਰਾ ਦਾ ਜ਼ਿਕਰ ਵੀ ਆਉਂਦਾ ਹੈ ਵੇਦਾਂ ਵਿੱਚ ਆਈਆਂ ਇਨ੍ਹਾਂ ਸਾਖੀਆਂ ਕਥਾਵਾਂ ਨੂੰ ਪੰਜਾਬੀ ਦੀ ਕਹਾਣੀ ਕਲਾ ਦਾ ਪ੍ਰਥਮ ਰੂਪ ਵੀ ਕਹਿ ਸਕਦੇ ਹਾਂ ਉਪਨਿਸ਼ਦਾਂ ਵਿੱਚ ਜਗਿਆਸੂ ਵੱਲੋਂ ਸਿਆਣੇ ਤੋਂ ਸਵਾਲ ਪੁੱਛਣ ਅਤੇ ਸ਼ੰਕਾ ਨਿਵਰਤ ਕਰਨ ਦਾ ਤਰੀਕਾ ਅਪਣਾਇਆ ਗਿਆ ਹੈ। ਤਕਰੀਬਨ ਇਸ ਤਰ੍ਹਾਂ ਦੀ ਕਹਾਣੀ ਉਪਨਿਸ਼ਦ ਸਾਹਿਤ ਵਿੱਚ ਹਰ ਥਾਂ ਮੌਜੂਦ ਹੈ। ਇਸ ਉਪਰੰਤ ਰਾਮਾਇਣ ਤੇ ਮਹਾਂਭਾਰਤ ਦੀ ਰਚਨਾ ਹੋਈ ਜਿਨ੍ਹਾਂ ਦੀਆਂ ਘਟਨਾਵਾਂ ਲੋਕ ਕਥਾਵਾਂ ਵਿੱਚ ਸ਼ਾਮਲ ਹੁੰਦੀਆਂ ਰਹੀਆਂ ਹਨ ਇਸ ਤੋਂ ਇਲਾਵਾ ਆਮ ਲੋਕਾਂ ਕੋਲ ਮੌਖਿਕ ਰੂਪ ਵਿੱਚ ਭੂਤਾਂ ਪ੍ਰੇਤਾਂ ਰਾਜਾ ਮਹਾਰਾਜਾ

ਸੌਦਾਗਰਾਂ ਜਾਦੂਗਰਾਂ ਸ਼ਹਿਜ਼ਾਦੇ ਸ਼ਹਿਜ਼ਾਦੀਆਂ ਦੀਆਂ ਲੋਕ ਕਥਾਵਾਂ ਦਾ ਵਿਸ਼ਾਲ ਭੰਡਾਰ ਮੌਜੂਦ ਹੈ ਜੋ ਕਿ ਗਲਪ ਦਾ ਹੀ ਪੁਰਾਤਨ ਸਰੂਪ ਹੈ ਇਸ ਦੇ ਨਾਲ ਹੀ ਮੱਧਕਾਲੀ ਵਾਰਤਕ ਸਾਹਿਤ ਅਤੇ ਕਿੱਸਾ ਕਾਵਿ ਸਾਹਿਤ ਵਿਚਲੇ ਵਰਤਾਂਤ ਗੁਣੀ ਗਲਪ ਦੇ ਬੀਜ ਵਿੱਚ ਪਏ ਹੋਏ ਹਨ

ਅਜੋਕੇ ਦੌਰ ਵਿੱਚ ਜੇਕਰ ਗੱਲ ਇੱਕ ਹਰਮਨ ਪਿਆਰੀ ਸਾਹਿਤਕ ਸਿਰਫ ਬਣਿਆ ਹੈ ਤਾਂ ਇਸ ਦੇ ਬਹੁਤ ਕਾਰਨ ਆਮ ਤੌਰ ਤੇ ਅਸੀਂ ਨਾਵਲ ਨੂੰ ਇੱਕ ਅਜਿਹੀ ਗੱਲ ਪਰਚਾ ਸਕਦੇ ਹਾਂ ਜੋ ਬਿਰਤਾਂਤ ਦੇ ਮਾਧਿਅਮ ਰਾਹੀਂ ਮਨੁੱਖੀ ਜੀਵਨ ਦੇ ਯਥਾਰਥ ਨੂੰ ਕਥਾ ਸਾਹਿਤ ਦਾ ਰੂਪ ਪ੍ਰਦਾਨ ਕਰਦੀ ਹੈ ਸਾਹਿਤ ਦਾ ਰੂਪ ਪੱਛਮ ਦੀ ਉਦਯੋਗਿਕ ਕ੍ਰਾਂਤੀ ਅਤੇ ਸਰਮਾਏਦਾਰੀ ਅਰਥ ਵਿਵਸਥਾ ਦੇ ਮਾਹੌਲ ਵਜੋਂ ਵਿਕਸਤ ਹੋਇਆ ਪੂੰਜੀਵਾਦ ਦੀਆਂ ਆਰਥਿਕ ਨੀਤੀਆਂ ਨੇ ਸਮੁੱਚੇ ਸਮਾਜਿਕ ਵਰਤਾਰੇ ਨੂੰ ਪ੍ਰਭਾਵਿਤ ਕੀਤਾ ਤਕਨੀਕੀ ਸੰਚਾਰ ਸਾਧਨਾਂ ਦੇ ਪ੍ਰਭਾਵ ਦੀ ਮਨੁੱਖੀ ਆਦਤਾਂ ਤੇ ਸੋ ਸੰਵਾਦਾਂ ਵਿੱਚ ਵੱਡੇ ਪੱਧਰ ਤੇ ਤਬਦੀਲੀਆਂ ਆਈਆਂ ਹਨ ਅਜਿਹੀ ਸਮਾਜਿਕ ਸਥਿਤੀ ਵਿੱਚ ਨਵੇਂ ਸਾਹਿਤਕ ਰੂਪਾਂ ਦਾ ਪ੍ਰਗਟ ਹੋਣਾ ਕੁਦਰਤੀ ਸੀ ਪੂੰਜੀਵਾਦੀ ਯੁਗ ਦੇ ਸਾਹਿਤ ਰੂਪਾਂ ਵਿੱਚੋਂ ਗਲਪ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਸਾਹਿਤ ਰੂਪ ਹੈ ਕਿਉਂਕਿ ਗਲਤ ਹੀ ਤਣਾਅ ਯੁਕਤ ਮਨੁੱਖੀ ਮਨ ਦੀ ਤਰਜਮਾਨੀ ਕਰਨ ਦੀ ਸਮਰੱਥਾ ਰੱਖਦਾ ਹੈ ਗਲਪ ਜੀਵਨ ਯਥਾਰਥ ਵਿੱਚੋਂ ਹੀ ਹੋਂਦ ਗ੍ਰਹਿਣ ਕਰਦਾ ਹੈ ਫਿਰ ਵੀ ਗਲਪ ਜੀਵਨ ਦਾ ਇੰਨ ਬਿੰਨ ਰੂਪ ਪੇਸ਼ ਨਹੀਂ ਕਰਦਾ ਗਲਪ ਜੀਵਨ ਦਾ ਕਿਰਿਆਤਮਕ ਅਤੇ ਸਿਰਜਨਾਤਮਿਕ ਪ੍ਰਗਟਾਅ ਹੈ।

ਗਲਪ ਜੀਵਨ ਦਾ ਬਿਓਰਾ ਪੇਸ਼ ਕਰਦਾ ਹੈ ਪਰ ਇਹ ਪੇਸ਼ਕਾਰੀ ਇਨਬਿਨ ਦ੍ਰਿਸ਼ਟਮਾਨ ਜਗਤ ਦੀ ਨਹੀਂ ਹੁੰਦੀ ਜਿਹੋ ਜਿਹਾ ਜਗਤ ਲੇਖਕ ਨੇ ਆਪਣੇ ਨਜ਼ਰੀਏ ਤੋਂ ਵੇਖਿਆ ਹੁੰਦਾ ਹੈ ਉਹ ਲੇਖਕ ਦੀ ਵਿਸ਼ੇਸ਼ ਮਨੋਦਸ਼ਾ ਤੇ ਆਧਾਰਤ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੁੰਦਾ ਹੈ ਗਲਪ ਵਿੱਚ ਜੀਵਨ ਦਾ ਸੰਪੂਰਨ ਸੱਚ ਪੇਸ਼ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਲੇਖਕ ਦੇ ਸਮੁੱਚੇ ਅਨੁਭਵ ਇੱਕ ਗਲਪ ਵਿੱਚ ਗਲਪ ਰਚਨਾ ਵਿੱਚ ਸਮਾ ਸਕਦੇ ਹਨ।

## 1.2 ਗਲਪ ਅਤੇ ਸਾਹਿਤ ਰੂਪ

ਗਲਪ ਵੀ ਸਾਹਿਤ ਦੇ ਇੱਕ ਪ੍ਰਮੁੱਖ ਰੂਪ ਬਿਰਤਾਂਤ ਦਾ ਇੱਕ ਉਪ-ਰੂਪ ਹੈ। ਇਸ ਲਈ ਬਿਨਾਂ ਸ਼ੱਕ ਇਸ ਦੇ ਕੁੱਝ ਲੱਛਣ ਅਜਿਹੇ ਹਨ ਜਿਹੜੇ ਸਮੁੱਚੇ ਸਾਹਿਤ ਦਾ ਆਧਾਰ ਹਨ। ਮਿਸਾਲ ਵਜੋਂ

- ਗਲਪ ਵੀ ਦੂਜੇ ਸਾਹਿਤ ਰੂਪਾਂ ਵਾਂਗ ਇੱਕ ਗਿਆਨ ਪ੍ਰਬੰਧ ਹੈ ਜਿਸ ਦਾ ਯਥਾਰਥ ਨੂੰ ਗ੍ਰਹਿਣ ਕਰਨ ਅਤੇ ਪ੍ਰਗਟਾਉਣ ਦਾ ਮਾਧਿਅਮ ਬਿੰਬਾਤਮਕ ਹੁੰਦਾ ਹੈ।
- ਗਲਪ ਵੀ ਕਵਿਤਾ ਵਾਂਗ ਇੱਕ ਸਾਹਿਤ ਰੂਪ ਹੈ। ਪ੍ਰਤੀਕ, ਅਲੰਕਾਰ, ਰੂਪਕ, ਉਪਮਾ, ਬਿੰਬ ਆਦਿ ਭਾਵੇਂ ਕਵਿਤਾ ਦੇ ਤੱਤ ਗਿਣੇ ਜਾਂਦੇ ਹਨ ਪਰ ਇਹਨਾਂ ਦੀ ਗਲਪ ਵਿੱਚ ਮਨਾਹੀ ਨਹੀਂ ਹੈ। ਸਿਰਫ ਇਹ ਤੱਤ ਹੀ ਨਹੀਂ, ਸਗੋਂ ਬਹੁਤ ਸਾਰੇ ਹੋਰ ਤੱਤਾਂ ਦਾ ਆਦਾਨ-ਪ੍ਰਦਾਨ ਵੀ ਸਾਹਿਤ ਰੂਪਾਂ ਵਿੱਚ ਹੁੰਦਾ ਰਹਿੰਦਾ ਹੈ। ਧਿਆਨ ਯੋਗ ਗੱਲ ਸਿਰਫ ਏਨੀ ਹੈ ਕਿ ਗਲਪ ਰਚਨਾਵਾਂ ਵਿੱਚ ਸਰੋਦੀ ਤੱਤਾਂ ਦੀ ਪ੍ਰਮੁੱਖਤਾ ਨਹੀਂ ਹੁੰਦੀ ਸਗੋਂ ਇਹ ਬਿਰਤਾਂਤਕ ਤੱਤਾਂ ਦੇ ਸਹਾਇਕ ਬਣ ਕੇ ਆਉਂਦੇ ਹਨ। ਗਲਪ ਵਿੱਚ ਉਸ ਥਾਂ ਉੱਤੇ ਬਿੰਬ, ਪ੍ਰਤੀਕਾਂ ਦੀ ਬਹੁਤ ਲੋੜ ਹੁੰਦੀ ਹੈ ਜਿੱਥੇ ਗਲਪ-ਬਿੰਬ ਨੂੰ ਵਧੇਰੇ ਕਾਵਿ-ਮਾਈ, ਕਲਾਤਮਿਕ ਅਤੇ ਸੰਚਾਰਮੁਖੀ ਬਣਾਉਣਾ ਹੋਵੇ। ਗਲਪ ਰਚਨਾਵਾਂ ਦੇ ਸਿਰਫ ਨਾ ਹੀ ਰੂਪਕੀ ਨਹੀਂ ਹੁੰਦੇ ਸਗੋਂ ਕਾਵਿ ਅੰਸ਼ਾਂ ਨੂੰ ਉਨ੍ਹਾਂ ਦੀ ਡੂੰਘ ਸੰਰਚਨਾ ਵਿੱਚ ਰਚੇ ਮਿਚੇ ਹੁੰਦੇ ਹਨ।
- ਸਾਹਿਤ ਦੇ ਦੂਜੇ ਸਾਹਿਤ ਰੂਪਾਂ- ਕਵਿਤਾ ਅਤੇ ਨਾਟਕ ਨਾਲੋਂ ਗਲਪ ਨੂੰ ਵਿਲੱਖਣਤਾ ਪ੍ਰਦਾਨ ਕਰਨ ਵਾਲਾ ਪ੍ਰਮੁੱਖ ਲੱਛਣ ਇਸ ਦੀ ਕਥਾਤਮਕ ਹੈ ।ਅਰਥਾਤ ਕਥਾ ਅਤੇ ਕਥਾਨਕ ਇਸ ਦੀ ਰੀੜ੍ਹ ਦੀ ਹੱਡੀ ਹਨ। ਉਸੇ ਤਰ੍ਹਾਂ ਹੀ ਜਿਵੇਂ ਸਰੋਦੀ ਤੱਤ ਕਵਿਤਾ ਦੀ ਆਤਮਾ ਦਾ ਦਰਜਾ ਰੱਖਦਾ ਹੈ ਅਤੇ ਨਾਟਕੀਅਤਾ ਦੇ ਕਾਰਜ ਨਾਟਕ ਦੀ ਮੂਲ ਚੂਲ ਬਣਦੇ ਹਨ
- ਗਲਪ ਇਹਨਾਂ ਪ੍ਰਮੁੱਖ ਸਾਹਿਤ ਰੂਪਾਂ ਤੋਂ ਹੀ ਨਹੀਂ ਬਲਕਿ ਆਪਣੇ ਵਰਗ ਦੇ ਹੋਰ ਬਿਰਤਾਂਤਕ ਰੂਪਾਕਾਰਾਂ ਨਾਲੋਂ ਵੀ ਅੱਡਰੀ ਹੋਂਦ ਦਾ ਧਾਰਨੀ ਹੈ।
- ਜੀਵਨੀ ਅਤੇ ਸਵੈਜੀਵਨੀ ਰੂਪਾਂ ਕਾਰਾਂ ਵਿੱਚ ਕਿਸੇ ਇਤਿਹਾਸਕ ਵਿਅਕਤੀਤਵ ਦੇ ਧਾਰਨੀ ਵਿਅਕਤੀ ਦੇ ਜੀਵਨ ਤੱਥਾਂ ਨੂੰ ਬਿਆਨ ਕੀਤਾ ਜਾਂਦਾ ਹੈ ਉਸ ਦੀ ਪੇਸ਼ਕਾਰੀ ਸਮੇਂ ਵੀ ਕੁਝ ਗਾਲਪਨਿਕ ਤੱਤਾਂ ਦਾ ਸਹਾਰਾ ਲਿਆ ਜਾਂਦਾ ਹੈ ਪਰ ਇਨ੍ਹਾਂ ਦੀ ਮਾਤਰਾ ਬੇਮਲੂਮੀ ਹੀ ਰੱਖੀ ਜਾਂਦੀ ਹੈ ਤੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਹੈ ਕਿ ਕਿਤੇ ਗਲਪ ਦੀ ਵਧੇਰੇ ਮਾਤਰਾ ਨਾਲ ਜੀਵਨ ਤੱਥਾਂ ਦਾ ਵਧਾ ਘਟਾ ਨਾ ਹੋ ਜਾਵੇ ਦੂਜੇ ਪਾਸੇ ਗਲਪ ਵਿੱਚ ਗਾਲਪਨਿਕ ਤੱਤਾਂ ਨੂੰ ਕੇਂਦਰੀ ਸਥਾਨ ਪ੍ਰਾਪਤ ਹੁੰਦਾ ਹੈ ਨਾਵਲ ਚਾਹੇ ਇਤਿਹਾਸਕ ਇਹ ਵੀ ਹੋਵੇ ਫੇਰ ਵੀ ਉਸ ਵਿੱਚ ਜੀਵਨ ਤੱਥਾਂ ਜਿੰਨਾ ਮਹੱਤਵ ਵੀ ਗਾਲਪਨਿਕ ਤੱਤਾਂ ਦਾ ਹੁੰਦਾ ਹੈ ਜੋਗਿੰਦਰ ਸਿੰਘ ਰਾਹੀਂ ਦਾ ਹੁੰਦਾ ਹੈ ਡਾਕਟਰ ਸਿੰਘ ਰਾਹੀ ਦਾ ਕਥਨ ਹੈ ਨਾਵਲੀ ਜਗਤ ਦਾ ਵਿਰੋਧਾਭਾਸ ਇਹ ਹੈ ਕਿ ਇਸ ਦੀ ਰਚਨਾ ਵਸਤੂ ਜਗਤ ਦੇ ਅਨੁਭਵ ਤੋਂ ਪ੍ਰੇਰਿਤ ਹੋਣ ਦੇ ਬਾਵਜੂਦ ਇਹ ਇੱਕ ਕਲਪਿਤ ਸੰਸਾਰ ਹੈ ਇਸ ਵਿੱਚ ਸ਼ੱਕ ਨਹੀਂ ਕਿ ਨਾਵਲੀ ਜਗਤ ਦੇ ਪਾਤਰ ਵੀ ਸਾਧਾਰਨ ਜ਼ਿੰਦਗੀ ਵਰਗੇ ਮਨੁੱਖ ਹੁੰਦੇ ਹਨ ਅਤੇ ਉਨ੍ਹਾਂ ਦੇ ਸੁਭਾਅ ਕਾਰਜ ਰਿਸ਼ਤਿਆਂ ਹੋਣੀ ਅਤੇ ਪਿੱਠ ਭੂਮੀ ਵਿੱਚ ਇਤਿਹਾਸ ਜੀਵਨੀ ਸਵੈ ਜੀਵਨੀ ਵਰਗੀ ਵਾਸਤਵਿਕਤਾ ਸਹਿਜੇ ਹੀ ਪਛਾਣੀ ਜਾ ਸਕਦੀ ਹੈ ਪ੍ਰੰਤੂ ਇਸ ਪ੍ਰਤੱਖ ਸਮਾਨਤਾ ਦੇ ਬਾਵਜੂਦ ਜੇ ਅਸੀਂ ਕਿਸੇ ਨਾਵਲੀ ਪਾਤਰ ਤੇ ਉਸ ਨਾਲ ਸਬੰਧਿਤ ਸਮਾਚਾਰ ਦੇ ਪ੍ਰਾਰੂਪ ਵਸਤੂ ਜਗਤ ਵਿੱਚੋਂ ਲੱਭਣ ਤੁਰੀਏ ਤਾਂ ਨੀਚੇ ਹੀ ਸਾਨੂੰ ਸਫ਼ਲਤਾ ਨਹੀਂ ਹੋਵੇਗੀ ਇਸ ਲਈ ਗਲਪ ਦਾ ਪ੍ਰਮੁੱਖ ਲੱਛਣ ਇਸ ਦੀ ਗਾਲਪਨਿਕਤਾ ਹੀ ਹੈ ਜਿਹੜਾ ਇਸ ਨੂੰ ਬਾਕੀ ਸਾਹਿਤ ਰੂਪਾਂ ਤੇ ਰੂਪਾਕਾਰਾਂ ਨਾਲੋਂ

ਵਿਲੱਖਣ ਬਣਾਉਂਦਾ ਹੈ ਇਹ ਗੱਲ ਫਿਰ ਦੁਹਰਾ ਦੇਈਏ ਕਿ ਜੀਵਨੀ ਸਵੈ ਜੀਵਨੀ ਸਫ਼ਰਨਾਮੇ ਵਿੱਚ ਵੀ ਗਾਲਪਨਿਕਤਾ ਤੱਤਾਂ ਦੀ ਵਰਤੋਂ ਹੁੰਦੀ ਹੈ ਪਰ ਇਨ੍ਹਾਂ ਵਿੱਚ ਤੱਥ ਦਾ ਮਹੱਤਵ ਮੁੱਖ ਅਤੇ ਗਾਲਪਨਿਕਤਾ ਦਾ ਸਥਾਨ ਦੂਜਾ ਹੁੰਦਾ ਹੈ।

## 1.3 ਗਲਪ ਦੇ ਤੱਤ

ਗਲਪ ਦਾ ਮੁੱਖ ਤੱਤ ਕਥਾ ਹੈ ਜਿਸ ਕਾਰਨ ਨਾਵਲ ਤੇ ਕਹਾਣੀ ਆਪਣੀ ਹੋਂਦ ਗ੍ਰਹਿਣ ਕਰਦੇ ਹਨ। ਲੇਖਕ ਦੀ ਵਿਸ਼ੇ ਦੀ ਸਮੱਸਿਆ ਪ੍ਰਤੀ ਸਮਝ, ਘਟਨਾਵਾਂ ਨੂੰ ਲੜੀ ਵਿਚ ਪਰੋਣ ਦੀ ਸਮਰੱਥਾ, ਪਾਤਰਾਂ ਦੀ ਉਸਾਰੀ ਅਤੇ ਭਾਸ਼ਾ ਦਾ ਪ੍ਰਯੋਗ ਰਚਨਾ ਨੂੰ ਸਫ਼ਲ ਬਣਾਉਣ ਲਈ ਜ਼ਰੂਰੀ ਹੁੰਦੇ ਹਨ। ਲੇਖਕ ਆਪਣੀ ਦ੍ਰਿਸ਼ਟੀ ਅਨੁਸਾਰ ਕਿਸੇ ਕਥਾ ਨੂੰ ਚੁਣਦਾ, ਵਿਉਂਤਦਾ ਹੈ। ਕਿਸੇ ਘਟਨਾ ਦਾ ਵਾਪਰਨਾ ਇੱਕ ਕਥਾ ਜਾਂ ਕਹਾਣੀ ਹੈ। ਇਹ ਵੀ ਜ਼ਰੂਰੀ ਨਹੀਂ ਕਿ ਘਟਨਾ ਭੌਤਿਕ ਰੂਪ ਵਿੱਚ ਵਾਪਰੀ ਹੋਵੇ। ਇਹ ਲੇਖਕ ਦੀ ਨਿਰੋਲ ਕਲਪਨਾ ਵੀ ਹੋ ਸਕਦੀ ਹੈ। ਇਸ ਦੇ ਪਿਛੋਕੜ ਵਿੱਚ ਪਏ ਕਾਰਨ ਜਾਂ ਇਸ ਘਟਨਾ ਦੇ ਵਾਪਰਣ ਨਾਲ ਪੈਣ ਵਾਲੇ ਪ੍ਰਭਾਵ ਆਦਿ ਦੀ ਕਲਪਨਾ ਕਰਕੇ ਲੇਖਕ ਗਲਪ ਦੀ ਸਿਰਜਣਾ ਕਰਦਾ ਹੈ।

### ਕਥਾਨਕ

ਕਥਾ ਨੂੰ ਲੇਖਕ ਦੀ ਕਲਪਨਾ ਦੁਆਰਾ ਸਿਰਜਿਆ ਹੋਇਆ ਗਲਪੀ ਵਰਤਾਰਾ ਕਿਹਾ ਜਾਂਦਾ ਹੈ। ਜ਼ਰੂਰੀ ਨਹੀਂ ਕਿ ਇਹ ਤੱਥ ਆਧਾਰਿਤ ਹੋਵੇ ਜਾਂ ਇਤਿਹਾਸਕ ਤੌਰ ਤੇ ਸਹੀ ਹੋਵੇ। ਕਥਾਨਕ ਦਾ ਸਬੰਧ ਕਹਾਣੀ ਵਿੱਚ ਵਾਪਰਦੀਆਂ ਘਟਨਾਵਾਂ ਨਾਲ ਹੈ। ਜਦੋਂ ਗਲਪ ਦੀਆਂ ਘਟਨਾਵਾਂ ਨੂੰ ਕਾਲ-ਕ੍ਰਮ ਵਿੱਚ ਬੰਨ੍ਹਣ ਦੀ ਬਜਾਏ ਕਾਰਨ-ਕਾਰਜ ਦੇ ਕ੍ਰਮ ਵਿੱਚ ਬੰਨ੍ਹਿਆ ਜਾਂਦਾ ਹੈ ਤਾਂ ਕਥਾਨਕ ਉਤਪੰਨ ਹੋ ਜਾਂਦਾ ਹੈ। ਗਲਪ ਖੇਤਰ ਵਿੱਚ ਕਥਾ ਤੇ ਕਥਾਨਕ ਵਿੱਚ ਨਿਖੇੜਾ ਈ. ਐਮ. ਫਾਸਟਰ ਅਤੇ ਰੂਸੀ ਰੂਪਵਾਦੀ ਕਰਦੇ ਹਨ। ਈ. ਐਮ. ਫਾਸਟਰ ਨੇ ਕਥਾ ਤੇ ਕਥਾਨਕ ਵਿੱਚ ਨਿਖੇੜਾ ਕਰਨ ਲਈ ਕਾਰਜ ਕਾਰਨ ਦੇ ਸਿਧਾਂਤ ਨੂੰ ਪੇਸ਼ ਕੀਤਾ ਹੈ। ਉਸਨੇ ਉਦਾਹਰਨਾਂ ਸਹਿਤ ਸਿੱਧ ਕੀਤਾ ਹੈ ਕਿ ਬਿਰਤਾਂਤ ਵਿੱਚ ਕਾਰਨ ਨੂੰ ਦਰਸਾਉਣਾ ਹੀ ਕਥਾਨਕ ਦੀ ਹੋਂਦ ਦਾ ਆਧਾਰ ਬਣਦਾ ਹੈ। ਈ. ਐਮ. ਫਾਸਟਰ ਅਨੁਸਾਰ, "ਕਹਾਣੀ ਅੱਗੋਂ ਕੀ ਹੋਇਆ ਜਾਂ ਫਿਰ ਕੀ ਹੋਇਆ ਦੀ ਪੁੱਛ ਦਾ ਉੱਤਰ ਹੈ; ਪਰ ਗੋਂਦ ਇਹ ਕਿਉਂ ਹੋਇਆ ਦਾ ਉੱਤਰ ਦਿੰਦੀ ਹੈ। ਕਹਾਣੀ ਸਾਡੀ ਉਤਸੁਕਤਾ ਨੂੰ ਸੰਤੁਸ਼ਟ ਕਰਦੀ ਹੈ, ਪਰ ਗੋਂਦ ਬੁੱਧੀਮਾਨ ਪਾਠਕ ਦੇ ਮਨ ਵਿੱਚ ਪੈਦਾ ਹੋਏ ਸਵਾਲ ਦਾ ਜਵਾਬ ਦਿੰਦੀ ਹੈ। ਕਹਾਣੀ ਨੂੰ ਸਿਰਫ਼ ਹੁੰਗਾਰੇ ਦੀ ਲੋੜ ਹੈ। ਗੋਂਦ ਪਾਠਕ ਦੀ ਯਾਦ ਸ਼ਕਤੀ ਨੂੰ ਯਕੀਨੀ ਸਮਝਦੀ ਹੈ ਅਤੇ ਕਹਾਣੀ ਨੂੰ ਅਜਿਹੀ ਤਰ੍ਹਾਂ ਗੁੰਦਦੀ ਹੈ ਕਿ ਕਹਾਣੀ ਦੇ ਕਈ ਪੜਾਅ ਪਾਠਕ ਦੇ ਮਨ ਵਿੱਚ ਸ਼ੰਕੇ ਉਤਪੰਨ ਕਰਕੇ ਉਤਸੁਕਤਾ ਜਗਾ ਦਿੰਦੇ ਹਨ। ਇਸ ਤਰ੍ਹਾਂ ਕਹਾਣੀ ਦੇ ਕਿਸੇ ਹੋਰ ਪੜਾਅ ਤੋਂ ਪਹਿਲਾਂ ਪੈਦਾ ਹੋਏ ਸ਼ੰਕੇ ਨਵਿਰਤ ਕਰ ਦਿੱਤੇ ਜਾਂਦੇ ਹਨ।"

ਗਲਪ ਵਿੱਚ ਘਟਨਾਵਾਂ ਜੀਵਨ ਵਾਂਗ ਇੱਕਸਾਰ ਕਾਲਕ੍ਰਮ ਵਿੱਚ ਨਹੀਂ ਵਾਪਰਦੀਆਂ ਸਗੋਂ ਅਜਿਹੇ ਨਿਰਣੇ ਲੇਖਕ ਨੂੰ ਖੁਦ ਲੈਣੇ ਪੈਂਦੇ ਹਨ ਕਿ ਨਾਵਲ ਦੀ ਕਹਾਣੀ ਨੂੰ ਕਿੱਥੋਂ ਸ਼ੁਰੂ ਕਰਨਾ ਹੈ, ਵੱਖ-ਵੱਖ ਘਟਨਾਵਾਂ ਨੂੰ ਨਾਵਲ ਦੀ ਕਹਾਣੀ ਵਿੱਚ ਕਿਸੇ ਤਰਤੀਬ ਵਿੱਚ ਵਿੱਚ ਪੇਸ਼ ਕਰਨਾ ਹੈ, ਕਹਾਣੀ ਦੀ ਸਮਾਪਤੀ ਕਿਸ ਪੜ੍ਹਾਓ ਉੱਪਰ ਕਰਨੀ ਹੈ। ਲੇਖਕ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਕਲਾਤਮਿਕਤਾ ਪ੍ਰਦਾਨ ਕਰਨ ਲਈ ਕਹਾਣੀ ਨੂੰ ਅੱਧ ਵਿਚਕਾਰੋਂ ਵੀ ਸ਼ੁਰੂ ਕਰ ਸਕਦਾ ਹੈ ਜਾਂ ਕਹਾਣੀ ਦਾ ਅੰਤ ਦਿਖਾ ਕੇ ਬਾਅਦ ਵਿੱਚ ਘਟਨਾ ਦੇ ਕਾਰਨ ਕਾਰਜ ਸਬੰਧਾਂ ਰਾਹੀਂ ਕਥਾਨਕ ਦੀ ਪੇਸ਼ਕਾਰੀ ਕਰਦਾ ਹੈ। ਨਾਵਲ ਵਿਚ ਕਹਾਣੀ ਨੂੰ ਕਾਂਡਾਂ ਵਿੱਚ ਵੰਡ ਕੇ ਪੇਸ਼ ਕੀਤਾ ਗਿਆ ਹੁੰਦਾ ਹੈ। ਪਿੱਛੇ ਬੀਤ ਚੁੱਕੀਆਂ ਘਟਨਾਵਾਂ ਨੂੰ ਨਾਵਲ ਦੇ ਅਗਲੇ ਕਾਂਡਾਂ ਵਿੱਚ ਵੀ ਦਰਸਾਇਆ ਗਿਆ ਹੁੰਦਾ ਹੈ। ਨਾਵਲ ਵਿੱਚ ਚੇਤਨ ਪੱਧਰ 'ਤੇ ਇਨ੍ਹਾਂ ਘਟਨਾਵਾਂ ਨੂੰ ਤਰਤੀਬ ਦਿੱਤੀ ਹੁੰਦੀ ਹੈ।

ਕਥਾਨਕ ਕਿਸੇ ਗਲਪ ਰਚਨਾ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਅਜੋਕੇ ਭਾਸ਼ਾ ਵਿਗਿਆਨ ਦੇ ਆਧਾਰ ਉੱਤੇ ਉਸਰੀਆਂ ਸਮੀਖਿਆ ਪ੍ਰਣਾਲੀਆਂ ਨੇ ਕਥਾਨਕ ਉੱਤੇ ਏਨਾ ਬਲ ਦਿੱਤਾ ਹੈ ਕਿ ਦੂਜੇ ਤੱਤ ਕੁਝ ਅਣਗੌਲੇ ਹੋ ਗਏ ਹਨ। ਬਿਰਤਾਂਤ-ਸ਼ਾਸਤਰ ਵਿੱਚ ਮੁੱਖ ਤੌਰ 'ਤੇ ਗਲਪ ਰਚਨਾ ਦੇ ਕਥਾਨਕ ਦੀ ਸਰੰਚਨਾ ਨੂੰ ਸਮਝਣ ਦਾ ਯਤਨ ਕੀਤਾ ਜਾਂਦਾ ਹੈ। ਰੂਸੀ ਰੂਪਵਾਦੀਆਂ ਨੇ ਕੁਦਰਤੀ ਕਾਲਕ੍ਰਮ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਫੇਬੁਲਾ ਕਿਹਾ ਅਤੇ ਗਲਪ ਰਚਨਾ ਵਿੱਚ ਇਨ੍ਹਾਂ ਘਟਨਾਵਾਂ ਦੇ ਪੁਨਰ ਕ੍ਰਮ ਨੂੰ ਸੁਚੇਤ ਕਿਹਾ ਹੈ। ਮਿਸਾਲ ਵਜੋਂ ਮਨੁੱਖ ਦੀ ਜ਼ਿੰਦਗੀ ਦਾ ਕੁਦਰਤੀ ਕਰਮ ਇਹ ਹੁੰਦਾ ਹੈ- ਬਚਪਨ, ਜਵਾਨੀ ਅਤੇ ਬੁਢਾਪਾ ਪਰ ਕਿਸੇ ਗਲਪ ਰਚਨਾ ਵਿੱਚ ਗੱਲ ਬੁਢਾਪੇ ਤੋਂ ਵੀ ਸ਼ੁਰੂ ਹੋ ਸਕਦੀ ਹੈ ਅਤੇ ਪਿੱਛਲਝਾਤ ਰਾਹੀਂ ਪਹਿਲਾ ਵਰਣਨ ਦਿੱਤਾ ਜਾ ਸਕਦਾ ਹੈ, ਗਲਪ ਰਚਨਾ ਵਿਚਲੇ ਘਟਨਾ ਪ੍ਰਬੰਧ ਨੂੰ ਪ੍ਰਮੁੱਖ ਤੌਰ 'ਤੇ ਬਿਰਤਾਂਤਕ ਗਤੀ ਦੇ ਪੱਖ ਤੋਂ ਸਮਝਿਆ ਜਾਂਦਾ ਹੈ ਇਹ ਗਤੀ ਤਿੰਨ ਪ੍ਰਕਾਰ ਦੀ ਹੁੰਦੀ ਹੈ: ਤੇਜ਼, ਦਰਮਿਆਨੀ, ਮੱਧਮ।

ਇਹ ਤਾਂ ਸਪੱਸ਼ਟ ਹੀ ਹੈ ਕਿ ਘਟਨਾਵਾਂ ਜਿੰਨੇ ਸਮੇਂ ਵਿੱਚ ਬਾਹਰ ਵਾਪਰਦੀਆਂ ਹਨ ਗਲਪਕਾਰ ਉਨ੍ਹਾਂ ਨੂੰ ਸੁਣਾਉਣ ਲਈ ਉਨ੍ਹਾਂ ਸਮਾਂ ਨਹੀਂ ਦੇ ਸਕਦਾ। ਇਸ ਲਈ ਕਾਂਟ-ਸ਼ਾਂਟ ਕਰਦਾ ਹੈ। ਜੇ ਤਾਂ ਉਹ ਅਸਲੀ ਸਮੇਂ ਨੂੰ ਬਹੁਤ ਘੱਟ ਗਲਪੀ ਸਮੇਂ ਵਿੱਚ ਤਬਦੀਲ ਕਰਦਾ ਹੈ ਤਾਂ ਬਿਰਤਾਂਤ ਦੀ ਗਤੀ ਤੇਜ਼ ਹੁੰਦੀ ਹੈ। ਜੇ ਇਸ ਗਲਪੀ ਸਮੇਂ ਨੂੰ ਵੀ ਅਸਲੀ ਸਮੇਂ ਦੇ ਨੇੜੇ ਰੱਖਦਾ ਹੈ ਤਾਂ ਗਤੀ ਮੱਧਮ ਹੁੰਦੀ ਹੈ। ਜੇ ਉਹ ਗਲਪੀ ਸਮੇਂ ਅਤੇ ਅਸਲੀ ਸਮੇਂ ਵਿੱਚ ਠੀਕ ਅਨੁਪਾਤ ਰੱਖਦਾ ਹੈ ਤਾਂ ਗਤੀ ਦਰਮਿਆਨੀ ਹੁੰਦੀ ਹੈ। ਗਤੀ ਵਧਾਉਣ ਘਟਾਉਣ ਦੀਆਂ ਅੱਗੋਂ ਕਈ ਜੁਗਤਾਂ ਹਾਨ, ਜਿਵੇਂ ਵੱਡੀ ਘਟਨਾਂ ਨੂੰ ਸਾਰ ਰੂਪ ਵਿੱਚ ਦੱਸ ਦੇਣਾ ਜਾਂ ਗੈਰ ਜ਼ਰੂਰੀ ਪੱਖ ਛੱਡ ਦੇਣੇ ਜਾਂ ਕੇਵਲ ਸੰਕੇਤ ਨਾਲ ਕੰਮ ਚਲਾ ਲੈਣਾ ਆਦਿ। ਗਲਪ ਰਚਨਾ ਦੀ ਬਿਰਤਾਂਤਕ ਗਤੀ ਤੋਂ ਜਿੱਥੇ ਗਲਪਕਾਰ ਦੀ ਕਥਾਨਕ ਸਿਰਜਣ ਦੀ ਸਮਰੱਥਾ ਦਾ ਪਤਾ ਲੱਗਦਾ ਹੈ ਉੱਥੇ ਉਸ ਦੇ ਦ੍ਰਿਸ਼ਟੀਕੋਣ ਦਾ ਵੀ ਬੋਧ ਹੋ ਜਾਂਦਾ ਹੈ। ਆਮ ਕਰਕੇ ਗਲਪ ਦੇ ਕਥਾਨਕ ਦਾ ਪ੍ਰਚੱਲਿਤ ਮਾਡਲ ਇਹ ਹੈ ਕਿ ਕੋਈ ਅਜਿਹੀ ਘਟਨਾ ਵਾਪਰਦੀ

ਹੈ ਜਿਸ ਨਾਲ ਸੰਤੁਲਨ ਅਸੰਤੁਲਨ ਵਿੱਚ ਬਦਲ ਜਾਂਦਾ ਹੈ ਅਤੇ ਅੰਤ ਨੂੰ ਫੇਰ ਸੰਤੁਲਨ ਬਣ ਜਾਂਦਾ ਹੈ ਇਉਂ ਗਲਪ ਰਚਨਾ ਦਾ ਬਿਰਤਾਂਤੀ ਚੱਕਰ ਪੂਰਾ ਹੋ ਜਾਂਦਾ ਹੈ।

ਇਹ ਤਾਂ ਸਪੱਸ਼ਟ ਹੀ ਹੈ ਕਿ ਘਟਨਾਵਾਂ ਜਿੰਨੇ ਸਮੇਂ ਵਿੱਚ ਬਾਹਰ ਵਾਪਰਦੀਆਂ ਹਨ ਗਲਪਕਾਰ ਉਨ੍ਹਾਂ ਨੂੰ ਸੁਣਾਉਣ ਲਈ ਉਨ੍ਹਾਂ ਸਮਾਂ ਨਹੀਂ ਦੇ ਸਕਦਾ। ਇਸ ਲਈ ਕਾਂਟ-ਸ਼ਾਂਟ ਕਰਦਾ ਹੈ। ਜੇ ਤਾਂ ਉਹ ਅਸਲੀ ਸਮੇਂ ਨੂੰ ਬਹੁਤ ਘੱਟ ਗਲਪੀ ਸਮੇਂ ਵਿੱਚ ਤਬਦੀਲ ਕਰਦਾ ਹੈ ਤਾਂ ਬਿਰਤਾਂਤ ਦੀ ਗਤੀ ਤੇਜ਼ ਹੁੰਦੀ ਹੈ। ਜੇ ਇਸ ਗਲਪੀ ਸਮੇਂ ਨੂੰ ਵੀ ਅਸਲੀ ਸਮੇਂ ਦੇ ਨੇੜੇ ਰੱਖਦਾ ਹੈ ਤਾਂ ਗਤੀ ਮੱਧਮ ਹੁੰਦੀ ਹੈ ਜੇ ਉਹ ਗਲਪੀ ਸਮੇਂ ਅਤੇ ਅਸਲੀ ਸਮੇਂ ਵਿੱਚ ਠੀਕ ਅਨੁਪਾਤ ਰੱਖਦਾ ਹੈ ਤਾਂ ਗਤੀ ਦਰਮਿਆਨੀ ਹੁੰਦੀ ਹੈ। ਗਤੀ ਵਧਾਉਣ ਘਟਾਉਣ ਦੀਆਂ ਅੱਗੋਂ ਕਈ ਜੁਗਤਾਂ ਹਾਨ, ਜਿਵੇਂ ਵੱਡੀ ਘਟਨਾਂ ਨੂੰ ਸਾਰ ਰੂਪ ਵਿੱਚ ਦੱਸ ਦੇਣਾ ਜਾਂ ਗੈਰ ਜ਼ਰੂਰੀ ਪੱਖ ਛੱਡ ਦੇਣੇ ਜਾਂ ਕੇਵਲ ਸੰਕੇਤ ਨਾਲ ਕੰਮ ਚਲਾ ਲੈਣਾ ਆਦਿ। ਗਲਪ ਰਚਨਾ ਦੀ ਬਿਰਤਾਂਤਕ ਗਤੀ ਤੋਂ ਜਿੱਥੇ ਗਲਪਕਾਰ ਦੀ ਕਥਾਨਕ ਸਿਰਜਣ ਦੀ ਸਮਰੱਥਾ ਦਾ ਪਤਾ ਲੱਗਦਾ ਹੈ ਉੱਥੇ ਉਸ ਦੇ ਦ੍ਰਿਸ਼ਟੀਕੋਣ ਦਾ ਵੀ ਬੋਧ ਹੋ ਜਾਂਦਾ ਹੈ। ਆਮ ਕਰਕੇ ਗਲਪ ਦੇ ਕਥਾਨਕ ਦਾ ਪ੍ਰਚੱਲਿਤ ਮਾਡਲ ਇਹ ਹੈ ਕਿ ਕੋਈ ਅਜਿਹੀ ਘਟਨਾ ਵਾਪਰਦੀ ਹੈ ਜਿਸ ਨਾਲ ਸੰਤੁਲਨ ਅਸੰਤੁਲਨ ਵਿੱਚ ਬਦਲ ਜਾਂਦਾ ਹੈ ਅਤੇ ਅੰਤ ਨੂੰ ਫੇਰ ਸੰਤੁਲਨ ਬਣ ਜਾਂਦਾ ਹੈ ਇਉਂ ਗਲਪ ਰਚਨਾ ਦਾ ਬਿਰਤਾਂਤੀ ਚੱਕਰ ਪੂਰਾ ਹੋ ਜਾਂਦਾ ਹੈ।

**ਪਾਤਰ:** ਗਾਲਪਨਿਕ ਰਚਨਾਵਾਂ ਕਥਾਨਕ ਅਤੇ ਪਾਤਰਾਂ ਦੀ ਮਦਦ ਨਾਲ ਹੀ ਨੇਪਰੇ ਚੜ੍ਹਦੀਆਂ ਹਨ। ਪਾਤਰ ਕਹਾਣੀ ਦੇ ਘਟਨਾ ਕ੍ਰਮ ਨੂੰ ਤਰਤੀਬ-ਬੱਧ ਤਰੀਕੇ ਨਾਲ ਅੱਗੇ ਤੋਰਦੇ ਹਨ। ਅਜੋਕਾ ਗਲਪ ਵਿਅਕਤੀਮੁਖੀ ਹੈ। ਇਸ ਲਈ ਇਸ ਦੇ ਪਾਤਰ ਵੀ ਆਮ ਜੀਵਨ ਵਿੱਚੋਂ ਹੁੰਦੇ ਹਨ। ਆਮ ਜੀਵਨ ਦੇ ਮਨੁੱਖ ਗਲਪ ਵਿੱਚ ਸ਼ਾਮਿਲ ਹੋ ਕੇ ਪਾਤਰ ਬਣ ਜਾਂਦੇ ਹਨ। ਇਸੇ ਲਈ ਹੀ ਇਹ ਪਾਤਰ, ਪਾਤਰ ਹੋ ਕੇ ਵੀ ਜਿਉਂਦੇ ਜਾਗਦੇ ਵਿਅਕਤੀ ਦਾ ਭੁਲੇਖਾ ਸਿਰਜਦੇ ਹਨ। ਹਰ ਇੱਕ ਲੇਖਕ ਦੀ ਆਪਣੀ ਦ੍ਰਿਸ਼ਟੀ ਹੁੰਦੀ ਹੈ ਜਿਸ ਅਨੁਸਾਰ ਉਹ ਪਾਤਰ ਵਿਧਾਨ ਦੀ ਸਿਰਜਨਾ ਕਰਦਾ ਹੈ। ਇਨ੍ਹਾਂ ਪਾਤਰਾਂ ਦੀ ਮਦਦ ਨਾਲ ਹੀ ਲੇਖਕ ਪਾਠਕਾਂ ਤੱਕ ਆਪਣਾ ਦ੍ਰਿਸ਼ਟੀਕੋਣ ਸੰਚਾਰਿਤ ਕਰਦਾ ਹੈ। ਇੰਨਾ ਹੋਣ ਦੇ ਬਾਵਜੂਦ ਵੀ ਪਾਤਰ ਰਚਨਾ ਵਿੱਚੋਂ ਆਪ ਮੁਹਾਰੇ ਪੇਸ਼ ਹੋਣੇ ਚਾਹੀਦੇ ਹਨ। ਉਹ ਲੇਖਕ ਦੀ ਕਠਪੁਤਲੀ ਨਹੀਂ ਹੋਣੇ ਚਾਹੀਦੇ ਬਲਕਿ ਉਹ ਆਪਣਾ ਕਰਮ ਕਰਦੇ ਤੇ ਫਰਜ਼ ਨਿਭਾਉਂਦੇ ਪ੍ਰਤੀਤ ਹੋਣ ਚਾਹੀਦੇ ਹਨ। ਟੀ. ਆਰ. ਵਿਨੋਦ ਅਨੁਸਾਰ, "ਨਾਵਲ ਵਿੱਚ ਪੇਸ਼ ਪਾਤਰਾਂ ਦੀ ਸਮੁੱਚਤਾ ਜਦੋਂ ਤੀਕ ਸਮਾਜਿਕ ਪ੍ਰਵੇਸ਼ ਦੇ ਪ੍ਰਸੰਗ ਵਿੱਚ ਨਹੀਂ ਚਿੱਤਰੀ ਜਾਂਦੀ, ਉਦੋਂ ਤੀਕ ਉਹ ਨਾਵਲ ਦਾ ਰੂਪ ਪ੍ਰਾਪਤ ਨਹੀਂ ਕਰਦੀ। ਨਾਵਲ ਸੰਜੀਵ ਇਕਾਈ ਦਾ ਰੂਪ ਉਦੋਂ ਹੀ ਧਾਰਨ ਕਰਦਾ ਹੈ ਜਦੋਂ ਸਮਾਜਿਕ ਪ੍ਰਵੇਸ਼ ਦੇ ਪ੍ਰਸੰਗ ਵਿੱਚ ਪਾਤਰਾਂ ਦੀ ਸਮੁੱਚੀ ਸ਼ਖ਼ਸੀਅਤ ਵਿਭਿੰਨ ਸਥਿਤੀਆਂ ਵਿੱਚ ਉਨ੍ਹਾਂ ਦੀਆਂ ਲਈਆਂ ਪੁਜ਼ੀਸ਼ਨਾਂ ਵਿੱਚੋਂ ਉਘੜੇ। ਹਰੇਕ ਪਾਤਰ ਇਹ ਪੁਜੀਸ਼ਨ ਆਪਣੇ ਮਨੋਰਥ ਦੀ ਸਮਝ ਦੇ ਅਨੁਸਾਰ ਗ੍ਰਹਿਣ ਕਰਦਾ ਹੈ।"

ਪਾਤਰ ਚਿਤਰਨ ਅਤੇ ਕਥਾਨਕ ਪਾਤਰ ਚਿਤਰਨ ਦਾ ਗੋਂਦ ਅਥਵਾ ਕਥਾਨਕ ਨਾਲ ਵੀ ਗਹਿਰਾ ਸੰਬੰਧ ਹੈ ਜਿੱਥੇ ਪਾਤਰਾਂ ਦੀਆਂ ਕਿਰਿਆਵਾਂ ਨਾਲ ਕਥਾਨਕ ਦਾ ਨਿਰਮਾਣ ਹੁੰਦਾ ਹੈ ਉੱਥੇ ਕਥਾਨਕ ਦੀਆਂ ਘਟਨਾਵਾਂ ਵੀ ਪਾਤਰਾਂ ਨੂੰ ਕਾਫ਼ੀ ਹਦ ਤੱਕ ਪ੍ਰਭਾਵਿਤ ਕਰਦੀਆਂ ਹਨ ਕਥਾਨਕ ਦੀ ਕਲਪਨਾ ਵਿੱਚ ਪਾਤਰ ਚਿਤਰਨ ਵੀ ਨਿਹਤ ਹੁੰਦਾ ਹੈ ਨਾਵਲ ਵਿੱਚ ਕਥਾਨਕ ਅਤੇ ਪਾਤਰ ਆਪਸ ਵਿੱਚ ਇੱਕ ਸੰਗਲੀ ਵਿੱਚ ਇਸ ਦਾ ਪਰੁੰਚੇ ਹੁੰਦੇ ਹਨ ਕਿ ਉਨ੍ਹਾਂ ਨੂੰ ਵੱਖ ਕਰਨਾ ਆਸਾਨ ਨਹੀਂ ਹੁੰਦਾ ਐਡਵਿਨ ਮਿਊਰ ਦਾ ਵਿਚਾਰ ਹੈ ਪਾਤਰ ਗੁੰਦ ਦੀ ਮਸ਼ੀਨਰੀ ਦੇ ਭਾਗ ਨਹੀਂ ਹਨ ਨਾ ਹੀ ਗੋਂਦ ਪਾਤਰਾਂ ਦੁਆਲੇ ਉਸਾਰਿਆ ਗਿਆ ਢਾਂਚਾ ਹੈ ਜਿਸ ਦੇ ਵਿਪਰੀਤ ਦੋਨੋਂ ਅਟੁੱਟਵੇਂ ਰੂਪ ਚ ਇੱਕ ਦੂਜੇ ਵਿੱਚ ਅੰਤਰ ਨਿਹਿਤ ਹਨ ਕਥਾਨਕ ਅਤੇ ਪਾਤਰ ਚਿਤਰਣ ਦੇ ਸਬੰਧ ਵਿੱਚ ਇੱਕ ਹੋਰ ਪੱਛਮੀ ਵਿਦਵਾਨ ਹੈਨਰੀ ਜੇਮਜ਼ ਲਿਖਦਾ ਹੈ ਕਿ ਪਾਤਰ ਸਾਡੇ ਸਾਹਮਣੇ ਕਿਸੇ ਨਾ ਕਿਸੇ ਘਟਨਾ ਜਾਂ ਕਾਰਜ ਦੇ ਪ੍ਰਸੰਗ ਵਿੱਚ ਆਉਂਦੇ ਹਨ ਅਤੇ ਕਾਰਜ ਦੀ ਕਥਾ ਵਸਤੂ ਦਾ ਆਧਾਰ ਬਣਦੇ ਹਨ । ਪਾਤਰ ਕਾਰਜ ਹੈ ਅਤੇ ਕਾਰਜ ਹੀ ਗੋਂਦ ਹੈ ਜਿਹੜੇ ਇਕੱਠੇ ਵਿਚਰਦੇ ਹਨ ਤੇ ਸਾਡੀਆਂ ਭਾਵਨਾਵਾਂ ਤੇ ਸਾਡੀਆਂ ਸ਼ੰਕਿਆਂ ਨਾਲ ਨਿੱਜੀ ਸੰਦਰਭ ਵਿੱਚ ਖੇਡਦੇ ਹਨ।

ਪਾਤਰ ਚਿਤਰਨ ਦੀਆਂ ਵਿਧੀਆਂ ਕਈ ਵਾਰ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ ਆਮ ਤੌਰ ਤੇ ਆਲੋਚਕਾਂ ਨੇ ਪ੍ਰਤੱਖ ਵਿਧੀ ਅਤੇ ਅਪ੍ਰਤੱਖ ਵਿਧੀ ਨੂੰ ਹੀ ਵਧੇਰੇ ਉਚਿਤ ਮੰਨਿਆ ਹੈ। ਪ੍ਰਤੱਖ ਵਿਧੀ ਅਨੁਸਾਰ ਪਾਤਰ ਚਿਤਰਣ ਪਾਤਰ ਦੇ ਆਪਣੇ ਕਾਰਜ ਜਾਂ ਸ਼ਬਦਾਂ ਦੁਆਰਾ ਹੁੰਦਾ ਹੈ ਅਤੇ ਅਪ੍ਰਤੱਖ ਪਾਤਰ ਚਿਤ੍ਰਣ ਵਿਧੀ ਅਨੁਸਾਰ ਪਾਤਰ ਚਿਤਰਨ ਸਹਾਇਕ ਪਾਤਰਾਂ ਦੇ ਸੰਦਰਭ ਵਿੱਚ ਜਾਂ ਉਨ੍ਹਾਂ ਪਾਤਰਾਂ ਦੇ ਸ਼ਬਦਾਂ ਦੁਆਰਾ ਹੁੰਦਾ ਹੈ ਇਸ ਵਿਧੀ ਦੇ ਅੰਤਰਗਤ ਕਈ ਵਾਰੀ ਨਾਵਲਕਾਰ ਖ਼ੁਦ ਨਾਵਲੀ ਰਚਨਾ ਵਿੱਚ ਪ੍ਰਵੇਸ਼ ਕਰਕੇ ਪਾਤਰ ਦੇ ਸੁਭਾਅ ਆਦਿ ਬਾਰੇ ਵਰਣਨ ਕਰ ਦਿੰਦਾ ਹੈ ਨਾਨਕ ਸਿੰਘ ਦੇ ਨਾਵਲ ਚਿੱਟਾ ਲਹੂ ਵਿੱਚ ਦਸੌਂਡਾ ਸਿੰਘ ਗ੍ਰੰਥੀ ਦਾ ਪਾਤਰ ਲੇਖਕ ਦੇ ਵਰਮਨ ਦੁਆਰਾ ਉਸਾਰਿਆ ਗਿਆ ਹੈ ਇੱਕ ਢਾਂਗੂ ਹੋਰ ਵੀ ਹੁੰਦਾ ਹੈ ਜਿਸ ਦੁਆਰਾ ਪਾਤਰ ਚਿਤਰਣ ਕੀਤਾ ਜਾਂਦਾ ਹੈ ਇਹ ਹੈ ਵਾਰਤਾਲਾਪ ਦੁਆਰਾ ਪਾਤਰ ਚਿਤਰਣ ਕਰਨਾ ਇਸ ਵਿੱਚ ਨਾਵਲਕਾਰ ਸੰਵਾਦ ਰਚਾ ਕੇ ਕਿਸੇ ਖਾਸ ਪਾਤਰ ਦੀ ਪਾਤਰ ਉਸਾਰੀ ਕਰਦਾ ਹੈ ਇਸ ਵਿਧੀ ਨਾਲ ਦੋਹਰਾ ਕੰਮ ਲਿਆ ਜਾਂਦਾ ਹੈ ਕਾਰਜ ਦਾ ਪ੍ਰਸਾਰ ਅਤੇ ਪਾਤਰ ਦੀ ਉਸਾਰੀ ਪੰਜਾਬੀ ਵਿੱਚ ਨਰੂਲਾ ਦੇ ਨਾਵਲ ਪਿਓ ਪੁੱਤਰ ਦੀ ਪਾਤਰ ਉਸਾਰੀ ਇਸ ਢੰਗ ਨਾਲ ਹੋਈ ਹੈ ਕਈ ਵਾਰ ਨਾਵਲਕਾਰ ਨਾ ਤਾਂ ਆਪ ਸਿੱਧੇ ਰੂਪ ਵਿੱਚ ਕੁਝ ਕਹਿੰਦਾ ਹੈ ਤੇ ਨਾ ਹੀ ਕਿਸੇ ਸਹਾਇਕ ਪਾਤਰਾਂ ਪਾਸੋਂ ਕੁਝ ਖਵਾਉਂਦਾ ਹੈ ਸਗੋਂ ਘਟਨਾਵਾਂ ਥਾਵਾਂ ਦੇ ਨਾਵਾਂ ਦੇ ਇਸ਼ਾਰੇ ਪਾਤਰ ਤੋਂ ਹੀ ਕਰਮ ਪ੍ਰਤੀਕਰਮ ਦੁਆਰਾ ਪਾਤਰ ਉਸਾਰੀ ਕਰ ਜਾਂਦਾ ਹੈ ਕਈ ਵਾਰ ਵਿਸ਼ੇਸ਼ ਪ੍ਰਕਾਰ ਦੀਆਂ ਘਟਨਾਵਾਂ ਦੀ ਸਿਰਜਨਾ ਕਰਕੇ ਵੀ ਕੋਈ ਪਾਤਰ ਕੰਮ ਕਰਦਾ ਹੈ ਉਸੇ ਤਰ੍ਹਾਂ ਦੀਆਂ ਘਟਨਾਵਾਂ ਕਰਦੀਆਂ ਹਨ ਜਾਂ ਇਉਂ ਵੀ ਕਿਹਾ ਕਹਿ ਸਕਦੇ ਹਾਂ ਕਿ ਪਾਤਰ ਘਟਨਾਵਾਂ ਦੇ ਅਨੁਸਾਰ ਹੀ ਕਰਮ ਕਰਦੇ ਤੇ ਪ੍ਰਭਾਵ ਨੂੰ ਕਬੂਲਦੇ ਹਨ ਇਸ ਵਿਧੀ ਨੂੰ ਘਟਨਾ ਦੁਆਰਾ ਪਾਤਰ ਚਿਤਰਨ ਦਾ ਨਾਮ ਦਿੱਤਾ ਜਾਂਦਾ

ਹੈ ਆਧੁਨਿਕ ਨਾਵਲ ਉਤਸੁਕਤਾ ਤ੍ਰਿਪਤੀ ਕਹਾਣੀ ਦੀ ਰੋਚਿਕਤਾ ਸਮੱਸਿਆ ਦਾ ਸਮਾਧਾਨ ਲੱਭਣ ਲਈ ਨਹੀਂ ਪੜ੍ਹਿਆ ਜਾਂਦਾ ਸਗੋਂ ਮਨੁੱਖੀ ਸੁਭਾਅ ਦੀਆਂ ਮੂਲ ਪ੍ਰਵਿਰਤੀਆਂ ਦਾ ਅਧਿਐਨ ਕਰਨ ਲਈ ਪੜ੍ਹਿਆ ਜਾਂਦਾ ਹੈ ਅੱਜ ਨਾਵਲ ਦੇ ਪਾਤਰ ਦਾ ਚਰਿੱਤਰ ਮਨੁੱਖ ਮਾਤਰ ਦੇ ਚਰਿੱਤਰ ਦੇ ਰੂਪਾਂਤਰਣ ਵਜੋਂ ਸਮਝਿਆ ਜਾਂਦਾ ਹੈ ਅੱਜ ਤਾਂ ਪਾਤਰ ਸਾਡੀਆਂ ਮਾਨਵੀ ਭਾਵਨਾਵਾਂ ਨੂੰ ਸਪਰਸ਼ ਕਰਦਾ ਹੈ ਇਸ ਲਈ ਨਾਵਲ ਦੀ ਸਫਲਤਾ ਕਾਫੀ ਹੱਦ ਤੱਕ ਪਾਤਰ ਚਿੱਤਰਣ ਤੇ ਨਿਰਭਰ ਕਰਦੀ ਹੈ ਆਧੁਨਿਕ ਨਾਵਲ ਆਲੋਚਕ ਪਾਤਰ ਉਸਾਰੀ ਦੇ ਸੰਦਰਭ ਵਿੱਚ ਦੋ ਮੁੱਖ ਦ੍ਰਿਸ਼ਟੀਆਂ ਦੇ ਧਾਰਨੀ ਹਾਂ ਜਿਵੇਂ-ਯਥਾਰਥਵਾਦੀ ਅਤੇ ਸ਼ੁੱਧਤਾਵਾਦੀ।

**ਯਥਾਰਥਵਾਦੀ ਦ੍ਰਿਸ਼ਟੀ:** ਇਸ ਦ੍ਰਿਸ਼ਟੀ ਦੇ ਧਾਰਨੀ ਆਲੋਚਕ ਪਾਤਰ ਨੂੰ ਵਾਸਤਵਿਕ ਜੀਵਨ ਦੇ ਇਕ ਅੰਗ ਵਜੋਂ ਪੇਸ਼ ਕਰਨਾ ਲੋੜਦੇ ਹਨ ਉਨ੍ਹਾਂ ਦਾ ਵਿਚਾਰ ਹੈ ਕਿ ਪਾਤਰ ਨੂੰ ਆਪਣੇ ਆਲੇ ਦੁਆਲੇ ਦੇ ਜੀਵਨ ਪ੍ਰਸਥਿਤੀਆਂ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਜੀਵਨ ਹੀ ਪਾਤਰ ਨੂੰ ਵਿਕਾਸ ਦੀ ਰਾਹ ਤੇ ਤੋਰਦਾ ਹੈ

**ਸ਼ੁੱਧਤਾਵਾਦੀ:** ਸ਼ੁੱਧਤਾਵਾਦੀ ਪਾਤਰ ਨੂੰ ਸਮਾਜਿਕ ਸੰਦਰਭ ਤੋਂ ਅਲੱਗ ਕਰਕੇ ਇੱਕ ਨਿਰਲੇਪ ਮਨੁੱਖ ਦੇ ਰੂਪ ਵਿੱਚ ਪੇਸ਼ ਕਰਨ ਦੇ ਧਾਰਨੀ ਹਨ ਇਸ ਦ੍ਰਿਸ਼ਟੀ ਦੇ ਚਿੰਤਕਾਂ ਦਾ ਖਿਆਲ ਹੈ ਕਿ ਕਾਰਜ ਕਰਦੇ ਹੋਏ ਪਾਤਰ ਉਨ੍ਹਾਂ ਘਟਨਾਵਾਂ ਤੋਂ ਆਜ਼ਾਦ ਹੋ ਜਾਂਦੇ ਹਨ ਜਿਨ੍ਹਾਂ ਦਾ ਸੰਬੰਧ ਉਨ੍ਹਾਂ ਦੇ ਆਲੇ ਦੁਆਲੇ ਨਾਲ ਹੁੰਦਾ ਹੈ ਇਨ੍ਹਾਂ ਆਲੋਚਕਾਂ ਦਾ ਮਤ ਹੈ ਕਿ ਨਾਵਲ ਦੇ ਪਾਤਰ ਅਸਲੀ ਜੀਵਨ ਦੇ ਨਰ ਨਾਰੀਆਂ ਨਹੀਂ ਹੁੰਦੇ ਸਗੋਂ ਨਾਵਲੀ ਜੀਵਨ ਦੇ ਪਾਤਰ ਹੁੰਦੇ ਹਨ

ਇਸ ਲਈ ਉਹ ਸੰਦਰਭਾਂ ਤੋਂ ਕੱਟੇ ਹੋਏ ਹੁੰਦੇ ਹਨ ਪਰ ਫਿਰ ਵੀ ਉਹ ਵੱਧ ਤੋਂ ਵੱਧ ਵਿਸ਼ਾਲ ਯੋਗ ਅਤੇ ਅਸਲ ਜੀਵਨ ਵਰਗੇ ਪਾਤਰ ਹੋਣ ਦਾ ਭੁਲਾਂਦਰਾ ਜ਼ਰੂਰ ਪੈਦਾ ਕਰਦੇ ਹਨ ਇਸ ਦ੍ਰਿਸ਼ਟੀ ਦੇ ਆਲੋਚਕਾਂ ਦੀ ਰਾਏ ਹੈ ਕਿ ਕਈ ਵਾਰ ਪਾਤਰ ਨਾਵਲਕਾਰ ਦੇ ਨਿਯੰਤਰਣ ਤੋਂ ਬਾਹਰ ਨਿਕਲ ਜਾਂਦੇ ਹਨ ਅਜਿਹੀ ਪਾਤਰ ਉਸਾਰੀ ਦੇ ਸਮਰਥਕ ਹੈਨਰੀ ਜੇਮਸ ਦਾ ਵਿਚਾਰ ਹੈ ਕਿ ਲੇਖਕ ਪਾਤਰਾਂ ਦਾ ਚਿਤਰਣ ਉਤਾਰਨ ਤੋਂ ਪਹਿਲਾਂ ਆਪਣੇ ਮਸਤਿਕ ਦੀਆਂ ਡੂੰਘਾਣਾਂ ਵਿੱਚ ਜਾ ਕੇ ਸੰਪੂਰਨ ਚਿੰਤਨ ਕਰਨ ਦਾ ਉਪਰਾਲਾ ਕਰੇ ਨਾਵਲ ਵਿੱਚ ਪਾਤਰ ਬਾਰੇ ਨਾਵਲਕਾਰ ਦਾ ਆਪਣਾ ਮੱਤ ਹੁੰਦਾ ਹੈ ਤੇ ਪਾਠਕ ਦਾ ਆਪਣਾ ਕਈ ਵਾਰ ਨਾਵਲ ਦੀਆਂ ਘਟਨਾਵਾਂ ਅਤੇ ਉਨ੍ਹਾਂ ਦੇ ਪਾਤਰ ਦੁਆਰਾ ਪ੍ਰਭਾਵ ਗ੍ਰਹਿਣ ਕਰਨ ਦੀ ਕਿਰਿਆ ਨੂੰ ਪਾਠਕ ਲੇਖਕ ਨਾਲੋਂ ਅਲੱਗ ਰੂਪ ਵਿੱਚ ਵੇਖਦਾ ਹੈ ਇਸ ਲਈ ਨਾਵਲਕਾਰ ਦਾ ਫਰਜ਼ ਬਣਦਾ ਹੈ ਕਿ ਉਹ ਪਾਤਰਾਂ ਨੂੰ ਘਟਨਾਵਾਂ ਪ੍ਰਤੀ ਪ੍ਰਤੀਕਿਰਿਆਵਾਂ ਦੇ ਸੰਦਰਭ ਵਿੱਚ ਵੱਧ ਤੋਂ ਵੱਧ ਸੁਤੰਤਰ ਰਹਿਣ ਦੇਵੇ ਲੇਖਕ ਕਿਸੇ ਪਾਤਰ ਨੂੰ ਨਿੱਜੀ ਤੌਰ ਤੇ ਪਸੰਦ ਜਾਂ ਨਾ ਪਸੰਦ ਕਰ ਸਕਦਾ ਹੈ ਪਰ ਪਾਤਰ ਦੀ ਸ਼ਖ਼ਸੀਅਤ ਦੇ ਉਸਰਨ ਵਿੱਚ ਨਾਵਲਕਾਰ ਨੂੰ ਦਖਲਅੰਦਾਜੀ ਨਹੀਂ ਕਰਨੀ ਚਾਹੀਦੀ।

**ਵਾਰਤਾਲਾਪ:** ਗਲਪ ਵਿੱਚ ਵਾਰਤਾਲਾਪ ਦਾ ਆਪਣਾ ਮਹੱਤਵ ਹੁੰਦਾ ਹੈ। ਲੇਖਕ ਵਾਰਤਾਲਾਪ ਦੁਆਰਾ ਕਹਾਣੀ ਦੀ ਮੁੱਖ ਘਟਨਾ ਨੂੰ ਹੋਰ ਘਟਨਾਵਾਂ ਨਾਲ ਜੋੜਦਾ ਹੋਇਆ ਕਹਾਣੀ ਨੂੰ ਅੱਗੇ ਤੋਰਦਾ ਹੈ। ਵਾਰਤਾਲਾਪ ਦੁਆਰਾ ਲੇਖਕ ਪਾਤਰਾਂ ਦੇ ਚਰਿੱਤਰ ਨਿਰਮਾਣ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਤਰਾਸ਼ਦਾ, ਨਿਖਾਰਦਾ ਵੀ ਹੈ। ਆਪਣੇ ਅਮੂਰਤ ਵਿਚਾਰਾਂ ਨੂੰ ਗਲਪੀ ਰੂਪ ਦੇਣ ਲਈ ਗਲਪਕਾਰ ਕੋਲ ਆਪਣੇ ਸੱਭਿਆਚਾਰ ਤੇ ਸੰਸਕ੍ਰਿਤਕ ਪਿਛੋਕੜ ਅਨੁਸਾਰ ਵਿਸ਼ਾਲ ਸ਼ਬਦ ਭੰਡਾਰ ਮੌਜੂਦ ਹੁੰਦਾ ਹੈ। ਗਲਪਕਾਰ ਸ਼ਾਬਦਿਕ ਕਲਾ ਦੀ ਵਰਤੋਂ ਕਰਦੇ ਹੋਏ ਗਲਪ ਬਿੰਬਾਂ ਦਾ ਨਿਰਮਾਣ ਕਰਨ ਦੇ ਸਮਰੱਥ ਹੁੰਦਾ ਹੈ । ਗਲਪ ਦੀ ਕਹਾਣੀ ਨੂੰ ਨਾਟਕੀ ਰੰਗਣ ਦੇਣ ਲਈ ਜਾਂ ਉਤਸੁਕਤਾ ਤੇ ਰਹੱਸ ਬਣਾਈ ਰੱਖਣ ਲਈ ਵੀ ਵਾਰਤਾਲਾਪ ਨਾਵਲ ਲਈ ਜ਼ਰੂਰੀ ਹੈ ਤੇ ਮਹੱਤਵਪੂਰਨ ਤੱਤ ਸਿੱਧ ਹੁੰਦੇ ਹਨ ਨਾਵਲ ਦੀਆਂ ਘਟਨਾਵਾਂ ਨੂੰ ਨਾਟਕੀ ਢੰਗ ਨਾਲ ਤਬਦੀਲ ਕਰਨਾ ਵੀ ਵਾਰਤਾਲਾਪ ਦਾ ਕੰਮ ਹੈ ਤਾਂ ਕਿ ਰਹੱਸ ਬਣਿਆ ਰਹੇ ਇਸ ਤਰ੍ਹਾਂ ਪਾਠਕ ਦੀ ਰੁਚੀ ਬਣੀ ਰਹਿੰਦੀ ਹੈ ਵਾਰਤਾਲਾਪ ਦੀ ਵਰਤੋਂ ਨਾਵਲ ਵਿੱਚ ਕਿਸੇ ਗੰਭੀਰ ਮਸਲੇ ਬਾਰੇ ਬਹਿਸ ਕਰਨ ਲਈ ਵੀ ਕੀਤੀ ਜਾਂਦੀ ਹੈ ਪੰਜਾਬੀ ਨਾਵਲ ਵਿੱਚ ਭਾਈ ਵੀਰ ਸਿੰਘ ਆਪਣੇ ਨਾਵਲਾਂ ਵਿੱਚ ਅਜਿਹੇ ਮੰਤਵ ਦੀ ਪੂਰਤੀ ਲਈ ਵਾਰਤਾਲਾਪ ਦੀ ਵਰਤੋਂ ਕਰਦੇ ਹਨ ਇਸ ਪ੍ਰਕਾਰ ਦੀ ਬਹਿਸ ਨਾ ਤਾਂ ਨਾਵਲ ਅਤੇ ਨਾ ਹੀ ਕਿਸੇ ਹੋਰ ਸਾਹਿਤ ਰੂਪ ਦਾ ਯੋਗ ਭਾਗ ਬਣ ਸਕਦੀ ਹੈ ਫਿਰ ਵੀ ਵਾਰਤਾਲਾਪ ਦੀ ਸੁਚੱਜੀ ਵਰਤੋਂ ਦੀ ਮਹਾਨਤਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਪ੍ਰਸਿੱਧ ਪੱਛਮੀ ਆਲੋਚਕ ਹਡਸਨ ਨਾਵਲ ਵਿੱਚ ਵਾਰਤਾਲਾਪ ਦੀ ਲੋੜ ਤੇ ਕਾਰਜ ਬਾਰੇ ਵਿਚਾਰ ਕਰਦਾ ਹੋਇਆ ਲਿਖਦਾ ਹੈ ਵਾਰਤਾਲਾਪ ਦਾ ਪ੍ਰਮੁੱਖ ਕਾਰਜ ਇੱਕ ਸੰਗਠਿਤ ਕਥਾਨਕ ਦੀ ਉਸਾਰੀ ਕਰਨਾ ਹੈ ਇਸ ਦਾ ਕੰਮ ਪ੍ਰਤੱਖ ਜਾਂ ਅਪ੍ਰਤੱਖ ਢੰਗ ਨਾਲ ਨਾਵਲੀ ਥੀਮ ਦੀ ਵਿਆਖਿਆ ਕਰਨਾ ਜਾਂ ਪਾਤਰਾਂ ਦੀ ਸਹੀ ਪਾਤਰ ਉਸਾਰੀ ਕਰਨਾ ਹੁੰਦਾ ਹੈ ਆਲੋਚਕਾਂ ਦਾ ਵਿਚਾਰ ਹੈ ਕਿ ਵਾਰਤਾਲਾਪ ਸੁਭਾਵਿਕ ਕਿਸਮ ਦੇ ਹੋਣੇ ਚਾਹੀਦੇ ਨੂੰ ਪਾਤਰਾਂ ਦੇ ਮੂੰਹੋਂ ਕੁਦਰਤੀ ਰੂਪ ਵਿੱਚ ਨਿਕਲਣੇ ਚਾਹੀਦੇ ਹਨ ਨਾਵਲਕਾਰ ਵੱਲੋਂ ਆਪਣੇ ਦ੍ਰਿਸ਼ਟੀਕੋਣ ਦੀ ਪ੍ਰਤੀਬੱਧਤਾ ਕਾਰਨ ਪਾਤਰ ਉੱਤੇ ਠੋਸੇ ਹੋਏ ਨਹੀਂ ਹੋਣੇ ਚਾਹੀਦੇ ਜਿੱਥੇ ਇਹ ਪਾਤਰ ਦੀ ਮਾਨਸਿਕ ਉਸਾਰੀ ਕਰਦੇ ਹਨ ਉੱਥੇ ਇਨ੍ਹਾਂ ਦਾ ਮਿਆਰ ਪਾਤਰ ਦੀ ਦਿਮਾਗੀ ਪੱਧਰ ਜਾਂ ਯੋਗਤਾ ਦੇ ਅਨੁਸਾਰ ਹੀ ਮਿੱਥਣਾ ਚਾਹੀਦਾ ਹੈ ਅਸੰਗਤ ਵਾਰਤਾਲਾਪ ਉਂਞ ਤਾਂ ਹਰ ਸਾਹਿਤ ਰੂਪ ਦੇ ਪ੍ਰਭਾਵ ਨੂੰ ਨਸ਼ਟ ਕਰ ਦਿੰਦੇ ਹਨ ਪਰ ਵਿਸ਼ੇਸ਼ ਤੌਰ ਤੇ ਨਾਵਲ ਵਿੱਚ ਅਸੰਗਤ ਵਾਰਤਾ ਦਾ ਤਾਂ ਨਾਵਲੀ ਰਚਨਾ ਨੂੰ ਪੜ੍ਹਨਯੋਗ ਹੀ ਨਹੀਂ ਰਹਿਣ ਦਿੰਦੇ ਇਹ ਵਾਰਤਾਲਾਪ ਵਾਤਾਵਰਨ ਅਤੇ ਸਥਿਤੀ ਦੇ ਸੰਦਰਭ ਵਿੱਚ ਹੀ ਹੋਣ ਤਾਂ ਹੀ ਸਹੀ ਪ੍ਰਭਾਵ ਪੈਦਾ ਕਰ ਸਕਦੇ ਹਨ ਵਾਰਤਾਲਾਪ ਜਾਂ ਸੰਵਾਦ ਦਾ ਸੰਬੰਧ ਮਨੋਵਿਗਿਆਨ ਨਾਲ ਵੀ ਹੁੰਦਾ ਹੈ ਕਿਉਂਕਿ ਅਜੋਕੇ ਮਨੋ ਵਿਗਿਆਨੀਆਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਉਹ ਆਮ ਹਾਲਤਾਂ ਵਿੱਚ ਉਹ ਹੀ ਕੁਝ ਬੋਲਦਾ ਹੈ ਜਿਹੜਾ ਉਹ ਆਪਣੇ ਮਨ ਵਿੱਚ ਸੋਚਦਾ ਹੈ ਇਸ ਗੁਣ ਨਾਲ ਨਾਵਲ ਨੂੰ ਕਲਾਤਮਿਕ ਅੰਸ਼ ਮਿਲਦੇ ਹਨ ਭਾਵੇਂ ਆਰੰਭਿਕ ਕਾਲ ਦੇ ਨਾਵਲਕਾਰ ਕੇਵਲ ਕਥਾਨਕ ਦੀ ਉਸਾਰੀ ਦੀ ਖਾਤਰ ਹੀ ਵਾਰਤਾਲਾਪ ਦੀ ਵਰਤੋਂ ਕਰਦੇ ਸਨ ਪਰ ਆਧੁਨਿਕ ਨਾਵਲ ਵਿੱਚ ਅਜਿਹਾ ਨਹੀਂ ਹੈ ਆਧੁਨਿਕ ਨਾਵਲਕਾਰ ਵਾਰਤਾਲਾਪ ਨੂੰ ਬਹੁ ਪੱਧਰੀ ਤੇ ਬਹੁਤ ਦਿਸ਼ਾਵੀ

ਮੰਤਵਾਂ ਦੀ ਪੂਰਤੀ ਦੀ ਵਰਤੋਂ ਵਿੱਚ ਲਿਆਉਂਦਾ ਹੈ ਅਜੋਕਾ ਵਾਰਤਾਲਾਪ ਸੂਖਮਤਾ ਦੇ ਭਾਵਾਂ ਨੂੰ ਸਾਕਾਰ ਕਰਨ ਦਾ ਉਪਰਾਲਾ ਕਰਦਾ ਹੈ ਇਹ ਸੂਖਮਤਾ ਪਾਤਰਾਂ ਦੇ ਮਨ ਸਥਿਤੀ ਜਾਂ ਘਟਨਾ ਜਾਂ ਵਾਤਾਵਰਨ ਦੀ ਵੀ ਹੋ ਸਕਦੀ ਹੈ ਵਾਰਤਾਲਾਪ ਇਕੱਲਾ ਹੀ ਇੱਕ ਜਾਤ ਅਤੇ ਜਿਹੜਾ ਹਰ ਪ੍ਰਕਾਰ ਦੀ ਸੂਖ਼ਮਤਾ ਨੂੰ ਸਫਲਤਾ ਅਤੇ ਸੁਗਮਤਾ ਨਾਲ ਸਾਕਾਰ ਕਰਨ ਦੀ ਸਮਰੱਥਾ ਰੱਖਦਾ ਹੈ ਜੋ ਕਿ ਨਾਵਲ ਵਿੱਚ ਅਧਿਕਤਰ ਵਾਰਤਾਲਾਪ ਦੀ ਸਿਰਜਨਾ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਹੀ ਕੀਤੀ ਜਾਂਦੀ ਹੈ।

**ਵਾਤਾਵਰਣ**: ਗਲਪ ਦੀ ਸਫਲਤਾ ਵਿੱਚ ਵਾਤਾਵਰਨ ਮੁੱਖ ਭੂਮਿਕਾ ਨਿਭਾਉਂਦਾ ਹੈ। ਗਲਪ ਰਚਨਾ ਵਿੱਚ ਕਾਲ, ਕਾਰਜ ਅਤੇ ਸਥਾਨ ਅਨੁਸਾਰ ਵਾਤਾਵਰਨ ਦੀ ਸਿਰਜਣਾ ਕੀਤੀ ਜਾਂਦੀ ਹੈ। ਵਿਅਕਤੀ ਦੀ ਸ਼ਖ਼ਸੀਅਤ ਦੇ ਨਿਰਮਾਣ ਵਿੱਚ ਉਸ ਦਾ ਸਮਾਜਿਕ ਅਤੇ ਭੂਗੋਲਿਕ ਚੌਗਿਰਦਾ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਵਾਤਾਵਰਨ ਦਾ ਪ੍ਰਗਟਾਵਾ ਪਾਤਰਾਂ ਦੀ ਬੋਲਚਾਲ, ਵਰਤੋਂ ਵਿਹਾਰ, ਰਹਿਣ ਸਹਿਣ ਅਤੇ ਪਹਿਰਾਵੇ ਤੋਂ ਹੁੰਦਾ ਹੈ। ਜਿਸ ਰਾਹੀਂ ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਪ੍ਰਸਥਿਤੀਆਂ ਦੀ ਸਿਰਜਣਾ ਦੇ ਨਾਲ-ਨਾਲ ਭੂਗੋਲਿਕ ਅਤੇ ਇਤਿਹਾਸਕ ਹੱਦਾਂ ਦਾ ਵੀ ਧਿਆਨ ਰੱਖਿਆ ਜਾਂਦਾ ਹੈ। "ਵਾਤਾਵਰਨ ਵਿਚਲੇ ਤੱਤ ਹੀ ਪਾਤਰਾਂ ਦੀ ਕਾਰਜ ਭੂਮੀ ਅਤੇ ਕਾਰਜ-ਖੇਤਰ ਨਿਰਧਾਰਿਤ ਕਰਦੇ ਹਨ। ਬਹੁਤ ਸਾਰੀਆਂ ਕਹਾਣੀਆਂ ਵਿੱਚ ਵਾਤਾਵਰਣ ਹੀ ਰਚਨਾ ਦੀ ਸਜਾਵਟ ਅਤੇ ਪਿੱਠ ਭੂਮੀ ਦਾ ਕਾਰਜ ਵੀ ਕਰਦਾ ਹੈ। ਵਾਤਾਵਰਨ ਭਾਵ ਦੇਸ਼ ਕਾਲ ਜਾਂ ਦ੍ਰਿਸ਼ ਚਿਤਰਨ ਇਕ ਹੀ ਵਸਤੂ ਦੇ ਨਾਮ ਹਨ। ਪਰਿਭਾਸ਼ਕ ਸ਼ਬਦਾਵਲੀ ਵਿੱਚ ਇਸ ਤੱਤ ਨੂੰ ਨਾਵਲ ਦੀ ਪਿੱਠਭੂਮੀ ਜਾਂ ਪਿਛੋਕੜ ਵੀ ਆਖਿਆ ਜਾਂਦਾ ਹੈ ਨਾਵਲੀ ਸੰਰਚਨਾ ਵਿੱਚ ਇਸ ਤੱਤ ਦਾ ਵੀ ਯੋਗ ਮਹੱਤਵ ਹੈ ਕਿਉਂਕਿ ਨਾਵਲੀ ਕਾਰਜ ਕਿਸੇ ਸਮੇਂ ਅਤੇ ਕਿਸੇ ਸਥਾਨਕ ਵਾਤਾਵਰਨ ਵਿੱਚ ਭਾਵ ਥਾਂ ਤੇ ਹੀ ਵਾਪਰਦਾ ਹੈ ਜੇ ਨਾਵਲੀ ਕਾਰਜ ਦੀ ਆਪਣੀ ਪਿੱਠਭੂਮੀ ਨਾਲ ਇਕਸੁਰਤਾ ਨਹੀਂ ਬਣ ਸਕਦੀ ਤਾਂ ਨਾਵਲ ਨਿਰੋਲ ਕਲਪਿਤ ਦੁਨੀਆਂ ਦਾ ਨਾਵਲ ਜਾਪੇਗਾ ਦੂਸਰੇ ਸ਼ਬਦਾਂ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਨਾਵਲੀ ਕਾਰਜ ਨੂੰ ਯਥਾਰਥਿਕਤਾ ਭਾਵ ਸੁਭਾਵਿਕਤਾ ਜਾਂ ਅਸਲੀ ਪੁਣੇ ਦਾ ਅੰਸ਼ ਵਾਤਾਵਰਨ ਹੀ ਪ੍ਰਦਾਨ ਕਰਦਾ ਹੈ ਨਾਟਕ ਵਿੱਚ ਇਸ ਗੁਣ ਨੂੰ ਦ੍ਰਿਸ਼ ਚਿਤਰਣ ਵੀ ਕਿਹਾ ਜਾਂਦਾ ਹੈ ਕਈ ਆਲੋਚਕ ਇਸੇ ਸ਼ਬਦਾਵਲੀ ਦੀ ਵਰਤੋਂ ਨਾਵਲੀ ਰਚਨਾ ਲਈ ਵੀ ਕਰ ਲੈਂਦੇ ਹਨ। ਵਾਤਾਵਰਨ ਦਾ ਚਿਤਰਣ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਹਰ ਮਨੁੱਖ ਦਾ ਸੁਭਾਅ ਉਸਦੇ ਆਲੇ ਦੁਆਲੇ ਦੇ ਅਸਰਾਂ ਤੋਂ ਹੀ ਬਣਦਾ ਹੈ ਅਤੇ ਪਾਤਰ ਮਨੁੱਖਾਂ ਦਾ ਹੀ ਪ੍ਰਤੀਨਿਧਤਾ ਕਰਦੇ ਹਨ ਦ੍ਰਿਸ਼ ਚਿਤਰਣ ਨੂੰ ਕਈ ਹਿੱਸਿਆਂ ਵਿੱਚ ਵੰਡਿਆ ਗਿਆ ਹੈ ਜਿਵੇਂ; ਪ੍ਰਾਕ੍ਰਿਤਿਕ ਦ੍ਰਿਸ਼, ਸਥਾਨਿਕ ਦ੍ਰਿਸ਼, ਸਥਾਈ ਦ੍ਰਿਸ਼, ਅਸਥਾਈ ਦ੍ਰਿਸ਼, ਪਰਵਿਆਪੀ ਦ੍ਰਿਸ਼। ਇਨ੍ਹਾਂ ਵਿੱਚੋਂ ਪ੍ਰਾਕਿਰਤਕ ਦ੍ਰਿਸ਼ ਸਭ ਤੋਂ ਵਧੀਆ ਵਾਤਾਵਰਨ ਦੀ ਉਸਾਰੀ ਕਰਦਾ ਹੈ ਤੇ ਉਸ ਤੋਂ ਬਾਅਦ ਸਥਾਨਕ ਰੰਗਣ ਪੈਦਾ ਕਰਨ ਵਾਲੇ ਦ੍ਰਿਸ਼ ਮਹਾਨਤਾ ਰੱਖਦੇ ਹਨ ਪੰਜਾਬੀ ਵਿੱਚ ਭਾਈ ਵੀਰ ਸਿੰਘ ਦੇ ਨਾਵਲ ਸੁੰਦਰੀ ਤੇ ਵਿਜੇ ਸਿੰਘ ਵਿੱਚ ਪ੍ਰਕਿਰਤਕ ਵਾਤਾਵਰਨ ਦੀ ਉਸਾਰੀ ਕਰਨ ਵਾਲੇ ਸੁੰਦਰ ਦ੍ਰਿਸ਼ ਪ੍ਰਾਪਤ ਹਨ ਅੰਗਰੇਜ਼ੀ ਨਾਵਲਾਂ ਵਿੱਚ ਟਾਮਸ ਹਾਰਡੀ ਦੇ ਨਾਵਲ ਇਸ ਪ੍ਰਕਾਰ ਦਾ ਵਾਤਾਵਰਣ ਉਸਾਰਨ ਲਈ ਪ੍ਰਸਿੱਧ ਹਨ ਇਸ ਵਿਧੀ ਅਨੁਸਾਰ ਕਈ ਵਾਰ ਮਨੁੱਖ ਦੇ ਅੰਦਰਲੇ ਭਾਵਾਂ ਤੇ ਤਰੰਗਾਂ ਨੂੰ ਕੁਦਰਤ ਦੇ ਉਪਕਰਨਾ ਬੱਦਲਾ ਮੀਂਹ ਹਨੇਰੀ ਅਤੇ ਝੱਖੜਾਂ ਨਾਲ ਸੁਣਾਇਆ ਜਾਂਦਾ ਹੈ ਨਾਵਲ ਦੇ ਪਾਤਰ ਯਥਾਰਥਕ ਜੀਵਨ ਦੇ ਪਾਤਰਾਂ ਨਾਲੋਂ ਵਧੇਰੇ ਸੁਨਿਸ਼ਚਿਤ ਤੇ ਅਨੁਸ਼ਾਸਨ ਵਾਲੇ ਹੁੰਦੇ ਹਨ ਕਿਉਂਕਿ ਉਨ੍ਹਾਂ ਦਾ ਸਿਰਜਕ ਨਾਵਲਕਾਰ ਉਨ੍ਹਾਂ ਨੂੰ ਨੀਅਤ ਢੰਗ ਨਾਲ ਤੋਰਦਾ ਹੈ। ਇਹ ਸੁਨਿਸ਼ਚਿਤ ਤਾਂ ਵੱਧ ਤੋਂ ਵੱਧ ਯਥਾਰਥ ਜੀਵਨ ਵਰਗੀ ਹੋਣੀ ਚਾਹੀਦੀ ਹੈ ਪਾਤਰਾਂ ਦੀ ਪਾਠਕਾਂ ਨਾਲ ਸਾਂਝ ਤਾਂ ਹੀ ਪੈ ਸਕੇਗੀ ਜੇ ਉਹ ਯਥਾਰਥ ਜੀਵਨ ਦੇ ਨੇੜੇ ਦੇ ਪਾਤਰ ਜਾਪਣਗੇ ਮੈਮਿਲੀ ਜੋਲਾ ਦਾ ਵਿਚਾਰ ਹੈ ਕਿ ਮਨੁੱਖ ਇਕੱਲਾ ਨਹੀਂ ਉਸ ਦੀ ਹੋਂਦ ਇੱਕ ਸਮਾਜ ਦੇ ਕਾਰਨ ਹੈ ਉਹ ਇੱਕ ਸਮਾਜਿਕ ਵਾਤਾਵਰਨ ਵਿੱਚ ਵਿਚਰਦਾ ਹੈ ਇਸ ਵਾਤਾਵਰਨ ਨਾਲ ਉਸ ਵਿੱਚ ਤਬਦੀਲੀ ਆਉਂਦੀ ਹੈ ਨਾਵਲ ਦਾ ਕਰਤਵ ਹੈ ਕਿ ਉਹ ਮਨੁੱਖ ਦੇ ਆਪੇ ਅਤੇ ਸਮਾਜਿਕ ਆਪੇ ਦੇ ਅੰਤਰ ਸਬੰਧਾਂ ਦਾ ਅਧਿਐਨ ਕਰੇ ਅਜਿਹਾ ਕਰਨਾ ਹੀ ਉਚਿਤ ਵਾਤਾਵਰਨ ਦੀ ਉਸਾਰੀ ਕਰਨਾ ਹੈ ਵਾਤਾਵਰਨ ਦੀ ਉਸਾਰੀ ਗਲਪ ਰਚਨਾ ਵਿੱਚ ਕਿਸ ਤਰ੍ਹਾਂ ਹੋਣੀ ਚਾਹੀਦੀ ਹੈ।

**ਦ੍ਰਿਸ਼ਟੀਕੋਣ**: ਜਦੋਂ ਕੋਈ ਵਿਅਕਤੀ ਆਪਣੇ ਵਿਚਾਰ ਪੇਸ਼ ਕਰ ਰਿਹਾ ਹੁੰਦਾ ਹੈ ਤਾਂ ਉਸ ਨੇ ਆਪਣੇ ਸ਼ਬਦਾਂ ਦਾ ਬਹੁਤਾ ਭਾਗ ਸਮਾਜ ਤੋਂ ਗ੍ਰਹਿਣ ਕੀਤਾ ਹੁੰਦਾ ਹੈ। ਸਮਾਜ ਵਿੱਚ ਵਿਚਰਦਿਆਂ ਸਮਾਜਿਕ ਹਾਲਤਾਂ ਅਤੇ ਵਿਅਕਤੀਆਂ ਦੇ ਸੰਪਰਕ ਵਿੱਚ ਆਉਣ ਨਾਲ ਵਿਅਕਤੀ ਆਪਣੇ ਅਨੁਭਵ ਦੇ ਆਧਾਰ 'ਤੇ ਆਪਣੀ ਸੋਚ ਸਮਝ ਅਤੇ ਵਿਚਾਰ ਨਾਲ ਆਪਣਾ ਦ੍ਰਿਸ਼ਟੀਕੋਣ ਬਣਾਉਂਦਾ ਹੈ। ਲੇਖਕ ਨੇ ਆਪਣੇ ਅਨੁਭਵ ਰਾਹੀਂ ਵਿਕਸਤ ਹੋਏ ਦ੍ਰਿਸ਼ਟੀਕੋਣ ਤੇ ਵਿਚਾਰਾਂ ਦੀ ਸ਼ਕਤੀ ਨਾਲ ਸਮਾਜਿਕ ਵਿਹਾਰ ਦੀ ਨਿਰਖ ਪਰਖ ਕਰਨੀ ਹੁੰਦੀ ਹੈ।ਇਸੇ ਅਨੁਭਵ ਦੇ ਆਧਾਰ 'ਤੇ ਪ੍ਰਾਪਤ ਦ੍ਰਿਸ਼ਟੀਕੋਣ ਨਾਲ ਸਮਾਜਿਕ ਵਿਹਾਰ ਤੇ ਕਿਰਿਆਵਾਂ ਨੂੰ ਮਹਿਸੂਸਦਾ ਹੋਇਆ ਸਾਹਿਤਕਾਰ ਆਪਣੀ ਰਚਨਾ ਦੀ ਸਿਰਜਣਾ ਕਰਦਾ ਹੈ।

ਨਾਵਲ ਵਿੱਚ ਪਿੱਠ ਭੂਮੀ ਦਾ ਚਿਤਰਣ ਕਰਨ ਤੋਂ ਇਹ ਭਾਵ ਕਦਾਚਿੱਤ ਨਹੀਂ ਹੈ ਕਿ ਇਹ ਕੇਵਲ ਨਾਵਲਕਾਰ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਹੀ ਬਣ ਕੇ ਰਹਿ ਜਾਏ ਨਾਵਲ ਵਿੱਚ ਪਾਤਰਾਂ ਦ੍ਰਿਸ਼ਾਂ ਤੇ ਘਟਨਾਵਾਂ ਹੀ ਕੇਵਲ ਇਸ ਲਈ ਹੋਂਦ ਹੋਣੀ ਕਿ ਉਹ ਨਾਵਲਕਾਰ ਦੇ ਕੇਵਲ ਦ੍ਰਿਸ਼ਟੀਕੋਣ ਨੂੰ ਧਿਆਨ ਕਰਨ ਨਾਲ ਕਲਾ ਲਈ ਅਤਿ ਘਾਤਕ ਸਿੱਧ ਹੁੰਦੀ ਹੈ ਵਾਰਤਾਲਾਪ ਨਾਵਲ ਦੇ ਤੱਤਾਂ ਵਿੱਚ ਵਾਰਤਾਲਾਪ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ ਇਹ ਤੱਥ ਬੁਨਿਆਦੀ ਤੌਰ ਤੇ ਤਾਂ ਭਾਵੇਂ ਨਾਟਕ ਸਾਹਿਤ ਰੂਪ ਦਾ ਕੇਂਦਰੀ ਤੱਤ ਹੈ ਪਰ ਕਿਉਂਕਿ ਨਾਵਲ ਵਿੱਚ ਵੀ ਨਾਟਕੀ ਕਥਾਨਕ ਦੀ ਵਰਤੋਂ ਆਮ ਕੀਤੀ ਜਾਂਦੀ ਹੈ ਇਸ ਲਈ ਵਾਰਤਾਲਾਪ ਦਾ ਤੱਤ ਨਾਵਲ ਦੇ ਤੱਤਾਂ ਦਾ ਵੀ ਜ਼ਰੂਰੀ ਅੰਗ ਬਣ ਗਿਆ ਹੈ ਵਾਰਤਾਲਾਪ ਨਾਵਲ ਵਿੱਚ ਕਈ ਮੰਤਵਾਂ ਦੀ ਪੂਰਤੀ ਕਰਦੇ ਹਨ ਜਿਵੇਂ ਪਾਤਰ ਉਸਾਰੀ ਕਰਨਾ ਘਟਨਾਵਾਂ ਨੂੰ ਆਪਸ ਵਿੱਚ ਜੋੜਨਾ ਘਟਨਾਵਾਂ

ਤੇ ਪਾਤਰਾਂ ਦਾ ਸੰਬੰਧ ਜੋੜਨਾ ਨਾਵਲ ਸੰਰਚਨਾ ਵਿੱਚ ਗਤੀਸ਼ੀਲਤਾ ਨੂੰ ਕਾਇਮ ਰੱਖਣਾ ਆਦਿ ਇਨ੍ਹਾਂ ਸਾਰੇ ਪੱਖਾਂ ਨੂੰ ਦੋ ਮੁੱਖ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ

- ਪਾਤਰ ਦੇ ਨਿੱਜੀ ਮਾਨਸਿਕ ਭਾਵਾਂ ਤੇ ਵਿਚਾਰਾਂ ਦੀ ਜਾਣਕਾਰੀ ਦੇਣਾ
- ਨਾਵਲੀ ਕਹਾਣੀ ਵਿੱਚ ਨਾਵਲੀ ਢੰਗ ਨਾਲ ਗਤੀਸ਼ੀਲਤਾ ਕਾਇਮ ਰੱਖਣੀ

ਪਾਤਰ ਦੇ ਸੁਭਾਅ ਅਤੇ ਪ੍ਰਵਿਰਤੀਆਂ ਨੂੰ ਜੇ ਵਰਣਨ ਦੁਆਰਾ ਬਿਆਨ ਕਰਨਾ ਹੋਵੇ ਤਾਂ ਕਈ ਪੰਨਿਆਂ ਦੀ ਲੋੜ ਪੈਂਦੀ ਹੈ ਇਸ ਸਥਿਤੀ ਵਿਚ ਕੋਈ ਤੀਸਰਾ ਵਿਅਕਤੀ ਕਿਸੇ ਖਾਸ ਪਾਤਰ ਬਾਰੇ ਬਿਆਨ ਦੇ ਰਿਹਾ ਹੁੰਦਾ ਹੈ ਤੇ ਉਹ ਪਾਤਰ ਨਾਲ ਪੂਰਾ ਇਨਸਾਫ ਨਹੀਂ ਕਰ ਸਕਦਾ ਜਦੋਂ ਪਾਤਰ ਖ਼ੁਦ ਦੂਸਰੇ ਪਾਤਰਾਂ ਨਾਲ ਕੁਝ ਵਾਰਤਾਲਾਪ ਕਰਦਾ ਹੈ ਤਾਂ ਇਸ ਵਿੱਚੋਂ ਜਲਦੀ ਹੀ ਚਾਰ ਪੰਜ ਵਾਕ ਕਹਿਣ ਉਪਰੰਤ ਹੀ ਉਸ ਦੀ ਸ਼ਖ਼ਸੀਅਤ ਬਾਰੇ ਜਾਣਕਾਰੀ ਮਿਲ ਜਾਂਦੀ ਹੈ ਪਰ ਨਾਵਲਕਾਰ ਨੂੰ ਇਹ ਕਦੀ ਨਹੀਂ ਭੁੱਲਣਾ ਚਾਹੀਦਾ ਕਿ ਉਹ ਉਸ ਦੇ ਪਾਤਰਾਂ ਦੇ ਵਾਰਤਾਲਾਪ ਤੇ ਲੰਬੇ ਨਾ ਹੋ ਜਾਣ ਕੇ ਪਾਠਕਾਂ ਲਈ ਨੀਰਸਤਾ ਪੈਦਾ ਹੋ ਜਾਵੇ ਨਾਨਕ ਸਿੰਘ ਸੁਰਿੰਦਰ ਸਿੰਘ ਨਰੂਲਾ ਤੇ ਭਾਈ ਵੀਰ ਸਿੰਘ ਦੇ ਨਾਵਲਾਂ ਵਿੱਚ ਵਾਰਤਾਲਾਪ ਕਾਫੀ ਲੰਬੇ ਹੋ ਜਾਂਦੇ ਹਨ ਗਲਪਕਾਰ ਦਾ ਦ੍ਰਿਸ਼ਟੀਕੋਣ ਅਤੇ ਉਸ ਦੇ ਸੰਭਾਵਿਤਾ ਪਾਠਕ ਵਰਗ ਦਾ ਦ੍ਰਿਸ਼ਟੀਕੋਣ ਗਲਪ ਰਚਨਾ ਦੀ ਵਿਚਾਰਧਾਰਕ ਦਿਸ਼ਾ ਬਣਦਾ ਹੈ। ਗਲਪਕਾਰ ਅੱਗੇ ਵਿਸਤਰਿਤ ਰੂਪ ਵਿੱਚ ਵਸਤੂ ਯਥਾਰਥ ਪਿਆ ਹੁੰਦਾ ਹੈ। ਉਸ ਨੇ ਆਪਣੀ ਰਚਨਾ ਵਸਤੂ ਦੀ ਚੋਣ ਵੇਲੇ ਉਸ ਵਿੱਚੋਂ ਕੁਝ ਛੱਡਣਾ ਅਤੇ ਕੁਝ ਚੁੱਕਣਾ ਹੁੰਦਾ ਹੈ। ਅਜਿਹੇ ਉਹ ਕਿਵੇਂ ਕਰਦਾ ਹੈ, ਦਾ ਪ੍ਰਸ਼ਨ ਮਨ 'ਚ ਲੈ ਕੇ ਗਲਪ ਰਚਨਾ ਦਾ ਅਧਿਅਨ ਕਰਨ ਨਾਲ ਉਸ ਦਾ ਦ੍ਰਿਸ਼ਟੀਕੋਣ ਸਪੱਸ਼ਟ ਹੋ ਜਾਂਦਾ ਹੈ। ਜਿਹੜੀਆਂ ਘਟਨਾਵਾਂ ਚੁਣਦਾ ਹੈ ਉਨ੍ਹਾਂ ਵਿੱਚੋਂ ਕੁੱਝ ਉੱਤੇ ਉਹ ਵਧੇਰੇ ਕੇਂਦਰਤ ਹੁੰਦਾ ਹੈ ਤੇ ਕੁਝ ਸਰਸਰੀ ਢੰਗ ਨਾਲ ਬਿਆਨ ਕਰ ਜਾਂਦਾ ਹੈ। ਇਸ ਤੋਂ ਵੀ ਉਸ ਦੇ ਵਿਸ਼ੇਸ਼ ਦ੍ਰਿਸ਼ਟੀਕੋਣ ਦਾ ਬੋਧ ਹੋ ਜਾਂਦਾ ਹੈ। ਗਲਪਕਾਰ ਦਾ ਦ੍ਰਿਸ਼ਟੀਕੋਣ ਤਿੰਨ ਢੰਗਾਂ ਰਾਹੀਂ ਪੇਸ਼ ਹੁੰਦਾ ਹੈ।

- ਸਿੱਧਾ ਲੇਖਕ-ਕਥਨਾਂ ਰਾਹੀਂ
- ਪਾਤਰ ਦੇ ਕਾਰਜ ਤੇ ਵਿਚਾਰਾਂ ਰਾਹੀਂ
- ਰਚਨਾ ਦੀ ਸਮੁੱਚੀ ਧੁਨੀ ਰਾਹੀਂ

ਕਿਸੇ ਵੀ ਗਲਪ ਰਚਨਾ ਵਿੱਚ ਜਿਹੜੇ ਪ੍ਰਸ਼ਨ ਉਠਾਏ ਜਾਂਦੇ ਹਨ, ਉਨ੍ਹਾਂ ਦਾ ਉੱਤਰ ਵਧੇਰੇ ਕਰਕੇ ਗਲਪਕਾਰ ਦੇ ਦ੍ਰਿਸ਼ਟੀਕੋਣ ਦੇ ਅਨੁਕੂਲ ਹੀ ਹੁੰਦਾ ਹੈ। ਮਿਸਾਲ ਵਜੋਂ ਮੁਸਲਮਾਨ ਕਿੱਸਾਕਾਰਾਂ ਦੁਆਰਾ ਰਚੇ ਕਿੱਸਿਆਂ ਦੇ ਅੰਤ ਦੁਖਾਂਤਿਕ ਅਤੇ ਹਿੰਦੂ ਕਿੱਸਾਕਾਰਾਂ ਦੇ ਕਿੱਸਿਆਂ ਦੇ ਅੰਤ ਸੁਖਾਂਤਕ ਕਿਉਂ ਹਨ, ਪ੍ਰਸ਼ਨ ਦਾ ਉੱਤਰ ਉਨ੍ਹਾਂ ਦੇ ਦ੍ਰਿਸ਼ਟੀਕੋਣ ਨਾਲ ਜੁੜਿਆ ਹੋਇਆ ਹੈ। ਗਲਪ ਰਚਨਾਵਾਂ ਦੀ ਬਿਰਤਾਂਤਕ ਗਤੀ ਅਤੇ ਹੋਰ ਸੰਚਾਰ ਜੁਗਤਾਂ ਦਾ ਡੂੰਘਾ ਅਧਿਐਨ ਵੀ ਗਲਪਕਾਰ ਤੇ ਦ੍ਰਿਸ਼ਟੀਕੋਣ ਦਾ ਬੋਧ ਕਰਵਾ ਸਕਦਾ ਹੈ।

ਅਜੋਕੇ ਗ਼ਲਪ ਸ਼ਾਸਤਰ ਵਿੱਚ ਸਰੋਤੇ/ਪਾਠਕ ਨੂੰ ਗਲਪ ਦੇ ਅਹਿਮ ਤੱਤਾਂ ਵਿੱਚ ਥਾਂ ਮਿਲਣੀ ਸ਼ੁਰੂ ਹੋਈ ਹੈ। ਪਾਠਕ-ਦ੍ਰਿਸ਼ਟੀ ਸਮੁੱਚੇ ਗਲਪ ਪ੍ਰਬੰਧ ਨੂੰ ਨਿਸ਼ਚਿਤ ਪੈਟਰਨ ਵਿੱਚ ਢਾਲਣ ਹਿੱਤ ਪ੍ਰਮੁੱਖ ਭੂਮਿਕਾ ਨਿਭਾਉਂਦੀ ਹੈ। ਗਲਪ ਰਚਨਾ ਦੇ ਮੁੱਖ ਅੰਗ ਤਾਂ ਤਿੰਨ ਹੀ ਹਨ- ਬਿਰਤਾਂਤਕਾਰ, ਬਿਰਤਾਂਤ ਅਤੇ ਪਾਠਕ। ਜਦੋਂ ਗਲਪਕਾਰ ਬਿਰਤਾਂਤ ਸਿਰਜਦਾ ਹੈ ਤਾਂ ਉਸ ਅੰਦਰਲਾ ਪਾਠਕ ਉਸ ਦਾ ਸਭ ਤੋਂ ਪਹਿਲਾਂ ਸਰੋਤਾ/ਪਾਠਕ ਹੁੰਦਾ ਹੈ। ਉਹ ਹਰ ਬਿਰਤਾਂਤਕ ਵੇਰਵਾ ਦਿੰਦਿਆਂ ਇਸ ਗੱਲ ਵੱਲੋਂ ਚੇਤਨ ਹੁੰਦਾ ਹੈ ਕਿ ਇਸ ਦਾ ਪ੍ਰਭਾਵ ਕੀ ਪਵੇਗਾ? ਅਨੇਕਾਂ ਵਾਰੀ ਗਲਪਕਾਰ ਆਪਣੀ ਲਿਖੀ ਗੱਲ ਨੂੰ ਆਪ ਹੀ ਰੱਦ ਕਰ ਦਿੰਦਾ ਹੈ ਕਿਉਂਕਿ ਉਸ ਅੰਦਰਲਾ ਪਾਠਕ ਉਸ ਨਾਲ ਸਹਿਮਤ ਨਹੀਂ ਹੁੰਦਾ। ਗਲਪਕਾਰ ਆਪਣੇ ਅੰਦਰਲੇ ਪਾਠਕ ਨੂੰ ਸੰਤੁਸ਼ਟ ਕੀਤੇ ਬਿਨਾਂ ਰਚਨਾ ਕਾਰਜ ਨੇਪੜੇ ਨਹੀਂ ਚੜ੍ਹਾ ਸਕਦਾ। ਲੇਖਕ ਅੰਦਰਲਾ ਇਹ ਪਾਠਕ ਉਨ੍ਹਾਂ ਸਮੂਹ ਪਾਠਕ ਦੀ ਔਸਤਨ ਰੂਪ ਵਿੱਚ ਪ੍ਰਤੀਨਿਧਤਾ ਕਰਦਾ ਹੈ ਜਿਨ੍ਹਾਂ ਨੇ ਉਸ ਰਚਨਾ ਉੱਤੇ ਪ੍ਰਤੀਕਰਮ ਦੇਣਾ ਹੁੰਦਾ ਹੈ। ਇਸ ਲਈ ਕੋਈ ਵੀ ਗਲਪ ਰਚਨਾ ਬਹੁਤ ਹੱਦ ਤੱਕ ਉਸ ਤਰ੍ਹਾਂ ਦੀ ਹੋਵੇਗੀ ਜਿਸ ਤਰ੍ਹਾਂ ਨਾਲ ਪਾਠਕ ਦਾ ਸੰਚਾਰ ਮੂਲੋਂ ਹੀ ਨਾ ਟੁੱਟੇ। ਪਾਠਕ ਦੀ ਦ੍ਰਿਸ਼ਟੀ ਤੋਂ ਗਲਪ ਰਚਨਾਵਾਂ ਨੂੰ ਸਮਝਣ ਨਾਲ ਕਈ ਨਵੇਂ ਨੁਕਤੇ ਸਾਹਮਣੇ ਆਏ ਹਨ ।

**ਉਦੇਸ਼:** ਉਦੇਸ਼ ਪਹਿਲਾਂ ਗਲਪ ਰਚਨਾ ਦੇ ਵਿਸ਼ੇ ਵਸਤੂ ਵਾਲੇ ਅਥਵਾ ਕਹਾਣੀ ਤੇ ਕਹਾਣੀ ਵਾਲੇ ਭਾਗ ਵਿੱਚ ਵੀ ਇਸ ਤੱਤ ਬਾਰੇ ਸੰਕੇਤ ਮਾਤਰ ਚਰਚਾ ਕਰ ਆਏ ਹਾਂ ਕੋਈ ਵੀ ਰਚਨਾ ਉਦੇਸ਼ ਰਹਿਤ ਨਹੀਂ ਹੁੰਦੀ ਨਾਵਲ ਵਿੱਚ ਉਦੇਸ਼ ਦਾ ਉਤਨਾ ਹੀ ਮਹੱਤਵ ਹੈ ਜਿੱਤਣਾ ਬਾਕੀ ਸਾਹਿਤ ਰੂਪਾਂ ਵਿੱਚ ਹੈ। ਨਾਵਲ ਵਿੱਚ ਪ੍ਰਗਟਾਈ ਗਈ ਵਿਚਾਰਧਾਰਾ ਫਿਲਾਸਫ਼ੀ ਜਾਂ ਸਮੱਸਿਆ ਨੂੰ ਉਸ ਦਾ ਵਿਸ਼ਾ ਆਖਦੇ ਹਨ ਵਿਸ਼ਾ ਉਹ ਸਮੱਸਿਆ ਹੈ ਜਿਸ ਵੱਲ ਧਿਆਨ ਦਿਵਾਉਣ ਲਈ ਨਾਵਲ ਲਿਖਿਆ ਜਾ ਰਿਹਾ ਰਿਹਾ ਹੈ ਵਿਸ਼ੇ ਤੋਂ ਹੀ ਨਾਵਲਕਾਰ ਦੀ ਜੀਵਨ ਫਿਲਾਸਫੀ ਦਾ ਅਨੁਮਾਨ ਲਾਇਆ ਜਾਂਦਾ ਹੈ ਇੱਕ ਹੋਰ ਵਿਦਵਾਨ ਦਾ ਕਹਿਣਾ ਹੈ ਕਿ ਵਿਸ਼ਾ ਨਾਵਲਕਾਰ ਦਾ ਆਪਣੇ ਪਾਠਕਾਂ ਪ੍ਰਤੀ ਸੰਦੇਸ਼ ਹੈ ਜਿਸ ਨੂੰ ਮੁੱਖ ਰੱਖ ਕੇ ਨਾਵਲਕਾਰ ਰਚਨਾ ਕਰਦਾ ਹੈ। ਵਿਸ਼ਾ ਭਾਵ ਹੈ ਕੇਂਦਰੀ ਭਾਵ ਜਾਂ ਮੁੱਖ ਭਾਵ ਜਿਸ ਉੱਤੇ ਨਾਵਲ ਦਾ ਢਾਂਚਾ ਉਸਾਰਿਆ ਗਿਆ ਹੁੰਦਾ ਹੈ। ਨਾਵਲ ਆਲੋਚਨਾ ਸ਼ਬਦਾਵਲੀ ਕੋਸ਼ ਅਨੁਸਾਰ ਥੀਮ ਨਾਵਲੀ ਪਾਠ ਦੇ ਆਰ ਪਾਰ ਫੈਲਿਆ ਹੋਇਆ ਅਤੇ ਵਿਸ਼ੇ ਵਸਤੂ ਕੇਂਦਰੀ ਭਾਵ ਨਾਲ ਮਿਲਦਾ ਜੁਲਦਾ ਉਹ ਤੱਤ ਹੈ ਜਿਹੜਾ ਨਾਵਲ ਦੇ ਕੁਝ ਤੱਤਾਂ ਦੇ ਸਮੂਹਿਕ ਪ੍ਰਬੰਧ ਦੁਆਰਾ ਹੋਂਦ ਗ੍ਰਹਿਣ ਕਰਦਾ ਹੈ ਅਤੇ ਉਨ੍ਹਾਂ ਤੱਤਾਂ ਨੂੰ ਸੰਗਠਨ ਵਿੱਚ ਬਣਦਾ ਹੈ ਸਮੁੱਚੇ ਨਾਵਲ ਦੀ ਇੱਕ ਥੀਮ ਹੁੰਦੀ ਹੈ ਅਤੇ ਨਾਵਲ ਦੇ ਵੱਖਰੇ ਵੱਖਰੇ ਤੱਤਾਂ ਦਾ ਵੀ ਆਪਣੀ ਆਪਣੀ ਥੀਮ ਹੁੰਦੀ ਹੈ ਅਸਲ ਵਿੱਚ ਅਰਥਵਾਨ ਸ਼ਬਦਾਂ ਵਿੱਚ ਪ੍ਰਗਟ ਕੀਤੀ ਗਈ ਹਰੇਕ ਗੱਲ ਦੀ ਕੋਈ ਨਾ ਕੋਈ ਥੀਮ ਹੋਵੇਗੀ ਇਹ ਸਾਰੀਆਂ ਥੀਮ ਚ ਜਦੋਂ ਸਜੀਵ ਸੰਰਚਨਾ ਵਿੱਚ

ਬੱਝ ਕੇ ਪੇਸ਼ ਹੋਣਗੀਆਂ ਤਾਂ ਹੀ ਸ਼ਾਬਦਿਕ ਸੰਰਚਨਾ ਅਰਥਾਤ ਨਾਵਲੀ ਪਾਠ ਹੋਂਦ ਗ੍ਰਹਿਣ ਕਰੇਗਾ ਕਈ ਲੋਕ ਥੀਮ ਅਤੇ ਵਿਸ਼ੇ ਨੂੰ ਇੱਕੋ ਸਮਝਦੇ ਹਨ ਪ੍ਰੰਤੂ ਉਨ੍ਹਾਂ ਦੀ ਇਹ ਸੋਚ ਗਲਤ ਹੈ ਥੀਮ ਨੂੰ ਵਿਸ਼ੇ ਨਾਲੋਂ ਨਿਖੇੜਿਆ ਜਾ ਸਕਦਾ ਹੈ ਸਮੇਂ ਸਥਾਨ ਤੇ ਸੰਬੰਧਾਂ ਦੀ ਵਿਲੱਖਣਤਾ ਕਾਰਨ ਇੱਕੋ ਵਿਚਾਰ ਜਾਂ ਵਸਤੂ ਅਨੇਕ ਥਾਵਾਂ ਤੇ ਕਈ ਪ੍ਰਕਾਰ ਦੇ ਵਿਅਕਤਿੱਤਵ ਧਾਰਨ ਕਰ ਲੈਂਦਾ ਹੈ ਮਨੁੱਖਤਾ ਦੇ ਸਰਬ ਸਾਂਝੇ ਬੁਨਿਆਦੀ ਵਿਸ਼ੇ ਬਹੁਤ ਥੋੜ੍ਹੇ ਹਨ ਪਰ ਵੱਖ ਵੱਖ ਸਥਿਤੀਆਂ ਨਾਲ ਸਬੰਧਿਤ ਹੋਣ ਕਾਰਨ ਉਹ ਅਣਗਿਣਤ ਮੁਹਾਂਦਰੇ ਤੇ ਸੁਭਾਅ ਧਾਰਨ ਕਰ ਲੈਂਦੇ ਹਨ ਵਿਲੱਖਣ ਮੁਹਾਂਦਰੇ ਤੇ ਸੁਭਾਅ ਵਾਲੇ ਵਿਚਾਰ ਵਸਤੂ ਵਿਸ਼ੇ ਨੂੰ ਥੀਮ ਸਮਝ ਕੇ ਕਿਸੇ ਕਾਵਿ ਕਿਰਤ ਦੀ ਵਿਆਖਿਆ ਹੋ ਸਕਦੀ ਹੈ ਭਾਵੇਂ ਵਸਤੂ ਜਾਂ ਵਿਚਾਰ ਦੋਵੇਂ ਕਵਿਤਾ ਦੇ ਵਿਸ਼ੇ ਹਨ ਪਰ ਵਿਚਾਰ ਜਾਂ ਵਸਤੂ ਨੂੰ ਉਸ ਦੀ ਵਿਲੱਖਣ ਸਥਿਤੀ ਵਿੱਚ ਪਛਾਨਣ ਨਾਲ ਹੀ ਵਿਸ਼ਾ ਥੀਮ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ ਨਾਵਲ ਦੇ ਥੀਮ ਬਾਰੇ ਰੂਸੀ ਰੂਪ ਵਾਦੀਆਂ ਨੇ ਕਾਫੀ ਲੰਬੀ ਚੌੜੀ ਅਤੇ ਮਹੱਤਵਪੂਰਨ ਚਰਚਾ ਨੂੰ ਰੂਪ ਰੇਖਾ ਦਿੱਤੀ ਰੂਪਵਾਦੀ ਤੋਮਾਸ਼ੇਵਸਕੀ ਅਨੁਸਾਰ ਕਿਸੇ ਸਾਹਿਤ ਰਚਨਾ ਨੂੰ ਏਕਤਾ ਉਸ ਦੇ ਥੀਮ ਤੋਂ ਮਿਲਦੀ ਹੈ ਜੋ ਉਸ ਦੇ ਅੰਦਰ ਬਾਹਰ ਆਦਿ ਤੋਂ ਅੰਤ ਤੱਕ ਸਮਾਇਆ ਰਹਿੰਦਾ ਹੈ ਜਿਸ ਲਿਖਤ (ਇਸ ਵਿੱਚ ਨਾਵਲ ਵੀ ਸ਼ਾਮਿਲ ਹੈ) ਦਾ ਅਰਥ ਹੈ ਉਸ ਦਾ ਕੋਈ ਨਾ ਕੋਈ ਥੀਮ ਵੀ ਹੁੰਦਾ ਹੈ ਰੂਸੀ ਰੂਪ ਵਾਦੀਆਂ ਦੀ ਧਾਰਨਾ ਹੈ ਕਿ ਥੀਮ ਤਾਂ ਇੱਕ ਛੋਟੇ ਤੋਂ ਛੋਟੇ ਵਾਕ ਦਾ ਵੀ ਹੁੰਦਾ ਹੈ ਇਸ ਤਰ੍ਹਾਂ ਥੀਮ ਨਾਵਲ ਦੇ ਅੰਗਾਂ ਦਾ ਵੀ ਹੁੰਦਾ ਹੈ ਪਰ ਸਾਰੇ ਅੰਗਾਂ ਨੂੰ ਇੱਕ ਸੰਗਠਨ ਵਿੱਚ ਜੋੜਨ ਵਾਲੇ ਅਜਿਹੇ ਥੀਮ ਦੀ ਲੋੜ ਹੈ ਜੋ ਸਮੁੱਚੀ ਰਚਨਾ ਦੇ ਆਰ ਪਾਰ ਫੈਲਿਆ ਹੋਵੇ ਕਿਸੇ ਰਚਨਾ ਦੇ ਸਭ ਤੋਂ ਛੋਟੇ ਤੱਤ ਜਾਂ ਮੁੱਢਲੀ ਇਕਾਈ ਨੂੰ ਮੋਟਿਫ ਆਖਦੇ ਹਨ ਇੱਕ ਬਿਰਤਾਂਤਕ ਗਲਪ ਰਚਨਾ ਬਹੁਤ ਸਾਰੇ ਤੱਤਾਂ ਤੇ ਇਕਾਈਆਂ ਦੀ ਬਣੀ ਹੁੰਦੀ ਹੈ ਬੋਰਿਸ ਟੋਮਾਸ਼ੇਵਸਕੀ ਅਨੁਸਾਰ ਮੋਟਿਫ ਬਿਰਤਾਂਤ ਰਚਨਾ ਦਾ ਉਹ ਛੋਟੇ ਤੋਂ ਛੋਟਾ ਟੁਕੜਾ ਹੈ ਜਿਸ ਨੂੰ ਅੱਗੋਂ ਹੋਰ ਘਟਾਇਆ ਨਹੀਂ ਜਾ ਸਕਦਾ ਡਾ ਹਰਭਜਨ ਸਿੰਘ ਦਾ ਕਹਿਣਾ ਹੈ ਕਿ ਇਹ ਰਚਨਾ ਵਿਚਲੀ ਥੀਮ ਸਮੱਗਰੀ ਦੀ ਸਭ ਤੋਂ ਛੋਟੀ ਤੇ ਬੁਨਿਆਦੀ ਇਕਾਈ ਹੁੰਦੀ ਤੋਮਾਸ਼ੇਵਸਕੀ ਤਾਂ ਇੱਥੋਂ ਤੱਕ ਆਖਦਾ ਹੈ ਕਿ ਹਰ ਵਾਕ ਦਾ ਆਪਣਾ ਮੋਟਿਫ ਹੁੰਦਾ ਹੈ ਨਾਵਲ ਰਚਨਾ ਦੇ ਜਿਸ ਅੰਗ ਨੂੰ ਹੋਰ ਘਟਾਇਆ ਨਾ ਜਾ ਸਕੇ ਉਸ ਨੂੰ ਮੋਟਿਫ ਆਖਿਆ ਜਾਂਦਾ ਹੈ

## ਸਾਰ-ਅੰਸ਼

ਸਮਕਾਲੀ ਦੌਰ ਵਿੱਚ ਬਿਰਤਾਂਤ ਗਲਪ ਨੂੰ ਗੰਭੀਰ ਰੂਪ ਵਿੱਚ ਸ਼ਕਤੀਸ਼ਾਲੀ ਵਿਧੀ ਵਜੋਂ ਨਿਰਖਿਆ ਪਰਖਿਆ ਜਾਂਦਾ ਹੈ ਬਣਤਰ ਦੇ ਆਧਾਰ ਤੇ ਬਿਰਤਾਂਤ ਨੂੰ ਦੋ ਭਾਗਾਂ ਇਤਿਹਾਸਕ ਬਿਰਤਾਂਤ ਅਤੇ ਗਲਪੀ ਬਿਰਤਾਂਤ ਵਿੱਚ ਵੰਡਿਆ ਜਾ ਸਕਦਾ ਹੈ ਇਤਿਹਾਸਕ ਬਿਰਤਾਂਤ ਵਿਚ ਲੇਖਕ ਦੁਆਰਾ ਇਤਿਹਾਸਕ ਪਾਤਰਾਂ ਤੇ ਘਟਨਾਵਾਂ ਦਾ ਤੱਥ ਮੂਲਕ ਵੇਰਵਾ ਪੇਸ਼ ਕੀਤਾ ਹੁੰਦਾ ਹੈ ਅਜਿਹਾ ਕਰਦਾ ਹੋਇਆ ਉਹ ਆਪਣੀ ਖੋਜੀ ਦ੍ਰਿਸ਼ਟੀ ਰਾਹੀਂ ਇਤਿਹਾਸ ਦੇ ਕਈ ਛੁਪੇ ਤੱਥਾਂ ਨੂੰ ਸਾਹਮਣੇ ਲਿਆਉਂਦਾ ਹੈ ਗਲਪੀ ਬਿਰਤਾਂਤ ਕਲਪਨਾ ਦੀ ਸਿਰਜਨਸ਼ੀਲਤਾ ਰਾਹੀਂ ਹੋਵੇ ਚਾਹੁੰਦਾ ਹੈ ਅਜਿਹੇ ਬਰਸਾਤ ਵਿੱਚ ਲੇਖਕ ਕਾਲਪਨਿਕ ਘਟਨਾਵਾਂ ਕਹਾਣੀਆਂ ਨੂੰ ਸੱਚ ਦਾ ਗਿਲਾਫ ਚੜ੍ਹਾ ਕੇ ਪੇਸ਼ ਕਰਦਾ ਹੈ ਗਲਪੀ ਬਿਰਤਾਂਤ ਵਿੱਚ ਦੋ ਜਾਂ ਦੋ ਤੋਂ ਵੱਧ ਵਾਸਤਵਿਕ ਜਾਂ ਕਾਲਪਨਿਕ ਘਟਨਾਵਾਂ ਨੂੰ ਧਰਤੀ ਬੱਧ ਤਰੀਕੇ ਨਾਲ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਇਸ ਨੂੰ ਪੜ੍ਹਨ ਜਾਂ ਸੁਣਨ ਸਮੇਂ ਸੋਚ ਸੁਆਦ ਨੂੰ ਮਾਣਿਆ ਜਾ ਸਕੇ ਤੇ ਇਸ ਦੇ ਸਾਰਥਿਕ ਅਰਥ ਉਤਪੰਨ ਹੋਣ ਸਮਕਾਲੀ ਖੋਜ ਕਾਰਜਾਂ ਵਿੱਚ ਗਲਪ ਰਚਨਾਵਾਂ ਦੇ ਅਧਿਐਨ ਵਿਸ਼ਲੇਸ਼ਣ ਲਈ ਵਰਤਾਂਤ ਸ਼ਾਸਤਰੀ ਨਿਯਮਾਂ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ ਬਿਰਤਾਂਤ ਸ਼ਾਸਤਰ ਭਾਸ਼ਾ ਵਿਗਿਆਨ ਤੇ ਆਧਾਰਤ ਉਤਪੰਨ ਹੋਈ ਇੱਕ ਅਜਿਹੀ ਸਮੀਖਿਆ ਵਿਧੀ ਹੈ ਜਿਸ ਨਾਲ ਅਸੀਂ ਗੱਲ ਰਚਨਾਵਾਂ ਦਾ ਪਾਠ ਅਤੇ ਅਧਿਅਨ ਕਰਦੇ ਹਾਂ ਵਿਸ਼ਵ ਪੱਧਰ ਤੇ ਬਿਰਤਾਂਤ ਗਲਪ ਨੂੰ ਵਿਭਿੰਨ ਅੰਤਰ ਦ੍ਰਿਸ਼ਟੀਆਂ ਤੇ ਪਹੁੰਚ ਵਿਧੀਆਂ ਦੁਆਰਾ ਆਲੋਚਨਾਤਮਿਕ ਕਸਵੱਟੀ ਉੱਪਰ ਨਿਰਖਿਆ ਪਰਖਿਆ ਜਾਂਦਾ ਰਿਹਾ ਹੈ ਬਿਰਤਾਂਤ ਦੇ ਕੋਸ਼ਗਤ ਅਰਥ ਤਾਂ ਘਟਨਾਵਾਂ ਜਾਂ ਕਥਾ ਦੀ ਪੇਸ਼ਕਾਰੀ ਹੀ ਮੰਨੇ ਜਾਂਦੇ ਹਨ ਪ੍ਰੰਤੂ ਜਦੋਂ ਅਸੀਂ ਬਿਰਤਾਂਤ ਨੂੰ ਸਾਹਿਤ ਵਜੋਂ ਪੜ੍ਹਦੇ ਵਿਚਾਰਦੇ ਹਾਂ ਤਾਂ ਘਟਨਾ ਪਾਤਰ ਸਥਿਤੀ ਤੇ ਮਾਹੌਲ ਦੇ ਆਧਾਰ ਤੇ ਉਸਰੇ ਕਥਾ ਦੇ ਪ੍ਰਬੰਧ ਨੂੰ ਬਿਰਤਾਂਤ ਕਿਹਾ ਜਾਂਦਾ ਹੈ।

## ਕੇਂਦਰੀ ਸ਼ਬਦ

- **ਕਥਾਨਕ**: ਬਿਰਤਾਂਤ ਵਿਚਲੀਆਂ ਘਟਨਾਵਾਂ ਨੂੰ ਵਿਧੀਵਤ ਰੂਪ ਨਾਲ ਵਿਉਂਤਬਧ ਕਰਨ ਵਾਲਾ ਤੱਤ ਹੈ।
- **ਸਮਕਾਲ**: ਵਰਤਮਾਨ ਸਮਾਂ
- **ਥੀਮ**: ਵਿਸ਼ਾ-ਵਸਤੂ
- **ਦ੍ਰਿਸ਼ਟੀਕੋਣ**: ਨਜ਼ਰੀਆ

## ਸਵੈ-ਮੁਲਾਂਕਣ

1. ਗਲਪ ਸ਼ਬਦ ਅੰਗਰੇਜ਼ੀ ਦੇ.......ਸ਼ਬਦ ਦਾ ਪੰਜਾਬੀ ਅਨੁਵਾਦ ਰੂਪ ਹੈ

ੳ) ਫਿਕਸ਼ਨ

ਅ) ਨਾਵਲ

ੲ) ਪਲੇਅ

ਸ) ਡਰਾਮਾ

2. ਆਧੁਨਿਕ ਪੰਜਾਬੀ ਗਲਪ ਨੇ ਮੁੱਖ ਰੂਪ ਵਿੱਚ.......ਮਾਡਲ ਤੋਂ ਪ੍ਰਭਾਵ ਗ੍ਰਹਿਣ ਕੀਤਾ ਹੈ

ੳ) ਸੰਸਕ੍ਰਿਤ

ਅ) ਪੱਛਮੀ

ੲ) ਪੂਰਬੀ

ਸ) ਫਾਰਸੀ

3. ਰੂਸੀ ਰੂਪਵਾਦੀਆਂ ਨੇ ਕੁਦਰਤੀ ਕਾਲਕ੍ਰਮ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਕੀ ਕਿਹਾ ਹੈ?

ੳ) ਸੁਜੇਤ

ਅ) ਥੀਮ

ੲ) ਫੇਬੁਲਾ

ਸ) ਅਜਨਬੀਕਰਣ

੪. ਨਾਵਲ ਵਿੱਚ ਪ੍ਰਗਟਾਈ ਗਈ ਵਿਚਾਰਧਾਰਾ ਫਿਲਾਸਫ਼ੀ ਜਾਂ ਸਮੱਸਿਆ ਨੂੰ ਉਸ ਦਾ .... ਆਖਦੇ ਹਨ।

ੳ) ਪਾਤਰ

ਅ) ਕਥਾਨਕ

ੲ) ਵਾਤਾਵਰਣ

ਸ) ਵਿਸ਼ਾ

5. ਕਿਹੜਾ ਦ੍ਰਿਸ਼ ਸਭ ਤੋਂ ਵਧੀਆ ਵਾਤਾਵਰਨ ਦੀ ਉਸਾਰੀ ਕਰਦਾ ਹੈ?

ੳ) ਪ੍ਰਾਕਿਰਤਕ ਦ੍ਰਿਸ਼

ਅ) ਸਥਾਨਿਕ ਦ੍ਰਿਸ਼

ੲ) ਸਥਾਈ ਦ੍ਰਿਸ਼

ਸ) ਅਸਥਾਈ ਦ੍ਰਿਸ਼

6. ਗਲਪ ਦੀ ਕਹਾਣੀ ਨੂੰ ਨਾਟਕੀ ਰੰਗਣ ਦੇਣ ਲਈ ਜਾਂ ਉਤਸੁਕਤਾ ਤੇ ਰਹੱਸ ਬਣਾਈ ਰੱਖਣ ਲਈ......ਨਾਵਲ ਲਈ ਜ਼ਰੂਰੀ ਹੈ ਤੇ ਮਹੱਤਵਪੂਰਨ ਤੱਤ ਹੈ।

ੳ) ਕਥਾਨਕ

ਅ) ਵਾਰਤਾਲਾਪ

ੲ) ਪਾਤਰ

ਸ) ਦ੍ਰਿਸ਼ਟੀਕੋਣ

7. ਗਲਪ ਰਚਨਾ ਵਿੱਚ ਕਾਲ, ਕਾਰਜ ਅਤੇ ਸਥਾਨ ਅਨੁਸਾਰ ......ਦੀ ਸਿਰਜਣਾ ਕੀਤੀ ਜਾਂਦੀ ਹੈ।

ੳ) ਦ੍ਰਿਸ਼ਟੀਕੋਣ

ਅ) ਵਾਰਤਾਲਾਪ

ੲ) ਵਾਤਾਵਰਨ

ਸ) ੳਦੇਸ਼

8. ਕਿਸ ਵਿਧੀ ਦੌਰਾਨ ਪਾਤਰ ਚਿਤਰਣ ਪਾਤਰ ਦੇ ਆਪਣੇ ਕਾਰਜ ਜਾਂ ਸ਼ਬਦਾਂ ਦੁਆਰਾ ਹੁੰਦਾ ਹੈ?

ੳ) ਕਾਰਜ ਵਿਧੀ

ਅ) ਸੰਕੇਤਕ ਵਿਧੀ

ੲ) ਅਪ੍ਰਤੱਖ ਵਿਧੀ

ਸ) ਪ੍ਰਤੱਖ ਵਿਧੀ

9. ਜਦੋਂ ਗਲਪ ਦੀਆਂ ਘਟਨਾਵਾਂ ਨੂੰ ਕਾਲ-ਕ੍ਰਮ ਵਿੱਚ ਬੰਨ੍ਹਣ ਦੀ ਬਜਾਏ ਕਾਰਨ-ਕਾਰਜ ਦੇ ਕ੍ਰਮ ਵਿੱਚ ਬੰਨ੍ਹਿਆ ਜਾਂਦਾ ਹੈ ਤਾਂ ……ਉਤਪੰਨ ਹੋ ਜਾਂਦਾ ਹੈ।

ੳ) ਕਥਾਨਕ

ਅ) ਵਾਰਤਾਲਾਪ

ੲ) ਪਾਤਰ

ਸ) ਦ੍ਰਿਸ਼ਟੀਕੋਣ

10. ਲੇਖਕ ਦੁਆਰਾ ਇਤਿਹਾਸਕ ਪਾਤਰਾਂ ਤੇ ਘਟਨਾਵਾਂ ਦਾ ਤੱਥ ਮੂਲਕ ਵੇਰਵਾ ਕਿਸ ਬਿਰਤਾਂਤ ਦੁਆਰਾ ਪੇਸ਼ ਕੀਤਾ ਜਾਂਦਾ ਹੈ?

ੳ) ਗਾਲਪਨਿਕ ਬਿਰਤਾਂਤ

ਅ) ਇਤਿਹਾਸਿਕ ਬਿਰਤਾਂਤ

ੲ) ਯਥਾਰਥਕ ਬਿਰਤਾਂਤ

ਸ) ਨਾਟਕੀ ਬਿਰਤਾਂਤ

11. …… ਦੀ ਮਦਦ ਨਾਲ ਹੀ ਲੇਖਕ ਪਾਠਕਾਂ ਤੱਕ ਆਪਣਾ ਦ੍ਰਿਸ਼ਟੀਕੋਣ ਸੰਚਾਰਿਤ ਕਰਦਾ ਹੈ।

ੳ) ਕਥਾਨਕ

ਅ) ਵਾਰਤਾਲਾਪ

ੲ) ਪਾਤਰ

ਸ) ਦ੍ਰਿਸ਼ਟੀਕੋਣ

12. ਕਿਸ ਵਿਦਵਾਨ ਅਨੁਸਾਰ ਸਾਹਿਤ ਰਚਨਾ ਨੂੰ ਏਕਤਾ ਉਸ ਦੇ ਥੀਮ ਤੋਂ ਮਿਲਦੀ ਹੈ।

ੳ) ਤਮਾਸ਼ੇਵਸਕੀ

ਅ) ਸਕਲੋਵਸਕੀ

ੲ) ਰੋਮਨ ਜੈਕਬਸਨ

ਸ) ਕਾਰਲ ਮਾਰਕਸ

13. ਗਲਪਕਾਰ ਆਪਣੇ ਅੰਦਰਲੇ …..ਨੂੰ ਸੰਤੁਸ਼ਟ ਕੀਤੇ ਬਿਨਾਂ ਰਚਨਾ ਕਾਰਜ ਨੇਪਰੇ ਨਹੀਂ ਚੜ੍ਹਾ ਸਕਦਾ।

ੳ) ਆਲੋਚਕ

ਅ) ਪਾਠਕ

ੲ) ਲੇਖਕ

ਸ) ਰਚਨਾਕਾਰ

14. ਕਿਹੜੀ ਦ੍ਰਿਸ਼ਟੀ ਸਮੁੱਚੇ ਗਲਪ ਪ੍ਰਬੰਧ ਨੂੰ ਨਿਸ਼ਚਿਤ ਪੈਟਰਨ ਵਿੱਚ ਢਾਲਣ ਹਿੱਤ ਪ੍ਰਮੁੱਖ ਭੂਮਿਕਾ ਨਿਭਾਉਂਦੀ ਹੈ।

ੳ) ਆਲੋਚਕ-ਦ੍ਰਿਸ਼ਟੀ

ਅ) ਲੇਖਕ-ਦ੍ਰਿਸ਼ਟੀ

ੲ) ਪਾਠਕ-ਦ੍ਰਿਸ਼ਟੀ

ਸ) ਕਾਲਪਨਿਕ-ਦ੍ਰਿਸ਼ਟੀ

15. ਪਰਿਭਾਸ਼ਕ ਸ਼ਬਦਾਵਲੀ ਵਿੱਚ ਵਾਤਾਵਰਣ ਨੂੰ ਨਾਵਲ ਦੀ.....ਵੀ ਆਖਿਆ ਜਾਂਦਾ ਹੈ

ੳ) ਪਿੱਠਭੂਮੀ ਜਾਂ ਪਿਛੋਕੜ

ਅ) ਸਮੱਸਿਆ

ੲ) ਦ੍ਰਿਸ਼ਟੀ

ਸ) ਵਾਰਤਾਲਾਪ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੳ** | **2 ਅ** | **3.ੲ** | **4. ਸ** | **5. ੳ** |
| **2. ਅ** | **7. ੲ** | **8. ਸ** | **9. ੳ** | **10. ਅ** |
| **11. ੲ** | **12. ੳ** | **13. ਅ** | **14. ੲ** | **15. ੳ** |

## ਅਭਿਆਸ ਪ੍ਰਸ਼ਨ

1. ਗਲਪ ਦੇ ਸੰਕਲਪ ਸਬੰਧੀ ਵਿਸਥਾਰ ਨਾਲ ਚਰਚਾ ਕਰੋ।

2. ਕਥਾਨਕ ਦਾ ਅਰਥ ਸਪੱਸ਼ਟ ਕਰਦੇ ਹੋਏ ਇਸ ਦੀ ਗਲਪ ਵਿਚਲੀ ਮਹੱਤਤਾ ਉਪਰ ਨੋਟ ਲਿਖੋ।

3. ਗਲਪਕਾਰ ਪਾਤਰ ਉਸਾਰੀ ਲਈ ਕਿਹੜੀਆਂ ਕਿਹੜੀਆਂ ਵਿਧੀਆਂ ਦੀ ਵਰਤੋਂ ਕਰਦਾ ਹੈ; ਵਿਸਥਾਰ ਵਿਚ ਬਿਆਨ ਕਰੋ।

੪. ਗਲਪ ਵਿੱਚ ਦ੍ਰਿਸ਼ਟੀਕੋਣ ਦੀ ਪੇਸ਼ਕਾਰੀ ਕਿਸ ਕਿਸ ਢੰਗ ਨਾਲ ਕੀਤੀ ਜਾ ਸਕਦੀ ਹੈ।

5. ਅਜੋਕੇ ਸਮੇਂ ਵਿੱਚ ਪੰਜਾਬੀ ਸਾਹਿਤ ਖੇਤਰ ਵਿਚ ਗਲਪ ਦੀ ਕੀ ਮਹੱਤਤਾ ਹੈ?

## Further Reading

- ਜਗਬੀਰ ਸਿੰਘ, ਬਿਰਤਾਂਤਕ ਗਲਪ: ਸਿਧਾਂਤ ਤੇ ਸਮੀਖਿਆ, ਆਰਸੀ ਪਬਲਿਸ਼ਰਜ਼, ਦਿੱਲੀ, 1992.

## Online Links

- https://pa.wikipedia.org/wiki/%E0%A8%B5%E0%A8%BF%E0%A8%A7%E0%A8%BE_%E0%A8%97%E0%A8%B2%E0%A8%AA
- https://pa.wikipedia.org/wiki/%E0%A8%97%E0%A8%B2%E0%A8%AA

# Unit 02: ਕਹਾਣੀ: ਸਿਧਾਂਤਕ ਪਰਿਪੇਖ

**ਵਿਸ਼ਾ-ਵਸਤੂ**

**ਉਦੇਸ਼**

**ਜਾਣ-ਪਛਾਣ**

**1.1 ਕਹਾਣੀ ਦਾ ਸਰੂਪ**

**1.2 ਕਹਾਣੀ ਵਿਧਾ ਦਾ ਨਾਮਕਰਣ**

**1.3 ਕਹਾਣੀ: ਪਰਿਭਾਸ਼ਾ**

**1.4 ਕਹਾਣੀ ਦੇ ਤੱਤ**

**1.5 ਕਹਾਣੀ: ਵਰਗੀਕਰਣ**

**ਸਾਰਾਂਸ਼**

**ਕੇਂਦਰੀ ਸ਼ਬਦ**

**ਸਵੈ-ਮੁਲਾਂਕਣ**

**ਸਵੈ-ਮੁਲਾਂਕਣ ਲਈ ਉੱਤਰ**

**ਅਭਿਆਸ ਪ੍ਰਸ਼ਨ**

**ਸੰਦਰਭ ਪੁਸਤਕਾਂ**

## ਉਦੇਸ਼

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

- ਕਹਾਣੀ ਦੇ ਵਿਧਾ ਰੂਪ ਦੀ ਪਛਾਣ ਕਰਨ ਦੇ ਸਮੱਰਥ ਹੋਣਗੇ
- ਕਹਾਣੀ ਦੇ ਸਰੂਪ ਅਤੇ ਤੱਤਾਂ ਸਬੰਧੀ ਸਮਝ ਸਥਾਪਿਤ ਕਰਨ ਦੇ ਯੋਗ ਹੋਣਗੇ
- ਕਹਾਣੀ ਵਿਧਾ ਦੇ ਵਿਦਵਾਨਾਂ ਵਲੋਂ ਕੀਤੇ ਮਿਲਦੇ ਵਰਗੀਕਰਣਾਂ ਦੀ ਸਮਝ ਦੇ ਆਧਾਰ 'ਤੇ ਵਿਭਿੰਨ ਕਿਸਮਾਂ ਦਾ ਵਿਸ਼ਲੇਸ਼ਣ ਕਰਨ ਦੇ ਕਾਬਿਲ ਹੋਣਗੇ

## 1.1 ਕਹਾਣੀ ਦਾ ਸਰੂਪ

ਸਾਹਿਤ ਚਿੰਤਕਾਂ ਨੇ ਸਾਹਿਤ ਦੇ ਦੋ ਰੂਪ ਦੱਸੇ ਹਨ- ਇਕ ਕਵਿਤਾ () ਅਤੇ ਦੂਜੀ ਵਾਰਤਕ। ਸਾਹਿਤ ਦੇ ਇਤਿਹਾਸ ਵਿਚ ਸਭ ਤੋਂ ਪਹਿਲਾਂ ਕਵਿਤਾ ਹੋਂਦ ਵਿਚ ਆਈ। ''ਅੱਜ ਤੱਕ ਇਹ ਇਕ ਸਰਵ-ਪ੍ਰਮਾਣਿਤ ਮੱਤ ਹੈ ਕਿ ਦੁਨੀਆਂ ਦੀ ਹਰ ਭਾਸ਼ਾ ਵਿਚ ਪਹਿਲਾਂ ਕਵਿਤਾ ਦਾ ਜਨਮ ਹੋਇਆ ਅਤੇ ਢੇਰ ਚਿਰ ਬਾਅਦ ਜਾ ਕੇ ਕਿਤੇ ਵਾਰਤਕ ਉਪਜੀ। ਇਸ ਪਹਿਲ-ਕਦਮੀ ਦਾ ਕਾਰਨ ਬੜਾ ਸਪੱਸ਼ਟ ਹੈ ਅਤੇ ਉਹ ਇਹ ਕਿ ਕਵਿਤਾ 'ਦਿਲ ਦੀ ਬੋਲੀ' ਹੈ ਅਤੇ ਵਾਰਤਕ 'ਦਿਮਾਗ ਦੀ ਭਾਸ਼ਾ' ਹੈ।'' ਪ੍ਰੋ. ਪਿਆਰਾ ਸਿੰਘ ਦੁਆਰਾ ਦਿੱਤੇ ਇਸ ਤਰਕ ਤੋਂ ਸਾਹਿਤ ਦੇ ਖੇਤਰ ਵਿਚ ਦਿਲ ਤੇ ਦਿਮਾਗ ਦੇ ਕਵਿਤਾ ਅਤੇ ਵਾਰਤਕ ਰਾਹੀਂ ਇਸ ਅੰਤਰ ਦਾ ਪਤਾ ਚਲਦਾ ਹੈ ਕਿ ਦਿਮਾਗ ਜਿੱਥੇ ਬੌਧਿਕਤਾ ਦੀ ਗਵਾਹੀ ਦਿੰਦਾ ਹੈ, ਉਥੇ ਦਿਲ ਕਲਪਨਾ

ਵੱਲ ਇਸ਼ਾਰਾ ਕਰਦਾ ਹੈ, ਪਰ ਦਿਲੀ ਵਲਵਲਿਆਂ ਵਿਚ ਪਰੋਈ ਕਲਪਨਾ ਨਿਰੋਲ ਮਨੋਚਿਤਵੀ ਨਹੀਂ ਹੁੰਦੀ, ਸਗੋਂ ਇਸ ਦੇ ਸਰੋਤ ਅਸਲੀਅਤ ਦੀ ਸੁਮੇਲਤਾ ਵਿਚ ਛੁਪੇ ਹੁੰਦੇ ਹਨ। ਵਾਰਤਕ ਦਾ ਸ਼ੁੱਧ ਰੂਪ ਨਿਬੰਧ, ਜਨਮ-ਸਾਖੀ, ਜੀਵਨੀ, ਸਵੈ-ਜੀਵਨੀ, ਰੇਖਾ-ਚਿੱਤਰ, ਇਕਾਂਗੀ/ਨਾਟਕ, ਡਾਇਰੀ, ਹੁਕਮਨਾਮੇ, ਚਿੱਠੀਆਂ, ਸੰਸਮਰਣ ਆਦਿ ਮੰਨੇ ਜਾਂਦੇ ਹਨ ਪਰ ਇਸ ਦੇ ਨਾਲ ਵਾਰਤਕ ਦੇ ਖੇਤਰ ਵਿਚ ਗਲਪ ਵੀ ਸ਼ਾਮਲ ਕੀਤਾ ਜਾਂਦਾ ਹੈ। ਗਲਪ ਕਲਪਨਾ ਪ੍ਰਧਾਨ ਵਾਰਤਕ ਦਾ ਰੂਪ ਹੁੰਦਾ ਹੈ। ਗਲਪ ਸਾਹਿਤ ਕਿਸੇ ਨਾ ਕਿਸੇ ਕਥਾ ਅੰਸ਼ ਨੂੰ ਲੈ ਕੇ ਉਸਰਿਆ ਸਾਹਿਤ ਰੂਪ ਹੁੰਦਾ ਹੈ, ਪਰ ਇਹ ਸਮਾਜਿਕ ਜੀਵਨ ਤੋਂ ਵੱਖ ਹੋ ਕੇ ਕਦੇ ਵੀ ਆਪਣੀ ਹੋਂਦ ਕਾਇਮ ਨਹੀਂ ਰੱਖ ਸਕਦਾ। ਗਲਪ ਅੰਦਰ ਨਾਵਲ ਅਤੇ ਕਹਾਣੀ ਦੇ ਦੋ ਸਹਿਰੂਪ ਸਮਾਏ ਹੁੰਦੇ ਹਨ। ਅੰਗਰੇਜ਼ੀ ਵਿਚ ਕਹਾਣੀ ਸਾਹਿਤ ਰੂਪ ਨੂੰ ਸ਼ਾਰਟ ਸਟੋਰੀ ਕਿਹਾ ਜਾਂਦਾ ਹੈ ਅਤੇ ਇਸ ਦਾ ਪਰਿਆਇਵਾਚੀ ਪੰਜਾਬੀ ਸ਼ਬਦ ਹੈ 'ਨਿੱਕੀ ਕਹਾਣੀ'। ਪ੍ਰੋ. ਗੁਰਦਿਆਲ ਸਿੰਘ ਫੁੱਲ ਕਹਾਣੀ ਨੂੰ ਗਲਪ ਦੀ ਆਤਮਾ ਦਸਦਾ ਹੋਇਆ ਨਾਵਲ ਰੂਪੀ ਰੁੱਖ ਨੂੰ ਕਹਾਣੀ 'ਤੇ ਪਲਿਆ ਦਸਦਾ ਹੈ; ''ਕਹਾਣੀ ਸਾਹਿਤ ਰੂਪ ਗਲਪ ਦੀ ਆਤਮਾ ਹੈ ਅਤੇ ਗਲਪ ਕਹਾਣੀ ਦਾ ਸਰਬੰਗੀ ਨਾਮ ਹੈ। ਬਾਤ ਵੀ ਇਕ ਕਹਾਣੀ ਹੈ। ਲੋਕ-ਕਥਾ ਵੀ ਇਕ ਕਹਾਣੀ ਹੈ ਅਤੇ ਨਾਵਲ ਵੀ ਕਹਾਣੀ 'ਤੇ ਪਲਿਆ ਰੁੱਖ ਹੈ।'' ਗੁਰਲਾਲ ਸਿੰਘ ਵਿਸ਼ੇ ਦੀ ਚੋਣ ਤੇ ਉਸ ਦੇ ਨਿਭਾਅ ਪੱਖ ਤੋਂ ਨਿੱਕੀ ਕਹਾਣੀ ਅਤੇ ਨਾਵਲ ਵਿਚ ਵੱਖਰਤਾ ਦਰਸਾਉਦਾ ਹੈ; ''ਜਿੱਥੇ ਨਾਵਲ ਮਨੁੱਖੀ ਚਿੰਤਾਵਾਂ, ਸਮੱਸਿਆਵਾਂ ਨੂੰ ਉਨ੍ਹਾਂ ਦੇ ਇਤਿਹਾਸਕ ਸੰਦਰਭ (ਸਮੇਂ, ਸਥਾਨ ਤੇ ਸਮਾਜਿਕ ਪਾਸਾਰ) ਵਿਚ ਪੇਸ਼ ਕਰਦਾ ਹੈ, ਉਥੇ ਨਿੱਕੀ ਕਹਾਣੀ ਇਨ੍ਹਾਂ ਨੂੰ ਮਾਨਵੀ ਸੰਦਰਭ ਵਿਚ ਪੇਸ਼ ਕਰਦੀ ਹੈ। ਨਾਵਲ ਸੁਭਾਵਿਕ ਨੂੰ ਅਨਿਵਾਰੀ ਦੇ ਰੂਪ ਵਿਚ ਪੇਸ਼ ਕਰਦਾ ਹੈ ਤੇ ਨਿੱਕੀ ਕਹਾਣੀ ਸੁਭਾਵਿਕ ਨੂੰ ਸੁਭਾਵਿਕ ਦੇ ਰੂਪ ਵਿਚ। ਨਿੱਕੀ ਕਹਾਣੀ ਵਿਚ ਤਾਂ ਮਾਨਵੀ ਪਾਸਾਰ ਇਕ ਅੱਧ ਵਾਰੀ ਹੀ ਸਮਾਜਿਕ ਮਾਹੌਲ ਨਾਲ ਟਕਰਾ ਕੇ ਸਮੱਸਿਆ ਦਾ ਰੂਪ ਧਾਰਦੇ ਹਨ ਪਰ ਨਾਵਲ ਵਿਚ ਇਨ੍ਹਾਂ ਇਤਿਹਾਸਕ ਪਾਸਾਰਾਂ ਦੀ ਸਮੱਸਿਆਵੀ ਤੰਦਾਂ ਨੂੰ ਪੂਰੀ ਤਰ੍ਹਾਂ ਖੁੱਲ੍ਹਣ ਦਿੱਤਾ ਜਾਂਦਾ ਹੈ। ਇਹ ਇਕ ਤਰ੍ਹਾਂ ਨਾਲ ਸਮੱਸਿਆਵਾਂ ਦੇ ਇੰਦਰਜਾਲ ਨੂੰ ਚਿਤਰਦਾ ਹੈ।'' ਕਹਾਣੀ ਦੀਆਂ ਇਨ੍ਹਾਂ ਤਕਨੀਕੀ ਖੂਬੀਆਂ ਬਾਰੇ ਜਾਨਣ ਤੋਂ ਪਹਿਲਾਂ ਕਹਾਣੀ ਦੀ ਗਲਪਨਿਕ ਪਛਾਣ ਬਾਰੇ ਚਰਚਾ ਕੀਤੀ ਜਾਣੀ ਜ਼ਰੂਰੀ ਹੈ।

## 1.2 ਕਹਾਣੀ ਵਿਧਾ ਦਾ ਨਾਮਕਰਣ

ਮੱਧਕਾਲ ਵਿਚ ਪੰਜਾਬੀ ਦੇ ਕਹਾਣੀ ਸਾਹਿਤ ਰੂਪ ਲਈ ਸੰਸਕ੍ਰਿਤ ਦੇ ਸ਼ਬਦ 'ਕਥਾ' ਦੀ ਵਰਤੋਂ ਕੀਤੀ ਜਾਂਦੀ ਸੀ। ਭਾਈ ਕਾਨ੍ਹ ਸਿੰਘ ਨਾਭਾ ਮੁਤਾਬਕ 'ਕਹਾਣੀ' ਦੇ ਅਰਥ 'ਕਥਨ ਕੀਤਾ/ਕਥਾਨਕ/ਕਥਾ/ਕਿੱਸਾ/' ਹਨ। ਪੰਜਾਬੀ ਕੋਸ਼ ਅਨੁਸਾਰ ਕਹਾਣੀ ਤੋਂ ਭਾਵ 'ਕਥਾਨਕ, ਕਥਾ, ਕਿੱਸਾ, ਵਾਰਤਾ, ਬਾਤ, ਗਲਪ, ਅਫ਼ਸਾਨਾ, ਮਨਘੜਤ ਗੱਲ' ਹੈ। ਡਾ. ਸਵਿੰਦਰ ਸਿੰਘ ਉੱਪਲ ਮੁਤਾਬਕ; ''ਕਹਾਣੀ ਸ਼ਬਦ ਸੰਸਿਤ ਦੇ 'ਕਥਾ' ਸ਼ਬਦ ਤੋਂ ਨਿਕਲਿਆ ਹੈ, ਜੋ ਪ੍ਰਾਤ ਵਿਚ 'ਕਹਾ' ਵਿਚ ਵਟ ਗਿਆ।' ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ; ''ਕਥਾ ਪਦ ਦੇ ਅਰਥ ਕਹਾਣੀ, ਵਾਰਤਾ, ਉਪਦੇਸ਼, ਬਾਤ, ਪ੍ਰਸੰਗ, ਧਾਰਮਿਕ ਵਖਿਆਨ ਆਦਿ ਹਨ। ਸੰਸਕ੍ਰਿਤ ਵਿਚ ਕਥਾ ਸ਼ਬਦ ਦਾ ਪ੍ਰਯੋਗ ਕਹਾਣੀ ਲਈ ਕੀਤਾ ਜਾਂਦਾ ਹੈ, ਜਿਵੇਂ 'ਕਥਾ ਸਰਿਤ ਸਾਗਰ', 'ਬ੍ਰਿਹਤ ਕਥਾ' ਆਦਿ।... ਪੰਜਾਬੀ ਵਿਚ ਪਹਿਲਾਂ ਪਹਿਲ ਕਥਾ ਪਦ ਦਾ ਪ੍ਰਯੋਗ ਪੁਰਾਣ ਕਥਾ ਜਾਂ ਰਾਮਾਇਣ, ਮਹਾਂਭਾਰਤ ਆਦਿ ਗ੍ਰੰਥਾਂ ਦੀਆਂ ਕਥਾਵਾਂ ਲਈ ਕੀਤਾ ਜਾਂਦਾ ਸੀ, ਜਿਵੇਂ ਰਾਮਾਇਣ ਦੀ ਕਥਾ, ਮਾਰਕੰਡੇ ਪੁਰਾਣ ਦੀ ਕਥਾ, ਵਾਰਤਾ ਕਥਾ ਆਦਿ।... ਪਿਸ਼ਾਚੀ ਵਿਚ ਲਿਖੀਆਂ ਕਹਾਣੀਆਂ ਦਾ ਇਕ ਪ੍ਰਸਿੱਧ ਗ੍ਰੰਥ ਜੋ ਹੁਣ ਅਲੱਭ ਹੈ। ਇਹ ਗ੍ਰੰਥ ਗੁਣਾਡੇ ਰਿਸ਼ੀ ਦੀ ਲਿਖਤ ਹੈ ਤੇ ਇਸ ਦਾ ਪੂਰਾ ਨਾਮ 'ਵਡ ਕਹਾ' ਹੈ।'

ਕਥਾ ਪਦ ਦੀ ਵਿਸਥਾਰਤ ਵਿਆਖਿਆ ਕਰਦਾ ਡਾ. ਕਰਨੈਲ ਸਿੰਘ ਥਿੰਦ ਲਿਖਦਾ ਹੈ; ''ਲੋਕਾਂ ਵਿਚ ਪ੍ਰਚੱਲਤ ਪ੍ਰੰਪਰਾਗਤ ਬਿਰਤਾਂਤ ਦੀ ਭਾਵਨਾ ਨੂੰ ਅਭਿਵਿਅਕਤ ਕਰਨ ਲਈ ਪੰਜਾਬੀ ਵਿਚ 'ਬਾਤ', 'ਕਥਾ', 'ਕਹਾਣੀ' ਤਿੰਨ ਪਦ ਚਲਦੇ ਹਨ। 'ਬਾਤ' ਪਦ ਦਾ ਉਪਯੋਗ ਮੌਖਿਕ ਕਥਾਵਾਂ ਲਈ ਕੀਤਾ ਜਾਂਦਾ ਹੈ। ਸੰਸਿਤ ਵਿਚ ਕਹਾਣੀ ਲਈ ਮਿਲਦਾ ਪਦ 'ਕਥਾ' ਹੈ। 'ਬ੍ਰਿਹਤ ਕਥਾ' ਅਤੇ 'ਕਥਾ ਸਰਿਤ ਸਾਗਰ' ਇਸ ਦੇ ਪ੍ਰਸਿੱਧ ਉਦਾਹਰਣ ਹਨ। ਪ੍ਰੰਤੂ ਪੰਜਾਬੀ ਵਿਚ 'ਕਥਾ' ਪਦ ਧਾਰਮਿਕ ਭਾਵਨਾ ਦੇ ਪੁਰਾਣੇ ਪ੍ਰਸੰਗਾਂ ਨਾਲ ਜੁੜ ਗਿਆ ਹੈ, ਜਿਵੇਂ ਰਾਮਾਇਣ ਦੀ ਕਥਾ, ਸੂਰਜ ਪ੍ਰਕਾਸ਼ ਦੀ ਕਥਾ ਜਾਂ ਕਥਾ ਰਾਜੇ ਭਰਥਰੀ ਦੀ ਆਦਿ। ਮੱਧਕਾਲ ਵਿਚ ਰਚੇ ਮਹਾਨ ਸਾਹਿਤ ਵਿਚੋਂ ਗੁਰਬਾਣੀ ਸਾਹਿਤ ਦੀ ਵਿਆਖਿਆ ਲਈ ਵੀ 'ਕਥਾ' ਪਦ ਦੀ ਵਰਤੋਂ ਕੀਤੀ ਜਾਂਦੀ ਹੈ। ਅਜੋਕੇ ਸਮੇਂ ਵਿਚ ਇਸ ਦੇ ਅਰਥ ਕੁਝ ਵਿਸਤ੍ਰਿਤ ਹੋ ਗਏ ਹਨ।'' ਕਹਾਣੀ ਦਾ ਸ਼ਾਬਦਿਕ ਅਰਥ ਤੇ ਬਿਰਤਾਂਤਕ ਘਟਨਾ ਸਮੇਂ ਦੀਆਂ ਬਦਲਦੀਆਂ ਪ੍ਰਸਥਿਤੀਆਂ ਅਨੁਸਾਰ ਬਦਲਦੇ ਰਹੇ ਹਨ। ''ਮੱਧਕਾਲੀ ਅਧਿਆਤਮਕ ਚੇਤਨਾ ਦੀ ਪ੍ਰਧਾਨਤਾ ਵਾਲੇ ਯੁੱਗ-ਚਿੰਤਨ ਅਨੁਕੂਲ ਇਹ ਸੰਕਲਪ (ਕਥਾ) ਰੂੜ੍ਹ ਹੋ ਚੁੱਕਾ ਹੈ। ਇਸ ਲਈ ਆਧੁਨਿਕ ਕਾਲ ਵਿਚਲੀ ਇਸ ਬਿਰਤਾਂਤਕ ਵਿਧਾ ਲਈ ਪੂਰੀ ਤਰ੍ਹਾਂ ਢੁਕਵਾਂ ਨਹੀਂ ਕਿਹਾ ਜਾ ਸਕਦਾ। ਆਧੁਨਿਕ ਰਚਨਾਕਾਰਾਂ ਅਤੇ ਸਮੀਖਿਆਕਾਰਾਂ ਨੇ ਇਸ ਵਿਧਾ ਲਈ 'ਕਹਾਣੀ' ਸ਼ਬਦ ਦੀ ਵਰਤੋਂ ਵਧੇਰੇ ਢੁਕਵੀਂ ਸਮਝੀ। ਅੰਗਰੇਜ਼ੀ ਭਾਸ਼ਾ ਵਿਚ ਇਸ ਵਿਧਾ ਦਾ ਨਾਂ 'ਸ਼ਾਰਟ ਸਟੋਰੀ' ਹੈ।'' ਇਸੇ ਤਰ੍ਹਾਂ ਕੁਝ ਚਿੰਤਕ ਉਪਰੋਕਤ ਧਾਰਨਾਵਾਂ ਤੋਂ ਵੱਖਰਤਾ ਦਸਦੇ ਹੋਏ ਕਹਾਣੀ ਦਾ ਸਬੰਧ ਰੂਪਾਕਾਰ ਪੱਖੋਂ ਪੱਛਮ ਚਿੰਤਨ ਨਾਲ ਜੋੜਦੇ ਹਨ; ''ਭਾਰਤ ਵਿਚ ਪੌਰਾਣਕ ਕਥਾਵਾਂ, ਬੁੱਧ ਜਾਤਕ ਕਥਾਵਾਂ, ਜਨਮ ਸਾਖੀਆਂ ਅਤੇ ਪਰਚੀਆਂ ਆਦਿ ਸਾਹਿਤ ਵੀ ਕਹਾਣੀਆਂ ਦੀ ਪ੍ਰੰਪਰਾ ਨਾਲ ਜੁੜਿਆ ਹੋਇਆ ਹੈ ਪਰ ਜਿਸ ਸਾਹਿਤ ਰੂਪ ਨੂੰ ਅਸੀਂ ਨਿੱਕੀ ਕਹਾਣੀ ਦਾ ਸ਼ਾਬਦਿਕ ਨਾਮ ਦਿੰਦੇ ਹਾਂ, ਉਹ ਅਸਲੋਂ ਨਵਾਂ ਹੈ ਅਤੇ ਉਕਤ ਪ੍ਰੰਪਰਾਵਾਂ ਦੀ ਉਪਜ ਨਹੀਂ ਹੈ। ਇਹ ਪੱਛਮ ਵਿਚ ਲਿਖੀ

ਜਾਂਦੀ 'ਸ਼ਾਰਟ ਸਟੋਰੀ' ਦੇ ਪ੍ਰਭਾਵ ਅਧੀਨ ਪੰਜਾਬੀ ਸਾਹਿਤ ਵਿਚ ਆਇਆ ਹੈ ਅਤੇ ਇਸ ਕਾਰਨ ਸਾਹਿਤ ਦੇ ਇਸ ਰੂਪ ਦੇ ਗੁਣ-ਤੱਤ ਭਾਰਤੀ ਕਥਾ ਪ੍ਰੰਪਰਾ ਨਾਲੋਂ ਪੱਛਮ ਵਿਚ ਲਿਖੀ ਜਾਂਦੀ ਨਿੱਕੀ ਕਹਾਣੀ ਨਾਲ ਵਧੇਰੇ ਮਿਲਦੇ ਹਨ।''

ਪੱਛਮੀ ਸਾਹਿਤ ਸ਼ਾਸਤਰ ਤੋਂ ਪ੍ਰਭਾਵਤ ਪੰਜਾਬੀ ਸਮੀਖਿਅਕਾਂ, ਜਿਨ੍ਹਾਂ ਵਿਚੋਂ ਗੁਰਬਖ਼ਸ਼ ਸਿੰਘ ਫਰੈਂਕ ਦਾ ਨਾਮ ਪ੍ਰਮੁੱਖ ਹੈ, ਨੇ ਰੀਸੋ-ਰੀਸੀ ਇਸ ਬਿਰਤਾਂਤ ਵਿਧਾ ਨੂੰ 'ਨਿੱਕੀ ਕਹਾਣੀ' ਦਾ ਨਾਮ ਦੇਣ ਦਾ ਯਤਨ ਕੀਤਾ ਹੈ ਪਰ ਇਹ ਪ੍ਰਚੱਲਤ ਨਾ ਹੋ ਸਕਿਆ। ਹੁਣ 'ਮਿੰਨੀ ਕਹਾਣੀ' ਅਤੇ 'ਲੰਮੀ ਕਹਾਣੀ' ਦੇ ਸੰਕਲਪ ਉਭਰ ਆਉਣ ਨਾਲ ਇਹ ਮਸਲਾ ਹੋਰ ਵੀ ਪੇਚੀਦਾ ਹੋ ਗਿਆ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਹ ਤਿੰਨ ਵੱਖਰੀਆਂ ਵਿਧਾਵਾਂ ਹਨ ਜਾਂ ਇਕੋ ਵਿਧਾ ਦੇ ਤਿੰਨ ਨਾਮ ਹਨ? ਮਿੰਨੀ ਕਹਾਣੀ ਤਾਂ ਬਿਰਤਾਂਤ ਦੀ ਇਕ ਵੱਖਰੀ ਵਿਧਾ ਵਜੋਂ ਸਥਾਪਤ ਹੋ ਹੀ ਚੁੱਕੀ ਹੈ। ਪਰ ਲੰਮੀ ਕਹਾਣੀ ਸਬੰਧੀ ਅਜੇ ਅਜਿਹਾ ਨਹੀਂ ਕਿਹਾ ਜਾ ਸਕਦਾ। 1965 ਵਿਚ ਤ੍ਰੈਮਾਸਿਕ ਪੱਤਰ 'ਸੰਕੇਤ' (ਜਲੰਧਰ) ਵੱਲੋਂ ਕੱਢੇ ਗਏ 'ਲੰਮੀ ਕਹਾਣੀ ਵਿਸ਼ੇਸ਼ ਅੰਕ' ਤੋਂ ਲੈ ਕੇ 20ਵੀਂ ਸਦੀ ਦੇ ਅੰਤਲੇ ਦਹਾਕੇ ਵਿਚ 'ਕਹਾਣੀ ਪੰਜਾਬ' (ਜਨਵਰੀ-ਮਾਰਚ, 1992) ਅਤੇ ਸਮਦਰਸ਼ੀ (ਜੁਲਾਈ-ਨਵੰਬਰ, 1995) ਜਿਹੇ ਪ੍ਰਸਿੱਧ ਪੰਜਾਬੀ ਰਸਾਲਿਆਂ ਵੱਲੋਂ ਪ੍ਰਕਾਸ਼ਿਤ ਲੰਮੀ ਕਹਾਣੀ ਵਿਸ਼ੇਸ਼ ਅੰਕਾਂ ਨਾਲ ਇਹ ਮਸਲਾ ਹੋਰ ਵੀ ਮਹੱਤਵਪੂਰਨ ਹੋ ਗਿਆ ਹੈ। ਭਾਵੇਂ ਪੰਜਾਬੀ ਵਿਚ ਲੰਮੀਆਂ ਕਹਾਣੀਆਂ ਤਾਂ ਸ਼ੁਰੂ ਤੋਂ ਹੀ ਲਿਖੀਆਂ ਜਾਂਦੀਆਂ ਰਹੀਆਂ ਹਨ ਪਰ 20ਵੀਂ ਸਦੀ ਦੇ 8ਵੇਂ ਤੇ 9ਵੇਂ ਦਹਾਕੇ ਵਿਚ ਵਰਿਆਮ ਸਿੰਘ ਸੰਧੂ ਵੱਲੋਂ ਰਚਿਤ ਲੰਮੀਆਂ ਕਹਾਣੀਆਂ ਨੇ ਇਸ ਰੂਪ ਨੂੰ ਨਵੀਂ ਵਿਧਾਗਤ ਪਛਾਣ ਦਿੱਤੀ ਹੈ। ਗੁਰਲਾਲ ਸਿੰਘ ਅਨੁਸਾਰ; ''ਲੰਮੀ ਕਹਾਣੀ ਇਕ ਪ੍ਰਵਿਰਤੀ ਵਜੋਂ 1980 ਤੋਂ ਬਾਅਦ ਸਥਾਪਤ ਹੋਈ ਹੈ।... 1980 ਤੋਂ ਪਹਿਲਾਂ ਦੀ ਲੰਮੀ ਕਹਾਣੀ ਸੰਰਚਨਾ ਪੱਖੋਂ ਪ੍ਰਮੁੱਖ ਰੂਪ ਵਿਚ ਪ੍ਰੰਪਰਾਗਤ ਹੀ ਹੈ।... ਪੰਜਾਬੀ ਵਿਚ ਲੰਮੀ ਕਹਾਣੀ ਦੀ ਰਚਨਾ ਕੋਈ ਨਵੀਂ ਵਿਧਾ ਨਹੀਂ, ਇਹ ਤਾਂ ਇਕ ਪ੍ਰਵਿਰਤੀ ਹੈ।... ਲੰਮੀ ਕਹਾਣੀ ਦੀ ਵਿਸ਼ੇਸ਼ ਪ੍ਰਾਪਤੀ ਉਹ ਕਹਾਣੀਆਂ ਹਨ ਜੋ ਸੰਰਚਨਾ ਅਤੇ ਯਥਾਰਥਬੋਧ ਪੱਖੋਂ ਜਟਿਲ ਚਰਿੱਤਰ ਵਾਲੀਆਂ ਹਨ ਅਤੇ ਵਿਸ਼ੇ ਦੀਆਂ ਵਿਭਿੰਨ ਆਵਾਜ਼ਾਂ ਰਾਹੀਂ ਪੇਸ਼ਕਾਰੀ ਕਰਦੀਆਂ ਹਨ।... ਕਹਾਣੀ ਬੇਸ਼ੱਕ ਲੰਮੀ ਹੋ ਜਾਏ ਪ੍ਰੰਤੂ ਇਹ (ਨਿੱਕੀ) ਕਹਾਣੀ ਦੀ ਨਿੱਕਤਾ ਵਾਲੇ ਲੱਛਣਾਂ ਉਪਰ ਪੂਰੀ ਉਤਰਨੀ ਚਾਹੀਦੀ ਹੈ।''

ਇਸ ਸਮੱਸਿਆ ਸਬੰਧੀ ਹੱਲ ਕਢਦੇ ਹੋਏ ਪੰਜਾਬੀ ਕਹਾਣੀ ਦੇ ਇਤਿਹਾਸਕਾਰ ਡਾ. ਬਲਦੇਵ ਸਿੰਘ ਧਾਲੀਵਾਲ ਦਾ ਕਹਿਣਾ ਹੈ; ''ਹੁਣ ਕਹਾਣੀ ਵਿਧਾ ਦੇ ਇਤਿਹਾਸਕਾਰਾਂ ਲਈ ਇਹ ਇਕ ਮਸਲਾ ਬਣ ਗਿਆ ਹੈ ਕਿ ਬਿਰਤਾਂਤ ਦੀਆਂ ਇਨ੍ਹਾਂ ਵਿਧਾਵਾਂ ਨੂੰ ਸੁਤੰਤਰ ਮੰਨ ਕੇ ਇਨ੍ਹਾਂ ਦੇ ਵਿਕਾਸ ਦੀ ਦਿਸ਼ਾ ਨੂੰ ਨਿਰਧਾਰਿਤ ਕੀਤਾ ਜਾਵੇ ਅਤੇ ਕਹਾਣੀ ਦੇ ਵਿਸਤ੍ਰਿਤ ਸੰਕਲਪ ਅਧੀਨ ਹੀ ਇਨ੍ਹਾਂ ਨੂੰ ਵਿਚਾਰ ਲਿਆ ਜਾਵੇ। ਜਿਸ ਪ੍ਰਕਾਰ ਕਹਾਣੀ ਅਤੇ ਨਾਵਲ ਦੇ ਵਿਚਕਾਰ ਨਾਵਲਿਟ ਦੀਆਂ ਸੀਮਾਵਾਂ ਨੂੰ ਨਿਰਧਾਰਿਤ ਕਰਨਾ ਔਖਾ ਕੰਮ ਹੈ, ਉਸੇ ਤਰ੍ਹਾਂ ਇਹ ਨਿਰਣਾ ਕਰਨਾ ਬਹੁਤ ਮੁਸ਼ਕਲ ਹੈ ਕਿ ਕਹਾਣੀ ਕਿੱਥੋਂ ਮਿੰਨੀ ਜਾਂ ਲੰਮੀ ਕਹਾਣੀ ਦੀ ਸੀਮਾਂ-ਰੇਖਾ ਵਿਚ ਦਾਖ਼ਲ ਹੋਣ ਲਗਦੀ ਹੈ। ਇਹ ਮਸਲਾ ਸੁਲਝਾ ਕੇ ਹੀ ਕਹਾਣੀ ਵਿਧਾ ਦਾ ਸਹੀ ਨਾਮਕਰਨ ਕੀਤਾ ਜਾ ਸਕਦਾ ਹੈ। ਮੇਰੀ ਜਾਚੇ ਮੂਲ ਵਿਧਾ ਕਹਾਣੀ ਹੀ ਹੈ। ਮਿੰਨੀ ਅਤੇ ਲੰਮੀ ਕਹਾਣੀ ਵਰਗੇ ਵਿਸ਼ੇਸ਼ਣ ਇਸ ਦੇ ਸਰੂਪ ਦੀਆਂ ਕੁਝ ਵਿਭਿੰਨਤਾਵਾਂ ਨੂੰ ਦਰਸਾਉਣ ਲਈ ਹੀ ਵਰਤੇ ਜਾਂਦੇ ਹਨ।'' ਡਾ. ਧਾਲੀਵਾਲ ਦੀ ਇਹ ਟਿੱਪਣੀ ਕਾਫ਼ੀ ਸੰਤੋਸ਼ਜਨਕ ਲਗਦੀ ਹੈ।

ਨਿੱਕੀ ਕਹਾਣੀ ਦੀ ਵਿਧਾ ਸਬੰਧੀ ਡਾ. ਮੋਹਨ ਸਿੰਘ ਦੀਵਾਨਾ ਦੇ ਵਿਚਾਰ ਹਨ; ''ਕਹਾਣੀ ਦੀ ਬਣਤਰ 'ਤੇ ਨਾ ਜਾਉ। ਉਸ ਨੂੰ ਚੁਣਨਾ ਤੇ ਨਿਬਾਹੁਣਾ ਤਾਂ ਕਲਾਕਾਰ ਦਾ ਕੰਮ ਹੈ ਜੋ ਠੀਕ ਸਮਝਦਾ ਹੈ ਉਹ ਠੀਕ ਹੈ। ਤੁਸੀਂ ਦੇਖੋ ਕਿ ਉਹ ਤੁਹਾਨੂੰ ਸੁਆਦ ਦਿੰਦਾ ਹੈ ਕਿ ਨਹੀਂ। ਤੁਹਾਡੀ ਸੁਰਤੀ ਨੂੰ ਉੱਚਿਆਂ ਕਰਦਾ ਹੈ ਕਿ ਨੀਂਵਿਆਂ। ਤੁਹਾਨੂੰ ਆਦਰਸ਼ ਮਨੁੱਖਤਾ ਦੇ ਨੇੜੇ ਲਿਆ ਕੇ ਤੁਹਾਡੇ ਵਿਚ ਵਧੇਰੇ ਸਹਾਨੂ-ਭੂਤੀ, ਦਰਦ, ਸੰਜਮ, ਸ਼ੀਲ, ਸੰਤੋਖ ਭਰਦਾ ਹੈ ਕਿ ਨਹੀਂ।... ਜੀਵਨ ਨਾਲ ਜਿਹੜੀ ਕਹਾਣੀ ਦੋ-ਚਾਰ ਆਹਮਣਾ-ਸਾਹਮਣਾ ਕਰਵਾ ਦੇਵੇ, ਜੀਵਨ ਨਾਲ ਘੋਲ ਕਰਵਾ ਦੇਵੇ। ਉਹ ਕਹਾਣੀ ਉੱਚੀ ਤੇ ਸੱਚੀ ਹੈ।'' ਡਾ. ਦੀਵਾਨਾ ਦੀ ਟਿੱਪਣੀ ਕਹਾਣੀ ਵਿਧਾ ਦੀ ਨਾਮਕਰਨ ਸੀਮਾਂ ਤੋਂ ਵਧੇਰੇ ਪਾਠਕ ਨੂੰ ਸਰਬਗੁਣ ਸੰਪੰਨਤਾ ਨਾਲ ਸਰਸ਼ਾਰ ਕਰਨ ਅਤੇ ਜ਼ਿੰਦਗੀ ਦੀਆਂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਵਧੇਰੇ ਕਰਦੀ ਹੈ। ਅਸਲ ਵਿਚ ਕਹਾਣੀਕਾਰ ਦੁਆਰਾ ਕਹਾਣੀ ਕਲਾ ਦੀ ਇਸ ਵਿਧੀ ਦੇ ਪ੍ਰਗਟਾਅ ਵਿਚ ਹੀ ਸਫ਼ਲਤਾ ਹੈ।

ਇਸ ਤਰ੍ਹਾਂ ਕਹਾਣੀ ਵਿਧਾ ਦੇ ਨਾਮਕਰਨ ਸਬੰਧੀ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਦਾ ਕਹਾਣੀ ਸਾਹਿਤ ਰੂਪ ਜੋ ਸੰਸਿਤ ਦੇ ਸ਼ਬਦ 'ਕਥਾ' ਦਾ ਸਮਾਨਅਰਥੀ ਹੈ, 'ਕਥਾਨਕ, ਕਥਾ, ਕਿੱਸਾ, ਵਾਰਤਾ, ਬਾਤ, ਗਲਪ, ਅਫ਼ਸਾਨਾ, ਮਨਘੜਤ ਗੱਲ, ਉਪਦੇਸ਼, ਪ੍ਰਸੰਗ, ਧਾਰਮਿਕ ਵਖਿਆਨ' ਆਦਿ ਸ਼ਬਦਾਂ ਤੋਂ ਹੁੰਦਾ ਹੋਇਆ ਪ੍ਰਾਕ੍ਰਿਤ ਵਿਚ 'ਕਹਾ' ਭਾਵ ਕਹਾਣੀ ਵਿਚ ਵਟ ਗਿਆ, ਜਿਸ ਦਾ ਅਗਲੇਰਾ ਅੰਗਰੇਜ਼ੀ ਰੂਪ ਸ਼ਾਰਟ ਸਟੋਰੀ (ਨਿੱਕੀ ਕਹਾਣੀ) ਹੈ।

## 1.3 ਕਹਾਣੀ: ਪਰਿਭਾਸ਼ਾ

ਵਿਸ਼ਵ ਭਰ ਵਿਚ ਕਹਾਣੀ ਦੀ ਪ੍ਰੰਪਰਾ ਬੜੀ ਲੰਬੀ ਅਤੇ ਗੌਰਵਸ਼ਾਲੀ ਰਹੀ ਹੈ। ਕੁਦਰਤ ਦੇ ਇਸ ਪਾਸਾਰੇ ਵਿਚ ਮਨੁੱਖ ਅਤੇ ਕਹਾਣੀ ਨਾਲੋ-ਨਾਲ ਤੁਰਦੀ ਰਹੀ ਹੈ। ਮਿਥਿਹਾਸਕ ਜਾਂ ਇਤਿਹਾਸਕ ਜਿਥੋਂ ਵੀ ਮਨੁੱਖ ਦਾ ਜੀਵਨ ਆਰੰਭ ਹੁੰਦਾ ਹੈ, ਉਥੋਂ ਹੀ ਕਹਾਣੀ ਦੀ ਯਾਤਰਾ ਸ਼ੁਰੂ ਹੁੰਦੀ ਹੈ। ਮੁੱਢ ਕਦੀਮ ਤੋਂ ਹੀ ਮਨੁੱਖ ਆਪਣੇ ਭਾਵ, ਵਿਚਾਰ ਅਤੇ ਆਪਣੇ ਨਾਲ ਹੋਈ-ਬੀਤੀ ਘਟਨਾ ਨੂੰ ਕਿਸੇ ਦੂਜੇ ਤੱਕ ਪੁੱਜਦਾ ਕਰਨ ਲਈ ਉਤਸੁਕ ਰਿਹਾ ਹੈ। ਆਦਿ ਕਾਲੀ ਮਨੁੱਖ ਨੇ ਜਦੋਂ ਵੱਖ-ਵੱਖ ਤਰ੍ਹਾਂ ਦੇ ਭਾਵ ਤੇ ਉਦਗਾਰ ਪ੍ਰਗਟ ਕਰਨੇ ਹੁੰਦੇ ਸਨ ਤਾਂ ਉਸ ਨੇ ਢੁਕਵੀਆਂ ਮੁਦਰਾਵਾਂ ਤੇ ਸੰਕੇਤਾਂ ਦਾ ਸਹਾਰਾ ਲਿਆ। ਇਹ ਮੁਦਰਾਵਾਂ ਤੇ ਸੰਕੇਤ ਵਿਭਿੰਨ ਕਲਾਵਾਂ ਦੀ ਉਤਪਤੀ ਦੇ ਮੁੱਢਲੇ ਆਧਾਰ ਬਣੇ। ਉਤਪੰਨ ਹੋਈ ਕੋਈ ਮੁਦਰਾ

ਜਾਂ ਕਿਸੇ ਗੱਲ ਨੂੰ ਦੂਜਿਆਂ ਤੱਕ ਪਹੁੰਚਾਉਣ ਦੀ ਲੋੜ ਨੇ ਕਹਾਣੀ ਨੂੰ ਜਨਮ ਦਿੱਤਾ। ਸੰਭਵ ਹੈ ਕਿ ਮੁੱਢ ਵਿਚ ਸੰਗੀਤ, ਨ੍ਰਿਤ, ਕਵਿਤਾ ਆਦਿ ਭਾਵਾਂ/ਮਨੋਭਾਵਾਂ ਵਿਚਲੇ ਉਦਗਾਰਾਂ ਦਾ ਸੰਚਾਰ ਹੀ ਕਹਾਣੀ ਦਾ ਮੂਲ ਮਾਧਿਅਮ ਬਣੇ ਹੋਣ, ਕਿਉਕਿ ਉਨ੍ਹਾਂ ਉਦਗਾਰਾਂ ਵਿਚ ਕਿਤੇ ਨਾ ਕਿਤੇ ਕਥਾ/ਕਹਾਣੀ ਦਾ ਅੰਸ਼ ਮੌਜੂਦ ਸੀ।

**ਪੱਛਮੀ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ**

ਕਹਾਣੀ ਦੇ ਰੂਪ ਅਤੇ ਸਿਧਾਂਤ ਦੇ ਸਬੰਧ ਵਿਚ ਪੱਛਮੀ ਵਿਚਾਰਵਾਨਾਂ ਨੇ ਬੜੀਆਂ ਮਹੱਤਵਪੂਰਨ ਤੇ ਮੁੱਲਵਾਨ ਟਿੱਪਣੀਆਂ ਕੀਤੀਆਂ ਹਨ। ਪੱਛਮੀ ਸਾਹਿਤਕ ਵਿਧਾ ਨਾਲ 'ਨਿੱਕੀ ਕਹਾਣੀ' (short story) ਦੇ ਨਾਮ ਨਾਲ ਜੁੜਿਆ ਸ਼ਾਰਟ (short) ਸ਼ਬਦ ਇਸ ਦੇ ਆਕਾਰ ਦੀ ਸੰਖੇਪਤਾ ਵੱਲ ਇਸ਼ਾਰਾ ਕਰਦਾ ਹੈ, ਜਿਸ ਸਬੰਧੀ ਪਿੱਛੇ ਕਾਫੀ ਚਰਚਾ ਕੀਤੀ ਗਈ ਹੈ।

ਐਚ.ਜੀ. ਵੇਲਜ਼ ਅਨੁਸਾਰ; ''ਤਿੰਨ ਸੌ ਤੋਂ ਲੈ ਕੇ ਤਿੰਨ ਹਜ਼ਾਰ ਸ਼ਬਦਾਂ ਦਾ ਉਹ ਮਨੋਰੰਜਕ ਗੱਦ ਜਿਸ ਨੂੰ ਪੜ੍ਹਨ ਵਿਚ ਪੰਦਰਾਂ ਤੋਂ ਪੰਜਾਹ ਮਿੰਟ ਲੱਗਣ ਅਤੇ ਪੜ੍ਹਦੇ ਸਮੇਂ ਪਾਠਕ ਉਕਤਾਵੇ ਨਾ ਅਤੇ ਇਕੋ ਬੈਠਕ ਵਿਚ ਪੜ੍ਹ ਲੈਣਾ ਚਾਹੇ ਕਹਾਣੀ ਹੈ।''

ਵਿਲੀਅਮ ਸਰੋਅਨ (William Saroyan) ਵੀ ਕਹਾਣੀ ਵਿਚ ਪਹਿਲਾਂ ਸਮੇਂ ਦੀ ਪਾਬੰਦੀ ਦਸਦਾ ਹੈ। ਉਹ ਪੰਝੀ ਸੌ ਤੋਂ ਦਸ ਹਜ਼ਾਰ ਸ਼ਬਦਾਂ ਵਾਲੀ ਗਲਪ-ਰਚਨਾ ਨੂੰ ਨਿੱਕੀ ਕਹਾਣੀ ਅਤੇ ਦਸ ਹਜ਼ਾਰ ਸ਼ਬਦਾਂ ਤੋਂ ਵੱਧ ਵਾਲੀ ਗਲਪਿਤ ਨੂੰ ਲੰਮੀ ਕਹਾਣੀ ਮੰਨਦਾ ਹੈ। ਉਸ ਅਨੁਸਾਰ ਨਿੱਕੇ-ਨਾਵਲ (novelette) ਦੀ ਲੰਬਾਈ ਵੀਹ ਹਜ਼ਾਰ ਸ਼ਬਦਾਂ ਤੋਂ ਵੱਧ ਹੁੰਦੀ ਹੈ। ਪਰ ਫਿਰ ਉਹ ਆਪ ਹੀ ਆਪਣੀ ਰਾਏ ਨੂੰ ਰੱਦ ਕਰਦਾ ਹੋਇਆ ਕਹਿੰਦਾ ਹੈ ਕਿ ''ਇਸ ਤਰ੍ਹਾਂ ਦੇ ਮਾਪ-ਨਿਯਮ ਨਿਰਾਰਥਕ ਹਨ।''

ਪ੍ਰਸਿੱਧ ਵਿਦਵਾਨ ਡਬਲਿਊ. ਐਚ. ਹਡਸਨ (W.H. Hudson) ਅਨੁਸਾਰ; ''ਇਕ ਨਿੱਕੀ ਕਹਾਣੀ ਲਈ ਜ਼ਰੂਰੀ ਹੈ ਕਿ ਇਸ ਵਿਚ ਸਿਰਫ਼ ਤੇ ਸਿਰਫ਼ ਇਕੋ ਸੂਚਨਾਮਈ ਵਿਚਾਰ ਹੋਵੇ ਤੇ ਉਹ ਵਿਚਾਰ ਕਿਸੇ ਨਿਆਂ-ਸੰਗਤ ਜੁਗਤੀ ਨਾਲ ਇਸ ਤਰ੍ਹਾਂ ਸਮਾਇਆ ਹੋਵੇ ਕਿ ਉਸ ਵਿਚੋਂ ਪ੍ਰਭਾਵ ਦੀ ਏਕਤਾ ਦਾ ਝਲਕਾਰਾ ਪਵੇ।''

ਸਾਮਰਸੈਟ ਮਾਮ (Somerset Maugham) ਅਨੁਸਾਰ; ''ਇਕ ਸਫ਼ਲ ਕਹਾਣੀ ਗਲਪ ਦਾ ਉਹ ਟੋਟਾ ਹੈ, ਜੋ ਸਾਧਾਰਣ ਘਟਨਾ ਨੂੰ ਮੌਲਿਕ ਤਰੀਕੇ ਨਾਲ ਇੰਜ ਪੇਸ਼ ਕਰਦਾ ਹੈ ਕਿ ਉਹ ਇਕੋ ਬੈਠਕ ਵਿਚ ਪੜ੍ਹਿਆ ਜਾ ਸਕੇ। ਇਸ ਲਈ ਇਹ ਜ਼ਰੂਰੀ ਹੈ ਕਿ ਇਹ ਇੰਜ ਚਮਕ ਪੈਦਾ ਕਰੇ, ਉਤੇਜਿਤ ਜਾਂ ਪ੍ਰਭਾਵਤ ਕਰੇ ਕਿ ਪ੍ਰਭਾਵ ਦੀ ਏਕਤਾ ਅਧੀਨ ਤੇ ਸ਼ੁਰੂ ਤੋਂ ਲੈ ਕੇ ਅਖ਼ੀਰ ਤੱਕ ਇਕੋ ਰੰਗ ਵਿਚ ਬੱਝੀ ਚਲੀ ਜਾਏ।''

ਸਟੀਗ ਫਲੀਟ ਵੀ ਆਕਾਰ ਦੀ ਸੰਖੇਪਤਾ ਵੱਲ ਇਸ਼ਾਰਾ ਕਰਦਾ ਕਹਾਣੀ ਨੂੰ ਆਕਰਸ਼ਕ ਬਣਾਉਣ 'ਤੇ ਜ਼ੋਰ ਦਿੰਦਾ ਹੈ। ਉਸ ਦੇ ਸ਼ਬਦਾਂ ਵਿਚ; ''ਆਕਰਸ਼ਕ ਹੋਣ ਲਈ ਕਹਾਣੀ ਦਿੱਸਣ ਨੂੰ ਸੱਚੀ, ਸੁਯੋਗ, ਸੰਕੇਤਕ, ਸੁਰੱਖਿਅਤ, ਸੰਖਿਪਤ ਅਤੇ ਸੁਵੰਨੀ ਹੋਣੀ ਚਾਹੀਦੀ ਹੈ ਅਤੇ ਜਦ ਵੀ ਇਨ੍ਹਾਂ ਉਪਰੋਕਤ ਨਿਯਮਾਂ ਤੋਂ ਪਰ੍ਹਾਂ ਜਾਏਗੀ, ਤਾਂ ਸਿਆਣੇ ਸੌਂ ਜਾਣਗੇ ਤੇ ਉਸ ਦੀ ਸ਼ਲਾਘਾ ਜਾਂ ਉਸਤਤੀ ਮੂਰਖਾਂ ਲਈ ਛੱਡ ਦੇਣਗੇ।''

ਰੀਵਰ (Reaver) ਅਤੇ ਬੋਸਵੈੱਲ (Boswell) ਕਹਾਣੀ ਵਿਚ ਬਿਰਤਾਂਤਕ ਅੰਸ਼ ਨੂੰ ਜ਼ਰੂਰੀ ਮੰਨਦੇ ਹੋਏ ਕਹਿੰਦੇ ਹਨ; ''ਲੋਕ ਕਹਾਣੀ (folk tale) ਲੋਕਯਾਨ (folklore) ਦੇ ਬਾਈਗਤ ਰੂਪ (ਲੋਕ ਸਾਹਿਤ) ਦਾ ਅਜਿਹਾ ਅੰਗ ਹੈ, ਜਿਸ ਵਿਚ ਬਿਰਤਾਂਤ ਦਾ ਹੋਣਾ ਆਵੱਸ਼ਕ ਹੈ।''

ਰਿਚਰਡਜ਼ (Richards) ਅਨੁਸਾਰ; ''ਕਹਾਣੀ ਲਈ ਜ਼ਰੂਰੀ ਹੈ ਕਿ ਉਹ ਮੂਲ ਸਚਿਆਈਆਂ, ਘਟਨਾਵਾਂ, ਪਾਤਰਾਂ ਅਤੇ ਅਸਥਾਨਾਂ ਨੂੰ ਪੇਸ਼ ਕਰਨ ਵਿਚ ਰੁਮਾਂਚਕ ਅਤੇ ਸਰੋਦੀ ਹੋਵੇ, ਨਾ ਕਿ ਉਨ੍ਹਾਂ ਦਾ ਕੇਵਲ ਫ਼ੋਟੋ ਚਿੱਤਰ; ਅਤੇ ਇਹ ਸਚਿਆਈਆਂ ਅਵੱਸ਼ ਅਜਿਹੇ ਸੰਕੇਤ ਤੇ ਚਿੰਨ੍ਹ ਹੋਣ ਜਿਹੜੇ ਕਲਪਨਾ ਨੂੰ ਵਿਸ਼ਾਲ ਗ੍ਰਹਿਣ ਲਈ ਉਤੇਜਿਤ ਕਰਨ ਜਾਂ ਫਿਰ ਡੂੰਘੀ ਸੁਚੇਤਨਤਾ ਨੂੰ ਉਭਾਰਨ, ਜਿਹੜੀ ਕਹਾਣੀ ਦੇ ਲੋਕਟ ਵਿਚ ਬੰਦ ਪਏ ਛੋਟੇ-ਛੋਟੇ ਵੇਰਵੇ ਤੇ ਵਿਸਥਾਰ ਨੂੰ ਰੂਪਮਾਨ ਕਰਕੇ ਉਸ ਨੂੰ ਸਰਬ ਸੰਸਾਰੀ ਮਹੱਤਤਾ ਬਖ਼ਸ਼ ਦੇਵੇ।''

ਸਟੀਵਸਨ ਕਹਾਣੀ ਰਚਨਾ ਸਬੰਧੀ ਆਪਣਾ ਮੱਤ ਪੇਸ਼ ਕਰਦਾ ਹੋਇਆ ਤਿੰਨ ਨੁਕਤਿਆਂ 'ਤੇ ਜ਼ੋਰ ਦਿੰਦਾ ਹੈ।

(ੳ) ਕੋਈ ਵੀ ਪਲਾਟ ਲੈ ਕੇ ਉਸ ਵਿਚ ਪਾਤਰਾਂ ਨੂੰ ਸਜਾਉਣਾ।

(ਅ) ਕੋਈ ਪਾਤਰ ਲੈ ਕੇ ਘਟਨਾ ਦੀ ਉਨ੍ਹਾਂ ਅਨੁਸਾਰ ਉਸਾਰੀ ਕਰਨਾ।

(ੲ) ਕੋਈ ਵਿਸ਼ੇਸ਼ ਵਾਤਾਵਰਣ ਲੈ ਕੇ ਕਾਰਜ ਤੇ ਪਾਤਰਾਂ ਨੂੰ ਉਸ ਦੇ ਅਨੁਭਵ ਲਈ ਵਰਤਣਾ।

ਗ੍ਰੇਹਮ ਬੈਲਫੋਰ ਇਸੇ ਵਿਚਾਰ ਦਾ ਹਾਮੀ ਹੈ। ਉਸ ਅਨੁਸਾਰ; ''ਜਿਥੋਂ ਤੱਕ ਮੈਂ ਜਾਣਦਾ ਹਾਂ ਕਹਾਣੀ ਲਿਖਣ ਦੇ ਤਿੰਨ ਹੀ ਢੰਗ ਹਨ- ਇਕ ਕਥਾਨਕ ਲੈ ਲਵੋ ਅਤੇ ਉਸ ਵਿਚ ਪਾਤਰ ਭਰ ਦਿਓ ਜਾਂ ਫਿਰ ਇਕ ਪਾਤਰ ਲੈ ਲਵੋ ਅਤੇ ਉਸ ਲਈ ਘਟਨਾਵਾਂ ਦਾ ਨਿਰਮਾਣ ਕਰ ਲਵੋ; ਜਾਂ ਫਿਰ ਇਕ ਵਿਸ਼ੇਸ਼ ਵਾਤਾਵਰਣ ਲੈ ਲਵੋ ਅਤੇ ਉਸ ਦੇ ਅਨੁਸਾਰ ਘਟਨਾਵਾਂ ਅਤੇ ਪਾਤਰ ਨਿਰਮਾਣ ਕਰੋ।''

ਕੁਝ ਹੋਰ ਪੱਛਮੀ ਚਿੰਤਕਾਂ ਵਿਚੋਂ ਪ੍ਰਸਿੱਧ ਅਮਰੀਕਨ ਕਹਾਣੀਕਾਰ ਅਤੇ ਆਲੋਚਕ ਈ.ਏ.ਪੋ. (E.A. Poe) ਇਸ ਗੁਣ ਨੂੰ TOTALITY ਭਾਵ 'ਸਰਬ ਏਕਤਾ' ਦਾ ਨਾਮ ਦਿੰਦਾ ਹੈ। ਇਕ ਹੋਰ ਕਹਾਣੀ ਆਲੋਚਕ ਬਰਾਂਡਰ ਮੈਥੀਉ਼ਜ਼ (Brander Mathews) ਵੀ ਅੰਗਰੇਜ਼ੀ ਆਲੋਚਕ

ਹਡਸਨ ਵਾਂਗ ਪ੍ਰਭਾਵ ਦੀ ਏਕਤਾ 'ਤੇ ਜ਼ੋਰ ਦਿੰਦਾ ਹੋਇਆ ਲਿਖਦਾ ਹੈ; ''ਕਹਾਣੀ ਵਿਚ ਪ੍ਰਭਾਵ ਦੀ ਏਕਤਾ ਹੋਣੀ ਚਾਹੀਦੀ ਹੈ, ਪ੍ਰਭਾਵ ਦੀ ਏਕਤਾ ਉਹ ਤੱਤ ਹੈ, ਜਿਹੜਾ ਕਹਾਣੀ ਨੂੰ ਨਾਵਲ ਤੋਂ ਅੱਡ ਕਰਦਾ ਹੈ।'' ਰੂਸੀ ਲੇਖਕ ਟਾਲਸਟਾਇ 'ਵਿਸ਼ੇ ਦੀ ਏਕਤਾ' ਉਤੇ ਬਲ ਦਿੰਦਾ ਹੋਇਆ ਕਹਿੰਦਾ ਹੈ; ''ਇਕ ਗਲਪਕਾਰ ਨੂੰ ਜੀਵਨ ਦੇ ਚੰਗੇ ਮੰਦੇ ਦੀ ਸਪੱਸ਼ਟ ਸੂਝ ਤੇ ਪੱਕੀ ਪਰਖ ਹੋਣੀ ਚਾਹੀਦੀ ਹੈ। ਉਸ ਨੂੰ ਪਾਤਰਾਂ ਤੇ ਅਵਸਥਾ ਜਾਂ ਕਾਰਜ ਦੀ ਏਕਤਾ ਰੱਖਣ ਦੀ ਥਾਂ ਆਪਣੇ ਆਚਰਣਕ ਵਤੀਰੇ ਨਾਲ ਵਿਸ਼ੇ ਦੀ ਏਕਤਾ ਰੱਖਣੀ ਵਧੇਰੇ ਲੋੜੀਂਦੀ ਹੈ।''

ਕਹਾਣੀ ਦੇ ਸਰੂਪ ਸਬੰਧੀ ਪੱਛਮੀ ਵਿਦਵਾਨਾਂ ਦੀਆਂ ਉਪਰੋਤਕ ਪਰਿਭਾਸ਼ਾਵਾਂ ਤੋਂ ਜੋ ਕਹਾਣੀ ਦੇ ਸ਼੍ਰੇਸ਼ਟ ਸਰੀਰ ਦੀ ਉਤਪਤੀ ਹੋਈ, ਅੱਜ ਉਸ ਦੀ ਪ੍ਰਧਾਨਤਾ ਤਕਰੀਬਨ ਸਾਰੇ ਸੰਸਾਰ ਵਿਚ ਹੋ ਚੁੱਕੀ ਹੈ। ਸਾਹਿਤ ਦੇ ਆਲੋਚਕ ਇਹ ਮੰਨਦੇ ਹਨ ਕਿ ਕੁਝ ਦੂਜੀਆਂ ਸਾਹਿਤਕ ਵਿਧਾਵਾਂ ਵਾਂਗ ਆਧੁਨਿਕ ਪੰਜਾਬੀ ਕਹਾਣੀ ਨੇ ਵੀ ਪੱਛਮੀ ਸਾਹਿਤ ਦੇ ਪ੍ਰਭਾਵ ਨੂੰ ਕਬੂਲਿਆ ਹੈ। ਇਸ ਤਰ੍ਹਾਂ ਨਿੱਕੀ ਕਹਾਣੀ ਦਾ ਸਰੂਪ ਪੱਛਮੀ ਸਾਹਿਤ ਸਕੂਲ ਅਤੇ ਪੂਰਬੀ ਸਾਹਿਤਕ ਸਕੂਲ ਦੇ ਸਿਧਾਂਤਾਂ ਦੀ ਸਾਂਝ ਅਤੇ ਕੁਝ ਵਖਰੇਵੇਂ ਨਾਲ ਵਧੇਰੇ ਉਭਰ ਕੇ ਸਾਹਮਣੇ ਆਇਆ ਮੰਨਿਆਂ ਜਾਂਦਾ ਹੈ।

**ਭਾਰਤੀ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ**

ਦੇਵੀ-ਦੇਵਤਿਆਂ ਦੀਆਂ ਸ਼ਰਧਾ ਕਹਾਣੀਆਂ, ਰਾਜੇ-ਰਾਣੀਆਂ ਦੇ ਕਾਰਨਾਮੇ, ਪੰਚਤੰਤਰ ਦੀਆਂ ਕਹਾਣੀਆਂ ਆਦਿ ਭਾਰਤ ਦੀ ਸੰਸਿਤੀ ਦਾ ਹਿੱਸਾ ਹਨ। ਕਹਾਣੀ ਦੀ ਪ੍ਰੰਪਰਾ ਕਾਫੀ ਪੁਰਾਣੀ ਹੋਣ ਦੇ ਬਾਵਜੂਦ ਸਹੀ ਅਰਥਾਂ ਵਿਚ ਨਿੱਕੀ ਕਹਾਣੀ ਆਧੁਨਿਕ ਸਮੇਂ ਦੀ ਦੇਣ ਹੈ ਅਤੇ ਇਸ 'ਤੇ ਪੱਛਮੀ ਸਾਹਿਤ ਦਾ ਪ੍ਰਭਾਵ ਵੀ ਪਿਆ ਹੈ। ਸ੍ਰੀ ਹਿਮਾਯੂੰ ਕਬੀਰ ਦੇ ਸ਼ਬਦਾਂ ਅਨੁਸਾਰ; ''ਭਾਰਤੀ ਕਹਾਣੀ 'ਤੇ ਸਭ ਤੋਂ ਪਹਿਲਾਂ ਪ੍ਰਭਾਵ ਸਰ ਵਾਲਟਰ ਸਕਾਟ ਦਾ ਪਿਆ ਹੈ। ਸਕਾਟ ਨੇ ਨਾ ਸਿਰਫ਼ ਭਾਰਤੀ ਨਾਵਲ ਨੂੰ ਹੀ ਪ੍ਰਭਾਵਤ ਕੀਤਾ, ਸਗੋਂ ਕਹਾਣੀ ਨੂੰ ਛੋਟੇ ਨਾਵਲ ਦੇ ਨਮੂਨੇ 'ਚੋਂ ਕੱਢਿਆ। ਉਸ ਸਮੇਂ ਨਾਵਲ ਤੇ ਕਹਾਣੀ ਵਿਚ ਬਹੁਤ ਅੰਤਰ ਜਾਂ ਭੇਦ ਨਹੀਂ ਸੀ ਸਮਝਿਆ ਜਾਂਦਾ। ਛੋਟੀ ਕਹਾਣੀ ਹਾਲੀਂ ਪ੍ਰਤੱਖ ਸਾਹਿਤ ਰੂਪ ਦੀ ਮਾਲਕ ਨਹੀਂ ਸੀ ਬਣੀ।''

ਡਾ. ਰਾਧਾ ਕ੍ਰਿਸ਼ਨ ਨੇ ਵੀ ਭਾਰਤੀ ਸਾਹਿਤ 'ਤੇ ਪਏ ਵਿਦੇਸ਼ੀ ਪ੍ਰਭਾਵ ਨੂੰ ਕਬੂਲਿਆ ਹੈ। ਉਨ੍ਹਾਂ ਦੇ ਸ਼ਬਦਾਂ ਅਨੁਸਾਰ; ''ਸਾਡਾ ਦੇਸ਼ ਬਾਹਰੋਂ ਆਏ ਪ੍ਰਭਾਵਾਂ ਜਾਂ ਖਿਆਲਾਂ ਨੂੰ ਅਨੁਭਵ ਕਰਨੋਂ ਕਦੀ ਵੀ ਪਿੱਛੇ ਨਹੀਂ ਰਿਹਾ, ਪ੍ਰੰਤੂ ਇਨ੍ਹਾਂ ਸਭ ਖਿਆਲਾਂ ਨੂੰ ਇਹ ਇਕ ਵਿਸ਼ੇਸ਼ ਰੰਗ ਅਵੱਸ਼ ਦਿੰਦਾ ਹੈ ਅਤੇ ਉਨ੍ਹਾਂ ਵਿਚਾਰਾਂ 'ਤੇ ਇਸ ਦੀ ਇਕ ਨਿੱਜੀ ਛਾਪ ਅਵੱਸ਼ ਹੁੰਦੀ ਹੈ। ਇਹ ਕਥਨ ਭਾਰਤੀ ਕਹਾਣੀ 'ਤੇ ਵੀ ਠੀਕ ਢੁਕਦਾ ਹੈ। ਭਾਰਤੀ ਕਹਾਣੀ ਸਾਹਿਤ ਨੇ ਬੇਸ਼ੱਕ ਬਾਹਰਲਾ ਅਸਰ ਕਬੂਲ ਕੀਤਾ, ਪ੍ਰੰਤੂ ਉਸ ਵਿਚ ਇਸ ਦੇਸ਼ ਦੀ ਮਿੱਟੀ ਦੀ ਸੁਗੰਧੀ ਵੀ ਆਉਦੀ ਹੈ।''

ਕਹਾਣੀ ਦੀ ਪਰਿਭਾਸ਼ਾ ਸਬੰਧੀ ਹਿੰਦੀ ਜਗਤ ਪ੍ਰਸਿੱਧ ਨਾਵਲਕਾਰ ਤੇ ਕਹਾਣੀਕਾਰ ਮੁਨਸ਼ੀ ਪ੍ਰੇਮ ਚੰਦ ਨੇ ਕਿਹਾ ਹੈ; ''ਕਹਾਣੀ ਇਕ ਅਜਿਹੀ ਕਵਿਤਾ ਹੈ, ਜਿਸ ਵਿਚ ਜੀਵਨ ਦੇ ਇਕ ਅੰਗ ਜਾਂ ਭਾਵ ਦਾ ਪ੍ਰਦਰਸ਼ਨ ਹੁੰਦਾ ਹੈ।'' ਉਨ੍ਹਾਂ ਅਨੁਸਾਰ 'ਕਹਾਣੀ' ਦਾ ਪਹਿਲਾ ਫਿਕਰਾ ਹੀ ਮਨ ਨੂੰ ਮੋਹ ਲਵੇ ਅਤੇ ਅੰਤ ਤੀਕ ਉਸ ਨੂੰ ਮੋਹਿਆ ਰੱਖਣ ਦੇ ਨਾਲ-ਨਾਲ ਉਸ ਵਿਚ ਚਟਪਟਾ ਵੀ ਹੋਵੇ, ਕੁਝ ਤਾਜ਼ਗੀ ਹੋਵੇ, ਕੁਝ ਵਿਕਾਸ ਹੋਵੇ, ਉਸ ਦੇ ਨਾਲੋ ਨਾਲ ਕੁਝ ਤੱਤ ਵੀ ਹੋਵੇ। ਸਭ ਤੋਂ ਵਧੀਆ ਕਹਾਣੀ ਉਹ ਹੁੰਦੀ ਹੈ, ਜਿਸ ਦਾ ਆਧਾਰ ਕੋਈ ਮਨੋਵਿਗਿਆਨਕ ਸਚਾਈ ਹੋਵੇ, ਕਿਉਕਿ ਅਜੋਕੀ ਕਹਾਣੀ ਮਨੋਵਿਗਿਆਨਕ ਵਿਸ਼ਲੇਸ਼ਣ ਅਤੇ ਜ਼ਿੰਦਗੀ ਦੇ ਬਹੁਤ ਨੇੜੇ ਆ ਗਈ ਹੈ। ਉਸ ਅਨੁਸਾਰ; ''ਮਨੋਵਿਗਿਆਨਕ ਸਤਿ ਦੇ ਆਧਾਰ 'ਤੇ ਲਿਖੀ ਕਹਾਣੀ ਸਭ ਤੋਂ ਉੱਤਮ ਹੁੰਦੀ ਹੈ।''

ਡਾ. ਜਗਨਨਾਥ ਪ੍ਰਸਾਦ ਅਨੁਸਾਰ; ''ਕਹਾਣੀ ਜੀਵਨ ਸੁੰਦਰਤਾ ਦੇ ਇਕ ਅੰਗ ਦਾ ਰਸਪੂਰਨ ਵਰਣਨ ਹੈ।''

ਡਾ. ਪ੍ਰਸਾਦ ਇਕ ਛਾਇਆਵਾਦੀ ਕਵੀ ਹੋਣ ਕਰਕੇ ਸੁੰਦਰਤਾ ਨੂੰ ਖ਼ਾਸ ਮਹੱਤਵ ਦਿੰਦੇ ਹਨ। ਡਾ. ਗਿਆਨ ਚੰਦ ਸ਼ਰਮਾ ਅਨੁਸਾਰ; ''ਕਹਾਣੀ ਲੇਖਕ ਤੇ ਪਾਠਕ ਦਰਮਿਆਨ ਬੋਧਾਤਮਕ ਪੱਧਰ 'ਤੇ ਸਬੰਧ ਸੂਤਰ ਸਥਾਪਤ ਕਰਨ ਵਾਲੀ ਵਿਧਾ ਹੈ।''

ਕ੍ਰਿਸ਼ਨਾਨੰਦ ਪੰਤ ਆਪਣੀ ਪੁਸਤਕ 'ਆਲੋਚਨਾ ਕੇ ਸਿਧਾਂਤ' ਵਿਚ 'ਕਹਾਨੀ ਔਰ ਇਕਾਂਗੀ ਨਾਟਕੋਂ ਕੇ ਲਕਸ਼ਣ' ਵਿਚ ਇਸ ਵਿਧਾ ਸਬੰਧੀ ਆਪਣਾ ਮੱਤ ਪੇਸ਼ ਕਰਦਾ ਹੋਇਆ ਕਹਿੰਦਾ ਹੈ; ''ਕਹਾਨੀ ਮੇਂ ਏਕ ਭਾਵ, ਏਕ ਘਟਨਾ, ਏਕ ਸਥਾਨ ਔਰ ਏਕ ਚਿੱਤਰ ਹੋਨਾ ਚਾਹੀਏ।'' ਹਿੰਦੀ ਦਾ ਪ੍ਰਸਿੱਧ ਵਿਦਵਾਨ ਡਾ. ਕਮਲੇਸ਼ਵਰ 'ਨਈ ਕਹਾਨੀ ਕੀ ਭੂਮਿਕਾ' ਵਿਚ ਕਹਾਣੀ ਵਿਧਾ ਸਬੰਧੀ ਆਪਣਾ ਮੱਤ ਪ੍ਰਗਟ ਕਰਦਾ ਹੋਇਆ ਲਿਖਦਾ ਹੈ; ''ਕਹਾਣੀ ਹੁਣ ਆਪੇ ਵਿਚ ਇਕ ਪੂਰੀ ਹੋਂਦ ਹੈ। ਉਹ ਨਾ ਜੀਵਨ ਦਾ ਵਿਸ਼ਲੇਸ਼ਣ ਹੈ ਅਤੇ ਨਾ ਹੀ ਸਮੱਸਿਆਵਾਂ ਦਾ ਸੰਚਾਰਨ ਅਤੇ ਨਾ ਗੁੱਝੇ ਭੇਦ ਦੀ ਖੋਜ ਹੈ। ਉਹ ਆਪਣੇ ਪੂਰੇ ਜਾਂ ਅਧੂਰੇ ਵਸਤੂਗਤ ਜਾਂ ਭਾਵ ਸਭ ਦਾ ਸਾਖਿਆਤਕਾਰ ਰੂਪ ਹੈ। ਕਹਾਣੀ ਝੂਠ ਵਿਚੋਂ ਨਾ ਹੋ ਕੇ ਸਚਾਈ ਦੇ ਪ੍ਰਮਾਣ ਵਿਚੋਂ ਲੰਘਣ ਦੀ ਅਨੁਭਵ ਯੁਕਤ ਪ੍ਰਕਿਰਿਆ ਹੈ।'

ਕਹਾਣੀ ਵਿਧਾ ਵਿਚ ਹੋਏ ਵਿਕਾਸ ਅਤੇ ਪਰਿਵਰਤਨਾਂ ਦੀ ਸਮੀਖਿਆ ਕਰਦਾ ਹੋਇਆ ਹਿੰਦੀ ਦਾ ਵਿਦਵਾਨ ਸ੍ਰੀ ਸੁਰੇਂਦ੍ਰ ਅਰਥ ਸਪੱਸ਼ਟ ਕਰਦਾ ਹੋਇਆ ਕਹਿੰਦਾ ਹੈ; ''ਇਕ ਸਮਾਂ ਸੀ ਜਦ ਕਹਾਣੀ ਜੀਵਨ ਦੀ ਵਿਆਖਿਆ ਮੰਨਿਆ ਜਾਂਦਾ ਸੀ, ਪਰ ਅੱਜ ਕਹਾਣੀ ਜੀਵਨ ਦੀ ਵਿਆਖਿਆ ਨਹੀਂ, ਉਹ ਆਪ ਜੀਵਨ ਹੈ। ਜੀਵਨ ਦੇ ਸੰਦਰਭ ਪ੍ਰਕਰਨ ਦੀ ਇਕ ਕਹਾਣੀ ਹੈ ਅਤੇ ਜੀਵਨ ਦੇ ਸਾਰੇ ਪ੍ਰਕਰਨ ਉਸ ਵਿਚ ਬਣ ਖੁੱਲ੍ਹ ਰਹੇ ਹਨ।'' ਇਸੇ ਪ੍ਰਸੰਗ ਵਿਚ ਉਹ ਅੱਗੇ ਚੱਲ ਕੇ ਲਿਖਦਾ ਹੈ; ''ਪ੍ਰੇਰਨਾ, ਮਾਧਿਅਮ ਅਤੇ ਪ੍ਰਭਾਵ ਤਿੰਨਾਂ ਦੀ ਦ੍ਰਿਸ਼ਟੀ ਨਾਲ ਜੇਕਰ ਦੇਖੀਏ ਤਾਂ ਕਹਾਣੀ ਹੀ ਇਕ ਅਜਿਹੀ ਵਿਧਾ ਲੱਗਦੀ ਹੈ, ਜਿਹੜੀ ਜੀਵਨ ਤੋਂ ਪ੍ਰੇਰਨਾ ਲੈ ਕੇ ਕਥਨ ਦੇ ਸੰਖੇਪ ਮਾਧਿਅਮ ਦੁਆਰਾ ਜੀਵਨ 'ਤੇ ਪ੍ਰਭਾਵ ਪਾਉਦੀ ਹੈ।''

ਨਵੀਂ ਅਤੇ ਪੁਰਾਣੀ ਕਹਾਣੀ ਦਾ ਤੁਲਨਾਤਮਕ ਅਧਿਐਨ ਕਰਦਿਆਂ ਹੋਇਆਂ ਹਿੰਦੀ ਦਾ ਕਹਾਣੀਕਾਰ ਮੋਹਨ ਰਾਕੇਸ਼, ਸ੍ਰੀ ਸੁਰੇਂਦ੍ਰ ਦੀਆਂ ਉਪਰੋਕਤ ਧਾਰਨਾਵਾਂ ਨਾਲ ਇਕ ਸੰਵਾਦ ਰਚਾਉਂਦੇ ਹੋਏ ਲਿਖਦਾ ਹੈ; ''ਨਵੀਂ ਕਹਾਣੀ ਪੁਰਾਣੀ ਕਹਾਣੀ ਦਾ ਨਵਾਂ ਰੂਪ ਨਹੀਂ, ਸਗੋਂ ਇਹ ਵਾਰਤਕ ਕਥਾ ਦਾ ਇਕ ਖੇਤਰ ਹੈ, ਜਿਸ ਵਿਚ ਯੁੱਗ ਦੀਆਂ ਸਾਰੀਆਂ ਵਸਤੂਪੂਰਕ ਅਤੇ ਕਾਵਿ ਅਨੁਭਵਾਂ ਨੂੰ ਲੈ ਕੇ ਰਚਨਾ ਸਬੰਧੀ ਪ੍ਰਯੋਗ ਕੀਤੇ ਜਾ ਸਕਦੇ ਹਨ ਅਤੇ ਕੀਤੇ ਜਾ ਰਹੇ ਹਨ।''

ਰਾਜੇਂਦ੍ਰ ਯਾਦਵ ਨਵੀਂ ਅਤੇ ਪੁਰਾਣੀ ਕਹਾਣੀ ਸਬੰਧੀ ਚਰਚਾ ਕਰਦਿਆਂ ਆਪਣਾ ਮੱਤ ਇਨ੍ਹਾਂ ਸ਼ਬਦਾਂ ਰਾਹੀਂ ਪੇਸ਼ ਕਰਦਾ ਹੈ; ''ਪਹਿਲੀ ਅਤੇ ਅੱਜ ਦੀ ਕਹਾਣੀ ਸਬੰਧੀ ਕਲਪਨਾਵਾਂ ਦੋ ਵਿਰੋਧੀ ਧਾਰਨਾਵਾਂ 'ਤੇ ਟਿਕੀਆਂ ਹੋਈਆਂ ਹਨ। ਪਹਿਲੀ ਕਹਾਣੀ ਜੇਕਰ ਆਦਰਸ਼ਵਾਦੀ ਭੂਮੀ 'ਤੇ ਟਿਕੀ ਹੈ ਤਾਂ ਅੱਜ ਦੀ ਕਹਾਣੀ ਯਥਾਰਥਵਾਦੀ ਪੱਧਰ 'ਤੇ ਹੈ।''

ਉਪਰੋਕਤ ਧਾਰਨਾਵਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਸਾਹਿਤ ਦੇ ਹੋਰ ਰੂਪਾਂ ਦੇ ਮੁਕਾਬਲੇ ਛੋਟੀ ਕਹਾਣੀ ਹਿੰਦੀ ਸਾਹਿਤ ਵਿਚ ਵੀ ਇਕ ਅਜਿਹੀ ਵਿਧਾ ਹੈ, ਜਿਸ ਵਿਚ ਜੀਵਨ ਦੇ ਯਥਾਰਥ ਅਤੇ ਪ੍ਰਾਪਤ ਜੀਵਨ ਦਰਸ਼ਨ ਨੂੰ ਸਹੀ ਅਤੇ ਠੀਕ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ।

**ਪੰਜਾਬੀ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ**

ਨਿੱਕੀ ਕਹਾਣੀ ਦੀ ਕੋਈ ਇਕ ਨਿਸ਼ਚਿਤ ਪਰਿਭਾਸ਼ਾ ਦੇਣੀ ਤਾਂ ਬਹੁਤ ਮੁਸ਼ਕਿਲ ਹੈ ਪਰ ਫਿਰ ਵੀ ਪੰਜਾਬੀ ਦੇ ਕੁਝ ਲੇਖਕਾਂ ਅਤੇ ਆਲੋਚਕਾਂ ਨੇ ਕਿਹਾ ਹੈ ਕਿ ਜਦੋਂ ਕਹਾਣੀਕਾਰ ਦੇ ਮਨ ਅੰਦਰ ਕੋਈ ਕਹਾਣੀ ਜਦੋਂ ਉਮੜਦੀ ਜਾਂ ਪਲਰਦੀ ਹੈ ਤਾਂ ਉਸ ਕੋਲੋਂ ਧੱਕੇ ਨਾਲ ਇਹ ਕਾਰਜ ਕਰ ਵਿਖਾਂਦੀ ਹੈ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਨੁਸਾਰ; ''ਕਹਾਣੀ ਕਰਤਾ ਦੀ ਕਲਪਨਾ ਅੰਦਰ ਇਕ ਹਲਚਲ ਜਿਹੀ ਮਚਾ ਦਿੰਦੀ ਹੈ। ਬਾਹਰ ਆਉਣਾ ਲੋੜਦੀ ਹੈ ਅਤੇ ਲਖੀਣ ਲਈ ਕਸ਼ਮਕਸ਼ ਕਰਦੀ ਹੈ।'' ਅੰਮ੍ਰਿਤਾ ਪ੍ਰੀਤਮ ਅਨੁਸਾਰ; ''ਕਵਿਤਾ ਉਠਦੀਆਂ ਧੁੰਦਾਂ ਵਾਕੁਰ ਇਕ ਦਮ ਉਠ ਖਲੋਂਦੀ ਹੈ, ਭਾਵੇਂ ਸਾਵਣ ਦੀ ਬੱਦਲੀ ਵਾਂਗ ਚੜ੍ਹਦੀ ਕਿਤੋਂ ਤੇ ਵਰ੍ਹਦੀ ਕਿਤੇ ਹੈ... ਤੇ ਕਹਾਣੀ ਖਜੂਰ ਵਾਂਗ ਹੌਲੇ-ਹੌਲੇ ਪਕਦੀ ਹੈ।'

ਸੰਤ ਸਿੰਘ ਸੇਖੋਂ ਨੇ ਆਪਣੀ ਪੁਸਤਕ 'ਝੂਠੀਆਂ-ਸੱਚੀਆਂ' ਦੀ ਭੂਮਿਕਾ ਵਿਚ ਨਿੱਕੀ ਕਹਾਣੀ ਬਾਰੇ ਆਪਣੀਆਂ ਕੁਝ ਧਾਰਨਾਵਾਂ ਨੂੰ ਸਪੱਸ਼ਟ ਕੀਤਾ ਹੈ। ਸੰਤ ਸਿੰਘ ਸੇਖੋਂ ਦੇ ਸ਼ਬਦਾਂ ਵਿਚ; ''ਕਹਾਣੀ ਵਿਚ ਇਕ ਤਿੱਖੀ ਚੁੰਝ ਹੋਣੀ ਚਾਹੀਦੀ ਹੈ। ਇਕ ਸੰਗੀਨ ਦੀ ਚੁੰਝ ਵਰਗੀ, ਇਕ ਤੀਰ ਦੀ ਚੁੰਝ ਵਰਗੀ ਜੋ ਸਿੱਧੀ ਸੁਣਨ ਪੜ੍ਹਨ ਵਾਲਿਆਂ ਦੇ ਦਿਲਾਂ ਵਿਚ ਖੁਭ ਜਾਵੇ।'' ਸੇਖੋਂ ਕਹਾਣੀ ਬਾਰੇ ਅੱਗੇ ਹੋਰ ਸਪੱਸ਼ਟ ਕਰਦਾ ਹੋਇਆ ਕਹਿੰਦਾ ਹੈ; ''ਸਾਧਾਰਣ ਮਨੁੱਖ ਦੀ ਸਾਧਾਰਣ ਘਟਨਾ ਛੋਟੀ ਕਹਾਣੀ ਦਾ ਵਿਸ਼ਾ ਵਸਤੂ ਹੈ। ਸਾਧਾਰਣ ਮਨੁੱਖ ਤਾਂ ਨਾਵਲ ਵਿਚ ਵੀ ਹੁੰਦਾ ਹੈ, ਪਰ ਜਿੱਥੇ ਨਾਵਲ ਸਾਧਾਰਣ ਮਨੁੱਖ ਨੂੰ ਆਪਣਾ ਨਾਇਕ ਬਣਾ ਕੇ ਅਸਾਧਾਰਣ ਮਹੱਤਤਾ ਦੇ ਦਿੰਦਾ ਹੈ, ਉਥੇ ਛੋਟੀ ਕਹਾਣੀ ਇਕ ਅਜਿਹਾ ਰੂਪ ਹੈ ਜੋ ਉਸ ਦੀ ਸਾਧਾਰਣਤਾ ਨੂੰ ਬਰਕਰਾਰ ਰੱਖਦੀ ਹੈ। ਸਾਧਾਰਣ ਮਨੁੱਖ ਦੀ ਸਾਧਾਰਣਤਾ ਨੂੰ ਛੋਟੀ ਕਹਾਣੀ ਇਸ ਤਰ੍ਹਾਂ ਬਰਕਰਾਰ ਰੱਖਦੀ ਹੈ ਕਿ ਉਹ ਉਸ ਦੇ ਸਮੁੱਚੇ ਜੀਵਨ ਵਿਚ ਕੋਈ ਮਹਾਨ ਅਰਥ ਨਹੀਂ ਭਰਦੀ।'' ਆਪਣੀ ਪੁਸਤਕ 'ਸਮਾਚਾਰ' ਵਿਚ ਸੇਖੋਂ ਨੇ ਕਹਾਣੀ ਵਿਚ ਯੂਨਾਨੀ ਨਾਟਕ ਦੀਆਂ ਏਕਤਾਵਾਂ 'ਤੇ ਬਲ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ''ਆਧੁਨਿਕ ਛੋਟੀ ਕਹਾਣੀ ਆਪਣੇ ਸ਼ੁੱਧ ਰੂਪ ਵਿਚ ਯੂਨਾਨੀ ਨਾਟਕ ਵਾਂਗ ਇਕ ਇਕਾਗਰ ਜਿਹੀ ਵਸਤੂ ਹੈ, ਜਿਸ ਵਿਚ ਸਥਾਨ, ਸਮੇਂ ਦੇ ਕਾਰਜ ਦੀਆਂ ਏਕਤਾਵਾਂ ਨੂੰ ਮੁੱਖ ਰੱਖਦੇ ਹੋਏ, ਕਿਸੇ ਅਰਥ ਭਰਪੂਰ ਭਾਵਮਈ ਅਥਵਾ ਸਾਪ੍ਰਤੱਖ ਘਟਨਾ ਦਾ ਸੰਖੇਪ ਵਰਣਨ ਗੱਦ ਰੂਪ ਵਿਚ ਹੁੰਦਾ ਹੈ।'' ਪਰ ਡਾ. ਬਲਬੀਰ ਸਿੰਘ ਦਿਲ, ਸੰਤ ਸਿੰਘ ਸੇਖੋਂ ਦੀ ਉਪਰੋਕਤ ਧਾਰਨਾ ਨਾਲ ਸਹਿਮਤ ਨਹੀਂ ਅਤੇ ਉਹ ਸੇਖੋਂ ਦੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਕਰਦੇ ਹੋਏ ਉਸ ਦੇ ਵਿਚਾਰਾਂ ਨੂੰ ਚੁਣੌਤੀ ਦਿੰਦੇ ਹਨ। ਡਾ. ਬਲਬੀਰ ਸਿੰਘ ਦਿਲ ਦੇ ਸ਼ਬਦਾਂ ਵਿਚ; ''ਸੇਖੋਂ ਆਧੁਨਿਕ ਨਿੱਕੀ ਕਹਾਣੀ ਨੂੰ ਯੂਨਾਨੀ ਨਾਟਕਾਂ ਵਾਂਗ ਸਮੇਂ, ਸਥਾਨ ਅਤੇ ਕਾਰਜ ਦੀਆਂ ਏਕਤਾਵਾਂ ਵਿਚ ਬੱਝੀ ਇਕ ਇਕਾਗਰ ਜਿਹੀ ਵਸਤੂ ਸਮਝਦਾ ਹੈ, ਬੇਸ਼ੱਕ ਉਸ ਦੀਆਂ ਆਪਣੀਆਂ ਕਈ ਕਹਾਣੀਆਂ ਇਸ ਕਸਵੱਟੀ 'ਤੇ ਪੂਰੀਆਂ ਨਹੀਂ ਉਤਰਦੀਆਂ। ਪ੍ਰੋ. ਪਿਆਰਾ ਸਿੰਘ ਘਟਨਾਵਾਂ 'ਤੇ ਜ਼ੋਰ ਦਿੰਦਾ ਲਿਖਦਾ ਹੈ; ''ਮਨੁੱਖੀ ਜੀਵਨ ਦੀਆਂ ਬਾਹਰਮੁਖੀ ਘਟਨਾਵਾਂ ਜਾਂ ਮਨੁੱਖੀ ਮਨ ਦੀਆਂ ਅੰਤਰੀਵ ਭਾਵਨਾਵਾਂ ਦੋਹਾਂ ਦੇ ਸਬੰਧ ਵਿਚ ਹੀ ਕਹਾਣੀ ਦਾ ਕਾਰਜ ਇਕ ਝਲਕਾਰੇ ਨਾਲ ਸੰਕੇਤਕ ਰੂਪ ਵਿਚ ਕੋਈ ਸੁਝਾਉ ਦੇ ਜਾਣਾ ਹੁੰਦਾ ਹੈ।''

ਨਿੱਕੀ ਕਹਾਣੀ ਬਾਰੇ ਸੁਜਾਨ ਸਿੰਘ ਵੱਲੋਂ ਦਿੱਤੀ ਪਰਿਭਾਸ਼ਾ ਬੜੀ ਮੁੱਲਵਾਨ ਹੈ, ਕਹਾਣੀ ਬਾਰੇ 'ਦੁੱਖ-ਸੁੱਖ' ਦੀ ਭੂਮਿਕਾ ਵਿਚ ਸੁਜਾਨ ਸਿੰਘ ਲਿਖਦਾ ਹੈ; ''ਕਹਾਣੀ ਇਕ ਐਸੀ ਸਪੈਸ਼ਲ ਗੱਡੀ ਹੈ, ਜਿਸ ਨੇ ਮਿੰਟਾਂ ਵਿਚ ਨਿਯਤ ਸਟੇਸ਼ਨ ਤੋਂ ਕਿਸੇ ਨਿਯਤ ਸਟੇਸ਼ਨ ਵੱਲ ਦੌੜਨਾ ਹੁੰਦਾ ਹੈ। ਚਾਲ ਪੈਰੋਂ ਪੈਰ ਵਧਦੀ ਜਾਂਦੀ ਹੈ ਤੇ ਇਸ ਨੂੰ ਚਲਾਉਣ ਵਾਲਾ ਨੱਠੇ ਜਾਂਦੇ ਦਰੱਖਤਾਂ, ਛੱਪੜਾਂ, ਖੰਭਿਆਂ, ਪਿੰਡਾਂ, ਖੇਤਾਂ, ਆਦਿ ਨੂੰ ਇਕ ਨਜ਼ਰ ਹੀ ਵੇਖ ਸਕਦਾ ਹੈ, ਕਿਉਂਕਿ ਉਸ ਦੀ ਨਜ਼ਰ ਕਰੀਬ ਪਹੁੰਚ ਕੇ ਉਹ ਗੱਡੀ ਰੁਕ ਜਾਂਦੀ ਹੈ ਤੇ ਇਕ ਕਦਮ ਅੱਗੇ ਨਹੀਂ ਤੁਰ ਸਕਦੀ।'' ਡਾ. ਕਰਨੈਲ ਸਿੰਘ ਥਿੰਦ ਪੰਜਾਬੀ ਕਹਾਣੀ ਦੀ ਪਰਿਭਾਸ਼ਾ ਨੂੰ ਲੋਕਯਾਨ ਦੇ ਸੰਦਰਭ ਵਿਚ ਪੇਸ਼ ਕਰਕੇ ਲੋਕ ਕਹਾਣੀ ਦੀ ਪ੍ਰਕਿਰਤੀ ਨੂੰ ਸਮਝਾਉਂਦਾ ਹੈ। ਉਸ ਮੁਤਾਬਕ; ''ਪ੍ਰੰਪਰਾਗਤ ਅੰਸ਼ਾਂ ਨਾਲ ਭਰਪੂਰ ਅਜਿਹਾ ਬਿਰਤਾਂਤ ਲੋਕ-ਸਮੂਹ ਦੀ ਪ੍ਰਵਾਨਗੀ ਲੈ ਕੇ ਪੀੜ੍ਹੀਓਂ-ਪੀੜ੍ਹੀ ਅੱਗੇ ਚਲਦਾ ਆਉਂਦਾ ਹੈ। ਇਹ ਕਹਾਣੀਆਂ ਵਧੇਰੇ ਕਰਕੇ ਗੱਦ ਵਿਚ ਹੁੰਦੀਆਂ ਹਨ, ਪਰ ਪਦ ਵਿਚ ਵੀ ਮਿਲਦੀਆਂ ਹਨ। ਇਨ੍ਹਾਂ ਕਹਾਣੀਆਂ ਦੇ ਨਿਰਮਾਣ ਵਿਚ ਅਥਾਹ ਕਲਪਨਾ ਅਤੇ ਅਦਭੁਤ ਗੋਂਦ ਤੋਂ ਛੁਟ ਲੋਕ ਮਾਨਸ ਦੀ ਅਭਿਵਿਅਕਤੀ, ਕਥਾਨਕ ਰੂੜ੍ਹੀਆਂ ਅਤੇ ਉਪਯੋਗੀ ਦ੍ਰਿਸ਼ਟੀ ਦਾ ਹੱਥ ਹੁੰਦਾ ਹੈ।'' ਜਦਕਿ ਡਾ. ਜਗਦੀਸ਼ ਕੌਰ ਲੋਕ ਕਹਾਣੀ ਵਿਚ ਬਿਰਤਾਂਤਕ ਲੱਛਣ ਹੋਣ ਦੇ ਨਾਲ ਤੱਤਾਂ ਵੱਲ ਧਿਆਨ ਦਿੰਦੀ

ਹੋਈ ਕਹਿੰਦੀ ਹੈ; "ਲੋਕਧਾਰਾ ਦੇ ਮੌਖਿਕ ਪ੍ਰਗਟਾਅ ਰੂਪਾਂ ਵਿਚੋਂ ਲੋਕ-ਕਹਾਣੀ ਆਪਣੇ ਬਿਰਤਾਂਤਕ ਸੁਭਾਅ ਕਾਰਨ ਹੀ ਨਹੀਂ ਸਗੋਂ ਵਿਲੱਖਣ ਗਿਆਨਾਤਮਕ, ਸੁਹਜਾਤਮਕ, ਦਾਰਸ਼ਨਿਕ ਅਤੇ ਵਿਸ਼ੇਸ਼ ਸੱਭਿਆਚਾਰ ਵਿਚ ਸੰਤੁਲਨ ਅਤੇ ਨਿਰੰਤਰਤਾ ਸਥਾਪਤ ਰੱਖਣ, ਸਮਾਜੀਕਰਨ ਆਦਿ ਦੀਆਂ ਭੂਮਿਕਾਵਾਂ ਨਿਭਾਉਣ ਕਾਰਨ ਵੀ ਮਹੱਤਵਪੂਰਨ ਹੈ।"

ਪ੍ਰਸਿੱਧ ਕਹਾਣੀਕਾਰ ਕਰਤਾਰ ਸਿੰਘ ਦੁੱਗਲ ਹੁਨਰੀ ਨਿੱਕੀ ਕਹਾਣੀ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦਾ ਲਿਖਦਾ ਹੈ; "ਨਿੱਕੀ ਕਹਾਣੀ ਬੇਸ਼ੱਕ ਕਿਸੇ ਘਟਨਾ ਦਾ ਬਿਆਨ ਹੁੰਦੀ ਹੈ। ਪਰ ਉਸ ਘਟਨਾ ਵਿਚ ਉਲੀਕੀ ਸਚਾਈ ਕਿਹੋ ਜਿਹੀ ਹੈ, ਇਹ ਕਹਾਣੀ ਦੀ ਪ੍ਰਤਿਭਾ ਉਸ ਦੇ ਸੱਭਿਆਚਾਰਕ ਪਿਛੋਕੜ, ਉਸ ਦੀ ਤਾਲੀਮ, ਉਸ ਦੇ ਹਾਵ-ਭਾਵ, ਉਸ ਦੀਆਂ ਰੁਚੀਆਂ 'ਤੇ ਨਿਰਭਰ ਕਰਦਾ ਹੈ। ਨਿੱਕੀ ਕਹਾਣੀ ਸਭ ਕਲਾਵਾਂ ਵਿਚੋਂ ਵਧੇਰੇ ਲੋਕਤੰਤਰਾਤਮਕ ਕਲਾ ਹੈ। ਨਿੱਕੀ ਕਹਾਣੀ ਬੇਸ਼ੱਕ ਅਕਸਰ ਇਕ ਕਿਆਸੀ ਵਾਰਤਾ ਹੁੰਦੀ ਹੈ ਪਰ ਇਸ ਵਿਚ ਕੋਈ ਵਿਸ਼ੇਸ਼ ਅਰਥ ਜ਼ਰੂਰ ਅੰਕਿਤ ਹੁੰਦਾ ਹੈ। ਇਹ ਵਾਰਤਾ ਮਨੋਰੰਜਕ ਵੀ ਹੁੰਦੀ ਹੈ ਤਾਂ ਜੋ ਪਾਠਕ ਨੂੰ ਬੰਨ੍ਹ ਸਕੇ। ਇਹ ਵਾਰਤਾ ਭਾਵਪੂਰਤ ਹੁੰਦੀ ਹੈ ਤਾਂ ਜੋ ਕੁਦਰਤ ਦੀ ਕਿਸੇ ਸਚਾਈ ਨੂੰ ਪ੍ਰਗਟ ਕਰ ਸਕੇ। ਮੈਨੂੰ ਤਾਂ ਕਿਸੇ ਸਚਾਈ ਦਾ ਵਿਸ਼ਵਾਸ ਉਦੋਂ ਹੁੰਦਾ ਹੈ ਜਦੋਂ ਮੈਂ ਉਸ ਨੂੰ ਕਿਸੇ ਕਲਾ ਕਿਰਤ ਵਿਚ ਨਿਰੂਪਿਆ ਹੋਇਆ ਵੇਖਦਾ ਹਾਂ। ਸੱਚੀ ਗੱਲ ਤਾਂ ਇਹ ਹੈ ਕਿ ਨਿੱਕੀ ਕਹਾਣੀ ਇਕ ਸਚਾਈ ਨੂੰ ਜਿਸ ਤੀਖਣਤਾ ਨਾਲ ਪੇਸ਼ ਕਰਦੀ ਹੈ, ਨਾਵਲ ਆਪਣੇ ਵਿਸ਼ਾਲ ਘੇਰੇ ਨਾਲ ਨਹੀਂ ਕਰ ਸਕਦਾ।"

ਡਾ. ਸਵਿੰਦਰ ਸਿੰਘ ਉੱਪਲ ਨੇ ਕਹਾਣੀ ਦੀ ਵਿਧਾ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ; "ਕਲਾਤਮਕ ਨਵੀਨ ਨਿੱਕੀ ਕਹਾਣੀ ਗਲਪ ਦਾ ਇਕ ਉਹ ਨਵੀਨ ਰੂਪ ਹੈ ਜੋ ਕਲਾਤਮਕ ਗੋਂਦ ਰਾਹੀਂ ਕਿਸੇ ਇਕ ਮੁਖੀ ਘਟਨਾ ਜਾਂ ਇਕ ਮੁਖੀ ਪਾਤਰ ਦਾ ਨਾਟਕੀ ਬਿਆਨ, ਸੰਜਮਤਾ ਨਾਲ ਇਸ ਤਰ੍ਹਾਂ ਕਰਦੀ ਹੈ ਕਿ ਉਸ ਦਾ ਪ੍ਰਭਾਵ ਸੰਪੂਰਨ ਤੇ ਇਕਹਿਰਾ ਹੋ ਨਿਬੜਦਾ ਹੈ।" ਡਾ. ਉੱਪਲ ਆਪਣੇ ਸ਼ੋਧ-ਪ੍ਰਬੰਧ 'Punjabi Short Stories, Its origin and Development' ਵਿਚ ਕਹਾਣੀ ਦੀ ਸੰਪੂਰਨਤਾ ਪੇਸ਼ ਕਰਨ ਵਾਲੀ ਧਾਰਨਾ ਪੇਸ਼ ਕਰਦਾ ਹੈ, ਜਿਸ ਤੋਂ ਸਾਨੂੰ ਕਹਾਣੀ ਦੀ ਪਰਿਭਾਸ਼ਾ ਸਬੰਧੀ ਬਹੁਮੁਖੀ ਜਾਣਕਾਰੀ ਹਾਸਲ ਹੁੰਦੀ ਹੈ।

## 1.4 ਕਹਾਣੀ ਦੇ ਤੱਤ

ਸਾਹਿਤ ਦੀ ਕਹਾਣੀ ਵਿਧਾ ਸਬੰਧੀ ਸਪੱਸ਼ਟ ਅਤੇ ਸੰਪੂਰਨ ਮੱਤ ਬਣਾਉਣ ਲਈ ਜ਼ਰੂਰੀ ਹੈ ਕਿ ਇਸ ਨੂੰ ਦੂਜੇ ਦੇਸ਼, ਕੌਮ, ਸਮਾਜ, ਭਾਸ਼ਾ ਆਦਿ ਦੇ ਸਾਹਿਤ ਝਰੋਖੇ 'ਚੋਂ ਪਰਖਿਆ ਜਾਵੇ। ਹਰ ਸਾਹਿਤ ਰੂਪ ਵਾਂਗ ਪੰਜਾਬੀ ਸਾਹਿਤ ਰੂਪ ਕਹਾਣੀ ਸਬੰਧੀ ਵੀ ਪੱਛਮੀ ਚਿੰਤਕਾਂ, ਭਾਰਤੀ ਵਿਚਾਰਵਾਨਾਂ ਆਦਿ ਨੇ ਸਪੱਸ਼ਟ ਧਾਰਨਾਵਾਂ ਪੇਸ਼ ਕੀਤੀਆਂ ਹਨ। ਉਨ੍ਹਾਂ ਧਾਰਨਾਵਾਂ ਜਾਂ ਪਰਿਭਾਸ਼ਾਵਾਂ ਨੂੰ ਪੰਜਾਬੀ ਬੁੱਧੀਜੀਵੀਆਂ ਦੇ ਉਨ੍ਹਾਂ ਵਿਚਾਰਾਂ ਜਾਂ ਕਹਾਣੀ ਸਬੰਧੀ ਦਿੱਤੀਆਂ ਸੰਖੇਪ ਅੰਤਰ-ਦ੍ਰਿਸ਼ਟੀਆਂ ਵਿਚ ਸਮਝ ਤੇ ਵਿਚਾਰ ਲਿਆ ਜਾਵੇ ਤਾਂ ਕਹਾਣੀ ਦਾ ਇਕ ਸਫ਼ਲ ਸਿਧਾਂਤਕ ਸਰੂਪ ਤਿਆਰ ਹੋ ਸਕਦਾ ਹੈ।

### ੳ) ਵਿਸ਼ਾ

ਵਿਸ਼ਾ ਕਹਾਣੀ ਲਈ ਰੀੜ ਦੀ ਹੱਡੀ ਹੈ, ਜਿਸ ਦੇ ਸਹਾਰੇ ਕਹਾਣੀ ਖੜੋ ਸਕਦੀ ਹੈ। ਅੱਜ ਦਾ ਕਹਾਣੀਕਾਰ ਤੀਬਰ ਸੰਵੇਦਨਸ਼ੀਲਤਾ ਦਾ ਮਾਲਕ ਹੈ, ਜਿਸ ਕਾਰਨ ਉਹ ਆਪਣੀ ਕਹਾਣੀ ਦੀ ਵਿਸ਼ੇ-ਉਸਾਰੀ ਸੂਖ਼ਮ ਛੋਹਾਂ, ਢੁੱਕਵੇਂ ਪ੍ਰਤੀਕਾਂ ਅਤੇ ਸੰਕੇਤਕ ਸ਼ਬਦਾਵਲੀ ਰਾਹੀਂ ਕਰਦਾ ਹੈ। ਸਿਆਣਾ ਕਹਾਣੀਕਾਰ ਨਿੱਜੀ ਅਨੁਭਵ ਤੋਂ ਆਪਣੇ ਵਿਸ਼ੇ-ਚੋਣ ਕਰਕੇ ਉਸ ਨੂੰ ਆਪਣੀ ਅਨੁਭੂਤੀ ਰਾਹੀਂ ਪੇਸ਼ ਕਰਦਾ ਹੈ। ਕਿਸੇ ਨਿੱਜੀ ਅਨੁਭਵ ਨੇ ਕਦੋਂ ਤੇ ਕਿਵੇਂ ਵਿਸ਼ੇ-ਰੂਪ ਕਹਾਣੀ ਵਿਚ ਧਾਰਨਾ ਹੈ, ਇਸ ਬਾਰੇ ਕੋਈ ਸਮਾਂ ਜਾਂ ਸਥਿਤੀ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ। ਕੋਈ ਵੇਖੀ, ਸੁਣੀ ਗੱਲ ਲੇਖਕ ਦੀ ਮਾਨਸਿਕਤਾ ਵਿਚ ਬੀਜ ਵਾਂਗ ਪਹੁੰਚਦੀ ਹੈ। ਇਹ ਬੀਜ ਮਾਨਸਿਕਤਾ ਦੀ ਧਰਤੀ ਵਿਚੋਂ ਕਦੋਂ ਫੁੱਟ ਕੇ ਪੌਦੇ ਦਾ ਰੂਪ ਧਾਰਨ ਕਰੇਗਾ, ਪੌਦਾ ਬਣੇਗਾ ਵੀ ਕਿ ਨਹੀਂ, ਯਕੀਨ ਨਾਲ ਨਹੀਂ ਕਿਹਾ ਜਾ ਸਕਦਾ। ਡਾ. ਸਵਿੰਦਰ ਸਿੰਘ ਉੱਪਲ ਅਨੁਸਾਰ; "ਕਹਾਣੀ ਵਿਚ ਵਿਸ਼ੇ ਨੂੰ ਢਾਲਣਾ ਬੱਚੇ ਦੇ ਜਨਮ ਵਾਂਗ ਹੈ। ਜਿਸ ਤਰ੍ਹਾਂ ਬੱਚੇ ਦੇ ਜਨਮ ਨੂੰ ਬਹੁਤਾ ਚਿਰ ਟਾਲ਼ਿਆ ਨਹੀਂ ਜਾ ਸਕਦਾ, ਇਸੇ ਤਰ੍ਹਾਂ ਕਹਾਣੀ ਸਿਰਜਣ ਨੂੰ ਵੀ ਰੋਕਿਆ ਨਹੀਂ ਜਾ ਸਕਦਾ। ਕਹਾਣੀਕਾਰ ਆਪਣੀ ਕਹਾਣੀ ਨੂੰ ਜਨਮ ਉਸ ਵੇਲੇ ਦੇਵੇ ਜਦੋਂ ਉਹ ਇਸ ਨੂੰ ਬਾਹਰ ਲਿਆਉਣ 'ਤੇ ਮਜਬੂਰ ਹੋ ਜਾਏ।"

ਅਜੋਕਾ ਕਹਾਣੀਕਾਰ ਆਪਣੇ ਵਿਸ਼ੇ ਨੂੰ ਮਨੋਵਿਗਿਆਨਕ ਨਿਭਾਅ ਰਾਹੀਂ ਪੇਸ਼ ਕਰਦਾ ਹੈ। ਅੱਵਲ ਤਾਂ ਵਿਸ਼ਾ ਹੀ ਮਨੋਵਿਗਿਆਨਕ ਚੁਣਦਾ ਹੈ ਅਤੇ ਉਸ ਦੀ ਉਸਾਰੀ ਵੀ ਮਨੋਵਿਗਿਆਨਕ ਦ੍ਰਿਸ਼ਟੀ ਨਾਲ ਕਰਦਾ ਹੈ, ਪਰ ਜੇ ਵਿਸ਼ਾ ਮਨੋਵਿਗਿਆਨਕ ਨਾ ਵੀ ਹੋਵੇ, ਤਾਂ ਵੀ ਉਹ ਉਸ ਦੀ ਪੇਸ਼ਕਾਰੀ ਸਮੇਂ ਉਸ ਦੇ ਮਨੋਵਿਗਿਆਨਕ ਪਹਿਲੂ ਨੂੰ ਨਹੀਂ ਭੁਲਦਾ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਵਿਸ਼ੇ ਨੂੰ ਕਿਹੜੇ ਦ੍ਰਿਸ਼ਟੀਕੋਣ ਰਾਹੀਂ ਪੇਸ਼ ਕਰਨਾ ਹੈ- 'ਕਲਾ, ਕਲਾ ਲਈ ਜਾਂ ਕਲਾ ਜੀਵਨ ਲਈ'। ਕਲਾ ਕਲਾ ਲਈ ਇਕ ਪੁਰਾਣਾ ਦ੍ਰਿਸ਼ਟੀਕੋਣ ਹੈ, ਜਿਸ ਨੂੰ ਅੱਜ ਬਹੁਤੇ ਲੇਖਕ ਰੱਦ ਕਰ ਚੁੱਕੇ ਹਨ, ਕਿਉਂਕਿ 'ਹੁਨਰ ਹੁਨਰ ਲਈ' ਦਾ ਸਿਧਾਂਤ ਅਮੀਰਾਂ ਦਾ ਇਕ ਚੌਂਚਲਾ ਅਤੇ ਜਨਤਾ ਨੂੰ ਸੁਆਲਣ ਲਈ ਇਕ ਅਫ਼ੀਮ ਦਾ ਕੰਮ ਕਰਦਾ ਹੈ। ਜਾਰਜ ਬਰਨਾਰਡ ਸ਼ਾਅ (George Bernard Shaw) ਤਾਂ ਇਥੋਂ ਤੱਕ ਕਹਿ ਗਿਆ ਹੈ ਕਿ "ਕਲਾ ਕਲਾ ਲਈ ਦੇ ਸਿਧਾਂਤ ਅਧੀਨ ਮੈਂ ਇਕ ਸਤਰ ਵੀ ਲਿਖਣ ਲਈ ਤਿਆਰ ਨਹੀਂ।" ਜਿਹੜਾ ਸਾਹਿਤ ਜੀਵਨ ਨੂੰ ਠੀਕ ਤਰ੍ਹਾਂ ਬਤੀਤ ਕਰਨ ਵਿਚ ਸਹਾਇਤਾ ਨਾ ਕਰ ਸਕੇ, ਜੀਵਨ ਦੀਆਂ ਔਖਿਆਈਆਂ ਨੂੰ ਹੱਲ ਕਰਨ ਲਈ ਕੋਈ ਸੁਚੱਜਾ ਹੱਲ ਨਾ ਦੱਸ ਸਕੇ, ਉਹ ਵਧੀਆ ਤੇ ਲਾਭਦਾਇਕ ਸਾਹਿਤ ਨਹੀਂ ਅਖਵਾ ਸਕਦਾ। ਇਸ ਲਈ ਪੰਜਾਬ ਦੇ ਬਹੁਤੇ ਕਹਾਣੀਕਾਰ ਵਿਸ਼ੇ ਵਜੋਂ 'ਕਲਾ ਜੀਵਨ ਲਈ' ਦੇ ਸਿਧਾਂਤ ਨੂੰ ਹੀ ਅਪਣਾਉਂਦੇ ਹਨ।

### ਅ) ਕਥਾਨਕ

ਗੋਂਦ ਜਾਂ ਪਲਾਟ ਦਾ ਮਤਲਬ ਕਹਾਣੀ ਵਿਚ ਆਈਆਂ ਘਟਨਾਵਾਂ ਤੋਂ ਹੈ। ਭਾਵੇਂ ਅੱਜ ਦਾ ਕਹਾਣੀਕਾਰ ਆਪਣੀਆਂ ਸਾਰੀਆਂ ਘਟਨਾਵਾਂ ਨੂੰ ਸਰੀਰਕ ਰੂਪ ਵਿਚ ਵਾਪਰਦੀਆਂ ਨਹੀਂ ਵਿਖਾਉਂਦਾ, ਸਗੋਂ ਮਨੋਵਿਗਿਆਨਕ ਵਿਧੀ ਰਾਹੀਂ ਕੁਝ ਪਾਤਰਾਂ ਦੇ ਮਨ ਵਿਚ ਉਨ੍ਹਾਂ ਦੇ ਵਾਪਰਨ ਨੂੰ ਚਿਤਾਰਦਾ ਹੈ। ਪਰ ਫਿਰ ਵੀ ਕਹਾਣੀ ਵਿਚ ਗੋਂਦ ਦੀ ਅਹਿਮੀਅਤ ਬਰਕਰਾਰ ਹੈ। ''ਗੋਂਦ, ਗੂੰਦ ਵਾਂਗ, ਕਹਾਣੀ ਦੇ ਵੱਖੋ-ਵੱਖਰੇ ਤੱਤਾਂ ਨੂੰ ਜੋੜਨ ਦੇ ਕੰਮ ਆਉਂਦੀ ਹੈ। ਇਹ ਉਹ ਸੂਈ ਹੈ ਜੋ ਵੱਖੋ-ਵੱਖਰੇ ਰੰਗਾਂ ਦੇ ਫੁੱਲਾਂ ਨੂੰ ਧਾਗੇ ਵਿਚ ਪਰੋ ਕੇ ਇਕ ਕਹਾਣੀ ਦਾ ਸੁੰਦਰ ਜਿਹਾ ਹਾਰ ਤਿਆਰ ਕਰ ਵਿਖਾਉਂਦੀ ਹੈ।'' ਇਹ ਗੋਂਦ ਹੀ ਹੈ ਜੋ ਪਾਤਰ ਪ੍ਰਧਾਨ ਕਹਾਣੀ ਨੂੰ ਇਕ ਕਲਾਤਮਕ ਗੋਲਾਈ ਬਖ਼ਸ਼ ਕੇ ਉਸ ਨੂੰ ਖ਼ਾਕਾ ਬਣਨੋ ਬਚਾ ਲੈਂਦੀ ਹੈ। ਆਰ.ਪੀ. ਜੈਪਸਨ (R.P. Jepson) ਦਾ ਵਿਚਾਰ ਹੈ; ''ਜੇਕਰ ਗੋਂਦ ਨਹੀਂ ਹੈ ਤਾਂ ਕਹਾਣੀ ਦੀ ਕੋਈ ਹੋਂਦ ਨਹੀਂ।''

ਪਲਾਟ ਅਸਲ ਵਿਚ ਅਮਲਾਂ ਜਾਂ ਘਟਨਾਵਾਂ ਦਾ ਸੰਗ੍ਰਹਿ ਹੁੰਦਾ ਹੈ ਜੋ ਕਹਾਣੀ ਦੇ ਪਾਤਰ ਕਰਦੇ ਜਾਂ ਉਨ੍ਹਾਂ ਨਾਲ ਵਾਪਰਦੇ ਹਨ, ਕਿਉਂਕਿ ਇਹ ਕਹਾਣੀ ਦੇ ਨਿਸ਼ਤ ਪਾਤਰਾਂ ਨਾਲ ਸਬੰਧ ਰੱਖਦੇ ਹਨ, ਇਸ ਕਰਕੇ ਖਿਲਰੇ-ਪੁਲਰੇ ਨਹੀਂ ਹੋ ਸਕਦੇ। ਅਸਲ ਵਿਚ ਨਾਵਲ ਤੇ ਕਹਾਣੀ ਦਾ ਪ੍ਰਚਾਰ ਵਧਾਉਣ ਵਾਲਾ ਜੁਜ਼ ਬਹੁਤਾ ਇਹ ਅਮਲ ਹੀ ਹਨ। ਦੇਖਿਆ ਜਾ ਰਿਹਾ ਹੈ ਕਿ ਕਹਾਣੀ ਵਿਚ ਪਲਾਟ ਦੇ ਤੱਤ ਉੱਕਾ ਹੀ ਉਡਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਐਕਸ਼ਨ ਜਾਂ ਅਮਲ ਤੋਂ ਬਿਨਾਂ ਕੋਈ ਕਹਾਣੀ, ਕਹਾਣੀ ਨਹੀਂ ਹੋ ਸਕਦੀ। ਇਸ ਤੋਂ ਬਿਨਾਂ ਇਹ ਲੇਖ, ਸੁਭਾਅ, ਚਿੱਤਰ, ਆਰਟੀਕਲ ਜਾਂ ਇਕ 'ਚੰਗੀ ਚੀਜ਼' ਹੋ ਸਕਦੀ ਹੈ, ਕਹਾਣੀ ਨਹੀਂ।

'ਡੇਢ ਆਦਮੀ' ਪੁਸਤਕ ਦੀ ਭੂਮਿਕਾ ਵਿਚ ਪਲਾਟ ਬਾਰੇ ਸੁਜਾਨ ਸਿੰਘ ਲਿਖਦਾ ਹੈ; ''ਪਲਾਟ ਬਾਰੇ ਮੇਰੇ ਵਿਚਾਰ ਸਪੱਸ਼ਟ ਹਨ। ਕੀ ਪਲਾਟ ਬਿਨ੍ਹਾਂ ਕੋਈ ਕਹਾਣੀ ਹੋ ਸਕਦੀ ਹੈ? ਪਲਾਟ ਕਹਾਣੀ ਦਾ ਢਾਂਚਾ ਹੈ। ਸਰੀਰ ਵਿਚੋਂ ਪਿੰਜਰ ਕੱਢ ਕੇ ਸਰੀਰ ਦਾ ਕੀ ਰਹਿ ਜਾਵੇਗਾ? ਕਹਾਣੀ ਦੇ ਕੰਮ, ਜਿਨ੍ਹਾਂ ਤੋਂ ਘਟਨਾਵਾਂ ਤੇ ਪਲਾਟ ਬਣਦਾ ਹੈ, ਜੇ ਪਾਤਰਾਂ ਦੇ ਸੁਭਾ ਅਤੇ ਉਨ੍ਹਾਂ ਦੀਆਂ ਰੁਚੀਆਂ ਤੋਂ ਉਲਟ ਹੋਣ ਦਾ ਕਾਰਨ ਦੱਸੇ ਬਿਨਾਂ ਕਹਾਣੀ ਦੇ ਕਰਤਾ ਦੀ ਮਰਜ਼ੀ ਅਨੁਸਾਰ ਕਿਸੇ ਉਸ ਦੇ ਮਨਚਾਹੇ ਪ੍ਰਭਾਵ ਨੂੰ ਪ੍ਰਗਟ ਕਰਨ ਤਾਂ ਕਹਾਣੀ ਭੈੜੀ ਹੈ ਅਤੇ ਘਟਨਾ ਪ੍ਰਧਾਨ ਹੈ। ਜੇ ਘਟਨਾਵਾਂ ਪਾਤਰਾਂ ਦੇ ਸੁਭਾਵਾਂ ਅਨੁਸਾਰ ਤੁਰਦੀਆਂ ਹਨ ਤਾਂ ਕੋਈ ਕਹਾਣੀ ਪਾਤਰ ਪ੍ਰਧਾਨ ਨਹੀਂ ਕਹੀ ਜਾ ਸਕਦੀ।'' ਗੋਂਦ ਕਲਾ ਸਬੰਧੀ ਡਾ. ਸਵਿੰਦਰ ਸਿੰਘ ਉੱਪਲ ਦਾ ਕਹਿਣਾ ਹੈ; ''ਪ੍ਰਭਾਵ ਪੱਖੋਂ ਜੇ ਕਹਾਣੀ ਅੰਤ ਵਿਚ ਪਾਠਕ ਨੂੰ ਝੰਜੋੜਦੀ ਹੈ, ਬੇਆਰਾਮ ਕਰਦੀ ਹੈ, ਕੁਝ ਸੋਚਣ ਲਈ ਮਜਬੂਰ ਕਰਦੀ ਹੈ, ਕੁਝ ਚਿਰ ਲਈ ਚਕਾ-ਚੌਂਧ ਕਰ ਦਿੰਦੀ ਹੈ ਤਾਂ ਸਮਝੋ ਕਿ ਕਹਾਣੀਕਾਰ ਆਪਣੀ ਗੋਂਦ ਨੂੰ ਕਲਾਤਮਕਤਾ ਨਾਲ ਬੀੜਨ ਵਿਚ ਪੂਰੀ ਤਰ੍ਹਾਂ ਸਫ਼ਲ ਹੋਇਆ ਹੈ।''

ਕਿਸੇ ਕਹਾਣੀ ਦੀ ਗੋਂਦ ਦੀ ਨਿਪੁੰਨਤਾ, ਮੌਕਾ-ਮੇਲਾਂ ਦੀ ਗਿਣਤੀ 'ਤੇ ਨਿਰਭਰ ਕਰਦੀ ਹੈ ਅਤੇ ਇਸ ਦੀ ਬਹੁਤਾਤ, ਗੋਂਦ ਨੂੰ ਕਮਜ਼ੋਰ ਤੇ ਨਿਕੰਮਾ ਬਣਾ ਦਿੰਦੀ ਹੈ। ਸਫ਼ਲ ਕਹਾਣੀਕਾਰ ਆਪਣੀ ਕਹਾਣੀ ਦੀਆਂ ਘਟਨਾਵਾਂ ਅਤੇ ਕਰਮ-ਸਥਿਤੀਆਂ ਨੂੰ ਗੋਂਦ ਲਈ ਘੜਨ ਵੇਲੇ ਆਪਣੀ ਕਹਾਣੀ/ਸੇਧ ਨੂੰ ਇਕ ਸਕਿੰਟ ਲਈ ਵੀ ਨਹੀਂ ਭੁੱਲਦਾ, ਸਗੋਂ ਕਹਾਣੀ-ਕਰਮ ਤੇਜ਼ ਚਾਲ ਨਾਲ ਆਪਣੇ ਨਿਸ਼ਾਨੇ ਵੱਲ ਵਧੀ ਜਾਂਦਾ ਹੈ। ਇਸੇ ਚਾਲ ਨੂੰ ਸੰਤ ਸਿੰਘ ਸੇਖੋਂ ਨੇ 'ਚਲਾਏ ਤੀਰ ਦੀ ਰਫ਼ਤਾਰ' ਨਾਲ ਸਮਾਨਤਾ ਦਿੱਤੀ ਹੈ।

ਸੋ ਗੋਂਦ ਦੀ ਖ਼ਾਸ ਖ਼ੂਬੀ ਉਸ ਵਿਚ ਮਿਲਣ ਵਾਲੀ ਰੌਚਿਕਤਾ ਅਤੇ ਲਗਾਤਾਰਤਾ ਹੈ ਅਤੇ ਗੋਂਦ ਘੜਨ ਵੇਲੇ ਕਹਾਣੀਕਾਰ ਨੂੰ ਇਸ ਗੱਲ ਤੋਂ ਹਮੇਸ਼ਾ ਸੁਚੇਤ ਰਹਿਣਾ ਚਾਹੀਦਾ ਹੈ ਕਿ ਉਸ ਦੀ ਗੋਂਦ ਪਾਠਕ ਨੂੰ ਪੂਰੀ ਤਰ੍ਹਾਂ ਯਥਾਰਥਕ ਲੱਗੇ। ਗਲਪ ਵਿਚ ਯਥਾਰਥਕਤਾ ਦੀ ਸਫ਼ਲ ਪੇਸ਼ਕਾਰੀ ਹੀ ਗਲਪਕਾਰ ਨੂੰ ਪਾਠਕਾਂ ਦੀ ਕਚਿਹਰੀ ਵਿਚ ਉਸ ਦੀ ਪ੍ਰਤਿਭਾ ਦੇ ਸਫ਼ਲ ਹੋਣ ਦਾ ਦਰਜਾ ਦਿਵਾਉਂਦੀ ਹੈ।

### ੲ) ਪਾਤਰ-ਚਿਤਰਣ

ਗੋਂਦ ਵਾਂਗ ਪਾਤਰਾਂ ਦਾ ਵੀ ਕਹਾਣੀ ਵਿਚ ਬੜਾ ਮਹੱਤਵ ਹੈ, ਕਿਉਂਕਿ ਪਾਤਰ ਬਿਨਾਂ ਕੋਈ ਕਹਾਣੀ ਲਿਖੀ ਹੀ ਨਹੀਂ ਜਾ ਸਕਦੀ। ਕਿਸੇ ਵੀ ਕਹਾਣੀਕਾਰ ਦੀ ਕਲਾ ਦਾ ਕਮਾਲ ਪਾਤਰਾਂ ਦੀ ਚੋਣ ਕਰਨ ਵਿਚ ਨਹੀਂ, ਸਗੋਂ ਪਾਤਰ-ਚਿਤਰਣ ਵਿਚ ਹੈ। ਕਹਾਣੀਕਾਰ 'ਤੇ ਪਾਤਰ ਚੋਣ ਵਿਚ ਕੋਈ ਬੰਦਿਸ਼ ਨਹੀਂ ਹੁੰਦੀ। ਕਹਾਣੀਕਾਰ ਪੰਛੀ, ਜਾਨਵਰ, ਬੱਚੇ, ਬੁੱਢੇ, ਜਵਾਨ, ਅਮੀਰ, ਗ਼ਰੀਬ, ਔਰਤ, ਮਰਦ ਗੱਲ ਕੀ ਕਿਤਿਉਂ ਵੀ ਪਾਤਰ ਲੈ ਸਕਦਾ ਹੈ। ਕਹਾਣੀ ਵਿਚ ਪਾਤਰਾਂ ਦੇ ਨਿਭਾਅ ਸਬੰਧੀ ਡਾ. ਦੀਵਾਨਾ ਦਾ ਕਹਿਣਾ ਹੈ; ''ਮੈਂ ਕਹਾਣੀ ਦਾ ਅੰਤ ਪਹਿਲਾਂ ਨਹੀਂ ਕਰ ਸਕਦਾ। ਕਰੈਕਟਰ ਆਪਣੀ ਕਿਸਮਤ ਅਤੇ ਆਪਣਾ ਪਾਰਟ ਵੀ ਮੇਰੇ ਹੱਥੋਂ ਖੋਹ ਲੈਂਦੇ ਹਨ ਤੇ ਅਜਿਹੀਆਂ ਆਪ ਮੁਹਾਰੀਆਂ ਕਰਦੇ ਨੇ ਕਿ ਮੈਥੋਂ ਕੁਝ ਦਾ ਕੁਝ ਲਿਖਵਾ ਲੈਂਦੇ ਨੇ।'' ਕਹਾਣੀ ਵਿਚ ਪਾਤਰਾਂ ਬਾਰੇ ਦਲੀਪ ਕੌਰ ਟਿਵਾਣਾ ਲਿਖਦੀ ਹੈ; ''ਪੁਰਾਣੀ ਕਹਾਣੀ ਪਾਤਰਾਂ ਨੂੰ ਸਮਾਜਿਕ ਦ੍ਰਿਸ਼ਟੀਕੋਣ ਅਨੁਸਾਰ ਪਰਖਦੀ ਸੀ। ਪਰ ਅੱਜ ਜਦੋਂ ਸਭ ਕੀਮਤਾਂ ਟੁੱਟ ਗਈਆਂ ਹਨ ਤਾਂ ਹਰ ਬੰਦਾ ਆਪਣੇ ਆਪ ਵਿਚ ਇਕ ਸੰਸਾਰ ਬਣ ਗਿਆ ਹੈ। ਬਹੁਤ ਸਾਰੇ ਲੋਕ ਸਮਾਜ ਤੋਂ ਬੇਮੁਖ ਹੋ ਕੇ ਤੇ ਕਈ ਆਪਣੇ ਆਪ ਤੋਂ ਬੇਮੁਖ ਹੋ ਕੇ ਜੀਉਂਦੇ ਦਿਸਦੇ ਹਨ। ਅਜਿਹੇ ਪਾਤਰਾਂ ਦੀ ਜਦੋਂ ਕਹਾਣੀ ਗੱਲ ਕਰਦੀ ਹੈ ਤਾਂ ਲੇਖਕ ਆਪਣੇ ਵੱਲੋਂ ਉਨ੍ਹਾਂ ਪਾਤਰਾਂ ਬਾਰੇ ਕੁਝ ਆਖਣ ਦੀ ਥਾਂ ਉਨ੍ਹਾਂ ਨੂੰ ਹੀ ਸਾਡੇ ਸਾਹਮਣੇ ਪੇਸ਼ ਕਰ ਦਿੰਦਾ ਹੈ।'' ਡਾ. ਦੀਵਾਨਾ ਅਤੇ ਡਾ. ਟਿਵਾਣਾ ਦੀ ਧਾਰਨਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਅੱਜ ਦਾ ਕਹਾਣੀਕਾਰ ਆਪਣੇ ਪਾਤਰਾਂ ਨੂੰ ਬਾਹਰੋਂ ਘੱਟ ਅਤੇ ਅੰਦਰੋਂ ਵਧੇਰੇ ਪੇਸ਼ ਕਰਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਮਨੁੱਖ ਦੀ ਅਸਲੀਅਤ ਉਸ ਦੇ ਅੰਦਰ ਵਸਦੀ ਹੈ, ਬਾਹਰ ਨਹੀਂ। ਮਨੁੱਖ ਦੇ ਅੰਦਰਲੇ ਨੂੰ ਪ੍ਰਗਟਾਉਣ ਲਈ ਕਹਾਣੀਕਾਰ ਮਨੋਵਿਗਿਆਨ ਦੀ ਸਹਾਇਤਾ ਲੈਂਦਾ ਹੈ। ਅਜੋਕਾ ਮਨੁੱਖ ਅੰਦਰੋਂ ਗੁਆਚਿਆ ਅਤੇ ਬਾਹਰੋਂ ਸਰਾਪਿਆ ਹੋਣ ਕਾਰਨ ਉਹ ਸਰੀਰਕ

ਘੱਟ ਤੇ ਮਾਨਸਿਕ ਬਿਮਾਰੀਆਂ ਦਾ ਵਧੇਰੇ ਸ਼ਿਕਾਰ ਹਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਮਨੁੱਖ ਦੀ ਬੌਧਿਕਤਾ ਦਾ ਮਨੋਵਿਸ਼ਲੇਸ਼ਣ ਮਨੋ-ਵਿਗਿਆਨ ਦੀ ਸਹਾਇਤਾ ਨਾਲ ਹੀ ਕੀਤਾ ਜਾ ਸਕਦਾ ਹੈ। ''ਪਾਤਰ ਦੀ ਸ਼ਨਾਖ਼ਤ ਉਸ ਦੀ ਸਰੀਰਕ ਨੁਹਾਰ ਤੋਂ ਘੱਟ ਅਤੇ ਬੌਧਿਕ ਵਿਚਾਰ ਜਾਂ ਸੁਭਾਅ-ਵਿਹਾਰ ਤੋਂ ਵਧੇਰੇ ਕੀਤੀ ਜਾਂਦੀ ਹੈ।'' ਇਹ ਬੌਧਿਕ ਵਿਚਾਰ ਜਾਂ ਸੁਭਾਅ ਪਾਤਰਾਂ ਰਾਹੀਂ ਹੀ ਸੰਭਵ ਹੈ। ਕਹਾਣੀ ਵਿਧਾ ਵਿਚ ਸਮਾਂ/ਸੀਮਾ ਪੱਖੋਂ ਮਜ਼ਬੂਰੀ ਹੈ ਕਿ ਇਕ ਕਹਾਣੀ ਵਿਚ ਹਰ ਪਾਤਰ ਦਾ ਆਮ ਤੌਰ 'ਤੇ ਇਕ ਹੀ ਪ੍ਰਮੁੱਖ ਪਹਿਲੂ ਪੇਸ਼ ਕੀਤਾ ਜਾ ਸਕਦਾ ਹੈ। ਕਹਾਣੀ ਵਿਚ ਪਾਤਰ, ਪਾਠਕ ਦੇ ਲੰਗੋਟੀਏ ਯਾਰ ਨਹੀਂ, ਬੱਸ ਵਾਕਿਫ਼ਕਾਰ ਹੀ ਬਣਦੇ ਹਨ। ਸੋ ਕਹਾਣੀ ਵਿਚ ਪਾਠਕ, ਪਾਤਰ ਦੀ ਸੰਗਤ ਬਹੁਤੀ ਦੇਰ ਨਹੀਂ ਮਾਣ ਸਕਦਾ।

**ਸ) ਵਾਰਤਾਲਾਪ**

ਕਹਾਣੀ ਨੇ ਯਥਾਰਥਕ ਪ੍ਰਭਾਵ ਪਾਉਣਾ ਹੁੰਦਾ ਹੈ, ਇਸ ਲਈ ਅਸੀਂ ਜ਼ਿੰਦਗੀ ਦਾ ਕਾਫੀ ਹਿੱਸਾ ਗੱਲਾਂ-ਬਾਤਾਂ (ਵਾਰਤਾਲਾਪ) ਰਾਹੀਂ ਹੀ ਗੁਜ਼ਾਰਦੇ ਹਾਂ। ਸੁਰਿੰਦਰ ਸਿੰਘ ਨਰੂਲਾ ਦਾ ਕਹਿਣਾ ਠੀਕ ਹੈ; ''ਕਿਸੇ ਨਿੱਕੀ ਕਹਾਣੀ ਦੀ ਸਫ਼ਲਤਾ ਜਾਂ ਅਸਫ਼ਲਤਾ ਦਾ ਅੰਦਾਜ਼ਾ ਸਹਿਜੇ ਹੀ ਉਸ ਵਿਚ ਵਾਪਰੀ ਗੱਲਬਾਤ ਤੋਂ ਦਰਸਾਇਆ ਜਾ ਸਕਦਾ ਹੈ।'' ਉਹੀ ਕਹਾਣੀ ਪਾਠਕ ਦੇ ਮਨ ਨੂੰ ਵਧੇਰੇ ਟੁੰਬਦੀ ਹੈ ਜਿਸ ਵਿਚ ਵਾਰਤਾਲਾਪਾਂ 'ਤੇ ਲੇਪ ਨਾ ਚੜ੍ਹਿਆ ਹੋਵੇ, ਬਲਕਿ ਕੁਦਰਤੀ ਹੋਣ। ''ਕਹਾਣੀ ਵਿਚ ਵਾਰਤਾਲਾਪ ਕੁਦਰਤੀ, ਯਥਾਰਥਕ ਅਤੇ ਪਾਤਰਾਂ ਦੇ ਸੁਭਾਅ ਅਨੁਸਾਰ ਹੋਣਾ ਚਾਹੀਦਾ ਹੈ।'' ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜੀਵਨ ਅਨੁਭਵ ਦੀਆਂ ਬਾਰੀਕ ਖ਼ੂਬੀਆਂ ਦਾ ਮਾਲਕ ਹੀ ਵਧੇਰੇ ਯਥਾਰਥਕ ਪਾਤਰ ਸਿਰਜ ਸਕਦਾ ਹੈ। ਭਾਵੁਕਤਾ ਤੇ ਸੁਭਾਅ ਪੱਖੋਂ ਔਰਤ ਕੁਦਰਤ ਨੂੰ ਸਮਝਣ ਲਈ ਵਧੇਰੇ ਨੇੜੇ ਹੈ। ਸ਼ਾਇਦ ਇਹੀ ਕਾਰਨ ਹੈ ਕਿ ਕੁਦਰਤੀ ਵਾਰਤਾਲਾਪ ਤੇ ਯਥਾਰਥਕਤਾ ਨੂੰ ਸਿਰਜਣ ਦੇ ਮਾਮਲੇ ਵਿਚ ਇਸਤਰੀ-ਕਹਾਣੀਕਾਰ, ਮਰਦ-ਕਹਾਣੀਕਾਰਾਂ ਨਾਲੋਂ ਅੱਗੇ ਜਾਪਦੇ ਹਨ। ਅਜੀਤ ਕੌਰ, ਦਲੀਪ ਕੌਰ ਟਿਵਾਣਾ, ਵੀਨਾ ਵਰਮਾ, ਬਚਿੰਤ ਕੌਰ ਆਦਿ ਦੀਆਂ ਕਹਾਣੀਆਂ ਵਿਚਲੇ ਵਾਰਤਾਲਾਪ ਬੜੇ ਯਥਾਰਥਕ ਹੁੰਦੇ ਹਨ। ਭਾਵੇਂ ਵਾਰਤਾਲਾਪ ਲਈ ਵਰਤੀ ਜਾਣ ਵਾਲੀ ਸ਼ਬਦਾਵਲੀ 'ਤੇ ਕੋਈ ਬੰਦਿਸ਼ ਨਹੀਂ, ਪਰ ਇਹ ਪਾਤਰਾਂ ਦੇ ਸੁਭਾਅ, ਲਿਆਕਤ, ਪਦਵੀ ਅਤੇ ਲੋੜ ਅਨੁਸਾਰ ਹੋਣੀ ਚਾਹੀਦੀ ਹੈ।

**ਹ) ਵਾਤਾਵਰਣ**

ਪਾਤਰਾਂ ਨੂੰ ਇਕ ਖ਼ਾਸ ਮਾਹੌਲ (ਵਾਤਾਵਰਣ) ਵਿਚ ਵਿਚਰਣਾ ਪੈਂਦਾ ਹੈ। ਵਾਤਾਵਰਣ ਕਹਾਣੀ ਦਾ ਜ਼ਰੂਰੀ ਤੇ ਅਨਿੱਖੜਵਾਂ ਅੰਗ ਹੈ। ਕੋਈ ਕਹਾਣੀ ਵਾਤਾਵਰਣ ਤੋਂ ਬਿਨਾਂ ਲਿਖੀ ਹੀ ਨਹੀਂ ਜਾ ਸਕਦੀ। ਦੇਖਣ ਵਾਲੀ ਇਹ ਗੱਲ ਹੈ ਕਿ ਕਿਸੇ ਘਟਨਾ ਦੇ ਦ੍ਰਿਸ਼ ਦੀ ਪੇਸ਼ਕਾਰੀ ਸਮੇਂ ਕਹਾਣੀ ਵਿਚਲੇ ਪਾਤਰ ਵਾਤਾਵਰਣ ਅਧੀਨ ਹਨ ਜਾਂ ਵਾਤਾਵਰਣ ਪਾਤਰਾਂ ਅਧੀਨ ਹੈ। ''ਕਹਾਣੀ ਵਿਚ ਦ੍ਰਿਸ਼-ਚਿਤਰਣ ਰਾਹੀਂ ਵੀ ਵਾਤਾਵਰਣ ਉਸਾਰਿਆ ਜਾ ਸਕਦਾ ਹੈ ਪਰ ਇਹ ਜ਼ਰੂਰੀ ਹੈ ਕਿ ਇਹ ਦ੍ਰਿਸ਼-ਚਿਤਰਣ, ਦ੍ਰਿਸ਼-ਚਿਤਰਣ ਲਈ ਨਹੀਂ, ਸਗੋਂ ਵਿਸ਼ੇ-ਉਸਾਰੀ ਲਈ ਵਰਤਿਆ ਜਾਵੇ।''ਵਾਤਾਵਰਣ ਦਾ ਸਬੰਧ ਸਥਾਨ, ਸਥਿਤੀ, ਸਮੇਂ ਅਤੇ ਦੇਸ਼ ਨਾਲ ਹੁੰਦਾ ਹੈ। ਹਰ ਕਹਾਣੀ ਵਿਚ ਵਾਤਾਵਰਣ ਦੀ ਪੇਸ਼ਕਾਰੀ ਕਿਸੇ ਨਾ ਕਿਸੇ ਰੂਪ ਵਿਚ ਕਹਾਣੀ ਦੇ ਮੁੱਢ ਨਾਲ ਸ਼ੁਰੂ ਹੁੰਦੀ ਹੈ ਅਤੇ ਅੰਤ ਨਾਲ ਖ਼ਤਮ ਹੁੰਦੀ ਹੈ। ਸੋ ਸਫ਼ਲ ਕਹਾਣੀਕਾਰ ਦੀ ਖ਼ਾਸੀਅਤ ਇਹੀ ਹੁੰਦੀ ਹੈ ਕਿ ਉਹ ਆਪਣੇ ਪਾਠਕਾਂ ਨੂੰ ਕਹਾਣੀ ਪੜ੍ਹਨ ਵੇਲੇ ਮਾਨਸਿਕ ਤੌਰ 'ਤੇ ਵਾਸਤਵਿਕ ਹੋਂਦ ਵਿਚੋਂ ਕੱਢ ਕੇ ਕਹਾਣੀ ਵਾਲੇ ਵਾਤਾਵਰਣ ਵਿਚ ਲੈ ਜਾਵੇ।

**ਕ) ਭਾਸ਼ਾ-ਸ਼ੈਲੀ**

ਸ਼ੈਲੀ ਕਿਸੇ ਸਾਹਿਤਕ ਰਚਨਾ ਵਿਚ ਲੇਖਕ ਵੱਲੋਂ ਆਪਣੀ ਗੱਲ ਕਹਿਣ ਦਾ ਢੰਗ ਜਾਂ ਕਲਾ ਹੈ। ਕਿਸੇ ਕਲਾਕਾਰ ਦੀ ਸ਼ਖ਼ਸੀਅਤ ਦਾ ਕਲਾਤਮਕ-ਪ੍ਰਗਟਾਅ ਉਸ ਦੀ ਭਾਸ਼ਾ-ਸ਼ੈਲੀ ਹੈ ਅਤੇ ਸ਼ੈਲੀ ਹੀ ਕਿਸੇ ਲੇਖਕ ਦੀ ਅਸਲੀ ਸ਼ਨਾਖ਼ਤ ਹੈ ਜੋ ਉਸ ਨੂੰ ਹੋਰਾਂ ਤੋਂ ਨਿਖੇੜਦੀ ਹੈ। ਕਹਾਣੀ ਵਿਚ ਭਾਸ਼ਾ ਦਾ ਪਹਿਲਾ ਕੰਮ ਰੌਚਿਕਤਾ ਲਿਆਉਣਾ ਹੈ ਤਾਂ ਜੋ ਕਹਾਣੀਕਾਰ ਪਾਠਕ ਨੂੰ ਉਹ ਕਹਾਣੀ ਪੜ੍ਹਨ ਲਈ ਪ੍ਰੇਰ ਸਕੇ। ਕਹਾਣੀ ਜਾਂ ਕਿਸੇ ਰਚਨਾ ਵਿਚ ਉੱਤਮ ਭਾਸ਼ਾ ਜਾਂ ਕਲਾਤਮਕ ਸ਼ੈਲੀ ਦਾ ਪੇਸ਼ ਹੋਣਾ ਕਹਾਣੀਕਾਰ ਦੇ ਜੀਵਨ ਅਨੁਭਵ ਅਤੇ ਸ਼ਖ਼ਸੀਅਤ 'ਤੇ ਨਿਰਭਰ ਕਰਦਾ ਹੈ। ਬਰਨਾਰਡ ਸ਼ਾਅ ਲਿਖਦਾ ਹੈ; ''ਮੈਂ ਜ਼ਿੰਦਗੀ ਭਰ ਕਦੇ ਕਿਸੇ ਸ਼ੈਲੀ ਨੂੰ ਅਪਣਾਉਣ ਦਾ ਯਤਨ ਨਹੀਂ ਕੀਤਾ। ਸ਼ੈਲੀ ਉਹ ਸ਼ੈਅ ਹੈ ਜਿਹੜੀ ਆਪ ਮੁਹਾਰੇ ਮੇਰੀ ਲਿਖਤ ਵਿਚ ਆ ਜਾਂਦੀ ਹੈ। ਜੇ ਕੋਈ ਲੇਖਕ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੀ ਗੱਲ ਕਹਿੰਦਾ ਹੈ ਤਾਂ ਸ਼ੈਲੀ ਆਪ ਹੀ ਆ ਜਾਵੇਗੀ, ਜੇ ਉਸ ਵਿਚ ਕੋਈ ਸ਼ੈਲੀ ਹੈ ਤਾਂ।'' ਪੰਜਾਬੀ ਕਹਾਣੀ ਦੇ ਆਲੋਚਕ ਡਾ. ਸਵਿੰਦਰ ਸਿੰਘ ਉੱਪਲ ਦਾ ਭਾਸ਼ਾ-ਸ਼ੈਲੀ ਬਾਰੇ ਕਹਿਣਾ ਹੈ ਕਿ ''ਭਾਸ਼ਾ ਉਸ ਮਿੱਟੀ ਦੀ ਤਰ੍ਹਾਂ ਹੈ, ਜਿਸ ਨੂੰ ਗੌ ਕੇ ਘੁਮਿਆਰ ਆਪਣੀ ਲੋੜ, ਸਮਰੱਥਾ, ਕਾਬਲੀਅਤ ਤੇ ਨਿਪੁੰਨਤਾ ਅਨੁਸਾਰ ਵਰਤਦਾ ਹੈ। ਇੰਜ ਭਾਸ਼ਾ ਸਾਧਨ ਹੈ, ਸ਼ੈਲੀ ਉਸ ਦੀ ਪ੍ਰਾਪਤੀ।'' ਭਾਸ਼ਾ ਤੇ ਸ਼ੈਲੀ ਸਬੰਧੀ ਹਿੰਦੀ ਆਲੋਚਕ ਡਾ. ਮਹਿੰਦਰ ਕੁਮਾਰ ਧੀਂਗੜਾ ਦੇ ਸ਼ਬਦਾਂ ਵਿਚ; ''ਕਥਨ ਤੇ ਸ਼ਿਲਪ ਇਕ ਦੂਜੇ ਦੇ ਸਹਾਰੇ ਹੁੰਦੇ ਹਨ, ਸੁਤੰਤਰ ਪੱਖ ਨਹੀਂ। ਸ਼ੈਲੀ ਪੱਖ ਵਿਸ਼ੇਗਤ ਸੰਵੇਦਨਾ ਨੂੰ ਪਹੁੰਚਾਉਣ ਦਾ ਮਾਧਿਅਮ ਹੈ। ਮੁੱਖ ਕਥਨ ਹੈ, ਸ਼ਿਲਪ ਨਹੀਂ। ਸ਼ਿਲਪ ਵਿਚ ਪ੍ਰਯੋਗ ਉਦੋਂ ਹੀ ਸੰਭਵ ਹੋ ਸਕਦੇ ਹਨ, ਜਦੋਂ ਕਥਨ ਵੀ ਪ੍ਰਯੋਗਸ਼ੀਲ ਹੋਵੇ।''

ਭਾਸ਼ਾ ਦੋ ਤਰ੍ਹਾਂ ਦੀ ਹੁੰਦੀ ਹੈ, ਇਕ ਬੋਲ-ਚਾਲ ਵਾਲੀ ਭਾਸ਼ਾ ਅਤੇ ਦੂਜੀ ਸਾਹਿਤਕ ਭਾਸ਼ਾ। ਕਹਾਣੀਕਾਰ ਆਪਣੀ ਸਮਰੱਥਾ ਅਤੇ ਲੋੜ ਅਨੁਸਾਰ ਆਪਣੇ ਪਾਤਰਾਂ ਦੇ ਵਾਰਤਾਲਾਪ ਲਈ ਬੋਲ-ਚਾਲ ਦੀ ਬੋਲੀ ਅਤੇ ਆਪਣੇ ਵਿਚਾਰਾਂ ਜਾਂ ਵਰਣਨ ਲਈ ਸਾਹਿਤਕ-ਬੋਲੀ (ਭਾਸ਼ਾ) ਦੀ ਵਰਤੋਂ ਕਰਦਾ ਹੈ। ਲੇਖਕ ਲੋੜ ਅਨੁਸਾਰ ਤਿੰਨ ਤਰ੍ਹਾਂ ਦੀਆਂ ਸ਼ੈਲੀਆਂ ਦੀ ਵਰਤੋਂ ਕਰਦਾ ਹੈ; ਕਹਿ-ਸ਼ੈਲੀ (said style), ਅੱਧ-ਕਹਿ-ਸ਼ੈਲੀ (half

said style) ਅਤੇ ਅਣ-ਕਹਿ-ਸ਼ੈਲੀ (un said style)। ਸਾਡੇ ਪਹਿਲੇ ਕਹਾਣੀਕਾਰ ਕਹਿ-ਸ਼ੈਲੀ ਦੀ ਵਰਤੋਂ ਵਧੇਰੇ ਕਰਦੇ ਰਹੇ ਹਨ, ਕਿਉਂਕਿ ਉਹ ਲੇਖਕ ਆਦਰਸ਼ਵਾਦੀ ਕਦਰਾਂ-ਕੀਮਤਾਂ ਤੋਂ ਵਧੇਰੇ ਪ੍ਰਭਾਵਤ ਹੋਣ ਕਾਰਨ ਸਮਝਦੇ ਸਨ ਕਿ ਪਾਠਕ ਦੇ ਜਿਹਨ 'ਚ ਉਦੋਂ ਹੀ ਕੁਝ ਪਵੇਗਾ ਜਦੋਂ ਤਰਤੀਬ ਨਾਲ ਥਾਲੀ 'ਚ ਸਭ ਕੁਝ ਪਰੋਸਿਆ ਜਾਵੇਗਾ। ਪਰ ਅਜੋਕਾ ਕਹਾਣੀਕਾਰ ਕਹਿ-ਸ਼ੈਲੀ ਨਾਲੋਂ ਅੱਧ-ਕਹਿ-ਸ਼ੈਲੀ ਅਤੇ ਅਣ-ਕਹਿ-ਸ਼ੈਲੀ ਦੀ ਵਰਤੋਂ ਵਧੇਰੇ ਕਰਦੇ ਹਨ। ਉਹ ਇਸ ਗੱਲ ਤੋਂ ਸੁਚੇਤ ਹਨ ਕਿ ਅਜੋਕਾ ਪਾਠਕ ਬੌਧਿਕ ਤੌਰ 'ਤੇ ਵਧੇਰੇ ਸੁਚੇਤ ਤੇ ਸੂਝਵਾਨ ਹੈ, ਜਿਸ ਨੂੰ ਇਸ਼ਾਰੇ, ਰਮਜ਼ ਜਾਂ ਸੁਝਾਅ ਨਾਲ ਸਮਝਾਈ ਹੋਈ ਗੱਲ ਵਧੇਰੇ ਪ੍ਰਵਾਨ ਹੈ।

ਹੁਣ ਮਸਲਾ ਇਹ ਪੈਦਾ ਹੁੰਦਾ ਹੈ ਕਿ ਅਜਿਹੀਆਂ ਰਮਜ਼ਾਂ ਵਿਚ ਕਹਾਣੀਕਾਰ ਨੂੰ ਕਿਸ ਧਿਰ ਦਾ ਸਾਥ ਦੇਣਾ ਚਾਹੀਦਾ ਹੈ ਅਤੇ ਕਿਸ ਧਿਰ ਨੂੰ ਭੰਡਣਾ ਜਾਂ ਸਰਾਹੁਣਾ ਹੈ। ਅਜਿਹੇ ਸਮੇਂ ਲੇਖਕ ਦੀ ਸਹਾਇਤਾ ਉਸ ਦਾ ਦ੍ਰਿਸ਼ਟੀਕੋਣ ਅਤੇ ਸ਼ੈਲੀ ਹੀ ਕਰਦੇ ਹਨ। ਬੂਥ (W.C. Booth) ਅਨੁਸਾਰ ''ਲੇਖਕ ਨੂੰ ਪ੍ਰਚੱਲਿਤ ਅਤੇ ਪ੍ਰੰਪਰਾਵਾਦੀ ਸਮਾਜਿਕ ਜਾਂ ਸਦਾਚਾਰਕ ਕੀਮਤਾਂ ਤੋਂ ਪਹਿਲਾਂ ਆਪ ਉਪਰ ਉੱਠਣ ਦੀ ਲੋੜ ਹੈ ਤਾਂ ਕਿ ਉਹ ਨੇਕੀ ਤੇ ਬਦੀ ਨੂੰ ਨਿਰਪੱਖਤਾ ਨਾਲ ਪੇਸ਼ ਕਰ ਸਕੇ।'' ਅਜਿਹੀ ਦੁਚਿੱਤੀ ਵਿਚੋਂ ਉਭਰਨ ਲਈ ਕਹਾਣੀਕਾਰ ਆਤਮ ਕਥਾਤਮਕ ਸ਼ੈਲੀ, ਪ੍ਰਭਾਵਾਤਮਕ ਸ਼ੈਲੀ, ਡਾਇਰੀ ਸ਼ੈਲੀ, ਨਾਟਕੀ ਸ਼ੈਲੀ, ਪ੍ਰਤੀਕਾਤਮਕ ਸ਼ੈਲੀ, ਕਾਵਿਕ ਸ਼ੈਲੀ, ਵਿਅੰਗਾਤਮਕ ਸ਼ੈਲੀ ਆਦਿ ਦਾ ਆਸਰਾ ਲੈ ਸਕਦਾ ਹੈ। ਕੁਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਸ਼ੈਲੀ ਭਾਸ਼ਾ ਦੇ ਸ਼ਬਦਾਂ ਰਾਹੀਂ ਆਪਣੀ ਵਿਸ਼ੇ ਲੋੜ ਅਨੁਸਾਰ ਪ੍ਰਗਟਾਵਾ ਗ੍ਰਹਿਣ ਕਰਦੀ ਹੈ।

### ਖ) ਉਦੇਸ਼

ਉਦੇਸ਼ ਦੀ ਧੜਕਣ ਹਰ ਰਚਨਾ ਵਿਚ ਹੁੰਦੀ ਹੈ ਅਤੇ ਉਦੇਸ਼ ਕਹਾਣੀ ਰੂਪੀ ਸਰੀਰ ਵਿਚ ਆਤਮਾ ਵਾਂਗ ਹਰ ਥਾਂ ਪਸਰਿਆ ਹੁੰਦਾ ਹੈ। ਦਰਅਸਲ ਕਹਾਣੀਕਾਰ ਦੇ ਮਨ ਅੰਦਰ ਕੋਈ ਉਦੇਸ਼ ਹੀ ਪਲਰ ਰਿਹਾ ਹੁੰਦਾ ਹੈ ਜੋ ਉਸ ਨੂੰ ਕਹਾਣੀ ਦੇ ਪਿੜ ਵਿਚ ਕੁੱਦਣ ਲਈ ਵੰਗਾਰਦਾ ਹੈ। ਵੇਖਣ ਵਾਲੀ ਗੱਲ ਇਹ ਹੁੰਦੀ ਹੈ ਕਿ ਰਚਨਾ ਰਾਹੀਂ ਪ੍ਰਗਟਾਇਆ ਗਿਆ ਉਦੇਸ਼ ਸਮੁੱਚੇ ਸਮਾਜ ਲਈ ਲਾਭਦਾਇਕ ਹੈ ਜਾਂ ਨਹੀਂ। ਇਹੀ ਕਾਰਨ ਹੈ ਕਿ ਅਜੋਕੇ ਸਮੇਂ 'ਕਲਾ ਕਲਾ ਲਈ ਦੇ ਸਿਧਾਂਤ' ਨੂੰ ਛੱਡ ਕੇ 'ਕਲਾ ਜੀਵਨ ਲਈ ਦੇ ਸਿਧਾਂਤ' ਨੂੰ ਅਪਣਾਇਆ ਗਿਆ ਹੈ। ਪ੍ਰਸਿੱਧ ਰੂਸੀ ਲੇਖਕ ਟਾਲਸਟਾਇ (Tolstoy) ਲੇਖਕ ਤੋਂ ਪੱਕੀ ਸੂਝ ਦੀ ਮੰਗ ਕਰਦਾ ਹੈ ਜੋ ਚੰਗੇ ਮਾੜੇ ਵਿਚ ਨਿਖੇੜ ਕਰ ਸਕੇ। ਟਾਲਸਟਾਇ ਕਹਾਣੀ ਦੇ ਪਿੰਡੇ ਵਿਚ ਪਸਰੀ ਇਸ ਉਦੇਸ਼-ਆਤਮਾ ਨੂੰ 'ਫੋਕਸ' ਸ਼ਬਦ ਰਾਹੀਂ ਪ੍ਰਗਟਾਉਂਦਾ ਹੋਇਆ ਕਹਿੰਦਾ ਹੈ; ''ਜਿਸ ਤਰ੍ਹਾਂ ਸਾਡੀ ਆਤਮਾ ਸਰੀਰ ਦੇ ਰੋਮ-ਰੋਮ ਵਿਚ ਹਾਜ਼ਰ ਰਹਿੰਦੀ ਹੈ, ਇਸੇ ਤਰ੍ਹਾਂ ਕਹਾਣੀ ਦਾ ਹਰ ਅੰਗ, ਹਰ ਸ਼ਬਦ, ਹਰ ਭਾਵਨਾ ਆਪਣੇ 'ਫੋਕਸ' ਨਾਲ ਹਮੇਸ਼ਾਂ ਅੰਤਰ-ਸਬੰਧਤ ਰਹਿੰਦਾ ਹੈ।''

ਕੁਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਉਦੇਸ਼ ਨਰੋਆ ਅਤੇ ਵਡਮੁੱਲਾ ਹੋਣਾ ਚਾਹੀਦਾ ਹੈ ਤਾਂ ਜੋ ਲੇਖਕ ਪਾਠਕ ਨੂੰ ਇਕ ਨਰੋਈ ਸੇਧ ਦੇ ਸਕੇ। ਜੇ ਲੇਖਕ ਦਾ ਦ੍ਰਿਸ਼ਟੀਕੋਣ ਪ੍ਰਗਤੀਵਾਦੀ ਜਾਂ ਪ੍ਰਗਤੀਸ਼ੀਲ ਹੈ ਤਾਂ ਉਸ ਦਾ ਚੁਣਿਆ ਉਦੇਸ਼ ਵੀ ਸਮਾਜ ਲਈ ਲਾਭਦਾਇਕ ਹੀ ਹੋਵੇਗਾ। ਸੋ ਉਦੇਸ਼ ਦਾ ਸਹੀ ਪ੍ਰਗਟਾਵਾ ਕਹਾਣੀਕਾਰ ਦੀ ਕਲਾ-ਸਮਰੱਥਾ, ਨੇਕ-ਨੀਤੀ ਅਤੇ ਸ਼ਿਲਪ ਨਿਪੁੰਨਤਾ 'ਤੇ ਨਿਰਭਰ ਕਰਦਾ ਹੈ।

## 1.5 ਕਹਾਣੀ ਦਾ ਵਰਗੀਕਰਣ

ਕਹਾਣੀਕਾਰ 'ਤੇ ਕਿਸੇ ਨਾ ਕਿਸੇ ਵਿਚਾਰਧਾਰਾ, ਪ੍ਰੰਪਰਾ ਜਾਂ ਲਹਿਰ ਆਦਿ ਦਾ ਪ੍ਰਭਾਵ ਹੁੰਦਾ ਹੈ। ਉਸ ਸਬੰਧਤ ਪ੍ਰਭਾਵ ਵਿਚਲੀਆਂ ਤਰੁੱਟੀਆਂ, ਸੰਭਾਵਨਾਵਾਂ ਜਾਂ ਵਿਸ਼ੇਸ਼ਤਾਵਾਂ ਨੂੰ ਦਰਸਾਉਣ ਲਈ ਕਹਾਣੀਕਾਰ ਆਪਣੇ ਅੰਦਰਲੇ ਵਿਵੇਕ ਜਾਂ ਕੜਵਾਹਟ ਨੂੰ ਆਪਣੀਆਂ ਕਹਾਣੀਆਂ ਰਾਹੀਂ ਪੇਸ਼ ਕਰਦਾ ਹੈ। ਇਹ ਪੇਸ਼ਕਾਰੀ ਜਿਸ ਭਾਵ, ਵਰਗ, ਵਾਦ ਆਦਿ ਰਾਹੀਂ ਹੁੰਦੀ ਹੈ, ਉਸ ਨੂੰ ਹੀ ਕਹਾਣੀ ਦਾ ਵਰਗੀਕਰਨ ਕਿਹਾ ਜਾਂਦਾ ਹੈ। ਮੁੱਖ ਰੂਪ ਵਿਚ ਇਹ ਵਰਗੀਕਰਨ ਹੇਠ ਅਨੁਸਾਰ ਹੈ:-

### I) ਵਸਤੂ ਅਧਾਰਿਤ ਵਰਗੀਕਰਣ

ਵਸਤੂ ਅਤੇ ਸੁਭਾਅ ਪੱਖੋਂ ਕਹਾਣੀ ਦੇ ਸਰੋਤਾਂ ਦਾ ਵਰਗੀਕਰਨ ਕਰਦਾ ਹੋਇਆ ਡਾ. ਕਰਨੈਲ ਸਿੰਘ ਥਿੰਦ ਲੋਕ ਕਹਾਣੀਆਂ ਨੂੰ ਅੱਠ ਸ਼੍ਰੇਣੀਆਂ ਵਿਚ ਵੰਡਦਾ ਹੈ; '(ੳ) ਪੁਰਾਣ ਕਥਾ (myth), (ਅ) ਅਵਦਾਨ ਜਾਂ ਦੰਤ ਕਥਾ (legend), (ੲ) ਨੀਤੀ ਕਥਾ (fable), (ਸ) ਪਸ਼ੂ ਕਹਾਣੀ (animal tales), (ਹ) ਪਰੀ ਕਥਾ (fairy tales), (ਕ) ਪ੍ਰੇਤ ਕਥਾ (ghost story), (ਖ) ਬੁਝਾਵਲ ਕਥਾ (riddle tales), (ਗ) ਟੋਟਕਾ ਜਾਂ ਹਿਕਾਇਤ (anecdote)।'

ਡਾ. ਥਿੰਦ ਨੇ ਪੁਰਾਣ ਕਥਾ ਦੀ ਅੱਗੇ ਹੋਰ ਵਰਗ ਵੰਡ ਕੀਤੀ ਹੈ; '(ੳ) ਪੁਰਾਣ ਕਥਾਵਾਂ 'ਤੇ ਆਧਾਰਿਤ ਮੌਲਿਕ ਰਚਨਾਵਾਂ, (ਅ) ਮੌਲਿਕ ਰਚਨਾਵਾਂ ਵਿਚ ਪੁਰਾਣ ਕਥਾਵਾਂ ਦੇ ਦ੍ਰਿਸ਼ਟਾਂਤ, (ੲ) ਪੌਰਾਇਕ ਸੰਕੇਤ, (ਸ) ਪੌਰਾਇਕ ਵਿਚਾਰਧਾਰਾ।' ਇਸੇ ਤਰ੍ਹਾਂ ਅਵਦਾਨ ਜਾਂ ਦੰਤ ਕਥਾਵਾਂ ਨੂੰ ਨੌਂ ਭਾਗਾਂ ਵਿਚ ਵੰਡਦਾ ਹੈ; (ੳ) ਸਾਧੂ, ਪੀਰਾਂ-ਫ਼ਕੀਰਾਂ, ਸੰਤਾਂ ਮਹਾਤਮਾਵਾਂ, ਇਤਿਹਾਸਕ ਯੋਧਿਆਂ ਅਤੇ ਰਾਜਿਆਂ ਨਾਲ ਸਬੰਧਤ ਕਥਾਵਾਂ; (ਅ) ਪ੍ਰੀਤ ਕਥਾਵਾਂ; (ੲ) ਤਬਾਹ ਹੋਏ ਕਿਲ੍ਹੇ, ਗੜ੍ਹ, ਤਲਾਅ, ਦਰਿਆ, ਸਮੁੰਦਰ, ਪੁਰਾਤਨ ਇਮਾਰਤ ਆਦਿ ਬਾਰੇ ਪੁਰਾਤਨ ਬਿਰਤਾਂਤ; (ਸ) ਤੀਰਥ ਅਸਥਾਨਾਂ, ਮੰਦਰਾਂ, ਪਹਾੜਾਂ ਅਤੇ ਗੁਫ਼ਾਵਾਂ ਆਦਿ ਬਾਰੇ; (ਹ) ਦਬੇ ਹੋਏ ਖ਼ਜ਼ਾਨਿਆਂ ਸਬੰਧੀ; (ਕ) ਮਨੁੱਖ ਬਲੀ ਨਾਲ ਸਬੰਧਤ; (ਖ) ਰਹੁ-ਰੀਤਾਂ ਅਤੇ ਸਦਾਚਾਰਕ ਨਿਯਮਾਂ ਬਾਰੇ; (ਗ) ਦੈਵੀ ਜੀਵਾਂ, ਚੁੜੇਲਾਂ, ਭੂਤਾਂ, ਦੈਂਤਾਂ ਆਦਿ ਬਾਰੇ; (ਘ) ਜਲਾਵਤਨੀ ਜਾਂ ਦੇਸ਼ ਨਿਕਾਲੇ ਬਾਰੇ।'

ਕਹਾਣੀ ਦੇ ਸਰੋਤਾਂ ਸਬੰਧੀ ਡਾ. ਥਿੰਦ ਦੁਆਰਾ ਕਥਾਵਾਂ ਦੀਆਂ ਕੀਤੀਆਂ ਇਹ ਵੰਡਾਂ ਬੜੀਆਂ ਮੁੱਲਵਾਨ ਹਨ। ਦਰਅਸਲ ਕਥਾਵਾਂ ਦੇ ਪੰਜਾਬੀ ਸਾਹਿਤ 'ਤੇ ਬਹੁਤ ਵੱਡੇ ਪ੍ਰਭਾਵ ਪਏ ਹਨ, ਕਿਉਂਕਿ ਇਨ੍ਹਾਂ ਲੋਕ ਕਥਾਵਾਂ ਵਿਚ ਅਨੇਕਾਂ ਅਜਿਹੀਆਂ ਕਥਾਨਕ ਰੂੜ੍ਹੀਆਂ ਉਪਲਬਧ ਹਨ, ਜਿਨ੍ਹਾਂ ਨੇ ਵਿਸ਼ਿਸ਼ਟ ਸਾਹਿਤ ਦੀ ਸਿਰਜਨਾ ਵਿਚ ਬਹੁਤ ਹਿੱਸਾ ਪਾਇਆ ਹੈ। ਕੋਈ ਵੀ ਸਾਹਿਤਕਾਰ ਆਪਣੇ ਵਿਰਸੇ ਨਾਲ ਜੁੜਿਆ ਹੁੰਦਾ ਹੈ। ਇਸ ਕਰਕੇ ਕਥਾਨਕ ਰੂੜ੍ਹੀਆਂ ਨੂੰ ਸਾਹਿਤਕਾਰ ਆਪਣੀ ਰਚਨਾ ਵਿਚ ਸਹਿਜੇ ਹੀ ਸਿਰਜ ਲੈਂਦਾ ਹੈ। ਇਹੀ ਕਾਰਨ ਹੈ ਕਿ ਸੂਫ਼ੀ-ਕਾਵਿ, ਵਾਰ-ਕਾਵਿ, ਕਿੱਸਾ-ਕਾਵਿ ਅਤੇ ਸਿੱਖ ਗੁਰੂ ਸਹਿਬਾਨ ਤੇ ਭਾਈ ਗੁਰਦਾਸ ਤੋਂ ਇਲਾਵਾ ਹੋਰ ਸਾਹਿਤਕਾਰਾਂ ਜਾਂ ਕਹਾਣੀਕਾਰਾਂ ਵੱਲੋਂ ਸਿਰਜੀ ਰਚਨਾ ਦੇ ਬਿਰਤਾਂਤ ਵਿਚ ਅਜਿਹੀਆਂ ਵਸਤੂਗਤ ਕਥਾਵਾਂ, ਦ੍ਰਿਸ਼ਟਾਂਤਾਂ ਜਾਂ ਕਥਾਨਕ ਰੂੜ੍ਹੀਆਂ ਨੂੰ ਬਹੁਤ ਵੱਡੀ ਗਿਣਤੀ ਵਿਚ ਵੇਖਿਆ ਜਾ ਸਕਦਾ ਹੈ।

## II) ਵਿਸ਼ੇ ਅਧਾਰਿਤ ਵਰਗੀਕਰਣ

ਮਨੁੱਖ ਇਕ ਸਮਾਜਿਕ ਜੀਵ ਹੈ ਤੇ ਜੀਵਨ ਦਾ ਖੇਤਰ ਵਿਸ਼ਾਲ ਹੈ। ਜੀਵਨ ਦੀ ਬਾਰੀਕੀ, ਵੱਖਰੇਪਨ, ਵਿਸ਼ਾਲਤਾ ਆਦਿ ਨੂੰ ਸਮਝਣ ਲਈ ਚਿੰਤਕਾਂ ਨੇ ਮਨੁੱਖੀ ਸ਼ੌਂਕ ਦੇ ਪਰਿਪੇਖ ਵਿਚ ਕਈ ਰੰਗਾਂ ਤੇ ਸੁਗੰਧਾਂ ਦਾ ਜ਼ਿਕਰ ਕੀਤਾ ਹੈ। ਇਸ ਵਿਸ਼ਾਲ ਖੇਤਰ ਵਿਚ ਕਈ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਜਿਨ੍ਹਾਂ ਦੀ ਪੇਸ਼ਕਾਰੀ ਲਈ ਕਿਸੇ ਖ਼ਾਸ ਨੁਕਤੇ ਦੀ ਜ਼ਰੂਰਤ ਹੁੰਦੀ ਹੈ। ਹਰ ਕਹਾਣੀਕਾਰ ਆਪਣੇ ਨੁਕਤੇ ਨੂੰ ਪੇਸ਼ ਕਰਨ ਲਈ ਵਿਸ਼ਾ ਚੁਣਦਾ ਹੈ, ਜਿਸ ਨੂੰ ਉਹ ਆਪਣੇ ਨਜ਼ਰੀਏ ਰਾਹੀਂ ਕਲਾਤਮਕ ਪ੍ਰਗਟਾਵਾ ਦਿੰਦਾ ਹੈ। ਪੰਜਾਬੀ ਕਹਾਣੀਕਾਰਾਂ 'ਤੇ ਜਿਹੜੀਆਂ ਰੁਚੀਆਂ ਵਧੇਰੇ ਬਲਵਾਨ ਰਹੀਆਂ ਹਨ, ਉਨ੍ਹਾਂ ਰੁਚੀਆਂ ਨੂੰ ਹੀ ਕਹਾਣੀਕਾਰ ਨੇ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ ਜੋ ਇਸ ਪ੍ਰਕਾਰ ਹਨ:-

**i) ਧਾਰਮਿਕ ਕਹਾਣੀ:** ਮਨੁੱਖ ਦੇ ਸਰੀਰ ਵਿਚ ਅਹਿਮੀਅਤ ਆਤਮਾ ਦੀ ਹੈ ਤੇ ਆਤਮਾ ਦਾ ਸਬੰਧ ਅਧਿਆਤਮਿਕ ਹੋਣ ਕਾਰਨ ਮਨੁੱਖ ਅੰਦਰ ਧਾਰਮਿਕ ਰੁਚੀ ਹਮੇਸ਼ਾ ਬਲਵਾਨ ਰਹੀ ਹੈ। ਮਨੁੱਖ ਮੁੱਢ ਤੋਂ ਹੀ ਧਰਮ ਦੇ ਪ੍ਰਚਾਰ ਲਈ ਗਲਪ ਸ਼ੈਲੀ ਦੀ ਵਰਤੋਂ ਕਰਦਾ ਆਇਆ ਹੈ। ਪੰਜਾਬੀ ਵਿਚ ਗੋਸ਼ਟਾਂ, ਬਚਨਾਂ, ਚਮਤਕਾਰਾਂ ਆਦਿ ਦੀਆਂ ਬਹੁਤ ਸਾਰੀਆਂ ਸਾਖੀਆਂ ਕਹਾਣੀ ਸ਼ੈਲੀ ਅਨੁਸਾਰ ਲਿਖੀਆਂ ਗਈਆਂ ਹਨ। ਭਾਈ ਵੀਰ ਸਿੰਘ ਦੁਆਰਾ ਲਿਖੇ ਗਏ 'ਗੁਰੂ ਨਾਨਕ ਚਮਤਕਾਰ' ਅਤੇ 'ਕਲਗੀਧਰ ਚਮਤਕਾਰ' ਆਦਿ ਨੇ ਪੰਜਾਬੀ ਕਹਾਣੀ ਨੂੰ ਨਵੀਨ ਰੂਪ ਧਾਰਨ ਕਰਨ ਅਤੇ ਵਿਗਸਣ ਵਿਚ ਬਹੁਤ ਮਦਦ ਕੀਤੀ ਹੈ। ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਕਰਾਮਾਤ' ਅਤੇ 'ਰੱਬ ਤੇ ਰੇਡੀਉ' ਤੋਂ ਇਲਾਵਾ ਦੇਵਿੰਦਰ ਸਤਿਆਰਥੀ ਦੀ ਕਹਾਣੀ 'ਅੰਨ ਦੇਵਤਾ' ਤੇ 'ਦੇਵਤਾ ਡਿਗ ਪਿਆ' ਆਦਿ ਇਸ ਵਰਗ ਦੇ ਸਫ਼ਲ ਨਮੂਨੇ ਹਨ।

**ii) ਇਤਿਹਾਸਕ ਕਹਾਣੀ:** ਇਤਿਹਾਸਕ ਕਹਾਣੀ ਸਬੰਧੀ ਡਾ. ਸਵਿੰਦਰ ਸਿੰਘ ਉੱਪਲ ਦੀ ਇਹ ਟਿੱਪਣੀ ਬੜੀ ਸਾਰਥਕ ਹੈ ਕਿ ''ਇਤਿਹਾਸ ਦਾ ਆਧਾਰ ਨਿਰੋਲ 'ਅਸਲੀਅਤ' ਅਤੇ ਕਹਾਣੀ ਦਾ ਆਧਾਰ 'ਕਲਪਨਾ' ਵਿਚ ਹੈ। 'ਅਸਲੀਅਤ' ਅਤੇ 'ਕਲਪਨਾ' ਆਪਸ ਵਿਚ ਅੰਤਰ-ਵਿਰੋਧੀ ਹਨ ਪਰ ਸਿਆਣਾ ਕਹਾਣੀਕਾਰ ਇਨ੍ਹਾਂ ਅੰਤਰ-ਵਿਰੋਧੀ ਅੰਸ਼ਾਂ ਨੂੰ ਕਲਾਤਮਕ ਅੰਸ਼ਾਂ ਨਾਲ ਸੁਮੇਲ ਸਕਦਾ ਹੈ।'' ਇਤਿਹਾਸਕਾਰ ਅਤੇ ਇਤਿਹਾਸਕ ਕਹਾਣੀਕਾਰ ਦੇ ਮੰਤਵ ਤੇ ਸਾਧਨ ਵੱਖ-ਵੱਖ ਹੁੰਦੇ ਹਨ। ਇਤਿਹਾਸਕਾਰ ਦੀ ਬਹੁਤੀ ਚਿੰਤਾ ਇਤਿਹਾਸਕ ਘਟਨਾਵਾਂ ਅਤੇ ਪਾਤਰਾਂ ਦੀ ਸੁੱਚਮਤਾ ਜਾਂ ਪ੍ਰਮਾਣੀਕਤਾ ਹੁੰਦੀ ਹੈ, ਜੋ ਇਤਿਹਾਸਕ ਕਹਾਣੀਕਾਰ ਲਈ ਘੱਟ ਮਹੱਤਵ ਰੱਖਦੀ ਹੈ। ਇਸ ਸਬੰਧੀ ਕਿਸੇ ਚਿੰਤਕ ਦੀ ਆਖੀ ਹੋਈ ਗੱਲ ਵਿਚ ਬਹੁਤ ਹੀ ਸਾਰਥਿਕਤਾ ਹੈ ਕਿ 'ਇਤਿਹਾਸ ਵਿਚ ਵਿਅਕਤੀਆਂ ਤੇ ਤਾਰੀਖ਼ਾਂ ਤੋਂ ਇਲਾਵਾ ਕੁਝ ਵੀ ਸੱਚਾ ਨਹੀਂ ਹੁੰਦਾ ਪਰ ਸਾਹਿਤ ਵਿਚ ਇਨ੍ਹਾਂ ਦੋਹਾਂ ਗੱਲਾਂ ਤੋਂ ਇਲਾਵਾ ਸਭ ਕੁਝ ਸੱਚਾ ਹੁੰਦਾ ਹੈ।' ਈ.ਏ. ਬੇਕਰ (E.A. Baker) ਅਨੁਸਾਰ; ''ਸਫ਼ਲ ਇਤਿਹਾਸਕ ਗਲਪਕਾਰ ਲਈ ਤਿੰਨ ਸ਼ਕਤੀਆਂ ਦਾ ਹੋਣਾ ਜ਼ਰੂਰੀ ਹੁੰਦਾ ਹੈ। ਪਹਿਲੀ ਗੱਲ ਤਾਂ ਇਹ ਕਿ ਉਸ ਲੇਖਕ ਦਾ ਮਨ ਚੁਣੇ ਇਤਿਹਾਸਕ ਸਮੇਂ ਦੀਆਂ ਮੁੜ ਤਾਜ਼ਾ ਕੀਤੀਆਂ ਜਾ ਰਹੀਆਂ ਯਾਦਾਂ ਨਾਲ ਇੰਜ ਭਰਪੂਰ ਹੋਵੇ, ਜਿਵੇਂ ਉਸ ਨੇ ਖ਼ੁਦ ਇਹ ਜੀਵਨ ਸਮਕਾਲੀ ਜੀਵਨ ਵਾਂਗ ਹੰਢਾਇਆ ਹੋਵੇ ਅਤੇ ਦੂਜਿਆਂ ਸਮਿਆਂ ਤੋਂ ਨਿਖੜਿਆ-ਨਿਖੜਿਆ ਲੱਗੇ। ਦੂਜੇ ਉਸ ਦੇ ਮਨ ਵਿਚ ਉਸ ਚੁਣਨ ਸਮੇਂ ਅਨੁਕੂਲ ਲਗਦੇ ਪਾਤਰਾਂ ਦੇ ਅਣਗਿਣਤ ਚਿਹਰੇ ਹੋਣ ਜੋ ਉਸ ਦੇ ਹੁਕਮ ਵਿਚ ਚੱਲਣ। ਤੀਜੇ ਇਸ ਵਡਮੁੱਲੇ ਅਤੇ ਅਣਗਿਣਤ ਖਜ਼ਾਨੇ ਨੂੰ ਇਕ ਢੁੱਕਵੀਂ-ਫਬਵੀਂ ਗੋਂਦ ਰਾਹੀਂ ਕਲਾਤਮਕ ਤਰੀਕੇ ਨਾਲ ਸਮੇਟਣ।'' ਬੇਕਰ ਦੀਆਂ ਇਹ ਤਿੰਨੇ ਗੱਲਾਂ ਇਤਿਹਾਸਕ ਰਚਨਾ ਲਈ ਮੂਲ ਸਿਧਾਂਤ ਹਨ। ਅਸਲ ਵਿਚ ਇਤਿਹਾਸਕ-ਕਹਾਣੀਕਾਰ ਪੁਰਾਣੇ ਇਤਿਹਾਸ ਨੂੰ ਆਪਣੀਆਂ ਕਹਾਣੀਆਂ ਵਿਚ ਕੋਈ ਨਵ-ਉਦੇਸ਼ ਪ੍ਰਗਟਾਉਣ ਲਈ ਹੀ ਕਲਪਨਾ ਤਕਨੀਕ ਰਾਹੀਂ ਵਰਤਦਾ ਹੈ। ਪੰਜਾਬੀ ਵਿਚ ਵੀ ਸਾਨੂੰ ਕੁਝ ਇਤਿਹਾਸਕ ਕਹਾਣੀਆਂ ਲਿਖੀਆਂ ਮਿਲਦੀਆਂ ਹਨ। ਸੋ ਇਕ ਸਫ਼ਲ ਇਤਿਹਾਸਕ ਕਹਾਣੀਕਾਰ ਬਣਨ ਲਈ ਜ਼ਰੂਰੀ ਹੈ ਕਿ ਲੇਖਕ ਦੇ ਮਨ ਵਿਚ ਇਤਿਹਾਸ ਲਈ ਪਿਆਰ ਹੋਵੇ ਅਤੇ ਉਹ ਇਤਿਹਾਸ-ਅਧਿਐਨ ਲਈ ਮਿਹਨਤ ਕਰਨ ਦੀ ਲਗਨ ਰਖਦਾ ਹੋਵੇ।

**iii) ਪੌਰਾਣਿਕ ਕਹਾਣੀ:** ਕਹਾਣੀ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਸਭ ਤੋਂ ਪਹਿਲਾਂ ਪੌਰਾਣਿਕ ਕਹਾਣੀ ਦਾ ਜਨਮ ਹੋਇਆ। ਪੌਰਾਣਿਕ ਕਹਾਣੀ ਦਾ ਆਧਾਰ ਮਿੱਥ ਹੁੰਦਾ ਹੈ। ਆਰਥਰ ਬਰਾਊਨ (Arthur Brown) ਅਨੁਸਾਰ; ''ਅਣ-ਪ੍ਰਮਾਣਿਕ ਜਾਂ ਅਣ-ਇਤਿਹਾਸਕ ਜਾਂ ਅੱਧ-ਇਤਿਹਾਸਕ ਕਥਾ ਜਿਹੜੀ ਪੁਰਾਣੇ ਸਮੇਂ ਤੋਂ ਤੁਰਦੀ-ਤੁਰਦੀ ਪ੍ਰੰਪਰਾ ਰਾਹੀਂ ਸਾਡੇ ਤੀਕ ਪਹੁੰਚੀ ਹੋਵੇ ਅਤੇ ਜਿਸ ਨੂੰ ਅਸੀਂ ਇਕ ਤਰ੍ਹਾਂ ਦਾ ਇਤਿਹਾਸਕ ਹੀ ਮੰਨ ਲਿਆ ਹੋਵੇ, ਪੌਰਾਣਿਕ ਕਹਾਣੀ ਹੈ।... ਪਰਾਸਰੀਰਕਤਾ (Supernaturalism) ਇਸ ਦਾ ਇਕ ਜ਼ਰੂਰੀ ਅੰਗ ਹੁੰਦਾ ਹੈ ਅਤੇ ਪੌਰਾਣਿਕ ਕਥਾਵਾਂ ਲਗਾਤਾਰ ਹਰ ਸਮੇਂ ਬਣਦੀਆਂ ਟੁੱਟਦੀਆਂ ਰਹਿੰਦੀਆਂ ਹਨ।'' ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ; ''ਕਿਸੇ ਦੰਦ-ਕਥਾ (Legend) ਦੀ ਹੋਂਦ ਨਿਸ਼ਚਿਤ ਕਰਨਾ ਅਤੇ ਉਸ ਨੂੰ ਇਤਿਹਾਸ ਦੇ ਕਾਲ-ਕ੍ਰਮ ਵਿਚ ਬੰਨ੍ਹਣਾ ਮੁਮਕਿਨ ਨਹੀਂ ਹੁੰਦਾ, ਕਿਉਂ ਜੋ ਇਸ ਦਾ ਅਸਤਿਤਵ ਸਮੇਂ ਸਥਾਨ ਵਿਚ ਨਹੀਂ ਲੋਕ-ਮਨ ਵਿਚ ਹੁੰਦਾ ਹੈ। ਇਸ ਦਾ ਸੱਚ ਇਤਿਹਾਸ ਦਾ ਤੱਥ ਨਹੀਂ ਚਰਿੱਤਰ ਦਾ ਸੱਚ ਜਾਂ ਲੋਕ-ਸੱਚ ਹੈ।'' ਖ਼ਾਸ ਗੱਲ ਇਹ ਹੈ ਕਿ ਪੌਰਾਣਿਕ ਕਹਾਣੀ ਨੂੰ ਮੰਨਣ ਵਾਲੇ ਇਸ ਵਿਚ ਅਥਾਹ ਵਿਸ਼ਵਾਸ ਕਰਦੇ ਹਨ। ਪੌਰਾਣਿਕ ਕਹਾਣੀਆਂ ਲਿਖਣ ਸਮੇਂ

ਜ਼ਿਆਦਾਤਰ ਪੰਜਾਬ ਦੀਆਂ ਪ੍ਰੀਤ-ਜੋੜੀਆਂ ਹੀ ਪ੍ਰਧਾਨ ਰਹੀਆਂ ਹਨ। ਪੰਜਾਬੀ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਪੌਰਾਣਿਕ ਕਥਾ ਤੋਂ ਪੌਰਾਣਿਕ ਕਹਾਣੀ ਦਾ ਅੰਤਰ ਪਹਿਲੀ ਵਾਰ 'ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ' ਪੁਸਤਕ ਰਾਹੀਂ ਕੀਤਾ ਹੈ। ਇਸ ਵਿਚ ਪ੍ਰੀਤਲੜੀ ਨੇ ਇਨ੍ਹਾਂ ਪੌਰਾਣਿਕ-ਕਥਾਵਾਂ ਨੂੰ ਤਰਕੀਕਰਨ (rationalization) ਅਤੇ ਆਧੁਨਿਕੀਕਰਨ (modernization) ਦੇ ਦ੍ਰਿਸ਼ਟੀਕੋਣ ਰਾਹੀਂ ਪੇਸ਼ ਕੀਤਾ ਹੈ। ਗੁਰਬਖ਼ਸ਼ ਸਿੰਘ ਨੂੰ ਇਹ ਪ੍ਰੇਮੀ ਸਰੀਰ ਦੇ ਘੱਟ ਪਰ ਰੂਹ ਦੇ ਵਧੇਰੇ ਪ੍ਰੇਮੀ ਲੱਗਦੇ ਹਨ। ਇਨ੍ਹਾਂ ਪ੍ਰੇਮੀਆਂ ਨੂੰ ਬਹਾਦਰ ਦਸਦਾ ਹੋਇਆ ਉਨ੍ਹਾਂ ਪ੍ਰਤੀ ਆਪਣਾ ਅਥਾਹ ਆਦਰ ਪ੍ਰਗਟਾਉਂਦੇ ਹੋਏ ਪ੍ਰੀਤਲੜੀ ਲਿਖਦੇ ਹਨ; ''ਸ਼ਖ਼ਸੀ ਸੁਤੰਤਰਤਾ ਅਤੇ ਮਨੁੱਖੀ ਸਾਂਝਾਂ ਦੇ ਸੰਗਰਾਮ ਵਿਚ ਇਹ ਕਹਾਣੀਆਂ ਮਹਾਨ ਸ਼ਹੀਦੀਆਂ ਦੀਆਂ ਅਭੁੱਲ ਯਾਦਾਂ ਹਨ। ਪਰ ਕਈ ਕਿੱਸਾਕਾਰਾਂ ਨੇ ਸਦੀਵੀ ਸਾਂਝਾਂ ਲਈ ਏਸ ਮਨੁੱਖੀ ਤੜਪ ਨੂੰ ਜਿਨਸੀ ਮੌਜ-ਮੇਲੇ ਦੀ ਕਾਮਨਾ ਖ਼ਿਆਲ ਕੀਤਾ ਹੈ। ਮੇਰਾ ਅਨੁਮਾਨ ਇਨ੍ਹਾਂ ਕਹਾਣੀਆਂ ਬਾਰੇ ਬਹੁਤ ਉੱਚਾ ਹੈ। ਮਨੁੱਖੀ ਸੁਤੰਤਰਤਾ ਦੇ ਸੰਗਰਾਮ ਵਿਚ ਮੈਂ ਇਨ੍ਹਾਂ ਦਾ ਹਿੱਸਾ ਬਹੁਤ ਕੀਮਤੀ ਸਮਝਦਾ ਹਾਂ।'' ਡਾ. ਸਵਿੰਦਰ ਸਿੰਘ ਉੱਪਲ ਪੌਰਾਣਿਕ ਕਹਾਣੀਆਂ ਦੀ ਅਹਿਮੀਅਤ ਦਰਸਾਉਂਦਾ ਲਿਖਦਾ ਹੈ; ''ਪੰਜਾਬ ਦੀਆਂ ਪੌਰਾਣਿਕ ਕਹਾਣੀਆਂ ਪੰਜਾਬੀਆਂ ਦੇ ਤਿੰਨੋਂ ਪ੍ਰਮੁੱਖ ਤੱਤਾਂ- ਪ੍ਰੀਤ, ਭਗਤੀ ਤੇ ਸ਼ਕਤੀ ਨੂੰ ਆਪਣੇ ਵਿਚ ਸਮੋ ਕੇ ਪੇਸ਼ ਕਰਦੀਆਂ ਹਨ। ਇਹ ਪ੍ਰੀਤ ਜੋੜਿਆਂ ਪ੍ਰਤੀ ਹੱਲਾਸ਼ੇਰੀ ਅਤੇ ਪ੍ਰੀਤ ਦੁਸ਼ਮਣਾਂ 'ਤੇ ਤਿੱਖਾ ਵਿਅੰਗ ਕਸਦੀਆਂ ਹਨ।''

ਪਾਤਰ ਪੱਖ ਤੋਂ ਮਿੱਥ ਅਤੇ ਪੌਰਣਿਕ ਕਹਾਣੀ ਵਿਚ ਫ਼ਰਕ ਇਹ ਹੈ ਕਿ ਜਿੱਥੇ ਮਿੱਥ ਦੇ ਬਹੁਤੇ ਤੇ ਪ੍ਰਮੁੱਖ ਪਾਤਰ ਦੇਵੀ-ਦੇਵਤੇ ਅਤੇ ਅਜ਼ੀਬ ਕਿਸਮ ਦੇ ਹੁੰਦੇ ਹਨ, ਉਥੇ ਪੌਰਣਿਕ ਕਹਾਣੀ ਦੇ ਬਹੁਤੇ ਪਾਤਰ ਹੱਡ-ਮਾਸ ਦੇ ਜਿਉਂਦੇ ਜਾਗਦੇ ਅਤੇ ਇਨਸਾਨਾਂ ਦੇ ਵਧੇਰੇ ਨੇੜੇ ਹੁੰਦੇ ਹਨ। ਹਾਂ ਇਨ੍ਹਾਂ ਵਿਚ ਮਨੁੱਖੀ ਪਾਤਰਾਂ ਦੇ ਨਾਲ ਪਸ਼ੂ, ਪੰਛੀਆਂ ਤੋਂ ਇਲਾਵਾ ਹੋਰ ਜੀਵ-ਜੰਤੂ ਆਦਿ ਵੀ ਸਹਾਇਕ ਪਾਤਰ ਬਣ ਜਾਂਦੇ ਹਨ। ਕੁਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਸਾਹਿਤ ਵਿਚ ਜਿੱਥੇ ਇਨ੍ਹਾਂ ਪੌਰਾਣਿਕ ਕਹਾਣੀਆਂ ਦੀ ਸਾਹਿਤਕ ਅਮੀਰੀ ਹੈ, ਉਥੇ ਪੰਜਾਬੀ ਵਿਰਸੇ ਵਿਚ ਸੂਰਬੀਰਤਾ, ਸੱਭਿਆਚਾਰਕ ਅਤੇ ਇਤਿਹਾਸਕ ਮਹੱਤਤਾ ਵੀ ਬਹੁਤ ਮਹਾਨ ਹੈ।

**iv) ਕਲਪਿਤ ਕਹਾਣੀ:** ਇਤਿਹਾਸਕ ਕਹਾਣੀ ਵਿਚ ਸਚਾਈ ਪ੍ਰਧਾਨ ਹੋਣ ਵਾਂਗ ਕਲਪਿਤ ਕਹਾਣੀ ਵਿਚ ਕਲਪਨਾ ਪ੍ਰਧਾਨ ਹੁੰਦੀ ਹੈ। ਵੈਸੇ ਵੀ ਸਾਹਿਤ ਕਲਪਨਾ ਅਤੇ ਯਥਾਰਥ ਦਾ ਸੁਮੇਲ ਹੁੰਦਾ ਹੈ। ਸੁੱਘੜ ਕਹਾਣੀਕਾਰ ਕਲਪਿਤ ਕਹਾਣੀ ਵਿਚ ਵਾਸਤਵਿਕਤਾ ਦੀ ਥਾਂ ਆਪਣੇ ਮਨੋ-ਸਿਰਜੀ ਕਲਪਿਤ ਦੁਨੀਆਂ 'ਤੇ ਇਤਿਹਾਸਕਤਾ ਜਾਂ ਯਥਾਰਥਕਤਾ ਦੀ ਮੋਹਰ ਲਗਾ ਕੇ ਅਜਿਹਾ ਕਲਾਤਮਕ ਪ੍ਰਭਾਵ ਸਿਰਜਦਾ ਹੈ, ਜਿਸ ਨੂੰ ਪਾਠਕ ਬਿਨਾਂ ਕਿਸੇ ਹੀਲ-ਦਲੀਲ ਦੇ ਸੱਚ ਮੰਨ ਲੈਂਦੇ ਹਨ। ਅਸਲ ਵਿਚ ਕਲਪਨਾ ਤੋਂ ਬਿਨਾਂ ਕੋਈ ਕਹਾਣੀ ਲਿਖੀ ਹੀ ਨਹੀਂ ਜਾ ਸਕਦੀ, ਕਿਉਂਕਿ ਕਲਪਨਾ ਦੀ ਸਹਾਇਤਾ ਨਾਲ ਹੀ ਕਹਾਣੀਕਾਰ ਵਸਤੂ-ਜਗਤ ਦੀ ਵਾਸਤਵਿਕਤਾ ਨੂੰ ਗਲਪ-ਜਗਤ ਦੇ ਯਥਾਰਥ ਵਿਚ ਬਦਲਦਾ ਹੈ। ਅਜਿਹੀ ਕਹਾਣੀ ਵਿਚ ਅਸਲੀਅਤ ਤਾਂ ਕਹਾਣੀ ਨੂੰ ਅੱਗੇ ਤੋਰਨ ਲਈ ਕਿਸੇ ਨਾ ਕਿਸੇ ਤੁਰਨ-ਅੰਸ਼ ਵਿਚ ਹੀ ਛੁਪੀ ਹੁੰਦੀ ਹੈ। ਡਾ. ਉੱਪਲ ਕਲਪਿਤ ਕਹਾਣੀ ਨੂੰ ਇਕ ਨਵੀਂ ਵਿਧੀ ਕਹਿੰਦਾ ਹੈ, ਉਹ ਇਹ ਕਿ ''ਕੋਈ ਕਹਾਣੀਕਾਰ ਕਿਸੇ ਨਿਰਜਿੰਦ ਵਸਤੂ ਨੂੰ ਜਾਨਦਾਰ ਪਾਤਰ ਬਣਾ ਕੇ ਆਪਣੀ ਕਲਪਨਾ ਦੀ ਸਹਾਇਤਾ ਨਾਲ ਉਸ ਨੂੰ ਇਕ ਅਜਿਹੀ ਜ਼ੁਬਾਨ ਬਖ਼ਸ਼ਦਾ ਹੈ ਕਿ ਉਹ ਪਾਤਰ ਮਨੁੱਖਾਂ ਵਾਂਗ ਗੱਲਾਂ ਕਰਨ ਲੱਗ ਜਾਂਦਾ ਹੈ।''

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਕਲਪਿਤ ਕਹਾਣੀਆਂ ਲਿਖੀਆਂ ਜਾਣ ਪਿੱਛੇ ਲੋਕਧਾਰਾ ਦੀ ਅਹਿਮ ਭੂਮਿਕਾ ਰਹੀ ਹੈ, ਕਿਉਂਕਿ ਇਹ ਪਰਾਲੋਕਿਕ ਜਾਂ ਪਰਾਸਰੀਰਕ ਸ਼ਕਤੀਆਂ/ਭਰਮਾਂ ਦੇ ਆਧਾਰ 'ਤੇ ਲੋਕ ਅੰਧ-ਵਿਸ਼ਵਾਸ ਦਾ ਉਹ ਪ੍ਰਵਾਹ ਹੈ ਜੋ ਸਦੀਆਂ ਤੋਂ ਲੋਕ-ਮਨ ਵਿਚ ਮੂੰਹੋਂ-ਮੂੰਹੀਂ ਜਾਂ ਦੰਤ-ਕਥਾ ਰਾਹੀਂ ਤੁਰਿਆ ਆ ਰਿਹਾ ਹੈ। ਪੰਜਾਬੀ ਸਾਹਿਤ ਜਗਤ ਵਿਚ ਨਿਰੋਲ ਕਲਪਿਤ ਕਹਾਣੀ ਬਹੁਤ ਘੱਟ ਰੂਪ ਵਿਚ ਮਿਲਦੀ ਹੈ।

**v) ਜਾਸੂਸੀ ਕਹਾਣੀ:** ਲੋਕਯਾਨ ਵਿਚ ਜਾਸੂਸੀ ਅੰਸ਼ ਵਾਲੀਆਂ ਕਹਾਣੀਆਂ ਮਿਲਦੀਆਂ ਹਨ। ਹੇਵਰਡ ਜੂਡਿਥ (Hayward Judith) ਮੁਤਾਬਕ; ''ਜਿਸ ਕਹਾਣੀ ਵਿਚ ਪ੍ਰਾਈਵੇਟ ਮਨੁੱਖ ਜਾਂ ਪੁਲਿਸ ਜੁਰਮ ਦਾ ਪਤਾ ਲਗਾਉਣ, ਤੱਥਾਂ ਦੀ ਅਸਲੀਅਤ ਬਾਰੇ ਜਾਨਣ ਜਾਂ ਗੁਆਚੇ ਬੰਦਿਆਂ ਨੂੰ ਲੱਭਣ, ਉਹ ਜਾਸੂਸੀ ਕਹਾਣੀ ਹੈ।''

ਜਾਸੂਸੀ ਕਹਾਣੀ ਦਾ ਨਾਇਕ ਜਾਂ ਨਾਇਕਾਂ ਕਿਸੇ ਗੁਪਤ ਗੱਲ ਦਾ ਭੇਦ ਕੱਢਣ ਲਈ ਚਲਾਕੀ, ਹਿੰਮਤ, ਸੂਝ-ਬੂਝ, ਬਹਾਦਰੀ ਆਦਿ ਤੋਂ ਕੰਮ ਲੈਂਦੇ ਹੋਏ ਆਪਣੇ ਸਫ਼ਰ ਜਾਂ ਮੁਹਿੰਮ ਨੂੰ ਸਫ਼ਲ ਬਣਾਉਂਦੇ ਹਨ। ਇਸ ਪ੍ਰਾਪਤੀ ਲਈ ਬਹਾਦਰ ਤੇ ਅਦਭੁੱਤ ਸ਼ਕਤੀਆਂ ਨਾਲ ਟੱਕਰ ਲੈਂਦੇ ਹੋਏ ਜਿੱਤ ਪ੍ਰਾਪਤ ਕਰਦੇ ਹਨ। ਅੰਗਰੇਜ਼ੀ ਸਾਹਿਤ ਵਿਚ ਐਲਿਨ ਪੋ ਅਜਿਹੀ ਕਿਸਮ ਦੀਆਂ ਕਹਾਣੀਆਂ ਲਿਖਣ ਲਈ ਚਰਚਿਤ ਰਿਹਾ ਹੈ। ਪੰਜਾਬੀ ਵਿਚ ਇਸ ਵੰਨਗੀ ਦੀਆਂ ਬਹੁਤੀਆਂ ਕਹਾਣੀਆਂ ਅਨੁਵਾਦਿਤ ਹੀ ਮਿਲਦੀਆਂ ਹਨ। ਮੋਹਨ ਸਿੰਘ ਵੈਦ ਦੀ 'ਕੌਮ ਲਈ ਕੁਰਬਾਨੀ', ਸੁਜਾਨ ਸਿੰਘ ਦੀ 'ਆਤਮਾ ਦੀ ਸ਼ਾਂਤੀ' ਅਤੇ 'ਰਾਕਸ਼-ਗੁਫ਼ਾ ਦੇ ਭੇਤ' ਆਦਿ ਇਸ ਵੰਨਗੀ ਦੀਆਂ ਕਹਾਣੀਆਂ ਦੇ ਮੋਢੀ ਰਹੇ ਹਨ। ਪੰਜਾਬੀ ਵਿਚ ਜਾਸੂਸੀ ਕਹਾਣੀ ਦਾ ਘੱਟ ਲਿਖੇ ਜਾਣ ਦਾ ਕਾਰਨ ਇਹ ਹੈ ਕਿ ਪੰਜਾਬੀਆਂ ਦਾ ਖੁੱਲ੍ਹੇ ਸੁਭਾਅ ਦੇ ਅਨੁਕੂਲ ਹੋਣ ਕਾਰਨ ਅਸਲੀਅਤ ਦੇ ਨੇੜੇ ਅਤੇ ਕਲਪਨਾ ਤੋਂ ਦੂਰ ਹੋਣਾ ਹੈ।

**vi) ਮਨੋਰੰਜਨ ਕਹਾਣੀ:** ਮਨੋਰੰਜਨ (ਮਨ-ਪਰਚਾਵਾ) ਕਹਾਣੀ ਵਿਚ ਮੁੱਢ ਤੋਂ ਹੀ ਚਲਿਆ ਆ ਰਿਹਾ ਹੈ, ਕਿਉਂਕਿ ਮਨ-ਪਰਚਾਵਾ ਸਾਹਿਤ ਰਚਨਾ ਦਾ ਮਨੋਰਥ ਹੈ। ਇਹ ਵੱਖਰੀ ਗੱਲ ਹੈ ਕਿ ਕਿਸੇ ਰਚਨਾ ਵਿਚ ਇਹ ਅੰਸ਼ ਘੱਟ ਜਾਂ ਵੱਧ ਮਾਤਰਾ ਵਿਚ ਹੋ ਸਕਦਾ ਹੈ। ਮਨੋਰੰਜਨ ਬਿਨਾਂ ਕਹਾਣੀ ਇਉਂ ਹੋਵੇਗੀ ਜਿਵੇਂ ਸੁਗੰਧ ਬਿਨਾਂ ਕੋਈ ਫੁੱਲ ਅਤੇ ਸੁਆਦ ਬਿਨਾਂ ਕੋਈ ਭੋਜਨ। ਡਾ. ਹਰਨਾਮ ਸਿੰਘ ਸ਼ਾਨ ਮੁਤਾਬਕ; ''ਇਨ੍ਹਾਂ ਦੀ ਡੂੰਘੀ ਤੇ ਵਿਸ਼ਾਲ ਪਕੜ, ਸੁੱਚੇ ਤੇ ਮੁੱਢਲੇ ਜਜ਼ਬੇ, ਸਦਾਚਾਰਕ ਸਚਾਈਆਂ ਤੇ ਸਰਲ ਵਿਆਪੀ ਸਿੱਖਿਆ, ਸਪੱਸ਼ਟ ਬਿਆਨ, ਰੌਚਕ ਤੇ ਸਹਿਜ ਸੁਭਾਵਕ

ਲਹਿਜਾ ਅਤੇ ਆਪ-ਮੁਹਾਰੇ ਚੇਤੇ ਹੋ ਜਾਣ ਦੀ ਸ਼ਕਤੀ ਇਨ੍ਹਾਂ ਨੂੰ ਸਮੁੱਚੇ ਕਹਾਣੀ ਸਾਹਿਤ ਤੋਂ ਨਿਖੇੜਦੀ ਹੈ।''107 ਮਨੋਰੰਜਨ ਕਹਾਣੀ ਸਬੰਧੀ ਡਾ. ਸਵਿੰਦਰ ਸਿੰਘ ਉੱਪਲ ਬਹੁਤ ਹੀ ਢੁਕਵੀਂ ਵਾਕਫ਼ੀਅਤ ਕਰਵਾਉਦਾ ਹੈ; ''ਮਨੋਰੰਜਨ ਲਿਆਉਣ ਦੇ ਇਰਾਦੇ ਨਾਲ ਕਹਾਣੀਕਾਰ ਚੁਸਤ ਗੋਂਦ, ਜ਼ਬਰਦਸਤ ਉਤਸੁਕਤਾ, ਨਾਟਕੀ ਹੈਰਾਨਗੀ, ਖੜਕਵਾਂ ਹਾਸਾ, ਅਦਭੁਤ ਅਨੁਭਵ, ਮਨਮੋਹਣੇ ਨਾਇਕ ਤੇ ਨਾਇਕਾ ਪਾਤਰ ਆਦਿ ਗੱਲਾਂ ਦਾ ਬੜਾ ਖ਼ਿਆਲ ਰਖਦਾ ਹੈ। ਉਹ ਇਸ ਤੱਥ ਤੋਂ ਪੂਰੀ ਤਰ੍ਹਾਂ ਸੁਚੇਤ ਰਹਿੰਦਾ ਹੈ ਕਿ ਮਨੋਰੰਜਨ ਹੀ ਪਾਠਕ ਦੀ ਸਭ ਤੋਂ ਵੱਡੀ ਲੋੜ ਹੈ, ਜਿਸ ਨੂੰ ਪੂਰਿਆਂ ਕਰਨਾ ਉਸ ਦਾ ਪ੍ਰਮੁੱਖ ਫ਼ਰਜ਼ ਹੈ।''

'ਕਲਾ ਕਲਾ ਲਈ ਹੈ' ਧਾਰਨਾ ਦੇ ਸਮਰਥਕ ਮਨੋਰੰਜਕ ਪਹਿਲੂ ਨੂੰ ਕਹਾਣੀ ਦਾ ਅਹਿਮ ਪਹਿਲੂ ਸਮਝਦੇ ਹਨ। ਪੰਜਾਬੀ ਕਹਾਣੀਕਾਰਾਂ ਵਿਚੋਂ ਕਰਤਾਰ ਸਿੰਘ ਦੁੱਗਲ ਇਸ ਸਿਧਾਂਤ ਨੂੰ ਹੁਣ ਤੱਕ ਪਾਲ ਰਿਹਾ ਹੈ। ਪਰ 'ਕਲਾ ਜੀਵਨ ਲਈ ਹੈ' ਸਿਧਾਂਤ ਦੇ ਸਮਰਥਕ ਮਨੋਰੰਜਨ ਨੂੰ ਕਹਾਣੀ ਦਾ ਸਾਧਾਰਣ ਪਹਿਲੂ ਸਮਝਦੇ ਹਨ। ਭਾਵੇਂ ਮਨੋਰੰਜਨ ਲੋਕ ਕਹਾਣੀ ਦੇ ਨਾਲ ਹੀ ਤੁਰਿਆ ਆ ਰਿਹਾ ਹੈ ਪਰ ਪੰਜਾਬੀ ਵਿਚ ਮਨੋਰੰਜਨ ਕਹਾਣੀ ਨਾਲੋਂ ਸਿੱਖਿਆਦਾਇਕ ਕਹਾਣੀਆਂ ਵਧੇਰੇ ਲਿਖੀਆਂ ਗਈਆਂ ਹਨ।

**vii) ਰੋਮਾਂਟਿਕ ਕਹਾਣੀ:** ਰੋਮਾਂਸ ਮਨੁੱਖ ਨੂੰ ਕੁਦਰਤ ਦੀ ਦੇਣ ਹੈ ਅਤੇ ਰੋਮਾਂਸ ਕਾਰਨ ਹੀ ਸ੍ਰਿਸ਼ਟੀ ਵਿਚ ਜੀਵ-ਜੰਤੂਆਂ ਦੀ ਲੜੀ ਅੱਗੇ ਤੁਰਦੀ ਹੈ। ਇਸ ਕਾਰਨ ਰੋਮਾਂਸ ਮਨੁੱਖ ਦੀ ਮੁੱਢਲੀ ਰੁਚੀ ਰਿਹਾ ਹੈ। ਡਾ. ਉੱਪਲ ਨੇ ਰੋਮਾਂਟਿਕ ਕਹਾਣੀ ਦੀਆਂ ਵਿਸ਼ੇਸਤਾਵਾਂ ''ਆਦਰਸ਼ਕ ਪਿਆਰ-ਵਾਰਤਾ, ਖੁਸ਼ਗਵਾਰ ਪਿਆਰ-ਮਿਲਣੀਆਂ, ਖਿੱਚ ਪਾਉਣ ਵਾਲਾ ਤੇ ਚੰਗਾ ਲੱਗਣ ਵਾਲਾ ਵਾਤਾਵਰਣ, ਉਪਭਾਵੁਕਤਾ, ਬਹਾਦਰੀ ਦਿਖਾਉਦੀਆਂ ਲੜਾਈਆਂ, ਅਤਿਕਥਨੀ, ਪਿਆਰ-ਜੁਦਾਈ ਤੇ ਪਿਆਰ-ਸਹਿਕ, ਅਣ-ਯਥਾਰਥਕਤਾ, ਹੈਰਾਨਗੀ, ਲੋਕ-ਪ੍ਰਵਾਨਗੀ, ਕਲਪਨਾ ਦੀਆਂ ਉੱਚੀਆਂ ਉਡਾਰੀਆਂ ਆਦਿ ਦਸਦਾ ਹੈ।'' ਪੰਜਾਬੀ ਸਾਹਿਤ ਵਿਚ ਕਿੱਸਾ-ਕਾਵਿ ਵਿਚਲੇ ਆਸ਼ਕ ਰੋਮਾਂਟਿਕ ਕਹਾਣੀਆਂ ਦਾ ਆਧਾਰ ਹਨ। ਪੰਜਾਬੀ ਪ੍ਰੀਤਾਂ ਦੇ ਪੁਤਲੇ ਤੇ ਪੁਜਾਰੀ ਹੋਣ ਕਾਰਨ ਪੰਜਾਬੀ ਸਾਹਿਤ ਵਿਚ ਰੋਮਾਂਟਿਕ ਕਹਾਣੀਆਂ ਬਹੁਤ ਲਿਖੀਆਂ ਗਈਆਂ ਹਨ। 20ਵੀਂ ਸਦੀ ਵਿਚ ਸਭ ਤੋਂ ਪਹਿਲਾਂ ਤੇ ਵਧੇਰੇ ਰੋਮਾਂਟਿਕ ਕਹਾਣੀਆਂ ਲਿਖਣ ਵਾਲਾ ਕਹਾਣੀਕਾਰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਹੈ, ਜਿਸ ਨੇ 'ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ', 'ਪ੍ਰੀਤ ਕਹਾਣੀਆਂ', 'ਪ੍ਰੀਤਾਂ ਦੀ ਪਹਿਰੇਦਾਰ', 'ਨਾਗ ਪ੍ਰੀਤ ਦਾ ਜਾਦੂ', 'ਅਨੋਖੇ ਤੇ ਇਕੱਲੇ', 'ਵੀਣਾ ਵਿਨੋਦ', 'ਭਾਬੀ ਮੈਨਾ' ਆਦਿ ਲਿਖੀਆਂ ਹਨ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਕਹਾਣੀ-ਕਲਾ ਦਾ ਇਹ ਕਮਾਲ ਹੈ ਕਿ ਉਸ ਦੁਆਰਾ ਲਿਖੀਆਂ ਰੋਮਾਂਟਿਕ ਕਹਾਣੀਆਂ ਵਿਚ ਅਸ਼ਲੀਲਤਾ ਨਾ-ਮਾਤਰ ਹੈ। ਪਿਆਰ ਪੰਜਾਬੀਆਂ ਦੀ ਰੂਹ ਵਿਚ ਵਸਿਆ ਹੋਣ ਕਾਰਨ ਹਰ ਪੰਜਾਬੀ ਕਹਾਣੀਕਾਰ ਨੇ ਰੋਮਾਂਟਿਕ ਪਹਿਲੂ ਨੂੰ ਆਪਣੀਆਂ ਕਹਾਣੀਆਂ ਵਿਚ ਸਮੋਇਆ ਹੈ, ਜਿਸ ਕਾਰਨ ਪੰਜਾਬੀ ਵਿਚ ਰੋਮਾਂਟਿਕ ਕਹਾਣੀ ਕਾਫ਼ੀ ਮਾਤਰਾ ਵਿਚ ਲਿਖੀ ਗਈ ਹੈ।

**viii) ਯਥਾਰਥਕ ਕਹਾਣੀ:** ਆਦਰਸ਼ਕ ਅਤੇ ਰੋਮਾਂਸ ਤੋਂ ਉਲਟ ਪ੍ਰਭਾਵ ਪਾਉਣ ਲਈ ਯਥਾਰਥਕ ਕਹਾਣੀ ਲਿਖੀ ਗਈ। ਅਜੋਕੀ ਪੰਜਾਬੀ ਕਹਾਣੀ ਯਥਾਰਥ ਦੇ ਵਧੇਰੇ ਨੇੜੇ ਹੈ, ਕਿਉਕਿ ਯਥਾਰਥ ਪੰਜਾਬੀਆਂ ਦੀ ਪ੍ਰਮੁੱਖ ਰੁਚੀ ਮੰਨੀ ਜਾਂਦੀ ਹੈ। ਤਰਕਵਾਦੀ ਚਿੰਤਨ, ਵਿਗਿਆਨਕ ਕਾਢਾਂ ਅਤੇ ਮਾਰਕਸਵਾਦ ਨੇ 20ਵੀਂ ਸਦੀ ਵਿਚ ਯਥਾਰਥਕ ਕਹਾਣੀ ਨੂੰ ਨਵੀਂ ਨੁਹਾਰ ਦਿੱਤੀ ਹੈ ਅਤੇ ਪੰਜਾਬੀ ਕਹਾਣੀਕਾਰਾਂ ਵਿਚੋਂ ਸੰਤ ਸਿੰਘ ਸੇਖੋਂ ਯਥਾਰਥ ਪ੍ਰਭਾਵ ਨੂੰ ਸਭ ਤੋਂ ਵਧੇਰੇ ਕਬੂਲਦਾ ਹੋਇਆ ਯਥਾਰਥਵਾਦ ਦੇ ਤਿੰਨ ਪੱਖ- ਪ੍ਰਕਿਰਤੀਵਾਦੀ ਯਥਾਰਥਵਾਦ, ਸਮਾਜਵਾਦੀ ਯਥਾਰਥਵਾਦ (ਪ੍ਰਗਤੀਵਾਦੀ ਯਥਾਰਥਵਾਦ) ਅਤੇ ਗਾਂਧੀਵਾਦੀ ਯਥਾਰਥਵਾਦ ਦਸਦਾ ਹੈ। ਪ੍ਰਗਤੀਵਾਦੀ ਲਹਿਰ ਨੇ ਯਥਾਰਥਕ ਕਹਾਣੀਆਂ ਲਿਖਣ ਵਿਚ ਵੱਡਾ ਯੋਗਦਾਨ ਪਾਇਆ। ਲਗਭਗ ਹਰ ਪੰਜਾਬੀ ਲੇਖਕ ਨੇ ਪ੍ਰਗਤੀਵਾਦੀ ਲਹਿਰ ਦਾ ਪ੍ਰਭਾਵ ਨੂੰ ਪ੍ਰਵਾਨ ਕੀਤਾ ਹੈ, ਜਿਸ ਕਾਰਨ ਯਥਾਰਥਵਾਦ ਕਿਸੇ ਨਾ ਕਿਸੇ ਰੂਪ ਵਿਚ ਪੰਜਾਬੀ ਕਹਾਣੀਕਾਰਾਂ ਦੀ ਅਹਿਮ ਰੁਚੀ ਰਹੀ ਹੈ। ਇਸ ਕਾਰਨ ਪੰਜਾਬੀ ਵਿਚ ਇਸ ਰੁਚੀ ਦੀਆਂ ਬਹੁਤ ਕਹਾਣੀਆਂ ਲਿਖੀਆਂ ਗਈਆਂ ਹਨ।

**ix) ਮਨੋਵਿਗਿਆਨਕ ਕਹਾਣੀ:** ਵਿਗਿਆਨ ਨੇ ਮਨੁੱਖ ਨੂੰ ਕੁਦਰਤੀ ਸ਼ਕਤੀਆਂ ਬਾਰੇ ਜਾਨਣ ਦੀ ਸੋਝੀ ਦਿੱਤੀ ਹੈ। ਠੀਕ ਉਵੇਂ ਹੀ ਮਨੋਵਿਗਿਆਨ (ਮਨ ਦਾ ਵਿਗਿਆਨ) ਮਨੁੱਖ ਮਨ ਦੀਆਂ ਅੰਤਰੀਵੀ ਪਰਤਾਂ ਨੂੰ ਜਾਨਣ ਦਾ ਮਾਧਿਅਮ ਹੈ। ਮਨੋਵਿਗਿਆਨ ਦੇ ਪਹਿਲੇ ਚਿੰਤਕ ਫਰਾਇਡ ਹਨ। ਫਰਾਇਡ ਨੇ ਮਨ ਦੀਆਂ ਤਿੰਨ ਅਵਸਥਾਵਾਂ-ਸੁਚੇਤ, ਅਚੇਤ ਅਤੇ ਅਰਧ-ਚੇਤਨ ਨੂੰ ਸਮਝਣ ਲਈ ਮਨੋ-ਵਿਸ਼ਲੇਸ਼ਣ ਵਿਧੀ ਪੇਸ਼ ਕੀਤੀ। ਮਨੋਵਿਗਿਆਨ ਨੇ ਮਨੁੱਖੀ ਵਿਅਕਤੀਤਵ ਦੇ ਹਰ ਪੱਖ ਨੂੰ ਉਭਾਰਨ ਵਿਚ ਮਹੱਤਤਾ ਦਿੱਤੀ ਹੋਣ ਕਾਰਨ ਅਜੋਕਾ ਪੰਜਾਬੀ ਕਹਾਣੀਕਾਰ ਮਨੋਵਿਗਿਆਨ ਵਿਸ਼ੇ ਨੂੰ ਪਹਿਲ ਦੇ ਰਿਹਾ ਹੈ, ਕਿਉਕਿ ਮਨੋਵਿਗਿਆਨ ਮਨੁੱਖ ਦੀ ਸੰਪੂਰਨ ਜ਼ਿੰਦਗੀ ਨੂੰ ਆਪਣੇ ਅਧਿਐਨ ਘੇਰੇ ਵਿਚ ਲੈਂਦਾ ਹੈ। ਤੁਲਨਾਤਮਕਤਾ ਰਾਹੀਂ ਇਹ ਮਨੁੱਖੀ-ਵਿਉਹਾਰ ਦਾ ਅਧਿਐਨ ਕਰਦਿਆਂ ਮਨੋਵਿਗਿਆਨ ਜਿੱਥੇ ਇਕੋ ਮਨੁੱਖ ਦੇ ਸਮੇਂ-ਸਮੇਂ ਕੀਤੇ ਕਰਮਾਂ ਨੂੰ ਸਮਝਣ ਵਿਚ ਸਹਾਇਤਾ ਕਰਦਾ ਹੈ, ਉਥੇ ਇਕ ਨਾਲੋਂ ਦੂਜੇ ਮਨੁੱਖ ਦੇ ਕਰਮ-ਅੰਤਰ ਦੀ ਵਿਆਖਿਆ ਵੀ ਕਰਦਾ ਹੈ।

ਡਾਰਵਿਨ ਦਾ ਵਿਕਾਸ ਸਿਧਾਂਤ ਮਨੁੱਖ ਨੂੰ ਪਸ਼ੂਆਂ ਤੋਂ ਵਿਕਸਿਆ ਦਸਦਾ ਹੈ ਤੇ ਮਨੁੱਖ ਦਾ ਪਸ਼ੂਆਂ ਨਾਲ ਮੁੱਢ ਕਦੀਮ ਤੋਂ ਵਾਹ ਪੈਂਦਾ ਰਿਹਾ ਹੈ। ਇਸੇ ਕਾਰਨ ਪੰਜਾਬੀ ਵਿਚ ਪਸ਼ੂ ਮਨੋਵਿਗਿਆਨਕ ਅਤੇ ਪੰਛੀ ਮਨੋਵਿਗਿਆਨਕ ਕਹਾਣੀਆਂ ਵੀ ਮਿਲਦੀਆਂ ਹਨ। ਸਾਡੀਆਂ ਪਸ਼ੂ-ਲੋਕ ਕਹਾਣੀਆਂ ਵਿਚ ਵੀ ਦੱਸਿਆ ਗਿਆ ਹੈ ਕਿ ਪਸ਼ੂਆਂ ਦਾ ਵਿਹਾਰ ਤੇ ਅਹਿਸਾਸ ਮਨੁੱਖਾਂ ਵਾਂਗ ਹੀ ਹੁੰਦਾ ਹੈ। ਡਾ. ਉੱਪਲ ਦੇ ਸ਼ਬਦਾਂ ਵਿਚ; ''ਮਨੋਵਿਗਿਆਨਕ ਕਹਾਣੀ ਨੇ ਵਿਧੀ-ਵਿਕਾਸ ਵਿਚ ਬੜੀ ਸਹਾਇਤਾ ਕੀਤੀ ਹੈ। ਇਸ ਨੇ ਗੋਂਦ ਦੇ ਫਾਲਤੂਪਣ ਨੂੰ ਹਟਾਇਆ, ਲੇਖਕ ਦੀ ਜੀਵਨ ਨੀਝ ਵਿਚ ਡੂੰਘਾਈ ਲਿਆਂਦੀ, ਕਈ ਨਵੇਂ ਤਜ਼ਰਬੇ ਕਰਨ ਦੀ ਪ੍ਰੇਰਨਾ ਦਿੱਤੀ, ਸਮੂਹ ਦੀ ਥਾਂ ਵਿਅਕਤੀਵਾਦ ਨੂੰ ਉਭਾਰਿਆ ਅਤੇ ਜੀਵਨ ਦੀਆਂ ਦੀਰਘ ਸਮੱਸਿਆਵਾਂ ਨੂੰ ਭਾਂਪਣ ਤੇ ਸੁਲਝਾਉਣ ਦੀ ਮਨੁੱਖ ਨੂੰ ਦ੍ਰਿਸ਼ਟੀ ਬਖ਼ਸ਼ੀ। ਇਸ ਰੁਚੀ ਨੇ ਸਾਨੂੰ ਬਿਖਰਵੀਂ ਸ਼ੈਲੀ ਵਰਗਾ ਨਵੇਂ ਢੰਗ ਦਾ

ਪ੍ਰਗਟਾਅ ਦਿੱਤਾ ਹੈ, ਜਿਸ ਰਾਹੀਂ ਜੀਵਨ ਵਿਚਲੀ ਵਾਸਤਵਿਕਤਾ ਨੂੰ ਠੀਕ ਤਰ੍ਹਾਂ ਦੀ ਯਥਾਰਥਕਤਾ ਰਾਹੀਂ ਪੇਸ਼ ਕਰਨ ਦੀ ਸ਼ਕਤੀ ਪ੍ਰਦਾਨ ਹੋਈ ਹੈ। ਆਧੁਨਿਕ ਸੰਵੇਦਨਸ਼ੀਲਤਾ ਦੀ ਵਰਤੋਂ ਵੀ ਸਾਡੀ ਕਹਾਣੀ ਵਿਚ ਮਨੋਵਿਗਿਆਨਕਤਾ ਰਾਹੀਂ ਹੀ ਹੋਈ ਹੈ।'' ਇਹੀ ਕਾਰਨ ਹੈ ਕਿ ਅਜੋਕੇ ਕਹਾਣੀਕਾਰ ਕਹਾਣੀ ਦੀ ਰਚਨਾ ਵਿਚ ਮਨੋਵਿਗਿਆਨਕ ਪੱਖ ਨੂੰ ਪਹਿਲ ਦੇ ਆਧਾਰ 'ਤੇ ਰੱਖ ਰਹੇ ਹਨ। ਪੰਜਾਬੀ ਵਿਚ ਮਨੋਵਿਗਿਆਨਕ ਕਹਾਣੀਕਾਰਾਂ ਵਿਚ ਕਰਤਾਰ ਸਿੰਘ ਦੁੱਗਲ, ਸੰਤੋਖ ਸਿੰਘ ਧੀਰ, ਸੁਜਾਨ ਸਿੰਘ, ਨਵਤੇਜ ਸਿੰਘ, ਲੋਚਨ ਬਖ਼ਸ਼ੀ, ਅੰਮ੍ਰਿਤਾ ਪ੍ਰੀਤਮ, ਸੰਤ ਸਿੰਘ ਸੇਖੋਂ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਦੇਵਿੰਦਰ ਸਤਿਆਰਥੀ, ਮਹਿੰਦਰ ਸਿੰਘ ਸਰਨਾ, ਕੁਲਵੰਤ ਸਿੰਘ ਵਿਰਕ, ਡਾ. ਸਵਿੰਦਰ ਸਿੰਘ ਉੱਪਲ, ਪ੍ਰੋ. ਮੋਹਨ ਸਿੰਘ, ਮਹਿੰਦਰ ਸਿੰਘ ਜੋਸ਼ੀ, ਆਸਿਫ਼ ਸ਼ਾਹਕਾਰ, ਅਜੀਤ ਕੌਰ, ਡਾ. ਮਹੀਪ ਸਿੰਘ, ਰਵਿੰਦਰ ਰਵੀ, ਬਲਵੰਤ ਗਾਰਗੀ, ਬਚਿੰਤ ਕੌਰ, ਬੂਟਾ ਸਿੰਘ, ਨਾਵਲਿਟ ਗੁਰਦਿਆਲ ਸਿੰਘ, ਜਰਨੈਲ ਸਿੰਘ ਆਦਿ ਅਹਿਮ ਹਨ।

## III) ਰਸ ਅਧਾਰਿਤ ਵਰਗੀਕਰਣ

ਸਭ ਤੋਂ ਪਹਿਲਾਂ ਆਚਾਰੀਆ ਭਰਤ ਮੁਨੀ ਨੇ ਰਸ ਦੇ ਸਰੂਪ ਬਾਰੇ ਆਪਣੇ ਵਿਚਾਰ ਪ੍ਰਗਟਾਏ ਹਨ। ''ਆਚਾਰੀਆ ਭਰਤਮੁਨੀ ਨੇ ਆਪਣੇ ਗ੍ਰੰਥ 'ਨਾਟਯ ਸ਼ਾਸਤਰ' ਵਿਚ ਰਸ ਦੀ ਵਿਆਖਿਆ ਕਰਦੇ ਹੋਏ ਲਿਖਿਆ ਹੈ ਕਿ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵ ਦੇ ਸੰਯੋਗ ਤੋਂ ਹੀ ਰਸ ਦੀ ਨਿਸ਼ਪਤੀ (ਉਤਪਤੀ) ਹੁੰਦੀ ਹੈ। 'ਵਿਭਾਵਾਨੁਭਾਵਵਯਭਿਚਾਰਿਸੰਯੋਗਾਦਰਸਨਿਸ਼ਪੱਤਿ' ਅਰਥਾਤ ਵਿਭਾਵ, ਅਨੁਭਾਵ ਤੇ ਵਿਭਚਾਰੀ (ਸੰਚਾਰੀ) ਭਾਵਾਂ ਦੇ ਸੰਯੋਗ ਨਾਲ ਰਸ ਦੀ ਉਤਪਤੀ ਹੁੰਦੀ ਹੈ।''

ਦਰਅਸਲ ਰਸ ਇਕ ਆਤਮਿਕ ਆਨੰਦ ਹੈ ਜੋ ਲੇਖਕ ਆਪ ਮਾਣਦਾ ਅਤੇ ਆਪਣੇ ਪਾਠਕਾਂ ਨੂੰ ਵੰਡਦਾ ਹੈ। ਹਰ ਰਸ ਦਾ ਇਕ ਬੁਨਿਆਦੀ ਭਾਵ ਹੁੰਦਾ ਹੈ, ਜਿਸ ਨੂੰ ਸਥਾਈ ਭਾਵ ਕਿਹਾ ਜਾਂਦਾ ਹੈ ਅਤੇ ਇਸ ਸਥਾਈ ਭਾਵ ਨੂੰ ਕਲਾਤਮਕ ਢੰਗ ਨਾਲ ਪ੍ਰਗਟਾਉਣ ਲਈ ਕੁਝ ਸਹਿਕਾਰੀ (ਸੰਚਾਰੀ) ਭਾਵ ਵੀ ਸਹਾਇਤਾ ਕਰਦੇ ਹਨ। ਭਰਤਮੁਨੀ ਨੇ ਸਾਹਿਤ ਦੇ ਅੱਠ ਰਸ (ਸ਼ਿੰਗਾਰ, ਕਰੁਣਾ, ਬੀਰ, ਅਦਭੁਤ, ਵੀਭਤਸ, ਰੁਦਰ, ਭਿਆਨਕ, ਹਾਸ ਰਸ) ਦੱਸਿਆ ਹੈ। ਅਜੋਕੇ ਸਾਹਿਤ ਚਿੰਤਕਾਂ ਨੇ ਕੁਝ ਹੋਰ ਰਸਾਂ, ਜਿਵੇਂ ਬੋਧਿਕ, ਭਗਤੀ ਤੇ ਵਾਤਸਲ ਰਸ ਆਦਿ ਦਾ ਵਾਧਾ ਕੀਤਾ ਹੈ। ਇਸ ਤਰ੍ਹਾਂ ਸਾਹਿਤਕ ਰੂਪ ਕਹਾਣੀ ਵਿਧਾ ਵਿਚ ਉਪਰੋਕਤ ਵੱਖੋ-ਵੱਖਰੇ ਰਸਾਂ ਦੀ ਹੋਂਦ ਕਾਰਨ ਪਾਠਕ ਦੇ ਮਨ 'ਤੇ ਪ੍ਰਭਾਵ ਵੀ ਵੱਖਰਾ-ਵੱਖਰਾ ਪੈਂਦਾ ਹੈ। ਮਿਸਾਲ ਵਜੋਂ ਦੁਖਾਂਤਕ ਕਹਾਣੀ, ਸੁਖਾਂਤਕ ਕਹਾਣੀ, ਦੁਖਾਂਤਕ-ਸੁਖਾਂਤਕ ਕਹਾਣੀ, ਪ੍ਰਤੀਕਾਤਮਕ (ਚਿੰਨ੍ਹਾਤਮਕ) ਕਹਾਣੀ, ਵਿਅੰਗਾਤਮਕ ਕਹਾਣੀ ਆਦਿ ਵਰਗਾਂ ਵਿਚ ਕਹਾਣੀ ਨੂੰ ਵੰਡਿਆ ਜਾ ਸਕਦਾ ਹੈ।

## IV) ਵਾਦ ਅਧਾਰਿਤ ਵਰਗੀਕਰਣ

ਸਾਹਿਤ ਦਰਸ਼ਨ, ਵਾਦਾਂ, ਵਿਚਾਰਾਂ ਜਾਂ ਲਹਿਰਾਂ ਤੋਂ ਹਮੇਸ਼ਾਂ ਪ੍ਰਭਾਵਤ ਰਿਹਾ ਹੈ। ਸਾਹਿਤ ਨੂੰ ਪ੍ਰਭਾਵਤ ਕਰਨ ਪਿੱਛੇ ਕੋਈ ਮਹਾਨ ਵਿਅਕਤੀ ਕਾਰਜਸ਼ੀਲ ਰਿਹਾ ਹੈ। ''ਜਦੋਂ ਕੋਈ ਵਿਚਾਰਧਾਰਾ ਕਿਸੇ ਮਹਾਨ ਵਿਅਕਤੀ ਰਾਹੀਂ ਸਿਧਾਂਤਕ ਜਾਂ ਸਾਹਿਤਕ ਪੱਧਰ 'ਤੇ ਪਹਿਲਾਂ ਪ੍ਰਗਟਾਅ ਅਤੇ ਹੋਰਾਂ ਵੱਲੋਂ ਪ੍ਰਵਾਨਗੀ ਅਤੇ ਪ੍ਰਚਲਨ ਪ੍ਰਾਪਤ ਕਰ ਲੈਂਦੀ ਹੈ ਤਾਂ ਸਮਾਂ ਪਾ ਕੇ ਉਹ ਵਿਚਾਰਧਾਰਾ ਮਾਰਗ-ਦਰਸ਼ਨ ਬਣ ਕੇ ਵਾਦ ਦੀ ਪਦਵੀ ਤੇ ਮਹੱਤਤਾ ਤੀਕ ਉੱਚਾ ਉਠ ਜਾਂਦੀ ਹੈ।'' ਇਹੀ ਕਾਰਨ ਹੈ ਕਿ ਹੁਣ ਤੱਕ ਸਾਹਿਤ ਚਿੰਤਨ ਵਿਚ ਜਿੰਨੀਆਂ ਵੀ ਲਹਿਰਾਂ ਜਾਂ ਵਿਚਾਰਧਾਰਾਵਾਂ ਪੈਦਾ ਹੋਈਆਂ ਹਨ, ਉਨ੍ਹਾਂ ਪਿੱਛੇ ਕੋਈ ਮਹਾਨ ਵਿਅਕਤੀ ਕਾਰਜਸ਼ੀਲ ਰਿਹਾ ਹੈ। ਮਿਸਾਲ ਵਜੋਂ ਮੱਧਕਾਲੀ ਭਾਰਤੀ ਸਾਹਿਤ ਜਗਤ ਵਿਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ 'ਗੁਰਮਤਿ ਵਿਚਾਰਧਾਰਾ' ਆਰੰਭ ਹੋ ਕੇ ਸਿਖਰ 'ਤੇ ਪੁੱਜੀ, ਜਿਸ ਨੇ ਅਗਲੇਰੇ ਪੰਜਾਬੀ ਸਾਹਿਤ ਨੂੰ ਬਹੁਤ ਪ੍ਰਭਾਵਤ ਕੀਤਾ। ਇਸੇ ਤਰ੍ਹਾਂ ਕਾਰਲ ਮਾਰਕਸ ਨੇ ਇਕ ਨਵੀਂ ਵਿਚਾਰਧਾਰਾ ਸਿਧਾਂਤਕ ਪੱਧਰ 'ਤੇ ਪੇਸ਼ ਕੀਤੀ ਪਰ ਲੈਨਿਨ ਵਰਗੇ ਚਿੰਤਕਾਂ ਅਤੇ ਹੋਰ ਲੇਖਕਾਂ ਨੇ ਉਸ ਨੂੰ ਐਸਾ ਅਪਣਾਇਆ, ਪ੍ਰਚਾਰਿਆ ਅਤੇ ਪ੍ਰਸਾਰਿਆ ਕਿ ਉਹ ਅੱਜ ਮਾਰਕਸਵਾਦ ਦੇ ਨਾਂ ਹੇਠਾਂ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚ ਗਈ। ਜਦੋਂ ਕੋਈ ਲੇਖਕ ਕਿਸੇ ਵਾਦ ਨੂੰ ਆਪਣੀ ਸੋਚਣੀ ਤੇ ਬੋਲ (ਦ੍ਰਿਸ਼ਟੀ) ਨੂੰ ਕਰਮ ਦੇ ਪੱਧਰ ਤੱਕ ਅਪਣਾ ਲੈਂਦਾ ਹੈ ਤਾਂ ਉਹ ਵਿਚਾਰਧਾਰਾ ਉਸ ਦੇ ਦ੍ਰਿਸ਼ਟੀਕੋਣ ਵਿਚ ਬਦਲ ਜਾਂਦੀ ਹੈ। ਇਸ ਤਰ੍ਹਾਂ ਦ੍ਰਿਸ਼ਟੀ ਤੋਂ ਦ੍ਰਿਸ਼ਟੀਕੋਣ ਦੀ ਯਾਤਰਾ ਸ਼ੁਰੂ ਹੁੰਦੀ ਹੈ। ''ਦ੍ਰਿਸ਼ਟੀ ਰਾਹੀਂ ਅਨੁਭਵ ਪ੍ਰਾਪਤ ਹੁੰਦਾ ਹੈ ਪਰ ਦ੍ਰਿਸ਼ਟੀਕੋਣ ਰਾਹੀਂ ਉਸ ਅਨੁਭਵ ਨੂੰ ਅਨੁਭੂਤੀ ਵਿਚ ਪਲਟਾਇਆ ਤੇ ਉਚਿਆਇਆ ਜਾ ਸਕਦਾ ਹੈ। ਦ੍ਰਿਸ਼ਟੀਕੋਣ ਇਕ ਅਜਿਹਾ ਬੌਧਿਕ ਸਾਂਚਾ ਹੈ, ਜਿਸ ਵਿਚ ਪੈ ਕੇ ਅਨੁਭੂਤੀ ਇਕ ਨਵਾਂ ਰੂਪ ਗ੍ਰਹਿਣ ਕਰ ਜਾਂਦੀ ਹੈ। ਅਨੁਭਵ ਤਾਂ ਬਹੁਤਿਆਂ ਕੋਲ ਹੋ ਸਕਦਾ ਹੈ ਪਰ ਅਨੁਭੂਤੀ ਦੀ ਪ੍ਰਾਪਤੀ ਥੋੜ੍ਹਿਆਂ ਨੂੰ ਨਸੀਬ ਹੁੰਦੀ ਹੈ। ਮੂਲ ਰੂਪ ਵਿਚ ਕੋਈ ਨਾ ਕੋਈ ਵਾਦ ਹੀ ਹੈ ਜਿਹੜਾ ਦ੍ਰਿਸ਼ਟੀਕੋਣ ਦੇ ਢਲੀਣ ਲਈ ਉਸ ਦਾ ਪ੍ਰੇਰਣਾ-ਸਰੋਤ ਬਣਦਾ ਹੈ। ਪਰ ਵਾਦ ਲੇਖਕ ਦਾ ਸੰਚਾਲਕ ਬਣੇ, ਮਾਲਕ ਨਹੀਂ। ਜੇ ਉਹ ਮਾਲਕ ਦੀ ਪਦਵੀ ਪ੍ਰਾਪਤ ਕਰ ਗਿਆ ਤਾਂ ਲੇਖਕ ਆਪਣੀ ਕਲਾਤਮਕ-ਸਵਤੰਤਰਤਾ ਖੋਹ ਕੇ ਉਸ ਦਾ ਗੁਲਾਮ ਬਣ ਜਾਵੇਗਾ, ਜੋ ਲੇਖਕ ਲਈ ਘਾਤਕ ਸਾਬਤ ਹੋ ਸਕਦਾ ਹੈ।'' ਇਹ ਜ਼ਰੂਰੀ ਨਹੀਂ ਕਿ ਲੇਖਕ ਆਪਣੀ ਲੇਖਣੀ ਲਈ ਵਾਦ-ਪ੍ਰੇਰਨਾਵਾਂ ਬਦਲਦਾ ਰਹੇ। ਲੋੜ ਤਾਂ ਇਸ ਗੱਲ ਦੀ ਹੈ ਕਿ ਲੇਖਕ ਕਿਸੇ ਵੀ ਵਾਦ ਦੀ ਗੁਲਾਮੀ ਪ੍ਰਵਾਨ ਨਾ ਕਰੇ ਸਗੋਂ ਆਪਣੀ ਕਲਾਤਮਕ ਆਜ਼ਾਦੀ ਕਾਇਮ ਰੱਖੇ। ਇਸੇ ਤਰ੍ਹਾਂ ਹਰ ਲੇਖਕ ਜਾਂ ਕਹਾਣੀਕਾਰ ਲਈ ਜ਼ਰੂਰੀ ਹੈ ਕਿ ਉਹ ਕੋਈ ਨਾ ਕੋਈ ਦ੍ਰਿਸ਼ਟੀਕੋਣ ਅਪਣਾਏ। ਜੇਕਰ ਲੇਖਕ ਜਾਂ ਕਹਾਣੀਕਾਰ ਕੋਈ ਦ੍ਰਿਸ਼ਟੀਕੋਣ ਨਹੀਂ ਅਪਣਾਵੇਗਾ ਤਾਂ ਉਹ ਸਾਹਿਤ-ਰਚਨਾ ਇਕ ਗ਼ੈਰ-ਜ਼ਿੰਮੇਵਾਰ ਰੁਚੀ ਅਤੇ ਨਿਰੋਲ ਮਨ-ਪਰਚਾਵੇ ਦੀ ਰਚਨਾ ਮੰਨੀ ਜਾਵੇਗੀ। ਸਾਹਿਤ-ਇਤਿਹਾਸਕ ਦ੍ਰਿਸ਼ਟੀ ਤੋਂ ਨਿੱਕੀ ਕਹਾਣੀ ਨੂੰ ਕ੍ਰਮਵਾਰ ਪ੍ਰਚਾਰਵਾਦੀ, ਸੁਧਾਰਵਾਦੀ, ਆਦਰਸ਼ਵਾਦੀ, ਸਮਾਜਵਾਦੀ, ਪ੍ਰਭਾਵਵਾਦੀ, ਪ੍ਰਯੋਗਵਾਦੀ, ਆਧੁਨਿਕਤਾਵਾਦੀ, ਅਸਤਿਤਵਵਾਦੀ, ਪ੍ਰਗਤੀਵਾਦੀ, ਯਥਾਰਥਵਾਦੀ, ਪ੍ਰਤੀਕਵਾਦੀ, ਜੁਝਾਰਵਾਦੀ ਆਦਿ ਰੁਝਾਨ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ।

## ਸਾਰ-ਅੰਸ਼

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਅਜੋਕੇ ਜਟਿਲ ਅਤੇ ਗੁੰਝਲਦਾਰ ਜੀਵਨ ਵਿਚ ਜਿਉ-ਜਿਉ ਮਨੁੱਖਾਂ ਦੀਆਂ ਉਦਾਸੀਆਂ, ਮਜਬੂਰੀਆਂ, ਨਾਉਮੀਦੀਆਂ, ਇੱਛਾਵਾਂ, ਲੋੜਾਂ/ਥੋੜ੍ਹਾਂ ਆਦਿ ਵਧਦੀਆਂ ਜਾਣਗੀਆਂ, ਉਵੇਂ-ਉਵੇਂ ਹੀ ਉਪਰੋਕਤ ਵਰਗਵੰਡ ਵਾਲੇ ਸਾਰੇ ਕਾਰਨ ਕਹਾਣੀਕਾਰਾਂ ਲਈ ਹੋਰ ਕਾਰਗਰ ਹਥਿਆਰ ਸਾਬਤ ਹੋਈ ਜਾਣਗੇ। ਇਕ ਤੱਥ ਸਾਂਝਾ ਹੈ ਕਿ ਲੋਕਾਂ ਦੇ ਦਿਲਾਂ ਦੀ ਧੜਕਣ ਸੁਣਨ ਵਾਲਾ ਲੋਕ ਪਸੰਦ ਮਾਧਿਅਮ ਕਹਾਣੀ ਹੈ। ਕਹਾਣੀ ਦੇ ਜਨਮ ਬਾਰੇ ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਕਹਾਣੀ ਦੀ ਮਨੁੱਖੀ ਜੀਵਨ ਯਾਤਰਾ ਦੇ ਪੜਾਵਾਂ ਨਾਲ ਗਹਿਰੀ ਸਾਂਝ ਹੈ ਅਤੇ ਇਹ ਮਨੁੱਖੀ ਜੀਵਨ ਦੀ ਪੁਨਰ ਸਿਰਜਣਾ ਹੈ। ਕਹਾਣੀ ਮਨੁੱਖੀ ਅਨੁਭਵ ਨੂੰ ਦੂਸਰਿਆਂ ਨਾਲ ਸਾਂਝਾ ਕਰਨ ਦੀ ਕਲਾ ਹੈ। ਦਰਅਸਲ ਸ਼ੁਰੂ ਵਿਚ ਮਨੁੱਖ ਵੱਲੋਂ ਆਪਣੇ ਅਨੁਭਵ ਦੂਜੇ ਮਨੁੱਖ ਨਾਲ ਇਸ਼ਾਰਿਆਂ, ਸੰਕੇਤਾਂ, ਹੰਝੂਆਂ, ਚੁੰਮਣਾਂ, ਚੀਕਾਂ, ਹੌਕਿਆਂ ਆਦਿ ਰਾਹੀਂ ਸਾਂਝੇ ਕੀਤੇ ਜਾਂਦੇ ਰਹੇ ਹੋਣਗੇ। ਸਹਿਜੇ-ਸਹਿਜੇ ਮਨੁੱਖ ਨੇ ਜਦੋਂ ਭਾਸ਼ਾ ਨੂੰ ਜਨਮ ਦਿੱਤਾ ਤਾਂ ਮਨੁੱਖ ਦੇ ਇਨ੍ਹਾਂ ਤਜ਼ਰਬਿਆਂ ਨੇ ਸ਼ਬਦਾਂ ਦਾ ਰੂਪ ਧਾਰਿਆ। ਬਿਆਨ ਵਿਚ ਵਾਧ-ਘਾਟ ਤੇ ਕਲਪਨਾ ਦੇ ਰਲਾ ਨਾਲ ਸੁਆਦ ਅਤੇ ਆਨੰਦ ਦਾ ਵੀ ਮਿਸ਼ਰਣ ਹੋਣ ਲੱਗਾ ਤੇ ਇਸ ਤਰ੍ਹਾਂ ਕਹਾਣੀ ਨੇ ਇਕ ਹੁਨਰੀ ਕਲਾ ਦਾ ਰੂਪ ਧਾਰਿਆ ਜੋ ਲਿਖਤ ਭਾਸ਼ਾ ਦੀ ਕਲਾਤਮਕ ਅਭਿਵਿਅਕਤੀ ਦਾ ਸਿੱਟਾ ਹੈ।

## ਕੇਂਦਰੀ ਸ਼ਬਦ

**ਕਥਾ**: ਕਹਾਣੀ

**ਪਦ**: ਸ਼ਬਦ

**ਦਰਸ਼ਨ**: ਫਲਸਫਾ

**ਯਥਾਰਥ**: ਅਸਲ/ਵਾਸਤਵਿਕਤਾ

## ਸਵੈ-ਮੁਲਾਂਕਣ

1. ਮੱਧਕਾਲ ਵਿਚ ਪੰਜਾਬੀ ਦੇ ਕਹਾਣੀ ਸਾਹਿਤ ਰੂਪ ਲਈ .....ਦੇ ਸ਼ਬਦ 'ਕਥਾ' ਦੀ ਵਰਤੋਂ ਕੀਤੀ ਜਾਂਦੀ ਸੀ।

   ੳ) ਸੰਸਕ੍ਰਿਤ

   ਅ) ਫਾਰਸੀ

   ੲ) ਅਰਬੀ

   ਸ) ਅੰਗ੍ਰੇਜ਼ੀ

2. ਅਜੋਕਾ ਕਹਾਣੀਕਾਰ ਆਪਣੇ ਵਿਸ਼ੇ ਨੂੰ ...... ਨਿਭਾਅ ਰਾਹੀਂ ਪੇਸ਼ ਕਰਦਾ ਹੈ।

   ੳ) ਧਾਰਮਿਕ

   ਅ) ਮਨੋਵਿਗਿਆਨਕ

   ੲ) ਸਭਿਆਚਾਰਕ

   ਸ) ਸਮਾਜਿਕ

3. ਸਾਹਿਤ ਕਲਪਨਾ ਅਤੇ ...... ਦਾ ਸੁਮੇਲ ਹੁੰਦਾ ਹੈ।

   ੳ) ਧਰਮ

   ਅ) ਸਮਾਜ

   ੲ) ਯਥਾਰਥ

   ਸ) ਸੱਤਾ

4. ਸਭ ਤੋਂ ਪਹਿਲਾਂ ਆਚਾਰੀਆ ...... ਨੇ ਰਸ ਦੇ ਸਰੂਪ ਬਾਰੇ ਆਪਣੇ ਵਿਚਾਰ ਪ੍ਰਗਟਾਏ ਹਨ।

ੳ) ਭਾਮਹ

ਅ) ਜਗਨਨਾਥ

ੲ) ਕਸ਼ੇਮੇਂਦ੍ਰ

ਸ) ਭਰਤ ਮੁਨੀ

5. ਪੰਜਾਬ ਦੇ ਬਹੁਤੇ ਕਹਾਣੀਕਾਰ ਵਿਸ਼ੇ ਵਜੋਂ ……ਦੇ ਸਿਧਾਂਤ ਨੂੰ ਹੀ ਅਪਣਾਉਂਦੇ ਹਨ।

ੳ) ਕਲਾ ਜੀਵਨ ਲਈ

ਅ) ਕਲਾ ਕਲਾ ਲਈ

ੲ) ਕਲਾ ਸ਼ਿਲਪ ਲਈ

ਸ) ਕਲਾ ਕੁਸ਼ਲਤਾ ਲਈ

6. ਹਰ ਰਸ ਦਾ ਇਕ ਬੁਨਿਆਦੀ ਭਾਵ ਹੁੰਦਾ ਹੈ, ਜਿਸ ਨੂੰ ….. ਕਿਹਾ ਜਾਂਦਾ ਹੈ

ੳ) ਸੰਚਾਰੀ ਭਾਵ

ਅ) ਸਥਾਈ ਭਾਵ

ੲ) ਵਿਭਾਵ

ਸ) ਅਨੁਭਾਵ

7. ਕਿਸੇ ਕਹਾਣੀ ਦੀ ਗੋਂਦ ਦੀ ਨਿਪੁੰਨਤਾ…… ’ਤੇ ਨਿਰਭਰ ਕਰਦੀ ਹੈ

ੳ) ਪਾਤਰਾਂ ਦੀ ਗਿਣਤੀ

ਅ) ਘਟਨਾਵਾਂ ਦੀ ਗਿਣਤੀ

ੲ) ਮੌਕਾ-ਮੇਲਾਂ ਦੀ ਗਿਣਤੀ

ਸ) ਵਿਸ਼ਿਆਂ ਦੀ ਗਿਣਤੀ

8. ਲਗਭਗ ਹਰ ਪੰਜਾਬੀ ਲੇਖਕ ਨੇ ….. ਦਾ ਪ੍ਰਭਾਵ ਨੂੰ ਪ੍ਰਵਾਨ ਕੀਤਾ ਹੈ

ੳ) ਰੂਪਵਾਦੀ ਲਹਿਰ

ਅ) ਨਾਰੀਵਾਦੀ ਲਹਿਰ

ੲ) ਦਲਿਤ ਲਹਿਰ

ਸ) ਪ੍ਰਗਤੀਵਾਦੀ ਲਹਿਰ

9. ਭਰਤਮੁਨੀ ਨੇ ਸਾਹਿਤ ਦੇ ਰਸਾਂ ਦੀ ਕਿੰਨੀ ਗਿਣਤੀ ਦੱਸੀ ਹੈ

ੳ) ਅੱਠ

ਅ) ਨੌਂ

ੲ) ਗਿਆਰ੍ਹਾਂ

ਸ) ਵੀਹ

10. ਆਦਰਸ਼ਕ ਅਤੇ ਰੋਮਾਂਸ ਤੋਂ ਉਲਟ ਪ੍ਰਭਾਵ ਪਾਉਣ ਲਈ ….. ਕਹਾਣੀ ਲਿਖੀ ਗਈ।

ੳ) ਧਾਰਮਿਕ

ਅ) ਯਥਾਰਥਕ

ੲ) ਮਨੋਵਿਗਿਆਨਿਕ

ਸ) ਮਨੋਰੰਜਿਕ

11. ਮਨੋਵਿਗਿਆਨ ਦੇ ਪਹਿਲੇ ਚਿੰਤਕ …… ਹਨ।

ੳ) ਫਰਾਇਡ

ਅ) ਯੁੰਗ

ੲ) ਕਾਰਲ ਮਾਰਕਸ

ਸ) ਤਮਾਸ਼ੋਵਸਕੀ

12. ਕਿਸ ਕਿਸਮ ਦੀ ਕਹਾਣੀ ਦਾ ਨਾਇਕ ਜਾਂ ਨਾਇਕਾਂ ਕਿਸੇ ਗੁਪਤ ਗੱਲ ਦਾ ਭੇਦ ਕੱਢਣ ਲਈ ਚਲਾਕੀ, ਹਿੰਮਤ, ਸੂਝ-ਬੂਝ, ਬਹਾਦਰੀ ਆਦਿ ਤੋਂ ਕੰਮ ਲੈਂਦੇ ਹੋਏ ਆਪਣੇ ਸਫ਼ਰ ਜਾਂ ਮੁਹਿੰਮ ਨੂੰ ਸਫ਼ਲ ਬਣਾਉਦੇ ਹਨ।

ੳ) ਯਥਾਰਥਕ ਕਹਾਣੀ

ਅ) ਮਨੋਰੰਜਿਕ ਕਹਾਣੀ

ੲ) ਮਨੋਵਿਗਿਆਨਿਕ ਕਹਾਣੀ

ਸ) ਜਾਸੂਸੀ ਕਹਾਣੀ

13. ਪੰਜਾਬੀ ਸਾਹਿਤ ਵਿਚ ….. ਵਿਚਲੇ ਆਸ਼ਕ ਰੋਮਾਂਟਿਕ ਕਹਾਣੀਆਂ ਦਾ ਆਧਾਰ ਹਨ।

ੳ) ਕਿੱਸਾ-ਕਾਵਿ

ਅ) ਵਾਰ-ਕਾਵਿ

ੲ) ਵਾਰਤਕ

ਸ) ਸੂਫ਼ੀ ਕਾਵਿ

14. ਮੱਧਕਾਲੀ ਭਾਰਤੀ ਸਾਹਿਤ ਜਗਤ ਵਿਚ ….ਦੇ ਆਗਮਨ ਨਾਲ 'ਗੁਰਮਤਿ ਵਿਚਾਰਧਾਰਾ' ਆਰੰਭ ਹੋ ਕੇ ਸਿਖਰ 'ਤੇ ਪੁੱਜੀ

ੳ) ਗੁਰੂ ਨਾਨਕ ਦੇਵ ਜੀ

ਅ) ਗੁਰੂ ਅਰਜਨ ਦੇਵ ਜੀ

ੲ) ਗੁਰੂ ਤੇਗ ਬਹਾਦੁਰ ਜੀ

ਸ) ਗੁਰੁ ਗੋਬਿੰਦ ਸਿੰਘ ਜੀ

15. ਤਰਕਵਾਦੀ ਚਿੰਤਨ, ਵਿਗਿਆਨਕ ਕਾਢਾਂ ਅਤੇ ਮਾਰਕਸਵਾਦ ਨੇ 20ਵੀਂ ਸਦੀ ਵਿਚ ….. ਨੂੰ ਨਵੀਂ ਨੁਹਾਰ ਦਿੱਤੀ ਹੈ।

ੳ) ਯਥਾਰਥਕ ਕਹਾਣੀ

ਅ) ਮਨੋਰੰਜਿਕ ਕਹਾਣੀ

ੲ) ਮਨੋਵਿਗਿਆਨਿਕ ਕਹਾਣੀ

ਸ) ਜਾਸੂਸੀ ਕਹਾਣੀ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1 ੳ | 2 ਅ | 3.ੲ | 4. ਸ | 5. ੳ |
| 6. ਅ | 7. ੲ | 8. ਸ | 9. ੳ | 10. ਅ |
| 11. ੳ | 12. ਸ | 13. ੳ | 14. ੳ | 15. ੳ |

## ਅਭਿਆਸ ਪ੍ਰਸ਼ਨ

1. ਕਹਾਣੀ ਵਿਧਾ ਦੇ ਸਰੂਪ ਸਬੰਧੀ ਵਿਚਾਰ-ਚਰਚਾ ਕਰੋ।
2. ਕਹਾਣੀ ਵਿਧਾ ਦੇ ਨਾਮਕਰਣ ਸਬੰਧੀ ਮਿਲਦੇ ਵਿਚਾਰਾਂ ਨੂੰ ਪੇਸ਼ ਕਰੋ।
3. ਕਹਾਣੀ ਵਿਧਾ ਨੂੰ ਪਰਿਭਾਸ਼ਿਤ ਕਰੋ।
4. ਕਹਾਣੀ ਦੇ ਤੱਤਾਂ ਉਪਰ ਵਿਸਥਾਰਿਤ ਨੋਟ ਲਿਖੋ
5. ਵੱਖ-ਵੱਖ ਆਧਾਰਾਂ ਉਪਰ ਕੀਤੇ ਮਿਲਦੇ ਕਹਾਣੀ ਦੇ ਵਰਗੀਕਰਣਾਂ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ।

## Further Reading


- ਜੋਗਿੰਦਰ ਸਿੰਘ ਨਹਿਰੂ (ਸੰਪਾ.), ਕਹਾਣੀ ਦੀ ਵਿਧਾ, ਲੋਕਗੀਤ ਪ੍ਰਕਾਸ਼ਨ, 2005.


## Online Links

- https://punjabipedia.org/topic.aspx?txt=%u0a15%u0a39%u0a3e%u0a23%u0a40
- https://punjabipedia.org/topic.aspx?txt=%E0%A8%A8%E0%A8%BF%E0%A9%B1%E0%A8%95%E0%A9%80%20%E0%A8%95%E0%A8%B9%E0%A8%BE%E0%A8%A3%E0%A9%80
- https://pa.wikipedia.org/wiki/%E0%A8%A8%E0%A8%BF%E0%A9%B1%E0%A8%95%E0%A9%80_%E0%A8%95%E0%A8%B9%E0%A8%BE%E0%A8%A3%E0%A9%80

*Yaadvinder Kaur, Lovely Professional University*

# Unit 03: ਪੰਜਾਬੀ ਕਹਾਣੀ: ਨਿਕਾਸ, ਵਿਕਾਸ ਅਤੇ ਪ੍ਰਵਿਰਤੀਆਂ

**ਵਿਸ਼ਾ-ਵਸਤੂ**

**ਉਦੇਸ਼**

**ਜਾਣ-ਪਛਾਣ**

**1.1 ਪੰਜਾਬੀ ਕਹਾਣੀ ਦਾ ਨਿਕਾਸ**

**1.2 ਪੰਜਾਬੀ ਕਹਾਣੀ ਦੇ ਨਿਕਾਸ ਦੇ ਵਿਭਿੰਨ ਕਾਰਕ**

**1.3 ਪੰਜਾਬੀ ਕਹਾਣੀ ਦਾ ਵਿਕਾਸ**

**1.4 ਪੰਜਾਬੀ ਕਹਾਣੀ ਦੀਆਂ ਪ੍ਰਵਿਰਤੀਆਂ**

**ਸਾਰਾਂਸ਼**

**ਕੇਂਦਰੀ ਸ਼ਬਦ**

**ਸਵੈ-ਮੁਲਾਂਕਣ**

**ਸਵੈ-ਮੁਲਾਂਕਣ ਲਈ ਉੱਤਰ**

**ਅਭਿਆਸ ਪ੍ਰਸ਼ਨ**

**ਸੰਦਰਭ ਪੁਸਤਕਾਂ**

## ਉਦੇਸ਼

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

- ਪੰਜਾਬੀ ਕਹਾਣੀ ਦੇ ਜਨਮ ਸਬੰਧੀ ਮੱਤਾਂ ਸਬੰਧੀ ਗਿਆਨ ਹਾਸਿਲ ਕਰਨ ਦੇ ਯੋਗ ਹੋਣਗੇ
- ਪੰਜਾਬੀ ਕਹਾਣੀ ਦੇ ਨਿਕਾਸ ਪਿੱਛੇ ਕਾਰਜਸ਼ੀਲ ਵਿਭਿੰਨ ਕਾਰਕਾਂ ਸਬੰਧੀ ਸਮਝ ਸਥਾਪਿਤ ਕਰਨ ਦੇ ਯੋਗ ਹੋਣਗੇ
- ਪੰਜਾਬੀ ਕਹਾਣੀ ਦੀ ਵਿਕਾਸ ਰੇਖਾ ਦਾ ਅਧਿਐਨ ਕਰਨ ਦੇ ਸਮੱਰਥ ਹੋਣਗੇ

## 1.1 ਪੰਜਾਬੀ ਕਹਾਣੀ ਦਾ ਨਿਕਾਸ

ਮਨੁੱਖੀ ਮਨੋਸਥਿਤੀਆਂ ਦੀ ਪੇਸ਼ਕਾਰੀ ਕਰਨ ਵਾਲੀ ਅਜਿਹੀ ਗਲਪਨਿਕ ਬਿਰਤਾਂਤਕ ਆਧੁਨਿਕ ਵਿਧਾ ਦਾ ਪੰਜਾਬੀ ਸਾਹਿਤ ਵਿਚ ਜਨਮ ਕਦੋਂ ਹੋਇਆ? ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀ ਸਿਰਜਕ ਵਜੋਂ ਵਿਆਪਕ ਮਾਣਤਾ ਪ੍ਰਾਪਤ ਹੈ। ਭਾਈ ਵੀਰ ਸਿੰਘ ਨੇ ਸਾਹਿਤ ਦੀਆਂ ਬਹੁਤ ਸਾਰੀਆਂ ਵਿਧਾਵਾਂ ਵਿਚ ਰਚਨਾ ਕੀਤੀ, ਜਿਨ੍ਹਾਂ ਵਿਚ ਗਲਪਨਿਕ ਰਚਨਾ ਨਾਵਲ ਵੀ ਹੈ। ਪੰਜਾਬੀ ਦਾ ਪਹਿਲਾ ਨਾਵਲ 'ਜੋਤਿਰਉਦੈ' ਈਸਾਈ ਮਿਸ਼ਨਰੀਆਂ ਦੁਆਰਾ ਹੀ ਤਿਆਰ ਕਰਵਾਇਆ ਗਿਆ ਸੀ। ਇਸ ਨਾਵਲ ਦੇ ਲੇਖਕ ਦਾ ਪਤਾ ਨਹੀਂ ਚੱਲ ਸਕਿਆ। ਇਸ ਉਪਰੰਤ ਭਾਈ ਵੀਰ ਸਿੰਘ ਨੇ 'ਸੁੰਦਰੀ', 'ਬਿਜੈ ਸਿੰਘ', 'ਸਤਵੰਤ ਕੌਰ' ਅਤੇ 'ਬਾਬਾ ਨੌਧ ਸਿੰਘ' ਨਾਵਲਾਂ ਦੀ ਰਚਨਾ ਕੀਤੀ। ''ਪੰਜਾਬੀ ਗਲਪ ਦਾ ਜਨਮ ਉਨੀਂਵੀਂ ਸਦੀ ਦੇ ਪਿਛਲੇ ਅੱਧ ਵਿਚ ਹੋਇਆ ਹੈ। ਈਸਾਈ ਮਿਸ਼ਨਰੀਆਂ ਦੇ ਟ੍ਰੈਕਟ ਅਤੇ ਸਿੰਘ ਸਭਾ ਲਹਿਰ ਦੇ 'ਚੌਪੱਤਰੇ' ਮੁੱਢਲੀ ਗਲਪ ਦਾ ਸਰੂਪ ਨਿਰਧਾਰਿਤ ਕਰਦੇ ਹਨ।'' ਭਾਈ ਵੀਰ ਸਿੰਘ ਵੱਲੋਂ ਖਾਲਸਾ ਟਰੈਕਟ ਸੁਸਾਇਟੀ ਲਈ ਲਿਖੇ ਗਏ ਕਿਤਾਬਚਿਆਂ ਵਿਚੋਂ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਸਾਖੀਨੁਮਾ ਉਸ ਦੀਆਂ ਰਚਨਾਵਾਂ ਵਿਚੋਂ ਕਹਾਣੀ ਅੰਸ਼ ਲੱਭੇ ਜਾ ਸਕਦੇ ਹਨ। ਡਾ.

ਉੱਪਲ ਨੇ ਭਾਈ ਵੀਰ ਸਿੰਘ ਨੂੰ ਪੰਜਾਬੀ ਨਾਵਲ ਵਾਂਗ ਪੰਜਾਬੀ ਕਹਾਣੀ ਦਾ ਪਿਤਾਮਾ ਹੋਣ ਦੀ ਪਦਵੀ ਦਿੱਤੀ ਹੈ; ''ਭਾਈ ਵੀਰ ਸਿੰਘ ਨੂੰ ਪੰਜਾਬੀ ਕਹਾਣੀ ਦਾ ਪਿਤਾਮਾ ਹੋਣ ਦੀ ਪਦਵੀ ਇਸ ਲਈ ਦਿੱਤੀ ਗਈ ਹੈ ਕਿ ਆਧੁਨਿਕ ਕਹਾਣੀਆਂ ਦੀਆਂ ਜੜ੍ਹਾਂ ਦੇ ਟੋਹ-ਚਿੰਨ ਉਸ ਦੇ 'ਟ੍ਰੈਕਟਾਂ' ਅਤੇ 'ਚਮਤਕਾਰਾਂ' ਵਿਚੋਂ ਪ੍ਰਾਪਤ ਹੁੰਦੇ ਹਨ।''

ਜਿਥੋਂ ਤੱਕ ਆਧੁਨਿਕ ਪੰਜਾਬੀ ਕਹਾਣੀ ਦਾ ਸਵਾਲ ਹੈ, ਕਹਾਣੀ ਦੇ ਇਸ ਆਧੁਨਿਕ ਰੂਪ ਵਿਚ ਹੋਏ ਜਨਮ ਨੂੰ ਭਾਵੇਂ ਹਾਲੇ ਇਕ ਸਦੀ ਵੀ ਨਹੀਂ ਹੋਈ। ਬਰਤਾਨਵੀ ਸਾਮਰਾਜ ਵੱਲੋਂ ਭਾਰਤ ਉਪਰ ਪੂਰਨ ਕਾਬਜ਼ ਹੋਣ ਉਪਰੰਤ ਉਦਯੋਗਿਕ ਪੂੰਜੀਵਾਦ ਯੁੱਗ ਦਾ ਆਗਮਨ ਹੋਇਆ। ਸਮੇਂ ਦੇ ਇਸ ਬਦਲਦੇ ਪ੍ਰਸੰਗ ਕਾਰਨ ਆਈ ਤਕਨਾਲੋਜੀ ਨੇ ਮਨੁੱਖ ਦੀ ਜ਼ਿੰਦਗੀ 'ਚ ਵਾਪਰੀ ਹਰ ਨਿੱਕੀ ਘਟਨਾ ਨੂੰ ਕਹਾਣੀ ਬਣ ਗਈ। ''ਨਿੱਕੀ ਕਹਾਣੀ ਦਾ ਜਨਮ ਇਕ ਵਿਸ਼ੇਸ਼ ਪ੍ਰਕਾਰ ਦੇ ਅਨੁਭਵ ਵਿਚੋਂ ਹੋਇਆ ਹੈ, ਜੋ ਪੂੰਜੀਵਾਦ ਦੀ ਦੇਣ ਹੈ। ਜਾਗੀਰਦਾਰੀ ਨਿਜ਼ਾਮ ਦੇ ਢਹਿ-ਢੇਰੀ ਹੋ ਜਾਣ ਉਪਰੰਤ ਆਰਥਿਕਤਾ ਦਾ ਜੋ ਨਵਾਂ ਮਾਡਲ ਸਾਹਮਣੇ ਆਇਆ ਹੈ, ਉਹ ਉਦਯੋਗ ਆਧਾਰਿਤ ਪੂੰਜੀਵਾਦ ਦੀ ਦੇਣ ਹੈ। ਇਸ ਨਵੇਂ ਅਰਥਚਾਰੇ ਨੇ ਗਿਆਨ-ਵਿਗਿਆਨ ਦੇ ਉਹ ਸਾਰੇ ਸਰੋਤ ਰੱਦ ਕਰ ਦਿੱਤੇ ਜੋ ਜਾਗੀਰਦਾਰੀ ਅਰਥ-ਵਿਵਸਥਾ ਵਿਚੋਂ ਪੈਦਾ ਹੋਏ ਸਨ। ਹੋਰ ਤਾਂ ਹੋਰ ਇਸ ਨਵੇਂ ਅਰਥਚਾਰੇ ਨੂੰ ਰੱਬ ਦੀ ਵੀ ਲੋੜ ਨਾ ਰਹੀ, ਕਿਉਕਿ ਵਿਗਿਆਨ ਅਤੇ ਤਕਨਾਲੋਜੀ ਨੇ ਮਨੁੱਖ ਨੂੰ ਪ੍ਰਤੱਖਵਾਦੀ (empiricist) ਅਤੇ ਸੰਦੇਹਵਾਦੀ ਬਣਾ ਦਿੱਤਾ।... ਪਲ-ਪਲ ਪਰਿਵਰਤਿਤ ਹੋ ਰਹੀ ਇਸ ਦੁਨੀਆਂ ਨੂੰ ਰੂਪਮਾਨ ਕਰਨ ਲਈ ਸਾਹਿਤ ਦੇ ਖੇਤਰ ਵਿਚ ਨਿੱਕੀ ਕਹਾਣੀ ਦਾ ਜਨਮ ਹੋਇਆ।' ਡਾ. ਧਰਮਪਾਲ ਸਿੰਗਲ ਮੁਤਾਬਕ ''ਨਿੱਕੀ ਕਹਾਣੀ, ਪੁਰਾਣੀ ਕਹਾਣੀ ਦੀ ਸੰਤਾਨ ਜਾਪਦੀ ਹੋਈ ਵੀ ਅਸਲੋਂ ਇਕ ਨਵਾਂ ਸਾਹਿਤ ਰੂਪ ਹੈ ਜੋ ਵਿਗਿਆਨਕ ਤੇ ਪੂੰਜੀਵਾਦੀ ਯੁੱਗ ਦੀ ਆਮਦ ਨਾਲ ਪੈਦਾ ਹੋਈ ਵਿਅਕਤੀ ਸਮਰੱਥਾ ਦੀ ਭਾਵਨਾ, ਸਾਧਾਰਣ ਮਾਨਵ ਦੀਆਂ ਸੰਭਾਵਨਾਵਾਂ ਦੇ ਅਹਿਸਾਸ, ਜੀਵਨ ਰਹੱਸਾਂ ਨੂੰ ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਸਮਝਣ ਦੀ ਚੇਸ਼ਟਾ ਅਤੇ ਇਕ ਤਿੱਖੀ ਤੀਬਰ ਵੰਗਾਰਨ ਦ੍ਰਿਸ਼ਟੀ ਵਿਚੋਂ ਉਪਜਿਆ ਹੈ।''

ਅਸਲ ਵਿਚ ਮਾਨਵੀ ਜ਼ਿੰਦਗੀ ਵਿਚ ਪੂੰਜੀਵਾਦ ਦੇ ਦੌਰ ਵਿਚ ਪੈਦਾ ਹੋਈ ਜਟਿਲਤਾ ਨੇ ਮਨੁੱਖ ਨੂੰ ਸਮੇਂ ਦੀ ਕਦਰ ਦਾ ਅਹਿਸਾਸ ਕਰਵਾਉਂਦਿਆਂ ਇਸ ਵਿਚਲੇ ਪਲਾਂ/ਛਿਣਾਂ ਨੂੰ ਵੀ ਪਕੜਨ ਦੀ ਜਾਚ ਦੱਸੀ ਹੈ। ਕੈਥਰੀਨ ਮੈਂਸਫੀਲਡ ਨੇ ਆਪਣੀ ਇਕ ਕਹਾਣੀ 'ਮਿਸ ਬਰਿੱਲ' (Miss Brill) ਦੀ ਸੰਰਚਨਾ ਬਾਰੇ ਲਿਖਿਆ ਹੈ; ''ਮੈਂ ਇਸ ਕਹਾਣੀ ਦੇ ਹਰ ਵਾਕ ਦੀ ਲੰਬਾਈ ਹੀ ਨਹੀਂ ਚੁਣੀ ਬਲਕਿ ਹਰ ਪੈਰ੍ਹੇ ਦੀ ਧੁਨੀ ਵੀ ਚੁਣੀ ਹੈ, ਜਿਹੜੀ ਉਸ ਦਿਨ ਦੇ ਅਤੇ ਉਸ ਛਿਣ ਦੇ ਅਨੁਕੂਲ ਹੋਵੇ। ਸਾਰੀ ਰਚਨਾ ਵਿਚ ਇਕ ਵੀ ਸ਼ਬਦ ਅਜਿਹਾ ਨਹੀਂ ਹੋਣਾ ਚਾਹੀਦਾ, ਜਿਸਦਾ ਸਿੱਧੇ-ਅਸਿੱਧੇ ਢੰਗ ਨਾਲ ਪਹਿਲਾਂ ਸਥਾਪਤ ਵਿਉਂਤ ਨਾਲ ਸਬੰਧ ਨਾ ਹੋਵੇ।'' ਆਧੁਨਿਕ ਸਮੇਂ ਵਿਚ ਤਕਨੀਕੀ ਪੱਖੋਂ ਛਾਪਾ ਖਾਨਾ ਪ੍ਰਚੱਲਤ ਹੋਇਆ, ਜਿਸ ਕਾਰਨ ਅਖ਼ਬਾਰਾਂ/ਰਸਾਲੇ ਜਾਰੀ ਹੋਏ ਅਤੇ ਪਾਠਕਾਂ ਦੀਆਂ ਲੋੜਾਂ ਦੇ ਸਨਮੁਖ ਨਿੱਕੇ ਆਕਾਰ ਦੀ ਕਹਾਣੀ ਦੀ ਮੰਗ ਹੋਣ ਲੱਗੀ, ਕਿਉਕਿ ਨਾਵਲ ਵਰਗੀ ਵੱਡ ਆਕਾਰੀ ਰਚਨਾ ਕਿਸੇ ਅਖ਼ਬਾਰ ਜਾਂ ਰਸਾਲੇ ਦੇ ਇਕ ਹੀ ਅੰਕ ਵਿਚ ਸਮਾਈ ਜਾਣੀ ਨਾਮੁਮਕਿਨ ਸੀ। ਮਨੁੱਖੀ ਜ਼ਿੰਦਗੀ ਦੇ ਪਲਾਂ-ਛਿਣਾਂ ਨੂੰ ਪਕੜਨ ਵਾਲੇ ਮੁੱਖ ਸਰੋਕਾਰ ਮਾਨਵੀ ਜ਼ਿੰਦਗੀ ਦੇ ਮੂਲ ਪ੍ਰੇਰਕਾਂ ਨਾਲ ਜੁੜੇ ਮਸਲੇ ਹਨ, ਜਿਵੇਂ ਕਾਹਲੀ ਦੇ ਨਵੇਂ ਯੁੱਗ ਵਿਚ ਵਿਹਲ ਦੀ ਘਾਟ, ਪੱਤਰਕਾਰੀ ਦੀਆਂ ਲੋੜਾਂ ਦੀ ਪੂਰਤੀ, ਪੱਛਮੀ ਕਹਾਣੀਕਾਰਾਂ ਦੇ ਅਨੁਕਰਨ ਦੀ ਚੇਸ਼ਟਾ, ਪੱਛਮੀ ਪੜ੍ਹਾਈ ਦੌਰਾਨ ਸਿਲੇਬਸਾਂ ਵਿਚ ਪੜ੍ਹੀ ਕਹਾਣੀ ਦਾ ਪ੍ਰਭਾਵ, ਲੋਕਰਾਜੀ ਕਦਰਾਂ-ਕੀਮਤਾਂ ਨਾਲ ਸਾਧਾਰਣ ਵਿਅਕਤੀ ਨੂੰ ਮਿਲੀ ਮਾਣਤਾ, ਪੱਛਮੀ ਸਿੱਖਿਆਚਾਰੀ ਰਾਹੀਂ ਪੈਦਾ ਹੋਈ ਨਵੀਂ ਮੱਧ ਸ਼੍ਰੇਣੀ ਦੀ ਅਭਿਵਿਅਕਤੀ ਲਈ ਮਾਧਿਅਮ ਬਣਨ ਦੀ ਧਾਰਨਾ, ਨਵ-ਜਾਗਰਨ ਦੀ ਭਾਰਤੀ/ਪੰਜਾਬੀ ਲਹਿਰ ਦੇ ਸਿੱਟੇ ਵਜੋਂ, ਇਸਾਈ ਮਿਸ਼ਨਰੀਆਂ ਵੱਲੋਂ ਪੱਛਮੀ ਚੇਤਨਾ ਦੇ ਪ੍ਰਚਾਰ ਲਈ ਵਰਤੀਆਂ ਜਾਂਦੀਆਂ ਜੁਗਤਾਂ ਦੇ ਪ੍ਰਤੀਕਰਮ ਵਜੋਂ ਕਹਾਣੀ ਨੂੰ ਹਥਿਆਰ ਦੀ ਤਰ੍ਹਾਂ ਵਰਤਣਾ ਅਤੇ ਨਵੇਂ ਪਾਠਕ ਦੀਆਂ ਕਲਾਤਮਕ ਅਕਾਂਖਿਆਵਾਂ ਦੀ ਪੂਰਤੀ ਕਰਨਾ ਆਦਿ ਬਹੁਤ ਸਾਰੇ ਪ੍ਰੇਰਕਾਂ ਨੂੰ ਆਧੁਨਿਕ ਪੰਜਾਬੀ ਕਹਾਣੀ ਦੀ ਉਤਪਤੀ ਦੇ ਝਰੋਖੇ ਵਿਚ ਰੱਖ ਕੇ ਵੇਖਿਆ ਜਾਂਦਾ ਹੈ।

ਪੰਜਾਬੀ ਦੇ ਵਧੇਰੇ ਆਲੋਚਕਾਂ ਦਾ ਮੰਨਣਾ ਹੈ ਕਿ ਆਧੁਨਿਕ ਪੰਜਾਬੀ ਨਿੱਕੀ ਕਹਾਣੀ ਦਾ ਜਨਮ ਪੱਛਮੀ ਪ੍ਰਭਾਵ ਅਧੀਨ ਹੋਇਆ ਹੈ। ਪੱਛਮੀ ਪ੍ਰਭਾਵ ਦੇ ਸੰਕਲਪ ਦੀ ਇਕ ਬੁਨਿਆਦੀ ਧਾਰਨਾ ਇਹ ਹੈ ਕਿ ਨਿੱਕੀ ਕਹਾਣੀ ਅਸਲੋਂ ਇਕ ਨਵਾਂ ਰੂਪਾਕਾਰ (genre) ਹੈ, ਜਿਸ ਦਾ ਜਨਮ ਅਮਰੀਕਾ ਵਿਚ ਹੋਇਆ ਅਤੇ ਐਡਗਰ ਐਲਿਨ ਪੋ (Edger Allen Poo, 1804-1849 ਈ.) ਇਸ ਦਾ ਜਨਮਦਾਤਾ ਹੈ।125 ਅੰਗਰੇਜ਼ੀ ਦੀ ਇਕ ਕਹਾਵਤ Necessity is the mother of invention ਭਾਵ 'ਲੋੜ ਕਾਢ ਦੀ ਮਾਂ ਹੈ'। ਐਡਗਰ ਐਲਿਨ ਪੋ ਅਸਲ ਵਿਚ ਪੱਤਰਕਾਰੀ ਨਾਲ ਸਬੰਧ ਰਖਦੇ ਸਨ; ''ਅਖ਼ਬਾਰੀ ਸੰਪਾਦਕ ਦੀ ਇਹ ਬੁਨਿਆਦੀ ਖੂਬੀ ਅਤੇ ਲੱਛਣ ਹੁੰਦਾ ਹੈ ਕਿ ਉਹ ਘੱਟ ਤੋਂ ਘੱਟ ਜਗ੍ਹਾ ਵਿਚ ਵੱਧ ਤੋਂ ਵੱਧ ਸਮੱਗਰੀ ਅਤੇ ਜਾਣਕਾਰੀ ਪਾਠਕਾਂ ਨੂੰ ਦੇ ਸਕੇ। ਮੈਗਜ਼ੀਨ ਦੀ ਸਥਾਪਨਾ ਨੂੰ ਉਸ ਨੇ ਆਪਣੇ ਸਾਹਿਤਕ ਜੀਵਨ ਦਾ ਇਕ ਮੁੱਖ ਮਨੋਰਥ ਬਣਾਇਆ ਹੋਇਆ ਸੀ।'' ਸਮਕਾਲੀ ਪੱਤਰਕਾਰੀ ਦੇ ਮਾਹੌਲ ਨੂੰ ਉਨ੍ਹਾਂ ਘੋਖਿਆ ਤੇ ਸਿਧਾਂਤ ਪੇਸ਼ ਕੀਤਾ ਕਿ ਜ਼ਮਾਨਾ ਸੰਜਮ, ਸੰਖੇਪ, ਰੁੱਖੀ ਅਤੇ ਨੁਕਤੇ ਦੀ ਗੱਲ ਕਰਨ ਵਾਲਾ ਹੈ। ਇਸ ਲਈ ਐਲਿਨ ਪੋ ਨੇ ਮਕੈਨਕੀ ਸੂਤਰ 'ਤੇ ਜ਼ੋਰ ਦਿੱਤਾ। ਐਲਿਨ ਪੋ ਦੇ ਇਸ ਸੂਤਰ ਨੂੰ ਉਸ ਦੇ ਕੁਝ ਵਿਰੋਧੀਆਂ ਨੇ ਨਕਾਰਿਆ ਵੀ, ਜਿਸ ਦੇ ਜਵਾਬ ਵਿਚ ਐਲਿਨ ਪੋ ਨੇ ਕਿਹਾ ਕਿ ''ਹੋ ਸਕਦਾ ਹੈ ਲੋਕ ਬਹੁਤੀ ਡੂੰਘੀ ਸੋਚ ਵਿਚ ਨਾ ਪੈਣ, ਪਰ ਉਨ੍ਹਾਂ ਨੂੰ ਬੜੀ ਸ਼ਿੱਦਤ ਤੇ ਤੇਜ਼ੀ ਨਾਲ ਸੋਚਣਾ ਪਵੇਗਾ, ਕਿਉਕਿ ਉਨ੍ਹਾਂ ਬਹੁਤ ਹੀ ਤੱਥਾਂ ਦਾ ਨਿਪਟਾਰਾ ਕਰਨਾ ਹੈ। ਇਸ ਲਈ ਉਨ੍ਹਾਂ ਨੂੰ ਕੁੱਜੇ ਵਿਚ ਸਮੁੰਦਰ ਬੰਦ ਕਰਨਾ ਪਵੇਗਾ।''

ਜਿੱਥੋਂ ਤੱਕ ਪੰਜਾਬੀ ਆਲੋਚਨਾ ਦਾ ਸਵਾਲ ਹੈ, ਇਸ ਮੱਤ ਨੂੰ ਮਕੈਨਕੀ ਕਹਿਣ ਵਾਲਾ ਡਾ. ਅਤਰ ਸਿੰਘ ਹੈ। ਅਤਰ ਸਿੰਘ ਨੇ ਆਪਣੇ ਨਿਬੰਧ 'ਨਿੱਕੀ ਕਹਾਣੀ ਅਤੇ ਮਨੁੱਖੀ ਅਨੁਭਵ' ਵਿਚ ਇਸ ਮੱਤ ਨੂੰ ਪੇਸ਼ ਕੀਤਾ ਹੈ। ਦੂਜੇ ਪਾਸੇ ਉਤਪਤੀ ਸ਼ਾਸਤਰ ਵਿਚ ਵਧੇਰੇ ਰੁਚੀ ਲੈਣ ਵਾਲੇ

ਨਿੱਕੀ ਕਹਾਣੀ ਦੇ ਜਨਮ ਨੂੰ ਬੀਤੇ ਸਮੇਂ ਵਿਚ ਬਹੁਤ ਦੂਰ ਲਿਜਾ ਕੇ ਵੀ ਸੰਤੁਸ਼ਟ ਨਹੀਂ ਹੁੰਦੇ, ਸਗੋਂ ਇਸ ਦਾ ਜਨਮ ਮਨੁੱਖ ਦੇ ਜਨਮ ਦੇ ਨਾਲ ਹੀ ਕਹਿ ਕੇ ਰਾਜ਼ੀ ਹੁੰਦੇ ਹਨ। ਪਰ ਇਹ ਮੱਤ ਪੱਛਮ ਦੇ ਸਾਹਿਤਕ ਪ੍ਰਭਾਵ ਦੀ ਵਿਕਾਸ ਧਾਰਨਾ ਵਿਚ ਕੋਈ ਫਰਕ ਨਹੀਂ ਲਿਆਉਂਦਾ। ਚਰਨ ਸਿੰਘ ਸ਼ਹੀਦ ਪੰਜਾਬੀ ਕਹਾਣੀ ਦੇ ਪਿਛਲੇ ਇਤਿਹਾਸ ਦਾ ਵਰਣਨ ਤਾਂ ਕਰਦਾ ਹੈ, ਪਰ 'ਮੌਜੂਦਾ ਸੰਖੇਪ ਕਹਾਣੀ' ਨੂੰ 'ਯੂਰਪ ਅਤੇ ਅਮਰੀਕਾ' ਦੀ ਹੀ ਦੇਣ ਸਵੀਕਾਰਦਾ ਹੈ। ਐਲਿਨ ਪੋ ਦੀ ਇਹ ਧਾਰਨਾ ਅਨੇਕਾਂ ਵਿਰੋਧਾਂ ਦੇ ਬਾਵਜੂਦ ਚਰਨ ਸਿੰਘ ਸ਼ਹੀਦ ਦੀ ਪਰਿਭਾਸ਼ਾ ਵਿਚ ਦੇਖਣ ਨੂੰ ਮਿਲਦੀ ਹੈ। ਸੋ ਜਿਉ-ਜਿਉ ਲੋਕਾਂ ਦੇ ਕੰਮ ਵਧਦੇ ਗਏ, ਫੁਰਸਤ ਘਟਦੀ ਗਈ, ਤਿਉ-ਤਿਉ 'ਸੰਖੇਪ ਕਹਾਣੀਆਂ' ਵੱਲ ਰੁਚੀ ਵਧੇਰੇ ਹੁੰਦੀ ਗਈ।

## 1.2 ਪੰਜਾਬੀ ਕਹਾਣੀ ਦੇ ਨਿਕਾਸ ਦੇ ਵਿਭਿੰਨ ਕਾਰਕ

ਅੰਗਰੇਜ਼ੀ ਰਾਜ ਨਾਲ ਜਿੱਥੇ ਸਾਡੇ ਦੇਸ਼ ਦੇ ਵਿਕਾਸ ਵਿਚ ਅਤੇ ਆਰਥਿਕ ਲੁੱਟ 'ਤੇ ਅਸਰ ਪਿਆ ਹੈ ਉਥੇ ਸਾਹਿਤ ਵੀ ਬਚ ਨਹੀਂ ਸਕਿਆ। ਪੰਜਾਬੀ ਸਾਹਿਤ ਦਾ ਇਤਿਹਾਸ 'ਪੱਛਮੀ ਪ੍ਰਭਾਵ' ਦੇ ਟੋਹ ਚਿੰਨ੍ਹ ਲੱਭਣ ਲਈ ਅੰਗਰੇਜ਼ੀ ਰਾਜ ਨਾਲ ਆਏ ਪੱਛਮੀ ਸੱਭਿਅਤਾ ਦੇ ਸਰੂਪ ਨੂੰ ਵੀ ਵਿਚਾਰਦਾ ਹੈ। ਸੱਭਿਅਤਾ 'ਤੇ ਪਏ ਇਸ ਪ੍ਰਭਾਵ ਲਈ ਡਾ. ਅਤਰ ਸਿੰਘ 'ਇਕ ਜੇਤੂ, ਜਿਉਂਦੀ, ਵਿਗਸਦੀ ਅਤੇ ਪ੍ਰਗਤੀਸ਼ੀਲ' ਆਦਿ ਵਿਸ਼ੇਸਣ ਵਰਤਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਪੱਛਮੀ ਸੱਭਿਅਤਾ ਦੀ ਜਾਗ ਨੇ ਭਾਰਤੀ ਜੀਵਨ ਵਿਚ ਅਨੇਕ ਤਬਦੀਲੀਆਂ ਲਿਆਂਦੀਆਂ ਸਨ। ਪੰਜਾਬ ਯੂਨੀਵਰਸਿਟੀ ਦੀ ਸਥਾਪਨਾ ਨਾਲ ਉਚੇਰੀ 'ਪੱਛਮੀ ਸਿੱਖਿਆ' ਦੇ ਪ੍ਰਬੰਧ ਦਾ ਮੁੱਢ ਬੱਝਾ ਅਤੇ ਪੱਛਮੀ ਸਾਹਿਤ ਦਾ ਅਧਿਐਨ ਹੋਣਾ ਸ਼ੁਰੂ ਹੋਇਆ। ਪੱਛਮੀ ਸਾਹਿਤ ਦਾ ਅਧਿਐਨ ਮੌਜੂਦਾ ਭਾਰਤੀ ਸੱਭਿਅਤਾ ਦੇ ਦੌਰ ਵਿਚ ਇਕ ਅਸਲੋਂ ਨਵੀਂ ਸਿੱਖਿਆ ਪ੍ਰਣਾਲੀ ਦਾ ਇਕ ਅਨਿੱਖੜਵਾਂ ਅੰਗ ਸੀ। ਨਤੀਜੇ ਵਜੋਂ ਪੱਛਮੀ ਸਿੱਖਿਆ ਨੇ ਪੰਜਾਬੀ ਲੇਖਕਾਂ ਦੀਆਂ ਨਵੀਂਆਂ ਪੀੜ੍ਹੀਆਂ ਦੇ ਸਾਹਮਣੇ ਸਾਹਿਤ ਦਾ ਇਕ ਨਵਾਂ ਚਿੱਤਰ ਪੇਸ਼ ਕੀਤਾ। ਡਾ. ਅਤਰ ਸਿੰਘ ਅਨੁਸਾਰ; ''ਜੋਸ਼ੂਵਾ ਫ਼ਜ਼ਲਦੀਨ ਅਤੇ ਗੁਰਬਖ਼ਸ਼ ਸਿੰਘ ਸਾਹਮਣੇ ਇਹੋ ਚਿੱਤਰ ਸੀ। ਇਸ ਤੋਂ ਛੁੱਟ ਉਚੇਰੀ ਸਿੱਖਿਆ ਦੀ ਪ੍ਰਾਪਤੀ ਲਈ ਪੰਜਾਬੀ ਯੁਵਕਾਂ ਵੱਲੋਂ ਪੱਛਮੀ ਦੇਸ਼ਾਂ ਦੇ ਭ੍ਰਮਣ ਨੇ ਵੀ ਨਵੇਂ ਪੰਜਾਬੀ ਸਾਹਿਤ ਦਾ ਮੂੰਹ-ਮੱਥਾ ਸੰਵਾਰਨ ਵਿਚ ਕਾਫੀ ਸਹਾਇਤਾ ਕੀਤੀ।'' ਇਸ ਤਰ੍ਹਾਂ ਪੰਜਾਬੀ ਸਾਹਿਤ ਵਿਚ ਪੱਛਮੀ ਸੱਭਿਅਤਾ ਦੀ ਦੇਣ ਨਾਲ ਹੁਨਰੀ ਨਿੱਕੀ ਕਹਾਣੀ ਦਾ ਜਨਮ ਹੋਇਆ। ਸੰਸਾਰ ਭਰ ਦੇ ਸਾਹਿਤ ਵਿਚ ਹੁਨਰੀ ਨਿੱਕੀ ਕਹਾਣੀ ਦੀ ਹੋਂਦ ਆਪਣਾ ਇਕ ਵਿਸ਼ੇਸ਼ ਮਹੱਤਵ ਰੱਖਦੀ ਹੈ। ਅੱਜ ਜਿਸ ਨੂੰ ਅਸੀਂ ਨਿੱਕੀ ਕਹਾਣੀ ਕਹਿੰਦੇ ਹਾਂ, ਉਹ ਸਾਹਿਤ ਦੀ ਇਕ ਮੁੱਲਵਾਨ ਗਲਪਨਿਕ ਵੰਨਗੀ ਹੈ ਅਤੇ ਸਾਹਿਤ ਦੀ ਇਸ ਵੰਨਗੀ ਨੇ ਪੱਛਮੀ ਪ੍ਰਭਾਵ ਨੂੰ ਵਧੇਰੇ ਕਬੂਲਿਆ ਹੈ। ਜਿਸ ਸਾਹਿਤ ਰੂਪ ਨੂੰ ਅਸੀਂ ਨਿੱਕੀ ਕਹਾਣੀ ਦਾ ਨਾਮ ਦਿੰਦੇ ਹਾਂ, ਉਹ ਅਸਲੋਂ ਨਵਾਂ ਰੂਪ ਹੈ ਅਤੇ ਉਕਤ ਪ੍ਰੰਪਰਾਵਾਂ ਦੀ ਉਪਜ ਨਹੀਂ ਹੈ। ਇਹ ਪੱਛਮ ਵਿਚ ਲਿਖੀ ਜਾਂਦੀ 'ਸ਼ਾਰਟ ਸਟੋਰੀ' ਦੇ ਪ੍ਰਭਾਵ ਅਧੀਨ ਪੰਜਾਬੀ ਸਾਹਿਤ ਵਿਚ ਆਇਆ ਹੈ। ਇਸ ਸਬੰਧੀ ਅਸੀਂ ਪਿੱਛੇ ਸਬੰਧਤ ਅਧਿਆਇ ਦੀ ਉਪ ਵੰਡ 'ਕਹਾਣੀ ਵਿਧਾ ਦਾ ਨਾਮਕਰਨ' ਵਿਚ ਵਿਸਥਾਰਤ ਦੱਸ ਚੁੱਕੇ ਹਾਂ।

ਹੁਣ ਨਿੱਕੀ ਕਹਾਣੀ ਆਧੁਨਿਕ ਸਮੇਂ ਦਾ ਇਕ ਅਜਿਹਾ ਲਘੂ ਬਿਰਤਾਂਤ ਰੂਪ ਹੈ, ਜਿਹੜਾ ਨਾ ਕੇਵਲ ਬਦਲਦੀਆਂ ਸਮਾਜਿਕ-ਆਰਥਿਕ ਹਾਲਤਾਂ ਦੀ ਉਪਜ ਹੀ ਮੰਨਿਆ ਜਾਂਦਾ ਹੈ, ਸਗੋਂ ਵਰਤਮਾਨ ਸਮੇਂ ਦੇ ਸਮਾਜ ਦੇ ਹਰ ਤਰ੍ਹਾਂ ਦੇ ਪਰਿਵਰਤਨ ਨੂੰ ਪ੍ਰਦਰਸ਼ਿਤ ਕਰਨ ਵਿਚ ਵੀ ਇਸ ਦੀ ਮੋਹਰੀਆਂ ਵਾਲੀ ਭੂਮਿਕਾ ਰਹੀ ਹੈ। ''ਵਰਤਮਾਨ ਸਮੇਂ ਦਾ ਸਮਾਜਿਕ ਜੀਵਨ ਜਿਵੇਂ-ਜਿਵੇਂ ਜਟਿਲਤਾ, ਕਠੋਰਤਾ ਅਤੇ ਖੰਡਿਤ ਵਿਵਸਥਾ ਦਾ ਧਾਰਨੀ ਹੁੰਦਾ ਜਾ ਰਿਹਾ ਹੈ, ਠੀਕ ਉਵੇਂ ਹੀ ਨਿੱਕੀ ਕਹਾਣੀ ਦੀ ਦਸ਼ਾ, ਦਿਸ਼ਾ, ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਵੀ ਬਦਲਦਾ ਰਿਹਾ ਹੈ। ਸ਼ੁਰੂ-ਸ਼ੁਰੂ ਵਿਚ ਕਹਾਣੀ ਕੇਵਲ ਸੁਣਨ ਸੁਣਾਉਣ ਦੀ ਚੀਜ਼ ਸਮਝੀ ਜਾਂਦੀ ਸੀ, ਫੇਰ ਇਸ ਨੂੰ ਲਿਖਣ-ਪੜ੍ਹਨ ਲਈ ਪ੍ਰਯੋਗ ਵਿਚ ਲਿਆਂਦਾ ਗਿਆ, ਜਦੋਂ ਕਿ ਵਰਤਮਾਨ ਸਮੇਂ ਦੀ ਨਿੱਕੀ ਹੁਨਰੀ ਕਹਾਣੀ ਤਾਂ ਸਮਝਣ ਸਮਝਾਉਣ ਵਾਲਾ ਸਾਹਿਤ ਰੂਪ ਬਣ ਗਈ ਹੈ।''

ਕੁਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਨਿੱਕੀ ਕਹਾਣੀ ਦਾ ਮੁੱਢ ਪੱਛਮ ਵਿਚ 19ਵੀਂ ਸਦੀ ਦੇ ਸ਼ੁਰੂ ਵਿਚ ਅਤੇ ਪੰਜਾਬੀ ਵਿਚ 20ਵੀਂ ਸਦੀ ਦੇ ਆਰੰਭ ਵਿਚ ਹੋਇਆ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਾਡੇ ਵਿਰਸੇ ਵਿਚ ਕਹਾਣੀ ਦੇ ਮੁੱਢਲੇ ਬੀਜ ਰੂਪੀ ਅੰਸ਼ ਮਿਲਦੇ ਹਨ, ਪ੍ਰੰਤੂ ਅੱਜ ਜਿਸ ਨੂੰ ਅਸੀਂ ਨਿੱਕੀ ਕਹਾਣੀ ਵਜੋਂ ਸਾਹਿਤ ਦੀ ਇਕ ਪ੍ਰਵਾਨਿਤ ਵਿਧਾ ਵਜੋਂ ਸਵੀਕਾਰਦੇ ਹਾਂ ਉਹ ਪੱਛਮੀ ਪ੍ਰਭਾਵ ਅਧੀਨ ਹੀ ਹੋਂਦ ਵਿਚ ਆਈ ਹੈ। ਇਸ ਨੂੰ ਵਸਤੂ, ਸ਼ੈਲੀ, ਰੂਪ ਤੇ ਆਸ਼ੇ ਆਦਿ ਪੱਖਾਂ ਤੋਂ ਵਿਚਾਰੀਏ ਤਾਂ ਸਾਨੂੰ ਯਕੀਨ ਕਰਨਾ ਪਵੇਗਾ ਕਿ ਅਜੋਕੀ ਕਹਾਣੀ ਪੱਛਮੀ ਸਾਹਿਤ ਦੀ ਹੀ ਦੇਣ ਹੈ। ਇੰਗਲੈਂਡ, ਫ਼ਰਾਂਸ, ਰੂਸ, ਅਮਰੀਕਾ ਆਦਿ ਦੇਸ਼ਾਂ ਵਿਚ ਨਿੱਕੀ ਕਹਾਣੀ ਨੇ ਬਹੁਤ ਉਨਤੀ ਕੀਤੀ ਹੈ। ਭਾਰਤ ਵਿਚ ਬੰਗਾਲੀ ਵਿਦਵਾਨਾਂ ਨੇ ਇਸ ਅਸਰ ਨੂੰ ਸਭ ਤੋਂ ਪਹਿਲਾਂ ਕਬੂਲਿਆ, ਕਿਉਂਕਿ ਬੰਗਾਲ ਵਿਚ ਅੰਗਰੇਜ਼ਾਂ ਦੇ ਪਹਿਲਾਂ ਕਾਬਜ਼ ਹੋਣ ਕਾਰਨ ਪੜ੍ਹਿਆਂ/ਲਿਖਿਆਂ ਦੀ ਗਿਣਤੀ ਵਧੇਰੇ ਸੀ। ਪੱਛਮੀ ਲੇਖਕਾਂ ਵਿਚੋਂ ਐਡਗਰ ਐਲਿਨ ਪੋ, ਹਾਅਥੌਰਨ, ਸਕਾਟਥੈਕਰੇ, ਡਿਕਨਜ਼, ਸਟੀਵਸਨ, ਕਿਪਿਗ ਬਰੇਟ, ਹਾਰਟੇ, ਮੋਪਾਸਾ, ਔਸਕਰ ਵਾਈਲਡ, ਡੀ.ਐਚ. ਲਾਰੰਸ, ਐਚ.ਜੀ. ਵੇਲਜ਼ ਆਦਿ ਤੋਂ ਬਿਨਾਂ ਰੂਸੀ ਲਿਖਾਰੀ ਚੈਖਵ ਅਤੇ ਟਾਲਸਟਾਇ ਨੇ ਵੀ ਇਸ ਰੂਪ ਨੂੰ ਉਸਾਰਨ ਤੇ ਨਿਖਾਰਨ ਵਿਚ ਜ਼ਿਕਰਯੋਗ ਹਿੱਸਾ ਪਾਇਆ ਹੈ। ਬੰਗਾਲੀ ਲੇਖਕਾਂ ਵਿਚੋਂ ਬਾਬੂ ਬੰਕਮਚੰਦਰ, ਸ਼ਰਤ ਚੰਦਰ ਅਤੇ ਰਾਬਿੰਦਰਨਾਥ ਟੈਗੋਰ ਦੇ ਨਾਲ ਹਿੰਦੀ ਕਹਾਣੀ ਦੇ ਮੋਢੀ ਮੁਨਸ਼ੀ ਪ੍ਰੇਮ ਚੰਦ, ਜੈ ਸ਼ੰਕਰ ਪ੍ਰਸਾਦਿ, ਸੁਦਰਸ਼ਨ, ਦੇਵਿੰਦਰ ਸਤਿਆਰਥੀ, ਉਪੇਂਦ੍ਰਨਾਥ ਅਸ਼ਕ ਅਤੇ ਉਰਦੂ ਵਿਚ ਅਫ਼ਸਾਨਾ ਨਿਗਾਰ, ਕਿਸ਼ਨ ਚੰਦਰ, ਸਦਾਅਤ ਹਸਨ ਮੰਟੋ, ਇਸਮਤ ਚੁਗਤਾਈ, ਘਨੱਈਆ ਲਾਲ ਕਪੂਰ, ਰਾਮ ਲਾਲ, ਬਲਵੰਤ ਸਿੰਘ, ਰਵਿੰਦਰ ਸਿੰਘ ਅਤੇ ਰਾਜਿੰਦਰ ਸਿੰਘ ਬੇਦੀ ਆਦਿ ਨੇ ਵੀ ਪੱਛਮੀ ਪ੍ਰਭਾਵ

ਅਧੀਨ ਕਹਾਣੀ ਵਿਧਾ ਵਿਚ ਕਾਫ਼ੀ ਵੱਡਾ ਯੋਗਦਾਨ ਪਾਇਆ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਇਸ ਪ੍ਰਭਾਵ ਦਾ ਵਰਤਾਰਾ ਰਾਤੋ-ਰਾਤ ਨਹੀਂ ਵਾਪਰਿਆ, ਬਲਕਿ ਇਸ ਪਿੱਛੇ ਇਕ ਲੰਬੀ ਪ੍ਰਕਿਰਿਆ ਦਾ ਯੋਗਦਾਨ ਹੈ।

## 1.3 ਪੰਜਾਬੀ ਕਹਾਣੀ ਦਾ ਵਿਕਾਸ

ਪੰਜਾਬੀ ਕਹਾਣੀ ਦੇ ਵਿਕਾਸ ਵਿਚ ਆਜ਼ਾਦੀ ਅੰਦੋਲਨ, ਅੰਦੋਲਨ ਤੋਂ ਉਪਜੇ ਸਵਾਲ-ਜਵਾਬ, ਮੱਧ ਸ਼੍ਰੇਣੀ ਦੇ ਆਗਮਨ ਨਾਲ ਪੰਜਾਬੀ ਸਾਹਿਤ ਜਗਤ ਵਿਚ ਨਵ-ਜਾਗ੍ਰਿਤੀ/ਚਿੰਤਨ/ਚੇਤਨਾ ਦੇ ਕਾਰਨ ਆਦਿ ਵਧੇਰੇ ਸਹਾਈ ਬਣੇ ਹਨ। ਇਸ ਝੁਕਾਉ ਦੇ ਤਤਕਾਲੀ ਕਾਰਨਾਂ ਵਿਚ ਮਿਸ਼ਨਰੀਆਂ ਦੀਆਂ ਗਤੀਵਿਧੀਆਂ ਅਤੇ ਚੋਪੱਤਰਿਆਂ ਦੀ ਪ੍ਰਕਾਸ਼ਨਾ ਆਦਿ ਨੂੰ ਵੀ ਵਿਚਾਰਿਆ ਜਾਂਦਾ ਹੈ। 'ਸਿੰਘ ਸਭਾ ਲਹਿਰ' ਅਤੇ ਸਮਕਾਲੀ 'ਦੇਵ ਸਮਾਜ ਲਹਿਰ', 'ਬ੍ਰਹਮੋ ਸਮਾਜ ਲਹਿਰ', 'ਆਰੀਆ ਸਮਾਜ ਲਹਿਰ', 'ਅਹਿਮਦੀਆ ਜਾਂ ਕਾਦਿਆਨੀ ਲਹਿਰ' ਅਤੇ 'ਅਲੀਗੜ੍ਹ ਲਹਿਰ' ਤੋਂ ਇਲਾਵਾ ਹੋਰ ਅਕਾਲੀ ਲਹਿਰਾਂ ਆਦਿ ਦੀ ਦੇਣ ਨੇ ਵੀ ਪੰਜਾਬੀ ਕਹਾਣੀ ਦੇ ਵਿਕਾਸ ਵਿਚ ਚੋਖਾ ਵਾਧਾ ਕੀਤਾ ਹੈ। ਨਤੀਜੇ ਵਜੋਂ ''ਮੋਹਨ ਸਿੰਘ ਵੈਦ ਦਾ ਧਾਰਮਿਕ ਵਿਸ਼ਿਆਂ ਵੱਲੋਂ ਸਮਾਜਿਕ-ਭਾਈਚਾਰਕ ਸਮੱਸਿਆਵਾਂ ਵੱਲ ਆਉਣਾ ਅਤੇ ਨਾਨਕ ਸਿੰਘ ਦਾ ਕਹਾਣੀ ਨੂੰ ਸਿੱਖੀ ਵਿਸ਼ੇਸ਼ਣ ਤੋਂ ਮੁਕਤ ਕਰ ਦੇਣਾ ਜਾਂ ਗੁਰਬਖ਼ਸ਼ ਸਿੰਘ ਨਾਲ ਪਿਆਰ ਦਾ ਸਾਰੀਆਂ ਮਨੁੱਖੀ ਕਦਰਾਂ ਦਾ ਰੂਪ ਧਾਰ ਲੈਣਾ-ਪੰਜਾਬੀ ਕਹਾਣੀ ਦੇ ਵਿਕਾਸ-ਸੰਕੇਤ ਮੰਨੇ ਜਾਂਦੇ ਹਨ।''

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਧੁਨਿਕ ਪੰਜਾਬੀ ਕਹਾਣੀ ਦੇ ਵਿਕਾਸ ਦਾ ਆਰੰਭ-ਬਿੰਦੂ ਕਿਸ ਕਹਾਣੀ ਜਾਂ ਕਹਾਣੀਕਾਰ ਜਾਂ ਕਹਾਣੀ ਰਚਨਾ ਦੇ ਕਾਲ-ਖੰਡ ਨੂੰ ਮੰਨਿਆ ਜਾਵੇ? ਕੁਝ ਇਕ ਦਾ ਕਹਿਣਾ ਹੈ ਕਿ ਪੰਜਾਬੀ ਵਿਚ ਪ੍ਰਥਮ ਕਹਾਣੀ ਲੇਖਕ ਹੋਣ ਦਾ ਮਾਣ ਸ. ਲਾਲ ਸਿੰਘ ਕਮਲਾ ਅਕਾਲੀ ਦੇ ਹਿੱਸੇ ਆਉਂਦਾ ਹੈ। ਲਾਲ ਸਿੰਘ ਕਮਲਾ ਅਕਾਲੀ ਦੀ 'ਸਰਬ ਲੋਹ ਦੀ ਵਹੁਟੀ' 1923 ਦੇ ਕਰੀਬ ਪ੍ਰਕਾਸ਼ਿਤ ਹੋਈ ਮੰਨੀ ਜਾਂਦੀ ਹੈ। ਜਦਕਿ ਇਸ ਲੇਖਕ ਬਾਰੇ ਪੁਸ਼ਟੀ ਕਰਦੇ ਪ੍ਰੋ. ਬ੍ਰਹਮਜਗਦੀਸ਼ ਸਿੰਘ ਅਤੇ ਪ੍ਰੋ. ਰਾਜਬੀਰ ਕੌਰ ਦਾ ਕਹਿਣਾ ਹੈ ਕਿ ''ਪੰਜਾਬੀ ਵਿਚ ਪ੍ਰਮਾਣੀਕ ਕਹਾਣੀ 'ਕਮਲਾ ਅਕਾਲੀ' ਸੀ ਜੋ ਲਾਲ ਸਿੰਘ ਨੇ ਲਿਖੀ।'' ਕੁਝ ਆਲੋਚਕਾਂ ਦਾ ਕਹਿਣਾ ਹੈ ਕਿ ਪੰਜਾਬੀ ਕਹਾਣੀ ਦਾ ਮੁੱਢ ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ ਨਾਲ ਬੱਝਾ, ਜਦਕਿ ਕੁਝ ਦਾ ਕਹਿਣਾ ਹੈ ਕਿ ਪੰਜਾਬੀ ਕਹਾਣੀ ਦਾ ਮੁੱਢ ਸੰਤ ਸਿੰਘ ਸੇਖੋਂ ਨਾਲ ਬੱਝਾ ਹੈ। ਇਹ ਪ੍ਰਸ਼ਨ ਪੰਜਾਬੀ ਦੇ ਸਮੀਖਿਆਕਾਰਾਂ ਅਤੇ ਇਤਿਹਾਸਕਾਰਾਂ ਲਈ ਵਿਵਾਦਗ੍ਰਸਤ ਰਿਹਾ ਹੈ। ''ਇਕ ਧਿਰ ਪੱਛਮੀ ਕਹਾਣੀ ਸ਼ਾਸਤਰ ਦੇ ਮੁਦੱਈਆਂ ਦੀ ਹੈ, ਜਿਹੜੀ ਪੰਜਾਬੀ ਕਹਾਣੀ ਦਾ ਆਰੰਭ ਸਹੀ ਮਾਅਨਿਆਂ ਵਿਚ ਸੰਤ ਸਿੰਘ ਸੇਖੋਂ ਦੇ ਸਮੇਂ ਤੋਂ ਹੀ ਮੰਨਦੀ ਹੈ।... ਦੂਜੀ ਧਿਰ ਪੂਰਬਵਾਦੀ ਸਰੋਕਾਰਾਂ ਅਧੀਨ ਆਧੁਨਿਕ ਪੰਜਾਬੀ ਕਹਾਣੀ ਨੂੰ ਇਸਾਈ ਮਿਸ਼ਨਰੀਆਂ ਦੇ ਚੌਪੱਤਰਿਆਂ ਅਤੇ ਭਾਈ ਵੀਰ ਸਿੰਘ ਦੁਆਰਾ ਲਿਖਤ ਟ੍ਰੈਕਟਾਂ (ਸ੍ਰੀ ਗੁਰੂ ਨਾਨਕ ਚਮਤਕਾਰ ਆਦਿ) ਵਿਚਲੀਆਂ ਸੰਖੇਪ ਗਲਪੀ ਵਾਰਤਾਵਾਂ ਵਿਚੋਂ ਤਲਾਸ਼ਣ ਦਾ ਯਤਨ ਕਰਦੀ ਹੈ।'' ਸੇਖੋਂ ਕਾਲ ਦੀ ਸਰਵੋਤਮ ਕਹਾਣੀ-ਰਚਨਾ ਨੂੰ ਮਾਪਦੰਡ ਬਣਾ ਕੇ ਮੁੱਢਲੀ ਪੰਜਾਬੀ ਕਹਾਣੀ ਨੂੰ ਅਣਗੌਲ਼ਿਆਂ ਕਰਨ ਵਾਲੀ ਇਸ ਧਿਰ ਵਿਚ ਖ਼ੁਦ ਸੰਤ ਸਿੰਘ ਸੇਖੋਂ, ਪਰਮਿੰਦਰ ਸਿੰਘ, ਗੁਰਮੁਖ ਸਿੰਘ ਜੀਤ, ਬਲਬੀਰ ਸਿੰਘ ਦਿਲ, ਸੁਰਿੰਦਰ ਸਿੰਘ ਕੋਹਲੀ, ਕਿਰਪਾਲ ਸਿੰਘ ਕਸੇਲ ਅਤੇ ਗੁਰਬਖ਼ਸ਼ ਸਿੰਘ ਫਰੈਂਕ ਆਦਿ ਦੇ ਨਾਂ ਵਿਸ਼ੇਸ਼ ਹਨ।

ਪੂਰਬੀ ਸਰੋਕਾਰਾਂ ਨਾਲ ਜੁੜੇ ਕਹਾਣੀ ਜਗਤ ਦੇ ਆਲੋਚਕ ਡਾ. ਸਵਿੰਦਰ ਸਿੰਘ ਉੱਪਲ ਅਨੁਸਾਰ; ''ਭਾਈ ਵੀਰ ਸਿੰਘ ਨੂੰ ਪੰਜਾਬੀ ਕਹਾਣੀ ਦਾ ਪਿਤਾ ਹੋਣ ਦੀ ਪਦਵੀ ਇਸ ਲਈ ਦਿੱਤੀ ਗਈ ਹੈ ਕਿ ਆਧੁਨਿਕ ਕਹਾਣੀਆਂ ਦੇ ਟੋਹ ਚਿੰਨ੍ਹ ਉਸ ਦੇ ਟ੍ਰੈਕਟਾਂ ਅਤੇ ਚਮਤਕਾਰਾਂ ਵਿਚੋਂ ਪ੍ਰਾਪਤ ਹੁੰਦੇ ਹਨ।'' ਡਾ. ਬਲਦੇਵ ਸਿੰਘ ਧਾਲੀਵਾਲ ਵੀ ਡਾ. ਉੱਪਲ ਦੀ ਧਾਰਨਾ ਨੂੰ ਪੰਜਾਬੀ ਕਹਾਣੀ ਦੇ ਪਿਛੋਕੜ ਵਿਚ ਰੱਖਦਾ ਹੈ। ਉਸ ਮੁਤਾਬਕ; ''ਜਿਸ ਹੁਨਰੀ ਕਹਾਣੀ ਨੂੰ ਅਸੀਂ ਅੱਜ ਗਲਪ ਦਾ ਨਵੀਨ ਰੂਪ ਮੰਨਦੇ ਹਾਂ, ਉਹ ਅਸਲੀਅਤ ਵਿਚ ਪੁਰਾਣੀ ਕਹਾਣੀ ਦਾ ਹੀ ਇਕ ਵਿਕਸਿਤ ਰੂਪ ਹੈ। ਉਹ ਪੁਰਾਣੀ ਕਹਾਣੀ ਤੋਂ ਵੱਖਰੀ ਹੁੰਦੀ ਹੋਈ ਵੀ ਵੱਖਰੀ ਨਹੀਂ।'' ਡਾ. ਉੱਪਲ ਪੱਛਮੀ ਤਕਨੀਕ ਰਾਹੀ ਪੰਜਾਬੀ ਕਹਾਣੀ 'ਤੇ ਪਏ 'ਪੱਛਮੀ ਪ੍ਰਭਾਵ' ਨੂੰ ਜਿੱਥੇ ਨਿਰਣਾਇਕ ਸਮੱਸਿਆ ਦਸਦਾ ਹੈ, ਉਥੇ ਵਿਕਾਸ ਮਾਰਗ ਵੀ ਉਲੀਕਦਾ ਹੈ; ''ਪੰਜਾਬੀ ਕਹਾਣੀ ਦੀ ਇਤਿਹਾਸਕਾਰੀ ਵਿਚ 'ਪੱਛਮੀ ਪ੍ਰਭਾਵ' ਦੀ ਧਾਰਨਾ ਨੂੰ ਲਗਭਗ ਇਕ ਸਥਾਪਤ ਤੱਥ ਵਾਂਗ ਪ੍ਰਵਾਨ ਕੀਤਾ ਗਿਆ ਹੈ। ਜਿਉ-ਜਿਉ ਪੱਛਮੀ ਪ੍ਰਭਾਵ ਵਧਦਾ ਗਿਆ, ਕਹਾਣੀ ਵਿਕਾਸ ਕਰਦੀ ਗਈ। ਜਦੋਂ ਭਾਈ ਵੀਰ ਸਿੰਘ ਟ੍ਰੈਕਟਾਂ ਦੀ ਸਿਰਜਣਾ ਵਿਚ ਰੁੱਝਾ ਹੋਇਆ ਸੀ ਤਾਂ ਨਿੱਕੀ ਕਹਾਣੀ ਦੀ ਤਕਨੀਕ ਹਾਲੇ ਹਵਾ ਵਿਚ ਸੀ, ਜਿਹੜੀ ਅਚੇਤ ਤੌਰ 'ਤੇ ਹੀ ਉਹਦੇ 'ਚਮਤਕਾਰਾਂ' ਵਿਚ ਜਾ ਧਸੀ।'' ਜਿਥੋਂ ਤੱਕ ਪੰਜਾਬੀ ਕਹਾਣੀ ਵਿਚ ਪੱਛਮੀ ਮਾਡਲ ਅਪਨਾਉਣ ਦੀ ਪਹਿਲ ਦਾ ਸਵਾਲ ਹੈ ਇਸ ਸਬੰਧੀ ਡਾ. ਉੱਪਲ ਦਾ ਕਹਿਣਾ ਹੈ ਕਿ ''ਪੱਛਮ ਦੀ ਨਿੱਕੀ ਕਹਾਣੀ ਦੀ ਤਕਨੀਕ ਨੂੰ ਮਾਡਲ ਵਜੋਂ ਅਪਣਾਉਣ ਦੀ ਪ੍ਰੰਪਰਾ ਦਾ ਕਾਰਜ ਚਰਨ ਸਿੰਘ ਸ਼ਹੀਦ ਨੇ ਕੀਤਾ। ... ਇਹ ਉਹ ਸਮਾਂ ਸੀ ਜਦੋਂ ਪੰਜਾਬੀ ਕਹਾਣੀ ਮੁਸ਼ਕਲ ਨਾਲ ਪੱਛਮੀ ਕਹਾਣੀ ਦੀ ਤਕਨੀਕ ਤੋਂ ਅਜੇ ਪ੍ਰਭਾਵਤ ਹੀ ਹੋਈ ਸੀ।'' ਇਸ ਗੱਲ ਦੀ ਪੁਸ਼ਟੀ ਕਰਦੇ ਗੁਰਮੁਖ ਸਿੰਘ ਜੀਤ ਦਾ ਕਹਿਣਾ ਹੈ; ''ਭਾਈ ਵੀਰ ਸਿੰਘ ਦੇ ਨਾਲ ਹੀ ਮੋਹਨ ਸਿੰਘ ਵੈਦ ਅਤੇ ਚਰਨ ਸਿੰਘ ਸ਼ਹੀਦ ਨੂੰ ਵੀ ਮੋਢੀਆਂ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ।''

ਪੰਜਾਬੀ ਕਹਾਣੀ ਦੇ ਮੋਢੀ ਅਤੇ ਵਿਕਾਸ ਮਾਡਲ ਦਰਸਾਉਣ ਸਬੰਧੀ ਜਿਹੜੇ ਵਿਦਵਾਨ ਵਧੇਰੇ ਕਾਰਜਸ਼ੀਲ ਹਨ, ਉਨ੍ਹਾਂ ਸਬੰਧੀ ਡਾ. ਬਲਦੇਵ ਸਿੰਘ ਧਾਲੀਵਾਲ ਦਾ ਕਹਿਣਾ ਹੈ; ''ਮੋਹਨ ਸਿੰਘ ਵੈਦ ਤੋਂ ਲੈ ਕੇ ਸੰਤ ਸਿੰਘ ਸੇਖੋਂ ਤੱਕ ਲਿਖੀ ਗਈ ਪਹਿਲੇ ਪੜਾਅ ਦੀ ਪੰਜਾਬੀ ਕਹਾਣੀ ਨੂੰ ਆਧੁਨਿਕ ਹੋਣ ਦਾ ਵਿਸ਼ੇਸ਼ਣ ਤਾਂ ਭਾਵੇਂ ਬਹੁਤ ਦੱਬਵੀਂ ਸੁਰ ਵਿਚ ਹੀ ਦਿੱਤਾ ਜਾਂਦਾ ਰਿਹਾ ਹੈ, ਪਰ ਇਸ ਸਮੇਂ ਦੀ ਰਚਨਾ ਨੂੰ ਮਹੱਤਵ ਦੇਣ

ਵਾਲੇ ਵਿਦਵਾਨਾਂ ਵਿਚ ਡਾ. ਅਤਰ ਸਿੰਘ, ਡਾ. ਟੀ.ਆਰ. ਵਿਨੋਦ, ਡਾ. ਸਵਿੰਦਰ ਸਿੰਘ ਉੱਪਲ, ਜੋਗਿੰਦਰ ਸਿੰਘ ਰਾਹੀ ਅਤੇ ਦਿਲਜੀਤ ਸਿੰਘ ਪ੍ਰਮੁੱਖ ਹਨ।''

ਉਪਰੋਕਤ ਧਾਰਨਾਵਾਂ ਅਨੁਸਾਰ ਕੋਈ ਸ਼ੱਕ ਨਹੀਂ ਹੈ ਕਿ ਪੱਛਮੀ ਸੰਸਿਤੀ ਅਤੇ ਸਾਹਿਤ ਰੂਪਾਂ ਦੇ ਪ੍ਰਭਾਵ ਨੇ ਜਿਹੜੀ ਕਲਾ ਚੇਤਨਾ ਪੈਦਾ ਕੀਤੀ, ਉਸ ਨੇ ਪੰਜਾਬੀ ਕਹਾਣੀ ਦੀ ਵਸਤੂ-ਚੋਣ, ਰਚਨਾ-ਸੰਗਠਨ ਅਤੇ ਰਚਨਾ-ਦ੍ਰਿਸ਼ਟੀ ਵਿਚ ਗੁਣਨਾਤਮਕ ਪਰਿਵਰਤਨ ਲਿਆਂਦਾ। ਇਨ੍ਹਾਂ ਵਿਚੋਂ ਕਿਸੇ ਇਕ 'ਤੇ ਵੱਧ-ਘੱਟ ਬਲ ਦੇਣ ਨਾਲ ਹੀ ਆਧੁਨਿਕ ਪੰਜਾਬੀ ਕਹਾਣੀ ਦੇ ਨਿਕਾਸ ਸਬੰਧੀ ਭੁਲੇਖੇ ਪੈਦਾ ਹੁੰਦੇ ਹਨ। ਭਾਵੇਂ ਇਸ ਵਿਚ ਮੱਧਕਾਲੀਨ ਚੇਤਨਾ ਦੇ ਕੁਝ ਅੰਸ਼ ਵੀ ਵੇਖੇ ਜਾ ਸਕਦੇ ਹਨ, ਪਰ ਉਹ ਪ੍ਰਧਾਨ ਰੂਪ 'ਚ ਵਿਦਮਾਨ ਨਹੀਂ। ਇਸ ਕਰਕੇ ਆਧੁਨਿਕ ਪੰਜਾਬੀ ਕਹਾਣੀ ਦਾ ਇਤਿਹਾਸ ਸਾਨੂੰ ਸੰਤ ਸਿੰਘ ਸੇਖੋਂ ਤੋਂ ਨਹੀਂ ਬਲਕਿ ਮੋਹਨ ਸਿੰਘ ਵੈਦ ਤੋਂ ਸ਼ੁਰੂ ਕਰਨਾ ਚਾਹੀਦਾ ਹੈ, ਕਿਉਂਕਿ ਆਲੋਚਕਾਂ ਦੀ ਪੀੜ੍ਹੀ ਵਿਚੋਂ ਅਗਲੇਰਾ ਤੇ ਪ੍ਰਪੱਕ ਆਲੋਚਕ ਡਾ. ਅਤਰ ਸਿੰਘ ਦੀ ਇਹ ਧਾਰਨਾ ਵਧੇਰੇ ਤਰਕਸੰਗਤ ਜਾਪਦੀ ਹੈ; ''ਨਿੱਕੀ ਕਹਾਣੀ ਦਾ ਅਸਲ ਮੋਢੀ ਮੋਹਨ ਸਿੰਘ ਵੈਦ ਨੂੰ ਹੀ ਮੰਨਣਾ ਪਵੇਗਾ।'' ਡਾ. ਅਤਰ ਸਿੰਘ ਮੁਤਾਬਕ ਅਜਿਹੇ ਪਰਿਵਰਤਨ ਨਾਲ ''ਪੰਜਾਬੀ ਕਹਾਣੀ 'ਅਗਲੇ ਅਗਲੇਰੇ ਯੁੱਗਾਂ ਦੀ ਵਸਤ' ਬਣ ਜਾਂਦੀ ਹੈ।... ਇਉ ਪੰਜਾਬੀ ਕਹਾਣੀ ਇਸ ਕਾਲ ਵਿਚ ਆਪਣਾ 'ਆਰੰਭਕ ਪੜਾਅ' ਮੁਕਾਉਦੀ ਸੰਤ ਸਿੰਘ ਸੇਖੋਂ ਆਦਿ ਦਾ ਪੱਲਾ ਜਾ ਫੜਦੀ ਹੈ।'' ਗੁਰਮੁਖ ਸਿੰਘ ਜੀਤ ਨੇ ਵੀ ਮੋਹਨ ਸਿੰਘ ਵੈਦ ਤੋਂ ਕਹਾਣੀ ਦੀ ਸ਼ੁਰੂਆਤ ਕਰਕੇ ਅਗਲੇਰੇ ਪੜਾਅ ਨੂੰ ਕਹਾਣੀ ਵਿਚ 'ਨਵਾਂ ਪਲਟਾ' ਨਾਲ ਸੰਬੋਧਨ ਕੀਤਾ ਹੈ; ''ਮੋਹਨ ਸਿੰਘ ਵੈਦ ਤੋਂ ਸ਼ੁਰੂ ਹੋਈ ਪੰਜਾਬੀ ਕਹਾਣੀ 1930 ਈਸਵੀ ਤੋਂ ਮਗਰੋਂ ਨਾਨਕ ਸਿੰਘ ਅਤੇ ਗੁਰਬਖ਼ਸ਼ ਸਿੰਘ ਦੇ ਪ੍ਰਵੇਸ਼ ਨਾਲ ਇਸ ਕਾਲ-ਖੰਡ ਦੀ ਕਹਾਣੀ ਵਿਚ 'ਨਵਾਂ ਪਲਟਾ' ਆ ਗਿਆ ਮੰਨਿਆ ਜਾਂਦਾ ਹੈ।''

ਪੰਜਾਬੀ ਕਹਾਣੀ ਦਾ ਮੁੱਢ ਭਾਵੇਂ ਲੋਕ-ਕਹਾਣੀ ਤੋਂ ਬੱਝਿਆ ਮੰਨਿਆ ਜਾਂਦਾ ਹੈ ਪਰ ਸਮੇਂ ਦੇ ਨਾਲ-ਨਾਲ ਕਹਾਣੀ ਨੇ ਵੀ ਆਪਣਾ ਨਵਾਂ ਅਤੇ ਵੱਖਰਾ ਰੂਪ ਅਖ਼ਤਿਆਰ ਲਿਆ ਹੈ। ਕਹਾਣੀ ਇਸ ਬਦਲਾਅ ਨੂੰ ਪੇਸ਼ ਕਰਨ ਵਾਲੀ ਇੱਕ ਆਧੁਨਿਕ ਸਾਹਿਤਕ ਵਿਧਾ ਹੈ। ਕਹਾਣੀ ਸਿਰਫ਼ ਸਥਿਤੀਆਂ ਦਾ ਜੋੜ-ਤੋੜ ਹੀ ਨਹੀਂ ਪੇਸ਼ ਕਰਦੀ ਸਗੋਂ ਇਹ ਜ਼ਿੰਦਗੀ ਦੇ ਕਈ ਦਿਸਦੇ ਅਣਦਿੱਸਦੇ ਪੱਖਾਂ ਦੀ ਵੀ ਬਾਖ਼ੂਬੀ ਪੇਸ਼ਕਾਰੀ ਕਰਦੀ ਹੈ। ਪਿਛਲੇ ਦੋ ਕੁ ਦਹਾਕਿਆਂ ਤੋਂ ਪੰਜਾਬੀ ਕਹਾਣੀ ਵਿਚ ਵਿਸ਼ੇ ਅਤੇ ਕਲਾ ਪੱਖ ਨੂੰ ਲੈ ਕੇ ਵੀ ਬਹੁਤ ਸਾਰੀਆਂ ਤਬਦੀਲੀਆਂ ਆਈਆਂ ਹਨ। ਅਜੋਕੀ ਪੰਜਾਬੀ ਕਹਾਣੀ ਅਜੋਕੇ ਮਨੁੱਖ ਦੇ ਬਰਾਬਰ ਕਦਮ ਮੇਚ ਕੇ ਤੁਰ ਰਹੀ ਹੈ। ਵਿਸ਼ਵੀਕਰਨ ਦੇ ਦੌਰ ਰਾਹੀਂ ਪੰਜਾਬੀ ਕਹਾਣੀ ਵਿਚ ਬਹੁਤ ਸਾਰੇ ਨਵੇਂ ਪੱਖਾਂ ਦਾ ਜਨਮ ਹੋਇਆ ਹੈ ਜਿਨ੍ਹਾਂ ਨੇ ਸਮਾਜ, ਸਾਹਿਤ ਅਤੇ ਸਭਿਆਚਾਰ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਪੰਜਾਬੀ ਸਾਹਿਤ ਅਧਿਐਨ ਵਿਭਾਗ ਦੁਆਰਾ ਪ੍ਰਕਾਸ਼ਿਤ ਪੁਸਤਕ 'ਪੰਜਾਬੀ ਕਹਾਣੀ ਪ੍ਰਾਪਤੀਆਂ ਤੇ ਸੰਭਾਵਨਾਵਾਂ' ਵਿਚ ਲਿਖਿਆ ਹੈ:

ਤਕਨੀਕੀ ਇਨਕਲਾਬ ਨੇ ਸਮਾਜ, ਸਾਹਿਤ ਅਤੇ ਸਭਿਆਚਾਰ ਉੱਤੇ ਅਜਿਹਾ ਪ੍ਰਭਾਵ ਪਾਇਆ ਕਿ ਮਨੁੱਖੀ ਸੋਚਣੀ ਵੀ ਬਦਲ ਗਈ। ਮਨੁੱਖ ਵਧੇਰੇ ਚਿੰਤਨਸ਼ੀਲ ਅਤੇ ਸੰਵੇਦਨਸ਼ੀਲ ਬਣ ਗਿਆ ਤੇ ਉਸ ਨੇ ਅਜਿਹੀ ਅਸਤਿਤਵਵਾਦੀ ਸੋਚਣੀ ਵਿਚ, ਜਟਿਲ ਮਾਨਸਿਕਤਾ ਦਾ ਪ੍ਰਭਾਵ ਕਬੂਲਿਆ। ਉਸ ਦੇ ਅਵਚੇਤਨ ਵਿਚ ਢੇਰ ਫੈਲਾਅ ਆਇਆ ਤੇ ਉਹ ਕਿਉਂ? ਕਿਵੇਂ? ਕਿੰਤੂ, ਪ੍ਰੰਤੂ ਵਿਚ ਪਿਆ ਪਹਿਲੇ ਮਨੁੱਖ ਤੋਂ ਆਪਣੇ ਬਾਰੇ ਵਧੇਰੇ ਸੋਚਣ ਲੱਗਾ। ਸੋ ਰਿਸ਼ਤਿਆਂ ਦੀ ਉਥੱਲ ਪੁੱਥਲ, ਵਰਜਿਤ ਰਿਸ਼ਤਿਆਂ ਦੇ ਪ੍ਰਭਾਵ, ਉਲਾਰ ਕਾਮ ਬਿਰਤੀ, ਫ਼ਰਾਇਡਵਾਦੀ ਲਿੰਗ ਵਿਗਿਆਨ, ਔਰਤ ਦਾ ਮੰਡੀਕਰਨ, ਪਤੀ ਪਤਨੀ ਦੇ ਤਲਾਕ, ਨੌਜਵਾਨਾਂ ਦੀ ਕਾਮ ਬਿਰਤੀ 'ਚ ਵਾਧਾ, ਵਰਜਨਾਵਾਂ ਤੋਂ ਉਪਜੀ ਮਾਨਸਿਕ ਵਿਕ੍ਰਿਤੀ, ਸ਼ੋਸ਼ਕ ਤੇ ਸ਼ੋਸ਼ਿਤ ਵਰਗ ਸੰਘਰਸ਼, ਆਰਥਿਕ ਅਸੰਤੁਲਨ ਅਤੇ ਦਲਿਤ ਚੇਤਨਾ ਆਦਿ ਵਿਸ਼ੇ, ਕਹਾਣੀ ਦੇ ਅਹਿਮ ਵਿਸ਼ੇ ਬਣੇ ਤੇ ਇਉਂ ਕਹਾਣੀ ਯਥਾਰਥ, ਕਥਾ, ਸ਼ਿਲਪ, ਭਾਸ਼ਾ ਅਤੇ ਵਿਸ਼ੇ ਪੱਖੋਂ ਪਹਿਲੀ ਕਹਾਣੀ ਤੋਂ ਪੂਰੀ ਤਰ੍ਹਾਂ ਭਿੰਨ ਹੋ ਗਈ। ਇਸੇ ਪੜਾਅ ਤੇ ਹੀ ਲੰਬੀ ਕਹਾਣੀ ਹੋਂਦ ਵਿਚ ਆਈ। ਕਹਾਣੀ ਵਿਚ ਬੇਸ਼ੁਮਾਰ ਬਦਲਾਅ ਆਏ। ਬਦਲਦੇ ਹਾਲਾਤਾਂ ਅਨੁਸਾਰ ਅਤੇ ਅਨੁਭਵ ਦੀ ਵੰਨ-ਸੁਵੰਨਤਾ ਕਰਕੇ ਪੰਜਾਬੀ ਕਹਾਣੀ ਨੇ ਬੜੇ ਪੜਾਅ ਤੈਅ ਕੀਤੇ ਹਨ। ਡਾ. ਸੁਖਵਿੰਦਰ ਕੌਰ ਦੁਆਰਾ ਸੰਪਾਦਕ ਪੁਸਤਕ 'ਅਜੋਕੀ ਪੰਜਾਬੀ ਕਹਾਣੀ ਸਰੋਕਾਰ ਤੇ ਸੰਦਰਭ' ਵਿਚ ਲਿਖਿਆ ਹੈ:

> ਅਜੋਕੀ ਪੰਜਾਬੀ ਕਹਾਣੀ ਕੁੱਝ ਅਜਿਹੇ ਨਵੇਂ ਸਰੋਕਾਰਾਂ ਨਾਲ ਲਬਰੇਜ਼ ਹੈ ਜੋ ਸਾਡੇ ਬਦਲ ਰਹੇ ਸਮਾਜ ਦਾ ਅਸਲ ਚਿਹਰਾ ਸਾਡੇ ਸਾਹਮਣੇ ਲਿਆਉਂਦੀ ਹੈ। ਅਜੋਕੇ ਦੌਰ ਦੀ ਕਹਾਣੀ ਮਨੁੱਖੀ ਮਨ ਦੀਆਂ ਉਨ੍ਹਾਂ ਖ਼ੂਬਸੂਰਤ ਅਤੇ ਬਦਸੂਰਤ ਪਰਤਾਂ ਦੀ ਨਿਸ਼ਾਨਦੇਹੀ ਕਰਦੀ ਹੈ ਜੋ ਆਧੁਨਿਕ ਸੰਵੇਦਨਾ ਦਾ ਮੂੰਹ ਜ਼ੋਰ ਪ੍ਰਗਟਾਵਾ ਹੈ। ਇਸ ਸਮੇਂ ਦੀ ਕਹਾਣੀ ਜ਼ਿੰਦਗੀ ਦੇ ਸਮਕਾਲੀ ਕਰੂਰ ਦੁਖਾਂਤਕ ਯਥਾਰਥ ਦੇ ਸਮਵਿੱਥ ਹੈ। ਜਿੱਥੇ ਅਜੋਕਾ ਮਨੁੱਖ ਆਪਣੀ ਹੋਂਦ ਦੇ ਧਰਾਤਲ ਖੋਜਦਾ, ਥਿੜਕਦਾ, ਜੁੜਦਾ ਨਜ਼ਰ ਆਉਂਦਾ ਹੈ।

ਡਾ. ਬਲਦੇਵ ਸਿੰਘ ਧਾਲੀਵਾਲ ਨੇ ਆਪਣੀ ਪੁਸਤਕ 'ਪੰਜਾਬੀ ਕਹਾਣੀ ਦਾ ਇਤਿਹਾਸ' ਵਿਚ ਕਹਾਣੀ ਸਾਹਿਤ-ਰੂਪ ਦੀ ਵਿਕਾਸ ਪ੍ਰਕਿਰਿਆ ਦੌਰਾਨ ਵਾਪਰੇ ਬਦਲਾਵਾਂ ਨੂੰ ਚਾਰ ਪੜਾਵਾਂ ਵਿਚ ਵਿਭਾਜਿਤ ਕੀਤਾ ਹੈ:

- ਪਹਿਲਾ ਪੜਾਅ: 1913-1935
- ਦੂਸਰਾ ਪੜਾਅ: 1936-1965
- ਤੀਸਰਾ ਪੜਾਅ: 1966-1990

- ਚੌਥਾ ਪੜਾਅ: 1991 ਤੋਂ ਨਿਰੰਤਰ

**1. ਪਹਿਲਾ ਪੜਾਅ (1913-1935):-** ਪੰਜਾਬੀ ਕਹਾਣੀ ਦਾ ਮੁੱਢ ਬੰਨ੍ਹਣ ਵਾਲੀਆਂ ਜ਼ਿਆਦਾਤਰ ਕਹਾਣੀਆਂ ਪੱਤਰਕਾਰੀ ਰਾਹੀਂ ਸਾਹਮਣੇ ਆਈਆਂ। ਅਕਾਲੀ (1921), ਪ੍ਰੀਤਮ (1923), ਕਿਰਤੀ (1925), ਹੰਸ (1928), ਪੰਜਾਬੀ ਦਰਬਾਰ (1928), ਪ੍ਰੀਤਲੜੀ (1933), ਲਿਖਾਰੀ (1937), ਪੰਜ ਦਰਿਆ (1938) ਆਦਿ ਉਸ ਸਮੇਂ ਦੇ ਪ੍ਰਸਿੱਧ ਅਖ਼ਬਾਰ ਅਤੇ ਰਸਾਲੇ ਹਨ। ਇਨ੍ਹਾਂ ਵਿਚ ਛਪਣ ਵਾਲੇ ਕਹਾਣੀਕਾਰਾਂ ਵਿਚ ਅਰਜਨ ਸਿੰਘ ਗੜਗੱਜ, ਗੁਰਦਿੱਤ ਸਿੰਘ, ਅਮਰ ਸਿੰਘ, ਕੇਸਰ ਸਿੰਘ, ਸੁੰਦਰ ਸਿੰਘ, ਅਭੈ ਸਿੰਘ, ਬਲਵੰਤ ਸਿੰਘ, ਮੋਹਨ ਸਿੰਘ ਵੈਦ, ਹੀਰਾ ਸਿੰਘ ਦਰਦ, ਚਰਨ ਸਿੰਘ ਸ਼ਹੀਦ, ਨਾਨਕ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਦਵਿੰਦਰ ਸਤਿਆਰਥੀ ਆਦਿ ਕਈ ਹੋਰ ਕਹਾਣੀਕਾਰ ਸ਼ਾਮਿਲ ਹਨ। ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਨਾਨਕ ਸਿੰਘ ਆਦਿ ਕਹਾਣੀਕਾਰ ਪਹਿਲੇ ਪੜਾਅ ਦੀ ਪੰਜਾਬੀ ਕਹਾਣੀ ਨਾਲ ਸੰਬੰਧਿਤ ਕੁੱਝ ਪ੍ਰਸਿੱਧ ਨਾਮ ਹਨ। ਹੀਰਾ ਸਿੰਘ ਦਰਦ ਦੀਆਂ ਕਹਾਣੀਆਂ ਰੂੜ੍ਹੀਵਾਦੀ ਕਦਰਾਂ-ਕੀਮਤਾਂ ਉੱਤੇ ਵਿਅੰਗ ਕਰਦੀਆਂ ਨਵੀਂ ਸੁਧਾਰਕ ਚੇਤਨਾ ਦਾ ਪ੍ਰਗਟਾਵਾ ਕਰਦੀਆਂ ਹਨ। 'ਹੱਸਦੇ ਹੰਝੂ' ਚਰਨ ਸਿੰਘ ਸ਼ਹੀਦ ਦਾ ਕਹਾਣੀ ਸੰਗ੍ਰਹਿ ਸਮਾਜਿਕ ਕੁਰੀਤੀਆਂ ਉੱਤੇ ਵਿਅੰਗ ਕੱਸਦਾ ਨਵੇਂ ਮੁੱਲ ਵਿਧਾਨ ਦੀ ਪੇਸ਼ਕਾਰੀ ਕਰਦਾ ਹੈ। ਧਾਰਮਿਕ ਅਤੇ ਸੁਧਾਰਵਾਦੀ ਪ੍ਰਵਿਰਤੀ ਤੋਂ ਮੁਕਤ ਕਰਦਿਆਂ ਨਾਨਕ ਸਿੰਘ ਨੇ ਵਿਅਕਤੀ ਚਰਿੱਤਰ ਨਾਲ ਸੰਬੰਧਿਤ ਕਹਾਣੀਆਂ ਪੇਸ਼ ਕੀਤੀਆਂ। ਨਾਨਕ ਸਿੰਘ ਨੇ ਹੀ ਸਮਾਜਿਕ ਸੁਧਾਰਵਾਦ ਬਾਰੇ ਵਿਚਾਰ ਕਹਾਣੀਆਂ ਰਾਹੀਂ ਪੇਸ਼ ਕੀਤੇ। ਗੁਰਬਖ਼ਸ਼ ਸਿੰਘ ਨੇ ਆਪਣੀਆਂ ਕਹਾਣੀਆਂ ਵਿਚ ਵਿਗਿਆਨਿਕ ਛੋਹਾਂ ਨਾਲ ਧਾਰਮਿਕ ਤੇ ਸਮਾਜਿਕ ਮਸਲਿਆਂ ਨੂੰ ਅਹਿਮ ਭੂਮਿਕਾ ਵਜੋਂ ਪੇਸ਼ ਕੀਤਾ।

ਇਸੇ ਪ੍ਰਕਾਰ ਮੱਧਕਾਲੀ ਚੇਤਨਾ ਵਿਚੋਂ ਉਪਜੀ ਕਹਾਣੀ ਨੇ ਸਾਹਿਤ ਵਿਧਾਵਾਂ ਵਿਚ ਆਪਣਾ ਨਵਾਂ ਰੂਪ ਅਖ਼ਤਿਆਰ ਕੀਤਾ। ਪੰਜਾਬੀ ਕਹਾਣੀ ਦਾ ਪਹਿਲਾ ਪੜਾਅ ਸਮਾਜਿਕ-ਕੁਰੀਤੀਆਂ, ਆਦਰਸ਼ਵਾਦ, ਸੁਧਾਰਵਾਦ ਪ੍ਰਵਿਰਤੀ ਦੀ ਹੀ ਪੇਸ਼ਕਾਰੀ ਕਰਦਾ ਹੈ। ਮੁੱਢਲੀ ਆਧੁਨਿਕ ਪੰਜਾਬੀ ਕਹਾਣੀ ਵਿਚ ਬੁਨਿਆਦੀ ਤੱਤ ਮੱਧਕਾਲੀ ਬਿਰਤਾਂਤਿਕ ਰਚਨਾਵਾਂ ਵਾਲੇ ਹੀ ਹਨ, ਜਿਵੇਂ ਕਿ ਘਟਨਾ, ਪਾਤਰ ਅਤੇ ਭਾਸ਼ਾ।

**2. ਦੂਜਾ ਪੜਾਅ (1936-1965):-** ਦੂਜੇ ਪੜਾਅ ਦੀ ਪੰਜਾਬੀ ਕਹਾਣੀ ਵਿਚ ਜਿੱਥੇ ਪ੍ਰਗਤੀਵਾਦੀ ਚੇਤਨਾ ਦੇ ਅਧੀਨ ਕਿਰਤੀ ਸਮਾਜ ਦਾ ਸੱਚ ਪੇਸ਼ ਕੀਤਾ ਗਿਆ, ਉੱਥੇ ਹੀ ਮਨ ਦੀਆਂ ਗੁੰਝਲਾਂ ਦੀ ਥਾਹ ਪਾਉਣ ਲਈ ਮਨੋਵਿਗਿਆਨਿਕ ਲਭਤਾਂ ਦੇ ਸਿੱਟੇ ਵਜੋਂ ਵਿਸ਼ਲੇਸ਼ਣ ਵੀ ਕੀਤਾ ਗਿਆ ਹੈ। ਮੋਹਨ ਸਿੰਘ ਦੀਵਾਨਾ, ਨਾਰੰਗ ਸਿੰਘ, ਦਰਸ਼ਨ ਸਿੰਘ ਅਵਾਰਾ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਕਰਤਾਰ ਸਿੰਘ ਦੁੱਗਲ ਅਤੇ ਕੁਲਵੰਤ ਸਿੰਘ ਵਿਰਕ ਵਰਗੇ ਕਹਾਣੀਕਾਰ ਪ੍ਰਮੁੱਖ ਹਨ। ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਦਾ ਮੁੱਖ ਵਿਸ਼ਾ ਪ੍ਰਗਤੀਵਾਦੀ ਪ੍ਰਵਿਰਤੀ ਨਾਲ ਸੰਬੰਧਿਤ ਸੀ, ਪਰ ਫਿਰ ਵੀ ਉਨ੍ਹਾਂ ਨੇ ਆਮ ਸਾਧਾਰਨ ਮਨੁੱਖ ਦੀਆਂ ਅਕਾਂਖਿਆਵਾਂ ਨੂੰ ਕਥਾ-ਬਿੰਬ ਰਾਹੀਂ ਪੇਸ਼ ਕੀਤਾ। ਕਹਾਣੀਕਾਰ ਸੁਜਾਨ ਸਿੰਘ ਨੇ ਵੀ ਪ੍ਰਗਤੀਵਾਦੀ ਦ੍ਰਿਸ਼ਟੀ ਰਾਹੀਂ ਮਜ਼ਦੂਰ, ਕਿਸਾਨ ਅਤੇ ਨਿਮਨ ਵਰਗ ਦੀਆਂ ਆਰਥਿਕ ਅਤੇ ਸਮਾਜਿਕ-ਸਮੱਸਿਆਵਾਂ ਨੂੰ ਬੜੀ ਕਲਾਤਮਕਤਾ ਨਾਲ ਪੇਸ਼ ਕੀਤਾ। ਕਹਾਣੀਕਾਰ ਸੁਜਾਨ ਸਿੰਘ ਨੇ ਹੀ ਆਪਣੀ ਪ੍ਰਗਤੀਵਾਦੀ ਯਥਾਰਥਵਾਦੀ ਰਚਨਾ ਦ੍ਰਿਸ਼ਟੀ ਨਾਲ ਦੂਜੇ ਪੜਾਅ ਦੀ ਕਹਾਣੀ ਦੀ ਨੀਂਹ ਪੱਕੀ ਕੀਤੀ। ਕਹਾਣੀਕਾਰ ਕਰਤਾਰ ਸਿੰਘ ਦੁੱਗਲ ਨੂੰ ਸਭ ਤੋਂ ਜ਼ਿਆਦਾ ਕਹਾਣੀਆਂ ਲਿਖਣ ਵਾਲਾ ਕਹਾਣੀਕਾਰ ਮੰਨਿਆ ਜਾਂਦਾ ਹੈ। ਅੰਮ੍ਰਿਤਾ ਪ੍ਰੀਤਮ ਨੇ ਵੀ ਦੂਜੇ ਦੌਰ ਦੀ ਕਹਾਣੀ ਵਿਚ ਨਾਰੀ ਚੇਤਨਾ ਦੇ ਵਿਭਿੰਨ ਪਹਿਲੂਆਂ ਨੂੰ ਪੇਸ਼ ਕੀਤਾ। ਸੰਤੋਖ ਸਿੰਘ ਧੀਰ ਨੇ ਨਿਮਨ ਵਰਗ ਨਾਲ ਕਹਾਣੀਆਂ ਲਿਖਣ ਤੋਂ ਇਲਾਵਾ ਪੰਜਾਬ ਸੰਕਟ ਬਾਰੇ ਵੀ ਲਿਖਿਆ। ਦੂਜੇ ਪੜਾਅ ਦੀ ਕਹਾਣੀ ਬਾਰੇ ਬਲਦੇਵ ਸਿੰਘ ਧਾਲੀਵਾਲ ਪੁਸਤਕ 'ਪੰਜਾਬੀ ਕਹਾਣੀ ਦਾ ਇਤਿਹਾਸ' ਵਿਚ ਲਿਖਿਆ ਹਨ:

1935 ਤੋਂ 1965 ਤੱਕ ਦੀ ਪੰਜਾਬੀ ਕਹਾਣੀ ਵਿਚ ਪ੍ਰਮੁੱਖ ਤੌਰ ਤੇ ਜਿਨ੍ਹਾਂ ਵਿਸ਼ਿਆਂ ਉੱਤੇ ਫੋਕਸ ਕੀਤਾ ਜਾਂਦਾ ਹੈ, ਉਹ ਹਨ: ਸਾਮੰਤਵਾਦ ਦੇ ਪਤਨ ਦੀ ਤੇਜ਼ ਹੋਈ ਪ੍ਰਕਿਰਿਆ, ਪ੍ਰਭੂਤਾ ਹਾਸਲ ਕਰ ਚੁੱਕੀ ਪੂੰਜੀਵਾਦੀ ਚੇਤਨਾ ਦੇ ਵਿਭਿੰਨ ਰੰਗ, ਆਜ਼ਾਦੀ ਸੰਗਰਾਮ ਦਾ ਸਿਖਰ, ਭਾਰਤ-ਪਾਕਿ ਵੰਡ ਦੌਰਾਨ ਵਧੇ ਸੰਪਰਦਾਇਕ ਬਖੇੜੇ, ਅਜ਼ਾਦੀ-ਰਾਹੀਂ ਨਵ-ਨਿਰਮਾਣ ਦੇ ਰਾਹ ਪਿਆ ਭਾਰਤ, ਦੂਜੀ ਵਿਸ਼ਵ ਜੰਗ ਦੇ ਪ੍ਰਤੀਕਰਮ (ਇੱਕ ਪਾਸੇ ਨਿਰਾਸਤਾ ਅਤੇ ਦੂਜੇ ਪਾਸੇ ਪ੍ਰਚੰਡ ਹੋਈ ਅਮਨ ਲਹਿਰ) ਵਿਸ਼ਵ ਸਮਾਜਵਾਦ ਦਾ ਸੁਪਨਾ ਅਤੇ ਨਾਰੀ ਚੇਤਨਾ ਦਾ ਉਭਾਰ ਆਦਿ।

ਪ੍ਰਗਤੀਵਾਦੀ ਕਹਾਣੀ ਸ਼ੁਰੂ ਤੋਂ ਹੀ ਅਧਿਆਤਮਵਾਦ, ਆਦਰਸ਼ਵਾਦ ਅਤੇ ਰੁਮਾਂਸਵਾਦ ਦਾ ਖੰਡਨ ਕਰਦੀ ਨਜ਼ਰ ਆਈ ਹੈ। ਗੁਰਦਿਆਲ ਸਿੰਘ, ਸੁਖਬੀਰ, ਕਰਤਾਰ ਸਿੰਘ ਸੂਰੀ, ਦਲੀਪ ਕੌਰ ਟਿਵਾਣਾ ਅਤੇ ਪ੍ਰਭਜੋਤ ਕੌਰ ਆਦਿ ਵੀ ਇਸ ਦੌਰ ਦੀ ਕਹਾਣੀ ਦੇ ਪ੍ਰਸਿੱਧ ਨਾਂ ਹਨ। ਗੁਰਦਿਆਲ ਸਿੰਘ ਮਾਲਵੀ ਆਂਚਲਿਕਤਾ ਨੂੰ ਪੇਸ਼ ਕਰਨ ਉੱਤੇ ਸੁਖਬੀਰ ਦਾ ਮਹਾਂਨਗਰੀ ਚੇਤਨਾ ਦੇ ਰਹੱਸ ਨੂੰ ਖੋਲ੍ਹਣ ਵੱਲ ਰੁਚਿਤ ਹਨ। ਇਨ੍ਹਾਂ ਪ੍ਰਮੁੱਖ ਗੱਲਾਂ ਕਰਕੇ ਹੀ ਪੰਜਾਬੀ ਕਹਾਣੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸਥਾਨ ਦੀ ਧਾਰਨੀ ਹੋ ਨਿੱਬੜਦੀ ਹੈ।

**3. ਤੀਜਾ ਪੜਾਅ (1966-1990):-** ਵਿਸ਼ਵ ਦੇ ਪੂੰਜੀਵਾਦੀ ਵਿਕਾਸ ਦੇ ਅੱਗੇ ਭਾਰਤ ਦੇ ਸਮਾਜਵਾਦੀ ਸੰਕਲਪ ਦਾ ਜਜ਼ਬਾ ਮੱਧਮ ਪੈਣ ਲੱਗਾ, ਇਸ ਦੇ ਪ੍ਰਤੀਕਰਮ ਅਤੇ ਰੋਹ ਵਜੋਂ ਵਿਦਰੋਹ ਵਾਲੀ ਸਥਿਤੀ ਪੈਦਾ ਹੋਣ ਲੱਗੀ। ਪੰਜਾਬੀਆਂ ਵਿਚਲਾ ਰੋਹ ਸਭ ਤੋਂ ਪਹਿਲਾਂ ਪੰਜਾਬ ਦੇ ਪੁਨਰ ਨਿਰਮਾਣ ਲਈ ਅੱਗੇ ਲੱਗੇ ਅਕਾਲੀ ਮੋਰਚੇ, ਫਿਰ ਨਕਸਲਵਾਦੀ ਲਹਿਰ ਅਤੇ ਅੰਤ ਸਿੱਖ ਖਾੜਕੂਵਾਦ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸ ਦੌਰ ਵਿਚ ਪੂੰਜੀਵਾਦ ਦੇ ਪ੍ਰਵੇਸ਼ ਕਰਨ ਨਾਲ ਨਾਰੀ-ਚੇਤਨਾ, ਮਨੁੱਖੀ ਰਿਸ਼ਤਿਆਂ ਦੇ ਬਦਲਦੇ ਪਰਿਪੇਖ, ਜੀਵਨ-ਜਾਚ ਵਿਚ ਪਰਿਵਰਤਨ, ਪਿੰਡਾਂ ਤੋਂ ਸ਼ਹਿਰਾਂ ਵੱਲ ਰੁਝਾਨ ਦਾ ਵਧਣਾ ਅਤੇ ਪੰਜਾਬ ਸੰਕਟ ਦੀ ਪੇਸ਼ਕਾਰੀ ਹੁੰਦੀ ਹੈ। ਪ੍ਰੇਮ ਪ੍ਰਕਾਸ਼, ਅਮਰਜੀਤ ਸਿੰਘ,

ਮਨਮੋਹਨ ਬਾਵਾ, ਰਾਮ ਸਰੂਪ ਅਣਖੀ, ਅਜੀਤ ਕੌਰ, ਦਰਸ਼ਨ ਕੌਰ, ਮੋਹਨ ਭੰਡਾਰੀ, ਕਿਰਪਾਲ ਕਜ਼ਾਕ, ਵਰਿਆਮ ਸਿੰਘ ਸੰਧੂ ਆਦਿ ਦੇ ਨਾਮ ਪ੍ਰਸਿੱਧ ਹਨ।

ਪਹਿਲੇ, ਦੂਜੇ ਪੜਾਅ ਦੀ ਪੰਜਾਬੀ ਕਹਾਣੀ ਵਿਚ ਜਿੱਥੇ ਆਦਰਸ਼ਵਾਦ, ਸੁਧਾਰਵਾਦ, ਪ੍ਰਗਤੀਵਾਦ ਅਤੇ ਆਧੁਨਿਕਤਾਵਾਦ ਆਦਿ ਪ੍ਰਵਿਰਤੀਆਂ ਦੇਖਣ ਨੂੰ ਮਿਲੀਆਂ। ਉੱਥੇ ਤੀਜੇ ਪੜਾਅ ਦੀ ਕਹਾਣੀ ਮਨੋਰਥਵਾਦ ਦੀ ਜੱਦ ਵਿਚੋਂ ਨਿਕਲ ਕੇ ਵਸਤੂ-ਯਥਾਰਥ ਦਾ ਚਿਤਰਨ ਕਰਨ ਦੀ ਸਫਲ ਕੋਸ਼ਿਸ਼ ਕਰਦੀ ਨਜ਼ਰ ਆਉਂਦੀ ਹੈ। ਉਦਾਹਰਨ ਵਜੋਂ ਵਰਿਆਮ ਸੰਧੂ ਦੀ ਕਹਾਣੀ 'ਮੈਂ ਹੁਣ ਠੀਕ ਠਾਕ ਹਾਂ' ਪੰਜਾਬ ਸੰਕਟ ਦੀ ਜਟਿਲ ਸਥਿਤੀ ਦਾ ਚਿਤਰਨ ਕਰਦੀ ਹੈ। ਪ੍ਰੇਮ ਪ੍ਰਕਾਸ਼ ਦੀ 'ਡੈਡ ਲਾਇਨ' ਮਨੁੱਖੀ ਰਿਸ਼ਤਿਆਂ ਦੇ ਸੱਚ ਨੂੰ ਬਿਆਨ ਕਰਦੀ ਹੈ। ਤੀਜੇ ਪੜਾਅ ਦੀ ਪੰਜਾਬੀ ਕਹਾਣੀ ਨੇ ਆਪਣੀ ਵਿਲੱਖਣਤਾ ਵਾਲਾ ਕਥਾ-ਮਾਡਲ ਸਿਰਜ ਕੇ ਪਹਿਲੇ ਅਤੇ ਦੂਜੇ ਦੌਰ ਦੀ ਕਹਾਣੀ ਤੋਂ ਗੁਣਨਾਤਮਕ ਤੌਰ ਉੱਤੇ ਆਪਣੀ ਵਿੱਥ ਬਣਾ ਲਈ ਹੈ।

**4. ਚੌਥਾ ਪੜਾਅ (1991 ਤੋਂ ਬਾਅਦ):-** ਨੌਵੇਂ ਦਹਾਕੇ ਦੇ ਆਰੰਭਲੇ ਸਾਲਾਂ ਵਿਚ ਪੰਜਾਬੀ ਕਹਾਣੀਕਾਰਾਂ ਦਾ ਇੱਕ ਨਵਾਂ ਪੋਚ ਬੜੀ ਤੇਜ਼ੀ ਨਾਲ ਉੱਭਰ ਕੇ ਸਾਹਮਣੇ ਆਇਆ। ਇਸ ਦੌਰ ਦੀ ਕਹਾਣੀ ਰਚਨਾ ਵਿਸ਼ਵੀਕਰਨ ਦੇ ਵਰਤਾਰੇ ਤੋਂ ਅਭਿੱਜ ਨਾ ਰਹਿ ਸਕੀ ਅਤੇ ਵਿਭਿੰਨ ਪਹਿਲੂਆਂ ਨੂੰ ਛੋਹਿਆ। ਕਿਸਾਨੀ ਸੰਕਟ, ਦਲਿਤ, ਪੇਂਡੂ-ਜੀਵਨ, ਨੌਕਰੀ, ਪਰਵਾਸ, ਔਰਤ-ਮਰਦ, ਸੰਚਾਰ ਸਾਧਨਾਂ ਦੀ ਦੁਰਵਰਤੋਂ, ਮਹਾਂਨਗਰੀ ਜੀਵਨ ਆਦਿ ਮਸਲਿਆਂ ਨੂੰ ਚੌਥੇ ਪੜਾਅ ਦੀ ਕਹਾਣੀ ਨੇ ਆਪਣੇ ਅੰਦਰ ਸਮੇਟਿਆ। ਬਲਦੇਵ ਸਿੰਘ ਧਾਲੀਵਾਲ ਦੀ ਪੁਸਤਕ 'ਪੰਜਾਬੀ ਕਹਾਣੀ ਦਾ ਇਤਿਹਾਸ' ਵਿਚ ਲਿਖਿਆ ਹੈ:

ਪੰਜਾਬੀ ਕਹਾਣੀ ਦੀ ਇਤਿਹਾਸਕਾਰੀ ਦਾ ਅਗਲਾ (ਚੌਥਾ ਪੜਾਅ) 1985-90 ਦੇ ਆਸ-ਪਾਸ ਬਦਲਦੇ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਸਥਾਨਕ ਪ੍ਰਸੰਗਾਂ ਦੀ ਪੈਦਾਵਾਰ ਹੈ। ਇਸ ਦੌਰ ਵਿਚ ਪਹੁੰਚਦਿਆਂ ਇੱਕ ਪਾਸੇ ਵਿਸ਼ਵਵਿਆਪੀਕਰਨ (ਗਲੋਬਲਾਈਜੇਸ਼ਨ) ਦਾ ਅਹਿਮ ਵਰਤਾਰਾ ਆਪਣੇ ਵਿਸ਼ਾਲ ਹਾਂ-ਮੁਖੀ ਅਤੇ ਨਾਂਹ-ਮੁਖੀ ਪ੍ਰਭਾਵਾਂ ਸਮੇਤ ਉੱਭਰ ਰਿਹਾ ਹੈ, ਜਿਸ ਨੇ ਸੰਸਾਰ ਆਰਥਿਕਤਾ ਦੇ ਹੀ ਨਹੀਂ, ਰਾਜਨੀਤੀ, ਸਭਿਆਚਾਰ ਤੇ ਸਿਰਜਨਾਤਮਕ ਖੇਤਰਾਂ ਨੂੰ ਇੱਕ ਨਵੀਂ ਸਥਿਤੀ ਦੇ ਸਨਮੁੱਖ ਲੈ ਆਂਦਾ ਹੈ। ਰੂਸੀ ਸਮਾਜਵਾਦੀ ਮੁਲਕ ਦਾ ਟੁੱਟਣਾ ਵੀ ਇੱਕ ਅਜਿਹਾ ਵਰਤਾਰਾ ਹੈ ਜਿਸ ਨੇ ਸਮੂਹਕ ਮਨੁੱਖੀ ਸੰਘਰਸ਼, ਮੁਕਤੀ, ਇਨਕਲਾਬ ਅਤੇ ਲੋਕ ਕਲਿਆਣ ਦੇ ਪ੍ਰਵਾਨਤ ਸਿਧਾਂਤ ਸਬੰਧੀ ਬੁਨਿਆਦੀ ਪ੍ਰਸ਼ਨ ਉਭਾਰੇ ਹਨ। ਇਸ ਨਵੀਨ ਸਥਿਤੀ ਨੇ ਮਨੁੱਖੀ ਚੇਤਨਾ ਅਤੇ ਚਿੰਤਨ ਦੇ ਜਾਣੇ-ਪਛਾਣੇ ਮਾਡਲਾਂ ਅੱਗੇ, ਮਨੁੱਖੀ ਹੋਂਦ, ਮਨੋਰਥ ਅਤੇ ਉਦੇਸ਼ਾਂ ਬਾਰੇ, ਵਿਭਿੰਨ ਸਭਿਆਚਾਰ ਦੀ ਵਿਲੱਖਣਤਾ ਅਤੇ ਭਵਿੱਖ ਬਾਰੇ, ਮਰਦ ਅਤੇ ਔਰਤ ਦੇ ਸਮੁੱਚੇ ਚਰਿੱਤਰ ਬਾਰੇ ਅਜਿਹੇ ਨਵੇਂ ਪ੍ਰਸ਼ਨ ਤੇ ਤਰਕ ਸਿਰਜੇ ਹਨ ਜਿਨ੍ਹਾਂ ਨੇ ਹੋਰਨਾਂ ਖੇਤਰਾਂ ਤੋਂ ਇਲਾਵਾ ਕਲਾਤਮਕ ਸਿਰਜਨਾਵਾਂ ਸਨਮੁੱਖ ਨਵੀਆਂ ਚੁਨੌਤੀਆਂ ਉਭਾਰੀਆਂ ਹਨ।

ਇਲੈਕਟ੍ਰਾਨਿਕ ਮੀਡੀਏ ਦੇ ਪਾਸਾਰ ਨੇ ਵਿਕਸਤ ਪੂੰਜੀਵਾਦ ਰਾਹੀਂ ਨਿਰਮਿਤ ਜੀਵਨ-ਜਾਚ ਨੂੰ ਹਰੇਕ ਸਮਾਜਿਕ ਵਿਅਕਤੀ ਦੀ ਮਾਨਸਿਕਤਾ ਉੱਪਰ ਗਹਿਰਾ ਪ੍ਰਭਾਵ ਪਾਇਆ। ਇਸ ਵਰਤਾਰੇ ਦਾ ਵਿਰੋਧ ਕਰਨ ਵਾਲੇ ਵੀ ਨਿਸ਼ਚਿਤ ਰੂਪ ਵਿਚ ਇਸੇ ਮਾਰਗ ਉੱਤੇ ਚੱਲਣ ਲੱਗ ਪਏ। ਐੱਸ. ਬਲਵੰਤ, ਬਲਦੇਵ ਸਿੰਘ ਢੀਂਡਸਾ, ਜਿੰਦਰ, ਜਸਵਿੰਦਰ ਸਿੰਘ, ਤਲਵਿੰਦਰ ਸਿੰਘ, ਗੁਰਸੇਵਕ ਸਿੰਘ ਪ੍ਰੀਤ, ਬਲਬੀਰ ਪਰਵਾਨਾ, ਬਲਦੇਵ ਸਿੰਘ ਧਾਲੀਵਾਲ, ਬਲਜਿੰਦਰ ਸਿੰਘ ਨਸਰਾਲੀ, ਅਜਮੇਰ ਸਿੱਧੂ, ਪਰਗਟ ਸਿੰਘ ਸਤੌਜ, ਸਿਮਰਨ ਧਾਲੀਵਾਲ, ਸਾਂਵਲ ਧਾਮੀ, ਜਸਵੀਰ ਰਾਣਾ ਆਦਿ ਸਭ ਚੌਥੇ ਪੜਾਅ ਦੇ ਕਹਾਣੀਕਾਰ ਹਨ।

## 1.4 ਪੰਜਾਬੀ ਕਹਾਣੀ ਦੀਆਂ ਪ੍ਰਵਿਰਤੀਆਂ

ਸੁਧਾਰਵਾਦੀ ਪ੍ਰਵਿਰਤੀ: ਸੁਧਾਰਵਾਦੀ ਸ਼ਬਦ ਦਾ ਭਾਵ ਕਿਸੇ ਵਿਗੜੀ ਹੋਈ ਸਥਿਤੀ ਜਾਂ ਵਸਤੂ ਵਿਚ ਸੁਧਾਰ ਕਰਨਾ ਹੈ ਇਸ ਲਈ ਇਸ ਪ੍ਰਵਿਰਤੀ ਦੀ ਬੁਨਿਆਦੀ ਮੰਗ ਇਹ ਹੈ ਕਿ ਜੇ ਪਹਿਲਾਂ ਕੁਝ ਖਰਾਬ ਹੋਇਆ ਹੈ ਤਾਂ ਹੀ ਉਸ ਨੂੰ ਸੁਧਾਰਨ ਦੀ ਲੋੜ ਹੈ। ਪੰਜਾਬੀ ਸਮਾਜ ਸੈਂਕੜੇ ਸਾਲਾਂ ਤੋਂ ਜਗੀਰਦਾਰੀ ਕਦਰਾਂ-ਕੀਮਤਾਂ ਅਨੁਸਾਰ ਜੀਵਨ ਬਤੀਤ ਕਰ ਰਿਹਾ ਸੀ। ਅੰਗਰੇਜ਼ਾਂ ਦੇ ਆਉਣ ਨਾਲ ਨਵੀਂ ਚੇਤਨਾ ਦੀ ਰੋਸ਼ਨੀ ਵਿਚ ਪੁਰਾਤਨ ਤੇ ਥੋਥੀਆਂ ਰਸਮਾਂ ਨੂੰ ਸੁਧਾਰਨ ਦੀ ਲੋੜ ਸੀ। ਇਸ ਸਮਾਜਿਕ ਸੋਚ ਵਿਚੋਂ ਹੀ ਸੁਧਾਰਵਾਦੀ ਪ੍ਰਵਿਰਤੀ ਦਾ ਜਨਮ ਹੋਇਆ ਹੈ। ਇਹ ਸੁਧਾਰ, ਧਰਮ, ਸਭਿਆਚਾਰ, ਸਮਾਜਿਕ ਅਤੇ ਆਰਥਿਕ ਖੇਤਰ ਦਾ ਸੁਧਾਰ ਸੀ!

ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬੀ ਸਾਹਿਤ ਦੇ ਹਰ ਰੂਪ ਵਿਚ ਸੁਧਾਰਵਾਦੀ ਪ੍ਰਵਿਰਤੀਆਂ ਆਰੰਭ ਹੋ ਚੁੱਕੀਆਂ ਸਨ ਪਰ ਆਜ਼ਾਦੀ ਤੋਂ ਬਾਅਦ ਇਸ ਪ੍ਰਵਿਰਤੀ ਦਾ ਬੜੀ ਤੇਜ਼ੀ ਨਾਲ ਵਿਕਾਸ ਹੋਇਆ। ਪੰਜਾਬੀ ਕਹਾਣੀ ਦੇ ਇਤਿਹਾਸ ਦਾ ਅਧਿਐਨ ਕਰਨ ਉਪਰੰਤ ਇਹ ਪਤਾ ਲਗਦਾ ਹੈ ਕਿ ਪੰਜਾਬੀ ਦੀ ਨਿੱਕੀ ਕਹਾਣੀ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਲਿਖੀ ਜਾਣੀ ਆਰੰਭ ਹੋ ਗਈ ਸੀ। ਪੰਜਾਬੀ ਕਹਾਣੀ ਦਾ ਪਹਿਲਾ ਸੰਗ੍ਰਹਿ ਸੰਨ੍ਹ 1927 ਈਸਵੀ ਵਿਚ ਭਾਈ ਮੋਹਨ ਸਿੰਘ ਵੈਦ ਦਾ ਛਪਿਆ ਸੀ। ਭਾਈ ਮੋਹਨ ਸਿੰਘ ਦੇ ਨਾਵਲਾਂ ਵਾਂਗ ਉਸ ਦੀਆਂ ਕਹਾਣੀਆਂ ਵੀ ਸਮਕਾਲੀ ਸਮਾਜ ਦੀਆਂ ਬੁਰਾਈਆਂ ਨਾਲ ਸੰਬੰਧਿਤ ਸਨ । ਇਹ ਬੁਰਾਈਆਂ ਧਰਮ ਦੇ ਖੇਤਰ ਦੀਆਂ ਵੀ ਸਨ ਅਤੇ ਸਮਾਜ ਦੇ ਖੇਤਰ ਦੀਆਂ ਵੀ।

ਸਭ ਤੋਂ ਵੱਧ ਪ੍ਰਭਾਵੀ ਖੇਤਰ ਸਭਿਆਚਾਰ ਦਾ ਸੀ ਜਿਸ ਵਿਚ ਢੇਰ ਸਾਰੀ ਗਿਰਾਵਟ ਆ ਚੁੱਕੀ ਸੀ। ਭਾਈ ਵੀਰ ਸਿੰਘ, ਚਰਨ ਸਿੰਘ ਸ਼ਹੀਦ, ਭਾਈ ਮੋਹਨ ਸਿੰਘ ਵੈਦ ਅਤੇ ਨਾਨਕ ਸਿੰਘ ਦੀਆਂ ਕਹਾਣੀਆਂ ਵਿਚ ਆਂਸ਼ਿਕ ਰੂਪ ਵਿਚ ਧਾਰਮਿਕ ਪ੍ਰਵਿਰਤੀ ਪਾਈ ਜਾਂਦੀ ਹੈ। ਇਸੇ ਤਰ੍ਹਾਂ ਬਾਅਦ ਵਿਚ ਆਉਣ ਵਾਲੇ ਕਹਾਣੀਕਾਰਾਂ ਵਿਚ ਵੀ ਧਾਰਮਿਕ ਪ੍ਰਵਿਰਤੀ ਦੇ ਅੰਸ਼ ਦ੍ਰਿਸ਼ਟੀਗੋਚਰ ਹੁੰਦੇ ਹਨ । ਭਾਈ ਮੋਹਨ ਸਿੰਘ ਵੈਦ, ਲਾਲ ਸਿੰਘ ਕਮਲਾ ਅਕਾਲੀ (ਸਰਬ ਲੋਹ ਦੀ ਵਹੁਟੀ -1905} ਅਤੇ ਚਰਨ ਸਿੰਘ ਸ਼ਹੀਦ ਸੁਧਾਰਵਾਦੀ ਪ੍ਰਵਿਰਤੀ ਦੇ ਪ੍ਰਥਮ ਕਹਾਣੀਕਾਰ ਹਨ। ਚਰਨ ਸਿੰਘ ਸ਼ਹੀਦ ਨੇ ਆਪਣੀਆਂ ਕਹਾਣੀਆਂ ਵਿਚ ਸਮਾਜਿਕ ਸਮੱਸਿਆਵਾਂ ਉਪਰ ਤਿੱਖਾ ਵਿਅੰਗ ਕੱਸਿਆ ਹੈ। ਸ਼ਹੀਦ ਦੇ ਕਹਾਣੀ ਸੰਗ੍ਰਹਿ 'ਹੱਸਦੇ ਹੰਝੂ' ਵਿਚ ਇਸ ਸੁਧਾਰਵਾਦੀ ਪ੍ਰਵਿਰਤੀ ਨੂੰ ਮੁੱਖ ਰੂਪ ਵਿਚ ਪ੍ਰਸਤੁਤ ਹੋਈ ਵੇਖਿਆ ਜਾ ਸਕਦਾ ਹੈ।

ਨਾਨਕ ਸਿੰਘ ਪ੍ਰਮੁੱਖ ਸੁਧਾਰਵਾਦੀ ਨਾਵਲਕਾਰ ਹੀ ਨਹੀਂ ਸਗੋਂ ਇਕ ਸੁਧਾਰਵਾਦੀ ਕਹਾਣੀਕਾਰ ਵੀ ਹੈ। 'ਭੂਆ', 'ਵੱਡਾ-ਡਾਕਟਰ', 'ਅਰਜ਼ੀ' ਉਸਦੀਆਂ ਪ੍ਰਸਿੱਧ ਕਹਾਣੀਆਂ ਹਨ। ਨਾਨਕ ਸਿੰਘ ਦੇ ਹੋਰ ਵੀ ਬਹੁਤ ਸਾਰੇ ਸਮਕਾਲੀਆਂ ਨੇ ਸੁਧਾਰਵਾਦੀ ਪ੍ਰਵਿਰਤੀ ਅਧੀਨ ਕਹਾਣੀ ਰਚਨਾ ਕੀਤੀ ਸੀ। ਸੁਧਾਰਵਾਦ ਦਾ ਆਧਾਰ ਅੰਗਰੇਜ਼ਾਂ ਦੇ ਆਉਣ ਨਾਲ ਪਰੰਪਰਾਗਤ ਜਗੀਰੂ ਸਮਾਜਿਕ ਪ੍ਰਬੰਧ ਤੋਂ ਬੇਮੁਖਤਾ ਸੀ। ਪੰਜਾਬ ਵਿਚ ਅੰਗਰੇਜ਼ੀ ਸ਼ਾਸ਼ਨ ਕਾਲ ਸਮੇਂ ਸ਼ਹਿਰੀਕਰਣ ਦੀ ਵਧਦੀ ਰੁਚੀ ਦੇ ਅੰਤਰਗਤ ਸੁਧਾਰਵਾਦੀ ਪ੍ਰਵਿਰਤੀ ਉਤਪੰਨ ਹੋਈ। ਸੋਹਣ ਸਿੰਘ ਜੋਸ਼, ਗਿਆਨੀ ਹੀਰਾ ਸਿੰਘ ਦਰਦ ਇਸ ਕਾਲ ਦੇ ਪ੍ਰਮੁੱਖ ਸੁਧਾਰਵਾਦੀ ਕਹਾਣੀਕਾਰ ਹਨ। ਇਨ੍ਹਾਂ ਦੀਆਂ ਕਹਾਣੀਆਂ ਵਿਚ ਸਮਾਜਿਕ ਬੁਰਾਈਆਂ ਜਿਵੇਂ ਕਿ ਛੂਤ-ਛਾਤ,ਅਨਪੜ੍ਹਤਾ, ਧਾਰਮਿਕ ਅੰਧ ਵਿਸ਼ਵਾਸ, ਮੁਜ਼ਾਰੇ ਤੇ ਜਗੀਰਦਾਰ ਦੇ ਸੰਬੰਧ ਆਦਿ ਦਾ ਵਿਵਰਣ ਪ੍ਰਾਪਤ ਹੈ। ਬਲਵੰਤ ਸਿੰਘ ਚਤਰਥ ਅਤੇ ਮਹਿੰਦਰ ਸਿੰਘ ਜੋਸ਼ੀ ਨੇ ਵੀ ਸੁਧਾਰੂਵਾਦੀ ਆਸ਼ੇ ਵਾਲੀਆਂ ਕਹਾਣੀਆਂ ਦੀ ਰਚਨਾ ਕੀਤੀ ਹੈ। ਸੁਧਾਰਵਾਦ ਦਾ ਅੰਸ਼ ਕਿਸੇ ਹੱਦ ਤਕ ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਕਹਾਣੀਆਂ ਵਿਚੋਂ ਵੀ ਪ੍ਰਾਪਤ ਹੁੰਦਾ ਹੈ। ਗਿਆਨੀ ਕੇਸਰ ਸਿੰਘ ਵੀ ਪੰਜਾਬੀ ਦਾ ਇਕ ਵਰਨਣਯੋਗ ਸੁਧਾਰਵਾਦੀ ਪ੍ਰਵਿਰਤੀ ਦਾ ਕਹਾਣੀਕਾਰ ਹੈ।

ਜੋਸ਼ੂਆ ਫਜ਼ਲਦੀਨ ਬਤੌਰ ਸੁਧਾਰਵਾਦੀ ਨਾਵਲਕਾਰ ਅਤੇ ਕਹਾਣੀਕਾਰ ਦੇ ਤੌਰ ਤੇ ਜਾਣਿਆ ਜਾਂਦਾ ਹੈ। ਉਸਦਾ ਨਾਟਕ 'ਪਿੰਡ ਦੇ ਵੈਰੀ', 'ਪ੍ਰਤਾਂ ਅਤੇ ਵਿਭਿੰਨ ਕਹਾਣੀਆਂ ਸੁਧਾਰਵਾਦੀ ਪ੍ਰਵਿਰਤੀ ਅਧੀਨ ਰਚੀਆਂ ਗਈਆਂ ਰਚਨਾਵਾਂ ਹਨ। ਕੁਲਵੰਤ ਸਿੰਘ ਵਿਰਕ ਮਾਨਵਵਾਦੀ ਮਨੋਵਿਗਿਆਨ ਦਾ ਸਮਰਥਕ ਕਹਾਣੀਕਾਰ ਹੈ, ਪਰ ਉਸਦੀਆਂ ਅਰੰਭਲੀਆਂ ਕਹਾਣੀਆਂ ਵਿਚ ਸੁਧਾਰਵਾਦੀ ਅੰਸ਼ ਪ੍ਰਾਪਤ ਹਨ। ਪੰਜਾਬੀ ਕਹਾਣੀ ਵਿਚ ਸੁਧਾਰਵਾਦੀ ਪ੍ਰਵਿਰਤੀ ਦੇ ਅੰਤਰਗਤ ਮਾਨਵਵਾਦੀ ਅਤੇ ਆਦਰਸ਼ਵਾਦੀ ਪ੍ਰਵਿਰਤੀਆਂ ਵੀ ਪਾਈਆਂ ਜਾਂਦੀਆਂ ਹਨ। ਦੇਸ਼ ਦੀ ਵੰਡ ਸਮੇਂ ਹੋਈਆਂ ਅਣ-ਮਨੁੱਖੀ ਘਟਨਾਵਾਂ ਤੇ ਕਤਲੇਆਮ ਨੇ ਪੰਜਾਬੀ ਲੋਕਾਂ ਅਤੇ ਸਾਹਿਤਕਾਰਾਂ ਨੂੰ ਜਬਰਦਸਤ ਝਟਕਾ ਦਿੱਤਾ ਸੀ। ਇਸ ਦੁਖਾਂਤ ਨੂੰ ਸਾਹਿਤ ਵਿਚ ਸਾਕਾਰ ਕਰਨ ਦੀ ਪ੍ਰਵਿਰਤੀ ਨੇ ਮਾਨਵਵਾਦੀ ਪਹੁੰਚ ਨੂੰ ਅਪਣਾਇਆ । ਮਾਨਵਵਾਦੀ ਦੇਸ, ਕੌਮ, ਧਰਮ, ਨਸਲ ਅਤੇ ਜਾਤ ਦੇ ਵਿਤਕਰਿਆਂ ਤੋਂ ਉਪਰ ਉਠ ਕੇ ਸੋਚਦੇ ਸਨ। ਇਹ ਸੋਚਣ ਪ੍ਰਕਿਰਿਆ ਆਪਣੇ ਆਪ ਵਿਚ ਇਕ ਸੁਧਾਰਵਾਦੀ ਦ੍ਰਿਸ਼ਟੀਕੋਣ ਦੀ ਲਖਾਇਕ ਹੈ। ਗੁਰਬਖਸ਼ ਸਿੰਘ, ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ, ਮਹਿੰਦਰ ਸਿੰਘ ਸਰਨਾ ਆਦਿ ਨੇ ਇਸ ਸਮੇਂ ਅਨੇਕਾਂ ਕਹਾਣੀਆਂ ਲਿਖੀਆਂ ! 1933 ਵਿਚ 'ਪ੍ਰੀਤਲੜੀ' ਦੀ ਸੰਪਾਦਨਾ ਦੇ ਆਰੰਭ ਨਾਲ ਆਦਰਸ਼ਵਾਦੀ-ਸੁਧਾਰਵਾਦ ਦਾ ਦੌਰ ਸ਼ੁਰੂ ਹੋ ਗਿਆ ਸੀ । ਇਸ ਲਹਿਰ ਦੇ ਅਧੀਨ ਅਤੇ "ਪ੍ਰੀਤਲੜੀ ਦੇ ਪ੍ਰਭਾਵ ਸਦਕਾ ਨੌਰੰਗ ਸਿੰਘ, ਲਾਲ ਸਿੰਘ ਕਮਲਾ ਅਕਾਲੀ, ਬਲਵੰਤ ਸਿੰਘ ਚਤੁਰਥ ਅਤੇ ਭਾਈ ਮੋਹਨ ਸਿੰਘ ਵੈਦ ਨੇ ਸੁਧਾਰਵਾਦੀ ਪ੍ਰਵਿਰਤੀ ਦੀਆਂ ਅਨੇਕਾਂ ਕਹਾਣੀਆਂ ਲਿਖੀਆਂ। ਸੁਧਾਰਵਾਦੀ ਪ੍ਰਵਿਰਤੀ ਦੀ ਕਹਾਣੀ ਦਾ ਦੂਜਾ ਦੌਰ ਕਰਤਾਰ ਸਿੰਘ ਦੁੱਗਲ, ਮਹਿੰਦਰ ਸਿੰਘ ਸਰਨਾ, ਕੁਲਵੰਤ ਸਿੰਘ ਵਿਰਕ, ਸੁਜਾਨ ਸਿੰਘ ਅਤੇ ਗੁਰਮੁਖ ਸਿੰਘ ਮੁਸਾਫਿਰ ਦੀਆਂ ਕਹਾਣੀਆਂ ਨਾਲ ਆਰੰਭ ਹੁੰਦਾ ਹੈ। ਸਰਨਾ ਦੀ ਕਹਾਣੀ "ਛਵੀਆਂ ਦੀ ਰੁੱਤ' ਅਤੇ 'ਲੱਧੇ ਵਾਲਾ ਵੜੈਚ', ਕਰਤਾਰ ਸਿੰਘ ਦੁੱਗਲ ਦੀ 'ਮੈਡਾ ਨਾ ਰਾਜ ਕਰਨੀ' ਅਤੇ 'ਇਕ ਛਿੱਟ ਚਾਨਣ ਦੀ ਇਸ ਪ੍ਰਵਿਰਤੀ ਦੀਆਂ ਕਹਾਣੀਆਂ ਹਨ। ਵਿਰਕ ਦੀ ਕਹਾਣੀ "ਖੱਬਲ ਇਸ ਮਾਨਵਾਦੀ ਹੂਕ ਦੀਆਂ ਪ੍ਰਤੀਨਿਧ ਕਹਾਣੀਆਂ ਹਨ । ਵਿਰਕ ਦੀ ਕਹਾਣੀ 'ਖੱਬਲ ਇਕੋ ਸਮੇਂ ਕਈ ਵਿਰਤੀਆਂ ਨੂੰ ਪ੍ਰਸਤੁਤ ਕਰਦੀ ਹੈ। ਇਸ ਕਹਾਣੀ ਵਿਚੋਂ ਇਕ ਉਦਾਹਰਣ ਪੇਸ਼ ਹੈ:

> ਤੂੰ ਮੇਰਾ ਸਿੱਖ ਭਰਾ ਏ। ਮੈਂ ਵੀ ਕਦੀ ਸਿੱਖ ਹੁੰਦੀ ਸਾਂ! ਹੁਣ ਮੈਂ ਮੁਸਲਮਾਨ ਹੋ ਗਈ ਹਾਂ! ਏਸ ਵੇਲੇ ਮੇਰਾ ਦੁਨੀਆਂ ਵਿਚ ਕੋਈ ਨਹੀਉ.... ਮੇਰੀ ਇਕ ਨਨਾਣ ਏ ਨਿੱਕੀ? ਰੁੜ ਗਏ ਯਾਰਾਂ ਚੱਕ ਵਾਲ ਲੈ ਗਏ ਹੋਏ ਨੇ.... ਤੇਰੀ ਇਸ ਵੇਲੇ ਬੜੀ ਚੌਧਰ ਜਾਪਦੀ ਏ। ਤੂੰ, ਉਹਨੂੰ ਏਥੇ ਮੇਰੇ ਕੋਲ ਲਿਆ ਦੇ।... ਉਹ ਮੇਰੇ ਕੋਲ ਆਵੇਗੀ, ਮੈਂ ਆਪ ਆਪਣੇ ਹੱਥੀਂ ਨੂੰ ਕਿਸੇ ਦੇ ਲੜ ਲਾਵਾਂ} ਛੂ ਵਗ ਮੇਰੀਆਂ ਬਾਹਾਂ ਬਣਨਗੀਆਂ ਮੈਂ ਕਿਸੇ ਨੂੰ ਆਪਣਾ ਆਖਣ ਵਾਲੀ ਬਣਾਂਗੀ

ਇਸ ਕਹਾਣੀ ਵਿਚ ਮਨੁੱਖ ਦੇ ਜ਼ਿੰਦਗੀ ਨੂੰ ਹਰ ਹੀਲੇ ਜਿਊਣ ਦੀ ਤਮੰਨਾ ਦੀ ਪ੍ਰਵਿਰਤੀ ਪ੍ਰਸਤੁਤ ਹੋਈ ਹੈ। ਇਹ ਇਕ ਅਹਿਮ ਪਵਿਰਤੀ ਹੈ ਕਿ ਮਨੁੱਖ ਦੁਸ਼ਵਾਰ ਤੋਂ ਦੁਸ਼ਵਾਰ ਹਾਲਤਾਂ ਵਿਚ ਵੀ ਜ਼ਿੰਦਗੀ ਜਿਊਣ ਦਾ ਬਹਾਨਾ ਭਾਲ ਲੈਂਦਾ ਹੈ। ਇਸ ਤਰ੍ਹਾਂ ਦੀ ਪ੍ਰਵਿਰਤੀ ਪੰਜਾਬੀ ਕਹਾਣੀ ਦੀ ਸਮਕਾਲੀ ਸਥਿਤੀ ਵਿਚ ਬੜੇ ਵਿਆਪਕ ਰੂਪ ਵਿਚ ਜਾਰੀ ਰਹੀ ਹੈ।

ਪ੍ਰਗਤੀਵਾਦੀ ਪ੍ਰਵਿਰਤੀ: ਪ੍ਰਗਤੀਵਾਦੀ ਲਹਿਰ ਅਧੀਨ ਪੰਜਾਬੀ ਵਿਚ ਢੇਰ ਸਾਰਾ ਸਾਹਿਤ ਰਚਿਆ ਗਿਆ ਹੈ। ਪ੍ਰਗਤੀਵਾਦੀ ਲਹਿਰ ਵਿਸ਼ਵ ਵਿਆਪੀ ਲਹਿਰ ਦੇ ਰੂਪ ਵਿਚ ਉਪਜੀ ਤੇ ਵਿਕਸਿਤ ਹੋਈ ਹੈ। ਮਾਰਕਸਵਾਦੀ ਚਿੰਤਨ ਦੇ ਪ੍ਰੇਰਨਾ ਸਰੋਤ ਵਜੋਂ ਪ੍ਰਗਤੀਵਾਦੀ ਲਹਿਰ ਉਤਪੰਨ ਹੋਈ ਹੈ। ਵਿਸ਼ਵ ਵਿਆਪੀ ਚੇਤਨਾਂ ਦੇ ਅੰਤਰਗਤ ਵੀਹਵੀਂ ਸਦੀ ਦੇ ਪਹਿਲੇ ਅੱਧ ਤੋਂ ਹੀ ਪੰਜਾਬੀ ਲੇਖਕਾਂ ਉੱਤੇ ਪ੍ਰਗਤੀਵਾਦੀ ਲਹਿਰ ਦਾ

ਪ੍ਰਭਾਵ ਪੈਣਾ ਆਰੰਭ ਹੋ ਗਿਆ ਸੀ। ਇਸ ਲਹਿਰ ਅਧੀਨ ਗਲਪ-ਰਚਨਾ ਕਰਨ ਵਾਲੇ ਗਲਪਕਾਰਾਂ ਨੇ ਜਗੀਰਦਾਰੀ ਸਮਾਜ ਵਿਰੁੱਧ ਅਤੇ ਸਾਮਰਾਜੀ ਤਾਕਤਾਂ ਦੇ ਵਿਰੋਧ ਵਿਚ ਰਚਨਾਵਾਂ ਰਚਣੀਆਂ ਆਰੰਭ ਕੀਤੀਆਂ। ਸਿਧਾਂਤਕ ਤੌਰ ਤੇ ਪ੍ਰਗਤੀਵਾਦੀ ਪ੍ਰਵਿਰਤੀਆਂ ਦਾ ਆਧਾਰ ਯਥਾਰਥਵਾਦ ਹੀ ਹੈ। ਨਿਰਸੰਦੇਹ ਪ੍ਰਗਤੀਵਾਦੀ ਕਹਾਣੀ ਵਿਸ਼ਵ ਭਰ ਵਿਚ ਮਾਰਕਸਵਾਦ ਦੇ ਪ੍ਰਭਾਵਾਂ ਅਧੀਨ ਰਚੀ ਗਈ। ਕਾਰਲ ਮਾਰਕਸ ਨੇ ਮਿਹਨਤ, ਉਜਰਤ ਤੇ ਮੁਨਾਫਾ ਦੀਆਂ ਇਕਾਈਆਂ ਨੂੰ ਸਮੁੱਚੇ ਸਮਾਜਿਕ ਵਰਤਾਰੇ ਵਿਚ ਢਾਲ ਕੇ ਆਰਥਿਕ ਪਾੜੇ ਦਾ ਜੋ ਵਿਵੇਚਨ ਪੇਸ਼ ਕੀਤਾ, ਉਹ ਜੀਵਨ ਦੀ ਪਦਾਰਥਵਾਦੀ ਵਾਸਵਿਕਤਾ ਦੇ ਬਹੁਤ ਨੇੜੇ ਦਾ ਸੀ। ਇਹ ਵਿਸ਼ਵ-ਵਿਆਪੀ ਚੇਤਨਾਂ ਪ੍ਰਗਤੀਵਾਦੀ ਕਹਾਣੀ ਦੀ ਉਤਪਤੀ ਦਾ ਆਧਾਰ ਬਣੀ।

ਪੰਜਾਬੀ ਦੀ ਪ੍ਰਗਤੀਵਾਦੀ ਕਹਾਣੀ 'ਤੇ ਐਨਟੋਨ ਚੈਖੋਵ, ਮੈਕਸਿਮ ਗੋਰਕੀ, ਲਿਓ ਟਾਲਸਟਾਇ ਅਤੇ ਮੋਪਾਸਾਂ ਦਾ ਵਧੇਰੇ ਪ੍ਰਭਾਵ ਹੈ। ਪ੍ਰਗਤੀਵਾਦੀ ਕਹਾਣੀ ਦਾ ਮੁਢਲਾ ਲੇਖਕ ਸੰਤ ਸਿੰਘ ਸੇਖੋਂ ਹੈ। ਸੇਖੋਂ ਤੋਂ ਬਾਅਦ ਸੁਜਾਨ ਸਿੰਘ, ਸੰਤੋਖ ਸਿੰਘ ਧੀਰ, ਕੁਲਵੰਤ ਸਿੰਘ ਵਿਰਕ, ਕਰਤਾਰ ਸਿੰਘ ਦੁੱਗਲ, ਪ੍ਰੇਮ ਗੋਰਖੀ, ਮੋਹਨ ਭੰਡਾਰੀ, ਪ੍ਰੇਮ ਪ੍ਰਕਾਸ਼ ਅਤੇ ਰਾਮ ਸਰੂਪ ਅਣਖੀ ਆਦਿ ਕਹਾਣੀਕਾਰਾਂ ਨੇ ਪ੍ਰਗਤੀਵਾਦੀ ਪ੍ਰਵਿਰਤੀਆਂ ਵਾਲੀਆਂ ਕਹਾਣੀਆਂ ਦੀ ਰਚਨਾ ਕੀਤੀ ਹੈ। ਅੰਮ੍ਰਿਤਾ ਪ੍ਰੀਤਮ ਨੇ 'ਬੰਦ ਦਰਵਾਜਾ', 'ਸਾਗਰ ਤੇ ਸਿੱਪੀਆਂ ਅਤੇ ਦਿੱਲੀ ਦੀਆਂ ਗਲੀਆਂ ਵਿਚ ਇਸ ਵਿਰਤੀ ਦੀ ਸਫ਼ਲ ਵਰਤੋਂ ਕੀਤੀ ਹੈ: ਕਰਤਾਰ ਸਿੰਘ ਦੁੱਗਲ ਪੰਜਾਬੀ ਜਗਤ ਦਾ ਅਜਿਹਾ ਸਾਹਿਤਕਾਰ ਹੈ ਜਿਸ ਨੇ ਮਨੁੱਖਾਂ ਦੇ ਨਾਲ ਨਾਲ ਪਸ਼ੂਆਂ , ਜਾਨਵਰਾਂ ਅਤੇ ਪੰਛੀਆਂ ਦਾ ਵੀ ਮਾਨਸਿਕ ਵਿਸ਼ਲੇਸ਼ਣ ਕੀਤਾ ਹੈ। ਸੰਤੋਖ ਸਿੰਘ ਧੀਰ ਦੀ ਕਹਾਣੀ 'ਮੰਗੋ' ਵਿਚ ਗਊ ਮੰਗੋ ਦਾ ਮਾਨਸਿਕ ਵਿਸ਼ਲੇਸ਼ਣ ਵੀ ਬੜਾ ਮਾਰਮਿਕ ਹੈ। ਦੁੱਗਲ ਦਾ ਨਾਵਲ 'ਇਕ ਦਿਲ ਵਿਕਾਊ ਹੈ', ਬੜਾ ਹੀ ਸਫਲ ਮਨੋਵਿਗਿਆਨਕ ਨਾਵਲ ਹੈ। ਇਸ ਨਾਵਲ ਵਿਚ ਸਵੀਰਾਂ ਤੇ ਕੰਵਲਜੀਤ ਦੀ ਆਤਮਕ ਸਾਂਝ ਨੂੰ ਬੜੇ ਹੀ ਕਲਾਤਮਿਕ ਤੇ ਮਨੋਵਿਗਿਆਨਕ ਢੰਗ ਨਾਲ ਸਾਕਾਰ ਕਰਨ ਦਾ ਯਤਨ ਕੀਤਾ ਗਿਆ ਹੈ।

**ਮਨੋਵਿਗਿਆਨਕ ਪ੍ਰਵਿਰਤੀ**: ਮਨੋਵਿਗਿਆਨਕਵਾਦ ਅਜੋਕੇ ਸਾਹਿਤ ਦਾ ਪ੍ਰਮੁੱਖ ਲੱਛਣ ਬਣ ਗਿਆ ਹੈ। ਇਸ ਪ੍ਰਵਿਰਤੀ ਅਧੀਨ ਨਾਵਲੀ-ਪਾਤਰਾਂ ਦੇ ਬਾਹਰੀ ਚਿਤਰਣ ਨਾਲੋਂ ਉਨ੍ਹਾਂ ਦੇ ਅੰਦਰੂਨੀ ਮਾਨਸਿਕ ਚਿੱਤ-ਬਿਰਤੀਆਂ ਵਿਚ ਹੁੰਦੀ ਹਿਲ-ਜੁਲ ਨੂੰ ਚਿਤਰਣ ਦਾ ਵਧੇਰੇ ਯਤਨ ਕੀਤਾ ਜਾਂਦਾ ਹੈ। ਮਨੋਵਿਗਿਆਨੀਆਂ ਦਾ ਵਿਚਾਰ ਹੈ ਕਿ ਮਨੁੱਖ ਜੋ ਕੁਝ ਵੀ ਬਾਹਰੀ ਤੌਰ ਤੇ ਵਿਵਹਾਰ ਕਰਦਾ ਹੈ ਉਸ ਦਾ ਆਧਾਰ ਉਸ ਦੀ ਅੰਦਰੂਨੀ ਮਾਨਸਿਕ ਸਥਿਤੀ ਹੁੰਦੀ ਹੈ। ਵਿਸ਼ਵ ਵਿਚ ਇਸ ਪ੍ਰਵਿਰਤੀ ਦਾ ਜਨਮਦਾਤਾ ਸਿੰਗਮੰਡ ਫਰਾਇਡ ਨੂੰ ਮੰਨਿਆ ਜਾਂਦਾ ਹੈ। ਪੰਜਾਬੀ ਕਹਾਣੀ ਵਿਚ ਮਨੋਵਿਗਿਆਨਕ ਪ੍ਰਵਿਰਤੀ ਦਾ ਮੁੱਢ ਸਿੰਗਮੰਡ ਫਰਾਇਡ ਦੀ ਵਿਚਾਰਧਾਰਾ ਅਧੀਨ ਬੱਝਾ ਹੈ। ਪੰਜਾਬੀ ਵਿਚ ਇਸ ਪ੍ਰਵਿਰਤੀ ਦੀ ਕਹਾਣੀ ਦਾ ਆਰੰਭ ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ ਨਾਲ ਹੁੰਦਾ ਹੈ। ਬਲਵੰਤ ਗਾਰਗੀ ਦੀ ਕਹਾਣੀ 'ਕਾਲਾ ਅੰਬ' ਵਿਚ ਇਸ ਪ੍ਰਵਿਰਤੀ ਨੂੰ ਵੇਖਿਆ ਜਾ ਸਕਦਾ ਹੈ। ਇਸ ਪ੍ਰਵਿਰਤੀ ਨੂੰ ਕਈ ਆਲੋਚਕਾਂ ਨੇ ਵਾਸ਼ਨਾਵਾਦ ਦਾ ਨਾਮ ਵੀ ਦਿੱਤਾ ਹੈ। ਕਰਤਾਰ ਸਿੰਘ ਦੁੱਗਲ, ਬਲਵੰਤ ਗਾਰਗੀ, ਕੁਲਵੰਤ ਸਿੰਘ ਵਿਰਕ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ ਅਤੇ ਅਜੀਤ ਕੌਰ ਦੀਆਂ ਕਹਾਣੀਆਂ ਨੂੰ ਇਸ ਪ੍ਰਵਿਰਤੀ ਦੀਆਂ ਕਹਾਣੀਆਂ ਦੇ ਘਰ ਵਿਚ ਰੱਖਿਆ ਜਾ ਸਕਦਾ ਹੈ। ਇਸ ਪ੍ਰਵਿਰਤੀ ਅਧੀਨ ਰਚੀ ਗਈ ਕਹਾਣੀ ਵਿਚੋਂ ਆਮ ਤੌਰ ਤੇ ਔਰਤ-ਮਰਦ ਦੇ ਜਿਨਸੀ ਸੰਬੰਧਾਂ ਦਾ ਵਿਵਰਣ ਅੰਕਿਤ ਹੁੰਦਾ ਹੈ। ਇਸ ਵਿਚ ਜਿਨਸੀ ਭਾਵਨਾਵਾਂ ਭਾਰੂ ਹੁੰਦੀਆਂ ਹਨ। ਇਸ ਪ੍ਰਵਿਰਤੀ ਦੇ ਕਹਾਣੀਕਾਰ ਕਈ ਵਾਰ ਅਤ-ਯਥਾਰਥਵਾਦ ਦੀ ਪੇਸ਼ਕਾਰੀ ਦੇ ਓਹਲੇ ਵਿਚ ਨੰਗੇਜ਼ਵਾਦ ਅਥਵਾ ਅਸ਼ਲੀਲਤਾ ਦੀ ਹੱਦ ਤੱਕ ਪੁੱਜ ਜਾਂਦੇ ਹਨ। ਕਲਾਤਮਿਕ ਦ੍ਰਿਸ਼ਟੀ ਤੋਂ ਕਈ ਵਾਰ ਅਜਿਹੀਆਂ ਕਹਾਣੀਆਂ ਕੋਈ ਵਧੀਆ ਪ੍ਰਭਾਵ ਨਹੀਂ ਸਿਰਜ ਸਕਦੀਆਂ।

ਅਜੀਤ ਕੌਰ ਦੀਆਂ ਕਹਾਣੀਆਂ 'ਫਾਲਤੂ ਔਰਤ', 'ਇਕ ਹੋਰ ਫਾਲਤੂ ਔਰਤ`, ਬਲਵੰਤ ਗਾਰਗੀ ਦਾ ਕਹਾਣੀ-ਸੰਗ੍ਰਹਿ "ਕਾਲਾ ਅੰਬ', ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਸ਼ਹਿਰਯਾਰ', 'ਵੱਢ ਵਿਚ ਸਵੇਰ' ਅਤੇ "ਮੈਂਡਾ ਨਾਂ ਰਾਜ ਕਰਨੀ, ਆਦਿ ਇਸ ਪ੍ਰਵਿਰਤੀ ਦੀਆਂ ਕਹਾਣੀਆਂ ਹਨ। ਦੁੱਗਲ ਨੇ ਮਨੁੱਖਾਂ ਦੇ ਨਾਲ-ਨਾਲ ਪਸ਼ੂ ਤੇ ਪੰਛੀ ਜਗਤ ਦਾ ਵੀ ਖ਼ੂਬਸੂਰਤ ਮਨੋਵਿਸ਼ਲੇਸ਼ਣ ਪੇਸ਼ ਕੀਤਾ ਹੈ। 'ਵੱਢ ਵਿਚ ਸਵੇਰ`, 'ਸ਼ਹਿਰਯਾਰ', 'ਦੀਆਂ', 'ਮੁਤੀਆ ਤੇ ਮੁੰਨੀ' ਅਤੇ 'ਨੀਲੀ ਆਦਿ ਕਹਾਣੀਆਂ ਪਸ਼ੂ ਤੇ ਪੰਛੀ ਜਗਤ ਨਾਲ ਸੰਬੰਧਿਤ ਹਨ। ਨੀਲੀ ਨੂੰ ਤਾਂ ਵਿਸ਼ਵ ਦੀਆਂ ਸ੍ਰੇਸ਼ਟ ਕਹਾਣੀਆਂ ਲਈ ਚੁਣਿਆ ਗਿਆ ਹੈ। ਆਧੁਨਿਕ ਦੌਰ ਵਿਚ ਪ੍ਰੇਮ ਪ੍ਰਕਾਸ਼, ਕਿਰਪਾਲ ਕਜ਼ਾਕ, ਦਲਬੀਰ ਚੇਤਨ ਅਤੇ ਪ੍ਰੇਮ ਗੋਰਖੀ ਦੀਆਂ ਕਹਾਣੀਆਂ ਵਿਚ ਇਹ ਪ੍ਰਵਿਰਤੀ ਪਾਈ ਜਾਂਦੀ ਹੈ।

**ਚੇਤਨ ਪ੍ਰਵਾਹ ਦੀ ਪ੍ਰਵਿਰਤੀ**: ਚੇਤਨਤਾ ਦੀ ਲਹਿਰ ਜਾਂ ਚੇਤਨ-ਪ੍ਰਵਾਹ ਕਿਸੇ ਤਕਨੀਕ ਦਾ ਨਾਂ ਨਹੀਂ ਸਗੋਂ ਇਸ ਤੋਂ ਭਾਵ ਨਾਵਲ ਦੇ ਕਿਸੇ ਪਾਤਰ (ਜਾਂ ਪਾਤਰਾਂ ਦੀ ਚੇਤਨਤਾ ਦੀ ਲਹਿਰ ਰਾਹੀਂ ਉਸਦੀ ਸੰਵੇਦਨਾ ਅਤੇ ਵਿਚਾਰਧਾਰਾ ਨੂੰ ਪੇਸ਼ ਕਰਨਾ ਹੈ। ਮਨੁੱਖੀ ਚੇਤਨਤਾ ਇਕ ਪ੍ਰਕਾਰ ਦੀ ਸਕਰੀਨ ਦਾ ਕੰਮ ਦਿੰਦੀ ਹੈ। ਚੇਤਨ ਪ੍ਰਵਾਹ ਸ਼ੈਲੀ ਦੀ ਪ੍ਰਵਿਰਤੀ ਵੀ ਦਿਨੋਂ ਦਿਨ ਸਿਰਜਨਾਤਮਕ ਸਾਹਿਤ ਵਿਚ ਮਕਬੂਲ ਹੋ ਰਹੀ ਹੈ। ਪੰਜਾਬੀ ਕਹਾਣੀ ਵਿਚ ਇਸ ਪੱਖੋਂ ਬਹੁਤ ਸਾਰੇ ਨਵੇਂ ਯੋਗ ਹੋਏ ਹਨ। ਕਹਾਣੀ ਸਾਹਿਤ ਵਿਚ ਦਿਨੋ-ਦਿਨ ਆਧੁਨਿਕ ਸੰਵੇਦਨਸ਼ੀਲਤਾ ਦਾ ਰੰਗ ਵਧ ਰਿਹਾ ਹੈ। ਵਿਸ਼ਵ ਵਿਚ ਨਿੱਕੀ ਕਹਾਣੀ ਦੇ ਖੇਤਰ ਵਿਚ ਸ਼ਾਇਦ ਹੀ ਕੋਈ ਅਜਿਹੀ ਪ੍ਰਵਿਰਤੀ ਹੋਵੇ ਜਿਸ ਬਾਰੇ ਪੰਜਾਬੀ ਵਿਚ ਕਹਾਣੀ ਨਾ ਰਚੀ ਗਈ ਹੋਵੇ। ਪੰਜਾਬੀ ਦੀ ਨਿੱਕੀ ਕਹਾਣੀ ਵਿਚ ਅਸਤਿਤਵਵਾਦ, ਪੜ-ਯਥਾਰਥਵਾਦ ਅਤੇ ਪਰਭਾਵਵਾਦ ਦੀਆਂ ਪ੍ਰਵਿਰਤੀਆਂ ਵਿਕਸਤ ਹੋ ਰਹੀਆਂ ਹਨ। ਅਸਤਿਤਵਾਦ ਦੀ ਪ੍ਰਵਿਰਤੀ ਪੰਜਾਬੀ ਕਹਾਣੀ ਦੀ ਪ੍ਰਮੁੱਖ ਪ੍ਰਵਿਰਤੀ ਹੈ। ਅਜੋਕੀ ਕਹਾਣੀ ਦਾ ਝੁਕਾਅ ਇਸ ਪ੍ਰਵਿਰਤੀ ਵੱਲ ਵਧੇਰੇ ਹੈ। ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਅੰਮ੍ਰਿਤਾ ਪ੍ਰਤੀਮ, ਪ੍ਰੇਮ ਗੋਰਖੀ ਅਤੇ ਕਿਰਪਾਲ ਕਜ਼ਾਕ ਦੀਆਂ ਕਹਾਣੀਆਂ ਵਿਚ ਇਹ ਪ੍ਰਵਿਰਤੀ ਭਰਪੂਰ ਰੂਪ ਵਿਚ ਵੇਖੀ ਜਾ ਸਕਦੀ ਹੈ।

ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਉਤਪੰਨ ਹੋਈ ਸਿਆਸੀ, ਸਭਿਆਚਾਰਕ ਸੰਕਟ ਅਤੇ ਅਤੰਕਵਾਦ ਦੀ ਸਮੱਸਿਆ ਬਾਰੇ ਵੀ ਬਹੁਤ ਸਾਰੀਆਂ ਕਹਾਣੀਆਂ ਲਿਖੀਆਂ ਗਈਆਂ ਹਨ। ਇਸ ਦੌਰ ਵਿਚ ਵਰਿਆਮ ਸੰਧੂ (ਭੱਜੀਆਂ ਬਾਹੀਂ), ਬਚਿੰਤ ਕੌਰ (ਖੁਰੇ ਹੋਏ ਚੰਗ), ਗੁਲਜ਼ਾਰ ਸੰਧੂ, ਕਰਤਾਰ ਸਿੰਘ ਦੁੱਗਲ, ਅਜੀਤ ਕੌਰ, ਮੋਹਨ ਭੰਡਾਰੀ (ਪਾੜ), ਰਾਮ ਸਰੂਪ ਅਣਖੀ ਅਤੇ ਸਵੈਰਾਜ ਸੰਧੂ (ਪਿੰਡ ਦੀ ਧੀ ਤੇ ਰੁੱਤ ਚੰਦਰੀ ਤੇ ਮਾਵਾਂ ਆਦਿ ਪੰਜਾਬ ਸੰਕਟ ਬਾਰੇ ਕਹਾਣੀ ਲਿਖਣ ਵਾਲੇ ਪ੍ਰਮੁੱਖ ਕਹਾਣੀਕਾਰ ਹਨ।

ਆਧੁਨਿਕ ਸੰਵੇਦਨਸ਼ੀਲਤਾ ਦੇ ਰੰਗ ਅਧੀਨ ਰਚੀਆਂ ਜਾਣ ਵਾਲੀਆਂ ਕਹਾਣੀਆਂ ਬਹੁਤ ਗਿਣਤੀ ਵਿਚ ਲਿਖੀਆਂ ਗਈਆਂ ਹਨ। ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਏ ਸਟੱਡੀ ਇਨ ਬੋਰਡਮ, ਆਧੁਨਿਕ ਸੰਵੇਦਨਸ਼ੀਲਤਾ ਦੀ ਵਧੀਆ ਉਦਾਹਰਣ ਹੈ। ਇਸ ਦੀ ਨਾਇਕਾ 'ਐਨੀਂ ਇਕ ਸਾਧਾਰਣ ਸਬਜ਼ੀ ਵੇਚਣ ਵਲੇ ਅੱਗੇ ਆਪਣਾ ਸਭ ਕੁਝ ਅਰਪਣ ਕਰਨ ਲਈ ਤਿਆਰ ਹੋ ਜਾਂਦੀ ਹੈ। ਅਜੀਤ ਕੌਰ ਦੀ ਕਹਾਣੀ 'ਦਾਦ

ਦੇਣ ਵਾਲੇ', 'ਮੌੜ ਅਲੀ ਬਾਬੇ ਦੀ ਵੀ ਆਧੁਨਿਕ ਸੰਵੇਦਨਸ਼ੀਲਤਾ ਦੀ ਵਧੀਆ ਕਹਾਣੀ ਹੈ। ਇਸ ਦੀ ਨਾਇਕਾ ਇਕ ਮਨਪਸੰਦ ਪੇਟਿੰਗ ਨੂੰ ਪ੍ਰਾਪਤ ਕਰਨ ਲਈ ਭਰੀ ਮਹਿਫਲ ਵਿਚ ਪੇਟਿੰਗ ਤੱਕ ਅਲਫ਼ ਨਗਨ ਰੂਪ ਵਿਚ ਤੁਰਕੇ ਜਾਂਦੀ ਹੈ ਅਤੇ ਸ਼ਰਤ ਪੂਰੀ ਕਰਕੇ ਤਸਵੀਰ ਪ੍ਰਾਪਤ ਕਰ ਲੈਂਦੀ ਹੈ। ਘਰ ਜਾ ਕੇ ਉਸ ਤਸਵੀਰ ਨੂੰ ਕੰਧ ਉਤੇ ਪੁੱਠਾ ਲਟਕਾ ਦਿੰਦੀ ਹੈ ਅਤੇ ਸਾਲ ਮਗਰੋਂ ਉਸ ਤਸਵੀਰ ਨੂੰ ਪੰਜ ਸੌ ਰੁਪਏ ਵਿਚ ਵੇਚ ਦਿੰਦੀ ਹੈ। ਨਾਇਕਾ ਦਾ ਇਹ ਵਿਵਹਾਰ ਅਤਿ ਸੂਖਮ ਮਨੋਵਿਗਿਆਨਕ ਛੋਹਾਂ ਨੂੰ ਸਾਕਾਰ ਕਰਦਾ ਪ੍ਰਤੀਤ ਹੁੰਦਾ ਹੈ। ਨਾਇਕਾ ਦੀ ਅਜਿਹੀ ਮਾਨਸਿਕ ਸੋਚ ਇਕ ਵਿਲੱਖਣ ਪ੍ਰਕਾਰ ਦੀ ਮਨੋਸਥਿਤੀ ਨੂੰ ਸੰਵੇਦਨਸ਼ੀਲ ਰੂਪ ਵਿਚ ਸਾਕਾਰ ਕਰਦੀ ਹੈ। ਵਿਰਕ ਦੀਆਂ ਕਹਾਣੀਆਂ 'ਦੁੱਧ ਦਾ ਛੱਪੜ', 'ਦੋ ਆਨੇ ਦਾ ਘਾਅ', ਖੱਬਲ', 'ਤੂੜੀ ਦੀ ਪੰਡ ਅਤੇ 'ਘੁੰਡ' ਇਸ ਵੰਨਗੀ ਦੀਆਂ ਪ੍ਰਮੁੱਖ ਕਹਾਣੀਆਂ ਹਨ। ਵਿਰਕ ਦੀ ਕਹਾਣੀ 'ਰਸਭਰੀਆਂ ਇਸ ਪ੍ਰਵਿਰਤੀ ਦੀ ਪ੍ਰਮੁੱਖ ਕਹਾਣੀ ਹੈ।

ਅਜੋਕੀ ਪੰਜਾਬੀ ਕਹਾਣੀ ਵਿਚ ਇਕ ਪ੍ਰਵਿਰਤੀ ਜੋ ਪ੍ਰਵੇਸ਼ ਕਰ ਰਹੀ ਹੈ, ਉਹ ਉਪਰਾਮਤਾ ਦੀ ਬਿਰਤੀ ਹੈ। ਉਪਰਾਮਤਾ, ਬੇਗਾਨਗੀ ਦੇ ਸਿਧਾਂਤ ਤੇ ਆਧਾਰਿਤ ਪ੍ਰਵਿਰਤੀ ਹੈ। ਸੰਤੋਖ ਸਿੰਘ ਧੀਰ ਦੀ ਕਹਾਣੀ 'ਸਾਂਝੀ ਕੰਧ', ਵਿਰਕ ਦੀ 'ਦੁੱਧ ਦਾ ਛੱਪੜ', ਅਜੀਤ ਕੌਰ ਦੀ ਕਹਾਣੀ 'ਤੋੜਾ ਚਸ਼ਮ ਅਤੇ 'ਜੰਗਲੀ ਘੋੜੇ ਵਿਚ ਇਹ ਉਪਰਾਮਤਾ ਦੀ ਪ੍ਰਵਿਰਤੀ ਪਾਈ ਜਾਂਦੀ ਹੈ। ਡਾ. ਮਹੀਪ ਸਿੰਘ ਦੀ ਕਹਾਣੀ 'ਬਲਾਟਿੰਗ ਪੇਪਰ' ਦੀ ਨਾਇਕਾ ਮਰਦਾਂ ਦੇ ਫਰੇਬਾਂ ਨੂੰ ਇਸ ਤਰ੍ਹਾਂ ਆਪਣੇ ਅੰਦਰ ਜਜ਼ਬ ਕਰ ਲੈਂਦੀ ਹੈ ਜਿਵੇਂ ਬਲਾਟਿੰਗ ਪੇਪਰ ਸਿਆਹੀ ਚੂਸ ਲੈਂਦਾ ਹੈ।

ਪੰਜਾਬੀ ਕਹਾਣੀ ਦੀ ਨਵੀਨਤਮ ਪ੍ਰਵਿਰਤੀ ਅੰਤਰ-ਸੰਵਾਦ ਵੱਲ ਅਤੇ ਅੰਤਰ-ਰਾਸ਼ਟਰਵਾਦ ਵੱਲ ਰੁਚਿਤ ਹੋਣ ਦੀ ਹੈ। ਅੱਜ ਦਾ ਪੰਜਾਬੀ ਕਹਾਣੀਕਾਰ ਕੇਵਲ ਪੰਜਾਬੀ ਜੀਵਨ ਬਾਰੇ ਹੀ ਨਹੀਂ ਲਿਖਦਾ ਸਗੋਂ ਉਹ ਭਾਰਤ ਦੇ ਹੋਰ ਸੂਬਿਆਂ ਦੇ ਲੋਕਾਂ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਦੇ ਲੋਕਾਂ ਦੇ ਜੀਵਨ ਬਾਰੇ ਵੀ ਕਹਾਣੀ ਲਿਖਦਾ ਹੈ।

ਅੰਤਰ-ਸੰਵਾਦ ਦੀ ਦ੍ਰਿਸ਼ਟੀ ਤੋਂ ਦੇਵਿੰਦਰ ਸਤਿਆਰਥੀ ਇਕ ਪ੍ਰਮੁੱਖ ਕਹਾਣੀਕਾਰ ਹੈ। ਲੋਕ ਗੀਤਾਂ ਦੇ ਸੰਗ੍ਰਹਿ ਲਈ ਜਦੋਂ ਸਤਿਆਰਥੀ ਵੱਖ-ਵੱਖ ਪ੍ਰਾਂਤਾਂ ਵਿਚ ਗਿਆ ਤਾਂ ਉਥੇ ਦੇ ਲੋਕਾਂ ਦੇ ਜੀਵਨ ਨਾਲ ਵੀ ਉਸ ਦਾ ਬਹੁਤ ਨੇੜੇ ਦਾ ਸੰਪਰਕ ਪੈਦਾ ਹੋਇਆ। ਇਸ ਸੰਪਰਕ ਦੇ ਸਿੱਟੇ ਵਜੋਂ ਹੀ ਉਸਨੇ ਉਹਨਾਂ ਪ੍ਰਾਤਾਂ ਦੇ ਲੋਕਾਂ ਬਾਰੇ ਕਹਾਣੀਆਂ ਰਚੀਆਂ ਹਨ। ਕਸ਼ਮੀਰ, ਆਂਧਰਾ ਪ੍ਰਦੇਸ਼ , ਬੰਗਾਲ, ਉਤਰ ਪ੍ਰਦੇਸ਼ ਅਤੇ ਬਿਹਾਰ ਪ੍ਰਾਂਤ ਨਾਲ ਸੰਬੰਧਿਤ ਉਸਦੀਆਂ ਕਈ ਕਹਾਣੀਆਂ ਮਿਲਦੀਆਂ ਹਨ। ਇਸ ਪ੍ਰਵਿਰਤੀ ਦੀਆਂ ਕਹਾਣੀਆਂ ਸੁਜਾਨ ਸਿੰਘ ਅਤੇ ਗੁਰਮੁਖਜੀਤ ਸਿੰਘ ਨੇ ਵੀ ਲਿਖੀਆਂ ਹਨ। ਗੁਰਬਖਸ਼ ਹੰਸਪਾਲ, ਨਰਪਿੰਦਰ ਸਿੰਘ ਰਤਨ ਆਦਿ ਨੇ ਵੀ ਅੰਤਰ-ਪ੍ਰਾਂਤੀ ਕਹਾਣੀ ਦੀ ਰਚਨਾ ਕੀਤੀ ਹੈ। ਦੁੱਗਲ ਦੀਆਂ ਕਹਾਣੀਆਂ ਵਿਚ ਵੀ ਇਹ ਪ੍ਰਵਿਰਤੀ ਪਾਈ ਜਾਂਦੀ ਹੈ ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਕਹਾਣੀਆਂ ਵਿਚ ਵੀ ਅੰਤਰ-ਪ੍ਰਾਂਤੀ ਘਟਨਾਵਾਂ ਦਾ ਜ਼ਿਕਰ ਮਿਲਦਾ ਹੈ।

ਪਰ ਪੰਜਾਬੀ ਦੇ ਪਰਵਾਸੀ ਕਹਾਣੀਕਾਰਾਂ ਨੇ ਅੰਤਰਰਾਸ਼ਟਰੀ ਪੱਧਰ ਦੇ ਜੀਵਨ ਬਾਰੇ ਬੜੀਆਂ ਹੀ ਕਲਾਤਮਿਕ ਕਹਾਣੀਆਂ ਦੀ ਰਚਨਾ ਕੀਤੀ ਹੈ । ਇਸ ਸ਼੍ਰੇਣੀ ਦੇ ਕਹਾਣੀਕਾਰਾਂ ਲਈ ਕਈ ਸਾਲਾਂ ਤੋਂ ਰੋਜ਼ੀ-ਰੋਟੀ ਦੀ ਖਾਤਰ ਵਿਦੇਸ਼ਾਂ ਵਿਚ ਰਹਿ ਰਹੇ ਪਰ ਮਾਤ-ਬੋਲੀ ਅਤੇ ਮਾਤ-ਭੂਮੀ ਦਾ ਮੋਹ ਜਿਉਂ ਦਾ ਤਿਉਂ ਬਰਕਰਾਰ ਹੈ। ਇਨ੍ਹਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਵਿਚ ਵਿਦੇਸ਼ੀ ਜੀਵਨ ਦੀਆਂ ਸਮੱਸਿਆਵਾਂ ਬੜੀ ਸ਼ਿੱਦਤ ਨਾਲ ਪ੍ਰਸਤੁਤ ਕੀਤੀਆਂ ਗਈਆਂ ਹਨ। ਇਹਨਾਂ ਵਿਚ ਸਾਥੀ ਲੁਧਿਆਣਵੀ, ਅਮਰਜੀਤ ਚਾਹਲ, ਰਵਿੰਦਰ ਰਵੀ, ਅਵਤਾਰ ਸਿੰਘ ਸਾਦਿਕ, ਐਲ. ਬਰਾੜ, ਇਕਬਾਲ ਅਰਪਨ, ਸਵਰਨ ਚੰਦਨ, ਸੁਰਿੰਦਰ ਦੇਹਲਵੀ, ਸ਼ਿਵਚਰਨ ਗਿੱਲ, ਰਘਬੀਰ ਢੰਡ, ਹਰਜੀਤ ਅਟਵਾਲ, ਗੁਰਨਾਮ ਗਿੱਲ, ਜਗਜੀਤ ਬਰਾੜ, ਦਰਸ਼ਨ ਸਿੰਘ ਧੀਰ, ਤਰਸੇਮ ਨੀਲਗਿਰੀ, ਪ੍ਰੀਤਮ ਸਿੱਧੂ ਆਦਿ ਨਾਮ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ।

## ਸਾਰ-ਅੰਸ਼

ਕੁਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਪੰਜਾਬ ਵਿਚ ਚੱਲੀਆਂ ਸਮਾਜ ਸੁਧਾਰ ਲਹਿਰਾਂ ਤੋਂ ਪ੍ਰਭਾਵਤ ਹੋ ਕੇ ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਬਲਵੰਤ ਸਿੰਘ ਚਤਰਥ, ਸੋਹਣ ਸਿੰਘ ਜੋਸ਼ ਅਤੇ ਹੀਰਾ ਸਿੰਘ ਦਰਦ ਆਦਿ ਨੇ ਸਮਾਜ ਸੁਧਾਰ, ਸੁਖੀ ਸੰਸਾਰਕ ਜੀਵਨ, ਨੈਤਿਕ ਸਦਾਚਾਰ, ਰਾਜਸੀ ਅਤੇ ਆਰਥਿਕ ਖੁਸ਼ਹਾਲੀ ਦੀ ਮੰਗ ਕਰਦੀਆਂ ਕਹਾਣੀਆਂ ਲਿਖੀਆਂ। ਨਾਨਕ ਸਿੰਘ ਤੋਂ ਪਿੱਛੋਂ ਸੰਤ ਸਿੰਘ ਸੇਖੋਂ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਉਨਾਂ ਦੇ ਸਾਥੀਆਂ ਨੇ ਸਮਾਜਵਾਦੀ, ਯਥਾਰਥਵਾਦੀ ਦਿਸ਼ਾ ਵੱਲ ਕਦਮ ਪੁੱਟੇ। ਸੁਜਾਨ ਸਿੰਘ, ਦਵਿੰਦਰ ਸਤਿਆਰਥੀ,

ਸੰਤੋਖ ਸਿੰਘ ਧੀਰ, ਸੁਰਿੰਦਰ ਸਿੰਘ ਨਰੂਲਾ, ਜਸਵੰਤ ਸਿੰਘ ਕੰਵਲ, ਨਵਤੇਜ ਅਤੇ ਸੁਖਬੀਰ ਵੀ ਇਸੇ ਰਾਹ 'ਤੇ ਤੁਰੇ। ਹਰੀ ਸਿੰਘ ਦਿਲਬਰ, ਮੋਹਨ ਸਿੰਘ ਦੀਵਾਨਾ, ਦਲੀਪ ਕੌਰ ਟਿਵਾਣਾ, ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਗੁਰਮੁਖ ਸਿੰਘ ਜੀਤ ਆਦਿ ਨੇ ਨਿਰੋਲ ਯਥਾਰਥਵਾਦੀ ਕਹਾਣੀਆਂ ਲਿਖੀਆਂ। ਕੁਲਵੰਤ ਸਿੰਘ ਵਿਰਕ ਦਾ ਯਥਾਰਥਵਾਦ ਮਾਨਵਵਾਦੀ ਬਣ ਗਿਆ। ਫਰਾਈਡ ਦੇ ਮਨੋਵਿਗਿਆਨੀ ਫਲਸਫ਼ੇ ਅਧੀਨ ਕਰਤਾਰ ਸਿੰਘ ਦੁੱਗਲ ਪ੍ਰਕਿਰਤਕਵਾਦ ਦਾ ਧਾਰਨੀ ਹੋ ਗਿਆ। ਇਹ ਮਨੋਵਿਗਿਆਨੀ ਸੂਝ ਵਿਰਕ, ਦਵਿੰਦਰ, ਸੁਖਬੀਰ, ਅੰਮ੍ਰਿਤਾ ਪ੍ਰੀਤਮ, ਜੋਸ਼ੀ, ਸਰਨਾ ਅਤੇ ਮੋਹਨ ਭੰਡਾਰੀ ਆਦਿ ਦੀਆਂ ਕਹਾਣੀਆਂ ਵਿਚੋਂ ਵੀ ਝਲਕਦੀ ਹੈ।

## ਕੇਂਦਰੀ ਸ਼ਬਦ

**ਅਨੁਕਰਨ:** ਨਕਲ

**ਪ੍ਰਵਿਰਤੀ:** ਰੁਚੀ

**ਪ੍ਰਗਤੀ:** ਤਰੱਕੀ/ਵਿਕਾਸ

**ਨਵੀਨਤਮ:** ਸਭ ਤੋਂ ਵੱਧ ਨਵੀਂ

## ਸਵੈ-ਮੁਲਾਂਕਣ

1. ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀ ਸਿਰਜਕ ਵਜੋਂ ਵਿਆਪਕ ਮਾਣਤਾ ਕਿਸ ਸਾਹਿਤਕਾਰ ਨੂੰ ਪ੍ਰਾਪਤ ਹੈ?

ੳ) ਬਾਬਾ ਫਰੀਦ

ਅ) ਭਾਈ ਵੀਰ ਸਿੰਘ

ੲ) ਮੋਹਨ ਸਿੰਘ ਵੈਦ

ਸ) ਨਾਨਕ ਸਿੰਘ

2. ਪੰਜਾਬੀ ਦੇ ਵਧੇਰੇ ਆਲੋਚਕਾਂ ਦਾ ਮੰਨਣਾ ਹੈ ਕਿ ਆਧੁਨਿਕ ਪੰਜਾਬੀ ਨਿੱਕੀ ਕਹਾਣੀ ਦਾ ਜਨਮ .....ਅਧੀਨ ਹੋਇਆ ਹੈ।

ੳ) ਪੱਛਮੀ ਪ੍ਰਭਾਵ

ਅ) ਮੱਧਕਾਲੀ ਪ੍ਰਭਾਵ

ੲ) ਸੰਸਕ੍ਰਿਤ ਪ੍ਰਭਾਵ

ਸ) ਫਾਰਸੀ ਪ੍ਰਭਾਵ

3. ਪੰਜਾਬੀ ਕਹਾਣੀ ਦੀ ਕਿਹੜੀ ਪ੍ਰਵਿਰਤੀ ਅੰਤਰ-ਸੰਵਾਦ ਵੱਲ ਅਤੇ ਅੰਤਰ-ਰਾਸ਼ਟਰਵਾਦ ਵੱਲ ਰੁਚਿਤ ਹੋਣ ਦੀ ਹੈ?

ੳ) ਪ੍ਰਗਤੀਵਾਦੀ ਪ੍ਰਵਿਰਤੀ

ਅ) ਸੁਧਾਰਵਾਦੀ ਪ੍ਰਵਿਰਤੀ

ੲ) ਨਵੀਨਤਮ ਪ੍ਰਵਿਰਤੀ

ਸ) ਚੇਤਨਾ ਪ੍ਰਵਾਹ ਦੀ ਪ੍ਰਵਿਰਤੀ

4. ਮਨੋਵਿਗਿਆਨਿਕ ਪ੍ਰਵਿਰਤੀ ਦਾ ਜਨਮਦਾਤਾ ਕਿਸ ਨੂੰ ਮੰਨਿਆ ਜਾਂਦਾ ਹੈ।

ੳ) ਸਿੰਗਮੰਡ ਫਰਾਇਡ

ਅ) ਮਾਰਕਸ

ੲ) ਫਰੈਡਰਿਕ ਜੇਮਸਨ

ਸ) ਯੁੰਗ

5. ......ਦੇ ਪ੍ਰੇਰਨਾ ਸਰੋਤ ਵਜੋਂ ਪ੍ਰਗਤੀਵਾਦੀ ਲਹਿਰ ਉਤਪੰਨ ਹੋਈ ਹੈ।

ੳ) ਮਨੋਵਿਸ਼ਲੇਸ਼ਣਵਾਦੀ ਚਿੰਤਨ

ਅ) ਰੂਪਵਾਦੀ ਚਿੰਤਨ

ੲ) ਮਾਰਕਸਵਾਦੀ ਚਿੰਤਨ

ਸ) ਨਾਰੀਵਾਦੀ ਚਿੰਤਨ

6. 'ਭੱਜੀਆਂ ਬਾਹੀਂ' ਕਹਾਣੀ ਦਾ ਰਚੇਤਾ ਕੌਣ ਹੈ?

ੳ) ਨਾਨਕ ਸਿੰਘ

ਅ) ਸੰਤੋਖ ਸਿੰਘ ਧੀਰ

ੲ) ਕੁਲਵੰਤ ਸਿੰਘ ਵਿਰਕ

ਸ) ਵਰਿਆਮ ਸੰਧੂ

7. ਕਿਸ ਪ੍ਰਵਿਰਤੀ ਨੂੰ ਕਈ ਆਲੋਚਕਾਂ ਨੇ ਵਾਸ਼ਨਾਵਾਦ ਦਾ ਨਾਮ ਵੀ ਦਿੱਤਾ ਹੈ?

ੳ) ਪ੍ਰਗਤੀਵਾਦੀ ਪ੍ਰਵਿਰਤੀ

ਅ) ਸੁਧਾਰਵਾਦੀ ਪ੍ਰਵਿਰਤੀ

ੲ) ਮਨੋਵਿਗਿਆਨਕ ਪ੍ਰਵਿਰਤੀ

ਸ) ਚੇਤਨਾ ਪ੍ਰਵਾਹ ਦੀ ਪ੍ਰਵਿਰਤੀ

8. ਪੰਜਾਬੀ ਕਹਾਣੀ ਦਾ ਪਹਿਲਾ ਸੰਗ੍ਰਹਿ ਕਦੋਂ ਛਪਿਆ ਸੀ।

ੳ) 1900

ਅ) 1913

ੲ) 1920

ਸ) 1927

9. ਪੰਜਾਬੀ ਕਹਾਣੀ ਵਿਚ ਸੁਧਾਰਵਾਦੀ ਪ੍ਰਵਿਰਤੀ ਦੇ ਅੰਤਰਗਤ .....ਪ੍ਰਵਿਰਤੀਆਂ ਵੀ ਪਾਈਆਂ ਜਾਂਦੀਆਂ ਹਨ।

ੳ) ਮਾਨਵਵਾਦੀ ਅਤੇ ਆਦਰਸ਼ਵਾਦੀ

ਅ) ਪ੍ਰਗਤੀਵਾਦੀ ਅਤੇ ਰੂਪਵਾਦੀ

ੲ) ਮਨੋਵਿਗਿਅਨਕ ਅਤੇ ਚੇਤਨਾ ਪ੍ਰਵਾਹਵਾਦੀ

ਸ) ਰੁਮਾਂਸਵਾਦੀ ਅਤੇ ਯਥਾਰਥਵਾਦੀ

10. ਸੰਨ 1936 ਤੋਂ ਸੰਨ 1965 ਤੱਕ ਪੰਜਾਬੀ ਕਹਾਣੀ ਦਾ ਕਿਹੜਾ ਦੌਰ ਵਿਦਮਾਨ ਰਹਿੰਦਾ ਹੈ?

ੳ) ਪਹਿਲਾ ਦੌਰ

ਅ) ਦੂਸਰਾ ਦੌਰ

ੲ) ਤੀਸਰਾ ਦੌਰ

ਸ) ਚੌਥਾ ਦੌਰ

11. …….ਨੇ ਸਮਾਜ, ਸਾਹਿਤ ਅਤੇ ਸਭਿਆਚਾਰ ਉੱਤੇ ਅਜਿਹਾ ਪ੍ਰਭਾਵ ਪਾਇਆ ਕਿ ਮਨੁੱਖੀ ਸੋਚਣੀ ਵੀ ਬਦਲ ਗਈ।

ੳ) ਤਕਨੀਕੀ ਇਨਕਲਾਬ

ਅ) ਮਜਦੂਰ ਇਨਕਲਾਬ

ੲ) ਸਮਾਜਿਕ ਇਨਕਲਾਬ

ਸ) ਵਪਾਰਿਕ ਇਨਕਲਾਬ

12. ਪ੍ਰਗਤੀਵਾਦੀ ਕਹਾਣੀ ਸ਼ੁਰੂ ਤੋਂ ਹੀ ਅਧਿਆਤਮਵਾਦ, ਆਦਰਸ਼ਵਾਦ ਅਤੇ ਰੁਮਾਂਸਵਾਦ ਦਾ …..ਕਰਦੀ ਨਜ਼ਰ ਆਈ ਹੈ।

ੳ) ਸਮਰਥਨ

ਅ) ਮੁਕਾਬਲਾ

ੲ) ਵਿਕਾਸ

ਸ) ਖੰਡਨ

13. ਪਹਿਲਾਂ ਪੰਜਾਬੀ ਕਹਾਣੀ ਸੰਗ੍ਰਹਿ ਕਿਸ ਨੇ ਛਪਵਾਇਆ

ੳ) ਭਾਈ ਵੀਰ ਸਿੰਘ

ਅ) ਨਾਨਕ ਸਿੰਘ

ੲ) ਭਾਈ ਮੋਹਨ ਸਿੰਘ ਵੈਦ

ਸ) ਸੰਤ ਸਿੰਘ ਸੇਖੋਂ

14. ਪੰਜਾਬੀ ਕਹਾਣੀ ਦਾ ਮੁੱਢ ਭਾਵੇਂ ….ਤੋਂ ਬੱਝਿਆ ਮੰਨਿਆ ਜਾਂਦਾ ਹੈ ਪਰ ਸਮੇਂ ਦੇ ਨਾਲ-ਨਾਲ ਕਹਾਣੀ ਨੇ ਵੀ ਆਪਣਾ ਨਵਾਂ ਅਤੇ ਵੱਖਰਾ ਰੂਪ ਅਖ਼ਤਿਆਰ ਲਿਆ ਹੈ।

ੳ) ਲੋਕ-ਕਹਾਣੀ

ਅ) ਜਾਸੂਸੀ ਕਹਾਣੀ

ੲ) ਸਮਾਜਿਕ ਕਹਾਣੀ

ਸ) ਧਾਰਮਿਕ ਕਹਾਣੀ

15. ਵੀਹਵੀਂ ਸਦੀ ਦੇ ਨੌਵੇਂ ਦਹਾਕੇ ਦੇ ਆਰੰਭੇ ਸਾਲਾਂ ਵਿਚ ਪੰਜਾਬੀ ਕਹਾਣੀ ਦਾ ……ਦੌਰ ਸ਼ੁਰੂ ਹੁੰਦਾ ਹੈ।

ੳ) ਪਹਿਲਾ ਦੌਰ

ਅ) ਦੂਸਰਾ ਦੌਰ

ੲ) ਤੀਸਰਾ ਦੌਰ

ਸ) ਚੌਥਾ ਦੌਰ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1 ਅ | 2 ੳ | 3.ੲ | 4. ੳ | 5. ੲ |
| 6. ਸ | 7. ੲ | 8. ਸ | 9. ੳ | 10. ਅ |
| 11. ੳ | 12. ਸ | 13. ੲ | 14. ੳ | 15. ਸ |

## ਅਭਿਆਸ ਪ੍ਰਸ਼ਨ

1. ਪੰਜਾਬੀ ਕਹਾਣੀ ਦੇ ਨਿਕਾਸ ਸਬੰਧੀ ਮਿਲਦੇ ਮਤਾਂ ਦਾ ਵਿਵੇਚਨ ਕਰੋ।

2. ਪੰਜਾਬੀ ਕਹਾਣੀ ਦੇ ਨਿਕਾਸ ਦੇ ਪਿਛੋਕੜ ਵਿੱਚ ਕਾਰਜਸ਼ੀਲ ਕਾਰਕਾਂ ਦਾ ਵਿਸਥਾਰ ਸਹਿਤ ਵਰਣਨ ਕਰੋ।

3. ਪੰਜਾਬੀ ਕਹਾਣੀ ਦੇ ਨਿਕਾਸ ਦੇ ਵਿਭਿੰਨ ਪੜਾਵਾਂ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ।

4. ਪੰਜਾਬੀ ਕਹਾਣੀ ਦਾ ਪ੍ਰਵਿਰਤੀਮੂਲਕ ਅਧਿਐਨ ਪੇਸ਼ ਕਰੋ।

5. ਪੰਜਾਬੀ ਕਹਾਣੀ ਦਾ ਪੰਜਾਬੀ ਸਾਹਿਤ ਜਗਤ ਵਿਚ ਕੀ ਮਹੱਤਵ ਹੈ; ਚਰਚਾ ਕਰੋ।

## Further Reading


- ਬਲਦੇਵ ਸਿੰਘ ਧਾਲੀਵਾਰ, ਆਧੁਨਿਕ ਪੰਜਾਬੀ ਕਹਾਣੀ: ਦ੍ਰਿਸ਼ਟੀਮੂਲਕ ਪਰਿਪੇਖ, ਲੋਕਗੀਤ ਪ੍ਰਕਾਸ਼ਨ, 2007
- ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਕਹਾਣੀ ਦੀ ਇਕ ਸਦੀ: ਇਤਿਹਾਸਮੂਲਕ ਪ੍ਰਵਚਨ, ਰਵੀ ਸਾਹਿਤ ਪ੍ਰਕਾਸ਼ਨ, 2002.
- ਧਨਵੰਤ ਕੌਰ, ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ ਸ਼ਾਸਤਰੀ ਅਧਿਐਨ, ਆਰਸੀ ਪਬਲਿਸ਼ਰਜ਼, 1954.


## Online Links

- https://pa.wikipedia.org/wiki/%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%95%E0%A8%B9%E0%A8%BE%E0%A8%A3%E0%A9%80
- https://punjabipedia.org/topic.aspx?txt=%E0%A8%AA%E0%A9%B0%E0%A8%9C%E0%A8%BE%E0%A8%AC%E0%A9%80%20%E0%A8%95%E0%A8%B9%E0%A8%BE%E0%A8%A3%E0%A9%80

# Unit 04: ਕਹਾਣੀ ਸੰਗ੍ਰਹਿ 'ਇਕੱਤੀ ਕਹਾਣੀਆਂ': ਥੀਮਗਤ ਪਾਸਾਰ

*Yaadvinder Kaur, Lovely Professional University*

**ਵਿਸ਼ਾ-ਵਸਤੂ**

**ਉਦੇਸ਼**

**ਜਾਣ-ਪਛਾਣ**

**1.1 ਨਛੱਤਰ ਜੀਵਨ ਅਤੇ ਰਚਨਾ-ਸੰਸਾਰ**
**1.2 ਇਕੱਤੀ ਕਹਾਣੀਆਂ: ਥੀਮਗਤ ਪਾਸਾਰ**

**ਸਾਰਾਂਸ਼**

**ਕੇਂਦਰੀ ਸ਼ਬਦ**

**ਸਵੈ-ਮੁਲਾਂਕਣ**

**ਸਵੈ-ਮੁਲਾਂਕਣ ਲਈ ਉੱਤਰ**

**ਅਭਿਆਸ ਪ੍ਰਸ਼ਨ**

**ਸੰਦਰਭ ਪੁਸਤਕਾਂ**

## ਉਦੇਸ਼

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

- ਕਹਾਣੀਕਾਰ ਨਛੱਤਰ ਦੇ ਜੀਵਨ ਅਨੁਭਵ ਅਤੇ ਰਚਨਾ ਸੰਸਾਰ ਨੂੰ ਸਮਝਣ ਦੇ ਯੋਗ ਹੋਣਗੇ
- ਕਹਾਣੀ ਸੰਗ੍ਰਹਿ 'ਇਕੱਤੀ ਕਹਾਣੀਆਂ' ਵਿਚ ਵਿਅਕਤ ਵਿਭਿੰਨ ਥੀਮਗਤ ਪਾਸਾਰਾਂ ਨੂੰ ਵਾਚਣ ਦੇ ਸਮਰੱਥ ਹੋਣਗੇ
- ਨਛੱਤਰ ਦੀ ਕਹਾਣੀ ਵਿਚਲੀ ਵਸਤੂ ਦਾ ਪੰਜਾਬੀ ਕਹਾਣੀ ਦੇ ਸੰਦਰਭ ਵਿੱਚ ਮੁਲਾਂਕਣ ਕਰਨ ਦੇ ਕਾਬਿਲ ਹੋਣਗੇ

## 1.1 ਨਛੱਤਰ: ਜੀਵਨ ਅਤੇ ਰਚਨਾ-ਸੰਸਾਰ

ਨਛੱਤਰ ਪੰਜਾਬੀ ਦੇ ਸੂਝਵਾਨ ਸਮਕਾਲੀ ਗਲਪਕਾਰਾਂ ਵਿਚੋਂ ਇੱਕ ਅਜਿਹਾ ਹਸਤਾਖਰ ਹੈ ਜਿਨ੍ਹੇ ਪੰਜਾਬੀ ਸੱਭਿਆਚਾਰ ਦੀ ਵਰਤਮਾਨ ਤੇ ਗੁੰਝਲਦਾਰ ਸਥਿਤੀ ਅਤੇ ਮਾਨਵੀ ਰਿਸ਼ਤਿਆਂ ਨੂੰ ਬੜੇ ਵਧੀਆ ਢੰਗ ਨਾਲ ਉਲੀਕਿਆ ਹੈ। ਉਸਦਾ ਜਨਮ 20 ਮਾਰਚ 1950 ਵਿਚ ਜ਼ਿਲ੍ਹਾ ਸੰਗਰੂਰ ਦੀ 'ਬਰਨਾਲਾ' ਤਹਿਸੀਲ ਵਿਚ ਪਿਤਾ ਸੁੱਚਾ ਸਿੰਘ ਤੇ ਮਾਤਾ ਗੁਰਮੇਲ ਕੋਰ ਦੇ ਘਰ ਹੋਇਆ। ਇਹ ਦੱਸਿਆ ਜਾਂਦਾ ਹੈ ਕਿ ਨਛੱਤਰ ਇਕ ਗਰੀਬ ਪਰਿਵਾਰ ਨਾਲ ਸੰਬੰਧ ਰੱਖਦਾ ਸੀ ਅਤੇ ਘਰ ਦੀ ਖ਼ਸਤਾ ਹਾਲਤ ਹੋਣ ਕਾਰਨ ਹੀ ਉਹ ਸਿਰਫ਼ ਮੈਟ੍ਰਿਕ ਤੱਕ ਹੀ ਸਕੂਲ ਵਿੱਚ ਵਿਦਿਆ ਹਾਸਿਲ ਕਰ ਸਕਿਆ ਸੀ। ਦਸਵੀਂ ਤੋਂ ਬਾਅਦ ਉਸਨੂੰ ਆਪਣੀ ਪੜ੍ਹਾਈ ਰੋਕ ਕੇ ਘਰ ਨੂੰ ਤੋਰਨ ਵਾਸਤੇ ਆਪਣੇ ਪਿਤਾ ਦੀ ਮਦਦ ਕਰਨੀ ਪਈ ਪਰ ਕਿਸੇ ਨਾ ਕਿਸੇ ਤਰ੍ਹਾਂ ਉਸ ਨੇ ਬੀ. ਏ. ਪੜ੍ਹਾਈ ਪੂਰੀ ਕੀਤੀ ਜਿਸ ਦੇ ਸਿੱਟੇ ਵਜੋਂ 1970 ਵਿਚ ਉਸ ਨੂੰ ਪੰਜਾਬੀ ਯੂਨੀਵਰਸਿਟੀ ਵਿਚ ਕਲਰਕ ਦੀ ਨੌਕਰੀ ਮਿਲ ਗਈ। ਪੰਜ ਸਾਲ ਉਸ ਨੇ ਇਸ ਨੌਕਰੀ ਨੂੰ ਜਾਰੀ ਰੱਖਿਆ ਅਤੇ ਫਿਰ 1976 ਵਿਚ ਸੈਂਟਰਲ ਬੈਂਕ ਵਿਚ ਨੌਕਰੀ ਕਰਨੀ ਸ਼ੁਰੂ ਕਰ ਦਿਤੀ।

ਉਸ ਨੂੰ ਕਿਤਾਬਾਂ ਪੜ੍ਹਨ ਦੀ ਚੇਟਕ ਅੱਠਵੀ ਕਲਾਸ ਵਿਚ ਲੱਗੀ ਸੀ। ਉਹ ਉਸ ਸਮੇ ਜਾਸੂਸੀ ਨਾਵਲਾਂ ਨੂੰ ਪੜ੍ਹਦਾ ਸੀ। ਥੋੜ੍ਹੇ ਜਿਹੇ ਸਮੇਂ ਵਿਚ ਹੀ ਉਸ ਨੇ ਨਾਨਕ ਸਿੰਘ ਦੇ ਨਾਵਲ ਪੜ੍ਹ ਲਏ ਜਿਸ ਨੇ ਉਸਦੇ ਅੰਦਰ ਕਹਾਣੀਆਂ ਲਿਖਣ ਦੀ ਪ੍ਰੇਰਨਾ ਪੈਦਾ ਕੀਤੀ। ਉਸ ਨੇ ਬਹੁਤ ਸਾਰੀਆਂ ਰਚਨਾਵਾਂ ਨੂੰ ਲਿਖ ਕੇ ਆਪਣੇ ਕੋਲ ਰੱਖ ਤਾਂ ਲਿਆ ਪਰ ਉਹਨਾਂ ਨੂੰ ਛਪਾਉਣ ਦੀ ਹਿੰਮਤ ਉਦੋਂ ਆਈ ਜਦੋਂ ਉਸ ਨੇ ਇਕ ਦਿਨ ਅਚਾਨਕ

ਬੱਸ ਸਟੈਂਡ 'ਤੇ ਪਏ ਪਰਚੇ ਵਿਚ ਇਕ ਪਰਚਾ ਆਪਣੇ ਕਲਾਸ ਫੈਲੋ ਦਾ ਦੇਖਿਆ। ਉਹ ਪੜ੍ਹ ਕੇ ਹੈਰਾਨ ਹੋ ਗਿਆ ਕਿ ਜੇ ਇਸ ਦਾ ਪਰਚਾ ਅਖ਼ਬਾਰ ਵਿਚ ਛਪ ਸਕਦਾ ਤਾਂ ਉਸ ਦਾ ਕਿਉਂ ਨਹੀ? ਲੁਧਿਅਣੇ ਵਿਖੇ ਨੌਕਰੀ ਕਰਦਿਆਂ ਉਸਨੂੰ ਪੜ੍ਹਣ-ਲਿਖਣ ਦਾ ਬਹੁਤ ਸਮਾਂ ਮਿਲਿਆ ਜਿਸ ਦੌਰਾਨ ਉਸ ਨੇ ਆਪਣੀਆਂ ਕਹਾਣੀਆਂ ਛਪਵਾਉਣ ਦਾ ਸੁਪਨਾ ਪੂਰਾ ਹੋਇਆ। ਇਕ ਦਿਨ ਉਸਨੇ ਹਿੰਮਤ ਕਰੇ ਦਿੱਲੀ ਵਿਚ ਨਿਕਲਦੇ 'ਪ੍ਰੀਤਮ' ਪਰਚੇ ਵਿਚ ਛਪਣ ਲਈ ਆਪਣੀ ਇੱਕ ਕਹਾਣੀ ਭੇਜ ਦਿੱਤੀ ਜੋ ਦਸੰਬਰ 1971 ਦੇ ਅੰਕ ਵਿੱਚ ਛਪ ਗਈ। ਅਗਲੀ ਕਹਾਣੀ ਉਸ ਨੇ ਅੰਮ੍ਰਿਤਸਰ ਤੋਂ ਨਿਕਲਦੇ ਪਰਚੇ 'ਸਰਦਲ' ਵਿਚ ਛੱਪਣ ਲਈ ਭੇਜੀ ਤਾਂ ਉਹ ਵੀ ਛਪ ਗਈ। ਬਸ ਇਸ ਤੋਂ ਮਗਰੋਂ ਹੌਲੀ ਹੌਲੀ ਉਸਦਾ ਸੰਪਰਕ ਪੰਜਾਬੀ ਸਾਹਿਤ ਜਗਤ ਦੇ ਸਾਹਿਤਕਾਰਾਂ ਜਿਵੇਂ ਕਿ ਸੁਰਜੀਤ ਪਾਤਰ, ਰਣਜੀਤ ਰਾਹੀ, ਮੋਹਨਜੀਤ, ਡਾ. ਐਸ. ਐਸ ਦੁਸਾਂਝ ਆਦਿ ਨਾਲ ਜੁੜਣ ਲੱਗਾ ਜਿਸ ਨਾਲ ਉਸਦੀ ਰਚਨਾਤਮਕ ਸ਼ੈਲੀ ਅਤੇ ਦ੍ਰਿਸ਼ਟੀ ਵਿਚ ਨਿਖਾਰ ਆਉਣਾ ਸ਼ੁਰੂ ਹੋ ਗਿਆ। ਸ਼ੁਰੂ ਦੀਆਂ ਕਹਾਣੀਆਂ ਦੀ ਸਿਰਜਣਾ ਦੇ ਪਿਛੋਕੜ ਵਿੱਚ ਉਸਦਾ ਕੋਈ ਵਿਸ਼ੇਸ ਸਾਹਿਤਕ ਦ੍ਰਿਸ਼ਟੀਕੋਣ ਨਹੀਂ ਸੀ ਪਰ ਨਕਸਲਵਾਦੀ ਲਹਿਰ ਦਾ ਪ੍ਰਭਾਵ ਕਬੂਲਦਿਆ ਉਸਨੇ ਆਪਣੀ ਸਿਰਜਣਾਤਮਕਤਾ ਰਾਹੀਂ ਦੱਬੇ ਕੁਚਲੇ ਲੋਕਾਂ ਨੂੰ ਨਿਆਂ ਦਿਵਾਉਣਾ ਦਾ ਰਨਚਾਤਮਕਤਾ ਦਾ ਮਕਸਦ ਧਾਰ ਲਿਆ।

ਨਛੱਤਰ ਪੰਜਾਬੀ ਦੇ ਚਰਚਿਤ ਗਲਪਕਾਰਾਂ ਵਿਚੋ ਇਕ ਹੈ। ਹੁਣ ਤੱਕ ਉਸ ਦੇ ਪੰਜ ਕਹਾਣੀ ਸੰਗ੍ਰਹਿ ਤੇ ਤਿੰਨ ਨਾਵਲ ਗੰਭੀਰ ਚਰਚਾ ਦਾ ਵਿਸ਼ਾ ਬਣ ਚੁੱਕੇ ਹਨ। ਉਸਨੇ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ 'ਧੁਖਦੇ ਚਿਹਰੇ'(1972-73) ਕਹਾਣੀ ਸੰਗ੍ਰਹਿ ਨਾਲ ਕੀਤੀ ਸੀ। ਇਸ ਤੋਂ ਬਾਅਦ ਉਸ ਦੇ ਚਾਰ ਹੋਰ ਕਹਾਣੀ ਸੰਗ੍ਰਹਿ- ਤੀਲ੍ਹਾ-ਤੀਲ੍ਹਾ(1982), ਜਿਉਣ ਜੋਗੇ(1986), ਤੇ ਹਾਰ ਜਿੱਤ ਅਤੇ ਤਿੰਨ ਨਾਵਲ (ਬੁੱਢੀ ਸਦੀ ਦਾ ਮਨੁੱਖ, ਬਾਕੀ ਦਾ ਸੱਚ, ਨਿੱਕੇ ਨਿੱਕੇ ਅਸਮਾਨ) ਪ੍ਰਕਾਸ਼ਿਤ ਹੋਏ। ਇਨ੍ਹਾਂ ਕਹਾਣੀਆਂ ਨਾਵਲਾਂ ਵਿਚ ਨਛੱਤਰ ਨੇ ਦਲਿਤ ਚੇਤਨਾ ਦੇ ਹਵਾਲੇ ਨਾਲ ਨਛੱਤਰ ਨੇ ਆਪਣੀ ਨਿਵੇਕਲੀ ਪਛਾਣ ਬਣਾਈ। ਉਸ ਦਾ ਨਵ ਪ੍ਰਕਾਸ਼ਿਤ ਤੀਸਰਾ ਨਾਵਲ 'ਨਿੱਕੇ ਨਿੱਕੇ ਅਸਮਾਨ' ਵੀ ਇਸ ਦਿਸ਼ਾ ਵੱਲ ਪੁੱਟਿਆ ਗਿਆ ਇਕ ਹੋਰ ਸਾਰਥਕ ਕਦਮ ਸੀ।

## 1.2 ਇਕੱਤੀ ਕਹਾਣੀਆਂ: ਥੀਮਗਤ ਪਾਸਾਰ

ਕਹਾਣੀ ਦੇ ਖੇਤਰ ਵਿਚ ਉਹ ਨਿਵੇਕਲੀ ਪਛਾਣ ਬਣਾ ਚੁੱਕਾ ਹੈ ਕਿਉਂ ਜੋ ਸਭ ਤੋਂ ਪਹਿਲਾਂ ਨਛੱਤਰ ਦੀ ਪਛਾਣ ਕਹਾਣੀਕਾਰ ਵਜੋਂ ਸਥਾਪਿਤ ਹੋਈ। ਪੰਜਾਬੀ ਕਹਾਣੀ ਜਗਤ ਵਿੱਚ ਉਸਦੀ ਮੁੱਢਲੀ ਪਹਿਚਾਣ ਪੇਂਡੂ ਸਮਾਜ ਨੂੰ ਚਿਤਰਣ ਵਾਲੇ ਕਹਾਣੀਕਾਰ ਵਜੋਂ ਬਣੀ ਜਿਸ ਨੇ ਪੇਂਡੂ ਪੰਜਾਬੀ ਸਮਾਜ ਵਿਚ ਵਾਪਰਦੀਆਂ ਵਿਭਿੰਨ ਘਟਨਾਵਾਂ ਨੂੰ ਬਾਰੀਕੀ ਨਾਲ ਬਿਆਨ ਕੀਤਾ ਹੈ। ਅਜਿਹੀਆਂ ਕਹਾਣੀਆਂ ਵਿਚ ਉਸ ਨੇ ਕਿਸਾਨਾਂ ਦੀ ਤ੍ਰਾਸਦਿਕ ਹਾਲਤ, ਮੁੱਲ ਦੀ ਤੀਵੀ ਦੀ ਹੋਣੀ, ਔਰਤ ਤੇ ਮਰਦ ਦੇ ਜਿਸਮਾਨੀ ਸੰਬੰਧਾਂ ਦੀ ਪੇਸ਼ਕਾਰੀ ਨੂੰ ਤਰਜੀਹ ਦਿੰਦਿਆਂ ਇਹਨਾਂ ਨਿਮਨ ਵਰਗਾਂ ਦੀਆਂ ਆਰਥਿਕ ਤੰਗੀਆਂ ਨੂੰ ਵੀ ਪੇਸ਼ ਕੀਤਾ।

ਨਛੱਤਰ ਦੀਆਂ ਕਹਾਣੀਆਂ ਨੂੰ ਥੀਮਗਤ ਪਾਸਾਰਾਂ ਦੀ ਦ੍ਰਿਸ਼ਟੀ ਤੋਂ ਦੋ ਸ੍ਰੇਣੀਆਂ ਵਿਚ ਵੰਡ ਕੇ ਦੇਖਣ ਨਾਲ ਉਨ੍ਹਾਂ ਦਾ ਮੁਲਾਂਕਣ ਕਰਨਾ ਸਹਿਜ ਤੇ ਸੁਭਾਵਿਕ ਰਹੇਗਾ। ਪਹਿਲੀ ਕਿਸਮ ਦੀਆਂ ਕਹਾਣੀਆਂ ਉਹ ਕਹਾਣੀਆਂ ਹਨ ਜਿਹਨਾਂ ਦਾ ਸਬੰਧਾਂ ਨਿਰੋਲ ਪਿੰਡ, ਪਿੰਡ ਵਿਚ ਵਿਚਰਨ ਵਾਲੇ ਪਾਤਰਾਂ ਅਤੇ ਘਟਨਾਵਾਂ ਨਾਲ ਹੈ। ਇਹਨਾਂ ਕਹਾਣੀਆਂ ਵਿਚੋਂ ਘੱਟ-ਜਮੀਨੇ ਕਿਸਾਨਾਂ, ਮੁੱਲ ਦੀਆਂ ਤੀਵੀਂਆਂ, ਪੇਂਡੂ ਆਰਥਚਾਰੇ ਵਿਚ ਤ੍ਰਾਸਦੀ ਭੋਗ ਰਹੇ ਬੇਜਮੀਨਿਆਂ, ਮਰਦ ਤੇ ਔਰਤ ਦੇ ਜਿਸਮਾਨੀ ਰਿਸ਼ਤਿਆਂ ਦੀ ਪੇਸ਼ਕਾਰੀ ਦ੍ਰਿਸ਼ਟਮਾਨ ਹੁੰਦੀ ਹੈ।

ਦੂਜੀ ਸ੍ਰੇਣੀ ਵਿਚ ਉਸ ਦੀਆਂ ਉਹ ਕਹਾਣੀਆਂ ਰੱਖੀਆਂ ਜਾ ਸਕਦੀਆਂ ਹਨ ਜਿਹਨਾਂ ਵਿਚ ਉਹ ਨਿਮਨ ਅਤੇ ਮੱਧ-ਵਰਗੀ ਜਮਾਤ ਦੀ ਬਾਤ ਪਾਉਦਾ ਹੈ। ਇਹ ਜਮਾਤ ਆਪਣੇ ਕਾਰ-ਵਿਹਾਰ ਵਿਚ ਤ੍ਰਾਸਦੀ ਲੁਕੋਈ ਬੈਠੀ ਹੈ। ਸ਼ਹਿਰੀ ਸਾਂਝ ਅਜੇ ਇਸ ਜਮਾਤ ਨੂੰ ਪਈ ਨਹੀ ਜਿਸ ਕਾਰਨ ਆਪਣੇ ਭੂਤ ਤੇ ਭਵਿੱਖ ਵਿਚ ਉਲਝੀ ਇਹ ਜਮਾਤ ਅੰਤਾਂ ਦੀ ਤ੍ਰਾਸਦਿਕ ਸਥਿਤੀ ਵਿਚੋਂ ਗੁਜ਼ਰਦੀ ਹੈ। ਦਿਖਾਵਾ, ਚਤਰਾਈ, ਲੁਕਾਅ ਹੁਣ ਇਹਨਾਂ ਦੇ ਜੀਵਨ ਦਾ ਅੰਗ ਬਣਦਾ ਜਾ ਰਿਹਾ ਹੈ ਪਰ ਉਸ ਦੀ ਪਾਲਣਾ ਵਿਚ ਅਜੇ ਇਹ ਕੱਚੇ ਹਨ ਤੇ ਹਾਸੋ ਹੀਣੀ ਸਥਿਤੀ ਦੇ ਪਾਤਰ ਬਣ ਜਾਂਦੇ ਹਨ। ਇੱਜ਼ਤ ਅਤੇ ਨੱਕ ਦਾ ਰੱਖ ਰਖਾਉ, ਪਰਦੇਦਾਰੀ ਇਹਨਾਂ ਦੀ ਇੱਜ਼ਤ ਦਾ ਹਿੱਸਾ ਬਣੀ ਹੋਈ ਹੈ। ਕਹਾਣੀ 'ਮੈ ਅਜੇ ਮਰਿਆਂ ਨਹੀ' ਦਾ ਪਾਤਰ, 'ਉਂਗਲ 'ਚੋਂ ਕਿਰਦਾ ਕੁਝ' ਦਾ ਵੀ ਮੈ ਪਾਤਰ ਇਹੋ ਹੋਣੀ ਤੇ ਤ੍ਰਾਸਦੀ ਭੋਗਦੇ ਨਜ਼ਰ ਆਉਂਦੇ ਹਨ। ਜਮਾਤੀ ਬਦਲ ਇਹਨਾਂ ਦੇ ਦੁਖਾਂਤ ਦਾ ਕਾਰਨ ਹੋ ਨਿਬੜਿਆ ਹੈ।

ਨਛੱਤਰ ਨੇ ਜਿਆਦਾਤਰ ਤੇ ਦਬਲੇ-ਕੁਚਲੇ ਲੋਕਾਂ ਬਾਰੇ ਜਿਆਦਾ ਕਹਾਣੀਆਂ ਲਿਖੀਆਂ ਹਨ। ਇਹਨਾਂ ਕਹਾਣੀਆਂ ਵਿਚ ਉਸਨੇ ਦਲਿਤ ਸੰਸਾਰ ਦੀਆਂ ਸਮੱਸਿਆ ਨੂੰ ਹੀ ਪੇਸ਼ ਹੀ ਨਹੀ ਕੀਤਾ ਸਗੋਂ ਦਲਿਤ ਵਰਗ ਦੇ ਯਥਾਰਥ ਨੂੰ ਪੇਸ਼ ਕੀਤਾ ਕਿ ਉਸ ਨੂੰ ਸਮਾਜ ਵਿਚ ਕਿਸ ਤਰ੍ਹਾਂ ਸੰਬੋਧਿਤ ਕੀਤਾ ਜਾਂਦਾ ਹੈ। ਨਛੱਤਰ ਦੀ ਇਸ ਕਹਾਣੀ ਵਿਧੀ ਵਿਚ ਵੀ ਉਸ ਨੇ ਜਿਆਦਾਤਰ ਸਮਾਜ ਵਿਚ ਪ੍ਰਚਲਿਤ ਸਮੱਸਿਆ ਨੂੰ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਉਸ ਦੀਆਂ ਕਹਾਣੀਆਂ ਵਿਚ ਜਿਆਦਾਤਰ ਸਮਾਜਕ, ਸੱਭਿਆਚਾਰਕ, ਆਰਥਕ ਤੇ ਰਾਜਨੀਤਿਕ ਵਿਸ਼ਿਆਂ ਨੂੰ ਪੇਸ਼ ਕੀਤਾ ਹੈ।

ਕਹਾਣੀਕਾਰ ਨੇ ਆਪਣੀਆਂ ਕਹਾਣੀਆਂ ਵਿਚ ਦਲਿਤ ਵਰਗ ਦੇ ਲੋਕਾਂ ਦੇ ਜੀਵਨ ਯਥਾਰਥ ਨੂੰ ਪੂਰੀ ਪ੍ਰੰਚਡਤਾ ਨਾਲ ਪੇਸ਼ ਕੀਤਾ ਹੈ। ਇਸ ਵਿਸ਼ੇ ਅਧੀਨ ਰਚੀਆਂ ਕਹਾਣੀਆਂ ਵਿੱਚ ਉਸਦੀ ਯਥਾਰਥ ਉਪਰ ਪਕੜ ਹੋਰ ਵੀ ਪੀਢੀ ਹੋਈ ਜਾਪਦੀ ਹੈ। ਮਿਸਾਲ ਵਜੋਂ 'ਘੁੰਮਣ ਘੇਰੀ'

ਕਹਾਣੀ ਦੇਖੀ ਜਾ ਸਕਦੀ ਹੈ ਜਿਸ ਵਿੱਚ ਦੱਬੇ ਕੁੱਚਲੇ ਲੋਕਾਂ ਦੀਆਂ ਸਮੱਸਿਆ ਨੂੰ ਬੋਲ ਮਿਲੇ ਹਨ। ਇੱਥੇ ਦਲਿਤ ਯਥਾਰਥ ਦੀਆਂ ਭਿੰਨ-ਭਿੰਨ ਪਰਤਾਂ ਖੁਲਦੀਆਂ ਹਨ। ਡਾ. ਸਤਿੰਦਰ ਸਿੰਘ ਨੂਰ ਦਾ ਇਸ ਬਾਰੇ ਵਿਚਾਰ ਕਾਫੀ ਮਹੱਤਵਪੂਰਨ ਹਨ। ਆਪਣੀ ਤੁਲਾਨਤਮਿਕ ਵਿਧੀ ਨਾਲ ਡਾ. ਨੂਰ ਨਛੱਤਰ ਦੀ ਕਹਾਣੀ ਕਲਾ ਦੀ ਵੱਖਰਤਾ ਨੂੰ ਉਭਾਰਦੇ ਹਨ ਨਾਲ ਹੀ ਉਹ ਇਸ ਦੇ ਸਮਕਾਲੀ ਕਹਾਣੀਕਾਰਾਂ ਦੀ ਕਹਾਣੀ ਵਿਧੀ ਦੇ ਨਕਸ਼ਾਂ ਨੂੰ ਇਨ੍ਹਾਂ ਕਹਾਣੀਆਂ ਵਿਚੋਂ ਪਛਾਣਨ ਦਾ ਯਤਨ ਕਰਦੇ ਲਿਖਦੇ ਹਨ ਕਿ "ਨਛੱਤਰ ਦੀਆਂ ਕਹਾਣੀਆਂ ਪੜ੍ਹਦਿਆਂ ਮੇਰਾ ਹੋਰ ਤਿੰਨ ਕਹਾਣੀਕਾਰਾਂ ਵੱਲ ਧਿਆਨ ਜਾਂਦਾ ਹੈ। ਵਰਿਆਮ ਸੰਧੂ, ਪ੍ਰੇਮ ਗਰੋਖੀ ਤੇ ਮੁਖਤਾਰ ਗਿੱਲ ਭਾਵੇਂ ਹੋਰ ਕਈ ਕਹਾਣੀਕਾਰ ਵੀ ਯਥਾਰਥ ਦਿਸ੍ਰਟੀਕੋਣ ਤੋਂ ਆਮ ਪਾਤਰਾਂ ਦੀ ਚੋਣ ਕਰਦੇ ਹਨ। ਪਰ ਇਨ੍ਹਾਂ ਤਿੰਨ੍ਹਾਂ ਵੱਲ ਇਸ ਲਈ ਧਿਆਨ ਗਿਆ ਹੈ ਕਿਉਂ ਕਿ ਵਰਿਆਮ ਸੰਧੂ ਸਧਾਰਨ ਪਾਤਰਾਂ ਨੂੰ ਪੇਸ਼ ਕਰਦੀਆਂ ਪਿਛੋਕੜ ਤੇ ਪਏ ਰਾਜਸੀ ਸਰੋਕਾਰਾਂ ਜਾਂ ਵਿਚਾਰਧਾਰਾ ਦੇ ਪ੍ਰਵਾਹ ਵੱਲ ਚੇਤੰਨ ਹੁੰਦਾ ਹੈ ਤੇ ਪ੍ਰੇਮ ਗੋਰਖੀ ਸਮਾਜਿਕ ਸੰਬੰਧਾਂ ਤੇ ਸ੍ਰੇਣੀਗਤ ਦ੍ਰਿਸ਼ਟੀ ਤੋਂ ਸੁਚੇਤ ਹੋ ਰਹੇ ਦਲਿਤ ਪਾਤਰਾਂ ਦੇ ਤਨਾਉ ਵਲੋਂ ਬਹੁਤ ਚੇਤੰਨ ਹੁੰਦਾ ਹੈ। ਨਛੱਤਰ ਵਿਚ ਕਿਤੇ ਇਹ ਤਿੰਨੇ ਕਹਾਣੀਕਾਰ ਸੰਮਿਤਲ ਰੂਪ ਵਿਚ ਪ੍ਰਾਪਤ ਹੁੰਦੇ ਹਨ।" ਡਾ. ਨੂਰ ਦੇ ਵਿਚਾਰ ਕਾਫੀ ਮੁੱਲਵਾਨ ਹਨ। ਖ਼ਾਸ ਕਰਕੇ ਇਨ੍ਹਾਂ ਕਹਾਣੀਆਂ ਦਾ ਸੰਚਾਰ ਅਤੇ ਇਨ੍ਹਾਂ ਦੇ ਉਪਜਣ ਵਾਲੇ ਸੰਦੇਸ਼ ਨੂੰ ਬੜੀ ਬੇਖੂਬੀ ਪਕੜਿਆ ਹੈ।

ਪੰਜਾਬੀ ਪ੍ਰਸਿੱਧ ਸ਼ਾਇਰ ਡਾ. ਮੋਹਨਜੀਤ ਵਲੋਂ ਨਛੱਤਰ ਦੀਆਂ ਕਹਾਣੀਆਂ ਬਾਰੇ ਪ੍ਰਗਟਾਏ ਵਿਚਾਰ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ। ਇਹ ਵਿਚਾਰ ਇਸ ਤਰ੍ਹਾਂ ਹਨ- ਉਸ ਦੀਆਂ ਕਹਾਣੀਆਂ ਇਕ ਵਿਸ਼ੇਸ਼ ਸਮੇ ਦੇ ਲੋਕਾਂ ਦੇ ਸਮਾਜਿਕ ਵਰਤਾਰੇ ਚ ਪਈਆਂ ਗੁੰਝਲਾਂ, ਭਰਮ ਭੁਲੇਖਿਆਂ ਸੁਪਨਿਆਂ ਤੇ ਸੁਪਨਿਆਂ ਦੇ ਤੀਲ੍ਹਾ ਤੀਲ੍ਹਾ ਹੋਣ, ਵਰਗ ਵਿਰੋਧਾਂ, ਫ਼ਿਰਕੇਵਾਦੀਆਂ ਦੇ ਉਭਰਦੇ ਤੇ ਉਨ੍ਹਾਂ ਦੇ ਨਤੀਜੇ ਮਾਨਵੀ ਕਦਰਾਂ ਦੇ ਨਿੱਤ ਸਵਸਥ ਵਰਤਾਰੇ, ਅਰਥਚਾਰੇ ਦੇ ਵਿਸ਼ਾਲ ਤੇ ਉਨ੍ਹਾਂ ਨਾਲ ਸੰਬੰਧ ਧਿਰਾਂ ਦੇ ਪਰਾਏਪਨਾ, ਉਦੇਘਨ ਤੋਂ ਰੁਖੇਵੇਂ ਅਤੇ ਵਿਸ਼ੇਸ ਸਮੇਂ ਦੇ ਵਿਚਾਰ ਪ੍ਰਬੰਧ ਤੇ ਉਨ੍ਹਾਂ ਦੀਆਂ ਬਣਤਰਾਂ ਨੂੰ ਪੇਸ਼ ਕਰਦੀਆਂ ਹਨ।

ਪ੍ਰਸਿੱਧ ਪਰਵਾਸੀ ਪੰਜਾਬੀ ਗਲਪਕਾਰ ਤੇ ਸਾਹਿਤਕ ਚਿੰਤਕ ਡਾ. ਸਵਰਨ ਚੰਦਨ ਉਸਦੀਆਂ ਕਹਾਣੀਆਂ ਦੇ ਚਿਹਨ ਪ੍ਰਬੰਧ ਬਾਰੇ ਉਹ ਲਿਖਦੇ ਹਨ ਕਿ "ਨਛੱਤਰ ਦੇ ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਬੋਲ ਰਹਿਤ ਖਲਾਅ ਕਹਾਣੀ ਦੇ ਸਟ੍ਰਕਚਰ ਵਿਚ ਡੂੰਘਾ ਧਸਿਆ ਹੋਇਆ ਹੈ। ਵਸਤੂਪੂਰਕ ਸਮਾਜਿਕ ਯਥਾਰਥ ਦੀ ਕਲਾਤਮਕ ਪੇਸ਼ਕਾਰੀ ਕਰਨ ਬੇਬੋਲ ਖਿਲਾਅ ਸਾਤਵਿਕ ਪੱਧਰ ਤੇ ਨਹੀ ਬਲਕਿ ਕਹਾਣੀ ਦੀ ਪੂਰੀ ਸੰਰਚਨਾ ਇਕ ਨੇਮ ਵਜੋਂ ਕਰਦਾ ਹੈ। ਇਹ ਪੂਰੀ ਸੰਰਚਨਾ ਹੋ ਨਿਭਰਦਾ ਹੈ।"

ਡਾ. ਸਤਨਾਮ ਸਿੰਘ ਜੱਸਲ ਦੇ ਵਿਚਾਰ ਵੀ ਵਿਚਾਰਨਯੋਗ ਹਨ-"ਨਛੱਤਰ ਇਕ ਅਨੁਭਵੀ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਦਾ ਕੇਂਦਰੀ ਪਾਤਰ ਮਾਨਵ ਹੈ। ਉਹ ਪਾਠਕਾਂ ਦੇ ਵਿਤਕਰਿਆਂ ਤੋਂ ਉਪਰ ਉਠ ਕੇ ਮਾਨਵਵਾਦ ਸੰਬੰਧੀ ਸਮੱਗਰੀ ਪ੍ਰਦਾਨ ਕਰਦਾ ਹੈ। ਹਾਰ-ਜਿੱਤ ਦਾ ਲੇਖਕ ਨਛੱਤਰ ਸੁਲਝਿਆਂ ਹੋਇਆ ਕਹਾਣੀਕਾਰ ਹੈ ਪਰ ਉਸ ਨੂੰ ਗ੍ਰਾਮੀਣ ਅਤੇ ਸ਼ਹਿਰੀ ਸੰਸਕ੍ਰਿਤ ਦਾ ਗਿਆਨ ਵੀ ਹੈ। ਇਹ ਗਿਆਨ ਉਸ ਦੀਆਂ ਕਹਾਣੀਆਂ ਦੀ ਸਮੱਗਰੀ ਵੀ ਬਣਦੀ ਹੈ। ਮਹਾਨਗਰੀ ਵਿਚ ਰਹਿੰਦਿਆਂ ਉਹ ਮੱਧਵਰਗ ਦੇ ਦਮਨਕਾਰੀ ਸੁਭਾਅ ਨੂੰ ਪਛਾਣਦਾ ਹੈ। 'ਚਿੜਿਆਂ ਦਾ ਮਰਨ' ਇਸ ਪਛਾਣ ਦੀ ਉਪਜ ਹੈ। 'ਬੇਘਰੇ' ਪੰਜਾਬ ਸੰਕਟ ਦੇ ਸਮੇਂ ਦੀ ਘਿਣਾਉਣੀ ਸਮਾਜਿਕ ਹਾਲਤ ਨੂੰ ਪ੍ਰਗਟਾਉਦੀ ਹੈ। 'ਓਪਰਾ ਘਰ' ਗ੍ਰਾਮੀਣ ਸੰਸਕ੍ਰਿਤ ਵੱਲੋ ਸ਼ਹਿਰੀ ਸੰਸਕ੍ਰਿਤੀ ਦੀ ਪ੍ਰਵਾਨਗੀ ਦੀਆਂ ਪਰਤਾਂ ਹਨ। ਸਦੀਆਂ ਪੁਰਾਣੀ ਜਾਤ-ਪਾਤ ਵਿਵਸਥਾ ਦੀ ਇੱਕ ਸਮੱਸਿਆਂ ਨੂੰ 'ਹਾਰ-ਜਿੱਤ' ਰਾਹੀਂ ਪੇਸ਼ ਕੀਤਾ ਗਿਆ। ਦਲਿਤਾਂ ਦਾ ਮੁੰਡਾ ਸਰਕਾ ਪ੍ਰਸਿੱਧ ਡਾ. ਗੁਰਤੇਜ ਸਿੰਘ ਬਣ ਗਿਆ ਹੈ। ਜਿਸ ਨੇ ਆਪਣੇ ਹੀ ਪਿੰਡ ਦੇ ਬਖਤੌਰ ਸਿੰਘ ਦੀ ਪੋਤੀ ਨੂੰ ਕਿੱਤੇ ਦੀ ਨਿਪੁੰਨਤਾ ਸਦਕਾ ਦੂਜਾ ਜੀਵਨ ਪ੍ਰਦਾਨ ਕੀਤਾ ਪਰ ਬਖਤੌਰ ਸਿੰਘ ਨੂੰ ਅਜੇ ਵੀ ਉਹ ਡਾਕਟਰ ਦਲਿਤ ਕੈਲੇ ਦਾ ਤੇਜੂ ਹੀ ਲੱਗਦਾ ਹੈ। ਬਖਤੌਰ ਸਿੰਘ ਨੂੰ ਲੱਗਦਾ ਹੈ ਕਿ ਆਪ੍ਰੇਸ਼ਨ ਵੇਲੇ ਤੇਜੂ ਦਾ ਉਥੇ ਹੋਣਾ ਉਨ੍ਹਾਂ ਦੀ ਸਮਾਜਿਕ ਹੈਸੀਅਤ ਨੂੰ ਵੰਗਾਰ ਹੈ, ਜਦ ਕਿ ਆਪ੍ਰੇਸ਼ਨ ਹੀ ਉਸ ਨੇ ਹੀ ਕੀਤਾ ਤੇ ਉਸ ਦੀ ਪੋਤੀ ਦੀ ਜਾਨ ਬਚਾਈ ਸੀ।

ਇੱਥੇ ਨਛੱਤਰ ਦੀਆਂ ਕਹਾਣੀਆਂ ਸੰਬੰਧੀ ਮੋਹਨਜੀਤ ਦੀ ਇੱਕ ਹੋਰ ਮਹੱਤਵਪੂਰਨ ਟਿੱਪਣੀ ਦਾ ਵੀਂ ਵਰਣਨ ਕਰਨਾ ਵੀ ਜਰੂਰੀ ਹੈ। ਜਦੋਂ ਉਹ ਲਿਖਦਾ ਹੈ ਕਿ "ਦਲਿਤ ਚੇਤਨਾ ਅਤੇ ਇਸ ਦੇ ਵਿਰੋਧ ਨੂੰ ਅੱਜ ਕੱਲ ਦੇ ਬਹੁਤ ਸਾਰੇ ਕਹਿੰਦੇ ਕਹਾਉਂਦਿਆ ਨੇ ਫੈਸ਼ਨ ਪ੍ਰਸ਼ਤੀ ਦਾ ਰੁਝਾਣ ਬਣਾਇਆ ਹੈ ਪਰ ਨਛੱਤਰ ਨੇ 'ਹਾਰ-ਜਿੱਤ' ਵਰਗੀ ਕਹਾਣੀ ਲਿਖ ਕੇ ਇਸ ਖੇਤਰ ਵਿਚ ਸਹਿਕ ਕਥਾ ਦਾ ਰੋਲ ਮਾਡਲ ਪੇਸ਼ ਕੀਤਾ ਹੈ। 'ਇੱਕ ਫੁੱਲ ਦੀ ਮੌਤ', 'ਕੱਟੀ ਹੋਈ ਟਾਹਣੀ', 'ਚਿੜੀਆਂ ਦਾ ਮਰਨ' ਅਜਿਹੀਆ ਕਹਾਣੀਆਂ ਜੋ ਕਥਾ ਜਗਤ ਵਿਚ ਪੇਸ਼ ਹਨ।"

ਨਛੱਤਰ ਪੇਂਡੂ ਪਿਛੋਕੜ ਵਾਲਾ ਕਹਾਣੀਕਾਰ ਹੈ ਜਿਸਦਾ ਜਿਆਦਾਤਰ ਚਿਤਰਣ ਉਸਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ, ਪਰ ਉਹ ਕਾਫ਼ੀ ਦੇਰ ਤੋਂ ਹੁਣ ਦਿੱਲੀ ਵਰਗੇ ਸ਼ਹਿਰ ਵਿਚ ਰਹਿਣ ਕਰਕੇ ਜੀਵਨ ਦੇ ਵਿਭਿੰਨ ਅਨੁਭਵਾਂ, ਅਕਾਰਾਂ ਅਤੇ ਪਸਾਰਾ ਤੋਂ ਵਾਕਿਫ਼ ਹੋ ਗਿਆ। ਇਸ ਲਈ ਉਸ ਦੀਆਂ ਕਹਾਣੀਆਂ ਦੀ ਪਿੱਠਭੂਮੀ ਵਿੱਚ ਸ਼ਹਿਰੀ ਅਤੇ ਪੇਂਡੂ ਜੀਵਨ ਦੇ ਮਿਲਵੇਂ-ਜੁਲਵੇਂ ਸਰੋਕਾਰ ਦ੍ਰਿਸ਼ਟਮਾਨ ਹੁੰਦੇ ਹਨ। 'ਚਿੜੀਆਂ ਦਾ ਮਰਨਾ' 'ਕੱਟੀ ਹੋਈ ਟਾਹਣੀ' 'ਉਹ ਚਿਹਰੇ' ਆਦਿ ਕਹਾਣੀਆਂ ਸ਼ਹਿਰੀ ਜੀਵਨ ਨਾਲ ਸੰਬੰਧਿਤ ਹਨ ਜਿਹਨਾਂ ਵਿਚ ਉਸ ਨੇ ਸ਼ਹਿਰੀ ਜ਼ਿੰਦਗੀ ਦੀ ਵਿਸੰਗਤੀਆਂ ਨੂੰ ਪੇਸ਼ ਕੀਤਾ। ਇਸ ਤੋਂ ਇਲਾਵਾ ਉਸ ਨੇ 'ਬੇਘਰੇ', 'ਪੈਰਾਂ ਹੇਠਲੀ ਜਮੀਨ' ਅਤੇ 'ਹਾਰ ਜਿੱਤ' ਕਹਾਣੀਆਂ ਪੇਂਡੂ ਸੱਭਿਆਚਾਰ ਨਾਲ ਸੰਬੰਧਿਤ ਹਨ। ਟੱਬਰ ਵਿਚਲੀ ਸਰਦਾਰੀ ਤੋਂ ਖੁੱਸ ਕੇ ਆਪਣੀ ਔਰਤ ਗੁਆ ਬੈਠਦਾ ਹੈ। ਘਰ-ਬਾਰ ਛੱਡ ਕੇ ਗੁਰਦੁਆਰੇ ਰਹਿਣ ਲੱਗ ਜਾਂਦਾ ਹੈ। ਪਰ ਉਥੇ ਅੱਤਵਾਦੀ ਮੁੰਡੇ ਉਸ ਨੂੰ ਟਿਕ ਕੇ ਰਹਿਣ ਨਹੀਂ ਦਿੰਦੇ। ਵਾਵਰੋਲੇ ਵਿਚ ਉਡਦੇ ਪੱਤੇ ਚੈਖਵ ਦੀ ਕਹਾਣੀ 'ਇਕ ਕਲੱਰਕ ਦੀ ਮੌਤ' ਦੀ ਯਾਦ ਤਾਜ਼ਾ ਕਰਦੀ ਹੈ। ਦਲੀਪਾ ਆਪਣੇ ਪੁੱਤਰ ਦੇ ਜੇਲ ਜਾਣ ਤੋਂ ਬਾਅਦ ਆਪਣੀ ਨੂੰਹ ਨਾਲ ਖੇਹ

ਖਾ ਲੈਂਦਾ ਹੈ। ਇਸ ਸੋਗ ਭਾਵਨਾ ਦਾ ਮਰਿਆ ਦਲੀਪਾ ਮਾਨਸਿਕ ਖਿੱਚੋਤਾਣ ਨਾ ਸਹਿੰਦਾ ਹੋਇਆ ਪ੍ਰਾਣ ਤਿਆਗ ਜਾਂਦਾ ਹੈ। 'ਪੈਰਾਂ ਹੇਠਲੀ ਜ਼ਮੀਨ' ਅਜਿਹੇ ਸੱਚੇ-ਸੁੱਚੇ ਕਾਮਰੇਡ ਸੁੱਚਾ ਸਿੰਘ ਦਾ ਦਿਸ਼੍ਰਟਾਤ ਪੇਸ਼ ਕਰਦੀ ਹੈ। ਨਛੱਤਰ ਦੀਆਂ ਕੁਝ ਕਹਾਣੀਆਂ ਸ਼ਹਿਰੀ ਅਤੇ ਪੇਂਡੂ ਜੀਵਨ ਦੇ ਰਲਵੇਂ-ਮਿਲਵੇਂ ਅਨੁਭਵ ਦੀਆਂ ਕਹਾਣੀਆਂ ਹਨ। ਪਿੰਡ ਦੇ ਲੋਕ ਤਰੱਕੀ ਕਰਕੇ ਸ਼ਹਿਰ ਜਾ ਕੇ ਵੱਸਦੇ ਹਨ। ਪਰ ਉਨ੍ਹਾਂ ਦੀ ਸੋਚ ਤੇ ਕੰਮ ਪਿੰਡਾਂ ਵਾਲੇ ਹੀ ਰਹਿੰਦੇ ਹਨ। ਸ਼ਹਿਰ ਸਿਰਫ਼ ਉਨ੍ਹਾਂ ਦਾ ਕਰਮ ਖੇਤਰ ਹੀ ਬਣਦਾ ਹੈ। ਕੁਝ ਕਹਾਣੀਆਂ ਉਸ ਦੇ ਨਿਰੋਲ ਸ਼ਹਿਰੀ ਖੇਤਰ ਨਾਲ ਸੰਬੰਧਿਤ ਹਨ। 'ਚਿੜਿਆਂ ਦਾ ਮਰਨ' ਕਹਾਣੀ ਵਿਚ ਅਜਿਹੇ ਇਨਸਾਨ ਦੀ ਗੱਲ ਕੀਤੀ ਗਈ ਹੈ ਜੋ ਕਿ ਇਕ ਕੁੜੀ ਦਾ ਅੰਕਲ ਬਣ ਕੇ ਉਸ ਦਾ ਰੇਪ ਕਰਦਾ ਹੈ ਅਜਿਹੇ ਘਟੀਆਂ ਇਨਸਾਨ ਦੇ ਚਰਿੱਤਰ ਨੂੰ ਪੇਸ਼ ਕੀਤਾ ਗਿਆ ਕਿ ਅੱਜ ਕੁੜੀਆਂ ਆਪਣੇ ਘਰ ਵਿਚ ਵੀ ਸੁਰਖਿਅਤ ਨਹੀ ਹਨ। ਅੱਜ ਵੀਂ ਮਰਦ ਪ੍ਰਧਾਨ ਸਮਾਜ ਹੈ ਤੇ ਔਰਤ ਦੱਬੀ ਹੋਈ। ਉਸ 'ਤੇ ਇਹ ਜ਼ੁਲਮ ਸਦੀਆਂ ਤੋਂ ਹੁੰਦੇ ਆ ਰਹੇ ਹਨ। ਇਸ ਤੋਂ ਇਲਾਵਾ ਉਸ ਨੇ 'ਕੱਟੀ ਹੋਈ ਟਾਹਣੀ' ਕਹਾਣੀ ਵਿਚ ਇਸ ਤਰ੍ਹਾਂ ਦੇ ਵਿਸ਼ੇ ਨੂੰ ਪੇਸ਼ ਕੀਤਾ ਹੈ ਜਿਸ ਵਿਚ ਇਕ ਜਵਾਨ ਪੁੱਤਰ ਆਪਣੀ ਵਿਧਵਾਂ ਮਾਂ ਨੂੰ ਗੁਆਢੀਂ ਦੇ ਗੱਲ ਲੱਗਿਆ ਦੇਖ ਕੇ ਆਤਮ ਹੱਤਿਆ ਕਰ ਲੈਂਦਾ ਹੈ।

'ਹਾਰ-ਜਿੱਤ' ਅਤੇ 'ਉਹ ਚਿਹਰੇ' ਇਸ ਸੰਗ੍ਰਹਿ ਦੀਆਂ ਬਿਹਤਰੀਨ ਕਹਾਣੀਆਂ ਹਨ। ਦਲਿਤ ਚੇਤਨਾ ਨਾਲ ਜੁੜੀਆਂ ਇਹ ਕਹਾਣੀਆਂ ਨਛੱਤਰ ਦੀਆਂ ਕਲਾਤਮਿਕਤਾ ਦਾ ਨਮੂਨਾ ਪੇਸ਼ ਕਰਦੀਆਂ ਹਨ। 'ਹਾਰ-ਜਿੱਤ' ਕਹਾਣੀ ਦਾ ਬਖਤੌਰ ਜਾਤ-ਪਾਤ ਦੇ ਪੁਰਾਣੇ ਸੰਸਕਾਰ ਤੇ ਜਕੜਿਆਂ ਹੋਇਆ। ਇਹ ਸੰਸਾਰ ਟੁੱਟਣ ਦੇ ਤੌਖਲੇ ਨਾਲ ਹੀ ਉਹ ਘਬਰਾ ਜਾਂਦਾ ਹੈ। ਇਸ ਤਰ੍ਹਾਂ ਨਛੱਤਰ ਦੀਆਂ ਕਹਾਣੀਆਂ ਮਨੁੱਖੀ-ਮਾਨਸਿਕਤਾ ਵਿਚ ਪੱਸਰੇ ਉਨ੍ਹਾਂ ਅਨੇਕਾਂ ਸਰੋਕਾਰਾਂ ਨੂੰ ਪੇਸ਼ ਕਰਦੀਆਂ ਹਨ ਜੋ ਉਸ ਲਈ ਸੰਤਾਪ ਅਤੇ ਭੈਅ ਦੀ ਸਥਿਤੀ ਪੈਦਾ ਕਰੀ ਰੱਖਦੀਆਂ ਹਨ। ਅਨੁਭਵ ਦੇ ਵਿਭਿੰਨ ਪਸਾਰਾਂ ਦੀ ਝਲਕ ਉਸ ਦੀਆਂ ਕਹਾਣੀਆਂ ਵਿਚੋਂ ਸਹਿਜੇ ਹੀ ਦੇਖੀ ਜਾ ਸਕਦੀ ਹੈ। ਮਨੁੱਖੀ ਰਿਸ਼ਤਿਆਂ ਦਾ ਸਾਵਾਂ ਅਤੇ ਅਸਾਵਾਪਣ ਆਪਣੀ ਪੂਰੀ ਵਿਥਿਆਂ ਸਮੇਤ ਉਸ ਦੀਆਂ ਕਹਾਣੀਆਂ ਵਿਚ ਸਾਮਿਲ ਹਨ। ਨਛੱਤਰ ਆਪਣੀਆਂ ਰਚਨਾਵਾਂ ਵਿਚ ਦਲਿਤ, ਸਧਾਰਨ ਪਾਤਰਾਂ ਜਾਂ ਛੋਟੀ ਕਿਰਸਾਨੀ ਨੂੰ ਬਿਆਨ ਕਰਦਾ ਆ ਰਿਹਾ ਹੈ ਜਿਹਨਾਂ ਦਾ ਵੱਡੀਆਂ ਸ਼੍ਰੇਣੀਆਂ ਨਾਲ ਸਰਪੰਚਾਂ, ਜ਼ਿਮੀਦਾਰਾਂ ਜਾ ਪੁਲਿਸ ਨਾਲ ਉਪਜਦੇ ਤਣਾਉ ਵੀ ਉਘਾੜਦਾ ਹੈ। ਦਲਿਤ ਦੇ ਯਥਾਰਥ ਤੋਂ ਇਲਾਵਾ ਉਸਦੀਆਂ ਕਹਾਣੀਆਂ ਵਿਚੋਂ ਰਾਜਸੀ ਸਰੋਕਾਰ ਤੇ ਵਿਚਾਰਧਾਰਕ ਮਸਲਿਆਂ ਦੀ ਪੇਸ਼ਕਾਰੀ ਵੀ ਰੂਪਮਾਨ ਹੁੰਦੀ ਹੈ।

'ਬੇਘਰੇ' ਕਹਾਣੀ ਵਿੱਚ ਕਹਾਣੀਕਾਰ ਨੇ ਨਕਸਲ ਲਹਿਰ ਨੂੰ ਰੂਪਮਾਨ ਕੀਤਾ ਹੈ ਤੇ ਨੌਜਵਾਨ ਬਸ ਇਕ ਲਕਸ਼ ਲੈ ਕੇ ਚੱਲ ਪੈਂਦੇ ਹਨ। ਇਸ ਨਾਲ ਉਹਨਾ ਦਾ ਤੇ ਬਾਕੀਆਂ ਦਾ ਕੀ ਫਾਇਦਾ ਤੇ ਕੀ ਨੁਕਸਾਨ ਹੋਵੇਗਾ ਉਹਨਾ ਨੂੰ ਇਸ ਨਾਲ ਕੋਈ ਲੈਣਾਂ ਦੇਣਾਂ ਨਹੀਂ ਹੁੰਦਾ ਹੈ। ਬਸ ਚੱਲ ਪੈਂਦੇ ਹਨ। ਇਸ ਤਰਾਂ ਸਾਰੀ ਦੁਨੀਆਂ ਹੀ ਭੱਜੀ ਜਾ ਰਹੀ ਹੈ। ਕਿਸੇ ਦਾ ਕੋਈ ਲਕਸ਼ ਹੈ ਤੇ ਕਿਸੇ ਦਾ ਕੋਈ ਪਰ ਸਾਰੇ ਹੀ ਭੱਜੇ ਜਾ ਰਹੇ ਹਨ। ਸਭ ਬੇਘਰੇ ਹਨ। ਉਹਨਾਂ ਦਾ ਆਪਣਾ ਕੋਈ ਘਰ ਨਹੀਂ, ਜਿੱਥੇ ਉਹ ਅਰਾਮ ਨਾਲ ਸ਼ਾਂਤੀ ਨਾਲ ਰਹਿ ਸਕਣ।

ਇਸ ਕਹਾਣੀ ਵਿੱਚ ਨਛੱਤਰ ਨੇ ਇੱਕ ਬੱਚੇ ਦੀ ਮਨੋਸਥਿਤੀ ਦਾ ਬੜਾ ਸੋਹਣਾ ਚਿਤ੍ਰਣ ਕੀਤਾ ਹੈ ਕਿ ਬੱਚਾ ਕਿਵੇਂ ਸੋਚਦਾ ਹੈ ਕਿ ਉਸਦੀ ਮਾਂ ਲਈ ਉਹੀ ਸਭ ਕੁਝ ਹੈ ਪਰ ਜਦ ਉਹ ਦੇਖਦਾ ਹੈ ਕਿ ਉਸਦੀ ਮਾਂ ਦੀ ਜ਼ਿੰਦਗੀ ਵਿੱਚ ਹੋਰ ਕੋਈ ਆ ਗਿਆ ਹੈ ਤਾਂ ਉਹ ਦੂਰ ਚਲੇ ਜਾਣ ਦੀ ਸੋਚਦਾ ਹੈ ਤੇ ਅੰਤ ਵਿੱਚ ਉਹ ਆਤਮ-ਹੱਤਿਆ ਹੀ ਕਰ ਲੈਂਦਾ ਹੈ।

ਨਛੱਤਰ ਨੇ ਆਪਣੀਆ ਕਹਾਣੀਆਂ ਵਿਚ ਦਲਿਤ ਵਰਗ ਤੇ ਪੇਂਡੂ ਸਮਾਜ ਦੀ ਗੱਲ ਤਾਂ ਹੀ ਹੈ ਕਿਉ ਕਿ ਇਹ ਅਨੁਭਵ ਉਸ ਦਾ ਪਿਛੋਕੜ ਵਿੱਚ ਪਏ ਹੈ। ਉਸਦੀਆਂ ਕਹਾਣੀਆਂ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਵਿਚ ਘਟਨਾਵਾਂ ਸਿੱਧੀਆਂ ਨਹੀਂ ਪੇਸ਼ ਕੀਤੀਆਂ ਹਨ ਬਲਕਿ ਉਸ ਤੋਂ ਪਹਿਲਾਂ ਮਨੁੱਖੀ ਕਦਰਾਂ ਕੀਮਤਾਂ ਆਦਿ ਨੂੰ ਪੇਸ਼ ਕੀਤਾ ਗਿਆ। ਨਛੱਤਰ ਦੀ ਖਾਸੀਅਤ ਇਹ ਹੈ ਕਿ ਉਸ ਨੇ ਆਪਣੀਆਂ ਕਹਾਣੀਆਂ ਵਿਚ ਦਲਿਤ ਦੇ ਯਥਾਰਥ ਨੂੰ ਸਿੱਧੇ ਰੂਪ ਵਿਚ ਨਹੀ ਪੇਸ਼ ਕੀਤਾ ਹੈ ਸਗੋਂ ਉਸ ਵੱਲ ਇਸ਼ਾਰਾ ਕੀਤਾ ਹੈ। ਨਛੱਤਰ ਆਪਣੀਆਂ ਕਹਾਣੀਆਂ ਵਿਚ ਬਾਹਰੀ ਤੇ ਅੰਤਰ-ਦਵੰਦ ਦੀ ਥਾਵੇ ਵਧੇਰੇ ਮਹੱਤਵ ਮਨੁੱਖ ਦੀਆਂ ਮਾਨਸਿਕ ਗੰਢਾਂ ਖੋਲਣ ਵੱਲ ਰਚਿਤ ਦਿਖਾਈ ਦਿੰਦਾ ਹੈ। ਇੱਥੇ ਹੀ ਉਸ ਨੇ ਪਾਤਰਾਂ ਦੇ ਚੰਗੇ ਮੰਦੇ ਵਿਚਾਰਾਂ ਨੂੰ ਪੇਸ਼ ਕੀਤਾ ਹੈ। ਉਸ ਨੇ ਆਪਣੀ ਇਕ ਕਹਾਣੀ 'ਫੁੱਲ ਦੀ ਮੌਤ' ਵਿਚ ਇਕ ਅਜਿਹੀ ਕੁੜੀ ਦੀ ਕਹਾਣੀ ਨੂੰ ਬਿਆਨ ਕੀਤਾ ਜੋ ਆਪਣੇ ਮਾਮਾ ਮਾਮੀ ਕੋਲ ਰਹਿੰਦੀ ਹੈ। ਉਸ ਦਾ ਵਿਆਹ ਉਸ ਦੀ ਇੱਛਾ ਅਨੁਸਾਰ ਹੋ ਜਾਂਦਾ ਹੈ। ਇਕ ਦਿਨ ਉਸ ਮੁੰਡੇ ਦੀ ਮੌਤ ਇਕ ਅਕੈਸੀਡੈਂਟ ਵਿਚ ਹੋ ਜਾਂਦੀ ਹੈ। ਇਸ ਸਮੇਂ ਉਹ ਮਾਂ ਬਣਨ ਵਾਲੀ ਹੁੰਦੀ ਹੈ ਤੇ ਉਸ ਦੇ ਮਾਮਾ ਮਾਮੀ ਉਸ ਦਾ ਅਬਾਰਸ਼ਨ ਕਰਵਾ ਦਿੰਦੇ ਹਨ ਤੇ ਕੁੜੀ ਦਾ ਦੂਜਾ ਵਿਆਹ ਕਰਨ ਲਈ ਉਸ ਨੂੰ ਮਨਾ ਲੈਂਦੇ ਹਨ ਅੰਤ ਵਿਚ ਉਸ ਦਾ ਵਿਆਹ ਇਸ ਤਰ੍ਹਾਂ ਦੇ ਮਨੁੱਖ ਨਾਲ ਕਰ ਦਿੱਤਾ ਜਾਂਦਾ ਹੈ ਜੋ ਦੋ ਬੱਚਿਆਂ ਦਾ ਪਿਤਾ ਹੈ। ਉਸ ਦੇ ਦੋਵੇਂ ਪੁੱਤਰ ਬਾਹਰ ਰਹਿੰਦੇ ਹਨ ਉਹ ਚਾਹੁੰਦੀ ਹੈ ਕਿ ਉਸ ਦਾ ਕੋਈ ਆਪਣਾ ਧੀ-ਪੁੱਤਰ ਹੋਵੇ ਪਰ ਅਜਿਹਾ ਨਹੀਂ ਹੁੰਦਾ। ਉਹ ਇਸੇ ਵਿਯੋਗ ਵਿਚ ਤੜਫਦੀ ਰਹਿੰਦੀ ਹੈ।

ਇਹ ਸੱਚ ਹੈ ਕਿ ਕੋਈ ਸਮਾਜ ਜਿੰਨ੍ਹਾਂ ਮਰਜੀ ਪੜ੍ਹ ਲਿਖ ਜਾਏ ਪਰ ਉਸਦੀ ਸੋਚ ਵਿਚੋਂ ਪੁਰਾਣੇ ਖਿਆਲਾਂ ਵਾਲੀ ਸੋਚ ਨੂੰ ਮਨਫ਼ੀ ਕਰ ਸਕਣਾ ਸੰਭਵ ਨਹੀਂ। ਨਛੱਤਰ ਨੇ ਕਹਾਣੀ 'ਹਾਰ ਜਿੱਤ' ਵਿਚ ਵੀ ਨਿਮਨ ਵਰਗ ਨੂੰ ਬੜੇ ਖ਼ੂਬੀ ਢੰਗ ਨਾਲ ਪੇਸ਼ ਕੀਤਾ ਹੈ। ਉਸ ਵਿਚ ਇਹ ਦੱਸਿਆ ਗਿਆ ਅੱਜ ਨੀਵੀ ਜਾਤੀ ਦੇ ਲੋਕਾਂ ਨੂੰ ਮਾੜਾ ਸਮਝਿਆ ਜਾਂਦਾ ਹੈ।

> "ਜਦੋਂ ਮੈ ਉਨ੍ਹਾਂ ਨੂੰ ਤੇਰੇ ਨਾਲ ਵਿਆਹ ਕਰਾਉਣ ਬਾਰੇ ਦੱਸਿਆ ਤਾਂ ਤੇਰੀ ਜ਼ਾਤ ਸੁਣਦਿਆਂ ਹੀ ਉਹ ਕੱਪੜਿਓ ਬਾਹਰ ਹੋ ਗਏ।"

> "ਮੁੰਡਾ ਤਾਂ ਭਾਵੇਂ ਉਹ ਮਜ਼ਬੀਆਂ ਦਾ ਏ ਪਰ ਪੰਡਤਾਂ ਦੀ ਇਕ ਕੁੜੀ ਨੇ ਘਰ ਵਾਲਿਆਂ ਤੋਂ ਬਾਹਰ ਹੋ ਕੇ ਜ਼ਬਰਦਸਤੀ ਉਸ ਨਾਲ ਵਿਆਹ ਕਰਵਾਇਆ ਏ।"

'ਰੇਤ ਚ ਨਹਾਉਂਦੀਆਂ ਚਿੜੀਆਂ' ਪਹਿਲੀ ਕਹਾਣੀ ਹੈ ਜਿਸ ਵਿੱਚ ਸਿਕੰਦਰ ਸਿੰਘ ਜਿਥੇ ਆਪਣੀ ਮੋਈ ਮੁਹੱਬਤ ਦਾ ਅਹਿਸਾਸ ਲੈ ਕੇ ਤੜਫ਼ ਰਿਹਾ ਹੈ ਉਥੇ ਧੀ ਦੀ ਮੁਹੱਬਤ ਤੇ ਰੰਜ ਕਰਦਾ ਉਸ ਨੂੰ ਨੀਂਦ ਦੀਆਂ ਗੋਲੀਆਂ ਦੇ ਕੇ ਮਾਰਨ ਦੀ ਕੋਸ਼ਿਸ਼ ਕਰਦਾ ਹੈ ਪ੍ਰੰਤੂ ਉਸ ਅੰਦਰਲਾ ਨੈਤਿਕ ਵਿਅਕਤੀ ਉਸ ਅੰਦਰਲੇ ਹੰਕਾਰ ਦੇ ਲੋਹੇ ਨੂੰ ਢਾਲ ਦਿੰਦਾ ਹੈ ਕਹਾਣੀ ਵਿਚਲੇ ਤਣਾਓ ਦਾ ਕਾਰਨ ਉਸ ਦੀ ਧੀ ਮਿੰਨੀ ਦਾ ਨੀਵੀਂ ਜਾਤ ਦੇ ਲੜਕੇ ਸੰਦੀਪ ਨਾਲ ਮੁਹੱਬਤ ਹੈ। ਇਸ ਤੋਂ ਪਹਿਲਾਂ ਸਿਕੰਦਰ ਆਪਣੇ ਪੁੱਤਰ ਕਰਨ ਨੂੰ ਰੂਬੀ ਨਾਲ ਵਿਆਹ ਦੀ ਸਹਿਮਤੀ ਦੇ ਚੁੱਕਾ ਹੈ ਕਿਉਂਕਿ ਉਹ ਕੁੜੀ ਰਾਮਗੜ੍ਹੀਆ ਪਰਿਵਾਰ ਨਾਲ ਸਬੰਧਤ ਹੈ। ਉਸ ਕੋਲ ਆਪਣੀ ਭੈਣ ਵੀਰਾਂ ਦੇ ਕਤਲ ਦੀ ਯਾਦਦਾਸ਼ਤ ਵੀ ਹੈ ਕਿਉਂਕਿ ਉਸ ਦੇ ਪਿਓ ਜਗਤ ਸਿੰਘ ਨੇ ਉਸ ਦੀ ਭੈਣ ਤੇ ਉਸ ਦੇ ਪ੍ਰੇਮੀ ਨੂੰ ਗੋਲੀ ਮਾਰ ਕੀ ਮਾਰ ਦਿੱਤਾ ਸੀ ਕਿਉਂਕਿ ਉਹ ਝਿਊਰ ਜਾਤੀ ਦਾ ਸੀ ਉਸ ਦੇ ਆਪਣੇ ਵਿਆਹ ਦੀ ਰੀਝ ਵੀ ਤੋੜੀ ਗਈ ਹੈ ਸੋ ਕਹਾਣੀ ਮਨੁੱਖੀ ਅਹਿਸਾਸ ਤੇ ਸਮਾਜਿਕ ਬੰਦਸ਼ਾਂ ਵਿਚਲੇ ਟਕਰਾਵਾਂ ਨੂੰ ਪੇਸ਼ ਕਰਦੀ ਹੈ। ਸਮਾਜਿਕ ਸਰੰਚਨਾ ਬਹੁਤ ਹਾਲਤਾਂ ਵਿਚ ਮਨੁੱਖੀ ਵਿਰੋਧੀ ਹੋ ਨਿੱਬੜਦੀ ਹੈ ਪ੍ਰੰਤੂ ਅੱਜ ਦੇ ਹਾਲਾਤਾਂ ਵਿੱਚ ਕਤਲ ਵਰਗੀਆਂ ਕਾਰਵਾਈਆਂ ਕਰਨੀਆਂ ਵੀ ਮਿਡਲ ਕਲਾਸ ਲਈ ਔਖੀਆਂ ਹਨ। ਸ਼ਕਤੀਸ਼ਾਲੀ ਵਿਰੋਧ ਵਿਰੋਧੀ ਨੂੰ ਸ਼ਿਕਸਤ ਦੇਣ ਲੱਗਿਆ ਹੈ ਦੂਜੇ ਪਾਸੇ ਮਨੁੱਖੀ ਮਨ ਵਿੱਚ ਪ੍ਰੰਪਰਾ ਆਪਣਾ ਸਥਾਨ ਬਣਾਈ ਬੈਠੀ ਹੈ ਦੂਜੀ ਸਥਿਤੀ ਵਿਚ ਨਵੀਂ ਨੂੰ ਵੀ ਆਤਮਸਾਤ ਕਰ ਰਿਹਾ ਹੈ ਇਹੀ ਦੁਬਿਧਾ ਤੜਪ ਪਰੇਸ਼ਾਨੀ ਹੈ ਜਿਸਦੇ ਤਣਾਓ ਦਾ ਵਿਸਥਾਰ ਹਰ ਆਦਮੀ ਚਿੜੀ ਦੀ ਅਵਸਥਾ ਵਿੱਚ ਹੈ ਜਿਸਨੇ ਦਾਣਾ ਇਕੱਠਾ ਕਾਰ ਠੰਢਾ ਪਾਣੀ ਪੀਣਾ ਸੀ ਪ੍ਰੰਤੂ ਮਨੁੱਖ ਹੁਣ ਰੇਤਲੇ ਇਲਾਕਿਆਂ ਚ ਘੁੰਮਦਾ ਸਵੈ ਦੀ ਤਲਾਸ਼ ਕਰਦਾ ਹੈ ਉਹ ਇਹ ਇਲਾਕਾ ਹੈ ਜਿੱਥੇ ਕੋਈ ਵੀ ਉਤਪਾਦਨ ਨਹੀਂ ਸਿਰਫ਼ ਉਪਰਾਮਤਾ ਹੈ ਭਰਮ ਕਹਾਣੀ ਖੱਬੇ ਪੱਖੀ ਪਾਰਟੀਆਂ ਦੇ ਕੁਝ ਅਖੌਤੀ ਕਾਰਕੁਨਾਂ ਦੀ ਅੰਦਰੂਨੀ ਮਾਨਸਿਕਤਾ ਨੂੰ ਜ਼ਾਹਰ ਕਰਦੀ ਹੈ ਮੈਂ ਪਾਤਰ ਸਾਧਾਰਨ ਜ਼ਿੰਦਗੀ ਜੀਣ ਵਾਲਾ ਪ੍ਰੰਤੂ ਖੱਬੇ ਪੱਖੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੈ ਕਹਾਣੀ ਦੇ ਹਵਾਲੇ ਸਥਾਪਤ ਕਰਦੇ ਹਨ ਕਿ ਇਹ ਅਖੌਤੀ ਕਾਮਰੇਡ ਦੀ ਦਾਰੂ ਦੇਸ਼ ਪਸੰਦ ਕਰਦੇ ਹਨ ਇਨ੍ਹਾਂ ਦੀਆਂ ਇੱਛਾਵਾਂ ਵੀ ਲੋਕ ਆਮ ਲੋਕਾਂ ਵਰਗੀਆਂ ਹਨ ਪ੍ਰੰਤੂ ਸੰਘਰਸ਼ ਦੇ ਪਖੰਡ ਰਾਹੀਂ ਤੇ ਨਾਅਰਿਆਂ ਦੇ ਓਹਲੇ ਬਹੁਤ ਕੁਝ ਲੁਕੋ ਲੈਂਦੇ ਹਨ ਕਹਾਣੀ ਦਾ ਪਾਤਰ ਜਰਨੈਲ ਸਿੰਘ ਝੂਠ ਬੋਲ ਕੇ ਇਹ ਸਥਾਪਿਤ ਕਰਦਾ ਹੈ ਕਿ ਉਹ ਪਾਰਟੀ ਦਾ ਸਰਗਰਮ ਤੇ ਸੱਚਾ ਸੁੱਚਾ ਮੈਂਬਰ ਹੈ ਉਹ ਪੁਲੀਸ ਦੀ ਕੁੱਟ ਦਾ ਵੀ ਭੇਖ ਸਿਰਜਦਾ ਹੈ ਜਦ ਕੇ ਸੱਚ ਕੁਝ ਹੋਰ ਹੈ ਉਸ ਦਾ ਮੁੰਡਾ ਕੈਨੇਡਾ ਗਿਆ ਹੋਇਆ ਹੈ ਇੱਕ ਵਿਧਵਾ ਔਰਤ ਨਾਲ ਉਸ ਦੇ ਸਬੰਧ ਹਨ ਸ਼ਰਾਬ ਪੀਣਾ ਉਸ ਦਾ ਸ਼ੌਕ ਹੈ ਉਹ ਇਸ ਤੋਂ ਇਹ ਗੱਲ ਸਾਬਤ ਹੁੰਦੀ ਹੈ ਕਿ ਐਸ਼ਪ੍ਰਸਤ ਵਿਅਕਤੀ ਦੇ ਖੱਬੇ ਪੱਖੀ ਪਾਰਟੀ ਦੇ ਮੈਂਬਰਾਂ ਵਿੱਚ ਕੋਈ ਵੀ ਫਰਕ ਨਹੀਂ ਹੈ ਦੂਸਰਾ ਇਹੀ ਕਿ ਉਹ ਐਨ ਮੌਕਾਪ੍ਰਸਤ ਹੈ ਕਿ ਕਦੇ ਵੀ ਪਾਰਟੀ ਬਦਲ ਸਕਦਾ ਹੈ ਉਸਦੇ ਜਾਣੂੰ ਦਾ ਸਾਥੀ ਤਾਂ ਇਥੋਂ ਤਕ ਸਾਬਿਤ ਕਰਦਾ ਹੈ ਕਿ ਉਸ ਨੂੰ ਪਾਰਟੀ ਵਿੱਚੋਂ ਕੱਢਿਆ ਹੋਇਆ ਹੈ ਤੇ ਜਰਨੈਲ ਇਹ ਸਾਬਤ ਕਰਦਾ ਹੈ ਕਿ ਪਾਰਟੀ ਨੇ ਉਸ ਨਾਲ ਨਿਆਂ ਨਹੀਂ ਕੀਤਾ ਉਸ ਦੀ ਪਾਰਟੀ ਦੇ ਮੂਹਰਲੇ ਮੈਂਬਰ ਹੀ ਸਭ ਤਰ੍ਹਾਂ ਦੇ ਲਾਹੇ ਲੈ ਗਏ ਹਨ ਇਸ ਤਰ੍ਹਾਂ ਪਾਰਟੀਆਂ ਵਿਚ ਵੀ ਦੂਸ਼ਣ ਲਗਦੇ ਰਹਿੰਦੇ ਹਨ ਤੇ ਇਹ ਪਾਰਟੀ ਮੈਂਬਰਾਂ ਦੀ ਵਿਚਾਰਧਾਰਕ ਕਚਿਆਈ ਤੇ ਵਿਅਕਤੀਗਤ ਹੋ ਕਾਰਨ ਸਾਹਮਣੇ ਆਉਂਦੀ ਹੈ ਕਹਾਣੀਕਾਰ ਦੀ ਖ਼ੂਬਸੂਰਤੀ ਇਸ ਗੱਲ ਵਿੱਚ ਹੈ ਕਿ ਉਹ ਕਾਮਗਾਰ ਕਾਮਰੇਡ ਦੇ ਗੁਣਾਂ ਔਗੁਣਾਂ ਨੂੰ ਬਿਰਤਾਂਤ ਦਾ ਹਿੱਸਾ ਤਾਂ ਜ਼ਰੂਰ ਬਣਾਉਂਦਾ ਹੈ ਪ੍ਰੰਤੂ ਮੈਂ ਪਾਤਰ ਕੋ ਉਸ ਦੀ ਨਿੰਦਿਆ ਨਹੀਂ ਕਰਵਾਉਂਦਾ ਅਤੇ ਨਾ ਹੀ ਉਸ ਬਾਰੇ ਸੁਣੀਆਂ ਗੱਲਾਂ ਤੇ ਅਮਲ ਕਰਦਾ ਹੈ ਕਹਾਣੀਕਾਰ ਮੈਂ ਪਾਤਰ ਨੂੰ ਉਦੋਂ ਉਕਤਾਇਆ ਦਿਖਾਉਂਦਾ ਹੈ ਜਦੋਂ ਕਿਰਤੀ ਲੋਕਾਂ ਦੀ ਗੱਲ ਕਰਦਾ ਕਰਦਾ ਕਾਮਰੇਡ ਇੱਕ ਕਿਰਤੀ ਔਰਤ ਤੋਂ ਕਿਰਤ ਕਰਾਉਣ ਦੇ ਨਾਲ ਉਸ ਨੂੰ ਭੋਗ ਲੈਣ ਦੀ ਸਲਾਹ ਵੀ ਮੈਂ ਪਾਤਰ ਨੂੰ ਦੇਂਦਾ ਹੈ ਉਹ ਇਸ ਨੂੰ ਪ੍ਰਮਾਣਿਕ ਕਰਨ ਲਈ ਦ੍ਰਿਸ਼ ਸਿਰਜ ਦੇਂਦਾ ਹੈ ਜਰਨੈਲ ਕਾਮਰੇਡ ਦੇ ਬੋਲੇ ਹੋਏ ਸ਼ਬਦ ਹੇਠ ਲਿਖੇ ਹਨ ਜਿਸ ਤੋਂ ਮੈਂ ਪਾਤਰ ਸਮਝਦਾ ਹੈ ਕਿ ਇਹ ਵਿਅਕਤੀ ਖੱਬੇ ਪੱਖੀ ਤਾਂ ਕਿ ਇਕ ਮਾੜੇ ਆਦਮੀ ਨਾਲੋਂ ਵੀ ਮਾੜਾ ਸੋਚਦਾ ਹੈ ਤੂੰ ਇਸ ਨੂੰ ਰੋਟੀਆਂ ਪਕਾਉਣ ਲਈ ਰੱਖ ਲੈ ਥੋੜ੍ਹੇ ਪੈਸਿਆਂ ਵਿਚ ਹੀ ਤੇਰੇ ਸਾਰੇ ਕੰਮ ਸਾਰ ਦਿਆ ਕਰੇ ਕਿ ਜਰਨੈਲ ਦੇ ਆਖੇ ਬੋਲ ਸੁਣ ਮੈਂ ਗਰਦਨ ਘੁਮਾ ਕੇ ਪਿੱਛੇ ਵੱਲ ਦੇਖਿਆ ਜਰਨੈਲ ਦੇ ਉੱਥੇ ਆ ਕੇ ਖੜ੍ਹੇ ਹੋਣ ਬਾਰੇ ਮੈਨੂੰ ਪਤਾ ਨਹੀਂ ਸੀ ਲੱਗਿਆ ਚੀਜ਼ ਰੁੱਤਾਂ ਵਧੀਆ ਲੱਗਦੀ ਐ ਨਾਲੇ ਰੰਗ ਵੀ ਮੁਸ਼ਕਿਲ ਹੈ ਮੈਨੂੰ ਚੁੱਪ ਖੜ੍ਹੇ ਨੂੰ ਦੇਖ ਉਹ ਦੁਬਾਰਾ ਬੋਲਿਆ ਸੀ ਇੱਕ ਕਿਰਤੀ ਔਰਤ ਦਾ ਕਾਮਰਾ ਕਾਮਰੇਡ ਲਈ ਚੀਜ਼ ਬਣਨਾ ਅਜੋਕੇ ਵਰਤਾਰਿਆਂ ਵਿੱਚ ਇੱਕ ਪ੍ਰਸ਼ਨ ਚਿੰਨ੍ਹ ਹੈ ਤੇ ਇਸ ਨਾਲ ਸਮੁੱਚੀ ਲਹਿਰ ਭਰਮ ਦੇ ਘੇਰੇ ਵਿੱਚ ਆ ਜਾਂਦੀ ਹੈ

'ਮਹਿਕ ਦੀ ਮੌਤ' ਦਰਅਸਲ ਕਿਰਤ ਦੀ ਮੌਤ ਦੀ ਕਹਾਣੀ ਹੈ ਜਿਸ ਵਿੱਚ ਇੱਕ ਔਰਤ ਕੋਲੋਂ ਔਰਤ ਖੋਹ ਕੇ ਇੱਕ ਜਿਸਮ ਬਨਾਮ ਮੰਡੀ ਦੀ ਵਸਤ ਬਣਾ ਦਿੱਤਾ ਜਾਂਦਾ ਹੈ ਮਨੁੱਖ ਦਾ ਵਸਤ ਵਿੱਚ ਤਬਦੀਲ ਹੋਣਾ ਸਭ ਤੋਂ ਦੁਖਦਾਈ ਵਰਤਾਰਾ ਹੈ ਕਹਾਣੀ ਦੀ ਪਾਤਰ ਰੇਖਾ ਪਰਫਿਊਮ ਕੰਪਨੀ ਦੇ ਬਰਾਂਡ ਸਰਵੇ ਹਿੱਤ ਪ੍ਰੇਮ ਦੇ ਘਰ ਪਹੁੰਚਦੀ ਹੈ ਜਿੱਥੋਂ ਪ੍ਰੇਮ ਅੰਦਰੋਂ ਉਸ ਪ੍ਰਤੀ ਹਮਦਰਦੀ ਸਨੇਹ ਤੇ ਸੰਵੇਦਨਾ ਜਨਮ ਲੈਂਦੀ ਹੈ ਫਿਰ ਕਦੇ ਵੀ ਦਿਖਾਈ ਨਾ ਦੇਣ ਦੀ ਸੂਰਤ ਵਿੱਚ ਉਹ ਰੇਖਾ ਦੀ ਭਾਲ ਕਰਦਾ ਹੈ ਬਹੁਤ ਕੋਸ਼ਿਸ਼ ਤੋਂ ਬਾਅਦ ਉਹ ਜਦੋਂ ਉਸ ਦੇ ਘਰ ਪਹੁੰਚਦਾ ਹੈ ਉਦੋਂ ਤਕ ਉਹ ਵੇਸਵਾ ਗਮਨੀ ਦੀ ਸ਼ਿਕਾਰ ਹੋ ਗਈ ਹੁੰਦੀ ਅਤੇ ਉਸ ਦਾ ਪਤੀ ਹੀ ਉਸ ਦਾ ਦਲਾਲ ਬਣਿਆ ਹੁੰਦਾ ਇਹ ਕਹਾਣੀ ਅਜੋਕੀ ਔਰਤ ਦੀ ਪਛਾਣ ਦੀ ਹੈ ਜਿਸ ਵਿਚ ਜਿਥੇ ਇੱਕ ਵੇਦਨਾ ਸ਼ੀਲ ਸੰਵੇਦਨਸ਼ੀਲ ਤੜਪਦੀ ਤਪਦੀ ਔਰਤ ਦਿਖਾਈ ਦਿੰਦੀ ਹੈ ਉਥੇ ਇਕ ਵਿਕਾਊ ਪੁਰਸ਼ ਦਾ ਬਿੰਬ ਵੀ ਦਿਖਾਈ ਦਿੰਦਾ ਹੈ ਕਹਾਣੀ ਵਿੱਚ ਤਿੰਨ ਪੁਰਸ਼ ਪ੍ਰੇਮ ਕੋਹਲੀ ਦੀਪਕ ਪੇਸ਼ ਹੁੰਦੇ ਹਨ ਪ੍ਰੇਮ ਪੂਰਨ ਤੌਰ ਤੇ ਭਾਵੁਕ ਹੋ ਔਰਤ ਅੰਦਰਲੀ ਔਰਤ ਨੂੰ ਤਲਾਸ਼ਦਾ ਉਸਦੀ ਜੀਵਨ ਦੇ ਦੁੱਖਾਂ ਨੂੰ ਉਭਾਰਦਾ ਹੈ ਜਦਕਿ ਕੋਹਲੀ ਤੇ ਦੀਪਕ ਨੂੰ ਔਰਤ ਕੇਵਲ ਦੇਹ ਤੋਂ ਅੱਗੇ

ਕੁਝ ਵੀ ਨਹੀਂ ਦਿਖਾਈ ਦਿੰਦੀ ਇਸ ਤਰਾਂ ਕਹਾਣੀਕਾਰ ਸਾਰੇ ਮਰਦਾਂ ਨੂੰ ਭੋਗੀ ਹੋਣ ਦੇ ਇਲਜ਼ਾਮ ਤੋਂ ਬਚਾਉਂਦਾ ਹੈ ਆਦਮੀ ਅੰਦਰਲੇ ਭਾਵ ਮਨੁੱਖ ਨੂੰ ਆਵਾਜ਼ ਮਾਰਨ ਦੀ ਇਹ ਵੱਖਰੀ ਹੀ ਵਿਧੀ ਹੈ ਕਹਾਣੀ ਕਾਰ ਵਾਰ ਵਾਰ ਪ੍ਰੇਮ ਪਾਤਰ ਨੂੰ ਕਲਪਨਾ ਵਿੱਚ ਗਾੜ੍ਹੇ ਲਹੂ ਵਿੱਚੋਂ ਲੰਘਾਉਂਦਾ ਹੈ ਜਿਸ ਤੋਂ ਇਹ ਸਾਬਤ ਹੋ ਰਿਹਾ ਹੈ ਕਿ ਆਦਮੀ ਦਾ ਖ਼ੂਨ ਸਰੀਰ ਚ ਨਹੀਂ ਧਰਤੀ ਤੇ ਵਗਣਾ ਸ਼ੁਰੂ ਹੋ ਗਿਆ ਹੈ ਜਿੱਥੇ ਇਸਨੇ ਆਪਣੇ ਅਨਮੋਲ ਹੋਣ ਦਾ ਮੁੱਲ ਗੁਆ ਲਿਆ ਹੈ ਸਮੁੱਚੀ ਕਹਾਣੀ ਵਿੱਚ ਬੇਚੈਨੀ ਬੇਪਰਦਗੀ ਬੇਪਰਵਾਹੀ ਖਿੱਚ ਤੜਪ ਸਥਿਤੀਆਂ ਤੋਂ ਅਕਾਊ ਸਾਹਮਣੇ ਆਉਂਦੇ ਹਨ ਜਿਥੇ ਨਵੇਂ ਮਨੁੱਖ ਦੀ ਹੋਂਦ ਦੇ ਬਹੁਤ ਸਾਰੇ ਸਵਾਲ ਖੜ੍ਹੇ ਹੁੰਦੇ ਹਨ

'ਬੇਦੋਸ਼ੇ' ਕਹਾਣੀ ਪੰਜਾਬ ਸੰਕਟ ਨਾਲ ਸਬੰਧਤ ਤੇ ਸੰਬੋਧਿਤ ਹੈ ਸ਼ਿੰਦਰ ਪੁਲਿਸ ਅਫ਼ਸਰ ਜਰਨੈਲ ਸਿੰਘ ਭਿੰਦੀ ਤੇ ਪਿੰਦੀ ਦਾ ਪਿਤਾ ਉੱਜਲ ਸਿੰਘ ਕਹਾਣੀ ਦੇ ਉਹ ਪਾਤਰ ਹਨ ਜਿਹੜੇ ਪੰਜਾਬ ਵਿਚਲੇ ਵਿਭਿੰਨ ਵਰਤਾਰਿਆਂ ਦੀ ਤਰਜਮਾਨੀ ਕਰਦੇ ਹਨ ਜਰਨੈਲ ਸਿੰਘ ਪੁਲਸ ਦਾ ਪ੍ਰਤੀਨਿਧ ਪਾਤਰ ਹੈ ਜਿਸ ਨੇ ਭਾਈਚਾਰਕ ਸਾਂਝ ਨੂੰ ਛੱਡ ਕੇ ਉੱਚੇ ਅਹੁਦਿਆਂ ਨੂੰ ਤਰਜੀਹ ਦਿੱਤੀ ਸ਼ਿੰਦਰ ਪ੍ਰੈੱਸ ਦੀ ਪ੍ਰਤੀਨਿਧ ਪਾਤਰ ਵਜੋਂ ਸੰਜੀਤਾ ਪਾਤਰ ਦੀ ਭੂਮਿਕਾ ਨਿਭਾਈ ਹੈ ਪੀਂਦੀ ਉਸ ਨੌਜਵਾਨ ਪੀੜ੍ਹੀ ਦਾ ਪਾਤਰ ਹੈ ਜਿਸ ਨੂੰ ਧੱਕੇ ਨਾਲ ਖਾੜਕੂ ਬਣਾਇਆ ਗਿਆ ਹੈ ਕਹਾਣੀ ਦਾ ਅੰਤ ਵਿਸ਼ਲੇਸ਼ਣਾਤਮਕ ਹੈ ਕਿਉਂਕਿ ਜਦੋਂ ਜਰਨੈਲ ਸਿੰਘ ਸਸਪੈਂਡ ਹੋਣ ਤੋਂ ਬਾਅਦ ਛਿੰਦਰ ਕੋਲ ਜਾਂਦਾ ਹੈ ਤਾਂ ਕਹਾਣੀਕਾਰ ਸੰਵਾਦ ਰਾਹੀਂ ਇਹ ਗੱਲ ਕੱਢ ਲੈਂਦਾ ਹੈ ਕਿ ਪੁਲਸ ਨੇ ਨੌਜਵਾਨਾਂ ਨਾਲ ਵਧੀਕੀ ਕੀਤੀ ਹੈ ਇਸ ਕਹਾਣੀ ਦੀ ਖ਼ੂਬਸੂਰਤੀ ਇਸ ਦੇ ਦ੍ਰਿਸ਼ ਬਿੰਬ ਟਾਹਲੀ ਸੜਕ ਤੇ ਮੁਰਗੇ ਹਨ ਟਾਹਲੀ ਪੰਜਾਬੀ ਸੱਭਿਆਚਾਰ ਵਿੱਚ ਵਿਸ਼ੇਸ਼ ਸਥਾਨ ਰੱਖਣ ਵਾਲਾ ਰੁੱਖ ਹੈ ਜਦਕਿ ਸੜਕ ਵਿਕਾਸ ਦਾ ਬਿੰਬ ਹੈ ਤੇ ਮੁਰਗੇ ਪੰਜਾਬ ਦੇ ਲੋਕ ਹਨ ਜਿਨ੍ਹਾਂ ਤੇ ਬੇਮਤਲਬ ਜ਼ੁਲਮ ਹੋ ਰਿਹਾ ਹੈ ਸ਼ਿੰਦਰ ਮੁਰਗਿਆਂ ਨੂੰ ਖੋਲ੍ਹਦਾ ਹੈ ਜਿਵੇਂ ਉਹ ਭਿੰਡੀ ਦੀ ਭਾਲ ਕਰਦਿਆਂ ਜਰਨੈਲ ਸਿੰਘ ਨੂੰ ਮਿਲਿਆ ਸੀ ਛਿੰਦਰ ਦੇ ਦਿਮਾਗ ਵਿੱਚ ਇਹ ਗੱਲ ਘੁੰਮਦੀ ਨਜ਼ਰ ਆਉਂਦੀ ਹੈ ਕਿ ਉਹ ਹਿੰਦੀ ਨੂੰ ਤਾਂ ਨਹੀਂ ਬਚਾ ਸਕਿਆ ਹੁਣ ਅਨਭੋਲ ਮੁਰਗਿਆਂ ਨੂੰ ਆਜ਼ਾਦੀ ਦਿੱਤੀ ਜਾਵੇ ਇਹ ਕਹਾਣੀ ਨੇ ਪੂਰਨ ਤੌਰ ਤੇ ਪੰਜਾਬ ਸੰਕਟ ਦਾ ਅਵਚੇਤਨ ਸਾਂਭਿਆ ਹੋਇਆ ਹੈ

'ਹਨ੍ਹੇਰੇ ਚ ਝਾਕਦੀ' ਅੱਖ ਅਜੋਕੇ ਮਨੁੱਖ ਅੰਦਰ ਜਾਇਜ਼ ਤੇ ਨਾਜਾਇਜ਼ ਸਰੀਰਕ ਸਬੰਧਾਂ ਦੇ ਦੁਆਲੇ ਘੁੰਮਦੀ ਹੈ ਹਨ੍ਹੇਰੇ ਦਾ ਰਾਜ ਦਿਨੋਂ ਦਿਨ ਵਧ ਰਿਹਾ ਹੈ ਜਿਸ ਵਿਚ ਸਮਾਜ ਦੇ ਨਿਸ਼ਚਿਤ ਕੀਤੇ ਰਿਸ਼ਤਿਆਂ ਦੀ ਉਲੰਘਣਾ ਕਰਨਾ ਹੀ ਵੱਡੀ ਜਿੱਤ ਮੰਨਿਆ ਜਾ ਰਿਹਾ ਹੈ ਇਸ ਨਾਲ ਪਰਿਵਾਰ ਟੁੱਟ ਰਹੇ ਹਨ ਤੇ ਪਰਿਵਾਰਾਂ ਨਾਲੋਂ ਟੁੱਟਿਆ ਬੰਦਾ ਬੇਚੈਨੀ ਵੀ ਹੰਢਾ ਰਿਹਾ ਹੈ ਕਾਮੁਕਤਾ ਮਨੁੱਖੀ ਚਿੰਤਨ ਦਾ ਕੇਂਦਰੀ ਥੀਮ ਬਣ ਗਿਆ ਹੈ ਪਰ ਜਦੋਂ ਆਦਮੀ ਆਪਣੀ ਇਸ ਮਾਨਸਿਕਤਾ ਅਤੇ ਸਰੀਰਕ ਖੇਡ ਤੋਂ ਵਾਪਸ ਪਰਤਣ ਦੀ ਕੋਸ਼ਿਸ਼ ਕਰਦਾ ਹੈ ਉਦੋਂ ਤੱਕ ਉਸ ਦੇ ਮੂਲ ਪਰਿਵਾਰ ਦੇ ਉਸ ਪ੍ਰਤੀ ਸਰੋਕਾਰ ਬਦਲ ਜਾਂਦੇ ਹਨ ਉਹ ਉਪਰਾਮਤਾ ਭੋਗਦਾ ਹੈ ਪਰ ਇਸ ਕਹਾਣੀ ਦੀ ਪਾਤਰ ਕਰਮਿੰਦਰ ਆਪਣੇ ਨਾਜਾਇਜ਼ ਸਬੰਧਾਂ ਦੇ ਆਨੰਦ ਤੋਂ ਬਾਅਦ ਘਰ ਵੱਲ ਪਰਤਦੀ ਹੈ ਉਹ ਧੀ ਦੀ ਰੱਖਿਆ ਕਰਦੀ ਉਸ ਅੱਖ ਵਿਚ ਤਬਦੀਲ ਹੁੰਦੀ ਹੈ ਜਿਹੜੇ ਹਨ੍ਹੇਰੇ ਵਿੱਚ ਵੀ ਵੇਖ ਸਕਦੀ ਹੈ ਅਸਲੀ ਵਿਚ ਅਸਲ ਵਿਚ ਇਕ ਅੱਖ ਕੁਸੈਲੇ ਅਨੁਭਵ ਤੋਂ ਬਾਅਦ ਹੀ ਖੁੱਲ੍ਹਦੀ ਹੈ ਜਿਸਦੇ ਸਿੱਟੇ ਮਨੁੱਖ ਪੱਖੀ ਹੀ ਹੁੰਦੇ ਹਨ ਕਹਾਣੀ ਦੀ ਪਾਤਰ ਧਰਮਿੰਦਰ ਆਪਣੀ ਪਤੀ ਗੁਰਮੀਤ ਤੇ ਪ੍ਰੇਮੀ ਮੰਗੇ ਵਿਚਕਾਰ ਉਲਝੀ ਹੈ ਪਹਿਲਾਂ ਉਹ ਸਮਾਜ ਤੋਂ ਉਪਰਾਮ ਹੁੰਦੀ ਅਤੇ ਫਿਰ ਸਰੀਰ ਤੋਂ ਇਸ ਤਰ੍ਹਾਂ ਉਸ ਦੀ ਬੇਚੈਨੀ ਦਾ ਬੇਚੈਨੀ ਦਾ ਕਾਰਨ ਵਰਤਾਰਿਆਂ ਵਿੱਚ ਹੈ ਪ੍ਰੰਤੂ ਹਾਲੋਂ ਵਿਅਕਤੀਆਂ ਵਿੱਚੋਂ ਲੱਭ ਰਹੀ ਹੈ ਕੇਵਲ ਕਰਮਿੰਦਰ ਦੀ ਸਮੱਸਿਆ ਨਹੀਂ ਸਗੋਂ ਬਹੁਤ ਸਾਰੇ ਲੋਕ ਇਸ ਤਰਾਂ ਦੀਆਂ ਸਮੱਸਿਆਵਾਂ ਤੋਂ ਪੀੜਤ ਹਨ

ਕਹਾਣੀ 'ਅੱਗ ਦੀ ਰੋਟੀ' ਸ਼ਮਸ਼ਾਨਘਾਟ ਵਿੱਚ ਆਪਣੇ ਅਹਿਸਾਸਾਂ ਨੂੰ ਮਾਰ ਕੇ ਜੀਂਦੀ ਹੈ ਨਾਲ ਹੀ ਗ਼ਰੀਬੀ ਤੇ ਗੰਭੀਰਤਾ ਨਾਲ ਜੁੜੇ ਹੋਣ ਕਾਰਨ ਉਸ ਜੀਵਨ ਪ੍ਰਤੀ ਵੀ ਗੁੱਸਾ ਹੈ ਜਿਹੜਾ ਮਜ਼ਦੂਰ ਜਮਾਤ ਲਈ ਬਿਲਕੁਲ ਵੀ ਕੁਦਰਤੀ ਨਹੀਂ ਹੈ ਅਨਾਥ ਬੱਚਾ ਕੁੰਦਨ ਜਿਹੜਾ ਸੰਤ ਰਾਮ ਨੇ ਪਾਲਿਆ ਹੈ ਉਸ ਨੂੰ ਵੀ ਉਹੀ ਕੰਮ ਕਰਨਾ ਪੈਂਦਾ ਹੈ ਜਿਹੜਾ ਸੰਤਰਾਮ ਕਰਦਾ ਹੈ ਸਮੇਂ ਤੇ ਹਾਲਾਤ ਦੀ ਮਜਬੂਰੀ ਹੈ ਕਿ ਜਿਸ ਦਿਨ ਸੰਤ ਰਾਮ ਦੀ ਮੌਤ ਹੁੰਦੀ ਉਸ ਨੂੰ ਫੂਕਣ ਦਾ ਮੌਕਾ ਨਹੀਂ ਮਿਲਦਾ ਕਿਉਂਕਿ ਮੁਰਦਿਆਂ ਦੀ ਕਤਾਰ ਬਹੁਤ ਲੰਮੀ ਹੈ ਆਪਣੇ ਦੁੱਖਾਂ ਨੂੰ ਮਹਿਸੂਸ ਕਰਨ ਦਾ ਮੌਕਾ ਨਾ ਮਿਲਣਾ ਸਭ ਤੋਂ ਵੱਡਾ ਦੁੱਖ ਹੈ ਗ਼ਰੀਬ ਓਪਰੇਸ਼ਨ ਇਹ ਸਿਰੇ ਦਾ ਜ਼ੁਲਮ ਹੈ ਸਮੁੱਚੀ ਕਹਾਣੀ ਵਿੱਚ ਤਣਾਓ ਤੇ ਦੁੱਖ ਦਾ ਮਾਹੌਲ ਹੈ ਜਿਸ ਵਿੱਚੋਂ ਆਦਮੀ ਦਾ ਅਸਹਿਜ ਕਾਰਵਾਈਆਂ ਕਰਨਾ ਸਹਿਜ ਲੱਗਦਾ ਹੈ

'ਤੱਤ' ਕਹਾਣੀ ਪੰਜਾਬ ਵਿੱਚੋਂ ਪਰਵਾਸ ਕਰਕੇ ਗਏ ਮਰਦਾਂ ਦੀਆਂ ਪਤਨੀਆਂ ਦੇ ਦਰਦ ਦੀ ਕਥਾ ਹੈ ਆਖਾਂ ਕਿ ਆਈ ਸੰਸਾਰ ਕਿਰਤ ਦੇ ਗੌਰਵ ਤੇ ਸਥਾਨ ਬਦਲਦੀ ਕਠਨ ਕੰਮ ਕਰ ਸਕਣ ਦਾ ਅਕੀਦਾ ਇਸਦੇ ਪਿੱਛੇ ਕਾਰਜਸ਼ੀਲ ਤਤ ਹਨ ਇਸ ਦੇ ਪਾਸਾਰ ਇਹ ਹਨ ਕਿ ਜਿਹੜੇ ਮਰਦ ਇੱਥੋਂ ਪਰਵਾਸ ਧਾਰਨ ਕਰਦੇ ਹਨ ਉਹ ਪਰਵਾਸੀ ਧਰਤੀ ਤੇ ਜਿੱਥੇ ਧਨ ਕਮਾਉਂਦੇ ਹਨ ਉੱਥੇ ਆਪਣੀ ਸਰੀਰਕ ਕਾਮੁਕ ਲੋੜਾਂ ਲਈ ਨਾਜਾਇਜ਼ ਸਬੰਧ ਬਣਾ ਕੇ ਆਪਣੇ ਜੀਵਨ ਨੂੰ ਗਤੀ ਦੇਣਾ ਚਾਹੁੰਦੇ ਹਨ ਇਸ ਦੇ ਉਲਟ ਜਿਹੜੀਆਂ ਔਰਤਾਂ ਨੂੰ ਉਹ ਇੱਥੇ ਛੱਡ ਕੇ ਜਾਂਦੇ ਹਨ ਉਹ ਵੀ ਅਜਿਹੀਆਂ ਸਮੱਸਿਆਵਾਂ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ ਉਨ੍ਹਾਂ ਨੂੰ ਇੱਥੇ ਆਪਣੀ ਸਰੀਰਕ ਤੇ ਮਾਨਸਿਕ ਸੰਤੁਸ਼ਟੀ ਲਈ ਜੱਦੋ ਜਹਿਦ ਕਰਨੀ ਪੈਂਦੀ ਹੈ ਦੂਸਰਾ ਆਰਥਿਕ ਪਹਿਲੂ ਇਹ ਹੈ ਕਿ ਬਾਹਰ ਜਾਣ ਦੀ ਤਾਂਘ ਨੇ ਜਿੱਥੇ ਪਰਿਵਾਰਾਂ ਦੇ ਆਰਥਿਕ ਸੰਕਟਾਂ ਨੂੰ ਗਹਿਰਾ ਕੀਤਾ ਹੈ ਉੱਥੇ ਦਲਾਲ ਜਮਾਤਾਂ ਦੀ ਕਮਾਈ ਵਿੱਚ ਚੋਖਾ ਵਾਧਾ ਹੋਇਆ ਹੈ ਪਰਵਾਸ ਧਾਰਨ ਕਰਨਾ ਇੱਕ ਜੂਏ ਵਿੱਚ ਪਰਿਵਰਤਿਤ ਹੋ ਗਿਆ ਹੈ ਆਮ ਲੋਕਾਂ ਨੂੰ ਬਾਹਰ ਜਾਂਦੇ ਕਾਨੂੰਨਾਂ ਦੀ ਜਾਣਕਾਰੀ ਨਾ ਹੋਣਾ ਦਲਾਲਾਂ ਦੇ ਪੂਰੇ ਹੱਕ ਵਿੱਚ ਭੁਗਤ ਰਿਹਾ ਹੈ ਕਹਾਣੀ ਵਿੱਚ ਮੈਂ ਪਾਤਰ ਮਾਲਵੇ ਤੇ ਦੋਆਬੇ ਵਿੱਚੋਂ ਪਰਵਾਸ ਧਾਰਨ ਕਰਨ ਦੀ ਪ੍ਰਵਿਰਤੀ ਨੂੰ ਆਂਕਦੇ ਹੋਏ ਸਪਸ਼ਟ ਕਰ ਰਿਹਾ ਹੈ ਕਿ ਮਾਲਵੇ

ਵਿੱਚੋਂ ਪਰਵਾਸ ਦੁਆਬੇ ਦੇ ਮੁਕਾਬਲੇ ਘੱਟ ਹੋਇਆ ਹੈ ਪੂਰਬ ਵਿੱਚੋਂ ਆਏ ਮਜ਼ਦੂਰ ਹਰ ਤਰ੍ਹਾਂ ਦਾ ਰਾਜ ਦੋਆਬੇ ਦੇ ਪਰਿਵਾਰਾਂ ਤੇ ਕਰ ਰਹੇ ਹਨ ਕਹਾਣੀ ਵਿਚਲਾ ਪਾਤਰ ਅਮਰੀਕ ਜਿਹੜਾ ਟਰੱਕ ਤੇ ਕੰਮ ਕਰਦਾ ਹੈ ਮੈਂ ਪਾਤਰ ਨੂੰ ਇੱਟਾਂ ਦਾ ਟਰੱਕ ਲੈ ਕੇ ਉਸ ਘਰ ਲੈ ਜਾਂਦਾ ਹੈ ਜਿੱਥੇ ਉਸ ਦਾ ਮਨ ਭਿੱਜਦਾ ਹੈ ਉਹ ਅੌਰਤ ਇਕੱਲਪਣ ਨਾਲ ਜੂਝਦੀ ਨਜ਼ਰ ਆਉਂਦੀ ਹੈ ਉਹ ਅਮਰੀਕ ਨਾਲ ਪਿਆਲਾ ਵੀ ਸਾਂਝਾ ਕਰਦੀ ਹੈ ਜਿੱਥੋਂ ਇਹ ਸਾਬਤ ਹੋ ਜਾਂਦਾ ਕਿ ਧਨ ਦੀ ਕਮੀ ਤਾਂ ਭਾਵੇਂ ਖਤਮ ਹੋ ਰਹੀ ਹੈ ਪਰ ਬੰਦਾ ਨਸ਼ਿਆਂ ਜਿਸ ਜਿਸਮਾਂ ਨਾਲ ਖੁਦ ਨੂੰ ਭਰਮਾਉਣ ਦਾ ਆਦੀ ਹੋ ਰਿਹਾ ਹੈ ਇਹ ਗੱਲ ਉਦੋਂ ਸਪਸ਼ਟ ਹੋ ਜਾਂਦੀ ਹੈ ਜਦੋਂ ਕਹਾਣੀ ਦੇ ਅਖੀਰ ਵਿਚ ਬਲਬੀਰ ਮੈਂ ਪਾਤਰ ਨੂੰ ਇਹ ਕਥਨ ਕਹਿੰਦੀ ਹੈ ਭਾਜੀ ਧਨ ਦੌਲਤ ਵੀ ਬਹੁਤਾ ਸੁੱਖ ਸਹੂਲਤਾਂ ਵੀ ਪੂਰੀਆਂ ਨਹੀਂ ਪਰ ਇਨ੍ਹਾਂ ਸਭ ਕੁਝ ਹੋਣ ਤੇ ਵੀ ਔਰਤ ਨੂੰ ਕਈ ਕੁਝ ਹੋਰ ਚਾਹੀਦਾ ਹੁੰਦਾ ਏ ਜੋ ਵਿਦੇਸ਼ੀ ਗਿਆਨ ਦੀਆਂ ਘਰ ਵਾਲਿਆਂ ਨੂੰ ਨਸੀਬ ਨਹੀਂ ਹੁੰਦਾ ਇਸੇ ਦੁੱਖੋਂ ਮਰਦਿਆਂ ਨੂੰ ਤਾਂ ਇਧਰੋਂ ਉਧਰੋਂ ਅੱਕ ਚੱਬਣਾ ਪੈਂਦਾ ਹੈ

ਵਾਪਸ ਮੁੜਦੇ ਸਮੇਂ ਉੱਥੋਂ ਤੁਰਨ ਵੇਲੇ ਦਲਬੀਰ ਦੇ ਆਖੇ ਬੋਲ ਵਾਰ ਵਾਰ ਮੇਰੇ ਕੰਨਾਂ ਨਾਲ ਟਕਰਾ ਰਹੇ ਸਨ ਕਿਉਂਕਿ ਆਪਣੇ ਲਿਖੇ ਜਾਣ ਵਾਲੇ ਪ੍ਰੋਜੈਕਟ ਲਈ ਜੋ ਤੱਥ ਇਕੱਠੇ ਕਰ ਰਿਹਾ ਸਾਂ ਉਨ੍ਹਾਂ ਵਿਚ ਇਕ ਵਾਧਾ ਹੋ ਗਿਆ ਜਿਸ ਬਾਰੇ ਮੈਨੂੰ ਪਹਿਲਾਂ ਨਹੀਂ ਸੀ ਪਤਾ

ਇਸ ਕਹਾਣੀ ਨਾਲ ਪੰਜਾਬੀ ਕਹਾਣੀ ਪਰਵਾਸੀ ਜੀਵਨ ਵਿਚੋਂ ਇਸ ਦੇ ਸਿੱਟਿਆਂ ਤੇ ਕੇਂਦਰਤ ਹੋਣ ਦੀ ਸੰਭਾਵਨਾ ਵਾਲੀ ਵਧੇਗੀ ਜਿਥੇ ਪੰਜਾਬੀ ਕਹਾਣੀ ਨਵੀਂ ਪ੍ਰਵਿਰਤੀ ਹਾਸਲ ਕਰ ਸਕਦੀ ਹੈ।

ਕਹਾਣੀ ਲਾਸ਼ ਵਿਚ ਦੋ ਅਰਥੀਆਂ ਨਾਲੋ ਨਾਲ ਚੱਲ ਰਹੀਆਂ ਹਨ ਕਿਤੇ ਜਿੰਦਰ ਦੀ ਲਾਸ਼ ਹੈ ਜਿਹੜੀਆਂ ਜਿਹੜਾ ਚੁਨੌਤੀਆਂ ਨਾਲ ਸਫ਼ਲ ਹੋਣ ਤਕ ਟਕਰਾਅ ਨਹੀਂ ਸਕਿਆ ਦੂਜੀ ਲਾਸ਼ ਕਾਨਿਆਂ ਦੇ ਸੁਪਨਿਆਂ ਦੀ ਹੈ ਜਿਹੜੇ ਭਵਿੱਖ ਪ੍ਰਤੀ ਆਸਵੰਦ ਨਹੀਂ ਹਨ ਸਭ ਕੁਝ ਸ਼ਮਸ਼ਾਨਘਾਟ ਵੱਲ ਜਾ ਰਿਹਾ ਹੈ ਆਦਮੀ ਦੀ ਆਦਮੀਅਤ ਉਸਦੇ ਸੁਪਨੇ ਚਾਅ ਉਮੰਗਾਂ ਰਿਸ਼ਤੇ ਆਦਿ ਸਭ ਖ਼ਤਮ ਹੋ ਰਹੇ ਹਨ ਇੱਕ ਪਾਸੇ ਆਦਮੀ ਅੰਦਰ ਪਸਰੀ ਹੋਈ ਉਦਾਸੀ ਜੀਵਨ ਦੇ ਰੰਗਾਂ ਨੂੰ ਪ੍ਰਕਾਸ਼ਿਤ ਕਰ ਰਹੀ ਹੈ।

## ਸਾਰ-ਅੰਸ਼

ਨਿਰਸੰਦੇਹ ਨਛੱਤਰ ਪੰਜਾਬੀ ਸਾਹਿਤ ਜਗਤ ਦਾ ਅਤਿ ਸੰਵੇਦਨਸ਼ੀਲ ਹੋਣਹਾਰ, ਵਿਲੱਖਣ ਅਤੇ ਯੁੱਗ-ਅਨੁਕੂਲ ਸਾਹਿਤਕਾਰ ਹੋ ਨਿਬੜਿਆ ਹੈ ਜਿਸਦੀਆਂ ਰਚਨਾਵਾਂ ਪਿੱਛੇ ਕਾਰਜਸ਼ੀਲ ਸਮਕਾਲੀ ਸਮਾਜਿਕ ਯਥਾਰਥ ਰੂਪਮਾਨ ਹੋ ਕੇ ਮਾਨਵੀ ਆਦਰਸ਼ਾਂ ਦਾ ਸੰਵਾਦ ਰਚਾਉਦਾ ਹੈ। ਅਜੋਕੇ ਯੁੱਗ ਦੀ ਸਮਾਜਿਕ, ਆਰਥਿਕ ਤੇ ਰਾਜਨੀਤਿਕ ਸਥਿਤੀ, ਬਦਲਦੇ ਨਵੇਂ ਯੁੱਗ ਦੀਆਂ ਨਵੀਆਂ ਲੀਹਾਂ ਤੋਂ ਪੈਦਾ ਹੋਈ ਚੇਤਨਾ ਨੂੰ ਉਹ ਸਫ਼ਲਤਾਪੂਰਵਕ ਨਿਭਾਉਂਦਾ ਹੈ।

## ਕੇਂਦਰੀ ਸ਼ਬਦ

- **ਤ੍ਰਾਸਦੀ:** ਦੁਖਾਂਤ
- **ਦਲਿਤ:** ਪਿਛੜੇ/ ਅਛੂਤ/ਨਿਮਨ ਜਾਤੀ
- **ਸੰਵੇਦਨਸ਼ੀਲ:** ਭਾਵੁਕ
- **ਮਨਫ਼ੀ:** ਘੱਟ/ ਖਤਮ

## ਸਵੈ-ਮੁਲਾਂਕਣ

1. ਬਚਪਨ ਵਿੱਚ ਨਛੱਤਰ ...... ਨੂੰ ਪੜ੍ਹਦਾ ਸੀ।

ੳ) ਜਾਸੂਸੀ ਨਾਵਲਾਂ

ਅ) ਜਾਸੂਸੀ ਕਹਾਣੀਆਂ

ੲ) ਰੁਮਾਂਟਿਕ ਨਾਵਲਾਂ

ਸ) ਰੁਮਾਂਟਿਕ ਕਹਾਣੀਆਂ

2. ਉਸ ਨੇ ਇਕ ਦਿਨ ਅਚਾਨਕ 'ਤੇ ਪਏ ਪਰਚਿਆਂ ਵਿਚ ਇਕ ਪਰਚਾ ਆਪਣੇ ਕਲਾਸ ਫੈਲੋ ਦਾ ਦੇਖਿਆ।

ੳ) ਕਾਲਜ

ਅ) ਬੱਸ ਸਟੈਂਡ

ੲ) ਲਾਇਬ੍ਰੇਰੀ

ਸ) ਕੰਟੀਨ

3. 'ਪ੍ਰੀਤਮ' ਪਰਚੇ ਦੇ ਕਿਸ ਅੰਕ ਵਿੱਚ ਨਛੱਤਰ ਦੀ ਪਹਿਲੀ ਕਹਾਣੀ ਛਪੀ।

ੳ) ਅਪ੍ਰੈਲ 1969

ਅ) ਜਨਵਰੀ 1970

ੲ) ਦਸੰਬਰ 1971

ਸ) ਦਸੰਬਰ 1972

4. 'ਸਰਦਲ' ਪਰਚਾ .... ਸ਼ਹਿਰ ਵਿਚੋਂ ਨਿਕਲਦਾ ਸੀ।

ੳ) ਲੁਧਿਆਣਾ

ਅ) ਪਟਿਆਲਾ

ੲ) ਬਰਨਾਲਾ

ਸ) ਅੰਮ੍ਰਿਤਸਰ

5. ਉਸਨੇ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ.... ਕਹਾਣੀ ਸੰਗ੍ਰਹਿ ਨਾਲ ਕੀਤੀ ਸੀ।

ੳ) ਧੁਖਦੇ ਚਿਹਰੇ

ਅ) ਰੇਤ ਚ ਨਹਾਉਂਦੀਆਂ ਚਿੜੀਆਂ

ੲ) ਤੀਲ੍ਹਾ ਤੀਲ੍ਹਾ

ਸ) ਹਾਰ-ਜਿੱਤ

6. ਪੰਜਾਬੀ ਕਹਾਣੀ ਜਗਤ ਵਿੱਚ ਉਸਦੀ ਮੁੱਢਲੀ ਪਹਿਚਾਣ ...... ਨੂੰ ਚਿਤਰਣ ਵਾਲੇ ਕਹਾਣੀਕਾਰ ਵਜੋਂ ਬਣੀ

ੳ) ਸ਼ਹਿਰੀ ਸਮਾਜ

ਅ) ਪੇਂਡੂ ਸਮਾਜ

ੲ) ਮਹਾਂਨਗਰੀ ਸਮਾਜ

ਸ) ਪਰਵਾਸੀ ਸਮਾਜ

7. ਨਛੱਤਰ ਦੀਆਂ ਕਹਾਣੀਆਂ ਨੂੰ ਥੀਮਗਤ ਪਾਸਾਰਾਂ ਦੀ ਦ੍ਰਿਸ਼ਟੀ ਤੋਂ ਕਿੰਨੀਆਂ ਸ੍ਰੇਣੀਆਂ ਵਿਚ ਵੰਡ ਕੇ ਦੇਖਿਆ ਜਾ ਸਕਦਾ ਹੈ?

ੳ) ਦੋ

ਅ) ਤਿੰਨ

ੲ) ਚਾਰ

ਸ) ਪੰਜ

8. ਨਛੱਤਤਰ ਪਾਠਕਾਂ ਦੇ ਵਿਤਕਰਿਆਂ ਤੋਂ ਉਪਰ ਉਠ ਕੇ .... ਸੰਬੰਧੀ ਸਮੱਗਰੀ ਪ੍ਰਦਾਨ ਕਰਦਾ ਹੈ।

ੳ) ਰੁਮਾਂਸਵਾਦ

ਅ) ਮਾਨਵਵਾਦ

ੲ) ਆਦਰਸ਼ਵਾਦ

ਸ) ਵਿਰਚਨਾਵਾਦ

9. ਮਹਾਨਗਰੀ ਵਿਚ ਰਹਿੰਦਿਆਂ ਨਛੱਤਰ .....ਦੇ ਦਮਨਕਾਰੀ ਸੁਭਾਅ ਨੂੰ ਪਛਾਣਦਾ ਹੈ।

ੳ) ਦਲਿਤ ਵਰਗ

ਅ) ਉੱਚ ਵਰਗ

ੲ) ਮੱਧਵਰਗ

ਸ) ਨਿਮਨਵਰਗ

10. ਬੇਘਰੇ' ਕਹਾਣੀ ...... ਦੇ ਸਮੇਂ ਦੀ ਘਿਣਾਉਣੀ ਸਮਾਜਿਕ ਹਾਲਤ ਨੂੰ ਪ੍ਰਗਟਾਉਦੀ ਹੈ।

ੳ) ਸਮਕਾਲ

ਅ) ਮੱਧਕਾਲ

ੲ) ਦੇਸ਼ ਵੰਡ

ਸ) ਪੰਜਾਬ ਸੰਕਟ

11. ਸਦੀਆਂ ਪੁਰਾਣੀ ਜਾਤ-ਪਾਤ ਵਿਵਸਥਾ ਦੀ ਇੱਕ ਸਮੱਸਿਆਂ ਨੂੰ ..... ਕਹਾਣੀ ਰਾਹੀਂ ਪੇਸ਼ ਕੀਤਾ ਗਿਆ।

ੳ) ਹਾਰ-ਜਿੱਤ

ਅ) ਬੇਘਰੇ

ੲ) ਫੁੱਲ ਦੀ ਮੌਤ

ਸ) ਤੀਲ੍ਹਾ ਤੀਲ੍ਹਾ

12. 'ਬੇਘਰੇ', 'ਪੈਰਾਂ ਹੇਠਲੀ ਜਮੀਨ' ਅਤੇ 'ਹਾਰ ਜਿੱਤ' ਕਹਾਣੀਆਂ...... ਸੱਭਿਆਚਾਰ ਨਾਲ ਸੰਬੰਧਿਤ ਹਨ।

ੳ) ਸ਼ਹਿਰੀ

ਅ) ਪੇਂਡੂ

ੲ) ਮਹਾਂਨਗਰੀ

ਸ) ਪਰਵਾਸੀ

13. ਕਿਸ ਲਹਿਰ ਦਾ ਪ੍ਰਭਾਵ ਕਬੂਲਦਿਆ ਨਛੱਤਰ ਨੇ ਆਪਣੀ ਸਿਰਜਣਾਤਮਕਤਾ ਰਾਹੀਂ ਦੱਬੇ ਕੁਚਲੇ ਲੋਕਾਂ ਨੂੰ ਨਿਆਂ ਦਿਵਾਉਣਾ ਆਪਣੀ ਰਨਚਾਤਮਕਤਾ ਦਾ ਮਕਸਦ ਧਾਰ ਲਿਆ?

ੳ) ਨਕਸਲਵਾਦੀ

ਅ) ਮਾਰਕਸਵਾਦੀ

ੲ) ਪ੍ਰਗਤੀਵਾਦੀ

ਸ) ਨਾਰੀਵਾਦੀ

14. ਨਛੱਤਰ ਨੇ ਕਿਹੜੇ ਸਾਲ ਸੈਂਟਰਲ ਬੈਂਕ ਵਿਚ ਨੌਕਰੀ ਕਰਨੀ ਸ਼ੁਰੂ ਕੀਤੀ?

ੳ) 1969

ਅ) 1970

ੲ) 1971

ਸ) 1976

15. ਨਛੱਤਰ ਕਿਹੜੇ ਇਲਾਕੇ ਦਾ ਜੰਮਪਲ ਹੈ?

ੳ) ਮਾਝਾ

ਅ) ਦੁਆਬਾ

ੲ) ਮਾਲਵਾ

ਸ) ਪੁਆਧ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੳ** | **2 ਅ** | **3.ੲ** | **4. ਸ** | **5. ੳ** |
| **6. ਅ** | **7. ੳ** | **8. ਅ** | **9. ੲ** | **10. ਸ** |
| **11. ੳ** | **12. ਅ** | **13. ੳ** | **14. ਸ** | **15. ੲ** |

## ਅਭਿਆਸ ਪ੍ਰਸ਼ਨ

1. ਨਛੱਤਰ ਦੇ ਜੀਵਨ ਅਤੇ ਪਰਿਵਾਰਕ ਪਿਛੋਕੜ ਸਬੰਧੀ ਚਰਚਾ ਕਰੋ।
2. ਨਛੱਤਰ ਦੇ ਰਚਨਾ-ਸੰਸਾਰ ਉਪਰ ਨੋਟ ਲਿਖੋ।
3. ਨਛੱਤਰ ਦੀ ਕਹਾਣੀ ਦੇ ਥੀਮਗਤ ਪਾਸਾਰਾਂ ਉਪਰ ਚਾਨਣ ਪਾਓ।
4. ਨਛੱਤਰ ਦੀ ਕਹਾਣੀਆਂ ਵਿੱਚ ਪੇਸ਼ ਦਲਿਤ ਚੇਤਨਾ ਨੂੰ ਕਹਾਣੀ ਵਿਚੋਂ ਮਿਸਾਲਾਂ ਦੇਕੇ ਸਮਝਾਓ।
5. ਨਛੱਤਰ ਦੇ ਗਾਲਪਨਿਕ ਦ੍ਰਿਸ਼ਟੀਕੋਣ ਉਪਰ ਵਿਸਥਾਰ ਸਹਿਤ ਵਿਚਾਰ-ਚਰਚਾ ਕਰੋ।

## Further Reading

- ਬਲਦੇਵ ਸਿੰਘ ਧਾਲੀਵਾਲ, ਆਧੁਨਿਕ ਪੰਜਾਬੀ ਕਹਾਣੀ ਦਾ ਇਤਿਹਾਸ, ਪੰਜਾਬੀ ਸਾਹਿਤ ਅਕਾਦਮੀ, 2004

## Online Links

- https://pa.wikipedia.org/wiki/%E0%A8%A8%E0%A8%9B%E0%A9%B1%E0%A8%A4%E0%A8%B0_(%E0%A8%A8%E0%A8%BE%E0%A8%B5%E0%A8%B2%E0%A8%95%E0%A8%BE%E0%A8%B0)
- http://webopac.puchd.ac.in/w27/Result/w27AcptRslt.aspx?AID=863533&xF=T&xD=0&nS=2

# Unit 05: ਕਹਾਣੀ ਸੰਗ੍ਰਹਿ 'ਇਕੱਤੀ ਕਹਾਣੀਆਂ': ਕਲਾਤਮਕ ਸੰਗਠਨ

*Yaadvinder Kaur, Lovely Professional University*


**ਵਿਸ਼ਾ-ਵਸਤੂ**

**ਉਦੇਸ਼**

**ਜਾਣ-ਪਛਾਣ**

**1.1 ਕਥਾਨਕ**
**1.2 ਪਾਤਰ-ਉਸਾਰੀ**
**1.3 ਵਾਰਤਾਲਾਪ**
**1.4 ਵਾਤਾਵਰਣ**
**1.5 ਸ਼ੈਲੀ**
**1.6 ਭਾਸ਼ਾ**

**ਸਾਰਾਂਸ਼**

**ਕੇਂਦਰੀ ਸ਼ਬਦ**

**ਸਵੈ-ਮੁਲਾਂਕਣ**

**ਸਵੈ-ਮੁਲਾਂਕਣ ਲਈ ਉੱਤਰ**

**ਅਭਿਆਸ ਪ੍ਰਸ਼ਨ**

**ਸੰਦਰਭ ਪੁਸਤਕਾਂ**


## ਉਦੇਸ਼

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

- ਕਹਾਣੀਕਾਰ ਨਛੱਤਰ ਦੇ ਕਹਾਣੀ-ਰਚਨ ਸੰਸਾਰ ਨੂੰ ਸਮਝਣ ਦੇ ਯੋਗ ਹੋਣਗੇ
- ਕਹਾਣੀ ਸੰਗ੍ਰਹਿ 'ਇਕੱਤੀ ਕਹਾਣੀਆਂ' ਵਿਚ ਵਿਅਕਤ ਵਿਭਿੰਨ ਕਲਾਤਮਕ ਜੁਗਤਾਂ ਨੂੰ ਵਾਚਣ ਦੇ ਸਮਰੱਥ ਹੋਣਗੇ
- ਨਛੱਤਰ ਦੀ ਕਹਾਣੀ ਵਿਚਲੀ ਭਾਸ਼ਾ ਅਤੇ ਸ਼ੈਲੀ ਦਾ ਮੁਲਾਂਕਣ ਕਰਨ ਦੇ ਕਾਬਿਲ ਹੋਣਗੇ

ਨਛੱਤਰ ਇਸ 'ਕਹਾਣੀ ਸੰਗ੍ਰਹਿ' ਵਿਚ ਅਭਿਵਿਅਕਤ ਯਥਾਰਥ ਨੂੰ ਪੇਸ਼ ਕਰਨ ਲਈ ਜੋ ਗਲਪੀ-ਵਿਧੀਆਂ ਅਪਣਾਉਂਦਾ ਹੈ, ਉਹ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ। ਜਿੱਥੇ ਕਹਾਣੀ ਦਾ ਵਿਸ਼ਾ ਨਿਵੇਕਲਾ ਤੇ ਉੱਚ ਮਿਆਰ ਹੈ ਉਥੇ ਰੂਪ ਪੱਖੋਂ ਵੀਂ ਕਹਾਣੀ ਵਿਚਾਰਨ ਯੋਗ ਹੈ। ਹਰ ਸਾਹਿਤ ਰੂਪ ਵਿਚ ਦੋ ਪਹਿਲੂ ਹੁੰਦੇ ਹਨ- ਇਕ ਵਸਤੂਗਤ ਤੇ ਦੂਜਾ ਰੂਪਗਤ।ਇਸ ਤਰ੍ਹਾਂ ਇਹ ਕਹਾਣੀ ਪੰਜਾਬ ਦੇ ਅਜੋਕੇ ਯਥਾਰਥ ਦਾ ਚਿੱਤਰਣ ਹੈ। ਅੱਜ ਦੀਆਂ ਬਦਲਦੀਆਂ ਸਥਿਤੀਆਂ ਦੀ ਦਸਤਾਵੇਜ ਹੈ। ਆਰਥਿਕ ਸਥਿਤੀ ਦੇ ਪਰਿਵਰਤਨ ਦੇ ਨਾਲ ਹੀ ਜਾਤ-ਪਾਤ, ਫਿਰਕੂ, ਆਤੰਕਵਾਦ, ਪਰਵਾਸ ਜਿਹੀਆਂ ਸਥਿਤੀਆਂ ਵਿਚ ਫਰਕ ਆਇਆ ਹੈ। ਨਿਵੇਕਲੇ ਵਿਸ਼ਿਆਂ ਨੂੰ ਨਛੱਤਰ ਨੇ ਨਿਵੇਕਲੇ ਢੰਗ ਨਾਲ ਬਿਆਨ ਕੀਤਾ ਹੈ।ਜਿਸ ਦਾ ਵਿਚਾਰ ਇਸ ਪ੍ਰਕਾਰ ਹੈ।

## 1.1 ਕਥਾਨਕ

ਗੋਂਦ ਜਾਂ ਪਲਾਟ ਦਾ ਮਤਲਬ ਕਹਾਣੀ ਵਿਚ ਆਈਆਂ ਘਟਨਾਵਾਂ ਤੋਂ ਹੈ। ਭਾਵੇਂ ਅੱਜ ਦਾ ਕਹਾਣੀਕਾਰ ਆਪਣੀਆਂ ਸਾਰੀਆਂ ਘਟਨਾਵਾਂ ਨੂੰ ਸਰੀਰਕ ਰੂਪ ਵਿਚ ਵਾਪਰਦੀਆਂ ਨਹੀਂ ਵਿਖਾਉਦਾ, ਸਗੋਂ ਮਨੋਵਿਗਿਆਨਕ ਵਿਧੀ ਰਾਹੀਂ ਕੁਝ ਪਾਤਰਾਂ ਦੇ ਮਨ ਵਿਚ ਉਨ੍ਹਾਂ ਦੇ ਵਾਪਰਨ ਨੂੰ ਚਿਤਾਰਦਾ ਹੈ। ਪਰ ਫਿਰ ਵੀ ਕਹਾਣੀ ਵਿਚ ਗੋਂਦ ਦੀ ਅਹਿਮੀਅਤ ਬਰਕਰਾਰ ਹੈ। ''ਗੋਂਦ, ਗੂੰਦ ਵਾਂਗ, ਕਹਾਣੀ ਦੇ ਵੱਖੋ-ਵੱਖਰੇ ਤੱਤਾਂ ਨੂੰ ਜੋੜਨ ਦੇ ਕੰਮ ਆਉਦੀ ਹੈ। ਇਹ ਉਹ ਸੂਈ ਹੈ ਜੋ ਵੱਖੋ-ਵੱਖਰੇ ਰੰਗਾਂ ਦੇ ਫੁੱਲਾਂ ਨੂੰ ਧਾਗੇ ਵਿਚ ਪਰੋ ਕੇ ਇਕ ਕਹਾਣੀ ਦਾ ਸੁੰਦਰ ਜਿਹਾ ਹਾਰ ਤਿਆਰ ਕਰ ਵਿਖਾਉਦੀ ਹੈ।'' ਇਹ ਗੋਂਦ ਹੀ ਹੈ ਜੋ ਪਾਤਰ ਪ੍ਰਧਾਨ ਕਹਾਣੀ ਨੂੰ ਇਕ ਕਲਾਤਮਕ ਗੋਲ਼ਾਈ ਬਖ਼ਸ਼ ਕੇ ਉਸ ਨੂੰ ਖ਼ਾਕਾ ਬਣਨੋ ਬਚਾ ਲੈਂਦੀ ਹੈ। ਆਰ.ਪੀ. ਜੈਪਸਨ (R.P. Jepson) ਦਾ ਵਿਚਾਰ ਹੈ; ''ਜੇਕਰ ਗੋਂਦ ਨਹੀਂ ਹੈ ਤਾਂ ਕਹਾਣੀ ਦੀ ਕੋਈ ਹੋਂਦ ਨਹੀਂ।'' ਪਲਾਟ ਅਸਲ ਵਿਚ ਅਮਲਾਂ ਜਾਂ ਘਟਨਾਵਾਂ ਦਾ ਸੰਗ੍ਰਹਿ ਹੁੰਦਾ ਹੈ ਜੋ ਕਹਾਣੀ ਦੇ ਪਾਤਰ ਕਰਦੇ ਜਾਂ ਉਨ੍ਹਾਂ ਨਾਲ ਵਾਪਰਦੇ ਹਨ, ਕਿਉਕਿ ਇਹ ਕਹਾਣੀ ਦੇ ਨਿਯਤ ਪਾਤਰਾਂ ਨਾਲ ਸਬੰਧ ਰੱਖਦੇ ਹਨ, ਇਸ ਕਰਕੇ ਖਿਲਰੇ-ਪੁਲਰੇ ਨਹੀਂ ਹੋ ਸਕਦੇ। ਅਸਲ ਵਿਚ ਨਾਵਲ ਤੇ ਕਹਾਣੀ ਦਾ ਪ੍ਰਚਾਰ ਵਧਾਉਣ ਵਾਲਾ ਜੁਜ਼ ਬਹੁਤਾ ਇਹ ਅਮਲ ਹੀ ਹਨ। ਦੇਖਿਆ ਜਾ ਰਿਹਾ ਹੈ ਕਿ ਕਹਾਣੀ ਵਿਚ ਪਲਾਟ ਦੇ ਤੱਤ ਉੱਕਾ ਹੀ ਉਡਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਐਕਸ਼ਨ ਜਾਂ ਅਮਲ ਤੋਂ ਬਿਨਾਂ ਕੋਈ ਕਹਾਣੀ, ਕਹਾਣੀ ਨਹੀਂ ਹੋ ਸਕਦੀ। ਇਸ ਤੋਂ ਬਿਨਾਂ ਇਹ ਲੇਖ, ਸੁਭਾਅ, ਚਿੱਤਰ, ਆਰਟੀਕਲ ਜਾਂ ਇਕ 'ਚੰਗੀ ਚੀਜ਼' ਹੋ ਸਕਦੀ ਹੈ, ਕਹਾਣੀ ਨਹੀਂ।

ਨਛੱਤਰ ਦੀਆਂ ਕਹਾਣੀਆਂ ਦੇ ਪਲਾਟ ਬਹੁਤ ਵਿਲੱਖਣ ਤੇ ਰੋਚਕ ਹੈ। ਨਛੱਤਰ ਨੇ ਕਥਾ ਬਿਰਤਾਂਤ ਦੀ ਸਿਰਜਣਾ ਕਰਦਿਆਂ ਲਕੀਰੀ ਬਿਰਤਾਂਤ ਦੀ ਵਰਣਨਾਤਮਕ ਜੁਗਤਾਂ ਨੂੰ ਨਹੀਂ ਅਪਣਾਉਂਦਾ ਹੈ। ਉਹ ਕਹਾਣੀਆਂ ਵਿੱਚ ਕਈ ਥਾਂਈ ਫਲੈਸ਼ ਬੈਕ ਵਿਧੀ ਦੀ ਵਰਤੋਂ ਕਰਦਾ ਹੈ। ਉਹ ਫਲੈਸ਼ ਬੈਕ ਵਿਧੀ ਰਾਹੀਂ ਭੂਤ ਅਤੇ ਵਰਤਮਾਨ ਦੇ ਦਵੰਦਾਂ, ਤਣਾਵਾਂ ਅਤੇ ਟਕਰਾਵਾਂ ਨੂੰ ਜਟਿਲ ਬਣਾਉਂਦਾ ਹੈ। ਉਸ ਦੀ ਕਥਾ ਚੇਤਨਾ ਵਿਚ ਸੰਰਚਨਾ ਪ੍ਰਤੀ ਵਿਸ਼ੇਸ਼ ਸੁਚੇਤਤਾ ਦਾ ਪਹਿਲੂ ਹੈ। ਇਹ ਬਦਲ ਰਿਹਾ ਯਥਾਰਥ ਤਾਂ ਵਿਸਤਿਰਤ ਰੂਪ ਵਿਚ ਸਮਕਾਲੀਨ ਪੰਜਾਬੀ ਕਹਾਣੀਆਂ ਵਿਚ ਪੇਸ਼ ਕਰਨ ਲਈ ਜੋ ਗਲਪੀ ਵਿਧੀ ਬਣਾਉਂਦਾ ਹੈ ਉਹ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ।ਉਹ ਆਦਰਸ਼ਵਾਦੀ-ਸੰਚਾਰ ਦਾ ਕਾਇਲ ਨਹੀਂ, ਨਿਰੋਲ ਯਥਾਰਥ ਨਾਲ ਜੁੜਦਾ ਹੈ, ਇਸ ਲਈ ਪਾਤਰਾਂ ਦੀ ਸਾਧਾਰਨਤਾ ਨੂੰ ਉਹਨਾਂ ਦੇ ਅਸਤਿਤਵ ਵਿਚੋਂ ਪੇਸ਼ ਕਰਨ ਦਾ ਯਤਨ ਕਰਦਾ ਹੈ।ਬੇਸ਼ੱਕ ਨਛੱਤਰ ਆਪਣੀ ਕਹਾਣੀ ਕਹਿਣ ਦੀ ਕਲਾ ਸਦਕਾ 'ਕਾਲ ਦਾ ਅਹਿਸਾਸ' ਨਹੀਂ ਹੁੰਦਾ, ਉਹ ਸਮੱਸਿਆਵਾਂ, ਪ੍ਰਸਥਿਤੀਆਂ ਦੇ ਘਟਨਾ-ਪ੍ਰਬੰਧ ਨੂੰ ਸਪੇਸ ਦਿੰਦਾ ਹੈ। ਜਿਸ ਸਦਕਾ ਕਾਲ ਦੇ ਵਪਾਰ ਦਾ ਅਹਿਸਾਸ ਪਾਠਕ ਦੀ ਰੋਚਿਕਤਾ ਨੂੰ ਭੰਗ ਨਹੀਂ ਹੋਣ ਦਿੰਦਾ ਕਿਉਂਕਿ ਉਹ ਸਮਕਾਲੀ ਮਨੁੱਖ ਦੀ ਮਾਨਸਿਕ ਗੁੰਝਲਾਂ ਵਿਚ ਪਈ ਪ੍ਰਕਿਰਤੀ, ਭੋਇੰ, ਰਿਸ਼ਤਿਆਂ ਵਿਚ ਜਾਦਗੀ ਕਾਮੁਕਤਾ ਦਾ ਬਿਆਨ ਦੇਣੋ ਨਹੀਂ ਖੁੰਝਦਾ।

## 1.2 ਪਾਤਰ-ਉਸਾਰੀ

ਪਾਤਰ ਵੀਂ ਨਾਵਲ ਦਾ ਮੁੱਖ ਤੱਤ ਹਨ ਜੋ ਮੁਖ ਪਾਤਰ ਦੇ ਆਲੇ ਦੁਆਲੇ ਫਿਰਦੇ ਹਨ।ਜਿਵੇਂ ਸਭ ਤਾਰੇ ਧਰੁਵ ਤਾਰੇ ਦੇ ਗਿਰਦ ਘੁੰਮਦੇ ਰਹਿੰਦੇ ਹਨ।ਇਸ ਤਰ੍ਹਾਂ ਮੁਖ ਪਾਤਰ ਇਸ ਦਾ ਕੇਂਦਰ ਬਣਦਾ ਹੈ ਅਤੇ ਪਾਠਕ ਦੀ ਰੋਚਕਤਾ ਦਾ ਫੋਕਸ। ਇਸ ਦੀ ਗਤੀ ਨਾਲ ਕਹਾਣੀ ਤੁਰਦੀ ਤੇ ਵੱਲ ਖਾਂਦੀ ਹੈ। ਇਸ ਕਾਰਨ ਪਾਤਰਾਂ ਤੇ ਪਾਤਰਾਂ ਦੁਆਰਾ ਕ੍ਰਿਆਸ਼ੀਲ ਸ਼ਕਤੀਆਂ ਨੂੰ ਦੋ ਧੜਿਆਂ ਵਿਚ ਵੰਡਿਆਂ ਜਾਂਦਾ ਹੈ। ਇਕ ਉਹ ਜੋ ਨਾਇਕ ਦੇ ਪੱਖ ਵਿਚ ਹੋਣ ਤੇ ਦੂਜਾ ਉਹ ਜੋ ਉਸ ਦੇ ਵਿਰੋਧ ਵਿਚ ਹੋਣ ਤੇ ਦੂਜੇ ਵਿਰੋਧ ਵਿਚ ਹੋਣ।ਸਾਰੇ ਪਾਤਰ ਦੋ ਤਰ੍ਹਾਂ ਦੇ ਹੁੰਦੇ ਹਨ- ਚਪਟੇ ਪਾਤਰ ਅਤੇ ਗੋਲ ਪਾਤਰ ।

ਚਪਟੇ ਪਾਤਰ ਇਕੋ ਸੰਕਲਪ ਜਾਂ ਝਲਕ ਵਿਚ ਪ੍ਰਤੱਖ ਹੋ ਜਾਂਦੇ ਹਨ। ਉਨ੍ਹਾਂ ਦੇ ਇਕ ਦੋ ਲੱਛਣ ਝੱਟ ਜਾਣੇ ਜਾਂਦੇ ਹਨ।ਬੱਚੇ, ਬੁੱਢੇ ਤੇ ਘੱਟ ਬੁੱਧੀ ਵਾਲੇ ਪਾਤਰ ਇਸ ਤਰ੍ਹਾਂ ਚਿਤਰੇ ਜਾਂਦੇ ਹਨ। ਹਰ ਗੱਲ ਜਾਂ ਕੰਮ ਵਿਚ ਉਹੀ ਲੱਛਣ ਜਾਂ ਗੱਲਾਂ ਨੂੰ ਬਾਰ ਬਾਰ ਪ੍ਰਗਟ ਰਹਿੰਦੇ ਹਨ।ਸਥਿਤੀ ਦੇ ਬਦਲਣ ਨਾਲ ਉਨ੍ਹਾਂ ਵਿਚ ਕੋਈ ਤਬਦੀਲੀ ਨਹੀਂ ਆਉੇਂਦੀ। ਚਪਟੇ ਪਾਤਰ ਨਾਵਲ ਵਿਚ ਘੱਟ ਤੋਂ ਘੱਟ ਹੁਣੇ ਚਾਹੀਦੇ ਹਨ।

ਗੋਲ ਪਾਤਰ ਬਹੁਪੱਖੀ ਜਾਂ ਗੋਲ ਪਾਤਰ, ਗੋਲ ਵਸਤ, ਚੌਪਾਏਂ ਪਸ਼ੂ ਜਾਂ ਇਮਾਰਤ ਵਾਂਗ ਇਕੋ ਵਾਰ ਸਾਰੇ ਦੇ ਸਾਰੇ ਨਜ਼ਰ ਨਹੀ ਆ ਸਕਦੇ।ਕਈ ਵਾਰ ਦੇਖ ਕੇ ਕੋਈ ਮੱਤ ਬਣਾਈ ਜਾਂ ਸਕਦੀ ਹੈ। ਅੰਤ ਤੱਕ ਉਸ ਦੀ ਜਾਣਕਾਰੀ ਦੀ ਸੰਭਾਵਨਾ ਬਣੀ ਰਹਿੰਦੀ ਹੈ ਤਦ ਹੀਂ ਅੰਤਿਮ ਰਾਏ ਜਾ ਕੇ ਬਣਦੀ ਹੈ। ਮੱਖ ਪਾਤਰ ਵਿਸ਼ੇਸ਼ ਕਰਕੇ ਨਾਇਕ, ਨਾਇਕਾ, ਪ੍ਰਤੀਨਾਇਕ ਓਤੇ ਪ੍ਰਤੀਨਾਇਕਾ ਗੋਲ ਪਾਤਰ ਹੁੰਦੇ ਹਨ।

ਨਛੱਤਰ ਦਾ ਕਹਾਣੀ ਸੰਗ੍ਰਹਿ 'ਇਕੱਤੀ ਕਹਾਣੀਆਂ' ਪਾਤਰ-ਉਸਾਰੀ ਪੱਖੋਂ ਸਫਲ ਹੈ। ਨਛੱਤਰ ਵਿਭਿੰਨ ਜੁਗਤਾਂ ਰਾਹੀਂ ਪਾਤਰ ਉਸਾਰੀ ਕਰਦਾ ਹੈ। ਕਹਾਣੀਆਂ ਦੀ ਪਾਤਰ ਉਸਾਰੀ ਵਿਚ ਲੇਖਕ ਨੇ ਪਾਤਰਾਂ ਦਾ ਚਿਤਰਨ ਕਿਤੇ ਵਾਰਤਾਲਾਪਾਂ ਰਾਹੀ ਤੇ ਕਿਤੇ ਉਸ ਨੇ ਬਿਆਨਾ ਰਾਹੀ ਕੀਤੀ ਹੈ। ਉਸਨੇ ਪਾਤਰਾਂ ਦੇ ਮਨੋਵਿਸ਼ਲੇਸ਼ਣ ਬੜੀ ਸਫਲਤਾਪੂਰਵਕ ਸਿਰਜਿਆ ਹੈ। ਕਹਾਣੀ 'ਰੇਤ 'ਚ ਨਹਾਉਂਦੀਆਂ ਚਿੜੀਆਂ' ਵਿੱਚ ਪਾਤਰ ਸਿੰਕਦਰ ਦੀ ਮਾਨਸਿਕ ਅਵਸਥਾ ਨੂੰ ਮਿਸਾਲ ਵਜੋਂ ਦੇਖਿਆ ਜਾ ਸਕਦਾ ਹੈ;

> ਸਿੰਕਦਰ ਮਿੰਨੀ ਨੂੰ ਮਾਰਨਾ ਤਾਂ ਚਾਹੁੰਦਾ ਸੀ ਪਰ ਉਸਨੇ ਅਜਿਹਾ ਕੁਝ ਵੀ ਨਹੀਂ ਸੀ ਸੋਚਿਆ ਜਿਸ ਨਾਲ ਉਸ ਦਾ ਚਿਹਰਾ-ਮੁਹਰਾ ਹੀ ਵਿਗੜ ਜਾਏ। ਉਹ ਤਾਂ ਚਾਹੁੰਦਾ ਸੀ ਕਿ ਸੁੱਤੇ ਪਿਆਂ ਹੀ ਮਿੰਨੀ ਦੇ ਸਾਹ ਨਿਕਲ ਜਾਣ। ਇਸ ਤਰ੍ਹਾਂ ਨਾ ਤਾਂ ਉਸ ਨੂੰ ਸਰੀਰਕ ਪੱਖੋਂ ਕੁਝ ਹੋਣਾ ਸੀ ਅਤੇ ਨਾ ਹੀ ਕੋਈ ਰੌਲਾ ਪੈਣ ਦਾ ਡਰ।

ਮਾਨਸਿਕ ਚਿਤਰਨ ਦੀ ਪੇਸ਼ਕਾਰੀ ਨਾਲ ਪਾਤਰਾਂ ਤੇ ਵਿਸ਼ੇ ਦੀ ਸਥਿਤੀਆਂ ਦਾ ਡੂੰਘਾ ਅਧਿਐਨ ਹੁੰਦਾ ਹੈ। ਇਸ ਤੋਂ ਇਲਾਵਾ ਲੇਖਕ ਨੇ ਪਾਤਰਾਂ ਦੀ ਉਸਾਰੀ ਵਾਰਤਾਲਾਪ ਰਾਹੀਂ ਕੀਤੀ ਹੈ।ਵਾਰਤਾਲਾਪ ਬਹੁਤ ਸਹਿਜ ਹਨ, ਢੁਕਵੇਂ ਹਨ ਜੋ ਨਿਰੰਤਰ ਰੂਪ ਵਿਚ ਪਾਤਰ ਉਸਾਰੀ ਕਰਦੇ ਅੱਗੇ ਵੱਧਦੇ ਜਾਂਦੇ ਹਨ। ਇਹਨਾਂ ਕਹਾਣੀਆਂ ਵਿਚਲੇ ਸਾਰੇ ਪਾਤਰ ਗਤੀਸ਼ੀਲ ਹਨ। ਕੋਈ ਵੀ ਪਾਤਰ ਕਿਸੇ ਵੀ ਕਹਾਣੀ ਵਿੱਚ ਵਾਧੂ ਨਹੀਂ ਲੱਗਦਾ। ਪਾਤਰ ਸਥਿਤੀਆਂ ਅਨੁਸਾਰ ਚੰਗੇ ਮਾੜੇ ਕਿਰਦਾਰਾਂ ਵਿਚ ਪਰਿਵਰਤਿਤ ਹੁੰਦੇ ਸਹਿਜੇ ਹੀ ਨਜ਼ਰ ਆਉਂਦੇ ਹਨ।

## 1.3 ਵਾਰਤਾਲਾਪ

ਕਹਾਣੀ ਨੇ ਯਥਾਰਥਕ ਪ੍ਰਭਾਵ ਪਾਉਣਾ ਹੁੰਦਾ ਹੈ, ਇਸ ਲਈ ਅਸੀਂ ਜ਼ਿੰਦਗੀ ਦਾ ਕਾਫੀ ਹਿੱਸਾ ਗੱਲਾਂ-ਬਾਤਾਂ (ਵਾਰਤਾਲਾਪ) ਰਾਹੀਂ ਹੀ ਗੁਜ਼ਾਰਦੇ ਹਾਂ। ਸੁਰਿੰਦਰ ਸਿੰਘ ਨਰੂਲਾ ਦਾ ਕਹਿਣਾ ਠੀਕ ਹੈ; ''ਕਿਸੇ ਨਿੱਕੀ ਕਹਾਣੀ ਦੀ ਸਫ਼ਲਤਾ ਜਾਂ ਅਸਫ਼ਲਤਾ ਦਾ ਅੰਦਾਜ਼ਾ ਸਹਿਜੇ ਹੀ ਉਸ ਵਿਚ ਵਾਪਰੀ ਗੱਲਬਾਤ ਤੋਂ ਦਰਸਾਇਆ ਜਾ ਸਕਦਾ ਹੈ।'' ਉਹੀ ਕਹਾਣੀ ਪਾਠਕ ਦੇ ਮਨ ਨੂੰ ਵਧੇਰੇ ਟੁੰਬਦੀ ਹੈ ਜਿਸ ਵਿਚ ਵਾਰਤਾਲਾਪਾਂ 'ਤੇ ਲੇਪ ਨਾ ਚੜ੍ਹਿਆ ਹੋਵੇ, ਬਲਕਿ ਕੁਦਰਤੀ ਹੋਣ। ''ਕਹਾਣੀ ਵਿਚ ਵਾਰਤਾਲਾਪ ਕੁਦਰਤੀ, ਯਥਾਰਥਕ ਅਤੇ ਪਾਤਰਾਂ ਦੇ ਸੁਭਾਅ ਅਨੁਸਾਰ ਹੋਣਾ ਚਾਹੀਦਾ ਹੈ।'' ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜੀਵਨ ਅਨੁਭਵ ਦੀਆਂ ਬਾਰੀਕ ਖ਼ੂਬੀਆਂ ਦਾ ਮਾਲਕ ਹੀ ਵਧੇਰੇ ਯਥਾਰਥਕ ਪਾਤਰ ਸਿਰਜ ਸਕਦਾ ਹੈ। ਭਾਵੁਕਤਾ ਤੇ ਸੁਭਾਅ ਪੱਖੋਂ ਔਰਤ ਕੁਦਰਤ ਨੂੰ ਸਮਝਣ ਲਈ ਵਧੇਰੇ ਨੇੜੇ ਹੈ। ਸ਼ਾਇਦ ਇਹੀ ਕਾਰਨ ਹੈ ਕਿ ਕੁਦਰਤੀ ਵਾਰਤਾਲਾਪ ਤੇ ਯਥਾਰਥਕਤਾ ਨੂੰ ਸਿਰਜਣ ਦੇ ਮਾਮਲੇ ਵਿਚ ਇਸਤਰੀ-ਕਹਾਣੀਕਾਰ, ਮਰਦ-ਕਹਾਣੀਕਾਰਾਂ ਨਾਲੋਂ ਅੱਗੇ ਜਾਪਦੇ ਹਨ। ਅਜੀਤ ਕੌਰ, ਦਲੀਪ ਕੌਰ ਟਿਵਾਣਾ, ਵੀਨਾ ਵਰਮਾ, ਬਚਿੰਤ ਕੌਰ ਆਦਿ ਦੀਆਂ ਕਹਾਣੀਆਂ ਵਿਚਲੇ ਵਾਰਤਾਲਾਪ ਬੜੇ ਯਥਾਰਥਕ ਹੁੰਦੇ ਹਨ। ਭਾਵੇਂ ਵਾਰਤਾਲਾਪ ਲਈ ਵਰਤੀ ਜਾਣ ਵਾਲੀ ਸ਼ਬਦਾਵਲੀ 'ਤੇ ਕੋਈ ਬੰਦਿਸ਼ ਨਹੀਂ, ਪਰ ਇਹ ਪਾਤਰਾਂ ਦੇ ਸੁਭਾਅ, ਲਿਆਕਤ, ਪਦਵੀ ਅਤੇ ਲੋੜ ਅਨੁਸਾਰ ਹੋਣੀ ਚਾਹੀਦੀ ਹੈ।

ਨਛੱਤਰ ਦੇ ਕਹਾਣੀ ਸੰਗ੍ਰਹਿ 'ਇਕੱਤੀ ਕਹਾਣੀਆਂ' ਵਿੱਚ ਸਿਰਜੇ ਵਾਰਤਾਲਾਪ ਚੁਸਤ, ਰੋਚਕ ਅਤੇ ਫੁਰਤੀਲੇ ਹਨ। ਇਹਨਾਂ ਦੀ ਸੁਚੱਜੀ ਵਰਤੋਂ ਸਦਕਾ ਕਹਾਣੀਆਂ ਵਿਚ ਨਾਟਕੀ ਰੰਗਤ ਪੈਦਾ ਹੋ ਜਾਂਦੀ ਹੈ ਜੋ ਪਾਠਕ ਦੇ ਕਹਾਣੀ ਰਸ ਵਿਚ ਵਾਧਾ ਕਰ ਦਿੰਦਾ ਹੈ ਅਤੇ ਉਹਨਾਂ ਨੂੰ ਘਟਨਾ ਕ੍ਰਮ ਸਜੀਵ ਪ੍ਰਤੀਤ ਹੋਣ ਲੱਗਦਾ ਹੈ। ਕਹਾਣੀਆਂ ਵਿਚਲੇ ਵਾਰਤਾਲਾਪ ਬਨਾਵਟੀਪਣ ਤੋਂ ਮੁਕਤ ਹਨ ਅਤੇ ਨਛੱਤਰ ਨੇ ਇਹਨਾਂ ਨੂੰ ਪਾਤਰਾਂ ਦੇ ਸੁਭਾਅ, ਵਿਸ਼ੇ, ਉਦੇਸ਼ ਆਦਿ ਦੇ ਬਿਲਕੁਲ ਅਨੁਕੂਲ ਘੜਿਆ ਹੈ।

ਕਹਾਣੀਆਂ ਵਿਚਲੇ ਵਾਰਤਾਲਾਪਾਂ ਦੇ ਪੱਖ ਤੋਂ ਨਛੱਤਰ ਦੀ ਕਹਾਣੀ ਕਲਾ ਦੀ ਜੋ ਵਿਲੱਖਣਤਾ ਉਭਰ ਕੇ ਸਾਹਮਣੇ ਆਉਂਦੀ ਹੈ ਉਹ ਇਹ ਹੈ ਕਿ ਪਾਤਰਾਂ ਦੇ ਵਾਰਤਾਲਾਪਾਂ ਦੇ ਉਪਰੰਤ ਉਸ ਵਲੋਂ ਸਿਰਜੀ ਗਈ ਬਿਆਨਮੂਲਕ ਬਿਰਤਾਂਤ ਦੀ ਵਿਧੀ ਬਹੁਤ ਹੀ ਭਾਵਪੂਰਤ ਅਤੇ ਬਾਕਮਾਲ ਹੈ ਜੋ ਨਿਰਸੰਦੇਹ ਸਬੰਧਿਤ ਸਥਿਤੀਆਂ ਦਾ ਸਪੱਸ਼ਟੀਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਦੀ ਇਕ ਮਿਸਾਲ ਨਿਮਨਲਿਖਤ ਅਨੁਸਾਰ ਹੈ;

> "ਦੇਖ ਭਾਈ ਸਾਰੀ ਕਬੀਲਦਾਰੀ ਹੁਣ ਤੇਰੇ ਈ ਸਿਰ ਆ। ਤੇਰਾ ਬਾਪੂ ਤਾਂ ਹੁਣ ਨਾ ਹੋਇਆਂ ਬਰੋਬਰ ਆ। ਹੁਣ ਤੂੰ ਈ ਨਾਨਕ-ਛੱਕ ਭੁਗਤੌਣੀ ਆ," ਪਿੰਡ ਆਉਂਦਿਆਂ ਹੀ ਮਾਂ ਦੇ ਆਖੇ ਇਹ ਬੋਲ ਉਸਦੇ ਕੰਨਾਂ ਵਿਚ ਗੂੰਜੀ ਜਾ ਰਹੇ ਸਨ। ਉਹ ਤਾਂ ਬੱਸ ਨੀਵੀਂ ਪਾਈ ਬੈਠਾ ਸਭ ਕੁਝ ਸੁਣੀ ਜਾਂਦਾ ਰਿਹਾ।
>
> "ਪਿਛਲੇ ਘਰਾਂ 'ਚੋ ਬਖੌਤਰੇ ਕੇ ਵੀ ਨਾਨਕ-ਛੱਕ ਭੁਗਤਾ ਕੇ ਆਏ ਨੇ। ਪੂਰੇ ਸਰੀਕੇ 'ਚ ਬੈਹ-ਜਾ ਬੈਹ-ਜਾ ਹੋਈ ਪਈ ਆ। ਵਿਆਹੁਲੇ ਮੁੰਡੇ ਨੂੰ ਘੜੀ, ਛਾਪ ਤੇ ਗਰਮ ਪੈਂਟ ਕੋਟ। ਬਹੂ ਨੂੰ ਛਾਪ, ਕਾਂਟੇ ਤੇ ਟਿੱਕਾ। ਕੁੜੀ-ਪ੍ਰਾਹੁਣੇ ਨੂੰ ਉਂਗਲ ਧਰ ਕੇ ਪੜਵਾਏ ਹੋਏ ਸੂਟ। ਏਸ ਤੋਂ ਬਿਨਾਂ ਹੋਰ ਖਬਨੀ ਕੀ ਕੀ ਨਿੱਕੜ-ਸੁੱਕੜ ਦਿੱਤਾ। ਸਰੀਕੇ ਆਲੇ ਤਾਂ ਭਾਈ ਅੱਖਾਂ ਅੱਡ ਦੇਖਦੇ ਹੀ ਰੈਹ ਗੇ।" ਬਿਨਾਂ ਰੁਕਿਆ ਮਾਂ ਦੀ ਗੱਲ ਜਾਰੀ ਸੀ। ਪਰ ਉਹ ਤਾਂ ਇਕ ਮੂਕ ਦਰਸ਼ਕ ਬਣਿਆ ਬੈਠਾ ਚੁਪ-ਚਾਪ ਸਭ ਕੁਝ ਸੁਣਦਾ ਰਿਹਾ।
>
> "ਟੂੰਮਾਂ ਤਾਂ ਭਾਈ ਇਕ ਦੋ ਆਪਾਂ ਨੂੰ ਵੀ ਕਰੌਣੀਆਂ ਪੈਣੀਆਂ," ਕੁਝ ਪਲ ਚੁੱਪ ਰਹਿਣ ਤੋਂ ਬਾਅਦ ਮਾਂ ਫੇਰ ਬੋਲੀ।
>
> ਪਲ ਦੀ ਪਲ ਉਸ ਨੇ ਮਾਂ ਦੇ ਚਿਹਰੇ ਵਲ ਦੇਖਿਆ ਪਰ ਉਹ ਬਹੁਤੇ ਚਿਰ ਤਕ ਆਪਣੀਆਂ ਨਜ਼ਰਾਂ ਮਾਂ ਨਾਲ ਮਿਲਾ ਨਾ ਸਕਿਆ।

ਕਹਾਣੀਆਂ ਦੇ ਲਗਭਗ ਸਾਰੇ ਵਾਰਤਾਲਾਪ ਪਾਤਰ ਦੀ ਮਾਨਸਿਕ ਸਥਿਤੀਆਂ ਨੂੰ ਧਿਆਨ ਵਿਚ ਰੱਖ ਕੇ ਕੀਤੇ ਗਏ ਹਨ। ਇਸ ਤੋਂ ਇਲਾਵਾਂ ਦੇਖਿਆ ਸਪੱਸ਼ਟ ਹੁੰਦਾ ਹੈ ਕਿ ਪਾਤਰਾਂ ਦੇ ਵਾਰਤਾਲਾਪਾਂ ਦੇ ਦੌਰਾਨ ਉਹਨਾਂ ਦੇ ਉਪਭਾਸ਼ਾਈ ਅਤੇ ਵਿਅਕਤੀਗਤ ਰੰਗਣ ਵਾਰਤਾਲਾਪਾਂ ਨੂੰ ਸੰਪੂਰਨਤਾ ਅਤੇ ਸਜੀਵਤਾ ਪ੍ਰਦਾਨ ਕਰਦੇ ਹਨ;

> "ਐਡੀ ਦੂਰ ਆਉਣਾ ਜਾਣਾ ਕੇਹੜਾ ਸੌਖਾ ਏ। ਸਾਲਾ ਕਿਰਾਇਆ ਹੀ ਨ੍ਹੀਂ ਮਾਨ। ਤੇ ਫੇਰ 'ਕੱਲਾ ਕਮਾਉਣ ਵਾਲਾ ਤੇ ਖਾਣ ਵਾਲਿਆਂ ਦੀ ਲੰਮੀ ਡਾਰ। ਮਕਾਨ ਦਾ ਕਿਰਾਇਆ ਈ ਪੱਟੀ ਨ੍ਹੀਂ ਬੰਨ੍ਹਣ ਦਿੰਦਾ।' ਪਤਾ ਨਹੀ ਉਹ ਕੀ ਕੀ ਸੋਚੀ ਜਾ ਰਿਹਾ ਸੀ। ਉਸਦਾ ਮਨ ਕਰ ਰਿਹਾ ਸੀ ਕਿ ਉਹ ਉਸ ਸਭ ਕੁਝ ਬਾਰੇ ਉਨ੍ਹਾਂ ਨੂੰ ਖੋਲ੍ਹ ਕੇ ਦੱਸੇ, ਪਰ ਉਸਦੀ ਗੱਲ ਤੇ ਤਾਂ ਕਿਸੇ ਨੇ ਇਤਬਾਰ ਹੀ ਨਹੀਂ ਸੀ ਕਰਨਾ।"

## 1.4 ਵਾਤਾਵਰਣ

ਪਾਤਰਾਂ ਨੂੰ ਇਕ ਖ਼ਾਸ ਮਾਹੌਲ/ਵਾਤਾਵਰਣ ਵਿਚ ਵਿਚਰਣਾ ਪੈਂਦਾ ਹੈ। ਵਾਤਾਵਰਣ ਕਹਾਣੀ ਦਾ ਜ਼ਰੂਰੀ ਤੇ ਅਨਿੱਖੜਵਾਂ ਅੰਗ ਹੈ। ਕੋਈ ਕਹਾਣੀ ਵਾਤਾਵਰਣ ਤੋਂ ਬਿਨਾਂ ਲਿਖੀ ਹੀ ਨਹੀਂ ਜਾ ਸਕਦੀ। ਦੇਖਣ ਵਾਲੀ ਇਹ ਗੱਲ ਹੈ ਕਿ ਕਿਸੇ ਘਟਨਾ ਦੇ ਦ੍ਰਿਸ਼ ਦੀ ਪੇਸ਼ਕਾਰੀ ਸਮੇਂ ਕਹਾਣੀ ਵਿਚਲੇ ਪਾਤਰ ਵਾਤਾਵਰਣ ਅਧੀਨ ਹਨ ਜਾਂ ਵਾਤਾਵਰਣ ਪਾਤਰਾਂ ਅਧੀਨ ਹੈ। ''ਕਹਾਣੀ ਵਿਚ ਦ੍ਰਿਸ਼-ਚਿਤਰਣ ਰਾਹੀਂ ਵੀ ਵਾਤਾਵਰਣ ਉਸਾਰਿਆ ਜਾ ਸਕਦਾ ਹੈ ਪਰ ਇਹ ਜ਼ਰੂਰੀ ਹੈ ਕਿ ਇਹ ਦ੍ਰਿਸ਼-ਚਿਤਰਣ, ਦ੍ਰਿਸ਼-ਚਿਤਰਣ ਲਈ ਨਹੀਂ, ਸਗੋਂ ਵਿਸ਼ੇ-ਉਸਾਰੀ ਲਈ ਵਰਤਿਆ ਜਾਵੇ।''ਵਾਤਾਵਰਣ ਦਾ ਸਬੰਧ ਸਥਾਨ, ਸਥਿਤੀ, ਸਮੇਂ ਅਤੇ ਦੇਸ਼ ਨਾਲ ਹੁੰਦਾ ਹੈ। ਹਰ ਕਹਾਣੀ ਵਿਚ ਵਾਤਾਵਰਣ ਦੀ ਪੇਸ਼ਕਾਰੀ ਕਿਸੇ ਨਾ ਕਿਸੇ ਰੂਪ ਵਿਚ ਕਹਾਣੀ ਦੇ ਮੁੱਢ ਨਾਲ ਸ਼ੁਰੂ ਹੁੰਦੀ ਹੈ ਅਤੇ ਅੰਤ ਨਾਲ ਖ਼ਤਮ ਹੁੰਦੀ ਹੈ। ਸੋ ਸਫ਼ਲ ਕਹਾਣੀਕਾਰ ਦੀ ਖ਼ਾਸੀਅਤ ਇਹੀ ਹੁੰਦੀ ਹੈ ਕਿ ਉਹ ਆਪਣੇ ਪਾਠਕਾਂ ਨੂੰ ਕਹਾਣੀ ਪੜ੍ਹਨ ਵੇਲੇ ਮਾਨਸਿਕ ਤੌਰ 'ਤੇ ਵਾਸਤਵਿਕ ਹੋਂਦ ਵਿਚੋਂ ਕੱਢ ਕੇ ਕਹਾਣੀ ਵਾਲੇ ਵਾਤਾਵਰਣ ਵਿਚ ਲੈ ਜਾਵੇ।

ਨਛੱਤਰ ਨੇ ਇਸ ਕਹਾਣੀ ਸੰਗ੍ਰਹਿ 'ਇਕੱਤੀ ਕਹਾਣੀਆਂ' ਦਾ ਦ੍ਰਿਸ਼ ਵਰਣਨ ਦੀ ਦ੍ਰਿਸ਼ਟੀ ਤੋਂ ਅਧਿਐਨ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਉਸ ਨੇ ਆਪਣੀਆਂ ਲਗਭਗ ਸਾਰੀਆਂ ਕਹਾਣੀਆਂ ਵਿੱਚ ਬਾਹਰੀ ਅਤੇ ਅੰਦਰੂਨੀ ਵਾਤਾਵਰਣ ਨੂੰ ਬਾਖ਼ੂਬੀ ਚਿਤਰਿਆ ਹੈ। ਦ੍ਰਿਸ਼ ਦੀ ਸਜੀਵਤਾ ਹੀ ਦਰਅਸਲ ਪਾਠਕ ਦਾ ਕਹਾਣੀ ਰਸ ਟੁੱਟਣ ਨਹੀਂ ਦਿੰਦੀ। ਇਸ ਦਿਸ਼ਾ ਵਿਚ ਵਿਸ਼ੇਸ ਉਚੇਚ ਕਰਦਿਆ ਉਸ ਨੇ ਕਹਾਣੀਆਂ ਵਿੱਚ ਕਈ ਥਾਈਂ-ਥਾਈਂ ਦ੍ਰਿਸ਼ ਦਾ ਸਰੂਪ ਪੇਸ਼ ਕੀਤਾ ਹੈ:-

> ਅਚਾਨਕ ਕੁਝ ਯਾਦ ਆ ਜਾਣ 'ਤੇ ਸਿੰਕਦਰ ਕਾਹਲੇ-ਕਾਹਲੇ ਕਦਮੀਂ ਕਮਰੇ ਅੰਦਰੋਂ ਨਿਕਲ ਬਿਨਾਂ ਖੜਾਕ ਕੀਤੇ ਬਰਾਂਡੇ ਵਿਚੋਂ ਦੀ ਤੁਰਦਾ ਮਿੰਨੀ ਦੇ ਕਮਰੇ ਦੀ ਖੁੱਲ੍ਹੀ ਖਿੜਕੀ ਲਾਗੇ ਜਾ ਖੜ੍ਹਾ। ਉਹ ਬੱਤੀ ਬੰਦ ਕਰਕੇ ਪੈ ਗਈ ਪਰ ਜ਼ੀਰੋ ਵਾਟ ਦੇ ਬਲਬ ਦੇ ਚਾਨਣ ਨਾਲ ਕਮਰੇ ਅੰਦਰਲੀ ਹਰ ਚੀਜ਼ ਨੂੰ ਸਾਫ਼-ਸਾਫ਼ ਦੇਖਿਆ ਜਾ ਸਕਦਾ ਸੀ। ਮੇਜ਼ ਉਤੇ ਕਿਤਾਬ ਖੁੱਲ੍ਹੀ ਪਈ ਸੀ ਅਤੇ ਉਸ ਦੇ ਲਾਗੇ ਢਕੇ ਪਏ ਕੱਚ ਦੇ ਗਲਾਸ ਵਿਚ ਪਿਆ ਦੁੱਧ ਵੀ ਪਹਿਲਾਂ ਵਾਂਗ ਹੀ ਸਾਫ਼ ਦਿਖਾਈ ਦੇ ਰਿਹਾ ਸੀ।

ਵਿਸ਼ੇ ਅਤੇ ਸਥਿਤੀ ਦੇ ਅਨੁਕੂਲ ਦ੍ਰਿਸ਼ ਦੀ ਪਰਿਕਲਪਨਾ ਕਿਤੇ ਰੁਮਾਂਚਿਕ, ਕਿਤੇ ਖੁਸ਼ਗਵਾਰ ਅਤੇ ਕਿਤੇ ਕਰੁਣਾਮਈ ਕੀਤੀ ਗਈ ਹੈ।

## 1.7 ਸ਼ੈਲੀ

ਸ਼ੈਲੀ ਕਿਸੇ ਸਾਹਿਤਕ ਰਚਨਾ ਵਿਚ ਲੇਖਕ ਵੱਲੋਂ ਆਪਣੀ ਗੱਲ ਕਹਿਣ ਦਾ ਢੰਗ ਜਾਂ ਕਲਾ ਹੈ। ਕਿਸੇ ਕਲਾਕਾਰ ਦੀ ਸ਼ਖ਼ਸੀਅਤ ਦਾ ਕਲਾਤਮਕ-ਪ੍ਰਗਟਾਅ ਉਸ ਦੀ ਭਾਸ਼ਾ-ਸ਼ੈਲੀ ਹੈ ਅਤੇ ਸ਼ੈਲੀ ਹੀ ਕਿਸੇ ਲੇਖਕ ਦੀ ਅਸਲੀ ਸ਼ਨਾਖ਼ਤ ਹੈ ਜੋ ਉਸ ਨੂੰ ਹੋਰਾਂ ਤੋਂ ਨਿਖੇੜਦੀ ਹੈ। ਕਹਾਣੀ ਵਿਚ ਭਾਸ਼ਾ ਦਾ ਪਹਿਲਾ ਕੰਮ ਰੋਚਿਕਤਾ ਲਿਆਉਣਾ ਹੈ ਤਾਂ ਜੋ ਕਹਾਣੀਕਾਰ ਪਾਠਕ ਨੂੰ ਉਹ ਕਹਾਣੀ ਪੜ੍ਹਨ ਲਈ ਪ੍ਰੇਰ ਸਕੇ। ਕਹਾਣੀ ਜਾਂ ਕਿਸੇ ਰਚਨਾ ਵਿਚ ਉੱਤਮ ਭਾਸ਼ਾ ਜਾਂ ਕਲਾਤਮਕ ਸ਼ੈਲੀ ਦਾ ਪੇਸ਼ ਹੋਣਾ ਕਹਾਣੀਕਾਰ ਦੇ ਜੀਵਨ ਅਨੁਭਵ ਅਤੇ ਸ਼ਖ਼ਸੀਅਤ 'ਤੇ ਨਿਰਭਰ ਕਰਦਾ ਹੈ। ਬਰਨਾਰਡ ਸ਼ਾਅ ਲਿਖਦਾ ਹੈ; ''ਮੈਂ ਜ਼ਿੰਦਗੀ ਭਰ ਕਦੇ ਕਿਸੇ ਸ਼ੈਲੀ ਨੂੰ ਅਪਣਾਉਣ ਦਾ ਯਤਨ ਨਹੀਂ ਕੀਤਾ। ਸ਼ੈਲੀ ਉਹ ਸ਼ੈਅ ਹੈ ਜਿਹੜੀ ਆਪ ਮੁਹਾਰੇ ਮੇਰੀ ਲਿਖਤ ਵਿਚ ਆ ਜਾਂਦੀ ਹੈ। ਜੇ ਕੋਈ ਲੇਖਕ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੀ ਗੱਲ ਕਹਿੰਦਾ ਹੈ ਤਾਂ ਸ਼ੈਲੀ ਆਪ ਹੀ ਆ ਜਾਵੇਗੀ, ਜੇ ਉਸ ਵਿਚ ਕੋਈ ਸ਼ੈਲੀ ਹੈ ਤਾਂ।'' ਪੰਜਾਬੀ ਕਹਾਣੀ ਦੇ ਆਲੋਚਕ ਡਾ. ਸਵਿੰਦਰ ਸਿੰਘ ਉੱਪਲ ਦਾ ਭਾਸ਼ਾ-ਸ਼ੈਲੀ ਬਾਰੇ ਕਹਿਣਾ ਹੈ ਕਿ ''ਭਾਸ਼ਾ ਉਸ ਮਿੱਟੀ ਦੀ ਤਰ੍ਹਾਂ ਹੈ, ਜਿਸ ਨੂੰ ਗੰ ਕੇ ਘੁਮਿਆਰ ਆਪਣੀ ਲੋੜ, ਸਮਰੱਥਾ, ਕਾਬਲੀਅਤ ਤੇ ਨਿਪੁੰਨਤਾ ਅਨੁਸਾਰ ਵਰਤਦਾ ਹੈ। ਇੰਜ ਭਾਸ਼ਾ ਸਾਧਨ ਹੈ, ਸ਼ੈਲੀ ਉਸ ਦੀ ਪ੍ਰਾਪਤੀ।'' ਭਾਸ਼ਾ ਤੇ ਸ਼ੈਲੀ ਸਬੰਧੀ ਹਿੰਦੀ ਆਲੋਚਕ ਡਾ. ਮਹਿੰਦਰ ਕੁਮਾਰ ਧੀਂਗੜਾ ਦੇ ਸ਼ਬਦਾਂ ਵਿਚ; ''ਕਥਨ ਤੇ ਸ਼ਿਲਪ ਇਕ ਦੂਜੇ ਦੇ ਸਹਾਰੇ ਹੁੰਦੇ ਹਨ, ਸੁਤੰਤਰ ਪੱਖ ਨਹੀਂ। ਸ਼ੈਲੀ ਪੱਖ ਵਿਸ਼ੇਗਤ ਸੰਵੇਦਨਾ ਨੂੰ ਪਹੁੰਚਾਉਣ ਦਾ ਮਾਧਿਅਮ ਹੈ। ਮੁੱਖ ਕਥਨ ਹੈ, ਸ਼ਿਲਪ ਨਹੀਂ। ਸ਼ਿਲਪ ਵਿਚ ਪ੍ਰਯੋਗ ਉਦੋਂ ਹੀ ਸੰਭਵ ਹੋ ਸਕਦੇ ਹਨ, ਜਦੋਂ ਕਥਨ ਵੀ ਪ੍ਰਯੋਗਸ਼ੀਲ ਹੋਵੇ।''

ਨਛੱਤਰ ਨੇ ਭਿੰਨ ਭਿੰ ਪ੍ਰਕਾਰ ਦੀਆਂ ਸ਼ੈਲੀਆਂ ਦੀ ਵਰਤੋਂ ਆਪਣੀਆਂ ਕਹਾਣੀਆਂ ਵਿਚ ਕੀਤੀ ਹੈ ਜਿਹਨਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ:

ਕਰੁਣਾਮਈ ਸ਼ੈਲੀ ਦੀ ਵਰਤੋਂ ਕਹਾਣੀਕਾਰ ਨੇ ਕਈ ਥਾਈਂ ਕੀਤੀ ਹੈ ਇਸ ਦੀ ਇੱਕ ਉਦਾਰਹਣ ਕਹਾਣੀ 'ਧੁਖਦੇ ਚਿਹਰੇ' ਵਿਚੋਂ ਦੇਖੀ ਜਾ ਸਕਦੀ ਹੈ:

> ਆਵਾਜ਼ ਉਸ ਨੂੰ ਜਾਣੀ ਪਛਾਣੀ ਲੱਗੀ। ਉਸਦੇ ਅੰਦਰੋਂ ਇਕ ਲਾਂਬੂ ਉਠਿਆ ਜਿਸ ਦੇ ਸੇਕ ਨਾਲ ਉਸਦਾ ਸਾਰਾ ਪਿੰਡਾ ਹੋਰ ਭਖ ਗਿਆ। ਗਲੀਆਂ ਵਿਚੋਂ ਦੀ ਹੁੰਦਾ ਹੋਇਆ ਉਹ ਆਪਣੇ ਘਰ ਜਾਣ ਵਾਲੀ ਗਲੀ ਵਲ ਹੋ ਤੁਰਿਆ। ਜਦੋਂ ਉਹ ਗਲੀਆਂ ਵਿਚੋਂ ਦੀ ਨੀਵੀਂ ਪਾ ਤੁਰਿਆ ਜਾ ਰਿਹਾ ਸੀ ਤਾਂ ਕਈ ਓਕਾਰ ਉਸਨੂੰ ਤੁਰੇ ਜਾਂਦਿਆਂ ਦੇਖ ਕੁਝ ਪਲਾਂ ਕਈ ਆਪਣੇ ਆਪ ਹੀ ਰੁਕ ਜਾਂਦੇ ਪਰ ਜਦੋਂ ਉਹ ਅੱਗੇ ਲੰਘ ਜਾਂਦਾ ਤਾਂ ਉਹ ਫੇਰ ਪਹਿਲੀ ਚਾਲੇ ਹੀ ਤੁਰ ਪੈਂਦੇ। ਸਾਰੀ ਗਲੀ ਇਚ ਇਕ ਸੋਗ ਜਿਹਾ ਵਰਤਿਆ ਪਿਆ ਸੀ। ਜਦੋਂ ਉਹਨ ਆਪਣੇ ਘਰ ਦੀ ਦੇਹਲੀ ਟੱਪਿਆ ਤਾਂ ਖੁਰਲੀ ਤੇ ਖੜ੍ਹਾ ਬਲਦ ਉਸਨੂੰ ਦੇਖ ਕੇ ਸਿਰ ਮਾਰ ਮਾਰ ਰੰਭਿਆ ਜਿਵੇਂ ਬੀਤ ਗਈ ਬਾਰੇ ਉਹ ਉਸਨੂੰ ਸਿਰ ਮਾਰ ਮਾਰ ਦੱਸ ਰਿਹਾ ਹੋਵੇ। ਉਸਦੀ ਮਾਂ ਵਿਹੜੇ ਵਿਚ ਕਮਲਿਆਂ ਵਾਂਗ ਬਗੈਰ ਮਤਲਬ ਹੀ ਇਧਰ ਉਧਰ ਗੇੜੇ ਕੱਢ ਰਹੀ ਸੀ। ਉਹ ਨੀਵੀਂ ਪਾ ਤੁਜ਼ ਕਦਮੀ ਸਬਾਤ ਦੇ ਅਗਲੇ ਹਿੱਸੇ 'ਚ ਜਾ ਵੜਿਆ। ਅੰਦਰ

ਹਨੇਰਾ ਹੋਣ ਕਾਰਨ ਉਹ ਅੰਦਾਜ਼ੇ ਨਾਲ ਹੀ ਇਧਰ ਉਧਰ ਤੁਰਿਆ ਫਿਰਦਾ ਰਿਹਾ। ਕੁਝ ਚਿਰ ਦੀ ਫੋਲਾ ਫਾਲੀ ਤੋਂ ਬਾਅਦ ਉਸਨੇ ਇਕ ਭਾਰੀ ਜਿਹਾ ਝੋਲਾ ਆਪਣੇ ਮੋਢੇ ਉੱਤੇ ਲਟਕਾਇਆ ਅਤੇ ਬਾਹਰ ਨਿਕਲ ਗਿਆ। ਉਸ ਦੀ ਮਾਂ ਨੂੰ ਉਸਦੇ ਅੰਦਰ ਆਉਣ ਅਤੇ ਬਾਹਰ ਨਿਕਲਣ ਦਾ ਕੋਈ ਪਤਾ ਨਾ ਲੱਗਿਆ।

'ਹੱਥ' ਕਹਾਣੀ ਵਿਚੋਂ ਵੀ ਇਸ ਸ਼ੈਲੀ ਦੇ ਦਰਸ਼ਨ ਨਿਮਨਲਿਖਤ ਵਾਰਤਾਲਾਪ 'ਚੋ ਕੀਤੇ ਜਾ ਸਕਦੇ ਹਨ;

ਚਰਨੋਂ ਨੇ ਉਪਰ ਅੱਖਾਂ ਚੁੱਕੀਆਂ ਅਤੇ ਆਪਣੇ ਬਾਪੂ ਦੀਆਂ ਅੱਥਰੂਆਂ ਨਾਲ ਭਰੀਆਂ ਹੋਈਆਂ ਛਲਕਣ-ਛਲਕਣ ਕਰਦੀਆਂ ਅੱਖਾਂ ਵਲ ਦੇਖਿਆ। ਉਹ ਦੋ ਕੁ ਪਲ ਆਪਣੇ ਬਾਪੂ ਦੇ ਝੁਰੜੀਆਂ ਭਰੇ ਚਿਹਰੇ ਵਲ ਦੇਖਦੀ ਰਹੀ। ਅੰਤ ਰੋਣਹਾਕੀ ਜਿਹੀ ਹੋ ਉਸ ਨੇ ਫਿਰ ਨੀਵੀਂ ਪਾ ਲਈ।

ਲੈਆਤਮਕ ਸ਼ੈਲੀ ਦੀ ਮਿਸਾਲ ਕਹਾਣੀ 'ਧੁਖਦੇ ਚਿਹਰੇ' ਵਿਚੋਂ ਦੇਖੀ ਜਾ ਸਕਦੀ ਹੈ:

... ਹਵੇਲੀ ਦੀਆਂ ਕੰਧਾਂ ਧਰਤੀ ਨੂੰ ਭੱਜ ਭੱਜ ਜੱਫ਼ੀਆਂ ਪਾ ਰਹੀਆਂ ਸਨ ਤੜਫ਼ਦੀਆਂ ਲਾਸ਼ਾਂ...ਚੀਕ ਚਿਹਾੜਾ...ਧੜਾਂ ਨਾਲੋਂ ਅਲੱਗ ਹੁੰਦੇ ਸਿਰ...। ਵਾਰ ਵਾਰ ਕਿੰਨੇ ਹੀ ਦ੍ਰਿਸ਼ ਉਸਦੀਆਂ ਅੱਖਾਂ ਅੱਗੇ ਆ ਜਾ ਰਹੇ ਸਨ।

ਸਮਾਸਾਤਮਕ ਸ਼ੈਲੀ ਦੀ ਵਰਤੋਂ ਕਈ ਥਾਂਈਂ ਰੂਪਮਾਨ ਹੋਈ ਹੈ ਇਸ ਦੀਆਂ ਕੁਝ ਮਿਸਾਲਾਂ ਹੇਠ ਲਿਖੇ ਅਨੁਸਾਰ ਹੈ। ਪਹਿਲੀ ਉਦਾਹਰਣ ਕਹਾਣੀ 'ਭਰਮ' ਵਿਚੋਂ ਹੈ;

"ਅਗਰ ਰਾਸਤੇ ਮੇਂ ਕਹੀਂ ਭੀ ਭੀੜ ਨੇ ਰੋਕ ਲੀਆ ਤੋਂ ਆਗੇ ਨਹੀਂ ਜਾਊਂਗਾ।" ਮੈਨੂੰ ਸੀਟ ਉਤੇ ਬੈਠ ਗਿਆ ਦੇਖ ਉਸ ਆਦਮੀ ਨੇ ਆਟੋ ਰਿਕਸ਼ਾ ਸਟਾਰਟ ਕਰਨ ਤੋਂ ਪਹਿਲਾਂ ਇਹ ਚਿਤਾਵਨੀ ਵੀ ਦਿੱਤੀ

ਪਰ ਮੈਂ ਉਸਦੀ ਆਖੀ ਗੱਲ ਵਲ ਧਿਆਨ ਨਹੀਂ ਦਿੱਤਾ ਕਿਉਂਕਿ ਮੇਰਾ ਮਨ ਤਾਂ ਬੱਸ ਅੱਡੇ ਪਹੁੰਚਣ ਲਈ ਬਹੁਤ ਕਾਹਲਾ ਪਿਆ ਹੋਇਆ ਸੀ।

'ਜੈਪੁਰ ਬਸ ਸਟੈਂਡ 'ਤੇ ਪਹੁੰਚ ਗਿਆ। ਹੁਣ ਦੱਸ ਕੀ ਕਰਾਂ?' ਸਵੇਰੇ ਸਾਢੇ ਕੁ ਸੱਤ ਵਜੇ ਮੈਨੂੰ ਜਰਨੈਲ ਦਾ ਫੋਨ ਆਇਆ ਸੀ।

ਸਮਾਸਾਤਮਕ ਸ਼ੈਲੀ ਦੀ ਇਕ ਹੋਰ ਉਦਾਹਰਨ ਕਹਾਣੀ 'ਮਹਿਕ ਦੀ ਮੌਤ' ਵਿਚੋਂ ਦੇਖੀ ਜਾ ਸਕਦੀ ਹੈ;

ਇਕ ਚੀਸ ਪ੍ਰੇਮ ਦੀ ਛਾਤੀ ਵਿਚੋਂ ਉਠ ਉਸ ਦੇ ਸਿਰ ਨੂੰ ਚੜ੍ਹ ਗਈ ਅਤੇ ਉਸਦੀਆਂ ਪੁੜਪੁੜੀਆਂ ਕੋਲ ਦੀ ਜਗ੍ਹਾ 'ਟਸ-ਟਸ' ਕਰਨ ਲੱਗ ਪਈ।

ਪ੍ਰਸ਼ਨੋਤਰੀ ਸ਼ੈਲੀ ਦੀ ਵੀ ਨਛੱਤਰ ਨੇ ਕਈ ਥਾਈਂ ਵਰਤੋਂ ਕੀਤੀ ਹੈ ਇਸ ਦੀਆਂ ਮਿਸਾਲਾਂ ਕਹਾਣੀ 'ਹੱਥ' ਵਿਚੋਂ ਦੇਖੀਆਂ ਜਾ ਸਕਦੀਆਂ ਹਨ;

"ਘੋਗਿਆ, ਕੀ ਗੱਲ ਅੱਜ ਢਿਲਾ ਜਿਹਾ ਫਿਰਦੈਂ?" ਸੁੱਚੇ ਨੇ ਚਾਹ ਵਾਲੀ ਬਾਟੀ ਚੁੱਕਦਿਆਂ ਪੁੱਛਿਆ।

"ਚਾਹ ਤਾਂ ਤੂੰ ਕਸੂਤੇ ਟੈਮ ਈ ਬਣਾ ਲੀ। ਰੋਟੀ ਕੇਹੜੇ ਵਖਤ ਖਾਵਾਂਗੇ?" ਨੀਲੇ ਨੇ ਬਾਟੀ ਖਾਲੀ ਕਰ ਵੱਟ 'ਤੇ ਰੱਖਦਿਆਂ ਕਿਹਾ।

ਉਪਦੇਸ਼ਾਤਮਕ ਸ਼ੈਲੀ ਦੀ ਉਦਾਰਹਨ ਕਹਾਣੀ 'ਮਹਿਕ ਦੀ ਮੌਤ' ਵਿਚੋਂ ਦੇਖੀ ਜਾ ਸਕਦੀ ਹੈ;

'ਔਰਤਾਂ ਦੀ ਸੁੰਦਰਤਾ ਬਣਾਈ ਰੱਖਣ ਵਾਲੀਆਂ ਵਸਤਾਂ ਬਣਾਉਣ ਵਾਲੀ ਇਕ ਫਰਮ ਆਪਣਾ ਇਕ ਪਰਫਿਊਮ ਲਾਂਚ ਕਰਨ ਤੋਂ ਪੈਹਲਾਂ ਮਾਰਕੀਟ ਦਾ ਸਰਵੇ ਕਰਵਾ ਰਹੀ ਏ ਕਿ ਪਰਫਿਊਮ ਦਾ ਇਹ ਬਰਾਂਡ ਚੱਲੇਗਾ ਵੀ ਜਾਂ ਨਹੀਂ।' ਬੈਗ ਵਿਚੋਂ ਇਕ ਪੈਕਟ ਕੱਢ ਕੇ ਹੱਥ ਵਿਚ ਫੜ ਉਹ ਬੋਲੀ।

## 1.8 ਭਾਸ਼ਾ

ਭਾਸ਼ਾ ਦੋ ਤਰ੍ਹਾਂ ਦੀ ਹੁੰਦੀ ਹੈ, ਇਕ ਬੋਲ-ਚਾਲ ਵਾਲੀ ਭਾਸ਼ਾ ਅਤੇ ਦੂਜੀ ਸਾਹਿਤਕ ਭਾਸ਼ਾ। ਕਹਾਣੀਕਾਰ ਆਪਣੀ ਸਮਰੱਥਾ ਅਤੇ ਲੋੜ ਅਨੁਸਾਰ ਆਪਣੇ ਪਾਤਰਾਂ ਦੇ ਵਾਰਤਾਲਾਪ ਲਈ ਬੋਲ-ਚਾਲ ਦੀ ਬੋਲੀ ਅਤੇ ਆਪਣੇ ਵਿਚਾਰਾਂ ਜਾਂ ਵਰਣਨ ਲਈ ਸਾਹਿਤਕ-ਬੋਲੀ (ਭਾਸ਼ਾ) ਦੀ ਵਰਤੋਂ ਕਰਦਾ ਹੈ। ਲੇਖਕ ਲੋੜ ਅਨੁਸਾਰ ਤਿੰਨ ਤਰ੍ਹਾਂ ਦੀਆਂ ਸ਼ੈਲੀਆਂ ਦੀ ਵਰਤੋਂ ਕਰਦਾ ਹੈ; ਕਹਿ-ਸ਼ੈਲੀ (said style), ਅੱਧ-ਕਹਿ-ਸ਼ੈਲੀ (half said style) ਅਤੇ ਅਣ-ਕਹਿ-ਸ਼ੈਲੀ (un said style)। ਸਾਡੇ ਪਹਿਲੇ ਕਹਾਣੀਕਾਰ ਕਹਿ-ਸ਼ੈਲੀ ਦੀ ਵਰਤੋਂ ਵਧੇਰੇ ਕਰਦੇ ਰਹੇ ਹਨ, ਕਿਉਕਿ ਉਹ ਲੇਖਕ ਆਦਰਸ਼ਵਾਦੀ ਕਦਰਾਂ-ਕੀਮਤਾਂ ਤੋਂ ਵਧੇਰੇ ਪ੍ਰਭਾਵਤ ਹੋਣ ਕਾਰਨ ਸਮਝਦੇ ਸਨ ਕਿ ਪਾਠਕ ਦੇ ਜਿਹਨ 'ਚ ਉਦੋਂ ਹੀ ਕੁਝ ਪਵੇਗਾ ਜਦੋਂ ਤਰਤੀਬ ਨਾਲ ਥਾਲੀ 'ਚ ਸਭ ਕੁਝ ਪਰੋਸਿਆ ਜਾਵੇਗਾ। ਪਰ ਅਜੋਕਾ ਕਹਾਣੀਕਾਰ ਕਹਿ-ਸ਼ੈਲੀ ਨਾਲੋਂ ਅੱਧ-ਕਹਿ-ਸ਼ੈਲੀ ਅਤੇ ਅਣ-ਕਹਿ-ਸ਼ੈਲੀ ਦੀ ਵਰਤੋਂ ਵਧੇਰੇ ਕਰਦੇ ਹਨ। ਉਹ ਇਸ ਗੱਲ ਤੋਂ ਸੁਚੇਤ ਹਨ ਕਿ ਅਜੋਕਾ ਪਾਠਕ ਬੌਧਿਕ ਤੌਰ 'ਤੇ ਵਧੇਰੇ ਸੁਚੇਤ ਤੇ ਸੂਝਵਾਨ ਹੈ, ਜਿਸ ਨੂੰ ਇਸ਼ਾਰੇ, ਰਮਜ਼ ਜਾਂ ਸੁਝਾਅ ਨਾਲ ਸਮਝਾਈ ਹੋਈ ਗੱਲ ਵਧੇਰੇ ਪ੍ਰਵਾਨ ਹੈ।

ਕਹਾਣੀਕਾਰ ਨੇ ਆਪਣੀਆਂ ਕਹਾਣੀਆਂ ਵਿਚ ਬਹੁਤ ਹੀ ਸਰਲ ਤੇ ਸ਼ਪੱਸਟ ਭਾਸ਼ਾ ਦੀ ਵਰਤੋਂ ਕੀਤੀ ਹੈ। ਇਸਨੂੰ ਅਸੀ ਬੜੀ ਅਸਾਨੀ ਨਾਲ ਸਮਝ ਸਕਦੇ ਹਾਂ। ਉਸ ਨੇ ਕਈ ਜਗ੍ਹਾ ਤੇ ਅਲੰਕਾਰਿਤ ਭਾਸ਼ਾ ਦੀ ਵਰਤੋਂ ਕੀਤੀ ਹੈ। ਇਹ ਭਾਸ਼ਾ ਵਿਸ਼ੇ ਦੀ ਅਨੁਕੂਲ ਹੈ ਇਸ ਵਿਚ ਲੇਖਕ ਨੇ ਜਿਆਦਾ ਤਰ ਤੇ ਮੁਹਾਵਰਿਆਂ ਦੀ ਵਰਤੋਂ ਕੀਤੀ ਹੈ। ਕਹਾਣੀਕਾਰ ਨੇ ਇਸ ਦੀ ਵਰਤੋਂ ਨਾਲ ਆਪਣੀ ਲੇਖਣੀ ਤੇ ਬਿਰਤਾਂਤ ਨੂੰ ਪ੍ਰਭਾਵਸ਼ਾਲੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਠੇਠ ਭਾਸ਼ਾ ਅਤੇ ਉਪਭਾਸ਼ਾਈ ਰੂਪਾਂ ਦੇ ਨਾਲ-ਨਾਲ ਨਛੱਤਰ ਨੇ ਕਹਾਣੀ ਦੀ ਕਥਾ-ਵਸਤੂ, ਪਾਤਰਾਂ ਦੇ ਸਮਾਜਿਕ ਅਤੇ ਆਰਥਿਕ ਕਿੱਤਿਆਂ ਦੇ ਅਨੁਕੂਲ ਅੰਗਰੇਜ਼ੀ, ਉਰਦੂ ਆਦਿ ਭਾਸ਼ਾਂਵਾਂ ਦੀ ਸ਼ਬਦਾਵਲੀ ਦੀ ਕਾਫ਼ੀ ਭਰਮਾਰ ਹੈ।

ਅੰਗ੍ਰੇਜ਼ੀ ਸ਼ਬਦਾਵਲੀ ਦੀਆਂ ਉਦਾਹਰਣਾਂ:

ਬੈੱਡਰੂਮ, ਲਾਇਬ੍ਰੇਰੀ, ਸਟੱਡੀ ਰੂਮ, ਕਾਲਜ, ਕੰਟੀਨ, ਕਲਾਸ ਫੈਲੋ, ਪਲੀਜ਼, ਥੈਂਕਸ, ਬਰੀਫਕੇਸ, ਡਰਾਇੰਗ ਰੂਮ, ਅਪਰੇਸ਼ਨ, ਫਲੈਟ, ਪਰਫਿਊਮ, ਸਰਵੇ, ਫਰਮ, ਲਾਂਚ, ਮਾਰਕਿਟ, ਬਰਾਂਡ, ਫਾਰਮ, ਮੌਡਰਨ, ਟੇਬਲ, ਕੂਲਰ, ਫਰਿੱਜ਼, ਬੋਤਲ, ਸੌਰੀ, ਡਿਸਟਰਬ, ਕੋਆਪਰੇਸ਼ਨ, ਥੈਂਕ ਯੂ ਆਦਿ।

ਉਰਦੂ ਸ਼ਬਦਾਵਲੀ ਦੀਆਂ ਉਦਾਹਰਣਾਂ: ਫ਼ਖਰ, ਜ਼ਿਹਨ, ਗ਼ੁਨਾਹ, ਮਿਹਰਬਾਨੀ ਆਦਿ।

ਹਿੰਦੀ ਭਾਸ਼ਾ ਦੇ ਵੀ ਉਥੇ ਸਹਿਜੇ ਦਰਸ਼ਨ ਕੀਤੇ ਜਾ ਸਕਦੇ ਹਨ ਜਿਥੇ ਪਾਤਰ ਮੂਲ ਰੂਪ ਵਿਚ ਇਸ ਭਾਸ਼ਾ ਦੇ ਪਿਛੋਕੜ ਨਾਲ ਜਾ ਫਿਰ ਸ਼ਹਿਰੀ ਰਹਿਣੀ-ਬਹਿਣੀ ਨਾਲ ਸੰਬੰਧ ਰੱਖਦਾ ਹੈ:

"ਅਗਰ ਰਾਸਤੇ ਮੇਂ ਕਹੀਂ ਭੀ ਭੀੜ ਨੇ ਰੋਕ ਲੀਆ ਤੋਂ ਆਗੇ ਨਹੀਂ ਜਾਊਂਗਾ।"

## ਸਾਰ-ਅੰਸ਼

ਨਿਰਸੰਦੇਹ ਨਛੱਤਰ ਪੰਜਾਬੀ ਸਾਹਿਤ ਜਗਤ ਦਾ ਅਤਿ ਸੰਵੇਦਨਸ਼ੀਲ ਹੋਣਹਾਰ, ਵਿਲੱਖਣ ਅਤੇ ਯੁੱਗ-ਅਨੁਕੂਲ ਸਾਹਿਤਕਾਰ ਹੋ ਨਿਬੜਿਆ ਹੈ ਜਿਸਦੀਆਂ ਰਚਨਾਵਾਂ ਪਿੱਛੇ ਕਾਰਜਸ਼ੀਲ ਸਮਕਾਲੀ ਸਮਾਜਿਕ ਯਥਾਰਥ ਰੂਪਮਾਨ ਹੋ ਕੇ ਮਾਨਵੀ ਆਦਰਸ਼ਾਂ ਦਾ ਸੰਵਾਦ ਰਚਾਉਂਦਾ ਹੈ। ਕਹਾਣੀ ਸਿਰਜਣਾ ਦੀ ਦ੍ਰਿਸ਼ਟੀ ਤੋਂ ਉਹ ਕਈ ਜੁਗਤਾਂ ਨੂੰ ਆਤਮਸਾਤ ਕਰਦਾ ਹੋਇਆ ਆਪਣੀ ਕਹਾਣੀ ਨੂੰ ਉੱਚ ਪਾਏ ਦੀ ਬਣਾ ਦਿੰਦਾ ਹੈ।

## ਕੇਂਦਰੀ ਸ਼ਬਦ

- **ਭਰਮਾਰ:** ਬਹੁਤ ਜਿਆਦਾ
- **ਯਥਾਰਥ:** ਅਸਲ
- **ਸ਼ੈਲੀ:** ਸਟਾਈਲ/ਢੰਗ/ਤਰੀਕਾ
- **ਪਿਛੋਕੜ: ਪਿਛਲੇ ਪਾਸੇ**

## ਸਵੈ-ਮੁਲਾਂਕਣ

1. ਅਜੋਕਾ ਕਹਾਣੀਕਾਰ ਕਹਿ-ਸ਼ੈਲੀ ਨਾਲੋਂ ਅੱਧ-ਕਹਿ-ਸ਼ੈਲੀ ਅਤੇ ……ਦੀ ਵਰਤੋਂ ਵਧੇਰੇ ਕਰਦੇ ਹਨ

ੳ) ਅਣ-ਕਹਿ-ਸ਼ੈਲੀ

ਅ) ਸਮਾਸਾਤਮਕ ਸ਼ੈਲੀ

ੲ) ਕਰੁਣਾਮਈ ਸ਼ੈਲੀ

ਸ) ਉਪਦੇਸ਼ਾਤਮਕ ਸ਼ੈਲੀ

2. ਨਛੱਤਰ ਨੇ ਕਈ ਜਗ੍ਹਾ ਤੇ …….ਭਾਸ਼ਾ ਦੀ ਵਰਤੋਂ ਕੀਤੀ ਹੈ।

ੳ) ਠੇਠ

ਅ) ਅਲੰਕਾਰਿਤ

ੲ) ਹਿੰਦੀ

ਸ) ਉਰਦੂ

3. ਕਹਾਣੀ ਵਿਚ ਭਾਸ਼ਾ ਦਾ ਪਹਿਲਾ ਕੰਮ.......ਲਿਆਉਣਾ ਹੈ

ੳ) ਫੁਰਤੀਲਾਪਣ

ਅ) ਉਤਸੁਕਤਾ

ੲ) ਰੌਚਿਕਤਾ

ਸ) ਸਪੱਸ਼ਟਤਾ

4. ਭਾਸ਼ਾ ਦੋ ਤਰ੍ਹਾਂ ਦੀ ਹੁੰਦੀ ਹੈ, ਇਕ ਬੋਲ-ਚਾਲ ਵਾਲੀ ਭਾਸ਼ਾ ਅਤੇ ਦੂਜੀ .......

ੳ) ਵਰਤੋਂ ਵਾਲੀ ਭਾਸ਼ਾ

ਅ) ਠੇਠ ਭਾਸ਼ਾ

ੲ) ਆਲੋਚਕ ਭਾਸ਼ਾ

ਸ) ਸਾਹਿਤਕ ਭਾਸ਼ਾ

5. ਵਾਰਤਾਲਾਪਾਂ ਦੀ ਸੁਚੱਜੀ ਵਰਤੋਂ ਸਦਕਾ ਕਹਾਣੀਆਂ ਵਿਚ .......ਪੈਦਾ ਹੋ ਜਾਂਦੀ ਹੈ

ੳ) ਨਾਟਕੀ ਰੰਗਤ

ਅ) ਕਲਾਤਮਕਤਾ

ੲ) ਰੋਚਿਕਤਾ

ਸ) ਉਤਸੁਕਤਾ

6. ਸਫ਼ਲ ਕਹਾਣੀਕਾਰ ਦੀ ਖ਼ਾਸੀਅਤ ਇਹੀ ਹੁੰਦੀ ਹੈ ਕਿ ਉਹ ਆਪਣੇ ਪਾਠਕਾਂ ਨੂੰ ਕਹਾਣੀ ਪੜ੍ਹਨ ਵੇਲੇ ਮਾਨਸਿਕ ਤੌਰ 'ਤੇ ਵਾਸਤਵਿਕ ਹੋਂਦ ਵਿਚੋਂ ਕੱਢ ਕੇ ਕਹਾਣੀ ਵਾਲੇ .........ਵਿਚ ਲੈ ਜਾਵੇ।

ੳ) ਵਿਸ਼ੇ

ਅ) ਵਾਤਾਵਰਣ

ੲ) ਉਦੇਸ਼

ਸ) ਕਲਪਨਾ

7. ਕਹਾਣੀਆਂ ਵਿਚਲੇ .....ਬਨਾਵਟੀਪਣ ਤੋਂ ਮੁਕਤ ਹਨ

ੳ) ਵਾਤਾਵਰਣ

ਅ) ਵਿਸ਼ੇ

ੲ) ਵਾਰਤਾਲਾਪ

ਸ) ਸ਼ੈਲੀ

8. ਹਰ ਸਾਹਿਤ ਰੂਪ ਵਿਚ ਦੋ ਪਹਿਲੂ ਹੁੰਦੇ ਹਨ- ਇਕ ਵਸਤੂਗਤ ਤੇ ਦੂਜਾ .....।

ੳ) ਵਿਸ਼ੇਗਤ

ਅ) ਸ਼ੈਲੀਗਤ

ੲ) ਭਾਸ਼ਾਗਤ

ਸ) ਰੂਪਗਤ

9. ਜਿੱਥੇ ਕਹਾਣੀ ਦਾ ਵਿਸ਼ਾ ਨਿਵੇਕਲਾ ਤੇ ਉੱਚ ਮਿਆਰ ਹੈ ਉਥੇ ……ਪੱਖੋਂ ਵੀਂ ਕਹਾਣੀ ਵਿਚਾਰਨ ਯੋਗ ਹੈ।

ੳ) ਰੂਪ

ਅ) ਵਸਤੂ

ੲ) ਕਥਾਨਕ

ਸ) ਪਾਤਰਾਂ

10. ਕੁਦਰਤੀ ……ਨੂੰ ਸਿਰਜਣ ਦੇ ਮਾਮਲੇ ਵਿਚ ਇਸਤਰੀ-ਕਹਾਣੀਕਾਰ, ਮਰਦ-ਕਹਾਣੀਕਾਰਾਂ ਨਾਲੋਂ ਅੱਗੇ ਜਾਪਦੇ ਹਨ।

ੳ) ਵਸਤੂ ਤੇ ਯਥਾਰਥਕਤਾ

ਅ) ਵਾਰਤਾਲਾਪ ਤੇ ਯਥਾਰਥਕਤਾ

ੲ) ਪਾਤਰ ਤੇ ਯਥਾਰਥਕਤਾ

ਸ) ਸ਼ੈਲੀ ਤੇ ਯਥਾਰਥਕਤਾ

11. ਅਜੀਤ ਕੌਰ, ਦਲੀਪ ਕੌਰ ਟਿਵਾਣਾ, ਵੀਨਾ ਵਰਮਾ, ਬਚਿੰਤ ਕੌਰ ਆਦਿ ਦੀਆਂ ਕਹਾਣੀਆਂ ਵਿਚਲੇ ……ਵਾਰਤਾਲਾਪ ਬੜੇ ਯਥਾਰਥਕ ਹੁੰਦੇ ਹਨ।

ੳ) ਵਾਤਾਵਰਣ

ਅ) ਵਿਸ਼ੇ

ੲ) ਵਾਰਤਾਲਾਪ

ਸ) ਸ਼ੈਲੀ

12. ਭਾਵੇਂ ਵਾਰਤਾਲਾਪ ਲਈ ਵਰਤੀ ਜਾਣ ਵਾਲੀ ਸ਼ਬਦਾਵਲੀ ’ਤੇ ਕੋਈ ਬੰਦਿਸ਼ ਨਹੀਂ, ਪਰ ਇਹ …..ਦੇ ਸੁਭਾਅ, ਲਿਆਕਤ, ਪਦਵੀ ਅਤੇ ਲੋੜ ਅਨੁਸਾਰ ਹੋਣੀ ਚਾਹੀਦੀ ਹੈ।

ੳ) ਵਾਰਤਾਲਾਪਾਂ

ਅ) ਦ੍ਰਿਸ਼ਾਂ

ੲ) ਵਿਸ਼ਿਆਂ

ਸ) ਪਾਤਰਾਂ

13. ਨਛੱਤਰ ਦੀਆਂ ਕਹਾਣੀਆਂ ਦੇ ਪਲਾਟ ਬਹੁਤ ਵਿਲੱਖਣ ਤੇ…… ਹੈ।

ੳ) ਰੋਚਕ

ਅ) ਆਕਰਸ਼ਿਤ

ੲ) ਯਥਾਰਥਕ

ਸ) ਸਜੀਵ

14. ਨਛੱਤਰ ਨੇ ਕਥਾ ਬਿਰਤਾਂਤ ਦੀ ਸਿਰਜਣਾ ਕਰਦਿਆਂ .....ਦੀ ਵਰਣਨਾਤਮਕ ਜੁਗਤਾਂ ਨੂੰ ਨਹੀਂ ਅਪਣਾਉਂਦਾ ਹੈ।

ੳ) ਪਿਛਲਝਾਤ

ਅ) ਲਕੀਰੀ ਬਿਰਤਾਂਤ

ੲ) ਅਗਲਝਾਤ

ਸ) ਮਨੋਬਚਨੀਆਂ

15. ਨਛੱਤਰ ਕਹਾਣੀਆਂ ਵਿੱਚ ਕਈ ਥਾਂਈ .....ਵਿਧੀ ਦੀ ਵਰਤੋਂ ਕਰਦਾ ਹੈ।

ੳ) ਬਿਰਤਾਂਤ

ਅ) ਬਿਆਨ

ੲ) ਫਲੈਸ਼ ਬੈਕ

ਸ) ਮਨੋਬਚਨੀ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੳ** | **2 ਅ** | **3.ੲ** | **4. ਸ** | **5. ੳ** |
| **6. ਅ** | **7. ੲ** | **8. ਸ** | **9. ੳ** | **10. ਅ** |
| **11. ੲ** | **12. ਸ** | **13. ੳ** | **14. ਅ** | **15. ੲ** |

## ਅਭਿਆਸ ਪ੍ਰਸ਼ਨ

1. ਨਛੱਤਰ ਦੇ ਰਚਨਾ-ਸੰਸਾਰ ਉਪਰ ਨੋਟ ਲਿਖੋ।
2. ਨੱਛਤਰ ਦੀਆਂ ਕਹਾਣੀਆਂ ਦੇ ਕਥਾਨਕ ਪੈਟਰਨਾਂ ਸਬੰਧੀ ਵਿਚਾਰ ਕਰੋ।
3. ਨਛੱਤਰ ਦੀ ਪਾਤਰ-ਉਸਾਰੀ ਦੀ ਜੁਗਤ ਉਪਰ ਚਾਨਣ ਪਾਓ।
4. ਨਛੱਤਰ ਦੀ ਕਹਾਣੀਆਂ ਵਿੱਚਲੀ ਭਾਸ਼ਾ ਅਤੇ ਸ਼ੈਲੀ ਨੂੰ ਕਹਾਣੀਆਂ ਵਿਚੋਂ ਮਿਸਾਲਾਂ ਦੇਕੇ ਸਮਝਾਓ।
5. ਨਛੱਤਰ ਦੇ ਬਿਰਤਾਂਤ ਸਿਰਜਣ ਦੀ ਕਲਾ ਨੂੰ ਆਪਣੇ ਵਿਚਾਰਾਂ ਵਿਚ ਬਿਆਨ ਕਰੋ।

## Further Reading


- ਬਲਦੇਵ ਸਿੰਘ ਧਾਲੀਵਾਲ, ਆਧੁਨਿਕ ਪੰਜਾਬੀ ਕਹਾਣੀ ਦਾ ਇਤਿਹਾਸ, ਪੰਜਾਬੀ ਸਾਹਿਤ ਅਕਾਦਮੀ, 2004

**Online Links**

- https://pa.wikipedia.org/wiki/%E0%A8%A8%E0%A8%9B%E0%A9%B1%E0%A8%A4%E0%A8%B0_(%E0%A8%A8%E0%A8%BE%E0%A8%B5%E0%A8%B2%E0%A8%95%E0%A8%BE%E0%A8%B0)
- http://webopac.puchd.ac.in/w27/Result/w27AcptRslt.aspx?AID=863533&xF=T&xD=0&nS=2

# Unit 06: ਪਰਵਾਸੀ ਪੰਜਾਬੀ ਕਹਾਣੀ: ਸਿਧਾਂਤ ਅਤੇ ਇਤਿਹਾਸ

**ਵਿਸ਼ਾ-ਵਸਤੂ**

**ਉਦੇਸ਼**

**ਜਾਣ-ਪਛਾਣ**

**1.1 ਪਰਵਾਸ ਦਾ ਸੰਕਲਪ**
**1.2 ਪੰਜਾਬੀਆਂ ਦੇ ਪਰਵਾਸ ਦੀ ਪਰਿਕਿਰਿਆ**

**1.3 ਪਰਵਾਸੀ ਪੰਜਾਬੀ ਕਹਾਣੀ**

**ਸਾਰਾਂਸ਼**

**ਕੇਂਦਰੀ ਸ਼ਬਦ**

**ਸਵੈ-ਮੁਲਾਂਕਣ**

**ਸਵੈ-ਮੁਲਾਂਕਣ ਲਈ ਉੱਤਰ**

**ਅਭਿਆਸ ਪ੍ਰਸ਼ਨ**

**ਸੰਦਰਭ ਪੁਸਤਕਾਂ**

## ਉਦੇਸ਼

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

- ਪਰਵਾਸ ਦੇ ਸੰਕਲਪ ਨੂੰ ਸਮਝਣ ਦੇ ਸਮਰੱਥ ਹੋਣਗੇ
- ਪੰਜਾਬੀ ਦੇ ਪਰਵਾਸ ਧਾਰਨ ਦੀ ਪਰਿਕਿਰਿਆ ਅਤੇ ਕਾਰਨਾਂ ਸਬੰਧੀ ਜਾਣਕਾਰੀ ਹਾਸਿਲ ਕਰਨ ਦੇ ਯੋਗ ਹੋਣਗੇ
- ਪਰਵਾਸੀ ਪੰਜਾਬੀ ਕਹਾਣੀ ਦੀ ਵਿਕਾਸ ਰੇਖਾ ਦਾ ਵਿਭਿੰਨ ਪੜਾਵਾਂ ਦੇ ਸੰਦਰਭ ਵਿੱਚ ਮੁਲਾਂਕਣ ਕਰਨ ਦੇ ਕਾਬਿਲ ਹੋਣਗੇ

## 1.1 ਪਰਵਾਸ ਦਾ ਸੰਕਲਪ

ਪਰਵਾਸ ਮਾਨਵੀ ਸਭਿਅਤਾ ਦੇ ਵਿਕਾਸ ਦਾ ਇਕ ਲਾਜ਼ਮੀ ਹਿੱਸਾ ਰਿਹਾ ਹੈ ਪਰ ਵਰਤਮਾਨ ਸਮੇਂ ਵਿੱਚ ਵਿਭਿੰਨ ਦੇਸ਼ਾਂ ਦਰਿਮਆਨ ਮੌਜੂਦ ਰਾਜਨੀਤਕ ਸਰਹੱਦਾਂ ਨੇ ਇਸ ਵਰਤਾਰੇ ਨੂੰ ਕਾਨੂੰਨ ਦੀ ਵਿਵਸਥਾ ਅਧੀਨ ਲੈ ਆਂਦਾ ਹੈ। ਇਸ ਦੇ ਨਤੀਜੇ ਵਜੋਂ ਹੀ ਪਰਵਾਸ, ਪਰਵਾਸੀ, ਆਵਾਸ ਅਤੇ ਆਵਾਸੀ, ਮੂਲਵਾਸ ਅਤੇ ਮੂਲਵਾਸੀ ਵਰਗੇ ਸਮਾਜਕ ਸੰਕਲਪ ਹੁਣ ਸਿਧਾਂਤਕ ਰੂਪ ਅਖ਼ਿਤਆਰ ਕਰ ਗਏ ਹਨ। ਹੁਣ ਪਰਵਾਸ ਸਿਰਫ਼ ਇਕ ਥਾਂ ਤੋਂ ਦੂਜੀ ਥਾਂ ਜਾਣ ਦੇ ਅਮਲ ਨੂੰ ਹੀ ਨਹੀਂ ਬਿਆਨ ਕਰਦਾ ਸਗੋਂ ਇਸ ਨਾਲ ਕੁਝ ਸਿਧਾਂਤਕ ਨੇਮ ਅਤੇ ਰੱਦੋ-ਅਮਲ ਜੁੜ ਗਏ ਨੇ। ਕਿਸੇ ਇਕ ਦੇਸ਼ ਦੇ ਅੰਦਰ ਹੀ ਰਾਜਾਂ ਵਿਚਕਾਰ ਵਿਚਰਨ ਜਾਂ ਇਕ ਥਾਂ ਤੋਂ ਦੂਜੀ ਥਾਂ ਜਾਣ ਨੂੰ ਸਿਧਾਂਤਕ ਪਰਵਾਸ ਦੇ ਦਾਇਰੇ ਤੋਂ ਬਾਹਰ ਕਰ ਦਿੱਤਾ ਗਿਆ ਹੈ ਕਿਉਂਕਿ ਇਕ ਤੋਂ ਦੂਜੇ ਰਾਜ ਵਿੱਚ ਰੋਜ਼ੀ-ਰੋਟੀ ਲਈ ਜਾ ਕੇ ਵਸਣਾ ਉੱਨਾਂ ਗੁੰਝਲਦਾਰ ਨਹੀਂ ਹੁੰਦਾ ਜਿੰਨਾ ਦੇਸ਼ ਤੋਂ ਬਾਹਰ ਜਾਣਾ। ਰਾਜਾਂ ਵਿਚਕਾਰ ਆਵਾਜਾਈ ਉਤੇ ਕੋਈ ਰੋਕ ਨਹੀਂ ਅਤੇ ਨਾ ਹੀ ਕੋਈ ਵਿਸ਼ੇਸ਼ ਰੁਕਾਵਟ ਹੀ ਹੈ। ਭਾਸ਼ਾ ਅਤੇ ਸਭਿਆਚਾਰ ਦਾ ਵਖਰੇਵਾਂ ਭਾਵੇਂ ਹੋ ਸਕਦਾ ਹੈ ਪਰ ਨਾਗਰਿਕਤਾ ਦੇ ਅਧਿਕਾਰਾਂ ਦੀ ਬਰਾਬਰੀ ਕਾਰਣ ਇਹ ਕੋਈ ਸੰਕਟ ਸਥਿਤੀ ਤਕ ਨਹੀਂ ਪਹੁੰਚਦਾ। ਇਸ ਦੀ ਤੁਲਨਾ ਵਿੱਚ ਦੇਸ਼ ਤੋਂ ਬਾਹਰ ਜਾਣਾ ਜਾਂ ਪਰਵਾਸ ਕਰਨਾ ਗੁੰਝਲਦਾਰ

ਅਤੇ ਔਖਾ ਕਾਰਜ ਹੁੰਦਾ ਹੈ। ਇਸ ਅਮਲ ਵਿੱਚ ਪਰਵਾਸ ਕਰਨ ਵਾਲਾ ਪਰਵਾਸੀ ਬਣ ਜਾਂਦਾ ਹੈ, ਜਿਸ ਦੇ ਨਾਗਰਿਕਤਾ ਦੇ ਅਧਿਕਾਰ ਦੂਜੇ ਦੇਸ਼ ਵਿੱਚ ਜਾ ਕੇ ਬਦਲ ਜਾਂਦੇ ਹਨ। ਦੂਜੇ ਦੇਸ਼ ਵਿੱਚ ਜਾ ਕੇ ਉਥੋਂ ਦੀ ਨਾਗਰਿਕਤਾ ਕਾਨੂੰਨੀ ਤੌਰ 'ਤੇ ਮਿਲ ਜਾਣ ਦੇ ਬਾਵਜੂਦ ਵੀ ਉਥੋਂ ਦੇ ਸਮਾਜ ਵਿੱਚ ਰਲ-ਮਿਲ ਜਾਣ ਦਾ ਕੋਈ ਭਰੋਸਾ ਨਹੀਂ ਹੁੰਦਾ ਜਿਸ ਨਾਲ ਸਮਾਜਕ ਅਤੇ ਸਭਿਆਚਾਰਕ ਪਛਾਣ ਦੇ ਮਸਲੇ ਪੈਦਾ ਹੁੰਦੇ ਹਨ।

ਪਰਵਾਸੀ ਸ਼ਬਦ ਦੋ ਰੂਪਗ੍ਰਾਮਾਂ ਪਰ+ਵਾਸ ਦਾ ਸੁਮੇਲ ਹੈ, ਜਿਸ ਦਾ ਸਮਾਨਾਰਥਕ ਸ਼ਬਦ ਹੈ। ਇਸ ਸ਼ਬਦ ਦੇ ਅਰਥ ਹਨ- ਪਰਾਈ ਧਰਤੀ ਦਾ ਵਸਨੀਕ ਜਾਂ ਆਪਣਾ ਦੇਸ਼ ਛੱਡ ਕੇ ਪਰਾਏ ਦੇਸ਼ ਵਿਚ ਜੋ ਕਿ ਉਸ ਦਾ ਆਪਣਾ ਨਹੀਂ ਹੈ, ਵਿਚ ਜਾ ਕੇ ਰਹਿਣ ਵਾਲਾ। ਇਸ ਦਾ ਪ੍ਰਯੋਗ ਉਸ ਵਿਅਕਤੀ ਵਿਸ਼ੇਸ਼ ਲਈ ਕੀਤਾ ਜਾਂਦਾ ਹੈ ਜੋ ਅਨਿਸ਼ਚਿਤ ਤੌਰ ’ਤੇ ਆਪਣੀ ਆਰਥਿਕ ਮਜਬੂਰੀ ਕਾਰਨ ਪੈਦਾ ਹੋਈਆਂ ਪਰੇਸ਼ਾਨੀਆਂ ਦਾ ਹੱਲ ਲੱਭਣ ਲਈ ਪਰਾਈ ਧਰਤੀ ’ਤੇ ਵਿਚਰਦਾ ਹੈ।

ਸਵਰਨ ਚੰਦਨ ਅਨੁਸਾਰ, ‘‘ਪਰਵਾਸੀ ਉਹ ਮਨੁੱਖ ਹੁੰਦਾ ਹੈ ਜੋ ਰੋਜ਼ੀ ਰੋਟੀ ਦੀ ਤਲਾਸ਼ ਵਿਚ ਪਰਾਈਆਂ ਧਰਤੀਆਂ ’ਤੇ ਵਿਚਰਦਾ ਹੈ। ਉਸ ਦਾ ਇਹ ਵਿਚਰਨਾ ਭਟਕਣਾ ਹੀ ਹੁੰਦਾ ਹੈ, ਕਿਉਂਕਿ ਉਹ ਬੇਭਰੋਸਗੀ ਤੇ ਬੇਪ੍ਰਤੀਤੀ ਦੀ ਜਿੱਲ੍ਹਣ ਵਿਚ ਖੁੱਭਾ ਰਹਿੰਦਾ ਹੈ, ਅਸਥਿਰਤਾ ਦੀ ਇਹ ਪ੍ਰਵਿਰਤੀ ਮਨੁੱਖ ਦੀ ਮਾਨਸਿਕਤਾ ਨੂੰ ਵੀ ਅਸਥਿਰ ਬਣਾ ਦਿੰਦੀ ਹੈ। ਇਸ ਮਾਨਸਿਕਤਾ ਦਾ ਸਮਾਜੀਕ੍ਰਿਤ ਰੂਪ ਚੇਤਨਾ ਵੀ ਅਸਥਿਰਤਾ ਦਾ ਅਹਿਸਾਸ ਭੋਗਦੀ ਹੈ।’’

ਡਾ. ਕਰਨੈਲ ਸਿੰਘ ਥਿੰਦ ਅਨੁਸਾਰ, ਪਰਵਾਸ ਦੌਰਾਨ ਵਿਭਿੰਨ ਤੇ ਨਵੀਨ ਜੀਵਨ ਪਰਿਸਥਤੀਆਂ ਵਿਚ ਵਿਚਰਦਿਆਂ ਇਕ ਪਰਵਾਸੀ ਜਿਹੜੀ ਨਵੀਂ ਸੋਚ, ਅਹਿਸਾਸ ਤੇ ਅਨੁਭਵ ਗ੍ਰਹਿਣ ਕਰਦਾ ਹੈ, ਉਹ ਪਰਵਾਸੀ ਚੇਤਨਾ ਹੈ।...ਆਪਣੇ ਮੁਲਕ ਸਮਾਜ ਅਤੇ ਸੰਸਕ੍ਰਿਤੀ ਨੂੰ ਛੱਡ ਕੇ ਜਦੋਂ ਇਕ ਪਰਵਾਸੀ ਦੂਜੇ ਮੁਲਕ ਵਿਚ ਜਾ ਕੇ ਵਸਣ ਦੇ ਇਰਾਦੇ ਨਾਲ ਪ੍ਰਵੇਸ਼ ਕਰਦਾ ਹੈ ਤਾਂ ਉਸ ਨਵੇਂ ਮੁਲਕ ਦੇ ਸਮਾਜਕ, ਆਰਥਿਕ, ਰਾਜਨੀਤਕ, ਧਾਰਮਿਕ, ਨੈਤਿਕ ਅਤੇ ਸੰਸਕ੍ਰਿਤਕ ਪਬੰਧ ਵਿਚ ਵਖਰੇਵੇਂ ਕਾਰਨ ਹਰ ਧਰਾਤਲ `ਤੇ ਉਹ ਕਈ ਭਾਂਤ ਦੀਆਂ ਜਟਿਲ ਸਮੱਸਿਆਵਾਂ ਵਿਚ ਪੈ ਜਾਂਦਾ ਹੈ। ਇਹਨਾਂ ਸਮੱਸਿਆਵਾਂ ਨਾਲ ਜੂਝਦਿਆਂ ਉਸ ਨੂੰ ਆਪਣੀ ਚੇਤਨਾ ਵਿਚੋਂ ਕੁਝ ਮਨਫੀ ਕਰਨਾ ਪੈਂਦਾ ਹੈ ਅਤੇ ਕੁਝ ਨਵਾਂ ਵੀ ਗ੍ਰਹਿਣ ਕਰਨਾ ਪੈਂਦਾ ਹੈ। ਚੇਤਨਾ ਦੇ ਇਸ ਪੱਧਰ `ਤੇ ਉਹ ਇਕ ਪਰਿਵਰਤਨ ਦੀ ਸਥਿਤੀ ਵਿਚ ਹੁੰਦਾ ਹੈ। ਇਹ ਵਿਰੋਧ ਬਹੁ-ਪਾਸਾਰੀ ਅਤੇ ਬਹੁ-ਦਿਸ਼ਾਵੀ ਹੋਣ ਕਾਰਨ ਪਰਵਾਸੀ ਦੀ ਚੇਤਨਾ ਨੂੰ ਸਮੁੱਚੇ ਰੂਪ ਵਿਚ ਇਕ ਵਖਰੇਵਾਂ ਪ੍ਰਦਾਨ ਕਰਦੇ ਹਨ। ਇਹਨਾਂ ਵਿਰੋਧਾਂ ਵਿਚੋਂ ਗੁਜ਼ਰਦਿਆਂ ਉਸ ਦੀ ਜਿਹੜੀ ਚੇਤਨਾ ਉਗਮਦੀ ਹੈ, ਉਸ ਨੂੰ ਪਰਵਾਸੀ ਚੇਤਨਾ ਕਿਹਾ ਜਾਂਦਾ ਹੈ।

ਵਿਸ਼ਵ ਵਿਚ ਇਕ ਖਿਤੇ ਤੋਂ ਦੂਜੇ ਖਿਤੇ ਵਿਚ ਜਾਣ ਦਾ ਮਨੁੱਖੀ ਰੁਝਾਨ ਬਹੁਤ ਪੁਰਾਣੇ ਸਮਿਆਂ ਤੋਂ ਪ੍ਰਚਲਿਤ ਹੈ ਪਰ ਵਰਤਮਾਨ ਦੌਰ ਵਿਚ ਵੱਡੇ ਪੈਮਾਨੇ ’ਤੇ ਪਰਵਾਸ ਦਾ ਰੁਝਾਨ ਬਸਤੀਵਾਦ ਤੇ ਨਵ ਬਸਤੀਵਾਦ ਨਾਲ ਗਹਿਰਾ ਸਬੰਧ ਰਖਦਾ ਹੈ। ਇਹ ਇਕ ਬੁਨਿਆਦੀ ਸਚਾਈ ਹੈ ਕਿ ਤੀਜੀ ਦੁਨੀਆਂ ਦੇ ਬਸਤੀਵਾਦੀ ਮੁਲਕਾਂ ਦੇ ਕਾਮੇ ਆਪਣੇ ਹਾਕਮਾਂ ਦੇ ਦੇਸ਼ ਵਿਚ ਰੁਜ਼ਗਾਰ ਦੀ ਤਲਾਸ਼ ਵਿਚ ਗਏ ਤੇ ਜਾ ਰਹੇ ਹਨ। ਬਰਤਾਨੀਆਂ, ਕੈਨੇਡਾ, ਅਮਰੀਕਾ ਤੇ ਹੋਰ ਮੁਲਕਾਂ ਵੱਲ ਰੁਜ਼ਗਾਰ ਦੇ ਚੰਗੇਰੇ ਜੀਵਨ ਪੱਧਰ ਲਈ ਪੰਜਾਬੀਆਂ ਦੇ ਜਾਣ ਦੇ ਰੁਝਾਨ ਦਾ ਪਿਛੋਕੜ 19ਵੀਂ ਸਦੀ ਤੱਕ ਜਾਂਦਾ ਹੈ।

## 1.2 ਪੰਜਾਬੀ ਪਰਵਾਸ ਦੀ ਪਰਿਕਿਰਿਆ

ਪਰਵਾਸ ਦੀ ਪ੍ਰਕਿਰਿਆ ਮਨੁੱਖੀ ਜੀਵਨ ਦੇ ਵਰਤਾਰੇ ਦਾ ਅਹਿਮ ਅੰਗ ਹੈ। ਇਹ ਵਰਤਾਰਾ ਜੀਵਨ ਦੇ ਵੱਖੋ-ਵੱਖਰੇ ਦਬਾਵਾਂ ਅਧੀਨ ਹੋਂਦ ਵਿਚ ਆਉਂਦਾ ਹੈ। ਇਸ ਵਿਚ ਅਹਿਮ ਵਰਤਾਰਾ ਆਰਥਿਕਤਾ ਨਾਲ ਜੁੜਿਆ ਹੋਇਆ ਹੈ। ਇਹ ਵਰਤਾਰਾ ਬਸਤੀਵਾਦੀ ਪ੍ਰਕਿਰਿਆ ਅਧੀਨ ਵਧੇਰੇ ਹੋਂਦ ਵਿਚ ਆਇਆ। ਅਜੇ ਤੱਕ ਇਸੇ ਵਰਤਾਰੇ ਪਿੱਛੇ ਕੰਮ ਕਰਦੀ ਮਾਨਸਿਕਤਾ ਦੀ ਭੂਮਿਕਾ ਹੈ। ਪੰਜਾਬੀ ਪਰਵਾਸ ਦਾਮੁੱ ਢ ਵੀ ਉਨੀਵੀਂ ਸਦੀ ਦੇ ਪਿਛਲੇ ਅੱਧ ਤੋਂ ਹੀ ਸ਼ੁਰੂ ਹੋਇਆ ਹੋਏਗਾ। ਇਹ ਇਕ ਅੰਦਾਜ਼ਾ ਹੀ ਹੈ। ਪਹਿਲਾਂ ਪੰਜਾਬੀ ਪਰਵਾਸੀ ਗਰੁੱਪਾਂ ਜਾਂ ਵਿਅਕਤੀ ਕਿਹੜਾ ਹੋਏਗਾ? ਇਸ ਦੇ ਵੇਰਵੇ ਅਜੇ ਤੱਕ ਸਾਡੀ ਪਹੁੰਚ ਤੋਂ ਬਾਹਰ ਹਨ, ਪਰ ਮੁਢਲੇ ਪੰਜਾਬੀਆਂ ਵਿਚ ਸਮਾਜ ਦੇ ਉਪਰਲੇ ਵਰਗ ਵਿਚੋਂ ਗਏ ਵਿਦਿਆਰਥੀ, ਆਰਥਿਕ ਸੰਕਟ ਵਿਚ ਫਸੀ ਕਿਸਾਨੀ ਅਤੇ ਹੱਥੀਂ ਕੰਮ ਕਰਨ ਵਾਲੀ ਦਸਤਕਾਰ ਜਮਾਤ ਪਹੁੰਚੀ। ਮੁੱਢਲੇ ਰੂਪ ਵਿਚ ਅਸਥਾਈ ਮਾਨਸਿਕਤਾ ਵਾਲਾ ਪਰਵਾਸ ਸੀ। ਇਹ ਕਈ ਪੜਾਵਾਂ ਵਿਚੋਂ ਗੁਜ਼ਰਦਾ ਹੋਇਆ ਅਜੋਕੇ ਸਮੇਂ ਤੱਕ ਪਹੁੰਚਿਆ ਹੈ। ਹੁਣ ਇਹ ਆਰਥਿਕ ਸੰਕਟ ਨਾਲੋਂ ਗਲੈਮਰੀ ਮਾਨਸਿਕਤਾ ਤੋਂ ਵੱਧ ਪ੍ਰਭਾਵਿਤ ਹੈ।

ਪੰਜਾਬੀ ਪਰਵਾਸੀ ਲਗਭਗ ਇਕ ਸਦੀ ਤੋਂ ਯੂਰਪ ਅਤੇ ਮੱਧ-ਪੂਰਬ ਏਸ਼ੀਆ ਦੇ ਵੱਖੋ-ਵੱਖਰੇ ਮੁਲਕਾਂ ਵਿਚ ਜਾ ਵਸੇ ਅਤੇ ਵਸ ਰਹੇ ਹਨ। ਏਸ਼ਿਆਈ ਅਤੇ ਪੱਛਮੀ ਮੁਲਕਾਂ ਦੀਆਂ ਸਮਾਜਿਕ ਅਤੇ ਰਾਜਨੀਤਿਕ ਸਥਿਤੀਆਂ ਵੱਖਰੀਆਂ ਹੋਣ ਕਰਕੇ ਪਰਵਾਸੀਆਂ ਦੀਆਂ ਸਥਿਤੀਆਂ ਵੱਖੋ-ਵੱਖਰੀਆਂ ਹਨ। ਪੂਰਬ ਏਸ਼ਿਆਈ ਮੁਲਕਾਂ ਦੀ ਇਕਤੰਤਰੀ ਰਾਜਸੀ ਬਣਤਰ ਅਤੇ ਬੰਦ-ਸੱਭਿਆਚਾਰਕ ਮੁੱਲਾਂ ਕਾਰਨ ਪਰਵਾਸੀਆਂ ਦੇ ਅਧਿਕਾਰ ਸੀਮਤ ਹਨ। ਪੱਛਮੀ ਦੇਸ਼ਾ ਵਿਚ ਸਥਿਤੀ ਵੱਖਰੀ ਹੈ। ਇਹਨਾਂ ਦੇਸ਼ਾਂ ਵਿਚ ਸਨਅਤੀ ਵਿਕਾਸ ਅਤੇ ਬੁਰਜੂਆ ਲੋਕਤੰਤਰੀ ਪ੍ਰਣਾਲੀ ਕਾਰਨ ਨਾਗਰਿਕਾਂ ਦੇ ਅਜ਼ਾਦੀ ਦੇ ਜ਼ਿਆਦਾ ਖੇਤਰ ਮੌਜੂਦ ਹਨ। ਇਸ ਲਈ ਇਹਨਾਂ ਦੇਸ਼ਾਂ ਵਿਚਲਾ ਪਰਵਾਸੀ ਜੀਵਨ ਕਈ ਪੜਾਵਾਂ ਵਿਚੋਂ ਗੁਜ਼ਰਿਆ ਹੈ। ਮੁਢਲੇ ਰੂਪ ਵਿਚ ਪਰਵਾਸ ਦਾ ਵੱਡਾ ਹਿੱਸਾ ਅਵਿਕਸਤ ਆਰਥਿਕਤਾ ਨਾਲ ਜੁੜਿਆ ਹੋਇਆ ਸੀ। ਇਹ ਪਰਵਾਸੀ ਕਿਸਾਨੀ

ਵਰਗ ਨਾਲ ਸਬੰਧਿਤ ਸਨ। ਹੁਣ ਵੀ ਪਰਵਾਸ ਵਿਚ ਸਭ ਤੋਂ ਵੱਡਾ ਹਿੱਸਾ ਕਿਸਾਨੀ ਦਾ ਦੁਆਬੇ ਖਿੱਤੇ ਨਾਲ ਸਬੰਧਿਤ ਹੈ। ਪਰਵਾਸ ਦਾ ਪਹਿਲਾ ਪੜਾਅ ਸਾਡੇ ਦੇਸ਼ ਦੀ ਗੁਲਾਮੀ ਨਾਲ ਜੁੜਿਆ ਹੋਇਆ ਸੀ। ਉਸ ਸਮੇਂ ਦੀਆਂ ਸਥਿਤੀਆਂ ਕਾਰਨ ਗੁਲਾਮੀ ਦਾ ਅਹਿਸਾਸ ਪੰਜਾਬੀ ਪਰਵਾਸੀਆਂ ਨੂੰ ਹਰ ਪੜਾਅ ਤੇ ਹੁੰਦਾ ਸੀ, ਅਜ਼ਾਦੀ ਤੋਂ ਬਾਅਦ ਅਤੇ ਯੂਰਪ ਵਿਚ ਸਥਾਈ ਅਬਾਦਕਾਰ ਬਣਨ (ਵਸੇਬਾ) ਤੋਂ ਬਾਅਦ ਲੋਕਤੰਤਰੀ ਸੰਸਥਾਵਾਂ ਵਿਚ ਪਰਵਾਸੀਆਂ ਦੇ ਪ੍ਰਵੇਸ਼ ਕਰਨ ਦੀਆਂ ਸੰਭਾਵਨਾਵਾਂ ਵਧੀਆਂ। ਇਸ ਲਈ ਇੰਗਲੈਂਡ, ਅਮਰੀਕਾ ਅਤੇ ਕਨੇਡਾ ਵਿਚ ਪੰਜਾਬੀ ਉੱਚੇ ਅਹੁਦਿਆਂ 'ਤੇ ਪਹੁੰਚੇ। ਇਸੇ ਲਈ ਪਰਵਾਸੀ ਜੀਵਨ, ਭੂਹੇਰਵੇ, ਨਸਲਵਾਦ ਅਤੇ ਪੀੜ੍ਹੀ ਪਾੜੇ ਤੋਂ ਮੁਕਤ ਹੋ ਕੇ ਉਥੋਂ ਦੇ ਸਥਾਨਕ ਜੀਵਨ ਅਤੇ ਸੱਭਿਆਚਾਰ ਅਤੇ ਜੀਵਨ ਦੇ ਮਾਨਵੀ ਮੁੱਲਾਂ ਨੂੰ ਪਛਾਣਨ ਦੀ ਸਥਿਤੀ ਪੈਦਾ ਹੋਈ ਹੈ। ਇਸ ਨਵੀਂ ਸਥਿਤੀ ਨੂੰ ਪਰਵਾਸੀ ਪੰਜਾਬੀ ਗਲਪ ਨੇ ਸਾਰਥਿਕ ਹੁੰਗਾਰਾ ਭਰਿਆ ਹੈ।

ਪੰਜਾਬੀਆਂ ਦਾ ਪਰਵਾਸ ਪੰਜਾਬ 'ਤੇ ਅੰਗਰੇਜ਼ਾਂ ਦਾ 1849 ਵਿਚ ਰਾਜ ਸਥਾਪਤ ਹੋਣ ਤੋਂ ਬਾਅਦ ਸ਼ੁਰੂ ਹੁੰਦਾ ਹੈ। ਅੰਗਰੇਜ਼ਾਂ ਨੇ ਫੌਜ ਵਿਚ ਸਿੱਖਾਂ ਨੂੰ ਭਰਤੀ ਕਰਨ ਵਿਚ ਪਹਿਲ ਦਿੱਤੀ ਸੀ। ਉਨ੍ਹਾਂ ਦਿਨਾਂ ਵਿਚ ਇੰਗਲੈਂਡ ਵਿਚ ਨਸਲਵਾਦ ਭਾਰੂ ਸੀ ਤੇ ਇਹ ਵਿਚਾਰਧਾਰਾ ਆਮ ਕਰਕੇ ਪ੍ਰਚਲਿਤ ਸੀ ਕਿ ਦੁਨੀਆਂ ਵਿਚ ਕੁਝ ਨਸਲਾਂ ਜ਼ਿਆਦਾ ਬਹਾਦਰ ਹਨ। ਇਸੇ ਵਿਚਾਰਧਾਰਾ ਨੂੰ ਕਾਇਮ ਰੱਖਦਿਆਂ ਸਿੱਖਾਂ ਨੂੰ ਤੇ ਖ਼ਾਸ ਕਰਕੇ ਜੱਟ ਸਿੱਖਾਂ ਨੂੰ ਫ਼ੌਜ ਵਿਚ ਭਰਤੀ ਕਰਨ ਵਿਚ ਤਰਜੀਹ ਦਿੱਤੀ ਗਈ। ਇਹ ਫ਼ੌਜੀ ਜਾਤ ਦੇ ਜੱਟ ਤੇ ਜਮਾਤ ਵਜੋਂ ਕਿਸਾਨੀ ਨਾਲ ਸੰਬੰਧਿਤ ਸਨ। ਫ਼ੌਜ ਵਿਚ ਭਰਤੀ ਹੋਣ ਉਪਰੰਤ ਇਨ੍ਹਾਂ ਨੂੰ ਨਾ ਸਿਰਫ਼ ਭਾਰਤ ਵਿਚ ਬਲਕਿ ਨਾਲ ਲੱਗਦੇ ਦੇਸ਼ਾਂ ਵਿਚ ਜਾਣ ਦਾ ਮੌਕਾ ਮਿਲਿਆ। ਉਨ੍ਹੀਵੀਂ ਸਦੀ ਵਿਚ ਪੰਜਾਬੀਆਂ ਦੇ ਪਰਵਾਸ ਨੂੰ ਸਮਝਣ ਲਈ ਸਾਨੂੰ ਇਨ੍ਹਾਂ ਫ਼ੌਜੀਆਂ ਦੇ ਪਰਵਾਸ ਨੂੰ ਹੀ ਜਾਨਣਾ ਪਵੇਗਾ। ਇਹ ਫ਼ੌਜੀ ਦੱਖਣ ਪੂਰਬ ਦੇ ਮੁਲਕਾਂ ਵਿਚ ਗਏ, ਜਿਨ੍ਹਾਂ ਵਿਚ ਮਲਾਇਆ, ਸਿੰਘਾਪੁਰ, ਹਾਂਗਕਾਂਗ ਤੇ ਸ਼ੰਘਾਈ ਮੁੱਖ ਸਥਾਨ ਸਨ।

ਉਨ੍ਹੀਵੀਂ ਸਦੀ ਵਿਚ ਕਈ ਪ੍ਰਕਾਰ ਦੇ ਹਾਲਾਤਾਂ ਕਰਕੇ ਪੰਜਾਬੀਆਂ ਨੇ ਦੁਨੀਆਂ ਦੇ ਕਈ ਦੇਸ਼ਾਂ ਨੂੰ ਪਰਵਾਸ ਕੀਤਾ। ਉਦਾਹਰਣ ਦੇ ਤੌਰ 'ਤੇ ਕੂਕਾ ਅੰਦੋਲਨ ਦੀ ਪ੍ਰਤੀਕਿਰਿਆ ਵਜੋਂ ਅੰਗਰੇਜ਼ਾਂ ਨੇ ਇਸ ਦੇ ਆਗੂ ਬਾਬਾ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਕੇ ਬਰਮਾ ਵਿਚ 1872 ਵਿਚ ਭੇਜ ਦਿੱਤਾ ਸੀ। ਸੋ ਸੁਭਾਵਕ ਹੀ ਹੈ ਕਿ ਬਾਬਾ ਰਾਮ ਸਿੰਘ ਦੇ ਸ਼ਰਧਾਲੂਆਂ ਨੇ ਵੀ ਪਰਵਾਸ ਕੀਤਾ ਹੋਵੇਗਾ। ਨਤੀਜੇ ਵਜੋਂ ਉਹ ਏਸ਼ੀਆ ਦੇ ਕੁਝ ਦੇਸ਼ਾਂ ਵਿਚ ਵੱਸ ਗਈ। ਇਹੀ ਕਾਰਨ ਹੈ ਕਿ ਨਾਮਧਾਰੀ ਪੰਜਾਬੀ ਪਰਵਾਸੀ ਦੇ ਰੂਪ ਵਿਚ ਕਾਫੀ ਮਾਤਰਾ ਵਿਚ ਮਿਲ ਜਾਂਦਾ ਹੈ। ਇਸੇ ਤਰ੍ਹਾਂ 19ਵੀਂ ਸਦੀ ਵਿਚ ਕਈ ਪਰਵਾਸੀ ਆਸਟ੍ਰੇਲੀਆ ਮਹਾਂਦੀਪ ਚਲੇ ਗਏ ਤੇ ਖ਼ਾਸ ਕਰਕੇ ਫਿਜ਼ੀ ਵਿਚ ਗੰਨੇ ਦੀ ਫ਼ਸਲ 'ਤੇ ਮਜ਼ਦੂਰਾਂ ਵਜੋਂ ਕੰਮ ਕਰਨ ਲੱਗ ਪਏ।

ਪੰਜਾਬੀਆਂ ਦੇ ਪਰਵਾਸ ਵਿਚ ਵੱਡਾ ਮੋੜ 19ਵੀਂ ਸਦੀ ਦੇ ਅਖ਼ੀਰ ਵਿਚ ਉਸ ਵਕਤ ਆਇਆ ਜਦੋਂ ਰਾਣੀ ਵਿਕਟੋਰੀਆ ਦੇ ਜੁਬਲੀ ਸਮਾਰੋਹ ਵਿਚ ਹਿੱਸਾ ਲੈਣ ਲਈ ਸਿੱਖ ਫ਼ੌਜੀ ਕੈਨੇਡਾ ਗਏ। ਇਨ੍ਹਾਂ ਵਿਚੋਂ ਕੁਝ ਅਮਰੀਕਾ ਵੀ ਗਏ। ਇਹ ਪਰਵਾਸ 1930 ਈਸਵੀ ਤੱਕ ਕਿਸੇ ਨਾ ਕਿਸੇ ਰੂਪ ਵਿਚ ਪ੍ਰਚਲਿਤ ਰਿਹਾ। ਉਪਰੰਤ 1947 ਤੱਕ ਅਸੀਂ ਪਰਵਾਸ ਦੀ ਗ਼ੈਰਹਾਜ਼ਰੀ ਵੇਖ ਸਕਦੇ ਹਾਂ। ਇਸ ਦੇ ਮੁੱਖ ਕਾਰਨ ਦੁਨੀਆਂ ਵਿਚ 1929 ਨੂੰ ਆਰਥਿਕ ਸੰਕਟ ਅਤੇ ਬਾਅਦ ਵਿਚ ਦੂਸਰਾ ਵਿਸ਼ਵ ਯੁੱਧ ਸਨ।

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਬਸਤੀਵਾਦ ਦੀ ਪੰਜਾਬੀਆਂ ਦੇ ਪਰਵਾਸ ਵਿਚ ਸਿੱਧੀ ਭੂਮਿਕਾ ਹੈ। 1910 ਤੋਂ 1920 ਦੇ ਦਰਮਿਆਨ ਪੰਜਾਬ ਦੀ ਆਬਾਦੀ ਪਲੇਗ ਅਤੇ ਇਨਫਲੂਐਂਜ਼ਾ ਕਰਕੇ ਕਾਫ਼ੀ ਘਟ ਗਈ ਸੀ। ਬੀਮਾਰੀ ਤੇ ਪਹਿਲੀ ਸੰਸਾਰ ਜੰਗ ਵਿਚ ਫ਼ੌਜੀਆਂ ਦੀ ਲੋੜ ਨੇ ਪੰਜਾਬੀਆਂ ਨੂੰ ਦੂਸਰੀਆਂ ਥਾਵਾਂ 'ਤੇ ਭੇਜਣ ਵਿਚ ਅਹਿਮ ਰੋਲ ਨਿਭਾਇਆ। ਜਦੋਂ ਬਰਤਾਨਵੀ ਸਰਕਾਰ ਨੇ ਅਫਰੀਕੀ ਬਸਤੀਆਂ ਵਿਚ ਰੇਲਵੇ ਲਾਈਨ ਵਿਛਾਉਣ ਦਾ ਕੰਮ ਅਰੰਭਿਆ ਤਾਂ ਉਥੋਂ ਦੇ ਅਫਰੀਕੀ ਵਸਨੀਕਾਂ ਨੇ ਉਸ ਦਾ ਸਾਥ ਨਾ ਦਿੱਤਾ। ਨਤੀਜੇ ਵਜੋਂ ਅੰਗਰੇਜ਼ਾਂ ਨੂੰ ਭਾਰਤ ਤੋਂ ਮਜ਼ਦੂਰ ਮੰਗਵਾਉਣ ਦਾ ਫ਼ੈਸਲਾ ਕੀਤਾ ਗਿਆ। ਰੇਲਵੇ ਲਾਈਨ ਵਿਛਾਉਣ ਲਈ ਉਨ੍ਹਾਂ ਨੂੰ ਕਾਰੀਗਰ ਮਜ਼ਦੂਰਾਂ ਦੀ ਲੋੜ ਸੀ। ਨਤੀਜੇ ਵਜੋਂ ਪੰਜਾਬ ਤੋਂ ਰਾਮਗੜ੍ਹੀਆ ਜਾਤ ਨਾਲ ਸੰਬੰਧਿਤ ਲੋਕ ਕੀਨੀਆ, ਯੂਗਾਂਡਾ ਤੇ ਜਾਂਬੀਆ ਨੂੰ ਵੱਡੀ ਗਿਣਤੀ ਵਿਚ ਪਰਵਾਸ ਕਰ ਗਏ। 20ਵੀਂ ਸਦੀ ਦੇ ਸ਼ੁਰੂ ਵਿਚ ਹੋਇਆ ਇਹ ਪਰਵਾਸ ਕਾਫ਼ੀ ਵਿਲੱਖਣ ਸੀ। ਰੇਲਵੇ ਲਾਈਨ ਬਣਨ ਤੋਂ ਬਾਅਦ ਕਈ ਪੰਜਾਬੀਆਂ ਨੂੰ ਰੇਲਵੇ ਵਿਭਾਗ ਵਿਚ ਨੌਕਰੀਆਂ ਮਿਲ ਗਈਆਂ ਤੇ ਕੁਝ ਇਕ ਵੱਖਰੇ ਵੱਖਰੇ ਕਿੱਤੇ ਅਪਣਾ ਕੇ ਉਥੇ ਹੀ ਵੱਸ ਗਏ।

ਇਹ ਸਪੱਸ਼ਟ ਹੈ ਕਿ ਇੰਗਲੈਂਡ ਵਿਚ ਪੰਜਾਬੀ ਕਾਫ਼ੀ ਗਿਣਤੀ ਵਿਚ ਰਹਿ ਰਹੇ ਹਨ। ਇਨ੍ਹਾਂ ਵਿਚੋਂ ਬਹੁਗਿਣਤੀ ਉਨ੍ਹਾਂ ਪੰਜਾਬੀਆਂ ਦੀ ਹੈ ਜੋ 1947 ਤੋਂ ਬਾਅਦ ਉਥੇ ਜਾ ਕੇ ਵੱਸੇ ਹਨ। ਇਹ ਇਕ ਆਪਣੇ ਆਪ ਵਿਚ ਖੋਜ ਦਾ ਮੁੱਦਾ ਹੈ ਕਿ 1947 ਤੋਂ ਪਹਿਲਾਂ ਪੰਜਾਬ ਤੋਂ ਭਾਟੜਾ ਜਾਤ ਦੇ ਕੁਝ ਲੋਕ ਇੰਗਲੈਂਡ ਵਿਚ ਜਾ ਕੇ ਵੱਸ ਗਏ ਸਨ ਕਿਉਂਕਿ ਦੱਸਣ ਵਿਚ ਆਇਆ ਹੈ ਕਿ 1947 ਤੋਂ ਬਾਅਦ ਪਰਵਾਸ ਗਏ ਪੰਜਾਬੀਆਂ ਨੂੰ ਭਾਟੜਿਆਂ ਨੇ ਆਪਣੇ ਘਰ ਕਿਰਾਏ 'ਤੇ ਦਿੱਤੇ ਸਨ।

## 1.3 ਪਰਵਾਸੀ ਪੰਜਾਬੀ ਕਹਾਣੀ: ਵਿਕਾਸ ਪਰਿਕਿਰਿਆ

**ਪਹਿਲਾ ਪੜਾਅ:** ਪਰਵਾਸੀ ਪੰਜਾਬੀ ਕਹਾਣੀ ਦੇ ਆਰੰਭਿਕ ਦੌਰ ਦੇ ਕੁਝ ਕਹਾਣੀਕਾਰਾਂ ਨੂੰ ਛੱਡ ਕੇ ਬਾਕੀ ਦਾ ਸੰਬੰਧ ਬਰਤਾਨੀਆ ਨਾਲ ਹੈ। ਇਸ ਕਾਰਨ ਪਰਵਾਸੀ ਪੰਜਾਬੀ ਕਹਾਣੀ ਦੇ ਇਸ ਆਰੰਭਿਕ ਦੌਰ ਦਾ ਬਹੁਤਾ ਸੰਬੰਧ ਬਰਤਾਨਵੀ ਪ੍ਰਵੇਸ਼ ਨਾਲ ਬਣਦਾ ਹੈ। ਇਸ ਮੁਲਕ ਦੇ ਹਾਲਾਤ ਹੀ ਇਸ ਦੌਰ ਦੀ ਪਹਿਲੀ ਕਹਾਣੀ ਦੇ ਸੁਭਾਅ ਨੂੰ ਨਿਸ਼ਚਿਤ ਕਰਦੇ ਹਨ। ਇਸ ਦੌਰ ਨਾਲ ਲਗਭਗ ਸਾਰੇ ਕਹਾਣੀਕਾਰਾਂ ਨੇ ਚੰਗੇ

ਖੁਸ਼ਹਾਲ ਜੀਵਨ ਦੀ ਇੱਛਾ ਅਧੀਨ ਸੱਠਵਿਆਂ ਦੇ ਲਗਭਗ ਬਾਹਰਲੇ ਮੁਲਕਾਂ ਵਿਚ ਪ੍ਰਵੇਸ਼ ਕੀਤਾ। ਇਸ ਦੌਰ ਦੇ ਇਹ ਪਰਵਾਸੀ ਇਸ ਭਰਮ ਦਾ ਸ਼ਿਕਾਰ ਸਨ ਕਿ ਉਹ ਪੈਸਾ ਕਮਾ ਕੇ ਵਾਪਸ ਆਪਣੇ ਦੇਸ਼ ਪਰਤ ਆਉਣਗੇ ਪਰੰਤੂ ਅਜਿਹਾ ਨਹੀਂ ਵਾਪਰਿਆ। ਕੋਈ ਵਿਰਲਾ ਹੀ ਵਾਪਸ ਪਰਤਿਆ। ਇਨ੍ਹਾਂ ਪਰਵਾਸੀਆਂ ਨੇ ਆਪਣੇ ਜੁਆਨ ਹੋਣ ਤੱਕ ਦਾ ਸਮਾਂ ਪੰਜਾਬ ਵਿਚ ਗੁਜ਼ਾਰਿਆ ਸੀ। ਕਈਆਂ ਦੇ ਪਰਿਵਾਰ ਸਮੇਤ ਪਤਨੀਆਂ ਅਤੇ ਬੱਚੇ ਵੀ ਪਿੱਛੇ ਪੰਜਾਬ ਵਿਚ ਹੀ ਸਨ। ਨਵੇਂ ਪੱਛਮੀ ਦੇਸ਼ਾਂ ਵਿਚ ਆ ਕੇ ਇਨ੍ਹਾਂ ਨੂੰ ਕਠੋਰ ਆਰਿਥਕ ਸੰਘਰਸ਼ ਵੀ ਕਰਨਾ ਪਿਆ। ਪਰਵਾਸੀਆਂ ਦਾ ਵੱਡਾ ਭਾਗ ਬਰਤਾਨੀਆ ਨਾਲ ਸੰਬੰਧਿਤ ਹੋਣ ਕਾਰਨ ਉਨ੍ਹਾਂ ਨੂੰ ਨਸਲੀ ਵਿਤਕਰੇ ਦਾ ਸ਼ਿਕਾਰ ਵੀ ਹੋਣਾ ਪਿਆ। ਇਹੋ ਕਾਰਨ ਹੈ ਕਿ ਆਰੰਭਿਕ ਦੌਰ ਦੀ ਪਰਵਾਸੀ ਕਹਾਣੀ ਵਿਚ ਭੂ-ਹੇਰਵਾ, ਨਸਲਵਾਦ, ਆਰਥਿਕ ਸੰਘਰਸ਼ ਆਦਿ ਵਰਗੇ ਵਿਸ਼ੇ ਵੀ ਮਹੱਤਤਾ ਰੱਖਦੇ ਹਨ। ਇਸ ਮੁਢਲੀ ਪਰਵਾਸੀ ਕਹਾਣੀ ਵਿਚ ਨਸਲੀ ਵਿਤਕਰੇ ਅਤੇ ਆਰਥਿਕ ਸ਼ੋਸ਼ਣ ਦੀ ਗੱਲ ਤਾਂ ਕੀਤੀ ਗਈ ਹੈ ਪਰੰਤੂ ਮੱਧਮ ਸੁਰ ਵਿਚ। ਇਸ ਦਾ ਕਾਰਨ ਅਮਰਜੀਤ ਚੰਦਨ ਨੇ ਠੀਕ ਹੀ ਤਲਾਸ਼ਿਆ ਹੈ :

> ''(ਆਰਥਿਕ ਤੌਰ 'ਤੇ ਲੁੱਟੇ ਜਾਣ ਦੀ ਸੋਝੀ) ਪੰਜਾਬੀਆਂ ਦੀ ਮਾਨਸਿਕਤਾ ਦਾ ਅੰਗ ਨਹੀਂ ਬਣ ਸਕੀ, ਕਿਉਂਕਿ ਇਥੋਂ ਦੇ ਪੰਜਾਬੀ ਕਾਮੇ ਭਾਰਤੀ ਪ੍ਰਸੰਗ ਵਿਚ ਧਨਾਢ ਸਨ।''

ਮੁਢਲੀ ਪਰਵਾਸੀ ਕਹਾਣੀ ਭਾਵੇਂ ਕਿਸੇ ਵੀ ਖੇਤਰ ਅਤੇ ਕਿਸੇ ਵੀ ਸਮੇਂ 'ਚ ਲਿਖਣੀ ਆਰੰਭ ਹੋਈ ਹੋਵੇ, ਉਸ ਵਿਚ ਉੱਭਰਵੀਂ ਸੁਰ ਉਦਰੇਵੇਂ ਦੀ ਹੀ ਹੈ। ਬਾਕੀ ਸਮੱਸਿਆਵਾਂ ਜਿਵੇਂ ਨਸਲੀ ਵਿਤਕਰਾ ਅਤੇ ਆਰਥਿਕ ਸ਼ੋਸ਼ਣ ਗੌਣ ਰੂਪ ਵਿਚ ਹੀ ਆਈਆਂ ਹਨ। ਆਰੰਭਿਕ ਦੌਰ ਜਾਂ ਮੁੱਢਲੀ ਪਰਵਾਸੀ ਕਹਾਣੀ ਦੇ ਕਹਾਣੀਕਾਰਾਂ ਵਿਚ ਰਘੁਬੀਰ ਢੰਡ, ਤਰਸੇਮ ਨੀਲਗਿਰੀ, ਸ਼ਿਵਚਰਨ ਗਿੱਲ, ਸਵਰਨ ਚੰਦਨ, ਰਵਿੰਦਰ ਰਵੀ, ਪ੍ਰੀਤਮ ਸਿੱਧੂ, ਦਰਸ਼ਨ ਧੀਰ, ਬਲਦੇਵ ਸਿੰਘ ਲੰਡਨ, ਗੁਰਨਾਮ ਗਿੱਲ ਅਤੇ ਇਸ ਤਰ੍ਹਾਂ ਔਰਤ ਲੇਖਿਕਾਵਾਂ ਵਿਚੋਂ ਕੈਲਾਸ਼ਪੁਰੀ, ਬਲਬੀਰ ਕੌਰ ਸੰਘੇੜਾ ਤੇ ਸ਼ਸ਼ੀ ਸਮੁੰਦਰਾ ਕੁਝ ਮਹੱਤਵਪੂਰਨ ਨਾਮ ਹਨ। ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਨਾਲ ਹੀ ਪਰਵਾਸੀ ਪੰਜਾਬੀ ਕਹਾਣੀ ਆਪਣੇ ਇਤਿਹਾਸ ਦਾ ਪਹਿਲਾ ਪੜਾਅ ਪੂਰਾ ਕਰਦੀ ਹੈ।

**ਦੂਜਾ ਪੜਾਅ:** ਪਰਵਾਸੀ ਪੰਜਾਬੀ ਕਹਾਣੀ ਦਾ ਦੂਜਾ ਪੜਾਅ ਉਸ ਚੇਤਨਾ ਨਾਲ ਸ਼ੁਰੂ ਹੁੰਦਾ ਹੈ ਜਦੋਂ ਪਰਵਾਸੀ ਪੰਜਾਬੀਆਂ ਨੇ ਵਤਨ ਵਾਪਸੀ ਦਾ ਵਿਚਾਰ ਤਿਆਗ ਕੇ ਪੱਛਮੀ ਦੀ ਧਰਤੀ ਨੂੰ ਹੀ ਆਪਣਾ ਪੱਕਾ ਵਸੇਬਾ ਬਣਾ ਲਿਆ ਅਤੇ ਆਪਣੇ ਪਰਿਵਾਰ ਵੀ ਉਥੇ ਬਲਾਉਣੇ ਸ਼ੁਰੂ ਕਰ ਦਿੱਤੇ ਤਾਂ ਉਨ੍ਹਾਂ ਦਾ ਰਹਿਣ-ਸਹਿਣ ਪਹਿਲਾਂ ਦੇ ਮੁਕਾਬਲੇ ਵਧੇਰੇ ਸਥਾਈ ਅਤੇ ਪਰਿਵਾਰਕ ਬਣ ਗਿਆ। ਇਸ ਨਾਲ ਕਲਾਤਮਿਕ ਸਾਧਨਾਂ ਵਿਚ ਵੀ ਹਾਲਾਤ ਵਧੇਰੇ ਸਥਾਈ ਅਤੇ ਕੁਝ ਪੁਰਾਣੀਆਂ ਸਮੱਸਿਆਵਾਂ ਵੀ ਹੱਲ ਹੋ ਗਈਆਂ। ਔਰਤਾਂ ਦੇ ਨੌਕਰੀ ਲਈ ਘਰੋਂ ਬਾਹਰ ਨਿਕਲਣ, ਆਰਥਿਕ ਤੌਰ 'ਤੇ ਆਜ਼ਾਦ ਹੋਣ ਅਤੇ ਖੁੱਲ੍ਹਾਂ ਮਾਣਦੀ ਪੱਛਮੀ ਔਰਤ ਦੀ ਜੀਵਨ ਜਾਂਚ ਤੋਂ ਪ੍ਰਭਾਵਿਤ ਹੋਣ ਨਾਲ ਉਸ ਦੇ ਵਿਅਕਤੀਤਵ ਦੇ ਨਵੇਂ ਪਾਸਾਰ ਪ੍ਰਗਟ ਹੋਣ ਲੱਗੇ। ਇਸ ਤਰ੍ਹਾਂ ਪਰਵਾਸੀ ਮਰਦ ਦੀ ਸਾਮੰਤੀ ਹਾਉਂ ਵਾਲੇ ਸੰਸਕਾਰ ਟੁੱਟਣ, ਪਦਾਰਥਕ ਲਾਲਸਾਵਾਂ ਵਧਣ ਅਤੇ ਭੋਗ ਵਿਲਾਸ ਦੇ ਨਵੇਂ ਮੌਕੇ ਪੈਦਾ ਹੋਣ ਨਾਲ ਔਰਤ-ਮਰਦ ਦੀ ਚੇਤਨਾ ਵਿਚ ਨਵੇਂ ਪਰਿਵਰਤਨ ਆਉਣੇ ਸ਼ੁਰੂ ਹੋ ਗਏ। ਫਲਸਰੂਪ ਪਰਿਵਾਰਕ ਤਣਾਅ ਵਧਣ ਲੱਗੇ ਜਿਨ੍ਹਾਂ ਨੂੰ ਪਰਵਾਸੀ ਕਹਾਣੀ ਨੇ ਪੂਰੀ ਸ਼ਿੱਦਤ ਨਾਲ ਪਕੜਨ ਦਾ ਯਤਨ ਕੀਤਾ। ਪਰਵਾਸੀਆਂ ਦੀ ਗਿਣਤੀ ਵਧਦੀ ਜਾਣ ਨਾਲ ਅਤੇ ਮੁਕਾਬਲੇ ਦੀ ਭਾਵਨਾ ਪ੍ਰਚੰਡ ਹੋਣ ਨਾਲ ਅੰਤਰ-ਸਭਿਆਚਾਰਕ ਕਲੇਸ਼ ਵੀ ਪੈਦਾ ਹੋਣੇ ਸ਼ੁਰੂ ਹੋ ਗਏ।

ਇਸ ਤਰ੍ਹਾਂ ਬਹੁ-ਪੱਖੀ ਅਤੇ ਬਹੁ-ਪਾਸਾਰੀ ਆਰਥਿਕ ਮਸਲਿਆਂ ਦੇ ਨਾਲ-ਨਾਲ ਪਰਿਵਾਰਕ ਰਿਸ਼ਤਿਆਂ ਅੰਦਰਲਾ ਤਣਾਉ-ਟਕਰਾਉ ਪਰਵਾਸੀ ਕਹਾਣੀ ਵਿਚ ਇਕ ਪ੍ਰਮੁੱਖ ਸਰੋਕਾਰ ਦੇ ਰੂਪ ਵਿਚ ਉੱਭਰਨ ਲਗਦਾ ਹੈ। ਪੂਰਬੀ ਟੈਬੂ-ਚੇਤਨਾ ਅਤੇ ਲਿੰਗ-ਖੁੱਲ੍ਹ 'ਤੇ ਅਧਾਰਿਤ ਪੱਛਮੀ ਸੰਸਕ੍ਰਿਤੀ ਵਿਚਲਾ ਪੜਾਅ ਕਦੇ ਦਵੰਦਪੂਰਨ ਤਣੀਆਂ ਹੋਈਆਂ ਸਥਿਤੀਆਂ ਦੀ ਸਿਰਜਨਾ ਕਰਦਾ ਹੈ ਅਤੇ ਕਦੇ ਇਹ ਪਾੜਾ ਦੋ ਸੰਸਕ੍ਰਿਤੀਆਂ ਦਰਮਿਆਨ ਸਿੱਧੀ ਟੱਕਰ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਵਲਾਇਤ ਨੂੰ ਆਪਣਾ ਅਸਲੀ ਘਰ ਚਿਤਵਨ ਦੀ ਚੇਤਨਾ ਦੇ ਨਾਲ ਹੀ ਪਰਵਾਸੀਆਂ ਦਾ ਆਪਣੇ ਦੇਸ਼ ਵਿਚੋਂ ਟੱਬਰੀਟੀਰ ਅਤੇ ਸਕੇ-ਸੰਬੰਧੀ ਵਲਾਇਤ ਸੱਦਣ ਦਾ ਸਿਲਸਿਲਾ ਤੇਜ਼ ਹੁੰਦਾ ਹੈ। ਇਸ ਨਾਲ ਗ਼ੈਰ-ਮੁਲਕੀਆਂ ਦੇ ਨਾਲ-ਨਾਲ ਆਪਣੇ ਭਾਈਬੰਦਾਂ ਨਾਲ ਵੀ ਉਲਝਣਾਂ ਪੈਦਾ ਹੋਣ ਅਤੇ ਘਰੇਲੂ ਮਾਹੌਲ ਵਿਚ ਤਣਾਅ ਵਧਣ ਦਾ ਸਿਲਸਿਲਾ ਵਧਦਾ ਹੈ। ਸੋ ਜਾਤੀ ਰਿਸ਼ਤਿਆਂ ਦੀ ਥਾਂ ਆਰਥਿਕ ਰਿਸ਼ਤੇ ਭਾਰੂ ਹੋਣ ਲਗਦੇ ਹਨ। ਪ੍ਰਗਤੀਵਾਦੀ ਵਿਚਾਰਧਾਰਾ ਨਾਲ ਪਰਨਾਏ ਸਵਰਨ ਚੰਦਨ ਅਤੇ ਰਘੁਬੀਰ ਢੰਡ ਜਿਹੇ ਕਹਾਣੀਕਾਰ ਰਿਸ਼ਤਿਆ ਦੇ ਆਰਥਿਕ ਪ੍ਰੇਰਕਾਂ ਨੂੰ ਆਪਣੀਆਂ ਕਹਾਣੀਆਂ ਦੀ ਮੂਲ-ਚੂਲ ਬਣਾਉਂਦੇ ਹਨ। ਜ਼ੋਖਮ ਉਠਾ ਕੇ ਬਾਹਰ ਬੁਲਾਏ ਦੇਸੀ ਭਾਈਬੰਦ ਸਥਾਪਿਤ ਹੋਣ ਤੋਂ ਬਾਅਦ ਪੂੰਜੀਵਾਦੀ ਕਿਸਮ ਦੇ ਸ਼ਰੀਕ ਬਣ ਬੈਠਦੇ ਹਨ ਜਿਸ ਨਾਲ ਪ੍ਰੰਪਰਿਕ ਭਾਈਚਾਰਕ ਰਿਸ਼ਤਿਆਂ ਵਿਚ ਟੁੱਟ-ਭੱਜ ਦਾ ਅਮਲ ਸ਼ੁਰੂ ਹੁੰਦਾ ਹੈ। ਇਹ ਸਮੱਸਿਆ ਸਮੇਂ-ਸਮੇਂ ਬਰਤਾਨੀਆ, ਕੈਨੇਡਾ, ਅਤੇ ਅਮਰੀਕਾ ਦੀ ਪਰਵਾਸੀ ਕਹਾਣੀ ਵਿਚ ਇਕੋ ਜਿਹੀ ਸ਼ਿੱਦਤ ਨਾਲ ਰਚਨਾ-ਵਸਤੂ ਬਣਾਈ ਗਈ ਹੈ।

ਇਸ ਦੌਰ ਦੇ ਪਰਵਾਸੀ ਕਹਾਣੀਕਾਰ ਜਿਵੇਂ ਸ਼ਿਵਚਰਨ ਗਿੱਲ, ਬਲਦੇਵ ਸਿੰਘ ਲੰਡਨ, ਹਰੀਜਤ ਅਟਵਾਲ, ਬਲਬੀਰ ਕੌਰ ਸੰਘੇੜਾ, ਰਾਣੀ ਨਗੇਂਦਰ ਅਤੇ ਕੈਲਾਸ਼ਪੁਰੀ ਵਰਗੇ ਕਹਾਣੀਕਾਰਾਂ ਦੀਆਂ ਕਹਾਣੀਆਂ ਪੱਛਮੀ ਜੀਵਨ-ਜਾਂਚ ਦੇ ਦੰਪਤੀ ਜੀਵਨ ਉੱਪਰ ਪੈਣ ਵਾਲੇ ਪ੍ਰਭਾਵਾਂ ਦਾ ਬਿਰਤਾਂਤ ਵੀ ਪੇਸ਼ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਨੇ ਪਰਵਾਸੀ ਪੰਜਾਬੀ ਔਰਤ ਦੇ ਮਾਧਿਅਮ ਰਾਹੀਂ ਉਸ ਨਾਰੀ ਅਵਚੇਤਨ ਨੂੰ ਉਜਾਗਰ ਕੀਤਾ ਹੈ ਜਿਹੜਾ ਭਾਰਤ ਵਰਗੇ ਮਰਦ-ਪ੍ਰਧਾਨ ਸਮਾਜ ਵਿਚ ਕਦੇ ਵੀ ਸਪੱਸ਼ਟ ਰੂਪ ਵਿਚ ਪੇਸ਼ ਨਹੀਂ ਹੋ ਸਕਿਆ।

ਵਸਤੂਗਤ ਰੂਪ ਵਿਚ ਦੂਸਰੇ ਪੜਾਅ ਦੀ ਪਰਵਾਸੀ ਕਹਾਣੀ ਜੀਵਨ ਦੇ ਬਹੁ-ਪੱਖੀ ਸੰਘਰਸ਼ ਨਾਲ ਜੁੜੇ ਸਰੋਕਾਰਾਂ ਤੇ ਮਸਲਿਆਂ ਦਾ ਤਾਰਕਿਕ ਆਧਾਰ 'ਤੇ ਵਿਸ਼ਲੇਸ਼ਣ ਕਰਦੀ ਹੈ। 1980 ਉਪਰੰਤ ਪਰਵਾਸੀ ਪੰਜਾਬੀ ਕਹਾਣੀ ਦੀ ਪਹੁੰਚ ਤੇ ਪ੍ਰਗਟਾਅ ਵਿਧੀ ਵਿਚ ਪਰਵਾਸੀ ਜੀਵਨ ਦੀਆਂ ਸਮੱਸਿਆਵਾਂ ਦੇ ਜਟਿਲ ਰੂਪ ਅਖ਼ਤਿਆਰ ਕਰਨ ਕਾਰਨ ਪਰਿਵਰਤਨ ਵਾਪਰਨਾ ਆਰੰਭ ਹੋ ਜਾਂਦਾ ਹੈ। ਇਸ ਪਰਿਵਰਤਨ ਦਾ ਪਹਿਲਾ ਮਹੱਤਵਪੂਰਨ ਕਾਰਨ ਪਰਵਾਸੀਆਂ ਦਾ ਬਦੇਸ਼ਾਂ ਵਿਚ ਪੱਕੇ ਤੌਰ 'ਤੇ ਨਿਵਾਸ ਹੈ, ਦੂਜਾ, ਸਮਾਂ ਪੈਣ ਨਾਲ ਆਰਥਿਕ ਸੰਘਰਸ਼ ਵਿਚ ਰਾਹਤ ਮਿਲਣੀ, ਤੀਜਾ, ਕਈ ਮੁਲਕਾਂ ਵਿਚ ਭਾਰਤੀ/ਪਰਵਾਸੀ ਵੱਸੋਂ ਦੇ ਵਧਣ ਕਾਰਨ ਪੰਜਾਬੀ ਦੀ ਰਾਜਨੀਤੀ ਆਦਿ ਵਿਚ ਸ਼ਮੂਲੀਅਤ, ਚੌਥਾ, ਸੰਚਾਰ ਸਾਧਨਾਂ ਦੀ ਪ੍ਰਫੁੱਲਤਾ। ਉਪਰੋਕਤ ਸਾਰੀਆਂ ਗੱਲਾਂ ਨੇ ਪਰਵਾਸੀ ਜੀਵਨ ਦੀਆਂ ਪ੍ਰਮੁੱਖਤਾਵਾਂ ਬਦਲ ਦਿੱਤੀਆਂ। ਹੁਣ ਪਰਵਾਸੀ ਆਰਥਿਕ, ਸਮਾਜਿਕ ਤੇ ਰਾਜਨੀਤਕ ਤੌਰ 'ਤੇ ਪਹਿਲਾਂ ਜਿੰਨੇ ਨਿਆਸਤੇ ਨਹੀਂ ਰਹੇ। ਪਿੱਛੇ ਭਾਰਤ ਵੱਲ ਵੇਖਣਾ ਵੀ ਬੰਦ ਹੋ ਗਿਆ। ਪੱਛਮੀ ਮੁਲਕਾਂ ਵਿਚ ਪੈਦਾ ਹੋਈ ਅਤੇ ਪ੍ਰਵਾਨ ਚੜ੍ਹੀ ਅਗਲੀ ਪੀੜ੍ਹੀ ਨਾਲ ਪਹਿਲੀ ਪੀੜ੍ਹੀ ਦੇ ਤਨਾਉ ਦੇ ਅਨੁਭਵ ਨੇ ਪਰਵਾਸੀ ਕਹਾਣੀ ਵਿਚ ਅੰਤਰ-ਸੰਸਕ੍ਰਿਤਕ ਸੰਵਾਦ ਦੀਆਂ ਸੰਭਾਵਨਾਵਾਂ ਨੂੰ ਪੈਦਾ ਕੀਤਾ। ਕਹਾਣੀ ਵਿਚ ਇਸ ਅੰਤਰ-ਸੰਸਕ੍ਰਿਤਕ ਸੰਵਾਦ ਦੀਆਂ ਪਹਿਲੀਆਂ ਸੂਹਾਂ ਸ਼ਿਵਚਰਨ ਗਿੱਲ, ਤਰਸੇਮ ਨੀਲਗਿਰੀ, ਦਰਸ਼ਨ ਧੀਰ, ਸਵਰਨ ਚੰਦਨ ਤੇ ਰਘੁਬੀਰ ਢੰਡ ਵਰਗੇ ਲੇਖਕਾਂ ਦੀਆਂ ਰਚਨਾਵਾਂ ਵਿਚੋਂ ਆਉਣ ਲੱਗ ਪਈਆਂ ਸਨ। ਪਰ ਇਹ ਸੰਵਾਦ ਨਵੇਂ ਪਰਵਾਸੀ ਕਹਾਣੀਕਾਰਾਂ ਦੀਆਂ ਰਚਨਾਵਾਂ ਵਿਚ ਹੀ ਕੇਂਦਰੀ ਸਥਾਨ ਪ੍ਰਾਪਤ ਕਰਦਾ ਹੈ।

**ਤੀਜਾ ਪੜਾਅ:** ਪਰਵਾਸੀ ਪੰਜਾਬੀ ਕਹਾਣੀ ਦਾ ਤੀਜਾ ਪੜਾਅ ਉਸ ਨਵੀਂ ਚੇਤਨਾ ਨਾਲ ਆਰੰਭ ਹੁੰਦਾ ਹੈ ਜਿਹੜੀ ਪੂਰਬੀ ਅਤੇ ਪੱਛਮੀ ਸੰਸਕ੍ਰਿਤੀਆਂ ਦੇ ਵਾਦ, ਪ੍ਰਤੀਵਾਦ ਅਤੇ ਸੰਵਾਦ ਵਿਚੋਂ ਉਪਜਦੀ ਹੈ। ਸੰਵਾਦ ਦੀ ਇਹ ਪ੍ਰਵਿਰਤੀ ਬਰਤਾਨੀਆਂ ਦੇ ਪਰਵਾਸੀ ਲੇਖਕਾਂ ਦੇ ਮੁਕਾਬਲੇ ਅਮਰੀਕਾ, ਕੈਨੇਡਾ ਅਤੇ ਅਫ਼ਰੀਕਾ ਆਦਿ ਦੇਸ਼ਾਂ ਦੇ ਲੇਖਕਾਂ ਦੀਆਂ ਕਹਾਣੀਆਂ ਵਿਚ ਵਧੇਰੇ ਉਘੜਵੀਂ ਹੈ। ਅਮਰੀਕਾ ਵਾਸੀ ਜਗਜੀਤ ਸਿੰਘ, ਕੈਨੇਡਾ ਵਾਸੀ ਸਾਧੂ ਬਿਨਿੰਗ, ਅਮਨਪਾਲ ਸਾਰਾ, ਅਫ਼ਰੀਕੀ ਦੇਸ਼ਾਂ ਦੇ ਵਾਸੀ ਇਕਬਾਲ ਅਰਪਨ, ਸ਼ਿਵਚਰਨ ਗਿੱਲ, ਦਰਸ਼ਨ ਧੀਰ ਅਤੇ ਕੈਨੇਡਾ ਵਾਸੀ ਜਰਨੈਲ ਸਿੰਘ ਦੀਆਂ ਕਹਾਣੀਆਂ ਵਿਸ਼ੇਸ਼ ਤੌਰ 'ਤੇ ਨਵੇਂ ਭਾਵ-ਬੋਧ ਨੂੰ ਅਭਿਵਿਅਕਤ ਕਰਦੀਆਂ ਹਨ।

ਕੀਨੀਆ ਤੋਂ ਪਿੱਛੋਂ ਕੈਨੇਡਾ ਵਾਸੀ ਰਵਿੰਦਰ ਰਵੀ ਆਪਣੀ ਬ੍ਰਹਿਮੰਡਕ ਚੇਤਨਾ ਦੇ ਸੰਕਲਪ ਤੋਂ ਪ੍ਰਭਾਵਿਤ ਹੋ ਕੇ ਇਕ ਅਜਿਹੇ ਮਨੁੱਖ ਦੀ ਪਰਿਕਲਪਨਾ ਵੀ ਕਰਦਾ ਹੈ ਜਿਹੜਾ ਰੰਗਾਂ, ਧਰਮਾਂ, ਭਾਸ਼ਾਵਾਂ ਅਤੇ ਨਸਲੀ ਵਿਤਕਰਿਆਂ ਤੋਂ ਉੱਪਰ ਉੱਠ ਕੇ ਜੀਉਣ ਦੀ ਚੇਸ਼ਟਾ ਰੱਖਦਾ ਹੈ। ਰਾਜਨੀਤਿਕ ਚੇਤਨਾ ਵਾਲੀ ਕਹਾਣੀ ਵਿਚ ਮੂਲਵਾਦੀਆਂ ਅਤੇ ਪਰਵਾਸੀਆਂ ਦਾ ਸੰਵਾਦ ਇਕ ਹੋਰ ਕੋਣ ਤੋਂ ਪੇਸ਼ ਕੀਤਾ ਗਿਆ ਹੈ। ਸਵਰਨ ਚੰਦਨ ਅਤੇ ਰਘੁਬੀਰ ਢੰਡ ਦੀਆਂ ਇਕ ਤੋਂ ਵੱਧ ਕਹਾਣੀਆਂ ਵਿਚ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਸੰਵਾਦ ਲਈ ਰਾਹ ਪੱਧਰਾ ਕੀਤਾ ਗਿਆ ਹੈ। ਇਨ੍ਹਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਇਹ ਰਚਨਾ ਵਿਵੇਕ ਸਿਰਜਦੀਆਂ ਹਨ ਕਿ ਹਰੇਕ 'ਗੋਰਾ' ਸ਼ਾਸ਼ਕ ਅਤੇ ਕਾਲਾ ਜਾਂ ਪਰਵਾਸੀ ਸ਼ੋਸ਼ਿਤ ਨਹੀਂ, ਸਗੋਂ ਸ਼੍ਰੇਣੀ-ਸਮਾਜ ਵਿਚ ਸਰਮਾਏ ਅਤੇ ਸ਼ੋਸ਼ਣ ਦੇ ਪੱਖ ਤੋਂ ਹੀ ਸ਼ੋਸ਼ਕ ਅਤੇ ਸ਼ੋਸ਼ਿਤ ਦੀ ਪਰਿਭਾਸ਼ਾ ਕਰਨੀ ਉਚਿਤ ਹੈ। ਇਸ ਲਈ ਇਹ ਕਹਾਣੀਕਾਰ ਨਸਲਾਂ, ਬੋਲੀਆਂ ਅਤੇ ਧਰਮਾਂ ਆਦਿ ਦੀਆਂ ਵਲਗਣਾਂ ਨੂੰ ਉਲੰਘ ਕੇ ਆਰਥਿਕ ਹਿੱਤਾਂ ਅਨੁਸਾਰ ਹੋਣ ਵਾਲੀ ਸ਼੍ਰੇਣੀ ਵੰਡ ਦੀ ਪਰਿਕਲਪਨਾ ਵੀ ਕਰਦੇ ਹਨ।

ਪਰਵਾਸੀ ਪੰਜਾਬੀ ਕਹਾਣੀ ਵਿਚ ਸਭ ਤੋਂ ਵੱਧ ਪੇਸ਼ ਹੋਇਆ ਅਤੇ ਹੋਰ ਘਟਨਾਵਾਂ ਅਤੇ ਪ੍ਰਸਿਥਤੀਆਂ ਨੂੰ ਸਿੱਧੇ-ਅਸਿੱਧੇ ਤੌਰ 'ਤੇ ਪ੍ਰਭਾਵਿਤ ਕਰਨ ਵਾਲਾ ਵਿਸ਼ਾ ਪਰਵਾਸੀ ਔਰਤ ਦੀਆਂ ਸਮੱਸਿਆਵਾਂ ਜਿਵੇਂ ਔਰਤ ਦੀ ਔਰਤ ਨਾਲ ਟੱਕਰ, ਔਰਤ ਦੀ ਮਰਦ ਨਾਲ ਟੱਕਰ ਅਤੇ ਔਰਤ ਦੀ ਸਮਾਜ ਨਾਲ ਟੱਕਰ ਵੀ ਪ੍ਰਮੁੱਖ ਹਨ। ਪਰਵਾਸੀ ਔਰਤ ਨਾਲ ਸੰਬੰਧਿਤ ਅਜਿਹੀਆਂ ਸਮੱਸਿਆਵਾਂ ਨੂੰ ਅਮਨਪਾਲਾ ਸਾਰਾ, ਯੁਵਰਾਜ ਰਤਨ, ਹਰਜੀਤ ਅਟਵਾਲ, ਦਰਸ਼ਨ ਧੀਰ ਅਤੇ ਵੀਨਾ ਵਰਮਾ ਵਰਗੇ ਕਹਾਣੀਕਾਰਾਂ ਦੀਆਂ ਰਚਨਾਵਾਂ ਵਿਸ਼ਾ ਬਣਾਉਂਦੀਆਂ ਹਨ।

ਪਿਛਲੇ ਦਹਾਕੇ ਦੀ ਪਰਵਾਸੀ ਪੰਜਾਬੀ ਕਹਾਣੀ ਵਿਚ ਪੰਜਾਬ ਸਮੱਸਿਆ ਦਾ ਜ਼ਿਕਰ ਵੀ ਹੋਇਆ ਹੈ। ਬਹੁਤ ਸਾਰੇ ਕਹਾਣੀਕਾਰਾਂ ਨੇ ਇਸ ਦੇ ਕਿਸੇ ਨਾ ਕਿਸੇ ਪੱਖ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਵਿਦੇਸ਼ ਗਏ ਪੰਜਾਬੀਆਂ ਦਾ ਇਕ ਵਰਗ ਜਿੱਥੇ ਧਾਰਮਿਕ ਪੱਖ ਤੋਂ ਭਾਵੁਕ ਹੋ ਕੇ ਪੰਜਾਬ ਸਮੱਸਿਆ ਦੇ ਕਿਸੇ ਪਾਸਾਰ ਨਾਲ ਜੁੜਿਆ ਦਿਖਾਈ ਦਿੰਦਾ ਹੈ ਉਥੇ ਪ੍ਰਗਤੀਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਪੜ੍ਹਿਆ-ਲਿਖਿਆ ਪੰਜਾਬੀ ਵਰਗ ਇਸ ਦੇ ਤਾਰਕਿਕ ਨਤੀਜਿਆਂ ਦਾ ਵਿਸ਼ਲੇਸ਼ਣ ਵੀ ਕਰਦਾ ਹੈ। ਹਰਜੀਤ ਅਟਵਾਲ, ਅਮਨਪਾਲਾ ਸਾਰਾ ਅਤੇ ਸ਼ਿਵਚਰਨ ਗਿੱਲ ਵਰਗੇ ਕਹਾਣੀਕਾਰਾਂ ਦੀਆਂ ਕੁਝ ਇਕ ਕਹਾਣੀਆਂ ਪੰਜਾਬ ਸਮੱਸਿਆ ਨੂੰ ਰਚਨਾ-ਵਸਤੂ ਬਣਾਉਂਦੀਆਂ ਹੋਈਆਂ ਇਸ ਸਮੱਸਿਆ ਦੇ ਵਿਦੇਸ਼ਾਂ ਵਿਚ ਪਏ ਪ੍ਰਭਾਵਾਂ ਨੂੰ ਵੀ ਦਰਸਾਉਂਦੀਆਂ ਹਨ। ਇਨ੍ਹਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਇਹ ਦਰਸਾਉਂਦੀਆਂ ਹਨ ਕਿ ਪੰਜਾਬ ਸਮੱਸਿਆ ਦੌਰਾਨ ਕੇਵਲ ਪੰਜਾਬ ਵਿਚ ਹੀ ਕੱਟੜਵਾਦੀਆਂ ਹੱਥੋਂ ਫਿਰਕੂ ਵੰਡੀਆਂ ਪਾਉਣ ਦੇ ਯਤਨ ਨਹੀਂ ਕੀਤੇ ਗਏ ਬਲਕਿ ਇਸ ਦਾ ਅਸਰ ਵਿਦੇਸ਼ਾਂ ਵਿਚ ਵੀ ਹੋਇਆ। ਪੰਜਾਬ ਤੋਂ ਵਿਦੇਸ਼ਾਂ ਵਿਚ ਪੁੱਜੀਆਂ ਖ਼ਬਰਾਂ ਕਾਰਨ ਉਥੇ ਵੀ ਧਰਮ ਆਧਾਰਿਤ ਲੋਕ ਵੰਡੇ ਜਾਣੇ ਸ਼ੁਰੂ ਹੋ ਗਏ। ਇਥੋਂ ਤੱਕ ਕੇ ਦੋਸਤ ਵੀ ਆਪਸ ਵਿਚ ਲੜਨ-ਝਗੜਨ ਲੱਗੇ।

ਵਰਤਮਾਨ ਸਥਿਤੀ ਵਿਚ ਪਰਵਾਸੀ ਪੰਜਾਬੀ ਕਹਾਣੀ ਦਾ ਬਿਰਤਾਂਤ ਭਾਵੇਂ ਆਪਣੇ ਦੁੱਖਾਂ-ਸੁੱਖਾਂ ਨੂੰ ਨਿੱਜਮੁਖੀ ਢੰਗ ਨਾਲ ਪੇਸ਼ ਕਰਨ ਲਈ ਕੁਝ ਕਾਹਲਾ ਪ੍ਰਤੀਤ ਹੁੰਦਾ ਹੈ ਪਰ ਇਸ ਵਿਚ ਵਸਤੂ-ਮੁਖੀ ਰਚਨਾ-ਦ੍ਰਿਸ਼ਟੀ ਦਾ ਪਾਸਾਰ ਦਿਨੋ-ਦਿਨ ਵੱਧ ਰਿਹਾ ਪ੍ਰਤੱਖ ਨਜ਼ਰ ਆਉਂਦਾ

ਹੈ। ਜਰਨੈਲ ਸਿੰਘ, ਅਮਨਪਾਲਾ ਸਾਰਾ, ਸਾਧੂ ਬਿਨਿੰਗ, ਪ੍ਰਵੇਜ਼ ਸੰਧੂ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ ਰਾਹੀਂ ਨਵੀਨ ਰਚਨਾ-ਦ੍ਰਿਸ਼ਟੀ ਦੇ ਨਕਸ਼ ਬੜੇ ਉੱਭਰਵੇਂ ਰੂਪ 'ਚ ਨਜ਼ਰ ਆਉਂਦੇ ਹਨ।

ਪਰਵਾਸੀ ਪੰਜਾਬੀ ਕਹਾਣੀ ਦੇ ਵੱਡੇ ਕੇਂਦਰ ਭਾਵੇਂ ਬਰਤਾਨੀਆ, ਕੈਨੇਡਾ ਅਤੇ ਅਮਰੀਕਾ ਹੀ ਰਹੇ ਹਨ ਪਰ ਯੂਰਪ ਅਤੇ ਇਸ ਤੋਂ ਪਰੇ ਅਫ਼ਰੀਕੀ ਮਹਾਂਦੀਪ ਦੇ ਕੁਝ ਮੁਲਕਾਂ ਵਿਚ ਵਸਦੇ ਪਰਵਾਸੀ ਪੰਜਾਬੀਆਂ ਨੇ ਵੀ ਉਥੋਂ ਦੇ ਅਨੁਭਵ ਨੂੰ ਬਾਖ਼ੂਬੀ ਪ੍ਰਗਟਾਇਆ ਹੈ। ਅਫ਼ਰੀਕੀ ਪ੍ਰਸੰਗ ਵਿਚ ਰਵਿੰਦਰ ਰਵੀ, ਅਜੀਤ ਰਾਹੀ (ਆਸਟ੍ਰੇਲੀਆ), ਸ਼ਿਵਚਰਨ ਜੱਗੀ ਕੁੱਸਾ (ਆਸਟਰੀਆ), ਨਿੰਦਰ ਗਿੱਲ (ਸਵੀਡਨ), ਸੁਰੇਸ਼ ਇੰਦਰ ਸਿੰਘ ਰਤਨ (ਡੈਨਮਾਰਕ) ਆਦਿ ਨੇ ਵੀ ਕੇਂਦਰੀ ਪਰਵਾਸੀ ਕਹਾਣੀ ਤੋਂ ਰਤਾ ਹਟਵੇਂ ਅਨੁਭਵ ਪੇਸ਼ ਕੀਤੇ ਹਨ।

ਨਵੇਂ ਪਰਵਾਸੀ ਕਹਾਣੀਕਾਰ ਸਮੱਸਿਆਵਾਂ ਪ੍ਰਤੀ ਵਿਸ਼ਲੇਸ਼ਣਮਈ ਦ੍ਰਿਸ਼ਟੀ ਰੱਖਣ ਦੇ ਨਾਲ-ਨਾਲ ਵਸਤੂ-ਸਥਿਤੀ ਦੀ ਤਹਿ ਵਿਚ ਕਾਰਜਸ਼ੀਲ ਪ੍ਰੇਰਕਾਂ ਅਤੇ ਕਾਰਕਾਂ ਨੂੰ ਉਭਾਰਨ ਪ੍ਰਤੀ ਵੱਧ ਰੁਚਿਤ ਹਨ। ਮਾਨਵੀ ਵਿਹਾਰ ਦੀਆਂ ਗੁੰਝਲਦਾਰ ਪਰਤਾਂ, ਰਿਸ਼ਤਿਆਂ ਦੇ ਬਦਲਦੇ ਹੋਏ ਸਮੀਕਰਨ, ਪੀੜ੍ਹੀ-ਪਾੜੇ ਦੇ ਅੰਤਰਗਤ ਨਵੀਂ ਪੀੜ੍ਹੀ ਦਾ ਪੁਰਾਣੀ ਪੀੜ੍ਹੀ ਨੂੰ ਮੁਖ਼ਾਤਿਬ ਹੋਣਾ, ਔਰਤ ਦੀ ਸੁਤੰਤਰ ਹੋਂਦ ਤੇ ਅਸਤਿੱਤਵ ਦਾ ਮਸਲਾ, ਵਰਜਿਤ-ਅਵਰਜਿਤ ਜਿਨਸੀ ਸੰਬੰਧ, ਸਵੈ-ਪਹਿਚਾਣ ਦੀ ਸਮੱਸਿਆ, ਪਰਵਾਸੀ ਬਜ਼ੁਰਗਾਂ ਦੀ ਸਥਿਤੀ, ਮੀਡੀਏ ਦਾ ਨਵੀਂ ਪੀੜ੍ਹੀ ਉੱਪਰ ਪ੍ਰਭਾਵ ਅਤੇ ਸਭਿਆਚਾਰਕ ਤਣਾਉ ਆਦਿ ਵਰਗੇ ਅਨੇਕਾਂ ਹੋਰ ਸਰੋਕਾਰਾਂ ਅਤੇ ਮਸਲਿਆਂ ਨੂੰ ਨਵੇਂ ਪਰਵਾਸੀ ਕਹਾਣੀਕਾਰਾਂ ਦੀਆਂ ਰਚਨਾਵਾਂ ਪੇਸ਼ ਕਰਦੀਆਂ ਹਨ। ਇਸ ਤਰ੍ਹਾਂ ਸਾਹਿਤ ਦੀ ਸਰਵ-ਵਿਆਪਕਤਾ ਦਾ ਲੱਛਣ ਸੁਭਾਵਿਕ ਹੀ ਇਸ ਕਹਾਣੀ ਵਿਚ ਉਜਾਗਰ ਹੋ ਰਿਹਾ ਹੈ।

ਪਰਵਾਸੀ ਪੰਜਾਬੀ ਕਹਾਣੀ ਦੇ ਵਰਤਮਾਨ ਦ੍ਰਿਸ਼ ਨੂੰ ਦੇਖੀਏ ਤਾਂ ਅਮਨਪਾਲ ਸਾਰਾ, ਜਰਨੈਲ ਸਿੰਘ, ਕੁਲਜੀਤ ਮਾਨ (ਕੈਨੇਡਾ), ਪ੍ਰਵੇਜ਼ ਸੰਧੂ, ਪ੍ਰੋ. ਹਰਭਜਨ ਸਿੰਘ, ਗੁਰਪ੍ਰੀਤ ਸਿੰਘ ਧਾਲੀਵਾਲ (ਅਮਰੀਕਾ), ਵੀਨਾ ਵਰਮਾ, ਹਰਜੀਤ ਅਟਵਾਲ, ਸੰਤੋਖ ਧਾਲੀਵਾਲ (ਇੰਗਲੈਂਡ), ਨਿੰਦਰ ਗਿੱਲ (ਸਵੀਡਨ), ਬਲਬੀਰ ਕੌਰ ਸੰਘੇੜਾ, ਬਲਬੀਰ ਮੋਮੀ ਆਦਿ ਕੁਝ ਅਜਿਹੇ ਨਾਂ ਹਨ ਜਿਨ੍ਹਾਂ ਦੀ ਰਚਨਾ ਅਨੁਭਵ ਦੀ ਪ੍ਰਮਾਣਿਕਤਾ ਅਤੇ ਕਲਾਤਮਿਕ ਮਿਆਰ ਪੱਖੋਂ ਪਾਕਿਸਤਾਨ ਅਤੇ ਪੰਜਾਬ ਵਿਚ ਲਿਖੀ ਜਾ ਰਹੀ ਬਿਹਤਰਹੀਣ ਕਹਾਣੀ ਨਾਲ ਵਰ ਮੇਚਣ ਵਾਲੀ ਹੈ।

## ਸਾਰ-ਅੰਸ਼

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪਰਵਾਸੀ ਪੰਜਾਬੀ ਕਹਾਣੀ ਮੌਜੂਦਾ ਪੰਜਾਬੀ ਸਾਹਿਤ ਦਾ ਇਕ ਮਹੱਤਵਪੂਰਨ ਪਾਸਾਰ ਹੈ। ਇਸ ਦੀ ਸਿਰਜਨਾ 1960 ਦੇ ਕਰੀਬ ਬਰਤਾਨੀਆਂ ਤੋਂ ਆਰੰਭ ਹੋਈ ਅਤੇ ਅਗਲੇ ਦੋ-ਤਿੰਨ ਦਹਾਕਿਆਂ ਵਿਚ ਇਸ ਦਾ ਵਿਸਥਾਰ ਅਮਰੀਕਾ, ਕੈਨੇਡਾ, ਯੂਰਪ ਦੇ ਕੁਝ ਹੋਰ ਮੁਲਕਾਂ ਅਤੇ ਕੁਝ ਅਫ਼ਰੀਕੀ ਦੇਸ਼ਾਂ ਤੱਕ ਹੁੰਦਾ ਗਿਆ। 21ਵੀਂ ਸਦੀ ਦੇ ਆਰੰਭ ਤੱਕ ਇਹ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਆਪਣੇ ਸਿਖ਼ਰ ਉੱਤੇ ਪਹੁੰਚ ਗਈ ਜਾਪਦੀ ਹੈ।

## ਕੇਂਦਰੀ ਸ਼ਬਦ

- **ਪਰਵਾਸ**: ਪਰਾਈ ਧਰਤੀ ਉਪਰ ਵਾਸ ਕਰਨ ਦੀ ਕਿਰਿਆ
- **ਝੂਹੇਰਵਾ**: ਜੰਮਣ ਭੋਇੰ ਨੂੰ ਯਾਦ ਕਰਕੇ ਝੂਰਨਾ
- **ਨਸਲੀ ਵਿਤਕਰਾ**: ਨਸਲ ਦੇ ਆਧਾਰ ਉਪਰ ਕੀਤਾ ਭੇਦ-ਭਾਵ
- **ਪੀੜ੍ਹੀ-ਪਾੜ੍ਹਾ**: ਦੋ ਪੀੜ੍ਹੀਆਂ ਦੀ ਆਪਸੀ ਸੋਚ ਵਿਚਲਾ ਅੰਤਰ

## ਸਵੈ-ਮੁਲਾਂਕਣ

1. ਵਰਤਮਾਨ ਦੌਰ ਵਿਚ ਵੱਡੇ ਪੈਮਾਨੇ ’ਤੇ ਪਰਵਾਸ ਦਾ ਰੁਝਾਨ ......ਨਾਲ ਗਹਿਰਾ ਸਬੰਧ ਰਖਦਾ ਹੈ।

ੳ) ਬਸਤੀਵਾਦ ਤੇ ਨਵ ਬਸਤੀਵਾਦ

ਅ) ਪ੍ਰਗਤੀਵਾਦ ਤੇ ਮਾਰਕਸਵਾਦ

ੲ) ਰੁਮਾਂਸਵਾਦ ਤੇ ਯਥਾਰਥਵਾਦ

ਸ) ਅਧਿਆਤਮਵਾਦ ਤੇ ਸੂਫ਼ੀਵਾਦ

2. ਅਜੋਕੇ ਸਮੇਂ ਵਿੱਚ ਪਰਵਾਸ ਦਾ ਵਰਤਾਰਾ ਮੂਲ ਰੂਪ ਵਿੱਚ...... ਨਾਲ ਜੁੜਿਆ ਹੋਇਆ ਹੈ।?

ੳ) ਸਭਿਆਚਾਰ

ਅ) ਆਰਥਿਕਤਾ

ੲ) ਸਮਾਜਿਕਤਾ

ਸ) ਰਾਜਨੀਤਕਤਾ

3. ਪਰਵਾਸ ਦੀ ਪ੍ਰਕਿਰਿਆ ਪੰਜਾਬ ਦੀ ਧਰਤੀ 'ਤੇ ........ ਦੇ ਅਧੀਨ ਵਧੇਰੇ ਹੋਂਦ ਵਿਚ ਆਈ।

ੳ) ਮਾਰਕਸਵਾਦ

ਅ) ਪ੍ਰਗਤੀਵਾਦ

ੲ) ਬਸਤੀਵਾਦ

ਸ) ਰੁਮਾਂਸਵਾਦ

4. ਹੁਣ ਵੀ ਪਰਵਾਸ ਵਿਚ ਸਭ ਤੋਂ ਵੱਡਾ ਹਿੱਸਾ ਕਿਸਾਨੀ ਦਾ ......ਖਿੱਤੇ ਨਾਲ ਸਬੰਧਿਤ ਹੈ।

ੳ) ਮਾਝੇ

ਅ) ਦੁਆਬੇ

ੲ) ਮਾਲਵੇ

ਸ) ਪੁਆਧ

5. ਕੂਕਾ ਅੰਦੋਲਨ ਦੀ ਪ੍ਰਤੀਕਿਰਿਆ ਵਜੋਂ ਅੰਗਰੇਜ਼ਾਂ ਨੇ ਇਸਦੇ ਆਗੂ ਬਾਬਾ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇਕੇ...ਵਿਚ ਭੇਜ ਦਿੱਤਾ ਸੀ।

ੳ) ਜਾਪਾਨ

ਅ) ਚੀਨ

ੲ) ਮਲਾਇਆ

ਸ) ਬਰਮਾ

6. 19ਵੀਂ ਸਦੀ ਵਿਚ ਕਈ ਪਰਵਾਸੀ ਆਸਟ੍ਰੇਲੀਆ ਮਹਾਂਦੀਪ ਚਲੇ ਗਏ ਤੇ ਫਿਜ਼ੀ ਵਿਚ...ਦੀ ਫ਼ਸਲ 'ਤੇ ਮਜ਼ਦੂਰਾਂ ਵਜੋਂ ਕੰਮ ਕਰਨ ਲੱਗ ਪਏ।

ੳ) ਗੰਨੇ

ਅ) ਜੌਂ

ੲ) ਕਣਕ

ਸ) ਚੌਲਾਂ

7. 1930 ਤੋਂ 1947 ਤੱਕ ਪੰਜਾਬੀਆਂ ਦੇ ਪਰਵਾਸ ਦੀ ਗ਼ੈਰਹਾਜ਼ਰੀ ਦੇ ਮੁੱਖ ਕਾਰਨ ਕਿਹੜੇ ਸਨ?

ੳ) ਉਦਯੋਗੀਕਰਨ ਅਤੇ ਪਹਿਲਾ ਵਿਸ਼ਵ ਯੁੱਧ

ਅ) 1929 ਦਾ ਆਰਥਿਕ ਸੰਕਟ ਅਤੇ ਦੂਸਰਾ ਵਿਸ਼ਵ ਯੁੱਧ

ੲ) ਗਦਰ ਲਹਿਰ ਅਤੇ ਪਹਿਲਾ ਵਿਸ਼ਵ ਯੁੱਧ

ਸ) ਸੁਤੰਤਰਤਾ ਸੰਗਰਾਮ ਅਤੇ ਦੂਸਰਾ ਵਿਸ਼ਵ ਯੁੱਧ

8. 1910 ਤੋਂ 1920 ਦੇ ਦਰਮਿਆਨ ਪੰਜਾਬ ਦੀ ਆਬਾਦੀ ......ਕਰਕੇ ਕਾਫ਼ੀ ਘਟ ਗਈ ਸੀ।

ੳ) ਕੈਂਸਰ ਅਤੇ ਫਲੂ

ਅ) ਪਲੇਗ ਅਤੇ ਏਡਜ਼

ੲ) ਹੈਜਾ ਅਤੇ ਕੈਂਸਰ

ਸ) ਪਲੇਗ ਅਤੇ ਇਨਫਲੂਐਂਜਾ

9. ਮੁੱਢਲੀ ਪਰਵਾਸੀ ਕਹਾਣੀ ਵਿਚ ਉੱਭਰਵੀਂ ਸੁਰ .......ਦੀ ਹੀ ਹੈ।

ੳ) ਆਰਥਿਕ ਸ਼ੋਸ਼ਣ

ਅ) ਨਸਲਵਾਦ

ੲ) ਉਦਰੇਵੇਂ

ਸ) ਪੀੜ੍ਹੀਪਾੜੇ

10. ਸਵਰਨ ਚੰਦਨ ਅਤੇ ਰਘੁਬੀਰ ਢੰਡ ਕਿਹੜੀ ਵਿਚਾਰਧਾਰਾ ਨਾਲ ਪਰਨਾਏ ਕਹਾਣੀਕਾਰ ਹਨ?

ੳ) ਪ੍ਰਗਤੀਵਾਦ

ਅ) ਰੁਮਾਂਸਵਾਦ

ੲ) ਆਦਰਸ਼ਵਾਦ

ਸ) ਅਧਿਆਤਮਵਾਦ

11. ਪਰਵਾਸੀ ਪੰਜਾਬੀ ਕਹਾਣੀ ਵਿਚ ਸਭ ਤੋਂ ਵੱਧ ਪੇਸ਼ ਹੋਇਆ ਅਤੇ ਹੋਰ ਘਟਨਾਵਾਂ ਅਤੇ ਪ੍ਰਸਿਥਤੀਆਂ ਨੂੰ ਸਿੱਧੇ-ਅਸਿੱਧੇ ਤੌਰ 'ਤੇ ਪ੍ਰਭਾਵਿਤ ਕਰਨ ਵਾਲਾ ਵਿਸ਼ਾ ਕਿਹੜਾ ਹੈ?

ੳ) ਪਰਵਾਸੀ ਔਰਤ ਦੀਆਂ ਸਮੱਸਿਆਵਾਂ

ਅ) ਪਰਵਾਸੀ ਮਰਦ ਦੀਆਂ ਸਮੱਸਿਆਵਾਂ

ੲ) ਪਰਵਾਸੀ ਕਾਮਿਆਂ ਦੀਆਂ ਸਮੱਸਿਆਵਾਂ

ਸ) ਪਰਵਾਸੀ ਮਾਪਿਆਂ ਦੀਆਂ ਸਮੱਸਿਆਵਾਂ

12. ਪਰਵਾਸੀ ਪੰਜਾਬੀ ਕਹਾਣੀ ਦੇ ਵੱਡੇ ਕੇਂਦਰ ...... ਰਹੇ ਹਨ

ੳ) ਜਾਪਾਨ, ਅਸਟ੍ਰੇਲੀਆ ਅਤੇ ਅਫਰੀਕਾ

ਅ) ਬਰਤਾਨੀਆ, ਕੈਨੇਡਾ ਅਤੇ ਅਮਰੀਕਾ

ੲ) ਆਸਟਰੀਆ, ਸਵੀਡਨ ਅਤੇ ਡੈਨਮਾਰਕ

ਸ) ਜਰਮਨੀ, ਜਾਪਾਨ ਅਤੇ ਬਰਤਾਨੀਆ

13. ਨਿੰਦਰ ਗਿੱਲ ......ਦੇਸ਼ ਦਾ ਪਰਵਾਸੀ ਕਹਾਣੀਕਾਰ ਹੈ।

ੳ) ਡੈਨਮਾਰਕ

ਅ) ਸਵੀਡਨ

ੲ) ਅਫਰੀਕਾ

ਸ) ਆਸਟਰੀਆ

14. ਕੈਨੇਡਾ ਦੀ ਧਰਤੀ ਦੇ ਪਰਵਾਸੀ ਪੰਜਾਬੀ ਕਹਾਣੀਕਾਰਾਂ ਦਾ ਸਹੀ ਜੁੱਟ ਕਿਹੜਾ ਹੈ?

ੳ) ਅਮਨਪਾਲ ਸਾਰਾ, ਜਰਨੈਲ ਸਿੰਘ, ਕੁਲਜੀਤ ਮਾਨ

ਅ) ਪ੍ਰਵੇਜ਼ ਸੰਧੂ, ਪ੍ਰੋ. ਹਰਭਜਨ ਸਿੰਘ, ਗੁਰਪ੍ਰੀਤ ਸਿੰਘ ਧਾਲੀਵਾਲ

ੲ) ਵੀਨਾ ਵਰਮਾ, ਹਰਜੀਤ ਅਟਵਾਲ, ਸੰਤੋਖ ਧਾਲੀਵਾਲ

ਸ) ਜਰਨੈਲ ਸਿੰਘ, ਹਰਜੀਤ ਅਟਵਾਲ, ਪ੍ਰਵੇਜ਼ ਸੰਧੂ

15. ਵੀਨਾ ਵਰਮਾ ਅਤੇ ਹਰਜੀਤ ਅਟਵਾਲ ਕਿਸ ਧਰਤੀ ਤੋਂ ਪਰਵਾਸੀ ਪੰਜਾਬੀ ਕਹਾਣੀ ਦੀ ਸਿਰਜਣਾ ਕਰ ਰਹੇ ਹਨ?

ੳ) ਕੈਨੇਡਾ

ਅ) ਅਮਰੀਕਾ

ੲ) ਇੰਗਲੈਂਡ

ਸ) ਸਵੀਡਨ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੳ** | **2 ਅ** | **3.ੲ** | **4. ਅ** | **5. ਸ** |
| **6. ੳ** | **7. ਅ** | **8. ਸ** | **9. ੲ** | **10. ੳ** |
| **11. ੳ** | **12. ਅ** | **13. ਅ** | **14. ੳ** | **15. ੲ** |

## ਅਭਿਆਸ ਪ੍ਰਸ਼ਨ

1. ਪਰਵਾਸ ਸ਼ਬਦ ਨੂੰ ਪਰਿਭਾਸ਼ਿਤ ਕਰਦੇ ਹੋਏ ਇਸ ਦੇ ਸੰਕਲਪ ਉਪਰ ਚਰਚਾ ਕਰੋ।

2. ਪੰਜਾਬੀਆਂ ਦੀ ਪਰਵਾਸ ਦੀ ਪਰਿਕਿਰਿਆ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ।

3. ਪਰਵਾਸੀ ਪੰਜਾਬੀ ਕਹਾਣੀ ਦੇ ਮੁੱਢ ਸੰਬੰਧੀ ਵਿਚਾਰ-ਚਰਚਾ ਕਰੋ।

4. ਪਰਵਾਸੀ ਪੰਜਾਬੀ ਕਹਾਣੀ ਦੀ ਇਤਿਹਾਸ ਰੇਖਾ ਦਾ ਵਿਵੇਚਨ ਕਰੋ।

5. ਪਰਵਾਸੀ ਪੰਜਾਬੀ ਕਹਾਣੀ ਦਾ ਪੰਜਾਬੀ ਸਾਹਿਤ ਜਗਤ ਵਿਚ ਮਹੱਤਵ ਉਜਾਗਰ ਕਰੋ।

## Further Reading


- ਅਕਾਲ ਅੰਮ੍ਰਿਤ ਕੌਰ, ਪਰਵਾਸੀ ਪੰਜਾਬੀ ਗਲਪ: ਨਵੇਂ ਪਾਸਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ.


## Online Links

- https://pa.wikipedia.org/wiki/%E0%A8%AA%E0%A8%B0%E0%A8%B5%E0%A8%BE%E0%A8%B8%E0%A9%80_%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%95%E0%A8%B9%E0%A8%BE%E0%A8%A3%E0%A9%80%E0%A8%95%E0%A8%BE%E0%A8%B0
- https://pa.wikipedia.org/wiki/%E0%A8%AA%E0%A8%B0%E0%A8%B5%E0%A8%BE%E0%A8%B8%E0%A9%80_%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%95%E0%A8%B9%E0%A8%BE%E0%A8%A3%E0%A9%80
- http://panjabialochana.com/yahoo_site_admin1/assets/docs/Parvasi_Punjabi_Kahani_Dr_Pretty_Sodhi.112120042.pdf

# Unit 07: ਕਹਾਣੀ ਸੰਗ੍ਰਹਿ 'ਟਾਵਰਜ਼': ਥੀਮਗਤ ਪਾਸਾਰ

**ਵਿਸ਼ਾ-ਵਸਤੂ**

**ਉਦੇਸ਼**

**ਜਾਣ-ਪਛਾਣ**

**1.1 ਜਰਨੈਲ ਸਿੰਘ: ਜੀਵਨ, ਰਚਨਾ ਅਤੇ ਸਨਮਾਨ**

**1.2 ਜਰਨੈਲ ਸਿੰਘ ਦੀ ਰਚਨਾ-ਦ੍ਰਿਸ਼ਟੀ**

**1.3 ਟਾਵਰਜ਼: ਥੀਮਗਤ ਪਾਸਾਰ**

**ਸਾਰਾਂਸ਼**

**ਕੇਂਦਰੀ ਸ਼ਬਦ**

**ਸਵੈ-ਮੁਲਾਂਕਣ**

**ਸਵੈ-ਮੁਲਾਂਕਣ ਲਈ ਉੱਤਰ**

**ਅਭਿਆਸ ਪ੍ਰਸ਼ਨ**

**ਸੰਦਰਭ ਪੁਸਤਕਾਂ**

## ਉਦੇਸ਼

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

- ਜਰਨੈਲ ਸਿੰਘ ਦੀ ਰਚਨਾਤਮਿਕ ਦ੍ਰਿਸ਼ਟੀ ਨੂੰ ਸਮਝਣ ਦੇ ਯੋਗ ਹੋਣਗੇ
- ਜਰਨੈਲ ਸਿੰਘ ਦੇ ਪਰਵਾਸੀ ਸਾਹਿਤ ਸਰੋਕਾਰਾਂ ਦਾ ਅਧਿਐਨ ਕਰਨ ਦੇ ਸਮਰੱਥ ਹੋਣਗੇ
- ਜਰਨੈਲ ਸਿੰਘ ਦੇ ਵਿਚਾਰਧਾਰਾ ਦੇ ਪ੍ਰਮਾਣਾਂ ਨੂੰ ਕਹਾਣੀਆਂ ਵਿਚੋਂ ਸਾਬਿਤ ਕਰਨ ਦੇ ਕਾਬਿਲ ਹੋਣਗੇ

## 1.1 ਜਰਨੈਲ ਸਿੰਘ: ਜੀਵਨ, ਰਚਨਾ ਅਤੇ ਸਨਮਾਨ

ਜਰਨੈਲ ਸਿੰਘ ਦਾ ਪਿਛੋਕੜ ਪੰਜਾਬ ਦੇ ਹੁਸ਼ਿਆਰਪੁਰ ਜ਼ਿਲੇ ਨਾਲ ਹੈ ਅਤੇ ਉਸਦਾ ਜਨਮ ਪਿੰਡ ਮੇਗੋਵਾਲ ਵਿੱਚ ਹੋਇਆ ਸੀ।ਭਾਰਤ ਦੇ ਇਕ ਸਾਧਾਰਨ ਕਿਸਾਨੀ ਪਰਿਵਾਰ ਵਿਚ ਪੈਦਾ ਹੋਏ ਜਰਨੈਲ ਸਿੰਘ ਨੇ ਜ਼ਿੰਦਗੀ ਵਿਚ ਬਹੁਤ ਜੱਦੋ ਜਹਿਦ ਕੀਤੀ ਹੈ। ਸਕੂਲੀ ਸਿੱਖਿਆ ਖਤਮ ਹੋਣ ਦੇ ਝੱਟ ਪਿੱਛੋਂ 1962 ਵਿਚ ਉਹ ਇੰਡੀਅਨ ਏਅਰ ਫ਼ੋਰਸ ਵਿਚ ਭਰਤੀ ਹੋ ਗਿਆ ਸੀ। ਪੰਜਾਬੀ ਅਤੇ ਅੰਗਰੇਜ਼ੀ ਵਿਚ ਐੱਮ. ਏ. ਤਕ ਦੀ ਪੜ੍ਹਾਈ ਉਸ ਨੇ ਨੌਕਰੀ ਦੌਰਾਨ ਹੀ ਕੀਤੀ। ਏਅਰ ਫ਼ੋਰਸ ਦੀ ਨੌਕਰੀ ਤੋਂ ਮਗਰੋਂ ਅਤੇ 1988 ਵਿਚ ਕੈਨੇਡਾ ਪਰਵਾਸ ਤੋਂ ਪਹਿਲਾਂ ਉਸ ਨੇ ਦਸ ਸਾਲ ਤਕ ਬੈਂਕ ਵਿਚ ਅਕਾਊਂਟੈਂਟ ਵਜੋਂ ਕੰਮ ਕੀਤਾ। ਭਾਰਤ ਰਹਿਣ ਦੌਰਾਨ ਹੀ ਉਹ ਸਾਹਿਤ-ਰਚਨਾ ਕਰਦਾ ਰਿਹਾ ਸੀ ਅਤੇ ਉੱਥੇ ਉਸਦੀਆਂ ਕਹਾਣੀਆਂ ਦੀਆਂ ਤਿੰਨ ਕਿਤਾਬਾਂ ਛਪੀਆਂ ਸਨ: 'ਮੈਨੂੰ ਕੀ' (1981), 'ਮਨੁੱਖ ਤੇ ਮਨੁੱਖ' (1983) ਅਤੇ 'ਸਮੇਂ ਦੇ ਹਾਣੀ' (1987) ਜਿਹਨਾਂ ਵਿਚ ਕਿਸਾਨੀ ਜੀਵਨ ਅਤੇ ਫ਼ੌਜੀ ਜੀਵਨ ਨਾਲ ਜੁੜੇ ਮਸਲਿਆਂ ਨੂੰ ਵਿਸ਼ਾ ਵਸਤੂ ਬਣਾਇਆ ਗਿਆ ਸੀ।

ਕੈਨੇਡਾ ਵਿਚ ਪਹੁੰਚਣ 'ਤੇ ਉਸ ਨੇ ਦੋ ਦਹਾਕਿਆਂ ਤਕ ਸਕਿਊਰਟੀ ਸੁਪਰਵਾਈਜ਼ਰ ਵਜੋਂ ਕੰਮ ਕੀਤਾ। ਕੈਨੇਡਾ ਪਹੁੰਚਣ ਮਗਰੋਂ ਪਰਵਾਸੀ ਜੀਵਨ ਦੇ ਉਸ ਦੇ ਤਜਰਬੇ ਨੇ ਜਰਨੈਲ ਸਿੰਘ ਦੀ ਕਹਾਣੀ ਨੂੰ ਨਵਾਂ ਪਸਾਰ ਦਿੱਤਾ ਅਤੇ ਏਸੇ ਕਰਕੇ ਹੀ ਉਸਦੀ ਪੰਜਾਬੀ ਸਾਹਿਤ ਵਿਚ ਨਵੇਕਲੀ ਪਛਾਣ ਬਣੀ। ਇਸ ਸਮੇਂ ਦੌਰਾਨ ਛਪੀਆਂ ਉਸਦੀਆਂ ਤਿੰਨੋਂ ਹੀ ਕਹਾਣੀ ਪੁਸਤਕਾਂ 'ਦੋ ਟਾਪੂ' (1999), 'ਟਾਵਰਜ਼' (2005), ਅਤੇ 'ਕਾਲ਼ੇ ਵਰਕੇ' (2015) ਨੇ ਪਾਠਕਾਂ ਤੋਂ ਚੰਗੀ ਪ੍ਰਸ਼ੰਸਾ ਖੱਟੀ ਹੈ। ਇਹਨਾਂ ਵਿਚਲੀਆਂ ਕਹਾਣੀਆਂ ਵਿਚ ਕੈਨੇਡਾ ਵਸਦੇ ਪੰਜਾਬੀਆਂ ਦੇ ਸੰਘਰਸ਼, ਸੱਭਿਆਚਾਰਕ ਟਕਰਾਉ ਤੇ ਰਲ਼ੇਵੇਂ, ਪੀੜ੍ਹੀ ਪਾੜੇ, ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਟੀਨੇਜਰਾਂ ਦੀਆਂ ਸਮੱਸਿਆਵਾਂ ਦੀ ਕਲਾਤਮਿਕਤਾ ਸਹਿਤ ਪੇਸ਼ਕਾਰੀ ਹੋਈ ਹੈ। ਪੂੰਜੀਵਾਦ ਨਾਲ ਸੰਬੰਧਿਤ ਵਿਸ਼ਵ-ਵਿਆਪੀ ਮਸਲਿਆਂ, ਖਵਤਵਾਦ, ਵਿਅਕਤੀਵਾਦ ਆਦਿ ਨੂੰ ਵੀ ਉਸਨੇ ਗਲਪ ਬਿੰਬ ਵਿਚ ਢਾਲ਼ਿਆ ਹੈ। ਜਰਨੈਲ ਸਿੰਘ ਦੀਆਂ ਕਹਾਣੀਆਂ ਦੀਆਂ ਪੁਸਤਕਾਂ ਪੰਜਾਬ ਤੇ ਹਰਿਆਣਾ ਦੀਆਂ ਯੂਨੀਵਰਸਿਟੀਆਂ ਦੇ ਸਿਲੇਬਸਾਂ ਵਿਚ ਸ਼ਾਮਲ ਹਨ। ਪਰਵਾਸੀ ਪੰਜਾਬੀ ਲੇਖਕ ਵਜੋਂ ਭਾਰਤ ਵਿਚ ਪੰਜਾਬ ਸਰਕਾਰ ਦਾ 'ਸ਼੍ਰੋਮਣੀ ਸਾਹਿਤਕਾਰ' ਦਾ ਪੁਰਸਕਾਰ ਵੀ ਉਸਨੂੰ ਮਿਲ ਚੁੱਕਿਆ ਹੈ।

ਪਿਛਲੇ 45 ਸਾਲਾਂ ਤੋਂ ਉੱਚ-ਮਿਆਰੀ ਕਹਾਣੀਆਂ ਲਿਖਣ ਵਿੱਚ ਜੁੱਟਿਆ ਹੋਇਆ ਹੈ। ਹੁਣ ਤੱਕ ਹੇਠ ਲਿਖੇ ਛੇ ਕਹਾਣੀ ਸੰਗ੍ਰਹਿ ਪੰਜਾਬੀ ਮਾਂ ਬੋਲੀ ਦੀ ਝੋਲ਼ੀ ਵਿੱਚ ਪਾ ਚੁੱਕਾ ਹੈ:

(1) ਮੈਨੂੰ ਕੀ - 1981,

(2) ਮਨੁੱਖ ਤੇ ਮਨੁੱਖ - 1983,

(3) ਸਮੇਂ ਦੇ ਹਾਣੀ - 1987,

(4) ਦੋ ਟਾਪੂ - 1999,

(5) ਟਾਵਰਜ਼ - 2005.

(6) ਕਾਲ਼ੇ ਵਰਕੇ-2015,

(7) ਮੇਪਲ ਦੇ ਰੰਗ-2011 (ਸੰਪਾਦਿਤ)

ਕਹਾਣੀ ਸੰਗ੍ਰਹਿ 'ਦੋ ਟਾਪੂ' ਆਪਣੀ ਵਿਲੱਖਣਤਾ ਸਦਕਾ ਹਿੰਦੀ ਵਿੱਚ ਅਨੁਵਾਦ ਹੋਇਆ ਤੇ ਪਾਕਿਸਤਾਨ ਵਿਚ ਸ਼ਾਹਮੁਖੀ ਅੱਖਰਾਂ ਵਿਚ ਛਾਪਿਆ ਗਿਆ। ਭਾਰਤੀ ਸਾਹਿਤ ਅਕਾਦਮੀ ਦਿੱਲੀ ਨੇ ਕਹਾਣੀ 'ਟਾਵਰਜ਼' ਦਾ ਅੰਗਰੇਜ਼ੀ ਅਨੁਵਾਦ ਕਰਵਾ ਕੇ ਆਪਣੇ ਪਰਚੇ 'ਇੰਡੀਅਨ ਲਿਟਰੇਚਰ' ਵਿਚ ਛਾਪਿਆ ਤੇ ਅਕਾਦਮੀ ਵਲੋਂ ਹੀ ਕਹਾਣੀ 'ਹੜ੍ਹ' ਹਿੰਦੀ ਵਿਚ ਅਨੁਵਾਦ ਕਰਵਾ ਕੇ ਆਪਣੇ ਪਰਚੇ 'ਸਮਕਾਲੀ ਭਾਰਤੀਯ ਸਾਹਿਤ' ਵਿਚ ਛਾਪੀ ਗਈ। ਪਹਿਲੇ ਤਿੰਨ ਕਹਾਣੀ ਸੰਗ੍ਰਹਿ ਕਿਸਾਨੀ ਅਤੇ ਫੌਜੀ ਜੀਵਨ ਨਾਲ਼ ਸਬੰਧਿਤ ਹਨ। ਇਨ੍ਹਾਂ ਵਿੱਚ ਕਿਸਾਨਾਂ ਅਤੇ ਫੌਜੀਆਂ ਦੇ ਦੁੱਖਾਂ-ਸੁੱਖਾਂ, ਮਸਲਿਆਂ-ਮਸੌਦਿਆਂ ਅਤੇ ਟੁੱਟਦੇ-ਜੁੜਦੇ ਰਿਸ਼ਤਿਆਂ ਨੂੰ ਯਥਾਰਥਕ ਤੇ ਕਲਾਤਮਕ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਦੋ ਟਾਪੂ' ਤੇ 'ਟਾਵਰਜ਼' ਕਹਾਣੀ ਸੰਗ੍ਰਹਿਆਂ ਵਿੱਚ ਕਨੇਡਾ ਵਸਦੇ ਪੰਜਾਬੀਆਂ ਦੇ ਸੰਘਰਸ਼, ਪੀੜ੍ਹੀ ਪਾੜਾ, ਰਿਸ਼ਤਿਆਂ ਦੀ ਟੁੱਟ-ਭੱਜ, ਸਭਿਆਚਾਰਕ ਤਣਾਉ, ਟਕਰਾਉ ਅਤੇ ਰਲ਼ੇਵੇਂ, ਅੰਤਰ ਸਭਿਆਚਾਰਕ ਅਤੇ ਪਾਰ ਸਭਿਆਚਾਰਕ ਸਰੋਕਾਰਾਂ ਅਤੇ ਕਨੇਡਾ ਦੇ ਜੰਮ-ਪਲ਼ ਟੀਨ-ਏਜਰਾਂ ਦੀਆ ਸਮੱਸਿਆਵਾਂ ਦਾ ਗਲਪੀਕਰਣ ਕੀਤਾ ਗਿਆ ਹੈ।'ਕਾਲ਼ੇ ਵਰਕੇ' ਕਥਾ ਸੰਗ੍ਰਹਿ ਦੀਆਂ ਕਹਾਣੀਆਂ 'ਹੜ੍ਹ', 'ਪੱਤਿਆਂ ਨਾਲ਼ ਢੱਕੇ ਜਿਸਮ', 'ਮੁਹਾਜ਼' ਅਤੇ 'ਕਾਲ਼ੇ ਵਰਕੇ' ਕਹਾਣੀਆਂ ਵਿਚ ਗਲੋਬਲੀ ਮਸਲਿਆਂ ਨੂੰ ਕਲਾਤਮਿਕਤਾ ਸਹਿਤ ਗਲਪੀ ਬਿੰਬ ਵਿਚ ਢਾਲ਼ਿਆ ਹੈ।

**ਸਨਮਾਨ**

- ਪੰਜਾਬੀ ਸੱਥ ਵਲੋਂ ਪੰਜਾਬੀ ਭਾਸ਼ਾ ਤੇ ਸਭਿਆਚਾਰ ਵਿਚ ਪਾਏ ਯੋਗਦਾਨ ਲਈ 'ਵਾਰਸ ਸ਼ਾਹ ਅਵਾਰਡ', 2007।
- ਪਰਵਾਸੀ ਪੰਜਾਬੀ ਅਵਾਰਡ ਟੋਰਾਂਟੋ ਕਨੇਡਾ ਵਲੋ 'ਬੈਸਟ ਰਾਈਟਰ ਅਵਾਰਡ', 2009.
- ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਪੁਰਸਕਾਰ', 2009.
- ਇਕਬਾਲ ਅਰਪਨ ਮੈਮੋਰੀਅਲ ਅਵਾਰਡ' ਕੈਲਗਰੀ ਕਨੇਡਾ, 2011.
- ਪਰਵਾਸੀ ਸ਼ਰੋਮਣੀ ਸਾਹਿਤਕਾਰ ਪੁਰਸਕਾਰ', ਭਾਸ਼ਾ ਵਿਭਾਗ ਪੰਜਾਬ ਸਰਕਾਰ, 2011.
- 'ਅੰਤਰਰਾਸ਼ਟਰੀ ਢਾਹਾਂ ਸਾਹਿਤ ਅਵਾਰਡ (25000 ਡਾਲਰ)' ਵੈਨਕੂਵਰ, ਕਨੇਡਾ-2015 (ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਲਈ)

## 1.2 ਜਰਨੈਲ ਸਿੰਘ ਦੀ ਰਚਨਾ-ਦ੍ਰਿਸ਼ਟੀ

ਪਰਵਾਸੀ ਪੰਜਾਬੀ ਸਾਹਿਤ ਖੇਤਰ ਵਿੱਚ ਜਰਨੈਲ ਸਿੰਘ ਇੱਕ ਸਥਾਪਿਤ ਹਸਤਾਖ਼ਰ ਹੈ। ਅਜੋਕੇ ਸਮੇਂ ਦਾ ਉਹ ਅਜਿਹਾ ਚਰਚਿਤ ਲੇਖਕ ਹੈ ਜਿਸ ਨੇ ਪਰਵਾਸੀ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਵਿਸ਼ੇਸ਼ ਪਹਿਚਾਣ ਨਿਸ਼ਚਿਤ ਕਰ ਲਈ ਹੈ। ਉਸ ਦੇ ਪਹਿਲੇ ਤਿੰਨ ਕਹਾਣੀ ਸੰਗ੍ਰਹਿ ਮੈਨੂੰ ਕੀ (1981), ਮਨੁੱਖ ਤੇ ਮਨੁੱਖ (1983), ਸਮੇਂ ਦੇ ਹਾਣੀ (1987) ਲੇਖਕ ਦੇ ਪੰਜਾਬੀ ਸਮਾਜ ਨਾਲ ਜੁੜੇ ਅਨੁਭਵਾਂ ਦੀ ਪੇਸ਼ਕਾਰੀ ਕਰਦੇ ਹਨ। ਉਸਦਾ ਚੌਥਾ ਕਹਾਣੀ ਸੰਗ੍ਰਹਿ ਦੋ ਟਾਪੂ (1999) ਜੋ ਕਿ ਪਰਵਾਸੀ ਜੀਵਨ-ਯਥਾਰਥ ਨਾਲ ਤਾਅਲੁੱਕ ਰੱਖਦਾ ਹੈ, ਨੇ ਪੰਜਾਬੀ ਸਾਹਿਤਕ ਤੇ ਅਕਾਦਮਿਕ ਹਲਕਿਆਂ ਵਿੱਚ ਭਰਪੂਰ ਹੁੰਗਾਰਾ ਪ੍ਰਾਪਤ ਕੀਤਾ। ਇੱਕ ਸੁਚੇਤ ਕਥਾਕਾਰ ਵਜੋਂ ਉਸਦੀ ਵਧੇਰੇ ਪੜ੍ਹਤ 1999 ਈਸਵੀ ਵਿੱਚ ਛਪੇ ਉਸ ਦੇ ਕਹਾਣੀ ਸੰਗ੍ਰਹਿ 'ਦੋ ਟਾਪੂ' ਨਾਲ ਬਣੀ। ਇਸ ਤੋਂ ਪਹਿਲਾਂ ਭਾਵੇਂ ਉਸ ਦੇ ਤਿੰਨ ਕਹਾਣੀ ਸੰਗ੍ਰਹਿ 'ਮੈਨੂੰ ਕੀ', 'ਮਨੁੱਖ ਤੇ ਮਨੁੱਖ', 'ਸਮੇਂ ਦੇ ਹਾਣੀ' ਉਪਰੋਥੱਲੀ ਛਪੇ। ਸੰਨ 1988 ਵਿੱਚ ਕੈਨੇਡਾ ਚਲਾ ਗਿਆ ਪਰਵਾਸੀ ਜੀਵਨ ਦੀਆਂ ਦੁਸ਼ਵਾਰੀਆਂ ਦੇ ਨਾਲ ਨਾਲ ਉਸ ਦੇ ਸਾਹਮਣੇ ਇਕ ਰਚਨਾਕਾਰ ਵਜੋਂ ਨਵੀਆਂ ਚੁਣੌਤੀਆਂ ਵੀ ਸਨ। ਤੀਸਰੇ ਸੰਸਾਰ ਦੇ ਅਰਧ ਵਿਕਸਤ ਮੁਲਕਾਂ ਵਿੱਚੋਂ ਪਰਵਾਸ ਕਰਕੇ ਗਏ ਸਮੂਹਿਕ ਮਾਨਸਿਕਤਾ ਤੇ ਸਾਮੰਤੀ ਨੈਤਿਕਤਾ ਵਾਲੇ ਪਰਵਾਸੀਆਂ ਵਾਂਗ ਉਸ ਦੇ ਸਾਹਮਣੇ ਪੱਛਮ ਦੇ ਵਿਕਸਿਤ ਪੂੰਜੀਵਾਦੀ ਸਮਾਜ ਦੀ ਗਲੈਮਰ ਵੀ ਸੀ ਤੇ ਉਸ ਦੀਆਂ ਨਾਂਹਮੁਖੀ ਅਲਾਮਤਾਂ-ਜਿਵੇਂ; ਵਿਅਕਤੀਵਾਦ, ਬੇਗਾਨਗੀ, ਮਹਾਂਨਗਰੀ ਜੀਵਨ ਦੀ ਇਕੱਲਤਾ, ਖਪਤ ਤੇ ਪਦਾਰਥਕ ਖੋਹ ਖੱਸ ਦੀ ਲਾਲਸਾ ਆਦਿ ਸਨ। ਇਸ ਨਵੀਂ ਵੰਗਾਰ ਦੇ ਸਨਮੁੱਖ ਉਸ ਨੇ ਆਪਣੀ ਧਰਤੀ ਤੇ ਸੱਭਿਆਚਾਰ ਤੋਂ ਵਿਸਥਾਪਿਤ ਪਰਵਾਸੀਆਂ ਦੀ ਮਾਨਸਿਕ ਟੁੱਟ-ਭੱਜ, ਪੱਛਮੀ ਸਮਾਜਾਂ ਵਿੱਚ ਰਸਨ-ਵਸਣ ਦੀ ਤਾਂਘ ਤੇ ਦੁਬਿਧਾ ਅਤੇ ਪੂੰਜੀਵਾਦੀ ਨੈਤਿਕਤਾ ਤੋਂ ਉਤਪੰਨ ਮਾਨਵੀ ਵਿਵਹਾਰ ਦੀਆਂ ਪੇਚੀਦਾ ਗੁੰਝਲਾਂ ਨੂੰ ਜਟਿਲ ਬਿਰਤਾਂਤ ਵਾਲੀਆਂ ਕਹਾਣੀਆਂ ਦੁਆਰਾ ਰੂਪਮਾਨ ।

'ਦੋ ਟਾਪੂ' ਦੀਆਂ ਕਹਾਣੀਆਂ ਵਿਚ ਉਹ ਪੂਰਬੀ ਤੇ ਪੱਛਮੀ ਸੱਭਿਆਚਾਰਕ ਮੁੱਲ-ਪ੍ਰਬੰਧਾਂ ਦੇ ਟਕਰਾਵਾਂ ਕਾਰਨ ਪੈਦਾ ਹੁੰਦੀਆਂ ਮਾਨਸਿਕ ਉਲਝਣਾਂ ਨੂੰ ਰੇਖਾਂਕਿਤ ਵੀ ਕਰਦਾ ਹੈ ਤੇ ਪੱਛਮੀ ਸਮਾਜ ਦੇ ਬਹੁ ਸੱਭਿਆਚਾਰਕ ਮੁੱਲਾਂ ਦੇ ਸੰਵਾਦ ਕਾਰਨ ਪੂਰਬੀ ਜਾਂ ਏਸ਼ਿਆਈ ਮਾਨਸਿਕਤਾ ਵਿੱਚ ਆ ਰਹੇ ਬਦਲਾਵ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਜਰਨੈਲ ਸਿੰਘ ਦੀ ਕਥਾ ਦ੍ਰਿਸ਼ਟੀ ਦੀ ਵਿਲੱਖਣਤਾ ਇਹ ਹੈ ਕਿ ਪੂਰਬੀ ਤੇ ਪੱਛਮੀ ਜੀਵਨ ਜਾਚ ਵਿੱਚੋਂ ਕਿਸੇ ਇਕ ਦੇ ਸ੍ਰੇਸ਼ਠ ਹੋਣ ਦਾ ਫਤਵਾ ਨਹੀਂ ਦੇਂਦਾ। ਇਕ ਰਚਨਾਕਾਰ ਵਜੋਂ ਜਰਨੈਲ ਸਿੰਘ ਨੂੰ ਆਪਣੇ ਪਾਠਕ ਦੀ ਸਾਹਿਤ ਯੋਗਤਾ ਉਪਰ ਖਾਸਾ ਭਰੋਸਾ ਹੈ, ਇਹੀ ਕਾਰਨ ਹੈ ਕਿ ਉਸ ਦੀਆਂ ਕਹਾਣੀਆਂ ਖੁੱਲ੍ਹੇ-ਅੰਤ ਵਾਲੀਆਂ ਹੁੰਦੀਆਂ ਹਨ। ਉਹ ਦਰਪੇਸ਼ ਮਸਲੇ ਬਾਰੇ ਅੰਤਮ ਪੱਖੀ ਜਾਂ ਬਣੀ ਬਣਾਈ ਰਾਏ ਨਹੀਂ ਦੇਂਦਾ। ਪਾਤਰਾਂ ਤੇ ਸਥਿਤੀਆਂ ਦੀ ਜਟਿਲਤਾ ਦੀ ਸਿਰਜਣਾ ਰਾਹੀਂ ਹੀ ਜੀਵਨ ਦੇ ਵਿਵੇਕ ਦਾ ਬੋਧ ਕਰਵਾਉਂਦਾ ਹੈ। ਉਸ ਦੁਆਰਾ ਸਿਰਜਤ ਗਲਪ ਜਗਤ ਦਾ ਸਦ੍ਰਿਸ਼ ਇਕ ਤਰਫੇ ਵਿਵਾਦ ਵਾਲਾ ਨਹੀਂ, ਪਾਰ-ਰਾਸ਼ਟਰੀ ਸੱਭਿਆਚਾਰਕ ਸੰਵਾਦ ਤੋਂ ਪ੍ਰਾਪਤ ਨਵੀਆਂ ਵੰਗਾਰਾਂ ਤੇ ਸੰਭਾਵਨਾਵਾਂ ਵਾਲਾ ਹੈ।

ਰਘਬੀਰ ਢੰਡ ਵਾਂਗ ਉਹ ਵੀ ਪਰਵਾਸੀ ਜੀਵਨ ਕਹਾਣੀ ਨੂੰ ਆਦਰਸ਼ਵਾਦੀ ਕਥਾ ਦ੍ਰਿਸ਼ਟੀ, ਇਕਹਿਰੇ ਗਲਪ ਬਿੰਬ ਤੇ ਸਰਲ ਲਕੀਰੀ ਬਿਰਤਾਂਤ ਦੀ ਕਥਾ ਯੋਗਤਾ ਤੋਂ ਮੁਕਤ ਕਰਵਾ ਦੇਂਦਾ ਹੈ। 'ਦੋ ਟਾਪੂ' ਸੰਗ੍ਰਹਿ ਦੀਆਂ ਕਹਾਣੀਆਂ ਵਿੱਚ ਪੂਰਬਲੀ ਪਰਵਾਸੀ ਪੰਜਾਬੀ ਕਹਾਣੀ ਵਾਂਗ ਭੂ-ਹੇਰਵੇ, ਨਸਲੀ ਵਿਤਕਰੇ, ਪੀੜ੍ਹੀ ਪਾੜੇ, ਇਕੱਲਤਾ, ਬੇਗਾਨਗੀ ਦੇ ਅਹਿਸਾਸ ਅਤੇ ਪਰਿਵਾਰਕ ਟੁੱਟ ਭੱਜ ਆਦਿ ਥੀਮਕ ਦੁਹਰਾਓ ਤੇ ਇਕਹਿਰਾ ਗਲਪ ਬਿੰਬ ਨਹੀਂ। ਜਰਨੈਲ ਸਿੰਘ ਪੱਛਮ ਦੇ ਵਿਕਸਿਤ ਪੂੰਜੀਵਾਦੀ ਮੁਲਕਾਂ ਦੇ ਬਹੁ-ਕੌਮੀ ਤੇ ਬਹੁ-ਸੱਭਿਆਚਾਰਕ ਤਾਣੇ-ਬਾਣੇ ਵਿੱਚ ਵਿਚਰਦੇ ਪਰਵਾਸੀ ਮਨੁੱਖ ਦੀ ਗੁੰਝਲਦਾਰ ਮਨੋਦਸ਼ਾ, ਸਾਮੰਤੀ ਸੰਸਕਾਰਾਂ, ਗ੍ਰਸਤ ਅਵਚੇਤਨ ਅਤੇ ਵਿਖੰਡਤ ਆਪੇ ਦੇ ਵਿਵੇਕ ਨੂੰ ਪਕੜਨ ਲਈ ਸਮਾਨਾਂਤਰ ਕਥਾ ਲੜੀਆਂ ਵਾਲੇ ਟੁੱਟਵੇਂ ਬਿਰਤਾਂਤ, ਟਕਰਾਵੇਂ ਸੁਭਾਅ ਵਾਲੇ ਪਾਤਰਾਂ ਤੇ ਪ੍ਰਸਥਿਤੀਆਂ ਦੀ ਸਿਰਜਣਾ, ਚੇਤਨਾ ਪ੍ਰਵਾਹ ਦੇ ਅੰਤਰ-ਦੁਬੰਧ ਤੇ ਫਲੈਸ਼ ਬੈਕ ਦੀਆਂ ਪ੍ਰਗਟਾਅ ਵਿਧੀਆਂ ਅਤੇ ਮਿਸ਼ਰਤ ਖਿੱਚੜੀ ਭਾਸ਼ਾ ਦੇ ਪ੍ਰਯੋਗ ਆਦਿ ਦੀਆਂ ਸੰਚਾਰ ਜੁਗਤਾਂ ਨੂੰ ਆਪਣੇ ਗਲਪ ਸੰਗਠਨ ਦੀ ਉਸਾਰੀ ਲਈ ਵਰਤਦਾ ਹੈ। ਇਉਂ ਉਹ ਬਹੁ-ਸਭਿਆਚਾਰੀ ਸਮਾਜਿਕ ਸੰਰਚਨਾਵਾਂ ਦੀਆਂ ਵੰਗਾਰਾਂ ਨਾਲ ਜੂਝਦੇ ਪਰਵਾਸੀ ਮਨੁੱਖ ਦੇ ਬਦਲ ਰਹੇ ਅਵਚੇਤਨ ਨੂੰ ਇੱਕ ਨਵੀਂ ਕਥਾ ਵਿਧੀ ਅਤੇ ਅਤੇ ਮਿਸ਼ਰਤ ਭਾਸ਼ਾ ਦੀ ਸੰਚਾਰ ਜੁਗਤ ਰਾਹੀਂ ਰੂਪਮਾਨ ਕਰਦਾ ਹੈ ਇਸ ਲਈ ਨਾ ਕੇਵਲ ਜਰਨੈਲ ਸਿੰਘ ਦੀ ਹੀ ਸਗੋਂ ਪਰਵਾਸੀ ਪੰਜਾਬੀ ਕਹਾਣੀ ਦਾ ਵੀ ਇੱਕ ਨਵਾਂ ਅਧਿਆਇ ਸ਼ੁਰੂ ਹੁੰਦਾ ਹੈ।

## 1.3 'ਟਾਵਰਜ਼': ਥੀਮਗਤ ਪਾਸਾਰ

ਜਰਨੈਲ ਸਿੰਘ ਦਾ ਨਵਾਂ ਕਹਾਣੀ ਸੰਗ੍ਰਹਿ 'ਟਾਵਰਜ਼' ਕਥਾ-ਵਸਤੂ ਪੱਖੋਂ ਉਸ ਦੀ ਗਲਪ ਯੋਗਤਾ ਦੇ ਅਗਲੇਰੇ ਤੇ ਸਿਫ਼ਤੀ ਵਿਕਾਸ ਦਾ ਸੂਚਕ ਹੈ। ਇਨ੍ਹਾਂ ਕਹਾਣੀਆਂ ਵਿੱਚੋਂ ਪਰਵਾਸ ਦੇ ਮਸਲਿਆਂ ਦੇ ਨਾਲ-ਨਾਲ ਅਜੋਕੇ ਗਲੋਬਲੀ ਸੰਦਰਭ ਵਿੱਚ ਪੈਦਾ ਹੋਈਆਂ ਨਵੀਆਂ ਰਾਜਸੀ, ਆਰਥਿਕ, ਸਮਾਜਿਕ, ਸੱਭਿਆਚਾਰਕ ਅਤੇ ਨੈਤਿਕ ਵੰਗਾਰਾਂ ਦੇ ਪ੍ਰਤੀਉੱਤਰ ਤਲਾਸ਼ਦਾ ਹੈ। ਨਿਰਸੰਦੇਹ, ਇਹ ਕਥਾ ਰਚਨਾਵਾਂ ਪਰਵਾਸੀ ਭਾਈਚਾਰਿਆਂ ਦੇ ਪੱਛਮੀ ਪੂੰਜੀਵਾਦੀ ਸਮਾਜਾਂ ਨਾਲ ਤਣਾਓ ਤੇ ਸੰਵਾਦ ਦੀ ਪ੍ਰਕਿਰਿਆ ਵਿਚ ਪੈਣ ਤੱਕ ਸੀਮਤ ਨਹੀਂ, ਸਗੋਂ ਸਮੁੱਚੇ ਵਿਸ਼ਵ ਨੂੰ ਦਰਪੇਸ਼ ਵਡੇਰੇ ਮਾਨਵੀ ਮਸਲਿਆਂ ਨੂੰ ਵੀ ਮੁਖਾਤਿਬ ਹਨ। ਪਰਵਾਸੀ ਜੀਵਨ ਜ਼ਾਹਰਾ ਤੌਰ 'ਤੇ ਤਿੰਨ ਕਹਾਣੀਆਂ 'ਪਾਣੀ', 'ਗਵਾਚੇ ਲੋਕ' ਅਤੇ 'ਸੜਕਾਂ' ਦੀ ਪਿੱਠਭੂਮੀ ਬਣਦਾ ਹੈ। ਪਰ ਇਹ ਰਚਨਾਵਾਂ ਪੱਛਮੀ ਸਮਾਜਾਂ ਦੇ ਆਰਥਿਕ ਸਮਾਜਿਕ ਸਾਰ ਵਿਚ ਵਾਪਰਦੀਆਂ

ਤਬਦੀਲੀਆਂ ਤੇ ਉਨ੍ਹਾਂ ਦੇ ਫਲਸਰੂਪ ਵਿਅਕਤੀ ਦੀ ਮਾਨਸਿਕਤਾ, ਨਸਲੀ ਅਵਚੇਤਨ ਤੇ ਸੱਭਿਆਚਾਰਕ ਰੂਪਾਂਤਰਨ ਦੇ ਅਮਲ ਦਾ ਬਹੁ-ਆਯਾਮੀ ਚਿੱਤਰ ਪੇਸ਼ ਕਰਦੀਆਂ ਹਨ। 'ਟਾਵਰਜ਼' ਅਤੇ 'ਬਰਫ਼ ਤੇ ਦਰਿਆ' ਨਾਮੀਂ ਕਹਾਣੀਆਂ ਵਿੱਚ ਜਰਨੈਲ ਸਿੰਘ ਰਾਜਸੀ ਤੌਰ 'ਤੇ ਵਧੇਰੇ ਚੇਤੰਨ ਹੁੰਦਾ ਨਜ਼ਰ ਆਉਂਦਾ ਹੈ। ਵਿਸ਼ਵ ਪੂੰਜੀਵਾਦੀ ਦੀ ਨਵ-ਪਸਾਰਵਾਦੀ ਨੀਤੀ, ਸੱਤਾ-ਸਿਆਸਤ ਦੇ ਬਦਲਦੇ ਸਮੀਕਰਨ, ਵਿਸ਼ਵੀਕਰਨ, ਉਦਾਰੀਕਰਨ ਤੇ ਖੁੱਲ੍ਹੇ ਬਾਜ਼ਾਰ ਦੀਆਂ ਭਰਮਾਊ ਆਰਥਿਕ ਨੀਤੀਆਂ ਕਾਰਨ ਤੀਸਰੇ ਸੰਸਾਰ ਤੇ ਅਵਿਕਸਤ ਮੁਲਕਾਂ ਦੀ ਆਰਥਿਕ ਲੁੱਟ, ਖੇਤਰੀ ਸਥਾਨਕ ਸੱਭਿਆਚਾਰਾਂ ਤੇ ਗ਼ਰੀਬ ਮੁਲਕਾਂ ਦੇ ਵਾਤਾਵਰਣ ਨੂੰ ਦੂਸ਼ਿਤ ਕਰਨ ਦੀ ਸਾਮਰਾਜੀ ਸਾਜ਼ਿਸ਼, ਬਾਜ਼ਾਰਵਾਦ ਤੇ ਅੰਨ੍ਹੀ ਖ਼ਪਤ ਰੁਚੀ ਕਾਰਨ ਵਧਦੀਆਂ ਲੰਪਟ ਲਾਲਸਾਵਾਂ ਤੇ ਮਨੁੱਖੀ ਰਿਸ਼ਤਿਆਂ ਦੀ ਬਦਲਦੀ ਵਿਆਕਰਨ, ਅਮਰੀਕਾ ਦੇ ਸੁਪਰ ਪਾਵਰ ਹੋਣ ਅਤੇ ਪੱਛਮ ਦੀ ਬੌਧਿਕ ਤੇ ਸੱਭਿਆਚਾਰਕ ਖੇਤਰ ਵਿਚ ਸਰਦਾਰੀ ਦੀ ਮਿੱਥ ਆਦਿ ਥੀਮਗਤ ਪਾਸਾਰ ਇਨ੍ਹਾਂ ਕਹਾਣੀਆਂ ਵਿੱਚ ਅਗਰਭੂਮੀ ਵਿੱਚ ਆ ਜਾਂਦੇ ਹਨ।

ਜਰਨੈਲ ਸਿੰਘ ਸਹਿਜ ਮਤੇ ਲਿਖਣ ਵਾਲਾ ਕਥਾਕਾਰ ਹੈ। ਉਹ ਸੁਚੇਤ ਤੌਰ ਤੇ ਕਿਸੇ ਵਿਚਾਰਧਾਰਕ ਚੌਖਟੇ ਨੂੰ ਆਪਣੀ ਰਚਨਾਕਾਰੀ ਦਾ ਸੂਤਰ ਨਹੀਂ ਬਣਾਉਂਦਾ। ਕਿਸੇ ਪੂਰਵ ਨਿਸ਼ਚਿਤ ਨਿਰਣੇ ਜਾਂ ਇਕਾਰਥੀ ਵਿਚਾਰ ਪ੍ਰਬੰਧ ਦੀ ਤਾਬਿਆ ਵਿੱਚ ਤੁਰਨਾ ਉਸ ਦੇ ਸਿਰਜਣ ਧਰਮ ਦਾ ਨੇਮ ਨਹੀਂ, ਪਰ ਇਸ ਦਾ ਇਹ ਅਰਥ ਕਦਾਚਿਤ ਨਹੀਂ ਕਿ ਉਸ ਕੋਲ ਵਸਤਾਂ ਵਰਤਾਰਿਆਂ ਤੇ ਸਮਾਜਿਕ ਮਨੁੱਖੀ ਅਮਲ ਦੇ ਵਿਵੇਕ ਨੂੰ ਪਕੜਨ ਵਾਲੀ ਦ੍ਰਿਸ਼ਟੀ ਨਹੀਂ। ਮਨੁੱਖੀ ਵਿਹਾਰ ਦੀਆਂ ਦਿਸਦੀਆਂ-ਅਣਦਿਸਦੀਆਂ ਅਵਚੇਤਨੀ ਪਰਤਾਂ ਅਤੇ ਵਸਤੂ ਸਥਿਤੀਆਂ ਦੇ ਵਿਵੇਕ ਨੂੰ ਉਹ ਕਿਸੇ ਇੱਕ ਕੋਣ ਤੋਂ ਨਹੀਂ ਦੇਖਦਾ। ਰਘਬੀਰ ਸਿਰਜਣਾ ਦੇ ਸ਼ਬਦਾਂ ਅਨੁਸਾਰ, "ਜਰਨੈਲ ਸਿੰਘ ਦੇ ਸਰੋਕਾਰਾਂ ਦਾ ਘੇਰਾ ਪਰਵਾਸੀ ਪੰਜਾਬੀਆਂ ਦੇ ਸਮਾਚਾਰਾਂ ਤੇ ਸਮੱਸਿਆਵਾਂ ਤੱਕ ਹੀ ਸੀਮਤ ਨਹੀਂ ਰਹਿੰਦਾ। ਮਾਨਵਵਾਦੀ ਦ੍ਰਿਸ਼ਟੀ ਅਤੇ ਸ਼ੁੱਭ-ਭਾਵੀ ਚਿੰਤਕ ਜਰਨੈਲ ਸਿੰਘ ਨੂੰ ਕੈਨੇਡੀਅਨ ਸਮਾਜ ਅਤੇ ਉਸ ਤੋਂ ਵੀ ਅਗਾਂਹ ਸੰਸਾਰ ਦੇ ਮਸਲਿਆਂ ਨਾਲ ਜੋੜਦੇ ਹਨ ਜਿਸਦੀ ਮਿਸਾਲ "ਟਾਵਰਜ਼" ਅਤੇ "ਬਰਫ਼ ਦੇ ਦਰਿਆ" ਨਾਉਂ ਦੀਆਂ ਕਹਾਣੀਆਂ ਹਨ ... ਉਹ ਮਹਿਜ਼ ਪਰਵਾਸੀ ਨਹੀਂ ਸਗੋਂ ਵਿਸ਼ਵ ਚੇਤਨਾ ਵਾਲੇ ਲੇਖਕ ਵਜੋਂ ਉੱਭਰਦਾ ਹੈ।"

ਮਨੁੱਖੀ ਫ਼ਿਤਰਤ ਤੇ ਸਮਾਜ ਸੱਭਿਆਚਾਰਕ ਵਰਤਾਰਿਆਂ ਪ੍ਰਤੀ ਇੱਕ ਤੋਂ ਵੱਧ ਹੁੰਗਾਰੇ ਉਸ ਦੀਆਂ ਕਹਾਣੀਆਂ ਵਿੱਚ ਸਮਾਨੰਤਰ ਕਥਾ ਲੜੀਆਂ ਤੇ ਟਕਰਾਉਂਦੇ ਪਾਤਰਾਂ-ਪ੍ਰਸਥਿਤੀਆਂ ਦੇ ਰੂਪ ਵਿੱਚ ਵਿਦਮਾਨ ਰਹਿੰਦੇ ਹਨ। ਇੱਥੇ ਹੀ ਬੱਸ ਨਹੀਂ ਕਥਾ ਦੇ ਬਦਲਦੇ ਸੰਦਰਭਾਂ ਵਿੱਚ ਉਸਦੇ ਪਾਤਰਾਂ ਦੀ ਵਾਸਤਵਿਕਤਾ ਪ੍ਰਤੀ ਹੁੰਗਾਰਾ ਵੀ ਬਦਲਦਾ ਰਹਿੰਦਾ ਹੈ। ਉਸ ਦੀ ਕਹਾਣੀ ਦੀ ਸਰੰਚਨਾ ਵਿੱਚ ਕਿਸੇ ਘਟਨਾ ਜਾਂ ਵਰਤਾਰੇ ਬਾਰੇ ਬਹੁ-ਨਾਦੀ ਧੁਨੀਆਂ ਤੇ ਕਾਟਵੇਂ ਪ੍ਰਤੀ ਹੁੰਗਾਰੇ ਇੱਕ ਕੋਲਾਜ਼ ਵਾਂਗ ਲੰਮੇ ਹੁੰਦੇ ਹਨ। ਪ੍ਰਮਾਣ ਵਜੋਂ ਉਸਦੀ ਕਹਾਣੀ ਟਾਵਰਜ਼ ਪੜ੍ਹੀ ਜਾ ਸਕਦੀ ਹੈ ਜੋ ਕਲਾਤਮਿਕ ਸੁਹਜ ਸਿਖਰ ਕਹੀ ਜਾ ਸਕਦੀ। ਪਰਵਾਸੀ ਪੰਜਾਬੀ ਗਲਪ ਸਾਹਿਤ ਵਿੱਚ ਪਹਿਲੀ ਵਾਰ 11 ਸਤੰਬਰ 2001 ਨੂੰ ਵਾਪਰੀ ਵਰਲਡ ਟਰੇਡ ਸੈਂਟਰ ਦੀ ਤਬਾਹੀ ਅਤੇ ਅਮਰੀਕਾ ਦੁਆਰਾ ਇਰਾਕ ਉੱਤੇ ਹਮਲੇ ਨੂੰ ਜਰਨੈਲ ਸਿੰਘ "ਟਾਵਰਜ਼" ਕਹਾਣੀ ਦਾ ਵਸਤੂ ਬਣਾਉਂਦਾ ਹੈ। ਲੇਖਕ ਇਨ੍ਹਾਂ ਘਟਨਾਵਾਂ ਦੀ ਪਿੱਠਭੂਮੀ ਵਿੱਚ ਕਾਰਜਸ਼ੀਲ ਵਿਭਿੰਨ ਰਾਜਨੀਤਕ, ਧਾਰਮਿਕ, ਆਰਥਿਕ ਨੀਤੀਆਂ ਤੋਂ ਪਰਦਾ ਉਠਾਉਂਦਾ ਹੋਇਆ ਆਮ ਨਾਗਰਿਕ ਤੇ ਇਨ੍ਹਾਂ ਦੇ ਪਏ ਮਾਰੂ ਪ੍ਰਭਾਵ ਨੂੰ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਚਿਤਰਦਾ ਹੋਇਆ ਵਿਸ਼ਵ-ਸ਼ਾਂਤੀ ਦਾ ਸੁਨੇਹਾ ਦਿੰਦਾ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ।

ਇਸ ਕਹਾਣੀ ਵਿਚ ਅਮਰੀਕੀ ਸਾਮਰਾਜਵਾਦ ਦੀਆਂ ਪਸਾਰਵਾਦੀ ਨੀਤੀਆਂ ਦਾ ਵਿਸ਼ਲੇਸ਼ਣ ਅਮਰੀਕਨ, ਈਰਾਨੀ ਅਤੇ ਇਰਾਕੀ ਨਾਗਰਿਕਾਂ ਦੀਆਂ ਕੁਝ ਮੁੱਦਿਆਂ ਤੇ ਟਕਰਾਉਂਦੀਆਂ ਦ੍ਰਿਸ਼ਟੀਆਂ ਤੋਂ ਹੋਇਆ ਹੈ। ਕਹਾਣੀ ਦੇ ਪਾਤਰ ਵਿਲੀਅਮ ਤੇ ਉਸ ਦੀ ਪਤਨੀ ਐਂਜਲਾ ਘੋਰ ਨਿਰਾਸ਼ਾ ਤੇ ਚਿੰਤਾ ਦੀ ਅਵਸਥਾ ਵਿੱਚੋਂ ਗੁਜ਼ਰ ਰਹੇ ਹਨ ਕਿਉਂਕਿ ਉਨ੍ਹਾਂ ਦੀ ਧੀ ਸਟੇਸੀ ਹਮਲੇ ਦਾ ਸ਼ਿਕਾਰ ਹੋਈ ਬਿਲਡਿੰਗ ਵਿੱਚ ਹੀ ਮਾਰੀ ਜਾਂਦੀ ਹੈ। ਉਨ੍ਹਾਂ ਦਾ ਪੁੱਤਰ ਡੈਨਿਸ ਜੋ ਕਹਾਣੀ ਦੇ ਆਰੰਭ ਵਿੱਚ ਇਰਾਕ ਵਿਰੁੱਧ ਅਮਰੀਕਨ ਜੰਗ ਦਾ ਫ਼ੌਜੀ ਹੈ ਲਾਪਤਾ ਦਿਖਾਈ ਦਿੰਦਾ ਹੈ ਅਤੇ ਅੰਤ ਇਸ ਜੰਗ ਵਿੱਚ ਹੀ ਉਸ ਦੀ ਮੌਤ ਦੀ ਸੂਚਨਾ ਵੀ ਪ੍ਰਾਪਤ ਹੋ ਜਾਂਦੀ ਹੈ। ਇਸ ਅਮਰੀਕੀ ਦੰਪੱਤੀ ਦੁਆਰਾ ਔਲਾਦ ਵਿਹੂਣੇ ਹੋ ਜਾਣ ਦੀ ਅਤਿ ਦੁਖਦਾਈ ਮਾਨਸਿਕ ਦਸ਼ਾ ਨੂੰ ਲੇਖਕ ਨੇ ਬਾਖ਼ੂਬੀ ਚਿਤਰਿਤ ਕੀਤਾ ਹੈ। ਇਰਾਕੀ ਹਮਲੇ ਸਮੇਂ ਬਗ਼ਦਾਦ ਵਾਸੀ ਅਲੀ ਇਸਮਾਇਲ ਅੱਬਾਸ ਦੇ ਮਾਂ ਪਿਉ, ਪਰਿਵਾਰ ਦੇ ਅੱਠ ਜੀਆਂ ਸਮੇਤ ਜੰਗ ਦੀ ਭੇਟ ਚੜ੍ਹ ਜਾਂਦੇ ਹਨ। ਉਸ ਦੀਆਂ ਦੋਵੇਂ ਬਾਹਵਾਂ ਕੱਟੀਆਂ ਜਾਂਦੀਆਂ ਹਨ। ਇਰਾਕੀ ਮੂਲ ਦੇ ਅਮਰੀਕਨ ਨਾਗਰਿਕ ਅਬਦੁਲ ਹਮੀਦੀ ਦੇ ਭਰਾ ਦਾ ਪੰਜ ਜੀਆਂ ਦਾ ਪਰਿਵਾਰ ਇਰਾਕ ਯੁੱਧ ਵਿੱਚ ਮਾਰਿਆ ਜਾਂਦਾ ਹੈ। ਤਿੰਨੇ ਪਰਿਵਾਰ ਫ਼ਿਰਕੂ ਜਨੂੰਨ ਦਹਿਸ਼ਤਗਰਦੀ ਤੇ ਅਮਰੀਕਨ ਸਾਮਰਾਜ ਦੀ ਨਵ-ਬਸਤੀਵਾਦੀ ਨੀਤੀ ਦਾ ਸ਼ਿਕਾਰ ਹੁੰਦੇ ਹਨ। ਬੇਸ਼ੱਕ ਤਿੰਨਾਂ ਦੀ ਪੀੜ ਵੀ ਸਾਂਝੀ ਹੈ ਪਰ ਅਮਰੀਕਨ ਸਾਮਰਾਜਵਾਦ ਦੀ ਨਵ-ਬਸਤੀਵਾਦੀ ਨੀਤੀ ਬਾਰੇ ਤਿੰਨਾਂ ਦਾ ਵਤੀਰਾ ਇੱਕੋ ਜਿਹਾ ਨਹੀਂ ।

ਅਮਰੀਕੀ ਜੋੜਾ ਵਿਲੀਅਮ ਥੌਮਸਨ, ਐਂਜਲਾ ਅਤੇ ਉਨ੍ਹਾਂ ਦਾ ਨੌਜਵਾਨ ਫ਼ੌਜੀ ਬੇਟਾ ਡੈਨਿਸ ਅਮਰੀਕਾ ਦੀ ਉੱਚਤਾ ਸ਼ਕਤੀ, ਮਹਾਨਤਾ ਤੇ ਸੁਪਰਮੇਸੀ ਦੀ ਮਿੱਥ ਦੇ ਭਰਮ ਦੇ ਸ਼ਿਕਾਰ ਹਨ। ਅਮਰੀਕੀ ਨਾਗਰਿਕ ਹੋਣ ਦੇ ਨਾਤੇ ਅਤੇ ਮੀਡੀਏ ਦੁਆਰਾ ਅਮਰੀਕਾ ਦੇ ਸੁਪਰ ਪਾਵਰ ਹੋਣ ਦਾ ਪ੍ਰਚਾਰ ਕਰਨ ਕਰਕੇ ਉਹ ਗੱਲ ਗੱਲ 'ਤੇ ਅਮਰੀਕੀ ਗੌਰਵ ਦੀ ਦੁਹਾਈ ਦਿੰਦੇ ਹਨ ਅਤੇ ਅੰਧ-ਰਾਸ਼ਟਰਵਾਦ ਦੀ ਭਾਵਨਾ ਕਰਕੇ ਆਪਣੇ ਦੇਸ਼ ਦੀ ਹਰ ਜ਼ਿਆਦਤੀ ਨੂੰ ਜਾਇਜ਼ ਠਹਿਰਾਉਂਦੇ ਹਨ। ਵਰਲਡ ਟਰੇਡ ਸੈਂਟਰ ਉੱਤੇ ਹੋਇਆ ਹਮਲਾ ਉਨ੍ਹਾਂ ਨੂੰ ਆਪਣੇ ਦੇਸ਼ ਦੀ ਸੁਪਰਮੇਸੀ ਤੇ ਮਹਾਨਤਾ ਘੱਟੇ ਵਿੱਚ ਰੋਲਣ ਦੇ ਸਾਮਾਨ ਲੱਗਦਾ ਹੈ। ਅਫ਼ਗਾਨਿਸਤਾਨ ਤੇ ਇਰਾਕ ਯੁੱਧਾਂ ਸਮੇਂ ਡੈਨਿਸ ਆਪਣੀਆਂ ਫ਼ੌਜਾਂ ਦੇ ਕਾਰਨਾਮਿਆਂ ਦਾ ਬੜੇ ਗੌਰਵਮਈ ਅੰਦਾਜ਼ ਵਿੱਚ ਬਿਆਨ ਕਰਦਾ ਹੈ। ਸਟੇਸੀ ਅਤੇ ਉਸ ਦਾ ਪਤੀ ਵਰਲਡ ਟਰੇਡ ਸੈਂਟਰ ਦੀ ਸ਼ਾਨਾਮਤੀ ਇਮਾਰਤ ਵਿਚ ੪1ਵੀਂ ਮੰਜ਼ਿਲ ਦੇ ਆਪਣੇ ਦਫ਼ਤਰ ਹੋਣ ਦਾ ਮਾਣ ਕਰਦੇ ਸਨ। ਅਫ਼ਗਾਨ ਇਰਾਕ ਯੁੱਧਾਂ ਨੂੰ ਜਾਇਜ਼ ਠਹਿਰਾਉਣ ਲਈ

ਵਿਲੀਅਮ ਥੌਮਸਨ ਅਲੀ ਇਸਮਾਈਲ ਅੱਬਾਸ ਅਤੇ ਅਬਦੁਲ ਹਮੀਦੀ ਦੇ ਪਰਿਵਾਰਾਂ ਦੀ ਮੌਤ ਉਪਰ ਅਫਸੋਸ ਕਰਨ ਸਮੇਂ ਇਹ ਕਹਿੰਦਾ ਹੈ, "ਪਰ ਕੀ ਕੀਤਾ ਜਾਵੇ? ਲੋਕ ਸਿੱਧੇ ਵੀ ਏਦਾਂ ਹੀ ਹੁੰਦੇ ਐ।" ਸੌੜੇ ਰਾਸ਼ਟਰਵਾਦ ਤੇ ਤਥਾ ਕਥਿਤ ਅਮਰੀਕੀ ਗੌਰਵ ਦੀ ਝਲਕ ਵਿਲੀਅਮ ਥੌਂਪਸਨ ਦੀ ਕੰਪਨੀ ਦੇ ਕਲਰਕ ਐਲਨ ਤੇ ਲਿਫਟ ਓਪਰੇਟਰ ਮਾਰਕ ਦੇ ਵਾਰਤਾਲਾਪਾਂ ਵਿੱਚੋਂ ਵੀ ਮਿਲਦੀ ਹੈ। ਅਮਰੀਕਾ ਅਤੇ ਪਰਵਾਸੀਆਂ ਦੇ ਆਪਸੀ ਸੰਬੰਧਾਂ ਬਾਰੇ ਪ੍ਰਵਰਨ ਦੀ ਸਿਰਜਨਾ ਕਰਦਾ ਲੇਖਕ ਦਰਸਾਉਂਦਾ ਹੈ ਕਿ ਬੇਸ਼ੱਕ ਸਥਾਨਕ ਸਮਾਜ ਦੇ ਵਿਕਾਸ ਵਿੱਚ ਪਰਵਾਸੀ ਜ਼ਿਕਰਯੋਗ ਭੂਮਿਕਾ ਅਦਾ ਕਰ ਰਹੇ ਹਨ ਪਰੰਤੂ ਫਿਰ ਵੀ ਇਨ੍ਹਾਂ ਨੂੰ ਸ਼ੱਕ ਦੀ ਦ੍ਰਿਸ਼ਟੀ ਤੋਂ ਹੀ ਦੇਖਿਆ ਜਾਂਦਾ ਹੈ। ਅਜਿਹੀ ਹੀ ਸੋਚ ਦਾ ਪ੍ਰਦਰਸ਼ਨ ਕਰਦਾ ਇੱਕ ਪਾਤਰ 11 ਸਤੰਬਰ ਦੀ ਘਟਨਾ ਲਈ ਸਮੁੱਚੇ ਪਰਵਾਸੀਆਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਪ੍ਰਤੀਤ ਹੁੰਦਾ ਹੈ:

> "ਇਮੀਗਰਾਂਟ ਸਾਡੇ ਨਾਲ ਕੰਮ ਕਰਦੇ ਨੇ, ਪਾਰਟੀਆਂ `ਚ ਸਾਡੇ ਨਾਲ ਖਾਂਦੇ ਪੀਂਦੇ ਨੇ, ਕੁੱਝ ਸਾਡੇ ਦੋਸਤ ਵੀ ਹੈਨ ਪਰ ਸਾਨੂੰ ਉਨ੍ਹਾਂ ਬਾਰੇ ਕੁੱਝ ਨਹੀਂ ਪਤਾ ਕਿ ਉਹ ਖ਼ੈਰਖ਼ਾਹ ਅਮਰੀਕਾ ਦੇ ਹਨ ਜਾਂ ਕਿਸੇ ਹੋਰ ਦੇਸ਼ ਦੇ... ਅਗਲਿਆਂ ਨੇ ਸਾਡੇ ਹੀ ਦੇਸ਼ `ਚ ਟਰੇਨਿੰਗਾਂ ਲਈਆਂ, ਸਾਡੇ ਹੀ ਜਹਾਜ਼ਾਂ `ਤੇ ਬੰਦਿਆਂ ਨੂੰ ਬੰਬ ਬਣਾਇਐ... ਮੈਂ ਸਮਝਦਾਂ ਏਥੋਂ ਦੀ ਆਜ਼ਾਦੀ ਨੂੰ ਐਬਿਊਜ਼ ਕੀਤਾ ਗਿਆ।"

ਇਸ ਟਿੱਪਣੀ `ਤੇ ਕਿੰਤੂ-ਪਰੰਤੂ ਕਰਦਾ ਭਾਰਤੀ ਮੂਲ ਦਾ ਪਾਤਰ ਬਲਜਿੰਦਰ ਦਰਸਾਉਂਦਾ ਹੈ ਕਿ ਅਮਰੀਕਾ ਦੇ ਵਿਕਾਸ ਵਿੱਚ ਇਨ੍ਹਾਂ ਹੀ ਪਰਵਾਸੀਆਂ ਦੁਆਰਾ ਵਿਭਿੰਨ ਸਮੱਸਿਆਵਾਂ ਦੇ ਬਾਵਜੂਦ ਪਾਏ ਗਏ ਮਹੱਤਵਪੂਰਨ ਯੋਗਦਾਨ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਉਹ ਕਹਿੰਦਾ ਹੈ:

> "ਐਬਿਊਜ਼ ਕਰਨ ਵਾਲੇ ਹੈਗੇ ਨੇ ਪਰ ਬਹੁਤ ਥੋੜ੍ਹੇ, ਐਵੇਂ ਨਾਂ-ਮਾਤਰ/ਆਮ ਇਮੀਗਰਾਂਟਸ ਅਮਰੀਕਾ ਲਈ ਸੁਹਿਰਦ ਨੇ। ਭਾਵੇਂ ਉਨ੍ਹਾਂ ਨੂੰ ਨਸਲਵਾਦ ਅਤੇ ਹੋਰ ਦੁਰਵਿਵਹਾਰਾਂ ਦਾ ਸ਼ਿਕਾਰ ਹੋਣਾ ਪੈਂਦੈ ਫਿਰ ਵੀ ਉਹ ਅਮਰੀਕਾ ਦੇ ਵਿਕਾਸ `ਚ ਭਰਵਾਂ ਯੋਗਦਾਨ ਪਾ ਰਹੇ ਹਨ... ਇਸਦੇ ਹਰ ਦੁੱਖ ਦੀ ਪੀੜ ਮਹਿਸੂਸ ਕਰਦੇ ਹਨ।"

ਇਸ ਕਹਾਣੀ ਦੇ ਅੰਤ ਵਿੱਚ ਲੇਖਕ ਜ਼ਿੰਦਗੀ ਦੀ ਨਿਰੰਤਰਤਾ ਵੱਲ ਸੰਕੇਤ ਕਰਦਾ ਹੋਇਆ, ਆਸ਼ਾਵਾਦੀ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਕਰਦਾ, ਵਿਸ਼ਵ-ਸ਼ਾਂਤੀ, ਸਾਂਝੀਵਾਲਤਾ ਦਾ ਸੁਨੇਹਾ ਦਿੰਦਾ ਦ੍ਰਿਸ਼ਟੀਗੋਚਰ ਹੁੰਦਾ ਹੈ।

ਅਮਰੀਕੀ ਸਾਮਰਾਜਵਾਦ ਦੀ ਪਸਾਰਵਾਦੀ ਪਹੁੰਚ, ਅਵਿਕਸਤ ਤੇ ਵਿਕਸਤ ਵਿਕਾਸਸ਼ੀਲ ਦੇਸ਼ਾਂ ਦੇ ਕੁਦਰਤੀ ਸੰਸਾਧਨਾਂ ਦੀ ਅੰਨ੍ਹੀ ਲੁੱਟ, ਉਨ੍ਹਾਂ ਦੇ ਸੱਭਿਆਚਾਰਾਂ ਤੇ ਸਥਾਨਕ ਕੌਮੀ ਪਛਾਣਾਂ ਨੂੰ ਮਿਟਾਉਣ ਤੇ ਫਾਸ਼ੀਵਾਦ ਰੁਝਾਨ ਤੇ ਦਹਿਸ਼ਤਗਰਦੀ ਨੂੰ ਆਪਣੇ ਸੌੜੇ ਹਿੱਤਾਂ ਕਾਰਨ ਕਹਾਣੀ ਲੁਕਵੀਂ ਹਮਾਇਤ ਦੇਣ ਦੀ ਸਾਜ਼ਿਸ਼ ਨੂੰ ਅਬਦੁਲ ਹਮੀਦ, ਅਲੀ ਇਸਮਾਇਲ ਅੱਬਾਸ, ਜਮੀਲਾ ਅਤੇ ਹਨੀਫ ਦੇ ਸਮਾਨਾਂਤਰ ਕਥਾ ਪ੍ਰਸੰਗਾਂ ਅਤੇ ਸੰਵਾਦਾਂ ਰਾਹੀਂ ਪ੍ਰਗਟਾਇਆ ਮਿਲਿਆ ਹੈ। ਇਹ ਸਮਾਨਾਂਤਰ ਕਥਾ ਪ੍ਰਸੰਗ ਅਤੇ ਕਾਟਵੇਂ ਸੰਵਾਦ ਅਮਰੀਕਨ ਡੈਮੋਕਰੇਸੀ ਅਤੇ ਉਸ ਦੇ ਮਹਾਂ-ਸ਼ਕਤੀ ਹੋਣ ਦੀ ਮਿੱਥ ਦਾ ਖੰਡਨ ਕਰਦੇ ਹਨ। ਇਰਾਕ ਜੰਗ ਵਿੱਚ ਅਲੀ ਇਸਮਾਇਲ ਅੱਬਾਸ ਦੇ ਪਰਿਵਾਰ ਤੇ ਅਬਦੁਲ ਹਮੀਦ ਦੇ ਭਰਾ ਦੇ ਪਰਿਵਾਰਾਂ ਦਾ ਕਤਲੇਆਮ ਅਮਰੀਕਨ ਡੈਮੋਕ੍ਰੇਸੀ ਦੇ ਹੀਜ ਪਿਆਜ਼ ਨੂੰ ਨੰਗਾ ਕਰਦਾ ਹੈ। ਆਪਣਾ ਅੱਠ ਜੀਆਂ ਦਾ ਪਰਿਵਾਰ ਤੇ ਦੋਹਾਂ ਬਾਹਾਂ ਗੁਆ ਚੁੱਕੇ ਅਲੀ ਅੱਬਾਸ ਦੇ ਹਿਰਦੇ ਵੇਦਕ ਬੋਲ "ਮੈਨੂੰ ਮੇਰੀਆਂ ਬਾਹਵਾਂ ਚਾਹੀਦੀਆਂ ਹਨ" ਇਸ ਗੱਲ ਦਾ ਪ੍ਰਮਾਣ ਹਨ ਕਿ ਸਾਮਰਾਜਵਾਦ ਆਮ ਬੰਦੇ ਤੋਂ ਉਸਦੀ ਧਰਤੀ, ਕੁਦਰਤੀ ਸੰਸਾਧਨ, ਰੁਜ਼ਗਾਰ, ਆਬਰੂ, ਪਛਾਣ, ਭਾਸ਼ਾ ਤੇ ਸੱਭਿਆਚਾਰ ਆਦਿ ਸਭ ਕੁਝ ਖੋਹ ਲੈਂਦਾ ਹੈ। ਲੰਮਾ ਅਰਸਾ ਬਗਦਾਦ ਯੂਨੀਵਰਸਿਟੀ ਵਿੱਚ ਅਧਿਆਪਕ ਰਿਹਾ ਜ਼ਹੀਨ ਬੁੱਧੀਜੀਵੀ ਅਬਦੁਲ ਹਮੇਦੀ ਸਮਝਦਾ ਹੈ ਕਿ ਅਮਰੀਕਾ ਦੀ ਨਜ਼ਰ ਇਰਾਕ ਦੇ ਤੇਲ ਧੰਨ 'ਤੇ ਸੀ, ਇਸੇ ਲਈ ਉਸ ਨੇ ਵਰਲਡ ਟਰੇਡ ਸੈਂਟਰ ਦੀਆਂ ਘਟਨਾਵਾਂ ਤੋਂ ਬਾਅਦ ਦਹਿਸ਼ਤਗਰਦੀ ਦੀ ਆੜ ਹੇਠ ਇਰਾਕ 'ਤੇ ਹਮਲਾ ਕੀਤਾ। ਜਰਨੈਲ ਸਿੰਘ ਅਮਰੀਕਾ ਦੀਆਂ ਦੋਹਰੀਆਂ ਨੀਤੀਆਂ ਤੋਂ ਵੀ ਪਰਦਾ ਉਠਾਉਂਦਾ ਹੈ ਕਿ ਇੱਕ ਪਾਸੇ ਤਾਂ ਅਮਰੀਕਾ ਅਤਿਵਾਦ ਵਿਰੋਧੀ ਹੋਣ ਦਾ ਦੰਭ ਰਚ ਰਿਹਾ ਹੈ ਤੇ ਦੂਸਰੇ ਪਾਸੇ ਅਤਿਵਾਦ ਨੂੰ ਸ਼ਹਿ ਦੇਣ ਵਾਲੇ ਦੇਸ਼ਾਂ ਨੂੰ ਆਪਣਾ ਭਾਈਵਾਲ ਵੀ ਬਣਾਉਂਦਾ ਹੈ। ਇਰਾਕ ਜੰਗ ਦੁਆਰਾ ਅਮਰੀਕਾ ਦੀ ਉਸਦੇ ਤੇਲ-ਭੰਡਾਰ ਤੇ ਕਾਬਜ਼ ਹੋਣ ਦੀ ਨੀਤੀ ਦਾ ਖੁਲਾਸਾ ਵੀ ਕਹਾਣੀ ਦਾ ਪਾਤਰ ਅਬਦੁਲ ਹਮੇਦੀ ਕਰਦਾ ਹੈ। ਉਸ ਅਨੁਸਾਰ ਬੇਸ਼ਕ ਅਮਰੀਕਾ ਲੋੜਵੰਦ ਮੁਲਕਾਂ ਦੀ ਮਦਦ ਕਰਦਾ ਹੈ ਪਰੰਤੂ ਉਸਨੂੰ ਮਨਮਰਜ਼ੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਰਾਕ ਵਿੱਚ ਅਮਰੀਕੀ ਨੀਤੀਆਂ ਤੇ ਉਹ ਤਿੱਖਾ ਵਿਅੰਗ ਕਰਦਾ ਕਹਿੰਦਾ ਹੈ:

> ਇਹ ਜੱਗ ਜ਼ਾਹਰ ਹੋ ਗਿਆ ਹੈ ਕਿ ਅਮਰੀਕਾ ਦੀ ਅੱਖ ਇਰਾਕ ਦੇ ਤੇਲ ਧੰਨ ਤੇ ਸੀ। ਪਰ ਇਹ ਮਾਮਲਾ ਅਮਰੀਕਾ ਨੂੰ ਬਹੁਤਾ ਮਹਿੰਗਾ ਪਏਗਾ ।
>
> ਸਦਾਮ ਦੀ ਹਕੂਮਤ ਖ਼ਤਮ ਕਰਨ ਤੋਂ ਬਾਅਦ ਉੱਥੋਂ ਦੇ ਲਾਅ ਐਂਡ ਆਰਡਰ ਦੀ ਜ਼ਿੰਮੇਵਾਰੀ ਅਮਰੀਕਾ ਦੀ ਸੀ। ਇਹਦੀਆਂ ਫੌਜਾਂ ਤੇਲ ਦੇ ਖੂਹਾਂ ਦੀ ਰਾਖੀ ਤੇ ਤਾਂ ਡਟ ਗਈਆਂ ਪਰ ਸਾਡੀ ਸਭਿਅਤਾ ਦਾ ਖਜ਼ਾਨਾ, ਸਾਡਾ ਅਜਾਇਬ ਘਰ ਸ਼ਰੇਆਮ ਲੁਟਾ ਦਿੱਤਾ ... ਓਥੇ ਦੋ ਲੱਖ ਦੇ ਕਰੀਬ ਵਡਮੁੱਲੀਆਂ ਵਸਤਾਂ ਸਨ।

ਧਾਰਮਿਕ ਮੂਲਵਾਦ ਤੋਂ ਦੁਖੀ ਹੋ ਕੇ ਅਮਰੀਕਾ ਆ ਵਸਿਆ ਹਨੀਫ ਤੇ ਜਮੀਲਾ ਦਾ ਇਰਾਨੀ ਜੋੜਾ ਅਮਰੀਕਾ ਦੁਆਰਾ ਪਹਿਲਾਂ ਇਰਾਕ ਨੂੰ ਤਬਾਹ ਕਰਨ ਤੇ ਹੁਣ ਮੁੜ ਉਸਾਰੀ ਦਾ ਹੇਜ ਪਾਲਣ ਦੀ ਆਲੋਚਨਾ ਕਰਦਾ। ਸਟੈਸੀ ਤੇ ਡੈਨਿਸ ਦੀਆਂ ਮੌਤਾਂ ਬਾਅਦ ਵਿਲੀਅਮ ਥੌਮਸਨ

ਤੇ ਐਂਜਲਾ ਦੀ ਅਮਰੀਕਨ ਸੁਪਰਮੇਸੀ ਦੀ ਮਿੱਥਕ ਧਾਰਨਾ ਤੇ ਰਾਸ਼ਟਰਵਾਦੀ ਭਾਵਨਾ ਟੁੱਟਦੀ ਹੈ। ਅਮਰੀਕਾ ਦੀ ਸੱਤਾ ਸਿਆਸਤ ਦੀ ਹੈਜਮਨੀ ਸ਼ਕਤੀ ਤੇ ਬੁਲੰਦੀ ਦਾ ਪ੍ਰਤੀਕ ਮੰਨੇ ਜਾਂਦੇ ਟਾਵਰ ਦੇ ਢਹਿ ਢੇਰੀ ਹੋਣ ਸਮੇਂ ਦੀ ਵਿਲੀਅਮ ਥੌਮਸਨ ਦੀ ਇਹ ਮਨੋ ਬਚਨੀ ਇਸ ਪ੍ਰਮਾਣ ਹੈ ਇਸ ਦਾ ਪ੍ਰਮਾਣ ਹੈ, "ਟਾਵਰਜ਼ ਬਾਰੇ ਤਾਂ ਮੈਨੂੰ ਮੁੱਢ ਤੋਂ ਹੀ ਖ਼ਦਸ਼ਾ ਸੀ। ਇਨ੍ਹਾਂ ਦੀ ਬੁਲੰਦੀ ਵਿਚਲੇ ਬੌਣੇਪਣ ਨੂੰ ਮੈਂ ਜਾਣਦਾ ਸਾਂ।... ਜਿਨ੍ਹਾਂ ਚਿਰ ਸੋਚਾਂ ਉੱਚੀਆਂ ਨਹੀਂ ਹੁੰਦੀਆਂ ਉੱਚਤਾ ਦੀਆਂ ਇਹ ਕਲਗੀਆਂ ਇੰਜ ਹੀ ਕਿਰਦੀਆਂ ਰਹਿਣਗੀਆਂ... ਲਪੇਟ ਚ ਆ ਜਾਂਦੇ ਨੇ ਬੈਠੇ ਸੁੱਤੇ ਆਮ ਲੋਕ... ਅਜਿਹੇ ਟਾਵਰਾਂ ਨਾਲੋਂ ਕਿਤੇ ਵੱਧ ਉੱਚੇ ਸੁੱਚੇ ਲੋਕ।"

ਇਰਾਕ ਦੇ ਲੋਕਾਂ ਨੂੰ ਸਦਾਮ ਦੀ ਡਿਕਟੇਟਰਸ਼ਿਪ ਤੋਂ ਆਜ਼ਾਦ ਕਰਵਾਉਣ ਦੇ ਅਮਰੀਕਨ ਡਿਫੈਂਸ ਸੈਕਟਰੀ ਦੇ ਦਾਅਵੇ ਵਿਰੁੱਧ ਐਂਜਲਾ ਦੀ ਇਹ ਟਿੱਪਣੀ ਅਮਰੀਕਾ ਦੀ ਸ਼ਾਂਤੀ ਤੇ ਜਮਹੂਰੀਅਤ ਬਾਰੇ ਫ਼ਿਕਰਮੰਦੀ ਦਾ ਪੋਲ ਖੋਲ੍ਹਦੀ ਹੈ, "ਹੇਖਾਂ! ਵੱਡੇ ਫ਼ਿਕਰਮੰਦ ਲੋਕਾਂ ਦੇ... ਜਿਹੜੇ ਮਾਵਾਂ ਦੇ ਪੁੱਤ ਤੁਹਾਡੀ ਜੰਗ ਨੇ ਖਾ ਲਏ ਜਾਂ ਲੱਭ ਨਹੀਂ ਰਹੇ ਉਨ੍ਹਾਂ ਦਾ ਹਿਸਾਬ ਕੌਣ ਕਰੇਗਾ?"

ਇਸ ਕਹਾਣੀ ਰਾਹੀਂ ਲੇਖਕ ਇਹ ਦਰਸਾਉਂਦਾ ਹੈ ਕਿ ਨਾਗਰਿਕ ਚਾਹੇ ਕਿਸੇ ਵੀ ਦੇਸ਼ ਦਾ ਹੋਵੇ ਅਜਿਹੀਆਂ ਮੰਦਭਾਗੀਆਂ ਸਥਿਤੀਆਂ ਦਾ ਸਾਹਮਣਾ ਆਮ ਇਨਸਾਨਾਂ ਨੂੰ ਹੀ ਕਰਨਾ ਪੈਂਦਾ ਹੈ। ਇੱਕ ਪਾਸੇ ਤਾਂ ਜਾਰਜ ਬੁਸ਼ ਤੇ ਟੋਨੀ ਬਲੇਅਰ ਇਰਾਕ-ਜੰਗ ਦੀ ਜਿੱਤ ਦੇ ਜਸ਼ਨ ਮਨਾ ਰਹੇ ਹਨ ਤੇ ਦੂਸਰੇ ਪਾਸੇ ਇਸ ਜੰਗ ਦੇ ਸ਼ਿਕਾਰ ਨਿਰਦੋਸ਼ ਅਮਰੀਕੀ ਤੇ ਇਰਾਕੀ ਲੋਕ ਆਪਣੀ ਹੋਣੀ ਤੇ ਹੰਝੂ ਵਹਾ ਰਹੇ ਹਨ। ਇਨ੍ਹਾਂ ਤ੍ਰਾਸਦਿਕ ਸਥਿਤੀਆਂ ਦੀ ਪੇਸ਼ਕਾਰੀ ਅਬਦੁੱਲ ਦੇ ਭਰਾ ਤੇ ਉਸ ਦੇ ਪਰਿਵਾਰ ਦੀ ਮੌਤ, ਡੈਨਿਸ ਦੀ ਮੌਤ, ਅਪਾਹਜ ਹੋ ਗਿਆ ਅਲੀ ਤੇ ਉਸ ਦੇ ਪਰਿਵਾਰ ਦੇ ਅੱਠ ਜੀਆਂ ਦੀ ਮੌਤ ਅਤੇ ਹਜ਼ਾਰਾਂ ਉਹ ਬੇਗੁਨਾਹ ਲੋਕ ਜੋ ਟਾਵਰਾਂ ਤੇ ਇਰਾਕ ਵਿੱਚ ਜੰਗ ਦੇ ਸ਼ਿਕਾਰ ਬਣ ਗਏ ਦੇ ਰੂਪ ਵਿੱਚ ਕੀਤੀ ਗਈ ਹੈ। ਇੱਥੇ ਇੱਕ ਪਾਸੇ ਤਾਂ ਟਾਵਰਾਂ ਤੇ ਹਮਲਾ ਅਤਿਵਾਦੀਆਂ ਦਾ ਅਤਿ ਘਿਨਾਉਣਾ ਕਾਰਾ ਦਿਖਾਈ ਦਿੰਦਾ ਹੈ ਉਥੇ ਦੂਸਰੇ ਪਾਸੇ ਅਮਰੀਕਾ ਦੁਆਰਾ ਦੂਸਰੇ ਮੁਲਕਾਂ ਦੀਆਂ ਅੰਦਰੂਨੀ ਤੇ ਬਾਹਰੀ ਲੜਾਈਆਂ ਵਿੱਚ ਨਿਭਾਈ ਜਾਣ ਵਾਲੀ ਗ਼ਲਤ ਭੂਮਿਕਾ ਵੀ ਸਪੱਸ਼ਟ ਹੁੰਦੀ ਹੈ। ਇਸ ਕਹਾਣੀ ਦੇ ਮਾਧਿਅਮ ਰਾਹੀਂ ਲੇਖਕ ਉਸ ਧਾਰਮਿਕ ਕੱਟੜਤਾ ਦੀ ਵਿਰੋਧਤਾ ਕਰਦਾ ਹੈ ਜੋ ਹਿੰਸਕ ਤੇ ਦਹਿਸ਼ਤੀ ਕਾਰਵਾਈਆਂ ਨੂੰ ਜਨਮ ਦਿੰਦੀ ਹੈ। ਧਰਮ ਦੇ ਅਖੌਤੀ ਰੱਖਿਅਕਾਂ ਦੀ ਵਿਚਾਰਧਾਰਾ `ਤੇ ਪ੍ਰਸ਼ਨ-ਚਿੰਨ੍ਹ ਲਗਾਉਂਦਾ ਉਹ ਲਿਖਦਾ ਹੈ:

> ਰੱਖਿਅਕਾਂ ਦਾ ਅਹੁਤੀ ਸਿਧਾਂਤ ਇਹ ਸੀ ਕਿ ਜੇਕਰ ਬੰਦਾ ਆਪਣੇ ਦੀਨ ਅਤੇ ਨਸਲ ਦੀ ਖ਼ਾਤਰ ਬਰੂਦ ਨਾਲ ਜਾਨ ਉੜਾਵੇ ਜਾਂ ਖ਼ੁਦ ਬਰੂਦ ਬਣੇ ਜਾਂ ਸਵੈ ਸਮੇਤ ਹੋਰਨਾਂ ਨੂੰ ਬਰੂਦ ਬਣਾਵੇ ਤਾਂ ਉਹ ਬਹਿਸ਼ਤੀਂ ਜਾ ਪਹੁੰਚਦੈ...।ਆਪਣੇ ਲਈ ਸਦੀਵੀ ਚਾਨਣ ਤੇ ਦੂਜਿਆਂ ਲਈ ਕਦੀ ਨ ਮੁੱਕਣ ਵਾਲੀਆਂ ਘੁੱਪ ਹਨੇਰੀਆਂ ਰਾਤਾਂ।

ਪੱਛਮ ਦੇ ਬੌਧਿਕ, ਤਹਿਜੀਬੀ ਤੇ ਪਦਾਰਥਿਕ ਸੁੱਖ ਸਾਧਨਾਂ ਪੱਖੋਂ ਵਿਕਸਤ ਸਮਾਜਿਕ ਹੋਣ ਦੀ ਮਿੱਥ ਦਾ ਖੰਡਨ 'ਬਰਫ਼ ਤੇ ਦਰਿਆ' ਕਹਾਣੀ ਵਿੱਚ ਵੀ ਹੋਇਆ ਹੈ। ਸੋਫੀਆ ਤੇ ਡੀਨ ਸੈਂਡਰਸ ਤੇ ਸੋਫੀਆ ਤੇ ਸ਼ੌਨ ਡਗਲਸ ਦੇ ਪਿਆਰ ਸਬੰਧਾਂ ਦੇ ਦੂਹਰੇ ਕਥਾ ਬਿਰਤਾਂਤ ਵਾਲੀ ਇਸ ਕਹਾਣੀ ਵਿਚ ਇਹ ਪ੍ਰਸ਼ਨ ਉੱਭਰਦਾ ਹੈ ਕਿ ਮਹਾਂਨਗਰੀ ਲੋਕਾਂ ਦੇ ਮੁਕਾਬਲੇ ਕੰਟਰੀਸਾਈਡ ਦੇ ਭੋਲੇ ਭਾਲੇ ਲੋਕ ਪਛੜੇ ਹੋਏ ਹੁੰਦੇ ਹਨ। ਇਸ ਕਹਾਣੀ ਵਿਚ ਸਥਾਨਕ ਤੇ ਮਹਾਂਨਗਰੀ ਸੱਭਿਆਚਾਰਾਂ ਦੇ ਕੀਮਤ ਪ੍ਰਬੰਧ ਤੇ ਨੈਤਿਕਤਾ ਵਿਚਲੇ ਖੜ੍ਹੇ-ਦਾਅ ਤੇ ਵਿਰੋਧ ਦਾ ਚਿਤਰਨ ਕਟਾਖਸ਼ੀ ਸੁਰ ਵਿੱਚ ਹੋਇਆ ਹੈ। ਕਹਾਣੀਕਾਰ ਨੇ ਸੋਫੀਆ ਦੇ ਡੀਨ ਤੇ ਸ਼ੌਨ ਨਾਲ ਸੰਬੰਧਾਂ ਦੇ ਸਮਾਨਾਂਤਰ ਕਥਾ ਪ੍ਰਸੰਗਾਂ ਅਤੇ ਪਾਤਰਾਂ ਦੇ ਸੁਭਾਅ ਦੀ ਤੁਲਨਾਵੀ ਰਚਨਾ ਵਿਧੀ ਦੁਆਰਾ ਵਿਕਸਤ ਪੂੰਜੀਵਾਦੀ ਸਮਾਜਾਂ ਦੀ ਮਨੁੱਖੀ ਭਾਵਨਾਵਾਂ ਪ੍ਰਤੀ ਕਠੋਰਤਾ ਤੇ ਨਿਰਲੱਜ ਨੈਤਿਕਤਾ ਨੂੰ ਉਜਾਗਰ ਕੀਤਾ ਹੈ। ਜਰਨੈਲ ਸਿੰਘ ਨੇ ਸ਼ੌਨ ਡਗਲਸ ਵਰਗੇ ਦਿਹਾਤੀ ਲੋਕਾਂ ਦੀ ਸਾਦਗੀ, ਭੋਲੇਪਣ, ਮਨੁੱਖੀ ਸਬੰਧਾਂ ਪ੍ਰਤੀ ਸੁਹਿਰਦਤਾ ਤੇ ਭਾਵਾਤਮਿਕ ਵਚਨਬੱਧਤਾ ਨੂੰ ਦਰਿਆ ਦੀ ਰਵਾਨੀ ਦੇ ਚਿੰਨ੍ਹ ਰਾਹੀਂ ਪ੍ਰਗਟਾਇਆ ਹੈ। ਮਹਾਂਨਗਰੀ ਜੀਵਨ ਦੀ ਬਾਹਰੀ ਚਮਕ-ਦਮਕ, ਮਾਨਵੀ ਸੰਵੇਦਨਾਵਾਂ ਪ੍ਰਤੀ ਨਿਸ਼ਠੁਰਤਾ, ਰਿਸ਼ਤਿਆਂ ਪ੍ਰਤੀ ਤਿਲਕਵੇਂ ਵਿਵਹਾਰ, ਬੇਵਿਸਾਹੀ, ਖ਼ੁਦਗਰਜ਼ੀ, ਧੋਖਾਧੜੀ ਅਤੇ ਲੰਪਟ ਕਾਮਨਾਵਾਂ ਦੀ ਵਹਿਸ਼ੀ ਪੂਰਤੀ ਵਾਲੀ ਤਥਾ ਕਥਿਤ ਆਧੁਨਿਕ ਨੈਤਿਕਤਾ ਨੂੰ ਬਰਫ਼ ਦੀ ਪਥਰਾਈ ਸੁੰਨ ਕਰਾਰ ਦਿੱਤਾ ਹੈ।

ਪੱਛਮੀ ਸਮਾਜ ਵਿੱਚ ਪਰਿਵਾਰਾਂ ਦੇ ਟੁੱਟਣ ਦੀ ਦਰ ਲਗਾਤਾਰ ਵਧਦੀ ਰਹੀ ਹੈ। ਕੇਵਲ ਕੈਨੇਡਾ ਦੀ ਉਦਾਹਰਣ ਹੀ ਦੇਖਣੀ ਹੋਵੇ ਤਾਂ ਤਲਾਕਾਂ ਦੀ ਗਿਣਤੀ ਜੋ 1968 ਈ ਵਿੱਚ 11000, ਸੀ 1990 ਈ ਵਿੱਚ 78, 000 ਤੱਕ ਵਧ ਗਈ। 16 ਪੱਛਮੀ ਸਮਾਜ ਵਿੱਚ ਮਾਂ-ਬਾਪ ਦੀ ਖੰਡਿਤ ਗ੍ਰਹਿਸਥੀ ਦਾ ਦੁਖਾਂਤ ਔਲਾਦ ਨੂੰ ਕਿਵੇਂ ਭੋਗਣਾ ਪੈਂਦਾ ਹੈ ਦੀ ਮਿਸਾਲ ਕਹਾਣੀ ਦੇ ਪਾਤਰਾਂ ਸੋਫ਼ੀਆਂ ਤੇ ਸ਼ੌਨ ਦੇ ਰੂਪ ਵਿੱਚ ਦੇਖੀ ਜਾ ਸਕਦੀ ਹੈ। ਸੋਫ਼ੀਆ ਦੀ ਮਾਂ ਦਾ ਆਪਣੇ ਨਾਲ ਕੰਮ ਕਰਦੇ ਡਾਰਲ ਹੌਪਰ ਨਾਲ ਪਿਆਰ ਹੋ ਜਾਂਦਾ ਹੈ। ਆਪਣੇ ਪਤੀ ਜਾਹਨ ਰੀਡ ਨੂੰ ਤਲਾਕ ਦੇ ਦਿੰਦੀ ਹੈ। ਮਤਰੇਏ ਪਿਤਾ ਦੇ ਘਰ ਵਿੱਚ ਸੋਫੀਆ ਬੇਗਾਨਗੀ ਦਾ ਤਿੱਖਾ ਅਹਿਸਾਸ ਭੋਗਦੀ ਹੈ। ਸਕੂਲ ਵਿਚ ਪੜ੍ਹਦੀ ਆਪਣੀ ਜਮਾਤੀ ਸ਼ੌਨ ਡਗਲਸ ਵੱਲ ਖਿੱਚੀ ਜਾਂਦੀ ਹੈ। ਸ਼ੌਨ ਦਾ ਸਟੋਰ ਚ ਨੌਕਰੀ ਕਰਦਾ ਪਿਤਾ ਇੱਕ ਨੌਜਵਾਨ ਲੜਕੀ ਦੇ ਪਿਆਰ ਚ ਪੈ ਕੇ ਉਸ ਨੂੰ ਲੈ ਕੇ ਦੂਰ ਚਲਾ ਜਾਂਦਾ ਹੈ। ਉਸਦੀ ਉੱਚੇ ਵਿਚਾਰਾਂ ਵਾਲੀ ਨੇਟਿਵ ਇੰਡੀਅਨ ਮਾਂ ਸਕੂਲ 'ਚ ਨੌਕਰੀ ਕਰਨ ਦੇ ਨਾਲ-ਨਾਲ ਸਮਾਜ ਭਲਾਈ ਦੇ ਕੰਮਾਂ ਵਿੱਚ ਹਿੱਸਾ ਲੈਂਦੀ ਹੈ। ਕਾਰ ਹਾਦਸੇ 'ਚ ਉਸਦੀ ਮੌਤ ਬਾਅਦ ਸ਼ੌਨ ਦੀ ਦਾਦੀ ਵੈਂਡੀ ਡਗਲਸ ਉਸਦੀ ਪਾਲਣਾ ਕਰਦੀ ਹੈ। ਪੋਤਰੇ ਦੇ ਭਵਿੱਖ ਖਾਤਰ ਉਹ ਥੰਡਰ ਬੇਅ ਲਾਗੇ ਪੈਂਦੇ ਆਪਣੇ ਪਿੰਡ ਐਲਗਿਨ ਨੂੰ ਛੱਡ ਕੇ ਟੋਰਾਂਟੋ ਨਾਮੀ ਮਹਾਂਨਗਰ ਵਿੱਚ ਆ ਜਾਂਦੀ ਹੈ। ਠਰ੍ਹੰਮੇ ਵਾਲਾ ਸ਼ੌਨ ਭਾਵਨਾਵਾਂ ਪੱਖੋਂ ਕਾਫੀ ਸੰਕੋਚਿਆ ਹੋਇਆ ਹੈ। ਉਸ ਨੂੰ ਪਿਆਰ ਕਰਦੀ ਸੋਫ਼ੀਆ ਨੂੰ ਉਸਦਾ ਸੰਜਮੀ ਵਿਵਹਾਰ ਉਕਾਊ ਲੱਗਣ ਲੱਗਦਾ ਹੈ ਸ਼ੌਨ ਦਾ ਭਾਵਨਾਤਮਿਕ ਸੰਕੋਚ ਤੇ ਜਜ਼ਬਾਤੀ ਠੰਢਾਪਣ ਉਨ੍ਹਾਂ ਦੇ ਰਿਸ਼ਤੇ ਵਿੱਚ ਤਰੇੜ ਬਣਦਾ ਹੈ। ਇਸ ਵੱਲ ਇਸ਼ਾਰਾ ਸੋਫ਼ੀਆ ਦੀ ਇਸ ਮਨੋ ਬਚਨੀ

ਵਿੱਚ ਹੈ, "ਮੈਨੂੰ ਉਹ ਉਸ ਦਰਿਆ ਵਰਗਾ ਲੱਗਦਾ ਹੈ ਜੋ ਸਿਰਫ ਆਪਣੇ ਕੰਡਿਆਂ 'ਚ ਬੱਝ ਕੇ ਹੀ ਵਗਣਾ ਜਾਣਦਾ ਸੀ... ਉਸ ਦੇ ਕੰਢਿਆਂ ਉਪਰ ਵਿਛੀ ਹੋਈ ਬਰਫ਼ ਉਸ ਵਿੱਚ ਖੁਰਨ ਲਈ ਬੇਤਾਬ ਹੋ ਰਹੀ ਸੀ, ਪਰ ਉਸ ਨੂੰ ਕੋਈ ਖ਼ਬਰ ਨਹੀਂ ਸੀ।"

ਜ਼ਿੰਦਗੀ ਨੂੰ ਉਸ ਦੇ ਪੂਰੇ ਜਲੌਅ ਵਿੱਚ ਮਾਨਣ ਦੀ ਚਾਹਵਾਨ ਸੋਫੀਆ ਆਪਣੇ ਇਕ ਨਵੇਂ ਆਏ ਜਮਾਤੀ ਡੀਨ ਸੌਂਡਰਸ ਵੱਲ ਖਿੱਚੀ ਜਾਂਦੀ ਹੈ। ਡੀਨ ਦਾ ਪਿਤਾ ਸਰਕਾਰੇ ਦਰਬਾਰੇ ਪਹੁੰਚ ਰੱਖਣ ਵਾਲਾ ਇੱਕ ਅਮੀਰ ਬਿਲਡਰ ਹੈ। ਡੀਨ ਦੀ ਅਮੀਰੀ ਅਤੇ ਉਸਦੇ ਪਦਾਰਥਕ ਸੁੱਖ ਸਾਧਨਾਂ ਨੂੰ ਮਾਨਣ ਦੀ ਲਾਲਸਾ ਕਰਕੇ ਸੋਫੀਆ ਭੋਲੇ ਭਾਲੇ ਸ਼ੌਨ ਤੋਂ ਬੇਮੁਖ ਹੁੰਦੀ ਗਈ। ਆਪਣੀ ਮਾਂ ਤੇ ਸਹੇਲੀ ਦੀ ਤਾੜਨਾ ਦੇ ਬਾਵਜੂਦ ਸੋਫ਼ੀਆ ਅਮੀਰ ਪ੍ਰੇਮੀ ਦੀ ਦੋਸਤੀ ਦੇ ਗਰੂਰ ਵਿੱਚ ਹਵਾਵਾਂ ਚ ਉੱਡਣ ਲੱਗੀ। ਡੀਨ ਉਸ ਨੂੰ ਧੋਖਾ ਦੇ ਕੇ ਅਚਾਨਕ ਵਿੰਨੀਪੈੱਗ ਚਲਾ ਜਾਂਦਾ ਹੈ।। ਸੋਫੀਆ ਗਰਭਵਤੀ ਹਾਲਤ ਵਿਚ ਜਾ ਕੇ ਉਸ ਨੂੰ ਲੱਭਦੀ ਹੈ। ਡੀਨ ਵਿਆਹ ਦੇ ਰਿਸ਼ਤੇ ਚ ਬੱਝਣ ਤੋਂ ਇਨਕਾਰ ਕਰਦਾ ਹੈ। ਘਰ ਪਰਤੀ ਸੋਫੀਆ ਦੇ ਮਾਂ-ਪਿਉ ਉਸਦੀਆਂ ਗਲਤੀਆਂ ਚਿਤਾਰਦੇ ਹਨ। ਕਾਊਂਸਰ ਨਾਲ ਸਲਾਹ ਕਰਕੇ ਸੋਫ਼ੀਆ ਮਾਂ ਬਣਨ ਦਾ ਫ਼ੈਸਲਾ ਕਰਦੀ ਹੈ। ਸ਼ੈਲਟਰ ਵਾਲਿਆਂ ਨੇ ਮੈਟਰਨਿਟੀ ਹੋਮ ਵਿੱਚ ਇੱਕ ਬੱਚੀ ਲੀਜ਼ਾ ਨੂੰ ਜਨਮ ਦੇਂਦੀ ਹੈ। ਪੱਛਮੀ ਸਮਾਜ ਵਿੱਚ ਅਣਵਿਆਹੀਆਂ ਮਾਵਾਂ ਦੀ ਗਿਣਤੀ ਵਿੱਚ ਵੱਡੇ ਪੱਧਰ `ਤੇ ਵਾਧਾ ਹੋ ਰਿਹਾ ਹੈ। ਇਕੱਲੇ ਵਾਸ਼ਿੰਗਟਨ ਵਿੱਚ 1997 ਦੇ ਅੰਕੜਿਆਂ ਅਨੁਸਾਰ ਵਿਆਹੀਆਂ ਦੀ ਨਿਸਬਤ ਜ਼ਿਆਦਾ ਬੱਚੇ ਅਣਵਿਆਹੀਆਂ ਮਾਵਾਂ ਦੁਆਰਾ ਜਨਮੇ ਗਏ। 17 ਇਸ ਸੰਦਰਭ ਵਿੱਚ ਪੱਛਮੀ ਸਮਾਜ ਵਿੱਚ ਔਰਤ ਨੂੰ ਪ੍ਰਾਪਤ ਹੱਕਾਂ ਦੀ ਤਰਜਮਾਨੀ ਇਨ੍ਹਾਂ ਸਿੰਗਲ-ਮਦਰਜ਼ ਨੂੰ ਉਪਲਬਧ ਸਰਕਾਰੀ ਸਹੂਲਤਾਂ ਤੋਂ ਸਹਿਜੇ ਹੀ ਹੋ ਜਾਂਦੀ ਹੈ। ਇਸ ਰਾਹੀਂ ਉਹ ਜ਼ਿੰਦਗੀ ਤੋਂ ਹਾਰਨ ਜਾਂ ਸਮਾਜ ਤੋਂ ਕਿਨਾਰਾ ਕਰਨ ਦੀ ਥਾਂ ਸਰਕਾਰੀ ਸਹਾਇਤਾ ਤੇ ਸਹੂਲਤਾਂ ਦਾ ਲਾਭ ਉਠਾਉਂਦੀਆਂ ਜ਼ਿੰਦਗੀ ਨੂੰ ਨਵੀਂ ਤਰੱਕੀ ਵੱਲ ਲੈ ਜਾਂਦੀਆਂ ਹਨ। ਭਾਵੇਂ ਕਿ ਇਸ ਜੁੜੇ ਕੁੱਝ ਨਾਂਹ-ਪੱਖੀ ਪਹਿਲੂਆਂ ਵੱਲ ਵੀ ਕਹਾਣੀ ਸੰਕੇਤ ਕਰਦੀ ਹੈ। ਪੱਛਮੀ ਔਰਤ ਦੇ ਹੱਕਾਂ ਦੀ ਰਾਖੀ ਸਥਾਨਕ ਕਾਨੂੰਨ ਵਿਵਸਥਾ ਵੀ ਕਰਦੀ ਹੈ। ਇਸਦੀ ਬਦੌਲਤ ਹੀ ਸੋਫ਼ੀਆ ਡੀਨ ਜਿਹੇ ਧੋਖੇਬਾਜ਼ ਪ੍ਰੇਮੀ ਤੋਂ ਆਪਣੇ ਤੇ ਆਪਣੀ ਧੀ ਦੇ ਹੱਕਾਂ ਦੀ ਪ੍ਰਾਪਤੀ ਲਈ ਅਦਾਲਤ ਜਾਣ ਲਈ ਤਤਪਰ ਹੈ।

ਕਿਰਾਏ ਦੇ ਅਪਾਰਟਮੈਂਟ ਵਿੱਚ ਰਹਿੰਦਿਆਂ ਉਸ ਦਾ ਮੇਲ ਆਪਣੇ ਵਰਗੀ ਇੱਕ ਹੋਰ ਸਿੰਗਲ ਮਦਰ ਐਮੀ ਨਾਲ ਹੁੰਦਾ ਹੈ। ਉਸ ਤੋਂ ਸੋਫ਼ੀਆ ਨੂੰ ਡਰਗਜ਼ ਲੈਣ ਦੀ ਆਦਤ ਪੈਂਦੀ ਹੈ। ਹੌਲੀ ਹੌਲੀ ਆਪਣੀ ਆਮਦਨ ਵਧਾਉਣ ਲਈ ਉਹ ਡਰੱਗ ਵੇਚਣ ਦਾ ਧੰਦਾ ਕਰਨ ਲਈ ਡਾਂਸ ਕਲੱਬਾਂ ਵਿੱਚ ਜਾਣ ਲੱਗਦੀ ਹੈ ਅਤੇ ਫੜੀ ਜਾਂਦੀ ਹੈ। ਡਰੱਗ ਟਰੀਟਮੈਂਟ ਸੈਂਟਰ ਭੇਜ ਦਿੱਤੀ ਜਾਂਦੀ ਹੈ। ਇਥੇ ਇਕ ਸੈਮੀਨਾਰ ਵਿਚ ਸ਼ੌਨ ਨਾਲ ਮੇਲ ਹੁੰਦਾ ਹੈ। ਸ਼ੌਨ ਆਪਣੀ ਪ੍ਰੇਮਿਕਾ ਦੀ ਬੇਵਫਾਈ ਤੋਂ ਬਾਅਦ ਹੋਈ ਬੀਤੀ ਦਾ ਖੁਲਾਸਾ ਕਰਦਾ ਹੈ। ਡਿਪਰੈਸ਼ਨ ਕਾਰਨ ਉਹ ਵੀ ਡਰੱਗ ਲੈਣ ਲੱਗਦਾ ਹੈ। ਉਸ ਦੀ ਦਾਦੀ ਹਾਰਟ ਅਟੈਕ ਹੋਣ ਬਾਅਦ ਸ਼ੌਨ ਨੂੰ ਲੈ ਕੇ ਵਾਪਸ ਐਲਗਿਨ ਚਲੇ ਜਾਂਦੀ ਹੈ। ਉੱਥੇ ਉਹ ਸੰਭਲਦਾ ਹੈ, ਪਲੰਬਿੰਗ ਦਾ ਕੋਰਸ ਕਰ ਕੇ ਆਪਣਾ ਨਵਾਂ ਜੀਵਨ ਸ਼ੁਰੂ ਕਰਦਾ ਹੈ। ਡਰੱਗ ਸੈਂਟਰ ਦੇ ਸੈਮੀਨਾਰ ਵਿੱਚ ਸੋਫੀਆ ਨਾਲ ਮੁਲਾਕਾਤ ਤੋਂ ਬਾਅਦ ਦੋਹਾਂ ਵਿੱਚ ਹੌਲੀ-ਹੌਲੀ ਸੰਪਰਕ ਵਾਧਦਾ ਹੈ ਅਤੇ ਸੋਫੀਆ ਉਸ ਕੋਲ ਐਲਗਿਨ ਪਹੁੰਚ ਜਾਂਦੀ ਹੈ। ਉਸ ਦੇ ਪੁੱਤਰ ਬੇਨ ਨੂੰ ਜਨਮ ਦੇਂਦੀ ਹੈ।

ਕਥਾ ਦੇ ਉਪਰੋਕਤ ਵੇਰਵੇ ਪੱਛਮ ਦੇ ਵਿਕਸਿਤ ਪੂੰਜੀਵਾਦੀ ਸਮਾਜਾਂ ਵਿੱਚ ਵਿਆਹਾਂ ਦੇ ਅਕਸਰ ਟੁੱਟਣ, ਪਦਾਰਥਵਾਦੀ ਰੁਚੀਆਂ ਤੇ ਉਪਭੋਗੀ ਲਾਲਸਾਵਾਂ ਕਾਰਨ ਭਾਵਨਾਤਮਕ ਸਬੰਧਾਂ ਵਿੱਚ ਆਉਂਦੀਆਂ ਤਰੇੜਾਂ, ਬੇਗਾਨਗੀ, ਡਿਪਰੈਸ਼ਨ ਤੇ ਹੋਰ ਮਾਨਸਿਕ ਤਣਾਵਾਂ ਤੋਂ ਬਚਣ ਲਈ ਡਰੱਗਸ ਲੈਣ ਦਾ ਰੁਝਾਨ, ਅਣਵਿਆਹੀਆਂ ਮਾਵਾਂ ਦੀ ਤ੍ਰਾਸਦਿਕ ਸਥਿਤੀ ਆਦਿ ਅਲਾਮਤਾਂ ਨਾਲ ਸੰਬੰਧਿਤ ਤੱਥਾਂ ਦੀ ਰੋਸ਼ਨੀ ਵਿੱਚ ਕਹਾਣੀ ਚੋਂ ਇਹ ਧੁਨੀ ਉਭਰਦੀ ਹੈ ਕਿ ਅਜੋਕਾ ਵਿਕਾਸ ਪੂੰਜੀਵਾਦੀ ਮਨੁੱਖ ਨੂੰ ਪਦਾਰਥਿਕ ਸੁੱਖ ਸਾਧਨ ਤਾਂ ਪ੍ਰਦਾਨ ਕਰਦਾ ਹੈ ਪਰ ਮਾਨਵੀ ਭਾਵਨਾਵਾਂ, ਦੁਵੱਲੇ ਲਗਾਓ, ਭਾਈਚਾਰਕ ਸਾਂਝ ਅਤੇ ਨੈਤਿਕ ਤੇ ਆਤਮਿਕ ਅਮੀਰੀ ਦੀ ਬਲੀ ਮੰਗਦਾ ਹੈ। ਮਨੁੱਖੀ ਸਮਾਜ ਦੇ ਵਿਕਾਸ ਦਾ ਆਦਰਸ਼ਕ ਪੜਾਅ ਕਿਸ ਨੂੰ ਮਿੱਥਿਆ ਜਾਵੇ? ਬਾਹਰੀ ਲਿਸ਼ਕ ਪੁਸ਼ਕ ਵਾਲੇ ਆਧੁਨਿਕ ਮਹਾਂਨਗਰੀ ਸੱਭਿਆਚਾਰ ਨੂੰ ਜਾਂ ਸਾਦ ਮੁਰਾਦੀ ਪ੍ਰਕਿਰਤਿਕ ਛੋਹ ਵਾਲੀ ਜੀਵਨ ਜਾਚ ਨੂੰ? ਕਹਾਣੀ ਚੋਂ ਪ੍ਰਾਪਤ ਤਰਕ ਅਨੁਸਾਰ ਮਹਾਂਨਗਰੀ ਜੀਵਨ ਵਿਅਕਤੀਵਾਦੀ ਘੁਟਣ ਤੇ ਲੰਪਟ ਲਾਲਸਾਵਾਂ ਦੀ ਅੰਨ੍ਹੀ ਗੁਫ਼ਾ ਦੇ ਹਨੇਰੇ ਵਾਂਗ ਹੈ। ਸ਼ੌਨ ਡਗਲਸ ਤੇ ਸੋਫ਼ੀਆ ਲਈ ਟੋਰਾਂਟੋ ਵਰਗਾ ਮਹਾਂਨਗਰ ਉਜਾੜੇ ਦਾ ਮੁਕਾਮ ਬਣਦਾ ਹੈ। ਉਨ੍ਹਾਂ ਦੋਹਾਂ ਨੂੰ ਆਂਤਰਿਕ ਸਕੂਨ ਐਲਗਿਨ ਵਰਗੀ ਦਿਹਾਤੀ ਵਸੋਂ ਵਿੱਚ ਆ ਕੇ ਮਿਲਦਾ ਹੈ।

ਇਸ ਕਹਾਣੀ ਦੇ ਕਥਾ ਬਿਰਤਾਂਤ ਦੀ ਇੱਕ ਮਹੱਤਵਪੂਰਨ ਲੜੀ ਡੀਨ ਸੌਂਡਰਸ ਦੀ ਕੰਪਨੀ ਦੇ 'ਸਨੋਅ ਐਂਡ ਵਾਟਰ ਗੇਮਜ਼ ਪ੍ਰੋਜੈਕਟ' ਨਾਲ ਸਬੰਧਤ ਹੈ। "ਬਰਫ਼ ਤੇ ਦਰਿਆ" ਕਹਾਣੀ ਰਾਹੀਂ ਲੇਖਕ 'ਪ੍ਰਦੂਸ਼ਣ ਰੋਕੋ ਸੰਸਥਾ' ਦੇ ਰੂਪ ਵਿੱਚ ਵਿਕਾਸ ਦੀ ਆੜ ਹੇਠ ਉਤਰ-ਵਾਸੀਆਂ ਦੀ ਧਰਤੀ, ਬਰਫ਼, ਹਵਾ, ਜਲਧਾਰਾ ਤੇ ਇਥੋਂ ਤਕ ਕਿ ਉਨ੍ਹਾਂ ਦੇ ਸਭਿਆਚਾਰ ਨੂੰ ਵੀ ਪ੍ਰਦੂਸ਼ਿਤ ਕਰਨ ਦੀ ਪ੍ਰਕਿਰਿਆ ਦੀ ਵਿਰੋਧਤਾ ਕਰਦਾ ਹੈ। ਇਸ ਪ੍ਰੋਜੈਕਟ ਸੰਬੰਧੀ ਜਿੱਥੇ ਇੱਕ ਧਿਰ ਦੀ ਧਾਰਨਾ ਹੈ ਕਿ ਇਸ ਨਾਲ ਇਲਾਕੇ ਦੀ ਆਰਥਿਕਤਾ ਵਿੱਚ ਸੁਧਾਰ ਹੋਵੇਗਾ, ਲੋਕਾਂ ਨੂੰ ਰੁਜ਼ਗਾਰ ਦੇ ਸਾਧਨ ਪ੍ਰਾਪਤ ਹੋਣਗੇ ਉਥੇ ਦੂਸਰੀ ਧਿਰ ਜੋ ਇਸ ਪ੍ਰੋਜੈਕਟ ਦੀ ਵਿਰੋਧਤਾ ਕਰਦੀ ਹੈ ਦੀ ਧਾਰਨਾ ਹੈ ਕਿ ਸਰਦੀਆਂ ਵਾਸਤੇ ਬਰਫ਼ ਦੀਆਂ ਤੇ ਗਰਮੀਆਂ ਵਾਸਤੇ ਪਾਣੀ ਦੀਆਂ ਖੇਡਾਂ ਦੇ ਮਨੋਰੰਜਨ ਕੰਪਲੈਕਸ ਦੀ ਉਸਾਰੀ ਦੇ ਪਿਛੋਕੜ ਵਿੱਚ ਆਰਥਿਕ ਸੁਆਰਥ ਕਾਰਜਸ਼ੀਲ ਹਨ। ਇਨ੍ਹਾਂ ਸੰਬੰਧੀ ਇਸ ਐਕਸ਼ਨ ਕਮੇਟੀ ਦੀ ਸੈਕਰੇਟਰੀ ਟਰੇਸੀ ਪਰਦਾ ਉਠਾਉਂਦੀ ਕਹਿੰਦੀ ਹੈ:

> "...ਇੰਪੀਰੀਅਲ ਇੰਟਰਪ੍ਰਾਈਜ਼ ਕੰਪਨੀ ਦਾ ਅਸਲ ਮੰਤਵ ਬਿਜ਼ਨਿਸ ਏ, ਬਿਜ਼ਨਿਸ ਵੀ ਸ਼ੁਹਦਾ ਜਿਹਾ। ਖੇਡਾਂ ਦੀ ਓਟ ਵਿਚ, ਕੰਪਨੀ ਅਮੀਰ ਲੋਕਾਂ ਦੇ ਹੌਲੀਡੇਇੰਗ ਵਾਸਤੇ ਅਯਾਸ਼ੀ ਦੇ ਅੱਡੇ ਬਣਾ ਕੇ ਡਾਲਰ ਕੁੱਟਣੇ ਚਾਹੁੰਦੀ ਏ। ਇਹੋ ਜਿਹਾ ਬਿਜ਼ਨਿਸ ਜੇ ਪ੍ਰਦੂਸ਼ਣ ਨਹੀਂ ਖਿਲਾਰੇਗਾ ਤਾਂ ਹੋਰ ਕੀ ਕਰੇਗਾ...।

ਦਰਅਸਲ, ਡੀਨ ਦੀ ਇੰਪੀਰੀਅਲ ਇੰਟਰਪ੍ਰਾਈਜ਼ ਨਾਮੀ ਕੰਪਨੀ ਐਸਟਰੋ ਦਰਿਆ ਤੇ ਨਿਪਸਨ ਪਹਾੜੀਆਂ ਦੇ ਸ਼ਾਂਤ ਅਤੇ ਕੁਦਰਤੀ ਸੁੰਦਰਤਾ ਵਾਲੇ ਰਮਣੀਕ ਸਥਾਨ 'ਤੇ ਬਰਫ ਤੇ ਪਾਣੀ ਦੀਆਂ ਖੇਡਾਂ ਵਾਲਾ ਇਕ ਮਨੋਰੰਜਕ ਕੰਪਲੈਕਸ ਉਸਾਰਨਾ ਚਾਹੁੰਦੀ ਹੈ ਕੰਪਨੀ ਦਾ ਅਸਲੀ ਮਕਸਦ ਬਿਜ਼ਨੈੱਸ ਤੇ ਮੁਨਾਫ਼ਾ ਹੈ। ਖੇਡਾਂ ਦੀ ਆੜ ਹੇਠ ਕੰਪਨੀ ਅਮੀਰਜ਼ਾਦਿਆਂ ਦੀ ਅੱਯਾਸ਼ੀ ਲਈ ਜੂਆ ਘਰ ਤੇ ਨਾਈਟ ਕਲੱਬ ਖੋਲ੍ਹਣਾ ਚਾਹੁੰਦੀ ਹੈ। ਸਥਾਨਕ ਲੋਕ ਸਮਝਦੇ ਹਨ ਕਿ ਕੰਪਨੀ ਆਪਣੇ ਬਿਜ਼ਨਸ ਖ਼ਾਤਿਰ ਸਵੱਛ ਵਾਤਾਵਰਣ ਪ੍ਰਦੂਸ਼ਤ ਅਤੇ ਉਨ੍ਹਾਂ ਦੀਆਂ ਉੱਚੀਆਂ ਇਖ਼ਲਾਕੀ ਨੈਤਿਕ ਕੀਮਤਾਂ ਵਾਲੇ ਸੱਭਿਆਚਾਰ ਨੂੰ ਗੰਧਲਾ ਕਰੇਗੀ। ਇਸ ਲਈ ਸਥਾਨਕ ਲੋਕਾਂ ਦੀ ਐਕਸ਼ਨ ਕਮੇਟੀ ਇਸ ਪ੍ਰਾਜੈਕਟ ਨੂੰ ਰੱਦ ਕਰਵਾਉਣਾ ਚਾਹੁੰਦੀ ਹੈ। ਪਰ ਰੋਲਿੰਗ ਪਾਰਟੀ ਦੇ ਟੋਨੀ ਪੋਵੈਲ ਤੇ ਕਰੈਗ ਪੈਟਰਸਨ ਵਰਗੇ ਕੁਝ ਨੇਤਾ ਵਿਕਾਸ ਦੇ ਬਹਾਨੇ ਪ੍ਰੋਜੈਕਟ ਨੂੰ ਪਾਸ ਕਰਵਾਉਣਾ ਚਾਹੁੰਦੇ ਹਨ। ਕੰਪਨੀ ਨੇ ਆਪਣੇ ਮੁਨਾਫ਼ੇ ਖਾਤਰ ਰੋਲਿੰਗ ਪਾਰਟੀ ਨੂੰ ਅੰਦਰਖਾਤੇ ਫੰਡ ਦਿੱਤੇ ਹੋਏ ਹਨ। ਦੋਵਾਂ ਧਿਰਾਂ ਦੀ ਤਿੱਖੀ ਨੋਕ ਝੋਕ ਵਿੱਚੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਰਮਾਏਦਾਰ ਲੋਕ ਆਪਣੇ ਵਪਾਰ ਦੇ ਮੁਨਾਫ਼ੇ ਖ਼ਾਤਰ ਸਥਾਨਕ ਲੋਕਾਂ ਦੀਆਂ ਭਾਵਨਾਵਾਂ, ਸਥਾਨਕ ਰਵਾਇਤਾਂ, ਮਾਨਤਾਵਾਂ ਤੇ ਸੱਭਿਆਚਾਰ ਨਾਲ ਵੀ ਖਿਲਵਾੜ ਹੀ ਨਹੀਂ ਕਰਦੇ ਸਗੋਂ ਆਪਪ੍ਰਕਿਰਤੀ ਦੇ ਸਵੱਛ ਤੇ ਨਿਰਮਲ ਮਾਹੌਲ ਨੂੰ ਵੀ ਦੂਸ਼ਿਤ ਕਰਦੇ ਹਨ ਇਸ ਕਹਾਣੀ ਨੂੰ ਪੜ੍ਹਦਿਆਂ ਇੱਕ ਜਿਹੜਾ ਪ੍ਰਸ਼ਨ ਮਸਤਕ ਵਿੱਚ ਉਜਾਗਰ ਹੁੰਦਾ ਹੈ ਉਹ ਇਹ ਹੈ ਕਿ ਸਥਾਨਕ ਲੋਕਾਂ ਦੀਆਂ ਭਾਵਨਾਵਾਂ, ਉੱਚੀਆਂ ਇਖ਼ਲਾਕੀ ਕੀਮਤਾਂ ਤੇ ਸਥਾਨਕ ਰਵਾਇਤਾਂ ਨੂੰ ਮਿਲ ਮਸਲ ਕੇ ਅਤੇ ਸਵੱਛ ਨਿਰਮਲ ਵਾਤਾਵਰਨ ਨੂੰ ਪਲੀਤ ਕਰਕੇ ਕੀਤਾ ਵਿਕਾਸ ਮਨੁੱਖਤਾ ਦਾ ਕੀ ਕੁਝ ਸਵਾਰੇਗਾ ਵੀ? ਇਹ ਕਹਾਣੀ ਪੂੰਜੀਵਾਦੀ ਵਿਕਾਸ ਦੇ ਮਾਡਲ ਨੂੰ ਕਾਟੇ ਹੇਠ ਰੱਖਦੀ ਪੂੰਜੀਵਾਦੀ ਨੈਤਿਕਤਾ ਦੀ ਬਰਾਬਰਤਾ ਅਤੇ ਮਨੁੱਖੀ ਰਿਸ਼ਤਿਆਂ ਪ੍ਰਤੀ ਤਿਲਕਵੇਂ ਵਿਹਾਰ ਨੂੰ ਵੀ ਨਿਸ਼ਾਨਾ ਬਣਾਉਂਦੀ ਹੈ।

ਕਹਾਣੀ ਸੰਗ੍ਰਹਿ ਟਾਵਰਜ਼ (2005) ਦੀਆਂ ਤਿੰਨ ਕਹਾਣੀਆਂ "ਪਾਣੀ", "ਗੁਆਚੇ ਲੋਕ" ਤੇ "ਸੜਕਾਂ" ਰਾਹੀਂ ਉਹ ਅੰਤਰਰਾਸ਼ਟਰੀ ਪੱਧਰ `ਤੇ ਪਰਵਾਸੀਆਂ ਦੀਆਂ ਸਮੱਸਿਆਵਾਂ ਦੇ ਅਣਡਿੱਠ ਪ੍ਰਭਾਵੀ ਸਰੋਕਾਰਾਂ ਨੂੰ ਇੱਕ ਸਮੱਸਿਆਕਾਰ ਦੇ ਰੂਪ ਵਿੱਚ ਪ੍ਰਸਤੁਤ ਕਰਦਾ ਹੋਇਆ ਜਿੱਥੇ ਪਰਵਾਸੀ ਵਿਡੰਬਨਾ ਨੂੰ ਕਈ ਨਵੇਂ ਪਾਸਾਰ ਪ੍ਰਦਾਨ ਕਰਦਾ ਹੈ ਓਥੇ ਕਹਾਣੀਆਂ "ਟਾਵਰਜ਼" ਤੇ "ਬਰਫ਼ ਤੇ ਦਰਿਆ" ਰਾਹੀਂ ਸੰਸਾਰ ਪੱਧਰ `ਤੇ ਵਾਪਰ ਰਹੀਆਂ ਘਟਨਾਵਾਂ ਦੇ ਦੁਖਾਂਤ ਨੂੰ ਸਿਰਜਦਾ ਹੋਇਆ ਵਿਸ਼ਵ ਚੇਤਨਾ ਦਾ ਪ੍ਰਗਟਾਵਾ ਵੀ ਕਰਦਾ ਹੈ। ਜਰਨੈਲ ਸਿੰਘ ਵਿਕਾਸ ਦੇ ਪੂੰਜੀਵਾਦੀ ਮਾਰਗ ਦੀਆਂ ਪ੍ਰਾਪਤੀਆਂ ਅਤੇ ਸੀਮਾਵਾਂ ਦਾ ਇੱਕੋ ਵੇਲੇ ਵਿਸ਼ਲੇਸ਼ਣ ਕਰਦਾ ਹੈ। ਇਨ੍ਹਾਂ ਕਹਾਣੀਆਂ ਚੋਂ ਪ੍ਰਾਪਤ ਵਿਵੇਕ ਅਨੁਸਾਰ ਪੂੰਜੀਵਾਦੀ ਆਰਥਿਕ ਸਮਾਜਿਕ ਰਚਨਾਵਾਂ ਵਿਚ ਕੇਵਲ ਪਦਾਰਥਕ ਵਿਕਾਸ ਵਧੇਰੇ ਨਹੀਂ ਹੋਇਆ ਸਗੋਂ ਇਹ ਇੱਕ ਨਵਾਂ ਮਨੁੱਖ ਵੀ ਪੈਦਾ ਹੋਇਆ, ਜਿਹੜਾ ਮਨੁੱਖੀ ਥਿਰਤਵ, ਹੋਂਦ ਅਤੇ ਮਾਨਵੀ ਉਮੰਗਾਂ ਦੀ ਪੂਰਤੀ ਲਈ ਵਧੇਰੇ ਚੇਤੰਨ ਤੇ ਕਰਮਸ਼ੀਲ ਹੈ। ਪੂੰਜੀਵਾਦੀ ਵਿਕਾਸ ਨੇ ਸਮਾਜ ਦੀਆਂ ਆਰਥਿਕ ਸਥਿਤੀਆਂ ਦੇ ਨਾਲ ਨਾਲ ਮਨੁੱਖ ਦੀ ਮਾਨਸਿਕਤਾ ਤੇ ਅਵਚੇਤਨੀ ਧਰਾਤਲ ਨੂੰ ਵੀ ਬਦਲਿਆ ਹੈ। ਜੀਵਨ ਨੂੰ ਉਸ ਦੀ ਭਰਪੂਰਤਾ ਵਿੱਚ ਮਨ ਦੀ ਜੁਸਤਜੂ ਪੱਖੋਂ ਪੱਛਮੀ ਮਨੁੱਖ ਵਧੇਰੇ ਆਗ੍ਰਹਿਸ਼ੀਲ ਹੈ। ਸਾਮੰਤੀ ਤਰਜ਼ ਤੇ ਜੜ੍ਹ ਸਮਾਜਾਂ ਦੇ ਮੁਕਾਬਲੇ ਵਿਕਸਿਤ ਪੂੰਜੀਵਾਦ ਨੇ ਵਧੇਰੇ ਉਤਪਾਦਨ ਦੇ ਸਾਧਨ ਵੀ ਪੈਦਾ ਕੀਤੇ ਹਨ ਤੇ ਖ਼ਪਤ ਦੀ ਰੁਚੀ ਨੂੰ ਵੀ ਉਤਸ਼ਾਹਿਤ ਕੀਤਾ ਹੈ। ਇਨ੍ਹਾਂ ਕਹਾਣੀਆਂ ਵਿੱਚ ਜਰਨੈਲ ਸਿੰਘ ਨੇ ਪੂਰਬੀ ਤੇ ਪੱਛਮੀ ਸਮਾਜਾਂ ਦੀਆਂ ਪਦਾਰਥਿਕ ਸਥਿਤੀਆਂ ਤੇ ਜੀਵਨ ਜਾਚ ਦਾ ਤੁਲਨਾਤਮਕ ਵਿਸ਼ਲੇਸ਼ਣ ਕਰਦਿਆਂ ਇਹ ਸਥਾਪਿਤ ਕੀਤਾ ਹੈ ਕਿ ਪੱਛਮ ਦੇ ਵਿਕਸਿਤ ਪੂੰਜੀਵਾਦੀ ਮੁਲਕਾਂ ਵਿੱਚ ਸਭ ਕੁਝ ਮਾੜਾ ਨਹੀਂ।

'ਗੁਆਚੇ ਲੋਕ' ਕਹਾਣੀ ਵਿੱਚ ਇੱਕ ਪਾਸੇ ਪਰਵਾਸੀ ਭਾਰਤੀ ਸਮਸ਼ੇਰ ਸਿੰਘ ਦੇ ਸੁਆਰਥੀ ਨੂੰਹ ਪੁੱਤ, ਸੁੱਚਾ ਸਿੰਘ ਢੀਂਡਸਾ ਵਰਗੇ ਲਾਲਚੀ ਧਾਰਮਿਕ ਆਗੂ ਤੇ ਹਰਪਾਲ ਸਿੰਘ ਘੁੰਮਣ ਵਰਗੇ ਭ੍ਰਿਸ਼ਟ ਰਾਜਸੀ ਨੇਤਾ ਹਨ। ਦੂਜੇ ਪਾਸੇ ਜੇਮਸ ਬੈਂਜਾਮਿਨ ਵਰਗੇ ਕੈਨੇਡੀਅਨ ਭਾਈਚਾਰੇ ਦੇ ਲੋਕ ਹਨ ਜਿਹੜੇ ਆਪਣਾ ਸਰੀਰ ਵੀ ਲੋਕਾਂ ਖਾਤਰ ਦਾਨ ਕਰਦੇ ਹਨ। 'ਪਾਣੀ' ਕਹਾਣੀ ਵਿੱਚ ਪੂਰਬੀ ਤੇ ਪੱਛਮੀ ਮਾਨਸਿਕਤਾ ਵਾਲੇ ਫ਼ਰਕ ਨੂੰ ਸੁਖਜੀਤ ਅਤੇ ਉਸਦੀ ਨੂੰਹ ਦੇ ਵਤੀਰੇ ਦੀ ਤੁਲਨਾ ਰਾਹੀਂ ਦਰਸਾਇਆ ਗਿਆ। ਕਹਾਣੀ ਤੋਂ ਇਹ ਤੱਥ ਉੱਭਰਦਾ ਹੈ ਕਿ ਜ਼ਿੰਦਗੀ ਨੂੰ ਮਾਣਨ ਦੇ ਪੱਖੋਂ ਪੱਛਮੀ ਮਨੁੱਖ ਦੀ ਸੋਚ ਪੂਰਬੀ ਮਨੁੱਖ ਨਾਲੋਂ ਚੰਗੀ ਹੈ। ਜਿਥੇ ਭਾਰਤੀ ਏਸ਼ੀਅਨ ਲੋਕ ਪੈਸਾ ਬਚਾਉਣ, ਜਾਇਦਾਦ ਨਾਲ ਚਿੰਬੜੇ ਰਹਿਣ ਜਾਂ ਜ਼ਿੰਦਗੀ ਦੇ ਸੁੱਖਾਂ ਨੂੰ ਮੁਲਤਵੀ ਕਰਨ ਦੇ ਆਦੀ ਹਨ, ਉੱਥੇ ਪੱਛਮੀ ਮਨੁੱਖ ਸ਼ੈਰਨ ਵਾਂਗ ਜ਼ਿੰਦਗੀ ਦੇ ਜਸ਼ਨ ਵਿਚ ਪੂਰੇ ਜੋਸ਼ੋ ਖਰੋਸ਼ ਨਾਲ ਸ਼ਾਮਲ ਹੁੰਦਾ ਹੈ। ਕਹਾਣੀ ਵਿਚਲਾ ਸਵਿਮਿੰਗ ਪੂਲ ਤੇ ਸਮੁੰਦਰ ਦੀਆਂ ਲਹਿਰਾਂ ਵਿੱਚ ਠਿੱਲ੍ਹਣ ਦਾ ਚਿਹਨ ਪੰਜਾਬੀ ਮਨੁੱਖ ਦੇ ਨਿਰਸੰਕੋਚ ਵਤੀਰੇ ਤੇ ਜੀਵਨ ਦੇ ਭੋਗ ਵਿਲਾਸ ਦੇ ਅਮੋੜ ਚਾਅ ਦਾ ਸੂਚਕ ਹਨ। ਆਪਣੀ ਸੱਸ ਸੁਖਜੀਤ ਨੂੰ ਕਹੇ ਸ਼ਰਨ ਦੇ ਇਹ ਸ਼ਬਦ ਪੂਰਬ ਦੀ ਵਰਜਨਾ ਮੁਖੀ ਨੈਤਿਕਤਾ ਦੀ ਸੀਮਾ ਵੱਲ ਵੀ ਇਸ਼ਾਰਾ ਹਨ, "ਮਾਮ ਜ਼ਿੰਦਗੀ ਕਿਨਾਰੇ ਤੇ ਬੈਠ ਕੇ ਜੀਣ ਵਾਲੀ ਚੀਜ਼ ਨਹੀਂ, ਜੋ ਮਜ਼ਾ ਪਾਣੀ ਵਿੱਚ ਕੁੱਦਣ, ਪਾਣੀ ਵਿੱਚ ਖਹਿਣ ਖੇਡਣ ਅਤੇ ਪਾਣੀ ਤੇ ਸਵਾਰ ਹੋਣ ਵਿੱਚ ਆਉਂਦਾ ਹੈ, ਉਹ ਕਿਨਾਰਿਆਂ ਤੇ ਬੈਠ ਕੇ ਨਹੀਂ ਆ ਸਕਦਾ।"

'ਪਾਣੀ' ਅਤੇ 'ਗਵਾਚੇ ਲੋਕ' ਕਹਾਣੀ ਦਾ ਥੀਮ ਵਿਕਸਤ ਪੂੰਜੀਵਾਦੀ ਸਮਾਜ ਵਿੱਚ ਵਿਚਰਦੇ ਪਰਵਾਸੀ ਭਾਰਤੀਆਂ ਨੂੰ ਦਰਪੇਸ਼ ਸਮਾਜ ਸੱਭਿਆਚਾਰਕ ਚੁਨੌਤੀਆਂ, ਭਾਵੁਕ ਮਾਨਸਿਕ ਸੰਕਟਾਂ ਤੇ ਵਿਕਾਸ ਦੇ ਸੰਵਾਦ ਦੀਆਂ ਨਵੀਆਂ ਸੰਭਾਵਨਾਵਾਂ ਨਾਲ ਸੰਬੰਧਿਤ ਹੈ। ਸਮੂਹਿਕ ਜੀਵਨ ਜਾਚ ਵਾਲੇ ਪੂਰਬੀ ਏਸ਼ਿਆਈ ਸਮਾਜਾਂ ਵਿੱਚੋਂ ਗਏ ਪਰਵਾਸੀਆਂ ਦੀ ਸਨਾਤਨੀ ਸੰਸਕਾਰ ਗ੍ਰਸਤ ਮਾਨਸਿਕਤਾ ਤੇ ਸਾਮੰਤੀ ਮੁੱਲਾਂ ਦੀ

ਰਹਿੰਦ ਖੂੰਹਦ ਵਾਲੀ ਵਰਜਣਾ ਮੁਖ ਨੈਤਿਕਤਾ ਦਾ ਵਾਹ ਜਦੋਂ ਵਿਅਕਤੀਵਾਦੀ ਰੁਚੀਆਂ, ਉਪਭੋਗਤਾਵਾਦੀ ਸੱਭਿਆਚਾਰ ਤੇ ਮਨੁੱਖੀ ਕਾਮਨਾਵਾਂ ਦੀ ਨਿਰਸੰਕੋਚ ਪੂਰਤੀ ਵਾਲੀ ਪੂੰਜੀਵਾਦੀ ਨੈਤਿਕਤਾ ਵਾਲੇ ਸਮਾਜਾਂ ਨਾਲ ਪੈਂਦਾ ਹੈ ਤਾਂ ਕਈ ਕਿਸਮ ਦੇ ਮਾਨਸਿਕ ਤਣਾਓ ਤੇ ਗੁੰਝਲਾਂ ਜਨਮ ਲੈਂਦੀਆਂ ਹਨ। ਪੱਛਮ ਦੀ ਵਿਅਕਤੀ ਕੇਂਦਰਿਤ ਸੋਚ ਤੇ ਵੱਖਰੀ ਸੈਕਸ ਮੋਰੈਲਟੀ ਕਰਕੇ ਜਦੋਂ ਸਾਂਝੇ ਪਰਿਵਾਰ ਟੁੱਟਦੇ ਹਨ, ਬੱਚੇ ਮਾਪਿਆਂ ਦੀ ਇੱਛਾ ਦੇ ਉਲਟ ਦੂਜੇ ਭਾਈਚਾਰਿਆਂ ਵਿਚ ਵਿਆਹ ਕਰਵਾਉਂਦੇ ਹਨ, ਜਿਨਸੀ ਮਰਿਆਦਾ ਦੀ ਉਲੰਘਣਾ ਕਰਦੇ ਹਨ ਤੇ ਨਿੱਕੀ ਨਿੱਕੀ ਗੱਲ ਤੇ ਵਿਆਹ ਟੁੱਟਦੇ ਹਨ ਤਾਂ ਸਮਸ਼ੇਰ ਸਿੰਘ, ਸੁਖਦੀਪ ਕੌਰ ਅਤੇ ਅਜੀਤ ਸਿੰਘ ਵਰਗੇ ਪਰਵਾਸੀਆਂ ਨੂੰ ਪੱਛਮ ਦੇ ਵਿਕਸਤ ਸਮਾਜ ਵੀ ਨਰਕ ਲੱਗਣ ਲੱਗਦੇ ਹਨ। ਵਿਅਕਤੀਗਤ ਆਜ਼ਾਦੀ ਤੇ ਲੰਪਟ ਲਾਲਸਾਵਾਂ ਦੀ ਭਟਕਾਈ ਹੋਈ ਔਲਾਦ ਜਦੋਂ ਮਾਪਿਆਂ ਪ੍ਰਤੀ ਫ਼ਰਜ਼ਾਂ ਅਤੇ ਪਰਿਵਾਰਕ ਮਰਿਆਦਾ ਤੋਂ ਬੇਮੁਖ ਹੋ ਜਾਂਦੀ ਹੈ ਤਾਂ ਪਰਵਾਸੀ ਠੱਗੇ ਗਏ ਮਹਿਸੂਸ ਕਰਦੇ ਹਨ। ਪਰਿਵਾਰ ਤੇ ਭਾਵੁਕ ਰਿਸ਼ਤਿਆਂ ਦੇ ਤਿੜਕਣ ਕਾਰਨ ਬੇਸਮੈਂਟਾਂ ਦੀ ਸੁੰਨ, ਇਕੱਲਤਾ ਅਤੇ ਬੇਗ਼ਾਨਗੀ ਭੋਗਦੇ ਪਰਵਾਸੀਆਂ ਨੂੰ ਪੱਛਮੀ ਸਮਾਜਾਂ ਦਾ ਵਿਕਾਸ ਤੇ ਵਿਅਕਤੀਗਤ ਸੁੰਦਰਤਾ ਦਾ ਨਾਹਰਾ ਮਹਿਜ਼ ਭਰਮ ਜਾਲ ਜਾਪਣ ਲੱਗਦਾ ਹੈ।

'ਗੁਆਚੇ ਲੋਕ' ਕਹਾਣੀ ਦਾ ਕੇਂਦਰੀ ਬਿਰਤਾਂਤ ਸਮਸ਼ੇਰ ਸਿੰਘ ਤੇ ਜਸਬੀਰ ਕੌਰ ਦੇ ਪਰਿਵਾਰ ਦੇ ਆਰਥਿਕ ਪੱਖੋਂ ਵਿਕਾਸ ਪਰ ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਦੇ ਤਿੜਕਣ ਦੇ ਸੂਤਰ ਦੁਆਲੇ ਉਸਰਿਆ ਹੋਇਆ ਹੈ। ਪੰਜਾਬ ਵਿੱਚ ਅਧਿਆਪਕ ਦੀ ਨੌਕਰੀ ਕਰਦਾ ਹੋਇਆ ਸ਼ਮਸ਼ੇਰ ਆਪਣੇ ਦੋਸਤ ਨਿਰਮਲ ਸਿੰਘ ਨਾਲ ਰਲ ਕੇ ਪਿੰਡ ਦੀ ਭਲਾਈ ਦੇ ਕੰਮਾਂ ਵਿੱਚ ਰੁਚੀ ਲੈਂਦਾ ਹੈ। ਪਿੰਡ ਦੇ ਵਿਕਾਸ ਦੇ ਸੁਪਨੇ ਸਾਕਾਰ ਕਰਨ ਲਈ ਉਹ ਨਿਰਮਲ ਸਿੰਘ ਨੂੰ ਪਿੰਡ ਦਾ ਸਰਪੰਚ ਬਣਾਉਂਦਾ ਹੈ, ਪਰ ਨਿਰਮਲ ਸਿੰਘ ਆਪਣੇ ਪੁੱਤਰ ਦੇ ਐੱਮ ਬੀ ਬੀ ਐੱਸ ਵਿਚ ਦਾਖ਼ਲੇ ਖ਼ਾਤਿਰ ਪੁਰਾਣੇ ਸਰਪੰਚ ਸੋਹਣ ਸਿੰਘ ਨਾਲ ਸਮਝੌਤਾ ਕਰ ਲੈਂਦਾ ਹੈ। ਉਸ ਦੇ ਸੁਆਰਥੀ ਵਿਵਹਾਰ ਤੋਂ ਉਚਾਟ ਹੋਇਆ ਸ਼ਮਸ਼ੇਰ ਸਿੰਘ ਕਨੇਡਾ ਚਲਾ ਜਾਂਦਾ ਹੈ। ਗਿਆਰਾਂ ਸਾਲਾਂ ਦੇ ਰਿਫਿਊਜ਼ ਬਾਅਦ ਉਸਦਾ ਪਰਿਵਾਰ ਕੈਨੇਡਾ ਪਹੁੰਚਦਾ ਹੈ ਤਾਂ ਦੋਹਾਂ ਜੀਆਂ ਦੀ ਲੱਕ ਤੋੜਵੀਂ ਮਿਹਨਤ ਤੇ ਆਗਿਆਕਾਰੀ ਬੱਚਿਆਂ ਕਾਰਨ ਉਸ ਦਾ ਪਰਿਵਾਰ ਇਕ ਵੱਡੇ ਘਰ ਵਿੱਚ ਇਕੱਠੇ ਰਹਿਣ ਦਾ ਸੁੱਖ ਭੋਗਦਾ ਹੈ। ਦੋਵਾਂ ਮੁੰਡਿਆਂ ਦੇ ਵਿਆਹ ਬਾਅਦ ਘਰ ਵਿੱਚ ਪਹਿਲੀ ਤ੍ਰੇੜ ਛੋਟੇ ਪੁੱਤਰ ਮਨਜਿੰਦਰ ਅਤੇ ਉਸਦੀ ਪਤਨੀ ਸੈਂਡੀ ਤੇ ਵਿਅਕਤੀਵਾਦੀ ਵਤੀਰੇ ਕਾਰਨ ਉਭਰਦੀ ਹੈ। ਆਪਣੇ ਬਿਜ਼ਨੈੱਸ ਨੂੰ ਵਧਾਉਣ ਖਾਤਰ ਉਹ ਮਾਪਿਆਂ ਦੀਆਂ ਭਾਵਨਾਵਾਂ ਤੇ ਸਾਂਝੇ ਪਰਿਵਾਰਕ ਹਿੱਤਾਂ ਦੀ ਪ੍ਰਵਾਹ ਕੀਤੇ ਬਿਨਾਂ ਬਿਜ਼ਨਸ ਪਾਰਟੀਆਂ ਤੇ ਆਪਣੇ ਦੋਸਤਾਂ ਵੱਲ ਵਧੇਰੇ ਧਿਆਨ ਦਿੰਦੇ ਹਨ। ਸਮਸ਼ੇਰ ਸਿੰਘ ਤੇ ਜਸਬੀਰ ਕੌਰ ਦਾ ਆਪਣੀ ਸੰਤਾਨ ਨਾਲ ਇੱਕ ਵੱਡੇ ਘਰ ਵਿਚ ਇਕੱਠੇ ਰਹਿਣ ਦਾ ਸੁਪਨਾ ਉਦੋਂ ਟੁੱਟਦਾ ਹੈ ਜਦੋਂ ਸੈਂਡੀ ਤੇ ਮਨਜਿੰਦਰ ਆਪਣਾ ਵੱਖਰਾ ਘਰ ਲੈ ਕੇ ਉੱਥੇ ਮੂਵ ਹੋ ਜਾਂਦੇ ਹਨ। ਸੱਸ ਸਹੁਰੇ ਦੇ ਉਲਾਂਭੇ 'ਤੇ ਉੱਤਰ ਵਜੋਂ ਸੈਂਡੀ ਇਹ ਕਹਿੰਦੀ ਹੈ ਕਿ "ਤੁਹਾਨੂੰ ਤਾਂ ਖੁਸ਼ ਹੋਣਾ ਚਾਹੀਦੈ ਆਪਾਂ ਗਰੋ ਕਰ ਰਹੇ ਹਾਂ" ਮਨਜਿੰਦਰ ਤੇ ਸੈਂਡੀ ਆਪਣੀ ਫਾਇਨੈਂਸ ਕੰਪਨੀ ਬਣਾ ਕੇ ਲੋੜਵੰਦ ਲੋਕਾਂ ਦੀ ਬੇਤਹਾਸ਼ਾ ਲੁੱਟ ਕਰਦੇ ਹਨ। ਕਰਜ਼ਾ ਦੇਣ ਸਮੇਂ ਹਰਦੇਵ ਬਾਠ ਵਰਗੇ ਆਪਣੇ ਪਿਤਾ ਦੇ ਲਿਹਾਜ਼ੂਆਂ ਤੇ ਸਹਿਚਾਰ ਵਾਲੇ ਬੰਦਿਆਂ ਨਾਲ ਵੀ ਰਿਆਇਤ ਨਹੀਂ ਕਰਦੇ। ਕਮਿਊਨਿਟੀ 'ਚ ਆਪਣੀ ਪਛਾਣ ਬਣਾਉਣ ਤੇ ਬਿਜ਼ਨਸ ਵਧਾਉਣ ਲਈ ਉਹ ਸੱਭਿਆਚਾਰਕ ਪ੍ਰੋਗਰਾਮਾਂ ਨੂੰ ਸਪਾਂਸਰ ਕਰਨ, ਕਮਿਊਨਿਟੀ ਦੇ ਕੰਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ, ਰੇਡੀਓ ਟੀਵੀ ਨੂੰ ਐਡਜ਼ ਦੇਣ ਅਤੇ ਵੱਖਰੀਆਂ-ਵੱਖਰੀਆਂ ਪਾਰਟੀਆਂ ਕਰਨ ਜਿਹੇ ਹੱਥਕੰਡੇ ਵਰਤਦੇ ਹਨ। ਬਿਜ਼ਨਸ ਦੀ ਅੰਨ੍ਹੀ ਦੌੜ 'ਚ ਉਹ ਖੁਦ ਅੰਦਰੋਂ ਵੀ ਭੁਰਦੇ ਜਾਂਦੇ ਹਨ। ਸਮਸ਼ੇਰ ਸਿੰਘ ਦਾ ਧਾਰਮਿਕ ਰੁਚੀਆਂ ਵਾਲਾ ਪੁੱਤਰ ਸੁਰਿੰਦਰ ਸਿੰਘ, ਜੋ ਗੁਰਦੁਆਰੇ ਸੇਵਾ ਦੇ ਆਸਰੇ ਨਾਲ ਜਾਂਦਾ ਹੁੰਦਾ ਸੀ, ਨਵੇਂ ਪ੍ਰਧਾਨ ਸੁੱਚਾ ਸਿੰਘ ਢੀਂਡਸਾ ਨਾਲ ਬੈਠਣ ਉੱਠਣ ਲੱਗਦਾ। ਉਸ ਦੀ ਸੰਗਤ ਕਰਕੇ ਪ੍ਰਧਾਨ ਦੇ ਭਰਾ ਬਲਵੀਰ ਸਿੰਘ ਢੀਂਡਸਾ ਨਾਲ ਰਲ ਕੇ ਆਟੋ ਗੈਰਾਜ ਖੋਲ ਲੈਂਦਾ ਹੈ। ਹੌਲੀ ਹੌਲੀ ਉਹ ਵੀ ਗੁਰਦੁਆਰਾ ਸਿਆਸਤ ਵਿੱਚ ਦਿਲਚਸਪੀ ਲੈਣ ਲੱਗਦਾ ਹੈ। ਜਦੋਂ ਪ੍ਰਧਾਨ ਉੱਪਰ ਫੰਡਾਂ ਦੀ ਘਪਲੇਬਾਜ਼ੀ ਦੇ ਇਲਜ਼ਾਮ ਲੱਗਦੇ ਹਨ ਤਾਂ ਉਹ ਡਟ ਕੇ ਪ੍ਰਧਾਨ ਸੁੱਚਾ ਸਿੰਘ ਢੀਂਡਸਾ ਦੀ ਮਦਦ ਕਰਦਾ ਹੈ। ਪ੍ਰਧਾਨ ਦੀ ਲੁਕਵੀਂ ਮਦਦ ਨਾਲ ਬਲਬੀਰ ਸਿੰਘ ਢੀਂਡਸਾ ਤੇ ਸੁਰਿੰਦਰ ਨੇ ਆਪਣਾ ਬਿਜ਼ਨੈੱਸ ਨਵੀਂ ਥਾਂ ਸ਼ਿਫਟ ਕਰ ਲਿਆ ਤੇ ਰਿਪੇਅਰ ਦੇ ਨਾਲ ਨਾਲ ਫੋਰਡ ਕਾਰਾਂ, ਵੈਨਾਂ ਵੇਚਣ ਦੀ ਏਜੰਸੀ ਖੋਲ ਲਈ। ਸੁਰਿੰਦਰ ਤੇ ਸਮਸ਼ੇਰ ਸਿੰਘ ਵਿਚਕਾਰ ਪ੍ਰਧਾਨ ਦੇ ਅਧਰਮੀ ਵਿਵਹਾਰ ਕਾਰਨ ਤਣਾਅ ਵਧਦਾ ਗਿਆ। ਬਿਜਨੈੱਸ ਵਾਲੀ ਨਵੀਂ ਥਾਂ ਕੋਲੇ ਘਰ ਲੈਣ ਦੇ ਬਹਾਨੇ ਸੁਰਿੰਦਰ ਨੇ ਆਪਣਾ ਨਵਾਂ ਘਰ ਖ਼ਰੀਦ ਲਿਆ ਤੇ ਉਥੇ ਚਲਾ ਗਿਆ ਪਰ ਸਮਸ਼ੇਰ ਸਿੰਘ ਤੇ ਜਸਬੀਰ ਦੇ ਜ਼ੋਰ ਦੇਣ ਦੇ ਬਾਵਜੂਦ ਉਨ੍ਹਾਂ ਨਾਲ ਨਵੇਂ ਘਰ ਵਿੱਚ ਜਾਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਕਿਰਾਏ ਦੀ ਬੇਸਮੈਂਟ ਵਿਚ ਅਲੱਗ ਰਹਿਣਾ ਸ਼ੁਰੂ ਕਰ ਦਿੱਤਾ। ਪ੍ਰਧਾਨ ਨੇ ਸੁਰਿੰਦਰ ਤੇ ਮਨਜਿੰਦਰ ਵਿੱਚ ਸੁਲ੍ਹਾ ਕਰਵਾ ਦਿੱਤੀ। ਪਦਾਰਥਵਾਦੀ ਸੋਚਾਂ ਦੇ ਰਾਹ ਪਏ ਦੋਵੇਂ ਭਰਾ ਪਿਤਾ ਤੋਂ ਦੂਰ ਤੇ ਪ੍ਰਧਾਨ ਦੇ ਨੇੜੇ ਹੁੰਦੇ ਚਲੇ ਗਏ। ਇਧਰ ਮਨਜਿੰਦਰ ਤੇ ਸੈਂਡੀ ਵਿਚਕਾਰ ਅਣਬਣ ਹੋ ਗਈ ਉਹ ਰੁੱਸ ਕੇ ਪੇਕੇ ਪੇਕਿਆਂ ਦੇ ਘਰ ਚਲੀ ਗਈ। ਸ਼ਮਸ਼ੇਰ ਤੇ ਜਸਵੀਰ ਨੇ ਨੂੰਹ ਪੁੱਤ ਦੀ ਸੁਲ੍ਹਾ ਲਈ ਯਤਨ ਕੀਤੇ ਪਰ ਪ੍ਰਧਾਨ ਦੇ ਬੰਦਿਆਂ ਦੀ ਸਲਾਹ 'ਤੇ ਮਨਜਿੰਦਰ ਤੇ ਸੁਰਿੰਦਰ ਸਮਝੌਤਾ ਨਾ ਕਰਨ ਲਈ ਅੜ ਗਏ। ਮਨਜਿੰਦਰ ਆਪਣੇ ਪੈਸੇ ਦੇ ਜ਼ੋਰ ਅਤੇ ਗੁਰਦੁਆਰਾ ਪ੍ਰਧਾਨ ਦੇ ਗਰੁੱਪ ਦੀ ਸਹਾਇਤਾ ਨਾਲ ਐੱਮਪੀ ਦੀ ਚੋਣ ਲੜਦਾ ਹੈ। ਸੁਰਿੰਦਰ ਦੀ ਸਾਊ ਸੁਭਾਅ ਵਾਲੀ ਪਤਨੀ ਪਾਲੀ ਵੀ ਸ਼ਮਸ਼ੇਰ ਸਿੰਘ ਨੂੰ ਮਨਜਿੰਦਰ ਦੀ ਸਹਾਇਤਾ ਲਈ ਫੋਨ ਕਰਦੀ ਹੈ। ਦੋਵੇਂ ਭਰਾ ਸੱਤਾ ਅਤੇ ਧਨ ਹਥਿਆਉਣ ਲਈ ਹਰ ਹਰਬਾ ਵਰਤਦੇ ਹਨ। ਧਨ ਅਤੇ ਸੱਤਾ ਦੀ ਇਸ ਚੂਹਾ ਦੌੜ ਵਿੱਚ ਸ਼ਮਸ਼ੇਰ ਸਿੰਘ ਦਾ ਟੱਬਰ ਬਿਖਰ ਜਾਂਦਾ ਹੈ। ਸੈਂਡੀ ਤੇ ਮਨਜਿੰਦਰ ਦੇ ਈਗੋ ਕਲੈਸ਼ ਵਿਚ ਉਨ੍ਹਾਂ ਦਾ ਮਾਸੂਮ ਬੇਟਾ ਗੋਲਡੀ ਰੁਲ ਜਾਂਦਾ ਹੈ।

"ਗੁਆਚੇ ਲੋਕ" ਕਹਾਣੀ ਦਾ ਚਿਹਨ-ਪ੍ਰਬੰਧ ਪੰਜਾਬੀ ਡਾਇਸਪੋਰਾ ਦੀ ਰੂਪ-ਵਿਧੀ ਨੂੰ ਪਹਿਚਾਨਣ ਅਤੇ ਬਿਰਤਾਂਤਣ ਦਾ ਯਤਨ ਕਰਦਾ ਹੈ। ਸ਼ਮਸ਼ੇਰ ਸਿੰਘ ਦੇ ਦੋਵੇਂ ਪੁੱਤਰ ਸੁਰਿੰਦਰ ਅਤੇ ਮਨਜਿੰਦਰ ਮੂਲ ਰੂਪ ਵਿੱਚ ਸਭਿਆਚਾਰਕ ਬਣਤਰ ਦੀ ਮੂਲ ਇਕਾਈ ਸਾਕਾਚਾਰੀ ਦੇ ਵਾਹਕ ਹਨ ਜਿਨ੍ਹਾਂ ਰਾਹੀਂ ਭਾਈਚਾਰਕ ਸਮੂਹ ਦੀ ਸਥਾਪਤੀ ਹੋਣੀ ਹੈ। ਪੰਜਾਬੀ ਸੁਭਾਅ ਸਾਕਾਚਾਰੀ ਦੇ ਵਿਸਤਾਰ ਰਾਹੀਂ ਭਾਈਚਾਰਕ ਵਿਸਤਾਰ ਦੀ ਪਰਿਕਲਪਨਾ ਕਰਦਾ ਹੈ ਇਸ ਲਈ ਪੰਜਾਬੀ ਮਾਨਸਿਕਤਾ ਦੀ ਡਾਇਸਪੋਰਿਕ ਚੇਤਨਾ ਦੀ ਇਹ ਸਫ਼ਲ ਪ੍ਰਸਤੁਤੀ ਹੈ। ਇਸੇ ਦੇ ਅੰਤਰਗਤ ਹੀ ਸ਼ਮਸ਼ੇਰ ਸਿੰਘ ਦਾ ਸਭਿਆਚਾਰਕ ਅਵਚੇਤਨ ਇਸ ਗੱਲ ਤੇ ਬਜ਼ਿਦ ਹੈ ਕਿ ਸਾਰੇ ਪਰਿਵਾਰ ਨੂੰ ਇਕੱਠੇ ਰਹਿਣਾ ਚਾਹੀਦਾ ਹੈ। ਪਰੰਤੂ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਪੂੰਜੀਵਾਦੀ ਵਿਵਸਥਾ ਦੇ ਪ੍ਰਭਾਵ ਅਧੀਨ ਉਸ ਦੀ ਇਸ ਖਾਹਿਸ਼ ਦੇ ਵਿਪਰੀਤ ਪਰਿਵਾਰ ਟੁਕੜਿਆਂ ਵਿੱਚ ਵੰਡਿਆ ਜਾਂਦਾ ਹੈ। ਸ਼ਮਸ਼ੇਰ ਸਿੰਘ ਦੇ ਛੋਟੇ ਨੂੰਹ-ਪੁੱਤ ਸੰਦੀਪ ਤੇ ਮਨਜਿੰਦਰ ਪੱਛਮੀ ਚਮਕ-ਦਮਕ ਤੇ ਪੂੰਜੀ ਦੀ ਦੌੜ ਵਿੱਚ ਇੰਨੇ ਗੁਆਚ ਜਾਂਦੇ ਹਨ ਕਿ ਹਫ਼ਤੇ ਦੇ ਅਖ਼ੀਰ ਤੇ ਵੀ ਉਹ ਪਰਿਵਾਰ ਨਾਲ ਸਮਾਂ ਬਤੀਤ ਕਰਨ ਦੀ ਥਾਂ ਬੈਂਕ ਵਾਲਿਆਂ ਨਾਲ ਮੀਟਿੰਗ, ਕਲਚਰਲ-ਸ਼ੋਅ, ਮੀਡੀਏ ਨਾਲ ਮੇਲ-ਮਿਲਾਪ ਤੇ ਬਿਜ਼ਨਿਸ-ਪਾਰਟੀਆ ਵਿੱਚ ਵਿਅਸਤ ਰਹਿੰਦੇ ਹਨ। ਪੂੰਜੀ ਇਕੱਤਰੀਕਰਣ ਦੀ ਦੌੜ ਵਿੱਚ ਉਹ ਆਪਣੇ ਹੀ ਸਮੁਦਾਇ ਦੇ ਲੋਕਾਂ ਦਾ ਆਰਥਿਕ ਸ਼ੋਸ਼ਣ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਸ ਪ੍ਰਕਿਰਿਆ ਵਿੱਚ ਪਹਿਲਾਂ ਉਹ ਪਰਿਵਾਰ ਤੋਂ ਅਲੱਗ ਹੁੰਦੇ ਹਨ ਤੇ ਉਪਰੰਤ ਉਨ੍ਹਾਂ ਦੀ ਗ੍ਰਹਿਸਥੀ ਵੀ ਖੰਡਿਤ ਹੋ ਜਾਂਦੀ ਹੈ।

ਕੈਨੇਡੀਅਨ ਪੰਜਾਬੀ ਸਮੁਦਾਇ ਵਿੱਚ ਗੁਰਦੁਆਰਿਆਂ ਦੇ ਵਪਾਰੀਕਰਨ, ਜਾਤ-ਪਾਤ, ਚੌਧਰਪੁਣੇ, ਹੇਰਾਫ਼ੇਰੀ, ਧਰਮ ਦੇ ਨਾਂ ਤੇ ਦੂਸ਼ਿਤ ਰਾਜਨੀਤੀ ਆਦਿ ਨੇ ਇਨ੍ਹਾਂ ਧਾਰਮਿਕ ਸੰਸਥਾਵਾਂ ਦੇ ਉਦਾਰਵਾਦੀ, ਧਰਮ-ਨਿਰਪੱਖ ਤੇ ਰਾਸ਼ਟਰਵਾਦੀ ਅਕਸ ਨੂੰ ਠੇਸ ਪਹੁੰਚਾਈ ਹੈ। ਅਜਿਹੀਆਂ ਸਥਿਤੀਆਂ ਉਤਪੰਨ ਕਰਨ ਵਿੱਚ ਧਾਰਮਿਕ ਸੰਸਥਾਵਾਂ ਦੇ ਦੋਹਰੇ ਮਿਆਰਾਂ ਵਾਲੇ ਪ੍ਰਬੰਧਕ ਕਿਵੇਂ ਮੁੱਖ ਭੂਮਿਕਾ ਨਿਭਾਉਂਦੇ ਹਨ ਦੀ ਨਿਸ਼ਾਨਦੇਹੀ ਗੁਰਦੁਆਰਾ ਪ੍ਰਧਾਨ ਸੁੱਚਾ ਸਿੰਘ ਢੀਂਡਸਾ ਦੇ ਪਾਤਰ ਰਾਹੀਂ ਹੋ ਜਾਂਦੀ ਹੈ। ਉਹ ਗੁਰਦੁਆਰੇ ਦੇ ਫੰਡਾਂ `ਚ ਘਪਲੇਬਾਜ਼ੀ ਕਰਾਕੇ ਵੱਡੀ ਰਕਮ ਸੁਰਿੰਦਰ ਨਾਲ ਸਾਂਝ ਵਾਲੇ ਬਿਜ਼ਨਿਸ ਵਿੱਚ ਲਾਉਂਦਾ ਹੈ। ਸੁਰਿੰਦਰ ਦੀ ਇਸ ਬਿਜ਼ਨਿਸ ਵਿੱਚ ਭਾਈਵਾਲੀ, ਪ੍ਰਧਾਨ ਤੋਂ ਪ੍ਰਭਾਵਿਤ ਹੋਣ ਤੇ ਪ੍ਰਧਾਨ ਦੁਆਰਾ ਉਨ੍ਹਾਂ ਦੇ ਘਰੇਲੂ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ, ਪਿਤਾ-ਪੁੱਤਰ ਵਿਚਕਾਰ ਡੂੰਘੀ ਵਿੱਥ ਦੇ ਕਾਰਨ ਬਣਦੇ ਹਨ। ਫ਼ਲਸਰੂਪ ਪਰਿਵਾਰ ਇੱਕ ਹੋਰ ਵਾਰ ਟੁੱਟਦਾ ਹੈ ਤੇ ਸ਼ਮੇਸ਼ਰ ਸਿੰਘ ਪਤਨੀ ਸਮੇਤ ਇਸ ਪੁੱਤਰ ਤੋਂ ਵੀ ਅਲੱਗ ਇੱਕ ਬੇਸਮੈਂਟ ਕਿਰਾਏ ਤੇ ਲੈ ਕੇ ਰਹਿਣ ਲੱਗਦਾ ਹੈ। ਉਸ ਦੀ ਪਤਨੀ ਜਸਬੀਰ ਕੌਰ ਲਗਾਤਾਰ ਪੁੱਤਾਂ ਤੇ ਪਤੀ ਨਾਲ ਜੁੜੀ ਲਗਭਗ ਹਰ ਸੰਭਵ ਸਮਝੌਤਾ ਕਰਨ ਦੀ ਕੋਸ਼ਿਸ਼ ਕਰਦੀ ਹੈ। ਪਰੰਤੂ ਪਤਨੀ ਦੁਆਰਾ ਔਲਾਦ ਦਾ ਪੱਖ ਲੈਣ, ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਵੰਡਾਉਣ ਤੇ ਸ਼ਮਸ਼ੇਰ ਸਿੰਘ ਪ੍ਰਤਿ ਵਰਤੀ ਜਾ ਰਹੀ ਲਾਪਰਵਾਹੀ ਕਾਰਨ ਉਹ ਅੰਗਰੇਜ਼ ਔਰਤ ਜੁਲੀ ਕਾਰਟਰ ਨਾਲ ਸੰਬੰਧ ਸਥਾਪਿਤ ਕਰ ਲੈਂਦਾ ਹੈ। ਉਸਦਾ ਅਜਿਹਾ ਵਿਵਹਾਰ ਉਸ ਨੂੰ ਪਤਨੀ ਸਮੇਤ ਪੂਰੇ ਪਰਿਵਾਰ ਦੀਆ ਨਜ਼ਰਾਂ ਵਿੱਚ ਦੋਸ਼ੀ ਬਣਾ ਦਿੰਦਾ ਹੈ। ਇਸ ਸਾਰੇ ਮਾਨਸਿਕ ਸੰਤਾਪ ਨੂੰ ਭੋਗਦਿਆਂ ਉਹ ਲਿਵਰ ਖਰਾਬ ਹੋ ਜਾਣ ਕਾਰਨ ਸਰੀਰਕ ਤੌਰ `ਤੇ ਵੀ ਰੋਗੀ ਬਣ ਜਾਂਦਾ ਹੈ।

ਅੰਤਰ-ਸਭਿਆਚਾਰਕ ਸੰਬੰਧਾਂ ਦੇ ਅੰਤਰਗਤ ਸ਼ਮਸ਼ੇਰ ਸਿੰਘ, ਜੇਮਜ਼ ਤੇ ਜੁਲੀ ਦੀ ਆਪਸੀ ਸਾਂਝ ਨੂੰ ਦੇਖਿਆ ਜਾ ਸਕਦਾ ਹੈ। ਜੇਮਸ਼ ਨੂੰ ਲੇਖਕ ਨੇ ਇੱਕ ਰੋਲ ਮਾਡਲ ਵਜੋਂ ਚਿਤਰਿਆ ਹੈ। ਅਜਿਹਾ ਇਨਸਾਨ ਜੋ ਕੇਵਲ ਤੇ ਕੇਵਲ ਦੂਸਰਿਆਂ ਦੀ ਭਲਾਈ ਹਿੱਤ ਹੀ ਸੋਚਦਾ ਹੈ। ਇੱਕ ਪਾਸੇ ਉਹ ਆਪਣੇ ਕ੍ਰਾਂਤੀਕਾਰੀ ਸੁਭਾਅ ਕਾਰਨ ਦੋਹਰੀ ਨੀਤੀ ਵਾਲੇ ਲੀਡਰਾਂ ਤੇ ਮੈਨਜਮੈਂਟ ਨੂੰ ਅੱਖਰਦਾ ਹੈ ਤਾਂ ਦੂਸਰੇ ਪਾਸੇ ਸਾਥੀ ਕਾਮਿਆਂ ਦੀ ਪਸੰਦ ਬਣਦਾ ਹੋਇਆ 'ਰੰਗਮੰਚੀ ਸੰਸਥਾ' ਤੇ 'ਚਿਲਡਰਨ ਕੇਅਰ ਸੈਂਟਰ' ਆਦਿ ਰਾਹੀਂ ਲੋਕ ਭਲਾਈ ਦੇ ਕੰਮਾਂ ਨਾਲ ਜੁੜਿਆ ਹੋਇਆ ਹੈ। ਮਰਨ ਉਪਰੰਤ ਵੀ ਉਹ ਆਪਣਾ ਲਿਵਰ ਸ਼ਮਸ਼ੇਰ ਸਿੰਘ ਨੂੰ ਦਾਨ ਕਰ ਜਾਂਦਾ ਹੈ। ਸ਼ਮਸ਼ੇਰ ਸਿੰਘ ਨਾਲ ਵਿਚਾਰ-ਵਟਾਂਦਰੇ ਵਿੱਚੋਂ ਹੀ ਕਹਾਣੀ ਦਾ ਮੂਲ ਸਰੋਕਾਰ ਵੀ ਉਜਾਗਰ ਹੁੰਦਾ ਹੈ। ਅਜੋਕੇ ਮਨੁੱਖ ਦੀ ਗੁਆਚ ਚੁੱਕੀ ਸ਼ਨਾਖਤ ਬਾਰੇ ਉਹ ਕਹਿੰਦਾ ਹੈ," ਸੋਚੇ ਤਾਂ ਜੇ ਉਹ ਆਪਣੇ ਆਪ `ਚ ਹੋਵੇ, ਉਹ ਤਾਂ ਗੁਆਚ ਚੁੱਕੈ...ਆਪਣੇ ਕੇਂਦਰੀ ਧੁਰੇ ਨਾਲੋਂ ਟੁੱਟ ਚੁੱਕੈ।" 8

ਸਥਿਤੀ ਦੀ ਵਿਡੰਬਨਾ ਇਹ ਹੈ ਕਿ ਗੁਆਚੇ ਹੋਏ ਇਨ੍ਹਾਂ ਲੋਕਾਂ ਵਿੱਚ ਸ਼ਾਮਿਲ ਸ਼ਮਸ਼ੇਰ ਸਿੰਘ ਦੇ ਪਰਿਵਾਰਕ ਜੀਅ ਉਸ ਨੂੰ ਮਨਜਿੰਦਰ ਦੇ ਘਰ ਕੇਵਲ ਇਸ ਲਈ ਲੈ ਕੇ ਜਾਣਾ ਚਾਹੁੰਦੇ ਹਨ ਕਿਉਂਕਿ ਐਮ.ਪੀ. ਦੀ ਚੋਣ ਲੜ ਰਹੇ ਇਸ ਪਾਤਰ ਦਾ ਅਕਸ ਪਰਿਵਾਰਕ-ਮੁੱਲਾਂ ਦੇ ਮੁੱਦਈ, ਮਾਪਿਆਂ ਦੀ ਸਾਂਭ-ਸੰਭਾਲ ਕਰ ਰਹੇ ਪੁੱਤਰ ਦੇ ਤੌਰ ਤੇ ਉਘਾੜਿਆ ਜਾ ਸਕੇ। ਉਸ ਦੀ ਬਿਮਾਰੀ ਦੀ ਉਨ੍ਹਾਂ ਨੂੰ ਕੋਈ ਚਿੰਤਾ ਨਹੀਂ ਦਿਖਾਈ ਦਿੰਦੀ। ਇਸੇ ਦੇ ਸਮਵਿੱਥ ਅਜਿਹੀਆਂ ਸੰਸਥਾਵਾਂ ਵੀ ਕਾਰਜਸ਼ੀਲ ਹਨ ਜੋ ਬਿਨਾਂ ਕਿਸੇ ਜਾਣ-ਪਹਿਚਾਣ, ਸਾਂਝ, ਰਿਸ਼ਤੇ ਦੇ ਲੋਕਾਂ ਦੀ ਮਦਦ ਕਰਦੀਆਂ ਹਨ। ਅਜਿਹੀ ਹੀ ਇੱਕ ਲਿਵਰ ਕੇਅਰ ਸੰਸਥਾ ਦੇ ਉਪਰਾਲੇ ਕਾਰਨ ਉਸ ਨੂੰ ਨਵਾਂ ਜੀਵਨ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਲੇਖਕ ਸ਼ਮਸ਼ੇਰ ਸਿੰਘ ਰਾਹੀਂ ਪੂੰਜੀਵਾਦੀ ਵਿਵਸਥਾ ਵਿੱਚ ਰਿਸ਼ਤਿਆਂ ਦੀ ਖੁਰ ਰਹੀ ਪਹਿਚਾਣ ਤੇ ਚਿੰਤਾ ਵਿਅਕਤ ਕਰਦਾ ਹੈ ਜਿਸ ਵਿੱਚ ਘਰ ਤੇ ਪਰਿਵਾਰ ਦੋਹਾਂ ਤੋਂ ਮਹਿਰੂਮ ਹੋ ਕੇ ਜਿਊਣਾ ਵਿਅਕਤੀ ਵੀ ਹੋਣੀ ਹੋ ਨਿਬੜਦਾ ਹੈ। ਇਸਦੇ ਨਾਲ ਹੀ ਕੈਨੇਡੀਅਨ ਪੰਜਾਬੀ ਸਮੁਦਾਇ ਵਿੱਚ ਬਜ਼ੁਰਗ ਪੀੜ੍ਹੀ ਦੀ ਹੋ ਰਹੀ ਅਵਹੇਲਨਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਪਰਵਾਸੀ ਪੰਜਾਬੀਆਂ ਦੁਆਰਾ ਆਪਣੀ ਸਮੁਦਾਇ ਤੇ ਮੁੱਖ ਸਮਾਜ ਵਿੱਚ ਸਥਾਪਤੀ ਦਾ ਜ਼ਰੀਆ ਕੇਵਲ ਪੂੰਜੀ ਇਕਤਰੀਕਰਣ ਨੂੰ ਹੀ ਸਮਝਣ ਦੀ ਭੁੱਲ ਨੂੰ ਉਜਾਗਰ ਕੀਤਾ ਗਿਆ ਹੈ। ਇਸ ਮਨੋਰਥ ਦੀ ਪੂਰਤੀ ਹਿੱਤ ਉਹ ਦੰਭ ਰਚਦੇ, ਹਥਕੰਡੇ ਵਾਰਤਦੇ, ਅਖੌਤੀ ਸੇਵਾ ਦਾ ਨਾਅਰਾ ਲਾਉਂਦੇ, ਦੂਸ਼ਿਤ ਰਾਜਨੀਤੀ ਵਿੱਚ ਵੀ ਪ੍ਰਵੇਸ਼ ਕਰਦੇ ਦਿਖਾਈ ਦਿੰਦੇ ਹਨ।

'ਗੁਆਚੇ ਲੋਕ' ਵਿਚਲੀ ਇਸ ਕਥਾ ਬਿਰਤਾਂਤ ਤੋਂ ਸਪਸ਼ਟ ਹੁੰਦਾ ਹੈ ਕਿ ਪੱਛਮ ਦੀ ਵਿਅਕਤੀਵਾਦੀ ਕਦਰਾਂ ਤੇ ਖਪਤ ਸੱਭਿਆਚਾਰ ਦੀ ਮਾਰ ਤੋਂ ਸੁਰਿੰਦਰ ਤੇ ਪਾਲੀ ਵਰਗੇ ਆਦਰਸ਼ਵਾਦੀ ਰੁਚੀਆਂ ਵਾਲੇ ਲੋਕ ਵੀ ਨਹੀਂ ਬਚ ਸਕਦੇ। ਪੱਛਮੀ ਸਮਾਜਾਂ ਦਾ ਪੂੰਜੀਵਾਦੀ ਤਰਜ਼ ਦਾ ਇਹ ਵਿਕਾਸ ਸਮਸ਼ੇਰ ਸਿੰਘ ਦੇ ਟੱਬਰ ਵਾਂਗ ਰਿਸ਼ਤਿਆਂ ਦੇ ਟੁੱਟਣ ਤੇ ਮਾਨਵੀ ਸੰਵੇਦਨਾਵਾਂ ਦੇ ਪਥਰਾਏ ਜਾਣ ਦੀ ਬਲੀ ਮੰਗਦਾ ਹੈ। ਕਹਾਣੀ ਵਿਚਲੀ ਇਹ ਧੁਨੀ ਪੂੰਜੀਵਾਦੀ ਵਿਕਾਸ ਮਾਰਗ ਬਾਰੇ ਜਰਨੈਲ ਸਿੰਘ ਦੀ ਸਿਧਾਂਤਕ ਸਮਝ ਤੇ ਰਾਜਸੀ ਚੇਤਨਾ ਦਾ ਹੀ ਪ੍ਰਮਾਣ ਹੈ।

ਪਰਵਾਸ ਦੋ-ਭਿੰਨ ਸਭਿਆਚਾਰਾਂ ਦੇ ਆਪਸੀ ਮਿਲਨ-ਬਿੰਦੂ 'ਤੇ ਉਤਪੰਨ ਵਿਭਿੰਨ ਸਥਿਤੀਆਂ ਦੇ ਅੰਤਰਗਤ ਵਾਪਰਦਾ ਹੈ ਜੋ ਕਿ ਨਿਰਸੰਦੇਹ ਸਭਿਆਚਾਰੀਕਰਣ ਦੀ ਉਤਮ ਅਤੇ ਜਟਿਲ ਉਦਾਹਰਣ ਹੈ। ਸਭਿਆਚਾਰੀਕਰਣ ਦੇ ਇਸ ਅਮਲ ਵਿੱਚ ਅਨੁਕੂਲੀਕਰਣ, ਵਿਲੀਨੀਕਰਣ ਤੇ ਸੰਸ਼ਲੇਸ਼ਣ ਜਿਹੀਆਂ ਸਭਿਆਚਾਰਕ ਪ੍ਰਕਿਰਿਆਵਾਂ ਵੀ ਉਜਾਗਰ ਹੁੰਦੀਆਂ ਹਨ, ਭਾਵੇਂ ਕਿ ਵਿਵਹਾਰਕ ਪੱਧਰ `ਤੇ ਇਹ ਇੰਨੀਆਂ ਸਰਲ ਤੇ ਸਹਿਜ ਨਹੀਂ ਹੁੰਦੀਆਂ ਜਿੰਨੀਆਂ ਕਿ ਸਿਧਾਂਤਕ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਪਰਵਾਸੀ ਪੰਜਾਬੀ ਇਸ ਅਮਲ ਵਿੱਚ ਨਿਰੰਤਰ ਤਣਾਅ ਹੀ ਭੋਗਦੇ ਦਿਖਾਈ ਦਿੰਦੇ ਹਨ। ਉਹ ਪਰਵਰਤਿਤ ਮਾਹੌਲ, ਪਰਿਸਥਿਤੀਆਂ ਅਨੁਕੂਲ ਆਪਣੇ ਆਪ ਨੂੰ ਢਾਲਣ ਦੀ ਕੋਸ਼ਿਸ਼ ਤਾਂ ਕਰਦੇ ਹਨ ਪਰੰਤੂ ਇਹ ਤਬਦੀਲੀ ਇਕਦਮ ਨਹੀਂ ਵਾਪਰ ਸਕਦੀ ਕਿਉਂਕਿ ਸਭਿਆਚਾਰਕ ਗੁਰੂਤਾ ਉਨ੍ਹਾਂ ਨੂੰ ਆਪਣੇ ਸਭਿਆਚਾਰਕ ਪਿਛੋਕੜ ਨਾਲ ਲਗਾਤਾਰ ਜੋੜੀ ਰੱਖਦੀ ਹੈ। ਫ਼ਲਸਰੂਪ ਇਹ ਪਰਵਾਸੀ ਮਨੁੱਖ ਆਪਣੀ ਸਭਿਆਚਾਰਕ ਹੋਂਦ ਨੂੰ ਬਚਾਈ ਰੱਖਣ ਲਈ ਨਿਰੰਤਰ ਯਤਨਸ਼ੀਲ ਰਹਿੰਦੇ ਹਨ। ਇਸੇ ਹੀ ਸਥਿਤੀ ਦੀ ਭਾਗੀ ਕਹਾਣੀ "ਪਾਣੀ" ਦੀ ਮੁੱਖ ਪਾਤਰ ਸੁਖਜੀਤ ਕੌਰ ਬਣਦੀ ਦਿਖਾਈ ਗਈ ਹੈ। ਇਸ ਕਹਾਣੀ ਵਿੱਚ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਸੱਸ ਸੁਖਜੀਤ ਕੌਰ ਦਾ ਟਕਰਾਉ ਪੱਛਮੀ ਸਭਿਆਚਾਰ ਨਾਲ ਸੰਬੰਧਿਤ ਨੂੰਹ ਸ਼ੈਰਨ ਨਾਲ ਪੈਦਾ ਹੁੰਦਾ ਹੈ। ਮੁੱਖ ਸਭਿਆਚਾਰ ਤੇ ਗੌਣ ਸਭਿਆਚਾਰ ਨਾਲ ਸੰਬੰਧਿਤ ਇਨ੍ਹਾਂ ਧੁਰਾਂ ਦੇ ਆਪਸੀ ਟਕਰਾਉ ਵਿੱਚੋਂ ਸਭਿਆਚਾਰਕ ਤਨਾਉ ਦੀ ਸਿਰਜਨਾ ਹੁੰਦੀ ਹੈ; ਜਿਸਦੀ ਸ਼ਿਕਾਰ ਸੁਖਜੀਤ ਕੌਰ ਕਹਾਣੀ ਵਿੱਚ ਕਈ ਵਾਰ ਹੁੰਦੀ ਦਿਖਾਈ ਦਿੰਦੀ ਹੈ। ਉਸ ਦੀ ਮਾਨਸਿਕਤਾ ਵਿਚਲਾ ਇਹ ਅੰਤਰ-ਵਿਰੋਧ ਉਨ੍ਹਾਂ ਦੀਆਂ ਵਿਭਿੰਨ ਭਾਸ਼ਾਵਾਂ, ਰਹਿਣ-ਸਹਿਣ, ਖਾਣ-ਪੀਣ ਆਦਿ ਦੀਆਂ ਆਦਤਾਂ ਦੇ ਸੰਦਰਭ ਵਿੱਚ ਉਭਰਦਾ ਹੈ। ਸ਼ੈਰਨ ਨੂੰ ਸੱਸ ਦੇ ਸਮਾਜਕ ਭਾਈਚਾਰੇ ਨਾਲ ਮੇਲ-ਜੋਲ ਰੱਖਣ ਵਿੱਚ ਕੋਈ ਦਿਲਚਸਪੀ ਨਹੀਂ ਹੈ। ਉਹ ਇਸ ਨੂੰ 'ਬੋਰੀਅਤ' ਦਾ ਨਾਂ ਦਿੰਦੀ ਹੈ। ਇਸੇ ਤਰ੍ਹਾਂ ਸੁਖਜੀਤ ਨੂੰ ਘਰ ਵਿੱਚ ਪੰਜਾਬੀ ਦੀ ਅਣਹੋਂਦ ਆਪਣੇ ਬੇਪਛਾਣ ਹੋਣ ਨਾਲ ਜੁੜੀ ਪ੍ਰਤੀਤ ਹੁੰਦੀ ਹੈ। ਉਸ ਦੀ ਪੰਜਾਬੀ ਨੂੰਹ ਦੀ ਅਧੂਰੀ ਰਹਿ ਗਈ ਅਕਾਂਖਿਆ ਬਾਰ-ਬਾਰ ਉਸ ਦੇ ਸਨਮੁੱਖ ਖੜ੍ਹੀ ਹੁੰਦੀ ਹੈ। ਉਸ ਦੀ ਮਾਨਸਿਕਤਾ ਵਿਚਲੀ ਇਹ ਕਸ਼ਮਕਸ਼ ਹਰ ਵੇਲੇ ਅੰਗਰੇਜ਼ ਨੂੰਹ ਦੀ ਤੁਲਨਾ ਇੱਕ ਪੰਜਾਬੀ ਨੂੰਹ ਨਾਲ ਕਰਦੀ ਦਿਖਾਈ ਦਿੰਦੀ ਹੈ। ਉਹ ਤਸੱਵੁਰ ਕਰਦੀ ਹੈ:

> "ਉਹ ਕਿਹੋ ਜਿਹੇ ਪਲ ਹੁੰਦੇ ਜੇ ਇਸ ਵਕਤ ਉਹ ਨੂੰਹ-ਸੱਸ ਰਲ ਕੇ ਸਰ੍ਹੋਂ, ਪਾਲਕ ਤੇ ਬਰੌਕਲੀ ਨੂੰ ਛਿੱਲ-ਚੀਰ ਕੇ ਸਾਗ ਬਣਾ ਰਹੀਆਂ ਹੁੰਦੀਆਂ... ਤੇ ਨਾਲ ਦੀ ਨਾਲ ਬੀਤੇ ਹਫ਼ਤੇ ਦੀਆਂ ਜਮ੍ਹਾਂ ਹੋਈਆਂ ਗੱਲਾਂ ਵੀ ਸਾਂਝੀਆਂ ਕਰ ਰਹੀਆਂ ਹੁੰਦੀਆਂ। ... ਪਰ ਕਿੱਥੇ... ਨਾ ਖਾਣ-ਪੀਣ ਦੀ ਸਾਂਝ ਤੇ ਨਾ ਬੋਲੀ ਦੀ।"

ਸੁਖਜੀਤ ਦਾ ਸਭਿਆਚਾਰਕ ਅਵਚੇਤਨ ਇਹ ਤਸਲੀਮ ਕਰਨ ਤੋਂ ਇਨਕਾਰੀ ਹੈ ਕਿ ਸ਼ੈਰਨ ਅੰਗਰੇਜ਼ ਹੋਣ ਕਾਰਨ ਇੱਕ ਵਧੀਆ ਨੂੰਹ ਸਾਬਿਤ ਹੋ ਸਕਦੀ ਹੈ। ਪੂੰਜੀਵਾਦੀ ਵਿਵਸਥਾ ਦੀ ਪ੍ਰਤਿਨਿਧ ਸ਼ੈਰਨ ਦੇ ਵਿਵਹਾਰ ਵਿੱਚੋਂ ਭਾਰਤੀ ਸਭਿਆਚਾਰ ਨਾਲ ਸੰਬੰਧਿਤ ਸੱਸ ਨੂੰ ਸੁਆਰਥ ਝਲਕਦਾ ਨਜ਼ਰ ਆਉਂਦਾ ਹੈ। ਓਪਨ ਸੁਸਾਇਟੀ ਦੀ ਉਪਜ ਸ਼ੈਰਨ ਸੁਖਜੀਤ ਦੇ ਪੰਜਾਬੀ, ਆਗਿਆਕਾਰੀ, ਪ੍ਰੇਮ-ਭਾਵ ਵਾਲੀ ਤੇ ਘਰੇਲੂ ਕੰਮਕਾਜ ਵਿੱਚ ਨਿਪੁੰਨ ਨੂੰਹ ਦੇ ਮਾਡਲ ਤੇ ਪੂਰੀ ਉਤਰਨ ਤੋਂ ਅਸਮਰੱਥ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਸੁਖਜੀਤ ਤੇ ਸ਼ੈਰਨ ਦੋਵੇਂ ਹੀ ਇਕ-ਦੂਸਰੇ ਦੀ ਮਾਨਸਿਕਤਾ ਨੂੰ ਸਮਝਣ ਤੋਂ ਬੇਮੁੱਖ ਹਨ।

ਪਰਿਵਾਰਕ ਇਕਾਈ ਵਿੱਚ ਵਾਪਰ ਰਹੀ ਇਸ ਅੰਦਰੂਨੀ ਟੁੱਟ-ਭੱਜ ਵਿੱਚ ਸੁਖਜੀਤ ਇਕੱਲੀ ਇੱਕ ਪਾਸੇ ਹੈ ਤੇ ਬਾਕੀ ਪਰਿਵਾਰਕ ਮੈਂਬਰ ਦੂਸਰੇ ਪਾਸੇ। ਸੁਖਜੀਤ ਦਾ ਪਤੀ ਬਲਦੇਵ ਆਪਣੀ ਨੂੰਹ ਪ੍ਰਤਿ ਕੋਈ ਗਿਲਾ ਪ੍ਰਗਟ ਕਰਦਾ ਦਿਖਾਈ ਨਹੀਂ ਦਿੰਦਾ। ਉਸ ਦੀ ਅਜਿਹੀ ਸੋਚ ਪਿੱਛੇ ਉਸਦਾ ਪਰਿਵਾਰਕ ਪਿਛੋਕੜ ਕਾਰਜਸ਼ੀਲ ਹੈ। ਲੰਬੇ ਸਮੇਂ ਤੋਂ ਕੈਨੇਡਾ ਵਿੱਚ ਵੱਸੇ ਉਸ ਦੇ ਮਾਤਾ-ਪਿਤਾ ਕੈਨੇਡੀਅਨ ਸਭਿਆਚਾਰ ਨੂੰ ਹੀ ਅਪਨਾਈ ਨਜ਼ਰ ਆਉਂਦੇ ਹਨ। ਉਨ੍ਹਾਂ ਨੂੰ ਵੱਡੇ ਪੁੱਤਰ ਦੇ ਵੈਸਟ-ਇੰਡੀਅਨ ਕੁੜੀ ਨਾਲ ਵਿਆਹ ਤੇ ਕੋਈ ਇਤਰਾਜ਼ ਨਹੀਂ ਹੈ। ਇਸ ਤੋਂ ਵੀ ਅੱਗੇ ਪੱਛਮ ਦੀ ਵਿਅਕਤੀਗਤ ਆਜ਼ਾਦੀ ਦੇ ਧਾਰਨੀ ਹੋਣ ਕਾਰਨ ਇਹੀ ਇੱਛਾ ਕਰਦੇ ਹਨ ਕਿ ਬਲਦੇਵ ਤੇ ਸੁਖਜੀਤ ਅਲੱਗ ਘਰ ਵਿੱਚ ਰਹਿਣ। ਭਾਵੇਂ ਕਿ ਕਹਾਣੀਕਾਰ ਨੇ ਬਲਦੇਵ ਨੂੰ ਪੂਰੀ ਤਰ੍ਹਾਂ ਪੂੰਜੀਵਾਦੀ ਵਿਵਸਥਾ ਦਾ ਧਾਰਨੀ ਨਹੀਂ ਦਿਖਾਇਆ ਪਰੰਤੂ ਉਪਰੋਕਤ ਕਾਰਨ ਉਸ ਦੀ ਸ਼ਖਸੀਅਤ ਦੀ ਉਸਾਰੀ ਵਿੱਚ ਪ੍ਰਮੁੱਖ ਭੂਮਿਕਾ ਨਿਭਾਉਂਦੇ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸੇ ਤਰ੍ਹਾਂ ਸੁਖਜੀਤ ਦਾ ਪੁੱਤਰ ਰਾਜੂ ਕੈਨੇਡੀਅਨ ਧਰਤੀ ਦਾ ਹੀ ਜੰਮਪਲ ਹੋਣ ਕਾਰਨ ਸਥਾਨਕ ਵਿਵਸਥਾ ਦਾ ਹੀ ਇੱਕ ਹਿੱਸਾ ਨਜ਼ਰ ਆਉਂਦਾ ਹੈ। ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ ਉਹ ਸਹਿਪਾਠਨ ਅੰਗਰੇਜ਼ ਸ਼ੈਰਨ ਨਾਲ ਦੋਸਤੀ ਤੇ ਫਿਰ ਵਿਆਹ ਕਰਵਾ ਲੈਂਦਾ ਹੈ, ਭਾਵੇਂ ਕਿ ਇਸ ਅੰਤਰ-ਨਸਲੀ ਵਿਆਹ ਸੰਬੰਧ ਨੂੰ ਸਵੀਕ੍ਰਿਤੀ ਦੇਣਾ ਪੰਜਾਬੀ ਮਾਨਸਿਕਤਾ ਲਈ ਕੋਈ ਆਸਾਨ ਕਾਰਜ ਨਹੀਂ ਹੈ ਪਰੰਤੂ ਇਸਦੇ ਬਾਵਜੂਦ ਆਪਣੇ ਪੰਜਾਬੀ ਨੂੰਹ ਦੇ ਸੁਪਨਿਆਂ ਨੂੰ ਤਿਲਾਂਜਲੀ ਦਿੰਦੇ ਹੋਏ ਮਾਂ-ਬਾਪ ਇਕਲੌਤੇ ਪੁੱਤਰ ਦੇ ਵਿਆਹ ਨੂੰ ਰਜ਼ਾਮੰਦੀ ਦੇ ਦਿੰਦੇ ਹਨ। ਇਸੇ ਸੰਦਰਭ ਵਿੱਚ ਕੈਨੇਡੀਅਨ ਪੰਜਾਬੀ ਸਮੁਦਾਇ ਦੇ ਕੁੱਝ ਲੋਕਾਂ ਦੇ ਪ੍ਰਤਿਕਰਮ ਨੂੰ ਵੀ ਲੇਖਕ ਨੇ ਪ੍ਰਸਤੁੱਤ ਕੀਤਾ ਹੈ ਜੋ ਇਨ੍ਹਾਂ ਵਿਆਹ-ਸੰਬੰਧਾਂ ਵਿਰੁੱਧ ਟਿੱਪਣੀਆਂ ਕਰਦੇ ਹਨ।

ਇਸ ਕਹਾਣੀ ਵਿੱਚ ਪੱਛਮੀ ਸਭਿਆਚਾਰ ਤੇ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਧਿਰਾਂ ਦੀ ਸੋਚ ਦੇ ਆਪਸੀ ਟਕਰਾਉ ਦਾ ਆਭਾਸ ਰਚਨਾ ਦੇ ਆਰੰਭ ਤੋਂ ਹੀ ਹੋਣਾ ਸ਼ੁਰੂ ਹੋ ਜਾਂਦਾ ਹੈ। ਫ਼ਲਸਰੂਪ ਪਰਿਵਾਰਕ ਇਕਾਈ ਵਿੱਚ ਟੁੱਟ-ਭੱਜ, ਤਨਾਉ ਦੀ ਸਿਰਜਨਾ ਹੁੰਦੀ ਹੈ। ਰਾਜੂ ਤੇ ਉਸ ਦੀ ਪਤਨੀ ਸ਼ੈਰਨ ਚਾਹੁੰਦੇ ਹਨ ਕਿ ਘਰ ਵਿੱਚ ਸਵਿਮਿੰਗ-ਪੂਲ ਬਣਵਾਇਆ ਜਾਵੇ ਤਾਂ ਜੋ ਪੱਛਮੀ ਜੀਵਨ-ਜਾਚ ਅਨੁਸਾਰ ਜ਼ਿੰਦਗੀ ਦਾ ਭਰਪੂਰ ਮਜ਼ਾ ਲਿਆ ਜਾ ਸਕੇ। ਸਵਿਮਿੰਗ-ਪੂਲ ਦੀ ਇਹ ਯੋਜਨਾ ਜਦੋਂ ਸੁਖਜੀਤ ਦੇ ਅੱਗੇ ਪੇਸ਼ ਕੀਤੀ ਜਾਂਦੀ ਹੈ ਤਾਂ ਉਹ ਚਿੰਤਤ ਅਵਸਥਾ ਵਿੱਚ ਪ੍ਰਸ਼ਨ ਉਠਾਉਂਦੀ ਹੈ ਕਿ ਘਰ ਤੇ ਕਾਰਾਂ ਦੀਆਂ ਕਿਸ਼ਤਾਂ ਦੇ ਨਾਲ ਸੱਠ ਹਜ਼ਾਰ ਪੌਂਡ ਹੋਰ ਦੀ ਕਿਸ਼ਤ ਉਤਾਰਨ ਲਈ ਪੈਸੇ ਦਾ ਪ੍ਰਬੰਧ ਕਿਵੇਂ ਹੋਵੇਗਾ? ਪੁੱਤਰ ਦੁਆਰਾ ਦਿੱਤਾ ਗਿਆ ਪ੍ਰਸ਼ਨ ਦਾ ਉੱਤਰ ਸੁਖਜੀਤ ਲਈ ਗਹਿਰਾ ਤਨਾਉ ਤੇ ਸੰਕਟ ਉਤਪੰਨ ਕਰਦਾ ਹੈ। ਉਸ ਨੂੰ ਦੇਸ਼ ਵਿਚਲੀ ਜਿਹੜੀ ਜ਼ਮੀਨ ਆਪਣੇ ਮਾਂ-ਬਾਪ ਦੀ ਹੋਂਦ ਤੇ ਆਪਣੀ ਸ਼ਨਾਖਤ ਨਾਲ ਜੁੜੀ ਪ੍ਰਤੀਤ ਹੁੰਦੀ ਹੈ, ਨੂੰਹ- ਪੁੱਤ ਲਈ ਕੇਵਲ ਉਹ ਅਜਿਹਾ ਜ਼ਮੀਨ ਦਾ ਟੁਕੜਾ ਹੈ ਜਿਸਨੂੰ ਵੇਚ ਕੇ ਸਵਿਮਿੰਗ-ਪੂਲ ਲਈ ਪੈਸਿਆਂ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਪੁੱਤਰ ਦੁਆਰਾ ਜ਼ਮੀਨ "ਸੈੱਲ" ਕਰ ਦੇਣ ਦੇ ਮਸ਼ਵਰੇ ਉਪਰੰਤ ਸੁਖਜੀਤ ਦੀ ਮਾਨਸਿਕਤਾ ਨੂੰ ਲੇਖਕ ਨੇ ਬਾਖ਼ੂਬੀ ਚਿਤਰਿਆ ਹੈ:

> "ਸੈੱਲ ਸ਼ਬਦ ਸੁਖਜੀਤ ਕੌਰ ਦੇ ਸਿਰ `ਤੇ ਬੰਬ ਵਾਂਗ ਫਟਿਆ...। ਉਸ ਨੂੰ ਇੰਜ ਲੱਗਾ ਜਿਵੇਂ ਉਸਦਾ ਪੁੱਤ ਉਸ ਦੀਆਂ ਜੜ੍ਹਾਂ ਨਾਲ ਜੁੜੀ ਹੋਈ ਮਿੱਟੀ ਨੂੰ ਖ਼ੁਰਚ ਕੇ ਕਿਸੇ ਗਾਰਬੇਜ ਦੇ ਟੋਏ ਵਿੱਚ ਸੁੱਟਣੀ ਚਾਹ ਰਿਹਾ ਹੋਵੇ... ਪਲਾਂ ਵਿੱਚ ਹੀ ਉਸ ਦੀਆਂ ਨਸਾਂ `ਚ ਟੈਨਸ਼ਨ ਆ ਵੜੀ ... ਇਨ੍ਹਾਂ ਨੂੰ ਤਾਂ ਬੱਸ ਆਪਣੇ ਮਤਲਬ ਹੀ ਦੀਂਹਦੇ ਆ... ਅਗਲੇ ਦੀ ਭਾਵੇਂ ਹੋਂਦ ਹੀ ਜਾਂਦੀ ਲੱਗੇ।"

ਪੰਜਾਬੀ ਜੀਵਨ ਵਿੱਚ ਜ਼ਮੀਨ ਇੱਕ ਮਹੱਤਵਪੂਰਨ ਹਿੱਸਾ ਹੈ। ਇਹ ਉਸ ਦੀਆਂ ਜੜ੍ਹਾਂ, ਵਜੂਦ, ਪਹਿਚਾਣ ਤੇ ਰੁਤਬੇ ਨੂੰ ਸਥਾਪਤ ਕਰਨ ਵਾਲਾ ਮਹੱਤਵਪੂਰਨ ਬਿੰਦੂ ਹੈ। ਸੁਖਜੀਤ ਲਈ ਇਸਨੂੰ ਵੇਚਣਾ ਨਾ ਕੇਵਲ ਜੜ੍ਹਹੀਣ ਹੋਣ ਦਾ ਅਹਿਸਾਸ ਭੋਗਣਾ ਹੈ ਬਲਕਿ ਮਾਂ-ਬਾਪ, ਚਾਚੇ ਦੀ ਪਹਿਚਾਣ/ਰੁਤਬੇ ਨੂੰ ਖ਼ਤਮ ਕਰਕੇ ਉਸ ਭੂਤਕਾਲ ਤੋਂ ਮਹਿਰੂਮ ਹੋਣਾ ਵੀ ਹੈ ਜਿਸਦਾ ਨਿਰੰਤਰ ਸਿਮਰਨ ਉਸ ਦੇ ਵਜੂਦ ਦਾ ਇੱਕ ਵਿਸ਼ੇਸ਼ ਅੰਗ ਬਣ ਚੁੱਕਾ ਹੈ। ਅਜਿਹੀ ਪ੍ਰਸਤੁਤੀ ਰਾਹੀਂ ਹੀ ਪੰਜਾਬੀ ਡਾਇਸਪੋਰਾ ਦੀ ਪੇਸ਼ਕਾਰੀ ਵਿੱਚ ਇਹ ਕਹਾਣੀ ਇੱਕ ਮਿਸਾਲ ਕਾਇਮ ਕਰਦੀ ਦਿਖਾਈ ਦਿੰਦੀ ਹੈ।

ਇਸ ਕਹਾਣੀ ਰਾਹੀਂ ਲੇਖਕ ਨੇ ਉਸ ਵਰਤਾਰੇ ਨੂੰ ਵੀ ਪੇਸ਼ ਕੀਤਾ ਹੈ ਜਿਸਦੇ ਅੰਤਰਗਤ ਪਰਵਾਸੀਆਂ ਤੋਂ ਤਾਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਸਥਾਨਕ ਸੁੱਖ ਸਭਿਆਚਾਰ ਨੂੰ ਪੂਰੀ ਤਰ੍ਹਾਂ ਅਪਨਾ ਲੈਣ ਪਰੰਤੂ ਮੁੱਖ ਸਭਿਆਚਾਰ ਖ਼ੁਦ ਗੌਣ ਸਭਿਆਚਾਰ ਤੋਂ ਪੂਰੀ ਤਰ੍ਹਾਂ ਨਿਰਲੇਪ ਰਹਿਣਾ ਚਾਹੁੰਦਾ ਹੈ। ਸੁਖਜੀਤ ਕੌਰ ਨੂੰ ਸ਼ਿਕਾਇਤ ਹੈ ਕਿ ਇਹ ਪ੍ਰਕਿਰਿਆ ਇੱਕ ਪਾਸੜ ਕਿਉਂ? ਮੁੱਖ ਸਭਿਆਚਾਰ ਨਾਲ ਸੰਬੰਧਿਤ ਉਸ ਦੀ ਨੂੰਹ ਸ਼ੈਰਨ ਪੰਜਾਬੀ ਪਰਿਵਾਰ ਵਿੱਚ ਰਹਿੰਦੀ ਹੋਈ ਵੀ ਉਨ੍ਹਾਂ ਦੇ ਸਭਿਆਚਾਰ ਵਿੱਚ ਕੋਈ ਦਿਲਚਸਪੀ ਕਿਉਂ ਨਹੀਂ ਲੈਂਦੀ? ਇਸ ਸੰਬੰਧੀ ਉਹ ਕਹਿੰਦੀ ਹੈ:

> "ਤੁਸੀਂ ਗੋਰੇ ਲੋਕ ਸਾਨੂੰ ਇੰਮੀਗਰਾਂਟਾਂ ਨੂੰ ਤਾਂ ਇਹ ਕਹਿੰਦੇ ਆਂ ਪਈ ਅਸੀਂ ਤੁਹਾਡੀ ਕਲਚਰ `ਚ ਭਿੱਜਦੇ ਨਹੀਂ ਪਰ ਤੁਸੀਂ ਸਾਡੀਆਂ ਕਲਚਰਾਂ `ਚ ਕਿੰਨੀ ਕੁ ਦਿਲਚਸਪੀ ਲੈਂਨੇ ਆਂ... ਤੈਨੂੰ ਮੈਂ ਪੰਜਾਬੀ ਦੇ ਲਫ਼ਜ਼ ਸਿਖਾ-ਸਿਖਾ ਥੱਕ ਗਈ ਪਰ ਤੂੰ... ਸੱਤਾਂ ਸਾਲਾਂ `ਚ ਸਿਰਫ਼ ਚਾਲੀ ਪੰਜਾਹ ਲਫ਼ਜ਼, ਉਹ ਵੀ ਜਿਹੜੇ ਤੇਰੇ ਕੰਮ ਦੇ ਆ।"

ਇਸ ਕਹਾਣੀ ਵਿੱਚ ਪਹਿਲੇ ਪੜਾਅ ਦੇ ਪਰਵਾਸੀ ਪੰਜਾਬੀਆਂ ਦੁਆਰਾ ਆਰਥਿਕ ਖ਼ੁਸ਼ਹਾਲੀ ਹਿੱਤ ਧਾਰਨ ਕੀਤੇ ਗਏ ਪਰਵਾਸ ਨੂੰ ਸੁਖਜੀਤ ਦੇ ਪਿਤਾ ਦੇ ਰੂਪ ਵਿੱਚ ਪ੍ਰਸਤੁਤ ਕੀਤਾ ਗਿਆ ਹੈ। ਉਹ ਪਹਿਲੇ ਪੜਾਅ ਦੇ ਉਸ ਪਰਵਾਸ ਨੂੰ ਪ੍ਰਤਿਬਿੰਬਤ ਕਰਦਾ ਹੈ ਜਿਸ ਅਧੀਨ ਕਮਾਈ ਕਰਕੇ ਵਤਨ ਵਾਪਿਸ ਪਰਤ ਜਾਣਾ ਹੈ। ਇਨ੍ਹਾਂ ਦੀ ਦੇਸ਼ ਵਿੱਚ ਉਡੀਕ ਕਰ ਰਹੇ ਪਰਿਵਾਰਕ ਮੈਂਬਰਾਂ ਦੀ ਮਾਨਸਿਕਤਾ ਨੂੰ ਸੁਖਜੀਤ ਤੇ ਉਸ ਦੀ ਮਾਂ ਰਾਹੀਂ ਪੇਸ਼ ਕੀਤਾ ਗਿਆ ਹੈ।

ਪਾਣੀ ਇਸ ਕਹਾਣੀ ਦਾ ਕੇਂਦਰੀ ਚਿਹਨ ਜਾਂ ਮੈਟਾਫ਼ਰ ਹੈ। ਜਿਸ ਤਰ੍ਹਾਂ ਵਿਭਿੰਨ ਸਥਾਨਾਂ ਦਾ ਪਾਣੀ ਨਦੀ, ਨਾਲੇ, ਦਰਿਆ, ਸਮੁੰਦਰ, ਝੀਲਾਂ ਆਦਿ ਸ੍ਰੋਤਾਂ ਦੇ ਰੂਪ ਵਿੱਚ ਇਕੱਠਾ ਹੋ ਜਾਂਦਾ ਹੈ ਇਸੇ ਤਰ੍ਹਾਂ ਵਿਭਿੰਨ, ਧਰਤੀਆਂ, ਦੇਸ਼ਾਂ, ਸਥਾਨਾਂ ਦੇ ਇਨਸਾਨ ਵੀ ਪਰਵਾਸ ਧਾਰਨ ਕਰਕੇ ਇਕੱਠੇ ਹੋ ਜਾਂਦੇ ਹਨ। ਸੁਖਜੀਤ ਕੌਰ ਦਾ ਜੀਵਨ ਵੀ ਇਸਦੀ ਇੱਕ ਉਦਾਹਰਣ ਹੈ। ਉਹ ਜੰਮਪਲ ਪੰਜਾਬ ਦੀ ਹੈ ਪਰੰਤੂ ਵਿਆਹ ਉਪਰੰਤ ਸੱਤ ਸੁਮੰਦਰ ਪਾਰ ਕੈਨੇਡਾ ਦੀ ਧਰਤੀ ਦਾ ਅੰਗ ਬਣ ਜਾਂਦੀ ਹੈ। ਇਸ ਤੋਂ ਇਲਾਵਾ ਪਾਣੀ ਮੈਟਾਫ਼ਰ ਹੈ ਰਿਸ਼ਤਿਆਂ ਵਿਚਲੇ ਆਪਸੀ ਮੋਹ-ਪਿਆਰ, ਅਪਣੱਤ ਦਾ। ਇਸੇ ਕਾਰਨ ਸੁਖਜੀਤ ਸ਼ੈਰਨ ਨੂੰ ਕਹਿੰਦੀ ਹੈ:

> "ਸਾਡੇ ਇੱਥੇ ਸਮੁੰਦਰ ਝੀਲਾਂ ਭਾਵੇਂ ਨਹੀਂ ਹਨ ਪਰ ਧਰਤੀ ਹੇਠ ਬੜਾ ਪਾਣੀ ਏ... ਤੇ ਇਵੇਂ ਵੀ...੍ਰ ਸਮਝ ਲੈ ਪਈ ਸਾਡੇ ਪੰਜਾਬੀਆਂ ਦੀਆਂ ਰੂਹਾਂ ਅੰਦਰ ਵੀ ਬੜਾ ਪਾਣੀ ਏ।"

ਇਸਦੇ ਵਿਪਰੀਤ ਕੈਨੇਡੀਅਨ ਲੋਕਾਂ ਦੀਆਂ ਰੂਹਾਂ ਵਿੱਚ ਉਸ ਨੂੰ ਪਾਣੀ ਦੀ ਜਗ੍ਹਾ ਖੁਸ਼ਕੀ ਹੀ ਨਜ਼ਰ ਆਉਂਦੀ ਹੈ। ਇਹ ਕਹਾਣੀ ਜਿਥੇ ਪਾਣੀ ਦੇ ਮੈਟਾਫ਼ਰ ਨੂੰ ਲੈ ਆਰੰਭ ਹੁੰਦੀ ਹੈ ਭਾਵ ਸਵਿਮਿੰਗ ਪੂਲ ਦੀ ਹੋਂਦ ਵੀ ਪਾਣੀ ਨਾਲ ਹੀ ਸੰਭਵ ਹੈ; ਤੇ ਇਹ ਸਵਿਮਿੰਗ ਪੂਲ ਇਸ ਬਿਰਤਾਂਤ ਵਿੱਚ ਪਰਿਵਾਰਕ ਰਿਸ਼ਤਿਆਂ ਵਿਚਲੀ ਟੁੱਟ-ਭੱਜ ਤੇ ਤਨਾਉ ਨੂੰ ਉਤਪੰਨ ਹੁੰਦਾ ਦਰਸਾਉਂਦਾ ਹੈ ਉਥੇ ਕਹਾਣੀ ਦੇ ਅੰਤ ਵਿੱਚ ਵੀ ਸੁਖਜੀਤ ਦੇ ਚਚੇਰੇ ਭਰਾ ਭੁੱਪੀ ਦਾ ਇਹ ਕਹਿਣਾ," ਪੰਜਾਬ ਦੀ ਜ਼ਮੀਨ ਥੱਲਿਓਂ ਪਾਣੀ ਮੁੱਕ ਗਿਆ ਹੈ।" ਪੰਜਾਬ ਵਿੱਚ ਵੀ ਰਿਸ਼ਤਿਆਂ ਦੀ ਖ਼ੁਰ ਰਹੀ

ਪਹਿਚਾਣ ਨੂੰ ਪਾਣੀ ਦੇ ਮੈਟਾਫ਼ਰ ਰਾਹੀਂ ਦੀ ਪ੍ਰਸਤੁਤ ਕਰਦਾ ਹੇ। ਜਿਹੜਾ ਚਾਚਾ ਸਾਰੀ ਉਮਰ ਭਰਾ ਤੇ ਭਤੀਜੀ ਲਈ ਵਫ਼ਾਦਾਰ ਰਹਿੰਦਾ ਹੈ ਉਸ ਦੇ ਪੁੱਤਰ ਦੁਆਰਾ ਆਪਣਿਆਂ ਬੰਦਿਆ ਨੂੰ ਕੈਨੇਡਾ ਭੇਜਣ ਦੇ ਚੱਕਰ ਤੇ ਜ਼ਮੀਨ ਜਾਇਦਾਦ ਹੜੱਪਣ ਦੀ ਲਾਲਸਾ ਵੱਲ ਵੀ ਕਹਾਣੀ ਅੰਤ ਵਿੱਚ ਸੰਕੇਤ ਕਰ ਗਈ ਹੈ।

'ਗਵਾਚੇ ਲੋਕ', 'ਪਾਣੀ' ਤੇ 'ਸੜਕਾਂ' ਕਹਾਣੀਆਂ ਵਿਚ ਪੱਛਮੀ ਸਮਾਜਾਂ ਅੰਦਰ ਪਰਿਵਾਰਕ ਇਕਾਈ ਦੇ ਟੁੱਟਣ, ਭਾਵਨਾਤਮਿਕ ਰਿਸ਼ਤਿਆਂ ਦੇ ਪਥਰਾਅ ਜਾਣ ਤੇ ਬੰਦੇ ਤੇ ਸਮਾਜ ਦੇ ਆਪਣੇ ਆਪੇ ਤੋਂ ਵਿਸੰਗਤ ਹੁੰਦੇ ਜਾਣ ਦੇ ਅਮਾਨਵੀ ਵਰਤਾਰੇ ਦਾ ਮਹਿਜ਼ ਚਿਤਰਨ ਹੀ ਨਹੀਂ ਸਗੋਂ ਇਸ ਲਈ ਜ਼ਿੰਮੇਵਾਰ ਆਰਥਿਕ-ਸਮਾਜਿਕ ਵਿਵਸਥਾ ਅਤੇ ਪੂੰਜੀਵਾਦੀ ਨੈਤਿਕਤਾ ਦਾ ਵੱਖ-ਵੱਖ ਤੇ ਟਕਰਾਵੀਆਂ ਦ੍ਰਿਸ਼ਟੀਆਂ ਤੋਂ ਵਿਸ਼ਲੇਸ਼ਣ ਵੀ ਹੋਇਆ ਹੈ। ਪੂੰਜੀਵਾਦੀ ਅਰਥਵਿਵਸਥਾ ਦੀਆਂ ਅਲਾਮਤਾਂ ਜਿਵੇਂ; ਵਿਅਕਤੀਵਾਦ, ਬਾਜ਼ਾਰਵਾਦ, ਅੰਨ੍ਹੀ ਖ਼ਪਤ ਰੁਚੀ ਅਤੇ ਲਾਲਸਾਵਾਂ ਦੀ ਵਹਿਸ਼ੀ ਅਨੈਤਿਕ ਪੂਰਤੀ ਆਦਿ ਇੰਨੀਆਂ ਮਾਰੂ ਹਨ ਕਿ ਇਸ ਦੇ ਪ੍ਰਭਾਵ ਤੋਂ ਸਮੂਹਿਕ ਜੀਵਨ ਜਾਚ ਇੱਕ ਦੂਜੇ ਲਈ ਕੁਰਬਾਨੀ ਤੇ ਤਿਆਗ ਅਤੇ ਆਪਣੇ ਜੀਵਨ ਸਾਥੀ ਦੀ ਵਚਨਬੱਧ ਰਹਿਣ ਵਾਲੀ ਪੂਰਬੀ ਨੈਤਿਕਤਾ ਅਤੇ ਆਦਰਸ਼ ਵੀ ਨਹੀਂ ਬਚ ਸਕਦੇ। ਵਿਕਸਤ ਪੂੰਜੀਵਾਦੀ ਵਿਵਸਥਾ ਦੇ ਸੱਭਿਆਚਾਰਕ ਮੁੱਲ ਵਿਧਾਨ ਅਤੇ ਨੈਤਿਕਤਾ ਦੀ ਵਿਡੰਬਣਾ ਇਹ ਹੈ ਕਿ 'ਗੁਆਚੇ ਲੋਕ' ਕਹਾਣੀ ਦਾ ਇੱਕ ਦੂਜੇ ਦੇ ਸਾਹੀਂ ਜਿਉਣ ਵਾਲਾ ਸ਼ਮਸ਼ੇਰ ਤੇ ਜਸਬੀਰ ਦਾ ਜੋੜਾ ਭਾਵੁਕ ਤੌਰ ਤੇ ਇੱਕ ਦੂਜੇ ਤੋਂ ਇੰਨਾ ਦੂਰ ਚਲਾ ਜਾਂਦਾ ਹੈ ਕਿ ਵਾਪਸੀ ਦੀ ਸੰਭਾਵਨਾ ਹੀ ਨਹੀਂ ਰਹਿ ਜਾਂਦੀ। ਨੂੰਹ-ਪੁੱਤਾਂ ਤੇ ਜਸਵੀਰ ਤੋਂ ਭਾਵੁਕ ਤੌਰ ਤੇ ਦੂਰ ਹੋ ਕੇ ਸ਼ਮਸ਼ੇਰ ਜੂਲੀ ਨਾਲ ਸਰੀਰਕ ਸੰਬੰਧ ਬਣਾ ਲੈਂਦਾ ਹੈ। ਪੁੱਤਾਂ ਨੂੰ ਤਰੱਕੀ ਕਰਦੇ ਤੇ ਮੈਂਬਰ ਪਾਰਲੀਮੈਂਟ ਬਣਿਆ ਦੇਖਣ ਦੇ ਫਤੂਰ ਵਿੱਚ ਜਸਬੀਰ ਕੌਰ ਆਪਣੇ ਮਰਨ ਕਿਨਾਰੇ ਪਏ ਪਤੀ ਨੂੰ ਸਾਂਭਣ ਪ੍ਰਤੀ ਅਵੇਸਲੀ ਹੋ ਜਾਂਦੀ ਹੈ। ਲਿਵਰ ਦੀ ਭਿਆਨਕ ਬੀਮਾਰੀ ਦੀ ਹਾਲਤ ਵਿੱਚ ਵੀ ਸ਼ਮਸ਼ੇਰ ਆਪਣੇ ਦੋਹਾਂ ਪੁੱਤਰਾਂ ਦੇ ਘਰ ਜਾਣ ਨਾਲੋਂ ਕਿਰਾਏ ਦੀ ਬੇਸਮੈਂਟ ਵਿੱਚੋਂ ਇਕੱਲਾ ਰਹਿਣ ਨੂੰ ਤਰਜੀਹ ਦਿੰਦਾ ਹੈ। 'ਪਾਣੀ' ਕਹਾਣੀ ਦੀ ਨਾਇਕਾ ਸੁਖਜੀਤ ਆਪਣੇ ਪਤੀ ਬਲਦੇਵ ਸਿੰਘ ਦੇ ਪੁੱਤਰ ਰਾਜੂ ਦੇ ਭਰੇ ਪੂਰੇ ਪਰਿਵਾਰ ਵਿੱਚ ਧੁਰ ਅੰਦਰੋਂ ਇਕੱਲੀ ਹੈ। ਆਪਣੇ ਪਤੀ ਤੇ ਪੁੱਤਰ ਪ੍ਰਤੀ ਮਨ ਅੰਦਰ ਇੱਕ ਮੂਕ ਜਿਹਾ ਰੋਸ ਪਾਲਦੀ ਹੈ। ਕੈਨੇਡਾ ਵਿੱਚ ਆਪਣੇ ਪਰਿਵਾਰ ਸਮੇਤ ਵੱਸਣ ਦੇ ਬਾਵਜੂਦ ਉਸ ਦੀ ਜੜ੍ਹ ਜਾਂ ਮਨ ਦੀਆਂ ਤੰਦਾਂ ਅਜੇ ਆਪਣੇ ਪਿਛਲੇ ਪਿੰਡ ਦੇ ਪਰਿਵਾਰ ਨਾਲ ਹੀ ਜੁੜੀਆਂ ਹੋਈਆਂ ਹਨ। ਰਾਜੂ ਤੇ ਸ਼ੈਰਨ ਦੀਆਂ ਪਿੰਡ ਵਾਲੀ ਜ਼ਮੀਨ ਵੇਚਣ ਦੀ ਸਲਾਹ ਉਸ ਅੰਦਰ ਆਪਣੀ ਜੜ੍ਹ ਪੁੱਟੇ ਜਾਣ ਦਾ ਤੌਖਲਾ ਪੈਦਾ ਕਰਦੀ ਹੈ। ਕੈਨੇਡਾ ਦੀ ਪ੍ਰਕਿਰਤਕ ਸੁੰਦਰਤਾ, ਤਹਿਜ਼ੀਬ, ਆਮੀਰ ਤੇ ਹੁਲਾਸ ਭਰੀ ਜ਼ਿੰਦਗੀ ਉਸ ਦੀ ਉਦਾਸੀ ਨੂੰ ਦੂਰ ਨਾ ਕਰ ਸਕੀ। ਜਦੋਂ ਉਹ ਕੈਨੇਡਾ ਦੀਆਂ ਬਰਕਤਾਂ ਤੇ ਪਾਣੀਆਂ ਦੇ ਖ਼ਜ਼ਾਨੇ ਦੀ ਉਸਤਤੀ ਕਰਦੀ ਸ਼ੈਰਨ ਨੂੰ ਟੋਕਦੀ ਹੈ ਤਾਂ ਉਸ ਦੇ ਧੁਰ ਅੰਦਰ ਵਿਚਲੀ ਪੀੜ੍ਹ ਬੋਲਦੀ ਹੈ; "ਮੰਨਦੇ ਪਈ ਇੱਥੋਂ ਦੀ ਸਮੁੰਦਰਾਂ, ਝੀਲਾਂ ਅਤੇ ਦਰਿਆਵਾਂ ਵਿੱਚ ਅਥਾਹ ਪਾਣੀ ਹੈ ਪਰ ਇੱਥੋਂ ਦੇ ਲੋਕਾਂ ਦੀਆਂ ਰੂਹਾਂ ਵਿੱਚ ਤਾਂ ਭੋਰਾ ਵੀ ਪਾਣੀ ਨਹੀਂ ਦੀਂਹਦਾ... ਬਸ ਖੁਸ਼ਕੀ ਹੀ ਖੁਸ਼ਕੀ ਏ ।"

'ਸੜਕਾਂ' ਕਹਾਣੀ ਵਿਚ ਪਰਵਾਸੀ ਦੰਪਤੀ ਅਜੀਤ ਸਿੰਘ ਤੇ ਸੁਰਿੰਦਰ ਕੌਰ ਦੀ ਮਾਨਸਿਕ ਸਥਿਤੀ ਵੀ ਭਾਵੁਕ ਅਲਗਾਅ ਵਾਲੀ ਹੈ। ਆਪਣੇ ਛੋਟੇ ਪੁੱਤਰ ਕਰਨ ਦੀ ਮੌਤ ਤੋਂ ਬਾਅਦ ਉਹ ਆਪਣੇ ਪਾਰਟਨਰ ਜੈਕ ਦੀ ਇਸ ਰਾਏ ਨਾਲ ਸਹਿਮਤ ਨਹੀਂ ਹੁੰਦੇ ਕਿ ਉਹ ਆਪਣੇ ਬੇਟੇ ਲੱਖੀ ਤੇ ਮੀਨੂੰ ਨਾਲ ਇੱਕੋ ਘਰ ਵਿੱਚ ਰਹਿਣ ਲੱਗ ਜਾਣ। ਅਜੀਤ ਸਿੰਘ ਨੂੰ ਜਾਪਿਆ ਕਿ ਉਸ ਦੇ ਪੁੱਤਰ ਤੇ ਨੂੰਹ ਦੇ ਲਾਈਫ ਸਟਾਈਲ ਵਿੱਚ ਏਨਾ ਫ਼ਰਕ ਆ ਚੁੱਕਾ ਹੈ ਕਿ ਹੁਣ ਇੱਕ ਛੱਤ ਥੱਲੇ ਇਕੱਠੇ ਰਹਿਣਾ ਸੰਭਵ ਨਹੀਂ। ਬਿਗਾਨੀ ਧਰਤੀ ਉਪਰ ਆਪਣੀ ਕਰੜੀ ਮਿਹਨਤ, ਸਿਆਣਪ ਤੇ ਦਿਆਨਤਦਾਰੀ ਨਾਲ ਇਕ ਸਫਲ ਟਰਾਂਸਪੋਰਟਰ ਬਣਨ ਦੇ ਬਾਵਜੂਦ ਅਜੀਤ ਸਿੰਘ ਆਪਣੇ ਪੁੱਤਰ ਤੇ ਪਰਿਵਾਰ ਦੇ ਹੁੰਦਿਆਂ ਸੁੰਦਿਆਂ ਧੁਰ ਅੰਦਰੋਂ ਇਕੱਲਾ ਹੈ। ਜੈਕ ਦੇ ਭਰਾਵਾਂ ਵਰਗਾ ਸਾਥ ਅਤੇ ਉਸਦੇ ਪਰਿਵਾਰ ਨਾਲ ਨਿੱਘੇ ਰਿਸ਼ਤੇ ਦੇ ਬਾਵਜੂਦ ਅਜੀਤ ਦੀ ਪਤਨੀ ਸੁਰਿੰਦਰ ਨੂੰ ਹਰ ਪਾਸੇ ਹਨੇਰਾ ਹੀ ਹਨੇਰਾ ਨਜ਼ਰ ਆਉਂਦਾ ਹੈ। ਜਰਨੈਲ ਸਿੰਘ ਦੀਆਂ ਇਨ੍ਹਾਂ ਕਹਾਣੀਆਂ ਦੀ ਸਾਂਝੀ ਰਮਜ਼ ਇਹ ਹੈ ਕਿ ਪੂੰਜੀਵਾਦੀ ਤਰਜ਼ ਦਾ ਵਿਕਾਸ ਬੰਦੇ ਦੇ ਮਾਨਸਿਕ ਸਕੂਨ, ਹੁਲਾਸ ਤੇ ਭਾਈਚਾਰਕ ਸਾਂਝ ਵਾਲੀਆਂ ਕੀਮਤਾਂ ਦੀ ਜ਼ਾਮਨੀ ਨਹੀਂ ਭਰਦਾ।

ਅਜੀਤ ਸਿੰਘ ਦੇ ਪਰਵਾਸ ਧਾਰਨ ਕਰਨ ਦੀ ਪਿੱਠਭੂਮੀ ਵਿੱਚ ਸਕੇ ਭਰਾ ਤੇ ਮਾਪਿਆਂ ਦੇ ਸੁਆਰਥ ਤੇ ਜ਼ਿਆਦਤੀ ਭਰੇ ਵਿਵਹਾਰ ਨੂੰ ਕਾਰਨ ਵਜੋਂ ਦੇਖਿਆ ਜਾ ਸਕਦਾ ਹੈ। ਕੈਨੇਡਾ ਪਹੁੰਚਣ ਉਪਰੰਤ ਤੇ ਫਿਰ ਪਰਿਵਾਰ ਨੂੰ ਵੀ ਸਥਾਪਿਤ ਕਰਨ ਦੇ ਆਹਰ ਵਿੱਚ ਉਸਦਾ ਪੁੱਤ-ਨੂੰਹ (ਲੱਖੀ ਤੇ ਮੀਨੂ) ਪੱਛਮੀ ਜੀਵਨ-ਸ਼ੈਲੀ ਨੂੰ ਅਪਣਾਉਂਦੇ, ਨਿੱਜੀ ਹਿੱਤਾਂ ਦੇ ਟਕਰਾਉ ਕਾਰਨ ਪਰਿਵਾਰ ਤੋਂ ਬਣਦਾ ਹਿੱਸਾ ਲੈ ਕੇ ਅਲਹਿਦਾ ਹੋ ਜਾਂਦੇ ਹਨ। ਪਰਵਾਸੀ ਪੰਜਾਬੀ ਮਾਪਿਆਂ ਨੂੰ ਦਰਪੇਸ਼ ਨਵੀਂ ਪੀੜ੍ਹੀ ਦੇ ਸੰਕਟ ਦੀ ਇਹ ਇੱਕ ਮਿਸਾਲ ਹੈ। ਅਮਰੀਕਨ ਡਰੀਮ ਦੀ ਪੂਰਤੀ ਵਿੱਚ ਉਸਦਾ ਸਾਥ ਛੋਟਾ ਪੁੱਤਰ ਕਰਨ ਦਿੰਦਾ ਹੈ। ਇਸ ਨਾਲ ਕਾਰੋਬਾਰ ਵਿੱਚ ਲਗਾਤਾਰ ਵਾਧਾ ਹੁੰਦਾ ਹੇ। ਪਰੰਤੂ ਤ੍ਰਾਸਦਿਕ ਸਥਿਤੀ ਉਸ ਸਮੇਂ ਉਤਪੰਨ ਹੁੰਦੀ ਹੈ ਜਦੋਂ ਕਰਨ ਇੱਕ ਸੜਕ ਹਾਦਸੇ ਵਿੱਚ ਬਾਕੀ ਸਾਥੀਆਂ ਨੂੰ ਬਹਾਦਰੀ ਦਾ ਪ੍ਰਗਟਾਵਾ ਕਰਦਾ ਮੌਤ ਦੇ ਮੂੰਹ ਵਿੱਚੋਂ ਕੱਢ ਲਿਆਉਂਦਾ ਹੈ ਪਰ ਖੁਦ ਇਸਦੀ ਚਪੇਟ ਵਿੱਚ ਆ ਜਾਂਦਾ ਹੈ। ਕਰਨ ਦੀ ਇਸ ਬਹਾਦਰੀ ਬਦਲੇ ਮਰਨ ਉਪਰੰਤ ਉਸ ਨੂੰ ਕੈਨੇਡਾ ਸਰਕਾਰ ਮੈਡਲ ਆਫ਼ ਬਰੇਵਰੀ ਨਾਲ ਸਨਮਾਨਿਤ ਕਰਦੀ ਹੈ ਜੋ ਕਿ ਕੈਨੇਡੀਅਨ ਪੰਜਾਬੀ ਸਮੁਦਾਇ ਲਈ ਮਾਣ ਵਾਲੀ ਗੱਲ ਹੋ ਨਿਬੜਦੀ ਹੈ। ਇਸ ਸਮੇਂ ਵੀ ਜੈਕ ਉਨ੍ਹਾਂ ਦੀਆਂ ਭਾਵਨਾਵਾਂ ਵਿੱਚ ਸ਼ਾਮਿਲ ਹੁੰਦਾ ਕਹਿੰਦਾ ਹੈ:

"ਆਪਾਂ ਨੂੰ ਮਾਣ ਹੈ ਕਿ ਆਪਣਾ ਕਰਨ ਅੱਜ ਕਨੇਡਾ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ `ਚ ਚਲਾ ਗਿਐ।"

ਇਸ ਕਹਾਣੀ ਰਾਹੀਂ ਲੇਖਕ ਟਰਕਿੰਗ ਦੇ ਕਾਰੋਬਾਰ ਵਿੱਚ ਸ਼ਾਮਿਲ ਪਰਵਾਸੀ ਪੰਜਾਬੀਆਂ ਦੀਆਂ ਘਾਟਾਂ, ਪ੍ਰਾਪਤੀਆ, ਸੰਘਰਸ਼ ਤੇ ਚੁਣੌਤੀਆਂ ਦਾ ਬਾਖ਼ੂਬੀ ਚਿਤਰਨ ਕਰਦਾ ਹੈ। 'ਸੜਕਾਂ' ਮੈਟਾਫ਼ਰ ਦੇ ਤੌਰ ਤੇ ਪ੍ਰਯੋਗ ਹੋਇਆ ਹੈ ਜੋ ਪੂੰਜੀਵਾਦੀ ਦੀ ਵਿਵਸਥਾ ਵਿੱਚ ਇਕ-ਦੂਸਰੇ ਤੋਂ ਅੱਗੇ ਲੰਘਣ ਦੀ ਨਿਰੰਤਰ ਲੱਗੀ ਦੌੜ ਨੂੰ ਦਰਸਾਉਂਦਾ ਹੈ ਤੇ ਇਹ ਦੌੜ ਹੀ ਅਜੋਕੇ ਮਨੁੱਖ ਦੀ ਜ਼ਿੰਦਗੀ ਦਾ ਮਨੋਰਥ ਬਣਕੇ ਰਹਿ ਗਈ ਹੈ।

ਅਜੋਕੇ ਵਿਸ਼ਵੀਕਰਨ ਦੇ ਵਰਤਾਰੇ ਨੇ ਆਪਣੀਆਂ ਸੀਮਾਵਾਂ ਦੇ ਬਾਵਜੂਦ ਪਾਰ ਰਾਸ਼ਟਰੀ ਸੱਭਿਆਚਾਰਕ ਸੰਵਾਦ ਦੀਆਂ ਸੰਭਾਵਨਾਵਾਂ ਨੂੰ ਹੁਲਾਰਾ ਦਿੱਤਾ ਹੈ। ਵਿੱਤੀ ਪੂੰਜੀ ਦੇ ਨਾਲ ਨਾਲ ਮਨੁੱਖੀ ਕਿਰਤ ਸ਼ਕਤੀ ਦਾ ਆਦਾਨ ਪ੍ਰਦਾਨ ਵੀ ਵਧਿਆ ਹੈ। ਭਾਵੇਂ ਕਿ ਸਰਮਾਏਦਾਰ ਲੋਕਾਂ ਨੇ ਆਪਣੇ ਉਦਯੋਗਾਂ ਦਾ ਰੁੱਖ ਤੀਜੇ ਸੰਸਾਰ ਦੇ ਵਿਕਸਤ ਮੁਲਕਾਂ ਵੱਲ ਕੀਤਾ ਹੈ ਜਿਥੇ ਲੇਬਰ ਸਸਤੀ ਹੈ ਪਰ ਅਜੇ ਵੀ ਵਿਕਸਿਤ ਮੁਲਕਾਂ ਵੱਲ ਤਕਨੀਕੀ ਪੱਖੋਂ ਹੁਨਰਮੰਦ ਕਾਮਿਆਂ ਦਾ ਪਰਵਾਸ ਜਾਰੀ ਹੈ। ਜਰਨੈਲ ਸਿੰਘ ਤੋਂ ਪਹਿਲੀ ਪਰਵਾਸੀ ਪੰਜਾਬੀ ਕਹਾਣੀ ਵਿੱਚ ਪਰਵਾਸੀਆਂ ਦੇ ਓਪਰੇ ਸੱਭਿਆਚਾਰਾਂ ਵਿੱਚ ਦਿਲੋਂ ਰਸ ਵੱਸ ਨਾ ਸਕਣ ਦਾ ਸੰਤਾਪ ਅਤੇ ਨਸਲੀ ਵਿਤਕਰੇ ਪ੍ਰਤੀ ਰੋਸ ਦੀ ਮੁਦਰਾ ਭਾਰੂ ਰਹੀ ਹੈ। ਜਰਨੈਲ ਸਿੰਘ ਪਰਵਾਸੀਆਂ ਦੇ ਪੱਛਮੀ ਸਮਾਜਾਂ ਵਿੱਚ ਰਚਣ ਮਿਚਣ ਦੇ ਅਮਲ, ਉਸ ਦੀਆਂ ਬਹੁ-ਆਯਾਮੀ ਦੁਸ਼ਵਾਰੀਆਂ ਅਤੇ ਉਸਦੇ ਦੂਰਗਾਮੀ ਪ੍ਰਭਾਵਾਂ ਦਾ ਚਿਤੇਰਾ ਹੈ। ਉਸ ਦੀ ਨਜ਼ਰ ਪੱਛਮ ਦੇ ਬਹੁ ਸਭਿਆਚਾਰੀ ਸਮਾਜਾਂ ਨਾਲ ਖਹਿਸਰਦੇ ਪਰਵਾਸੀਆਂ ਦੇ ਮਨੋ ਸਮਾਜਿਕ ਤਣਾਵਾਂ ਤੇ ਸੰਵਾਦ ਦੀਆਂ ਸੰਭਾਵਨਾਵਾਂ ਉਪਰ ਰਹਿੰਦੀ ਹੈ। ਸਮਾਜ-ਵਿਗਿਆਨ ਦੀ ਦ੍ਰਿਸ਼ਟੀ ਤੋਂ ਦੇਖਿਆਂ ਕੈਨੇਡਾ ਵਿੱਚ ਪਹਿਤੇ ਪੜਾਅ ਦੇ ਪਰਵਾਸੀ ਪੰਜਾਬੀ ਜਿਥੇ 'ਅਪਾਰਥੀਡ' ਦੇ ਮਾਡਲ ਨੂੰ ਗ੍ਰਹਿਣ ਕਰਦੇ ਹੋਏ ਪੱਛਮੀ ਸਭਿਆਚਾਰ ਦੀ ਮੁੱਖਧਾਰਾ ਨਾਲੋਂ ਤਕਰੀਬਨ ਅਲਹਿਦਾ ਹੋਣ ਲਈ ਮਜਬੂਰ ਸਨ ਉਥੇ ਅਜੋਕੇ ਸਮੇਂ ਵਿੱਚ ਮੁੱਖਧਾਰਾ ਦੇ ਲੋਕਾਂ ਨਾਲ ਵਿਵਹਾਰਕ ਤੇ ਸਮਾਜਿਕ ਸਾਂਝ ਸਥਾਪਿਤ ਕਰਦੇ ਦਿਖਾਈ ਦਿੰਦੇ ਹਨ। ਇਸਦੀ ਮਿਸਾਲ "ਸੜਕਾਂ" ਕਹਾਣੀ ਦੇ ਪਰਵਾਸੀ ਪੰਜਾਬੀ ਪਾਤਰ ਅਜੀਤ ਤੇ ਮੁੱਖਧਾਰਾ ਨਾਲ ਸੰਬੰਧਿਤ ਪਾਤਰ ਜੈਕ ਦੇ ਆਪਸੀ ਸੰਬੰਧਾਂ ਦੇ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ। ਇਹ ਦੋਵੇਂ ਪਾਤਰ 'ਹੁੰਦਲ ਐਂਡ ਹੈਰੀਸਨ ਟਰਕਿੰਗ ਕੰਪਨੀ' ਦੇ ਨਾਂ ਹੇਠ ਇਕੱਠੇ ਕਾਰੋਬਾਰ ਕਰਦੇ, ਆਪਸੀ ਸਾਂਝ ਨਿਭਾਉਂਦੇ ਹੋਏ ਹਰੇਕ ਸੰਘਰਸ਼ ਤੇ ਚੁਣੌਤੀ ਦਾ ਵੀ ਇਕੱਠੇ ਸਾਹਮਣਾ ਕਰਦੇ ਹਨ। ਉਹ ਇਕ-ਦੂਸਰੇ ਦੇ ਸਭਿਆਚਾਰ ਦੀ ਇੱਜ਼ਤ ਕਰਦੇ, ਉਸ ਨੂੰ ਸਮਝਣ ਦੀ ਜਗਿਆਸਾ ਰੱਖਦੇ ਅਤੇ ਸੰਕਟਮਈ ਸਥਿਤੀਆਂ ਸਮੇਂ ਇਕ-ਦੂਸਰੇ ਨੂੰ ਸਹਾਰਾ ਦਿੰਦੇ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਸਾਰੇ ਵਰਤਾਰੇ ਵਿੱਚ ਉਨ੍ਹਾਂ ਦੇ ਪਰਿਵਾਰਾਂ ਦੀ ਸਾਂਝ ਤੇ ਸ਼ਮੂਲੀਅਤ ਵੀ ਮਹੱਤਵਪੂਰਨ ਹੈ। ਇਸੇ ਸੰਦਰਭ ਵਿੱਚ ਹੀ ਸਿੱਖ ਧਰਮ `ਚ ਸੇਵਾ ਤੇ ਈਸਾਈ ਧਰਮ `ਚ ਚੈਰਿਟੀ ਦੇ ਸਿਧਾਂਤਾਂ ਵਿੱਚ ਉਨ੍ਹਾਂ ਨੂੰ ਸੁਮੇਲਤਾ ਨਜ਼ਰ ਆਉਂਦੀ ਹੈ। ਜਿਥੇ ਗੁਰਬਾਣੀ ਵਿੱਚ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਦਾ ਸੰਕਲਪ ਹੈ ਉਥੇ ਈਸਾਈ ਮਤ ਵਿੱਚ 'ਲਵ ਇਜ਼ ਗੌਡ' ਦੇ ਸੰਕਲਪ ਨੂੰ ਸਾਹਮਣੇ ਰੱਖਦੇ ਹਨ। ਇਸੇ ਤਰ੍ਹਾਂ 'ਵੰਡ ਛਕੋ' ਦੇ ਸਮਵਿੱਥ ਹੀ ਫੂਡ-ਬੈਂਕਾਂ ਦੇ ਮਨੋਰਥ ਨੂੰ ਪ੍ਰਗਟਾਉਂਦੇ ਹਨ।

'ਸੜਕ' ਨਾਮੀ ਕਹਾਣੀ ਵਿੱਚੋਂ ਅਜੀਤ ਸਿੰਘ ਅਤੇ ਜੈਕ ਹੈਰੀਸਨ ਦੀ ਸਾਂਝੀ ਟਰਾਂਸਪੋਰਟ ਕੰਪਨੀ ਦੇ ਕਥਾ ਬਿਰਤਾਂਤ ਰਾਹੀਂ ਪੂਰਬੀ ਤੇ ਪੱਛਮੀ ਸੱਭਿਆਚਾਰਾਂ ਵਿੱਚ ਪੈਦਾ ਹੋ ਰਹੇ ਸੰਵਾਦ ਅਤੇ ਉਸ ਨਾਲ ਦੋਵਾਂ ਭਾਈਚਾਰਿਆਂ ਦੀ ਮਾਨਸਿਕਤਾ ਵਿੱਚ ਹੋ ਰਹੀ ਹਿਲਜੁਲ ਨੂੰ ਸੰਕੇਤਕ ਰੂਪ ਵਿੱਚ ਚਿਤਰਦਾ ਹੈ। ਸੜਕਾਂ ਦਾ ਚਿਹਨ ਬਹੁਤਰਫ਼ੀ ਸੰਵਾਦ ਤੋਂ ਉਤਪੰਨ ਹੁੰਦੀਆਂ ਅਸੀਮ ਸੰਭਾਵਨਾਵਾਂ ਦਾ ਸੂਚਕ ਹੈ।

## ਸਾਰ-ਅੰਸ਼

ਇਸ ਤਰ੍ਹਾਂ ਇਹ ਕਹਾਣੀਆਂ ਪੰਜਾਬੀ ਡਾਇਸਪੋਰਾ ਦੀ ਰੂਪ-ਵਿਧੀ ਅਤੇ ਸੁਭਾਅ ਨੂੰ ਪਹਿਚਾਨਣ ਦਾ ਸਫ਼ਲ ਯਤਨ ਕਰਦੀਆਂ ਹਨ। ਕਹਾਣੀਕਾਰ ਦੀ ਵਿਸ਼ੇਸ਼ਤਾ ਇਸ ਤੱਥ `ਚ ਸਹਿਜੇ ਦੀ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ ਕਿ ਇਨ੍ਹਾਂ ਕਹਾਣੀਆਂ ਦਾ ਵਸਤੂ ਕੇਵਲ ਪਰਵਾਸੀ ਪੰਜਾਬੀ ਸਮੁਦਾਇ ਨੂੰ ਦਰਪੇਸ਼ ਸਮੱਸਿਆਵਾਂ ਤਕ ਸੀਮਤ ਨਾ ਰਹਿ ਕੇ ਵਿਸ਼ਵ ਲਈ ਚੁਣੌਤੀ ਬਣੇ ਮਸਲਿਆਂ ਨੂੰ ਵੀ ਉਜਾਗਰ ਕਰਨ ਵੱਲ ਰੁਚਿਤ ਹੈ। ਇਸ ਵਿੱਚੋਂ ਹੀ ਲੇਖਕ ਦੀ ਵਿਸ਼ਵ-ਚੇਤਨਾ ਉਭਰਦੀ ਹੈ ਤੇ ਇਹ ਕਹਾਣੀ-ਸੰਗ੍ਰਹਿ ਪਰਵਾਸੀ ਪੰਜਾਬੀ ਗਲਪ ਸਾਹਿਤ ਦੀ ਨਿਸ਼ਚੇ ਹੀ ਇੱਕ ਪ੍ਰਾਪਤੀ ਹੋ ਨਿਬੜਦਾ ਹੈ। ਪੱਛਮੀ ਸਮਾਜਾਂ ਵਿੱਚ ਬਹੁ ਕੌਮੀ ਸੱਭਿਆਚਾਰਾਂ ਦੇ ਸੁਮੇਲ ਨਾਲ ਪੈਦਾ ਹੋ ਰਹੇ ਨਵੇਂ ਮਨੁੱਖੀ ਅਵਚੇਤਨ ਨੂੰ ਜਰਨੈਲ ਸਿੰਘ ਪਰਵਾਸੀਆਂ ਦੀ ਮਿਸ਼ਰਤ ਭਾਸ਼ਾ ਦੀ ਸੰਚਾਰ ਜੁਗਤਾਂ ਰਾਹੀਂ ਨਵੇਂ ਨਵਾਂ ਪਸਾਰ ਦੇਂਦਾ ਹੈ ਬਹੁ ਕੌਮੀ ਸੱਭਿਆਚਾਰਾਂ ਦੀ ਪੜਿੰਤ ਨਾਲ ਬਣ ਰਹੇ ਨਵਚੇਤਨ ਨੂੰ ਖਿੱਚੜੀ ਭਾਸ਼ਾ ਦੁਆਰਾ ਹੀ ਪ੍ਰਮਾਣਿਕ ਪ੍ਰਗਟਾਵਾ ਮਿਲ ਸਕਦਾ ਇਸ ਤੱਥ ਦਾ ਅਹਿਸਾਸ ਜਰਨੈਲ ਸਿੰਘ ਦੀਆਂ ਕਹਾਣੀਆਂ ਨੂੰ ਪੜ੍ਹਦਿਆਂ ਬਹੁਤ ਤੀਖਣ ਰੂਪ ਚਾਹੁੰਦਾ ਸੰਖੇਪ 'ਚ ਸਮਾਨਤਾ ਸੱਭਿਆਚਾਰਾਂ ਸਰੰਚਨਾਵਾਂ ਦੇ ਦਵੰਦ ਸੰਬੰਧ ਨਾਲ ਪਣ ਵੱਟ ਰਹੀ ਮਾਨਸਿਕਤਾ ਦੇ ਜਟਿਲ ਸੱਚ ਨੂੰ ਸਮਾਨਾਂਤਰ ਕਥਾ ਲੜੀਆਂ ਵਾਲੇ ਬਿਰਤਾਂਤ ਖੇਸਰ ਦੇ ਪਾਤਰਾਂ ਸਥਿਤੀਆਂ ਪ੍ਰਸਥਿਤੀਆਂ ਅਤੇ ਮਿਸ਼ਰਤ ਭਾਸ਼ਾਈ ਉਚਾਰਨ ਦੀਆਂ ਜੁਗਤਾਂ ਰਾਹੀਂ ਰੂਪਮਾਨ ਕੀਤਾ ਜਾ ਸਕਦੈ ਜਰਨੈਲ ਸਿੰਘ ਦੇ ਗਲਪ ਸੰਗਠਨ ਦੀ ਵਿਲੱਖਣਤਾ ਹੈ।

## ਕੇਂਦਰੀ ਸ਼ਬਦ

- **ਤਾਅਲੁੱਕ:** ਸੰਬੰਧ/ਰਿਸ਼ਤਾ
- **ਡਾਇਸਪੋਰਾ**: ਪਰਵਾਸ
- **ਸਮਾਨਾਂਤਰ**: ਬਰਾਬਰ
- **ਮੈਟਾਫ਼ਰ**: ਰੂਪਕ

## ਸਵੈ-ਮੁਲਾਂਕਣ

1. ਜਰਨੈਲ ਸਿੰਘ ਪੰਜਾਬੀ ਸਾਹਿਤ ਜਗਤ ਵਿੱਚ ਇਕ ............. ਵਜੋਂ ਜਾਣਿਆ ਪਛਾਣਿਆ ਨਾਮ ਹੈ।

ੳ) ਨਾਟਕਕਾਰ

ਅ) ਵਾਰਤਕਕਾਰ

ੲ) ਕਹਾਣੀਕਾਰ

ਸ) ਕਵੀ

2. ਗਲੋਬਲੀ ਸੰਦਰਭ ਵਿੱਚ ਪੈਦਾ ਹੋਈਆਂ ਨਵੀਆਂ ਰਾਜਸੀ, ਆਰਥਿਕ, ਸਮਾਜਿਕ, ਸੱਭਿਆਚਾਰਕ ਅਤੇ ਨੈਤਿਕ ਵੰਗਾਰਾਂ ਦੇ ਪ੍ਰਤੀਉੱਤਰ ਤਲਾਸ਼ਦੀਆਂ ਕਹਾਣੀਆਂ ਦਾ ਕਿਹੜਾ ਜੁੱਟ ਸਹੀ ਹੈ?

ੳ) ਪਾਣੀ ਅਤੇ ਟਾਵਰਜ਼

ਅ) ਗੁਆਚੇ ਲੋਕ ਅਤੇ ਬਰਫ਼ ਤੇ ਦਰਿਆ

ੲ) ਪਾਣੀ ਅਤੇ ਸੜਕਾਂ

ਸ) ਟਾਵਰਜ਼ ਅਤੇ ਬਰਫ਼ ਤੇ ਦਰਿਆ

3. "ਮਾਮ ਜ਼ਿੰਦਗੀ ਕਿਨਾਰੇ ਤੇ ਬੈਠ ਕੇ ਜੀਣ ਵਾਲੀ ਚੀਜ਼ ਨਹੀਂ, ਜੋ ਮਜ਼ਾ ਪਾਣੀ ਵਿੱਚ ਕੁੱਦਣ, ਪਾਣੀ ਵਿੱਚ ਖਹਿਣ ਖੇਡਣ ਅਤੇ ਪਾਣੀ ਤੇ ਸਵਾਰ ਹੋਣ ਵਿੱਚ ਆਉਂਦਾ ਹੈ, ਉਹ ਕਿਨਾਰਿਆਂ ਤੇ ਬੈਠ ਕੇ ਨਹੀਂ ਆ ਸਕਦਾ।" ਇਹ ਵਾਰਤਾਲਾਪ ਕਿਸ ਕਹਾਣੀ ਵਿਚੋਂ ਲਏ ਗਏ ਹਨ?

ੳ) ਟਾਵਰਜ਼

ਅ) ਪਾਣੀ

ੲ) ਸੜਕਾਂ

ਸ) ਗੁਆਚੇ ਲੋਕ

4. 'ਸੜਕਾਂ' ਕਹਾਣੀ ਵਿਚ ਪਰਵਾਸੀ ਦੰਪਤੀ.....ਦੀ ਮਾਨਸਿਕ ਸਥਿਤੀ ਵੀ ਭਾਵੁਕ ਅਲਗਾਅ ਵਾਲੀ ਹੈ।

ੳ) ਅਜੀਤ ਸਿੰਘ ਤੇ ਸੁਰਿੰਦਰ ਕੌਰ

ਅ) ਬਲਦੇਵ ਸਿੰਘ ਅਤੇ ਸੁਖਜੀਤ ਕੌਰ

ੲ) ਵਿਲੀਅਮ ਅਤੇ ਐਂਜਲਾ

ਸ) ਰਾਜੂ ਅਤੇ ਸ਼ੈਰਨ

5. 'ਗੁਆਚੇ ਲੋਕ' ਕਹਾਣੀ ਦਾ ਪਾਤਰ ਸ਼ਮਸ਼ੇਰ ਸਿੰਘ ......ਦੀ ਬਿਮਾਰੀ ਨਾਲ ਪੀੜ੍ਹਤ ਹੈ।

ੳ) ਦਿਲ

ਅ) ਲਿਵਰ

ੲ) ਗੁਰਦੇ

ਸ) ਅੱਖਾਂ

6. ... ਦੀ ਇਸ ਬਹਾਦਰੀ ਬਦਲੇ ਮਰਨ ਉਪਰੰਤ ਉਸ ਨੂੰ ਕੈਨੇਡਾ ਸਰਕਾਰ ਮੈਡਲ ਆਫ਼ ਬਰੇਵਰੀ ਨਾਲ ਸਨਮਾਨਿਤ ਕਰਦੀ ਹੈ।

ੳ) ਡੈਨਿਸ

ਅ) ਸਟੇਸੀ

ੲ) ਕਰਨ

ਸ) ਰਾਜੂ

7. 'ਸੜਕਾਂ' ਕਹਾਣੀ ਰਾਹੀਂ.....ਦੇ ਕਾਰੋਬਾਰ ਵਿੱਚ ਸ਼ਾਮਿਲ ਪਰਵਾਸੀ ਪੰਜਾਬੀਆਂ ਦੀਆਂ ਘਾਟਾਂ, ਪ੍ਰਾਪਤੀਆ, ਸੰਘਰਸ਼ ਤੇ ਚੁਣੌਤੀਆਂ ਦਾ ਬਾਖ਼ੂਬੀ ਚਿਤਰਨ ਕਰਦਾ ਹੈ

ੳ) ਟਰਕਿੰਗ

ਅ) ਗਰੋਸਰੀ ਸਟੋਰ

ੲ) ਹੋਟਲ

ਸ) ਰਾਜਨੀਤੀ

8. ਸਕੂਲੀ ਸਿੱਖਿਆ ਖਤਮ ਹੋਣ ਦੇ ਝੱਟ ਪਿੱਛੋਂ 1962 ਵਿਚ ਜਰਨੈਲ ਸਿੰਘ .....ਵਿਚ ਭਰਤੀ ਹੋ ਗਿਆ ਸੀ

ੳ) ਪੰਜਾਬ ਪੁਲਿਸ

ਅ) ਇੰਡੀਅਨ ਆਰਮੀ

ੲ) ਇੰਡੀਅਨ ਏਅਰ ਫ਼ੋਰਸ

ਸ) ਇੰਡੀਅਨ ਨੇਵੀ

9. ਜਰਨੈਲ ਸਿੰਘ ਦਾ ਪਲੇਠਾ ਪਰਵਾਸੀ ਪੰਜਾਬੀ ਕਹਾਣੀ ਸੰਗ੍ਰਹਿ ...... ਹੈ

ੳ) ਟਾਵਰਜ਼

ਅ) ਮੈਨੂੰ ਕੀ

ੲ) ਮਨੁੱਖ ਤੇ ਮਨੁੱਖ

ਸ) ਦੋ ਟਾਪੂ

10. 'ਟਾਵਰਜ਼' ਕਹਾਣੀ ਸੰਗ੍ਰਹਿ ਵਿਚ ਕਹਾਣੀਆਂ ਦੀ ਗਿਣਤੀ .....ਹੈ

ੳ) ਪੰਜ

ਅ) ਸੱਤ

ੲ) ਬਾਰ੍ਹਾਂ

ਸ) ਵੀਹ

11. ਜਰਨੈਲ ਸਿੰਘ ਦਾ ਪਲੇਠਾ ਪੰਜਾਬੀ ਕਹਾਣੀ ਸੰਗ੍ਰਹਿ ...... ਵਿੱਚ ਪ੍ਰਕਾਸ਼ਿਤ ਹੋਇਆ।

ੳ) 1981

ਅ) 1983

ੲ) 1987

ਸ) 1999

12. ਜਰਨੈਲ ਸਿੰਘ ਨੇ ਕਿਸ ਦੇਸ ਦਾ ਪਰਵਾਸੀ ਪੰਜਾਬੀ ਕਹਾਣੀਕਾਰ ਹੋਣ ਵਜੋ ਪਹਿਚਾਣ ਹਾਸਿਲ ਕੀਤੀ ਹੈ?

ੳ) ਅਮਰੀਕਾ

ਅ) ਅਸਟ੍ਰੇਲੀਆ

ੲ) ਬਰਤਾਨੀਆ

ਸ) ਕੈਨੇਡਾ

13. ਪਰਵਾਸ ਧਾਰਨ ਤੋਂ ਪਹਿਲਾਂ ਜਰਨੈਲ ਸਿੰਘ ਨੇ .........ਵਜੋਂ ਵੀ ਨੌਕਰੀ ਕੀਤੀ।

ੳ) ਇੰਡੀਅਨ ਏਅਰ ਫੋਰਸ ਅਫ਼ਸਰ

ਅ) ਬੈਂਕ ਅਕਾਊਂਟੈਂਟ

ੲ) ਸਕੂਲ ਅਧਿਆਪਕ

ਸ) ਏਜੰਟ

14. ਜਰਨੈਲ ਸਿੰਘ ਨੇ ਕਿਸ ਸਾਲ ਪਰਵਾਸ ਧਾਰਨ ਕੀਤਾ ਸੀ। 1988 ਵਿੱਚ ......

ੳ) 1981

ਅ) 1983

ੲ) 1987

ਸ) 1988

15. 'ਟਾਵਰਜ਼' ਕਹਾਣੀ ਸੰਗ੍ਰਹਿ ਦਾ ਪ੍ਰਕਾਸ਼ਨ ਸਾਲ ਕਿਹੜਾ ਹੈ?

ੳ) 1981

ਅ) 1999

ੲ) 2005

ਸ) 2014

## ਸਵੈ-ਮੁਲਾਂਕਣ ਦਾ ਉੱਤਰ

**1. ੲ** **2 ਸ** **3.ੲ** **4. ੳ** **5. ਅ**

| | | | | |
|---|---|---|---|---|
| **6. ੲ** | **7. ੳ** | **8. ੲ** | **9. ਸ** | **10. ੳ** |
| **11. ੳ** | **12. ਸ** | **13. ਅ** | **14. ਸ** | **15. ੲ** |

## ਅਭਿਆਸ ਪ੍ਰਸ਼ਨ

1. ਜਰਨੈਲ ਸਿੰਘ ਦੇ ਜੀਵਨ, ਸਾਹਿਤਕ ਸਫ਼ਰ ਅਤੇ ਰਚਨਾਤਮਿਕ ਦ੍ਰਿਸ਼ਟੀ ਦਾ ਵਰਣਨ ਕਰੋ।

2. ਜਰਨੈਲ ਸਿੰਘ ਦਾ ਪਰਵਾਸੀ ਪੰਜਾਬੀ ਕਹਾਣੀ ਵਿੱਚ ਸਥਾਨ ਨਿਰਧਾਰਿਤ ਕਰੋ।

3. 'ਟਾਵਰਜ਼' ਕਹਾਣੀ ਸੰਗ੍ਰਹਿ ਦੇ ਆਧਾਰ 'ਤੇ ਜਰਨੈਲ ਸਿੰਘ ਦੇ ਪਰਵਾਸੀ ਸਰੋਕਾਰਾਂ ਨੂੰ ਬਿਆਨ ਕਰੋ।

4. ਜਰਨੈਲ ਸਿੰਘ ਅੰਤਰ-ਰਾਸ਼ਟਰੀ ਮਸਲਿਆਂ ਨੂੰ ਆਪਣੀਆਂ ਕਹਾਣੀਆਂ ਵਿੱਚ ਥੀਮਕ ਸਰੋਕਾਰਾਂ ਵਜੋਂ ਸਾਕਾਰ ਕਰਦਾ ਹੈ; ਸਿੱਧ ਕਰੋ।

5. 'ਟਾਵਰਜ਼' ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਰਾਹੀਂ ਜਰਨੈਲ ਸਿੰਘ ਮਾਨਵਵਾਦੀ ਸੋਚ ਦਾ ਪਾਸਾਰ ਕਰਦਾ ਹੈ; ਮਿਸਾਲਾਂ ਦੇਕੇ ਸਪੱਸ਼ਟ ਕਰੋ।

## Further Reading

- ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ ਟਾਵਰਜ਼: ਵਸਤੂ, ਵਿਧੀ ਅਤੇ ਦ੍ਰਿਸ਼ਟੀ, (ਸੰਪਾ.) ਡਾ. ਕਰਮਜੀਤ ਸਿੰਘ, ਡਾ. ਹਰਸਿਮਰਨ ਸਿੰਘ ਰੰਧਾਵਾ, ਐਮ.ਪੀ. ਪ੍ਰਕਾਸ਼ਨ, ਦਿੱਲੀ, 2006.

## Online Links

- http://globalpunjabi.com/index.php?option=com_k2&view=item&id=187:tower-de-samyasa&Itemid=1
- https://dhahanprize.com/pa/book-author/%E0%A8%9C%E0%A8%B0%E0%A8%A8%E0%A9%88%E0%A8%B2-%E0%A8%B8%E0%A8%BF%E0%A9%B0%E0%A8%98/
- http://panjabialochana.com/yahoo_site_admin1/assets/docs/Jarnail_Singh_da_Kahani_Sangrah_Towers.272100151.pdf

# Unit 08: ਕਹਾਣੀ ਸੰਗ੍ਰਿਹ 'ਟਾਵਰਜ਼': ਕਲਾਤਮਕ ਸੰਗਠਨ

**ਵਿਸ਼ਾ-ਵਸਤੂ**

**ਉਦੇਸ਼**

**ਜਾਣ-ਪਛਾਣ**

**1.1 ਵਿਧਾਗਤ ਰੂਪ**

**1.2 ਬਿਰਤਾਂਤਕਾਰ ਦੀ ਸਥਿਤੀ**

**1.3 ਕਥਾਨਕ**

**1.4 ਪਾਤਰ-ਉਸਾਰੀ**

**1.5 ਵਿਰੋਧਾਭਾਸ਼ਾਂ ਅਤੇ ਚਿਹਨਾਂ ਦੀ ਵਰਤੋਂ**

**1.6 ਖੁੱਲ੍ਹਾ ਅੰਤ**

**1.7 ਭਾਸ਼ਾ**

**ਸਾਰਾਂਸ਼**

**ਕੇਂਦਰੀ ਸ਼ਬਦ**

**ਸਵੈ-ਮੁਲਾਂਕਣ**

**ਸਵੈ-ਮੁਲਾਂਕਣ ਲਈ ਉੱਤਰ**

**ਅਭਿਆਸ ਪ੍ਰਸ਼ਨ**

**ਸੰਦਰਭ ਪੁਸਤਕਾਂ**

## ਉਦੇਸ਼

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

- 'ਟਾਵਰਜ਼' ਕਹਾਣੀ ਸੰਗ੍ਰਿਹ ਦੇ ਵਿਧਾਗਤ ਰੂਪ ਦੀ ਪਹਿਚਾਣ ਕਰਨ ਦੇ ਯੋਗ ਹੋਣਗੇ
- ਕਹਾਣੀ ਸੰਗ੍ਰਿਹ ਵਿਚਲੀ ਕਲਾਤਮਕ ਜੁਗਤਾਂ ਦਾ ਮੁਲਾਂਕਣ ਕਰਨ ਦੇ ਕਾਬਿਲ ਹੋਣਗੇ
- ਜਰਨੈਲ ਸਿੰਘ ਦੀਆਂ ਕਹਾਣੀਆਂ ਦੀ ਭਾਸ਼ਾ ਦਾ ਸਰੂਪ ਨਿਰਧਾਰਿਤ ਕਰਨ ਦੇ ਸਮਰੱਥ ਹੋਣਗੇ

## 1.1 ਵਿਧਾਗਤ ਰੂਪ

'ਟਾਵਰਜ਼' ਕਹਾਣੀ ਸੰਗ੍ਰਿਹ ਵਿਚ 'ਟਾਵਰਜ਼', 'ਪਾਣੀ', 'ਗੁਆਚੇ ਲੋਕ', 'ਬਰਫ਼ ਦੇ ਦਰਿਆ' ਅਤੇ 'ਸੜਕਾਂ' ਕੁੱਲ ਪੰਜ ਕਹਾਣੀਆਂ ਸ਼ਾਮਲ ਹਨ। ਇਹ ਕਹਾਣੀਆਂ ਆਕਾਰ ਪੱਖੋਂ ਵੱਡੀਆਂ ਅਤੇ ਮਿਆਰ ਪੱਖੋਂ ਹੋਰ ਉੱਚੀਆਂ ਪਹੁੰਚ ਜਾਂਦੀਆਂ ਹਨ। ਪਰਵਾਸੀ ਜੀਵਨ ਦੇ ਵੇਰਵਿਆਂ ਤੋਂ ਇਲਾਵਾ ਇਸ ਸੰਗ੍ਰਿਹ ਦੀਆਂ ਕਹਾਣੀਆਂ ਪੱਛਮੀ ਜੀਵਨ ਦੇ ਦੁਖਾਂਤਕ ਵੇਰਵਿਆਂ ਨੂੰ ਵੀ ਵਸਤੂ ਦਾ ਆਧਾਰ ਬਣਾਉਣ ਵੱਲ ਰੁਚਿਤ ਹਨ। 'ਟਾਵਰਜ਼' ਕਹਾਣੀ ਟਾਵਰਾਂ ਉੱਤੇ ਹੋਏ ਅਤਿਵਾਦੀ ਹਮਲੇ ਨਾਲ ਸਬੰਧਤ ਹੈ ਜੋ ਅਮਰੀਕਾ ਦੇ ਸਮਾਜਿਕ ਮਸਲੇ ਅਤੇ ਰਾਜਨੀਤਿਕ ਕੂਟਨੀਤੀਆਂ ਦਾ ਖੁੱਲ੍ਹ ਕੇ ਵਰਨਣ ਕਰਦੀ ਹੈ। ਜਰਨੈਲ ਸਿੰਘ ਦਾ ਮੁੱਖ ਉਦੇਸ਼ ਮਾਨਵਤਾ ਦਾ ਭਲਾ ਲੋਚਣਾ ਹੈ।

ਇਸ ਸੰਗ੍ਰਹਿ ਦੀਆਂ ਰਚਨਾਵਾਂ ਬਾਰੇ ਵਿਧਾ ਸ਼ਾਸਤਰ ਦਾ ਸਵਾਲ ਖੜ੍ਹਾ ਕਰਦਾ ਹੈ। ਇਨ੍ਹਾਂ ਰਚਨਾਵਾਂ ਦੀ ਪਹਿਲੀ ਪਰਤ ਤੋਂ ਹੀ ਕਹਾਣੀ ਸ਼ਾਸਤਰ ਦੀਆਂ ਮਾਨਤਾਵਾਂ ਬਾਰੇ ਸੰਵਾਦ ਦੀ ਸਥਿਤੀ ਉਤਪੰਨ ਹੋ ਜਾਂਦੀ ਹੈ। ਇਸ ਸੰਵਾਦ ਦਾ ਸਬੱਬ ਇਹ ਨਹੀਂ ਕਿ ਇਸ ਪੁਸਤਕ ਦੀਆਂ ਰਚਨਾਵਾਂ ਲੰਮੇ ਆਕਾਰ ਦੀਆਂ ਹਨ। ਪੁਸਤਕ ਵਿੱਚ ਕੇਵਲ ਪੰਜ ਰਚਨਾਵਾਂ 'ਟਾਵਰਜ਼', 'ਪਾਣੀ', 'ਗੁਆਚੇ ਲੋਕ', 'ਬਰਫ਼ ਤੇ ਦਰਿਆ' ਅਤੇ 'ਸੜਕਾਂ' ਸ਼ਾਮਲ ਹਨ ਜੋ ਲਗਭਗ ਇੱਕ ਸੌ ਅਠਾਈ ਪੰਨਿਆਂ ਉਪਰ ਅੰਕਤ ਹਨ। ਨਿਸ਼ਚੇ ਹੀ ਪੰਜਾਬੀ ਵਿੱਚ ਪ੍ਰਾਪਤ ਵਧੇਰੇ ਕਹਾਣੀਆਂ ਦੀ ਤੁਲਨਾ ਵਿੱਚ ਇਨ੍ਹਾਂ ਦੀ ਲੰਬਾਈ ਜ਼ਿਆਦਾ ਹੈ ਪ੍ਰੰਤੂ ਸੰਵਾਦ ਦਾ ਨੁਕਤਾ ਇਹ ਹੈ ਕਿ ਲੰਮੇ ਆਕਾਰ ਦੇ ਬਾਵਜੂਦ ਕੋਈ ਗਲਪ ਰਚਨਾ ਨਿੱਕੀ ਕਹਾਣੀ ਦੇ ਦਾਇਰੇ ਦੀ ਵਸਤ ਕਿਵੇਂ ਬਣਦੀ ਹੈ? ਕਿਸੇ ਗਲਪ ਰਚਨਾ ਵਿੱਚ ਵੇਰਵਿਆਂ ਦਾ ਵਿਸਥਾਰ ਕਿਸ ਭਾਂਤ ਦੀ ਰੂਪ ਰਚਨਾ ਵਿਚ ਢਲੇ ਕਿ ਇਸ ਨੂੰ ਕਹਾਣੀ ਦੀ ਸੰਗਿਆ ਦਿੱਤੀ ਜਾ ਸਕੇ? ਕਹਾਣੀ ਸ਼ਾਸਤਰ ਦੀ ਮਾਨਤਾ ਮੁਤਾਬਿਕ ਕਿਸੇ ਵੀ ਕਹਾਣੀ ਦਾ ਫੋਕਲ ਬਿੰਦੂ ਇੱਕ ਹੀ ਹੁੰਦਾ ਹੈ। ਲਿਹਾਜ਼ਾ ਲੰਮੇ ਆਕਾਰ ਦੇ ਰੂਪ ਵਿੱਚ ਸਿਰਜੇ ਗਏ ਸਾਰੇ ਵੇਰਵੇ ਵੀ ਫੋਕਲ ਬਿੰਦੂ ਵੱਲ ਸੇਧਤ ਹੁੰਦੇ ਹਨ। ਪਰੰਤੂ 'ਟਾਵਰਜ਼' ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਵਿਚਲੇ ਥੀਮਕ ਸਰੋਕਾਰ, ਪਾਤਰਾਵਲੀ, ਬਣਤਰ-ਬੁਣਤਰ ਤੇ ਦ੍ਰਿਸ਼ਟੀ ਦੇ ਪੱਖ ਤੋਂ ਬਹੁਤ ਕੁਝ ਅਜਿਹਾ ਰੂਪਮਾਨ ਹੁੰਦਾ ਹੈ ਜੋ ਇਸ ਨੂੰ ਅਤਿ ਗੁੰਝਲਦਾਰ ਭਾਂਤ ਦੇ ਬਿਰਤਾਂਤਾਂ ਦੇ ਰੂਪ ਵਿੱਚ ਸ਼ਾਮਿਲ ਕਰ ਦਿੰਦਾ ਹੈ।

ਅਜਿਹੇ ਸਰੂਪ ਵਾਲੀਆਂ ਗਾਲਪਨਿਕ ਰਚਨਾਵਾਂ ਲਈ ਇੱਕ ਪਰਤ ਕਾਫ਼ੀ ਨਹੀਂ ਹੁੰਦੀ ਲਿਹਾਜ਼ਾ ਸਰੋਕਾਰਿਕ ਅਤੇ ਵਿਧਾਗਤ ਬਿੰਦੂਆਂ ਨੂੰ ਪਕੜਣ ਲਈ ਧੀਮੀ ਗਤੀ ਨਾਲ ਕੀਤੀਆਂ ਇੱਕ ਤੋਂ ਵਧੇਰੇ ਪਰਤਾਂ ਚਾਹੀਦੀਆਂ ਹਨ। ਮਿਸਾਲ ਦੇ ਤੌਰ 'ਤੇ ਸੰਗ੍ਰਹਿ ਦੀ ਪ੍ਰਥਮ ਰਚਨਾ 'ਟਾਵਰਜ਼' ਦੇਖੀ ਜਾ ਸਕਦੀ ਹੈ ਜਿਸ ਦਾ ਆਰੰਭ ਚਾਹੇ ਨਿਊਯਾਰਕ ਦੇ ਇਕ ਕਿੰਡੋਮਿਨੀਮਮ ਦੀ ਬਤਾਲਵੀਂ ਮੰਜ਼ਿਲ 'ਤੇ ਰਹਿੰਦੀ ਇਕ ਦਮਅੰਤੀ ਦੀ ਘੋਰ ਦੁਖਦਾਈ ਮਾਨਸਿਕ ਅਵਸਥਾ ਤੋਂ ਹੁੰਦਾ ਹੈ ਪਰ ਜਿਉਂ-ਜਿਉਂ ਬਿਰਤਾਂਤ ਅੱਗੇ ਵਧਦਾ ਹੈ ਇਸ ਦਾ ਫੈਲਾਓ ਤ੍ਰੈਕਾਲ ਦੀਆਂ ਕਈ ਦਿਸ਼ਾਵਾਂ ਨੂੰ ਗਾਹੁੰਦਾ ਨਜ਼ਰ ਆਉਂਦਾ ਹੈ। ਵਿਲੀਅਮ ਤੇ ਐਂਜਲਾ ਦੇ ਜਵਾਨ ਧੀ ਅਤੇ ਪੁੱਤਰ ਕ੍ਰਮਵਾਰ ਨਾਈਨ ਇਲੈਵਨ ਦੇ ਹਾਦਸੇ ਅਤੇ ਇਰਾਕ ਦੀ ਲੜਾਈ ਵਿੱਚ ਮਾਰੇ ਜਾਂਦੇ ਹਨ। ਇਸ ਨਾਲ ਉਨ੍ਹਾਂ ਦੀ ਜ਼ਿੰਦਗੀ ਦੀ ਭਰਪੂਰਤਾ ਬੱਚਿਆਂ ਨਾਲ ਹੋਣ ਦੀ ਸੰਕਲਪਨਾ ਖੇਰੂੰ ਖੇਰੂੰ ਹੋ ਜਾਂਦੀ ਹੈ। ਬਿਰਤਾਂਤ ਵਿੱਚ ਉਨ੍ਹਾਂ ਦੇ ਸੰਤਾਪ ਨੂੰ ਡੂੰਘੀ ਮਾਨਵੀ ਸੰਵੇਦਨਾ ਨਾਲ ਨਿਰੂਪਤ ਕੀਤਾ ਗਿਆ ਹੈ। ਇਸ ਨਿਰੂਪਣ ਦਾ ਵਿਸਥਾਰ ਮੁੱਖ ਪਾਤਰਾਂ ਦੀਆਂ ਚਾਰ ਪੀੜ੍ਹੀਆਂ ਨੂੰ ਆਪਣੇ ਕਲਾਵੇ ਵਿੱਚ ਲੈਂਦੇ ਮੁੱਖ ਪਾਤਰ ਦੇ ਪਿਛੋਕੜ ਨੂੰ ਉਨ੍ਹਾਂ ਦੇ ਬਚਪਨ, ਜਵਾਨੀ, ਵਿੱਦਿਆ, ਸੁਭਾਅ, ਕਿੱਤੇ ਅਤੇ ਆਪਸੀ ਰਿਸ਼ਤਿਆਂ ਦੇ ਪੱਖ ਤੋਂ ਬਰੀਕੀ ਨਾਲ ਉਲੀਕਿਆ ਗਿਆ ਹੈ। ਨਿੱਕੀ ਕਹਾਣੀ ਵਿਚ ਅਕਸਰ ਚੰਦ ਵੇਰਵਿਆਂ ਦੀਆਂ ਸ਼ਬਦ ਛੋਹਾਂ ਰਾਹੀਂ ਪਾਤਰਾਂ ਦੇ ਸੁਭਾਅ ਦੇ ਕਿਸੇ ਇਕ ਅੱਧ ਲੱਛਣ ਨੂੰ ਉਜਾਗਰ ਕੀਤਾ ਜਾਂਦਾ ਹੈ ਅਤੇ ਜੇਕਰ ਵੇਰਵਿਆਂ ਦਾ ਵਿਸਥਾਰ ਹੋਵੇ ਵੀ ਤਾਂ ਵੀ ਇਹ ਉਸ ਇਕ ਅੱਧ ਲੱਛਣ ਨੂੰ ਦ੍ਰਿੜ੍ਹ ਕਰਨ ਵਾਲਾ ਹੁੰਦਾ ਹੈ। ਪਰ ਇਸ ਸੰਗ੍ਰਹਿ ਦੀਆਂ ਬਿਰਤਾਂਤਕ ਰਚਨਾਵਾਂ ਵਿੱਚ ਵਿਭਿੰਨ ਪਾਤਰਾਂ ਦਾ ਵਿਅਕਤਿਤਵ ਪੜਾਅ ਦਰ ਪੜਾਅ ਉੱਭਰਦਾ ਹੈ ਜੋ ਕਿ ਜ਼ਿਆਦਾਤਰ ਨਾਵਲਿਟ ਜਾਂ ਨਾਵਲ ਵਰਗੀਆਂ ਰਚਨਾਵਾਂ ਵਿੱਚ ਹੀ ਸੰਭਵ ਹੈ। 'ਟਾਵਰਜ਼' ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਵੱਡੇ ਕੈਨਵਸ ਵਾਲੇ ਬਿਰਤਾਂਤ ਵਾਲੀਆਂ ਹਨ ਅਤੇ ਇਸ ਤੋਂ ਬਿਨਾਂ ਇਹਨਾਂ ਵਿੱਚੋ ਕਈ ਕਹਾਣੀਆਂ ਵਿੱਚ ਪਾਤਰਾਂ ਦੀ ਵੱਡੀ ਗਿਣਤੀ ਨੂੰ ਪ੍ਰਸਤੁਤ ਕੀਤਾ ਗਿਆ ਹੈ ਜੋ ਕਿਤੇ ਨਾ ਕਿਤੇ ਇਸਦੇ ਵਿਧਾਗਤ ਸਰੂਪ ਨੂੰ ਨਿਰਧਾਰਿਤ ਅਤੇ ਪ੍ਰਭਾਸ਼ਿਤ ਕਰਨ ਸੁਚੇਤ ਪਾਠਕ ਅਤੇ ਆਲੋਚਕ ਲਈ ਇੱਕ ਦੁਬਿਧਾਮੂਲਕ ਮਸਲਾ ਸਿੱਧ ਹੋ ਸਕਦਾ ਹੈ।

## 1.2 ਬਿਰਤਾਂਤਕਾਰ ਦੀ ਸਥਿਤੀ

ਬਿਰਤਾਂਤਕਾਰ ਬਿਰਤਾਂਤ ਦੀ ਸਿਰਜਣਾ ਕਰਨ ਵਾਲਾ ਹੁੰਦਾ ਹੈ ਇਸ ਲਈ ਬਿਰਤਾਂਤਕਾਰ ਨੂੰ ਵੀ ਕਹਾਣੀ ਦੀ ਕਲਾਤਮਕਤਾ ਦਾ ਮਹੱਤਵਪੂਰਨ ਤੱਤ ਮੰਨਿਆ ਗਿਆ ਹੈ। ਹਰੇਕ ਬਿਰਤਾਂਤਕਾਰ ਦੇ ਬਿਰਤਾਂਤ ਸਿਰਜਣ ਦੇ ਆਪਣੇ ਵੱਖਰੇ ਬਿਰਤਾਂਤ ਚਿਹਨ ਹੁੰਦੇ ਹਨ। ਕੋਈ ਵੀ ਬਿਰਤਾਂਤ ਸਿਰਜਣਾ ਪੜ੍ਹਨ ਤੋਂ ਬਾਅਦ ਕਈ ਵਾਰ ਅਸੀਂ ਕਿਸੇ ਬਿਰਤਾਂਤ ਦੀ ਸ਼ੈਲੀ ਤੋਂ ਏਨੇ ਜਾਣੂ ਹੋ ਜਾਂਦੇ ਹਾਂ ਕਿ ਅਸੀਂ ਬਿਨਾਂ ਨਾਮ ਪੜ੍ਹੇ ਵੀ ਇਹ ਦੱਸ ਸਕਦੇ ਹਾਂ ਕਿ ਇਹ ਬਿਰਤਾਂਤ ਕਿਸ ਦੀ ਰਚਨਾ ਹੈ।

ਜਰਨੈਲ ਸਿੰਘ ਦੀ ਬਿਰਤਾਂਤਕਾਰੀ ਆਮ ਤੌਰ ਤੇ ਦੋ ਕਿਸਮ ਦੀ ਹੈ- ਪਹਿਲੀ ਕਿਸਮ ਦੀ ਬਿਰਤਾਂਤਕਾਰੀ ਸਰਬਗਿਆਤਾ ਵਾਲੀ ਹੈ। ਸਰਬਗਿਆਤਾ ਬਿਰਤਾਂਤਕ ਉਸਾਰੀ ਵਿੱਚ ਬਿਰਤਾਂਤਕਾਰ ਕਿਸੇ ਬਾਰੇ ਬਿਰਤਾਂਤ ਸਿਰਜਦਾ ਹੈ ਤੇ ਜਿਸ ਬਾਰੇ ਉਸ ਨੂੰ ਸੰਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ। ਅਜਿਹੀ ਬਿਰਤਾਂਤਕਾਰੀ ਵਿੱਚ ਬਿਰਤਾਂਤਕਾਰ ਆਪ ਕਹਾਣੀ ਤੋਂ ਬਾਹਰ ਰਹਿ ਕੇ ਉਹ ਜਾਂ ਉਸ ਬਾਰੇ ਸਮੁੱਚਾ ਬਿਰਤਾਂਤ ਉਸਾਰਦਾ ਹੈ। ਉਸ ਬਾਰੇ ਸੰਪੂਰਨ ਜਾਣਕਾਰੀ ਹੋਣ ਕਾਰਨ ਹੀ ਬਿਰਤਾਂਤਕਾਰ ਸਰਬਗਿਆਤਾ ਬਣ ਜਾਂਦਾ ਹੈ ਅਤੇ ਜਿਸ ਉਦੇਸ਼ ਦੀ ਪੂਰਤੀ ਲਈ ਬਿਰਤਾਂਤਕਾਰ ਨੇ ਬਿਰਤਾਂਤ ਸਿਰਜਣਾ ਕੀਤੀ ਹੁੰਦੀ ਹੈ। ਉਸ ਦੀ ਪੂਰਤੀ ਉਹ ਉਸ ਦੇ ਪਾਤਰ ਰਾਹੀਂ ਕਰਵਾ ਲਈ ਜਾਂਦੀ ਹੈ। ਅਜਿਹੀ ਬਿਰਤਾਂਤਕਾਰੀ ਵਿੱਚ ਪਾਤਰ ਜ਼ਿਆਦਾਤਰ ਬਿਰਤਾਂਤਕਾਰ ਦੇ ਹੱਥਾਂ ਦੀਆਂ ਕਠਪੁਤਲੀਆਂ ਬਣ ਜਾਂਦੇ ਹਨ ਅਤੇ ਬਿਰਤਾਂਤਕਾਰ ਆਪਣੀ ਇੱਛਾ ਅਨੁਸਾਰ ਉਨ੍ਹਾਂ ਨੂੰ ਅੱਗੇ ਤੋਰਦਾ ਹੈ। ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ 'ਟਾਵਰਜ਼' ਵਿੱਚ ਸਰਬਗਿਆਤਾ ਬਿਰਤਾਂਤਕਾਰ ਵਾਲੀਆਂ ਕਹਾਣੀਆਂ ਹਨ- 'ਗੁਆਚੇ ਲੋਕ' ਅਤੇ 'ਸੜਕਾਂ'। ਇਨ੍ਹਾਂ ਕਹਾਣੀਆਂ ਵਿਚ ਬਿਰਤਾਂਤਕਾਰ ਆਪ ਕਹਾਣੀ ਤੋਂ ਬਾਹਰ ਰਹਿ ਕੇ ਅਨਯ ਪੁਰਖ ਬਾਰੇ ਬਿਰਤਾਂਤ ਸਿਰਜਦਾ ਹੈ। ਭਾਵੇਂ ਸਰਬਗਿਆਤਾ ਵਾਲੀ ਬਿਰਤਾਂਤਕ ਉਸਾਰੀ ਕਾਰਨ ਕਿਧਰੇ-ਕਿਧਰੇ ਕਹਾਣੀ ਦਾ ਪ੍ਰਭਾਵ ਘਟਦਾ ਵੀ ਨਜ਼ਰ ਆਉਂਦਾ ਹੈ ਕਿਉਂਕਿ ਉੱਤਮ-ਪੁਰਖੀ ਬਿਰਤਾਂਤਕਾਰ ਜਿਸ ਤਰ੍ਹਾਂ ਨਿੱਜੀ ਛੋਹਾਂ ਰਾਹੀਂ ਪਾਠਕ 'ਤੇ ਪ੍ਰਭਾਵ ਪਾਉਂਦਾ ਹੈ, ਉਹ ਅਨਯ ਪੁਰਖੀ ਬਿਰਤਾਂਤਕਾਰ ਨਹੀਂ ਪਾ ਸਕਦਾ।

ਦੂਸਰੀ ਕਿਸਮ ਦੀ ਬਿਰਤਾਂਤਕਾਰੀ 'ਮੈਂ-ਮੁੱਖ' ਜਾਂ ਉਤਮ-ਪੁਰਖ ਵਾਲੀ ਹੈ। ਇਸ ਕਿਸਮ ਦੀ ਬਿਰਤਾਂਤਕਾਰੀ ਵਾਲੀਆਂ ਕਹਾਣੀਆਂ ਹਨ- 'ਬਰਫ਼ ਤੇ ਦਰਿਆ', 'ਟਾਵਰਜ਼' ਅਤੇ 'ਪਾਣੀ'। ਉੱਤਮ-ਪੁਰਖੀ ਬਿਰਤਾਂਤਕਾਰੀ ਵਾਲੀਆਂ ਇਨ੍ਹਾਂ ਕਹਾਣੀਆਂ ਵਿਚ ਬਿਰਤਾਂਤਕਾਰ 'ਮੈਂ' ਵਕਤਾ ਰਾਹੀਂ ਸ਼ਾਮਲ ਹੋਇਆ ਹੈ। ਬਿਰਤਾਂਤਕਾਰ ਉਤਮ ਪੁਰਖ ਬਾਰੇ ਜਾਣਕਾਰੀ ਦਿੰਦਾ ਨਾਲ ਇਹ ਵੀ ਸਪੱਸ਼ਟ ਕਰ ਦਿੰਦਾ ਕਿ ਉਸ ਨੂੰ ਸਾਰੀ ਘਟਨਾ ਦਾ ਗਿਆਨ ਹੈ ਅਤੇ ਇਹ ਕਹਾਣੀ ਅੰਤ ਵਾਲੀ ਘਟਨਾ ਤੋਂ ਸ਼ੁਰੂ ਹੋ ਕੇ ਪਿੱਛਲਝਾਤ ਤਕਨੀਕ ਰਾਹੀਂ ਉਸਾਰੀ ਜਾਂਦੀ। ਇਸੇ ਤਰ੍ਹਾਂ ਦੀ ਬਿਰਤਾਂਤਿਕ ਉਸਾਰੀ ਵਾਲੀ ਦੂਸਰੀ ਕਹਾਣੀ 'ਬਰਫ਼ ਤੇ ਦਰਿਆ' ਹੈ। ਇਨ੍ਹਾਂ ਉੱਤਮ ਪੁਰਖੀ ਬਿਰਤਾਂਤ ਵਾਲੀਆਂ ਕਹਾਣੀਆਂ ਤੋਂ ਇਲਾਵਾ ਕੁਝ ਕਹਾਣੀਆਂ ਵਿਚ ਬਿਰਤਾਂਤਕਾਰ ਨੇ ਚਰਿੱਤਰ ਰੂਪੀ ਮੈਂ ਬਿਰਤਾਂਤ ਦੀ ਸਿਰਜਣਾ ਵੀ ਕੀਤੀ। ਅਜਿਹੇ ਬਿਰਤਾਂਤ ਕਈ ਬਿਰਤਾਂਤਿਕ ਸੰਗਠਨ ਵਿੱਚ ਮੈਂ ਪਾਤਰ ਰੂਪ ਵਿੱਚ ਅਤੇ ਵਕਤਾ ਰੂਪ ਵਿੱਚ ਸ਼ਾਮਲ ਹੁੰਦਾ ਹੈ। ਇਸ ਤਰ੍ਹਾਂ ਦੀਆਂ ਕਹਾਣੀਆਂ ਵਿੱਚ 'ਟਾਵਰਜ਼' ਕਹਾਣੀ ਸ਼ਾਮਲ ਕੀਤੀ ਜਾ ਸਕਦੀ ਹੈ। ਇਸ ਕਹਾਣੀ ਵਿਚ ਕਹਾਣੀ ਦਾ ਪਾਤਰ ਵਿਲੀਅਮ ਪਾਤਰ ਰੂਪ ਵਿੱਚ ਅਤੇ ਵਕਤਾ ਰੂਪ ਵਿੱਚ ਵੀ ਕਹਾਣੀ ਵਰਣਨ ਕਰਦਾ ਹੈ।

> ਗੁੰਮ ਸੁੰਮ ਜਿਹੀ ਸਵੇਰ ਸਾਡੇ ਕਿੰਡੋਮਿਨੀਅਮ ਦੀਆਂ ਸੁੰਨੀਆਂ ਸੁੰਨੀਆਂ ਕੰਧਾਂ ਤੇ ਆ ਲਮਕੀ ਹੈ.. ਮੈਂ ਨਾਲ ਸੁੱਤੀ ਪਈ ਐਂਜਲਾ ਨੂੰ ਤੱਕਦਾ ਹਾਂ... ਉਸ ਦੇ ਬੁਝੇ ਬੁਝੇ ਚਿਹਰੇ ਵਿਚ ਮੈਨੂੰ ਆਪਣਾ ਉਦਾਸ ਨਿਰਾਸ਼ ਚਿਹਰਾ ਦੱਸਣ ਲੱਗਦਾ ਏ। ਇਸ ਖਿਆਲ ਨਾਲ ਕਿ ਐਂਜਲਾ ਦੀ ਨੀਂਦ ਖਰਾਬ ਨਾ ਹੋ ਜਾਏ। ਮੈਂ ਆਹਿਸਤਾ ਜਿਹੇ ਖਿੜਕੀ ਬੰਦ ਕਰ ਕੇ ਪੋਲੇ ਪੋਲੇ ਪੈਰੀਂ ਵਾਸ਼ਰੂਮ ਚ ਚਲਾ ਜਾਂਦਾ ਹਾਂ।

ਇਨ੍ਹਾਂ ਕਹਾਣੀਆਂ ਵਿਚ ਬਿਰਤਾਂਤਕਾਰ ਅਤੇ ਮੈਂ ਵੱਖਰੇ ਵੱਖਰੇ ਹੋਣ ਦੇ ਬਾਵਜੂਦ ਵੀ ਵੱਖਰੇ ਨਹੀਂ ਕੀਤੇ ਜਾ ਸਕਦੇ। ਬਿਰਤਾਂਤਕਾਰ ਚਰਿੱਤਰ ਰੂਪੀ ਉੱਤਮ ਪੁਰਖੀ 'ਮੈਂ' ਪਾਤਰ ਰਾਹੀਂ ਕਿਧਰੇ ਪਾਤਰਾਂ ਦਾ ਮਨੋਵਿਸ਼ਲੇਸ਼ਣ ਕਰਦਾ ਹੈ ਤੇ ਕਿਧਰੇ ਆਪਣੇ 'ਮੈਂ' ਪਾਤਰ ਦਾ। ਹਰ ਕਹਾਣੀ ਰਚਣ ਪਿੱਛੇ ਬਿਰਤਾਂਤਕਾਰ ਦਾ ਆਪਣਾ ਇੱਕ ਦ੍ਰਿਸ਼ਟੀਕੋਣ ਹੁੰਦਾ ਹੈ ਜਿਸ ਦੇ ਜ਼ਰੀਏ ਉਹ ਆਪਣਾ ਵਿਚਾਰ ਪਾਠਕਾਂ ਤਕ ਪਹੁੰਚਾਉਣਾ ਚਾਹੁੰਦਾ ਹੈ। ਕਹਾਣੀਕਾਰ ਦੀ ਹੋਂਦ ਬੇਸ਼ੱਕ ਹਰ ਕਹਾਣੀ ਵਿੱਚ ਕਿਧਰੇ ਨਾ ਕਿਧਰੇ ਸ਼ਾਮਲ ਹੁੰਦੀ ਹੈ ਪਰ ਪਰਪੱਕ ਕਹਾਣੀਕਾਰ ਆਪਣੀ ਬਿਰਤਾਂਤਕ ਓਹਲਿਆਂ ਰਾਹੀਂ ਪਾਠਕ ਨੂੰ ਆਪਣੀ ਹੋਂਦ ਦਾ ਅਹਿਸਾਸ ਨਹੀਂ ਹੋਣ ਦਿੰਦਾ। ਇਸ ਲਈ ਜਿਥੇ ਕਈ ਕਹਾਣੀਆਂ ਵਿਚ ਪਾਤਰ ਅਤੇ ਬਿਰਤਾਂਤਕਾਰ ਨੂੰ ਇੱਕ ਦੂਸਰੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਉਥੇ ਕੁਝ ਕਹਾਣੀਆਂ ਵਿੱਚ ਪਾਤਰ ਅਤੇ ਬਿਰਤਾਂਤਕਾਰ ਦੀ ਆਪਸੀ ਦੂਰੀ ਵੀ ਪੇਸ਼ ਹੋਈ ਹੈ।

## 1.3 ਕਥਾਨਕ

ਕਹਾਣੀ ਸੰਗ੍ਰਹਿ 'ਟਾਵਰਜ਼' ਵਿੱਚ ਜਰਨੈਲ ਸਿੰਘ ਦੀ ਕਹਾਣੀ ਇਕਹਿਰੇ ਕਥਾਨਕ ਦੀ ਥਾਂ ਜਟਿਲ ਕਥਾਨਕ ਵਾਲੀ ਹੋ ਜਾਂਦੀ ਹੈ। ਕਹਾਣੀ ਵਿਚ ਇਕ ਮੁੱਖ ਵਿਸ਼ੇ ਤੋਂ ਇਲਾਵਾ ਕਿੰਨੇ ਹੀ ਹੋਰ ਗੌਣ ਵੇਰਵੇ ਮਹੱਤਵ ਗ੍ਰਹਿਣ ਕਰਦੇ ਹਨ ਜਿਸ ਕਾਰਨ ਕਹਾਣੀ ਦੀ ਬਣਤਰ ਬਹੁਤ ਜਟਿਲ ਹੋ ਜਾਂਦੀ ਹੈ ਤੇ ਪਾਠਕ ਨੂੰ ਦੁਬਾਰਾ ਪੜ੍ਹਨ ਤੋਂ ਬਾਅਦ ਹੀ ਕਹਾਣੀ ਸਮਝ ਆਉਂਦੀ ਹੈ। ਇਹਨਾਂ ਕਹਾਣੀ ਵਿੱਚ ਵਾਰਤਾਲਾਪ ਦੀ ਪ੍ਰਧਾਨਤਾ, ਘਟਨਾ ਚੋਣ ਦੀ ਵਿਲੱਖਣਤਾ, ਅੰਗਰੇਜ਼ੀ ਪਾਤਰਾਂ ਦੀ ਪੇਸ਼ਕਾਰੀ, ਵਿਸ਼ਵ ਪੱਧਰ ਦੀਆਂ ਸਮੱਸਿਆਵਾਂ ਨਾਲ ਰੂਬਰੂ ਹੋਣ ਕਰ ਕੇ ਕਹਾਣੀ ਦੇ ਖੇਤਰ ਵਿੱਚ ਜਰਨੈਲ ਸਿੰਘ ਵਿਸ਼ੇਸ਼ ਮੁਕਾਮ ਹਾਸਲ ਕਰ ਲੈਂਦਾ। ਹੈ।ਕਥਾਨਕ ਉਸਾਰੀ ਵਿਚ ਘਟਨਾ ਪ੍ਰਬੰਧ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਕਥਾਨਕ ਦੀ ਉਸਾਰੀ ਲਈ ਘਟਨਾਵਾਂ ਦਾ ਨਿਯਮਤ ਪ੍ਰਬੰਧ ਅਤੇ ਘਟਨਾਵਾਂ ਦੀ ਚੋਣ ਦੋਵੇਂ ਮਹੱਤਵਪੂਰਨ ਹਨ। ਆਮ ਜੀਵਨ ਵਿੱਚ ਘਟਨਾਵਾਂ ਖਿੱਲਰੀਆਂ ਹੋਈਆਂ ਤੇ ਉੱਘੜ ਦੁੱਘੜੇ ਰੂਪ ਵਿੱਚ ਹੁੰਦੀਆਂ ਹਨ ਪਰ ਕਥਾਨਕ ਦੀ ਦ੍ਰਿਸ਼ਟੀ ਵਿੱਚ ਅਨੁਸਾਰ ਉਹ ਘਟਨਾਵਾਂ ਇੱਕ ਵਿਸ਼ੇਸ਼ ਤਰਤੀਬ ਵਿੱਚ ਵਿਉਂਤੀਆਂ ਜਾਂਦੀਆਂ ਹਨ। ਘਟਨਾਵਾਂ ਕਿਉਂਕਿ ਸਮੇਂ ਦੀ ਨਿਸ਼ਚਿਤ ਮਿਆਦ ਵਿੱਚ ਵਾਪਰਦੀਆਂ ਹਨ ਪਰ ਕਹਾਣੀਕਾਰ ਦੀ ਕਥਾਨਕ ਉਸਾਰੀ ਦਾ ਉਦੇਸ਼ ਨਿਹਿਤ ਹੋਣ ਕਾਰਨ ਇਹ ਘਟਨਾਵਾਂ ਕਹਾਣੀਕਾਰ ਦੀ ਇੱਛਾ ਅਨੁਸਾਰ ਅੱਗੜ-ਪਿੱਛੜ ਹੋ ਕੇ ਲੜੀ ਵਿੱਚ ਰੂਪ ਗ੍ਰਹਿਣ ਕਰਦੀਆਂ ਹਨ। ਕਹਾਣੀਕਾਰ ਆਪਣੇ ਉਦੇਸ਼ ਅਧੀਨ ਕੁਝ ਘਟਨਾਵਾਂ ਨੂੰ ਮੁੱਖ ਅਤੇ ਕੁਝ ਨੂੰ ਗੌਣ ਰੂਪ ਵਿੱਚ ਪੇਸ਼ ਕਰਦਾ ਹੈ। ਇਸ ਵਿਚ ਕਹਾਣੀਕਾਰ ਜੋ ਅਰਥ ਪਹੁੰਚਾਉਣਾ ਚਾਹੁੰਦਾ ਹੈ ਉਹ ਅਜਿਹੇ ਪ੍ਰਬੰਧ ਵਿੱਚ ਇਨ੍ਹਾਂ ਨੂੰ ਬੰਨ੍ਹ ਦਿੰਦਾ ਹੈ। ਇਸ ਤਰ੍ਹਾਂ ਘਟਨਾਵੀਂ ਪ੍ਰਕਿਰਿਆ ਵਿਚ ਹੀ ਸਮੁੱਚੇ ਕਥਾਨਕ ਦੀ ਉਸਾਰੀ ਹੁੰਦੀ ਹੈ। ਘਟਨਾਵਾਂ ਦੇ ਪ੍ਰਬੰਧ ਵਿਚ ਕਹਾਣੀਕਾਰ ਸਮੁੱਚੇ ਘਟਨਾਕ੍ਰਮ ਨੂੰ ਇਕ ਲੜੀ ਵਿਚ ਪਰੋ ਕੇ ਆਦਿ, ਮੱਧ ਅਤੇ ਅੰਤ ਰਾਹੀਂ ਪ੍ਰਦਰਸ਼ਿਤ ਕਰਦਾ ਹੈ। ਪਰਵਾਸੀ ਅਨੁਭਵ ਦੀ ਪੇਸ਼ਕਾਰੀ ਕਰਨ ਵਾਲੇ ਕਹਾਣੀ ਸੰਗ੍ਰਹਿ 'ਟਾਵਰਜ਼' ਦੀਆਂ ਕਹਾਣੀਆਂ ਆਧੁਨਿਕ ਅਤੇ ਉੱਤਰ ਆਧੁਨਿਕ ਦੌਰ ਦੀ ਤਕਨੀਕ ਨੂੰ ਅਪਨਾਉਂਦੀਆਂ ਕਹਾਣੀਆਂ ਹਨ। ਇਹ ਕਹਾਣੀਆਂ ਜਟਲ ਕਥਾਨਕ ਦੀਆਂ ਧਾਰਨੀ ਹੋਣ ਕਾਰਨ ਇਕਹਿਰੀ ਗੋਂਦ ਤੋਂ ਬਹੁਪਰਤੀ ਗੋਂਦ ਨੂੰ ਅਪਣਾਉਂਦੀਆ ਹੋਈਆਂ ਬਹੁਭਾਂਤੀ ਸਮੱਸਿਆਵਾਂ ਸਾਕਾਰ ਕਰਦੀਆਂ ਹਨ। ਇਕ ਮੁੱਖ ਕਥਾ ਵੇਰਵੇ ਨਾਲ ਅਨੇਕਾਂ ਗੌਣ ਪਰ ਮਹੱਤਵਪੂਰਨ ਮਸਲੇ ਪਾਠਕਾਂ ਦੇ ਰੂਬਰੂ ਹੁੰਦੇ ਹਨ। ਕਹਾਣੀ ਸੰਗ੍ਰਹਿ 'ਟਾਵਰਜ਼' ਦੀਆਂ ਕਹਾਣੀਆਂ ਇਸੇ ਤਰ੍ਹਾਂ ਦੀ ਗਹਿਨ ਬੁਣਤਰ ਦੀਆਂ ਧਾਰਨੀ ਹੋਣ ਕਾਰਨ ਇਕ ਦੋ ਵਾਰ ਪੜ੍ਹ ਕੇ ਸਮਝ ਹੀ ਨਹੀਂ ਆਉਂਦੀਆਂ ਸਗੋਂ ਇਨ੍ਹਾਂ ਨੂੰ ਵਾਰ ਵਾਰ ਧਿਆਨ ਨਾਲ ਪੜ੍ਹ ਕੇ ਹੀ ਇਨ੍ਹਾਂ ਦੀ ਡੂੰਘੀ ਇਬਾਰਤ ਨੂੰ ਸਮਝਿਆ ਜਾ ਸਕਦਾ ਹੈ। ਇਨ੍ਹਾਂ ਕਹਾਣੀਆਂ ਵਿਚ ਬਿਰਤਾਂਤਕਾਰ ਲਕੀਰੀ-ਬਿਰਤਾਂਤ ਸਿਰਜਣ ਦੀ ਥਾਂ ਨਾਟਕੀ ਸਥਿਤੀਆਂ ਪੈਦਾ ਕਰਨ ਅਤੇ ਕਲਾਤਮਿਕ ਉਹਲਾ ਸਿਰਜਣ ਵਿੱਚ ਪੂਰੀ ਸਫ਼ਲਤਾ ਨਾਲ ਕਾਮਯਾਬ ਹੋ ਸਕਿਆ ਹੈ। ਇਨ੍ਹਾਂ ਵਿਚੋਂ ਕਈ ਕਹਾਣੀਆਂ ਜਿੱਥੇ ਅੰਤਲੀ ਘਟਨਾ ਤੋਂ ਸ਼ੁਰੂ ਹੋ ਕੇ ਪਾਤਰ ਦੇ ਮਾਨਸਿਕ ਚਿਤਰਪਟ ਉਪਰ ਪਿਛਲਝਾਤ ਰਾਹੀਂ ਸਾਕਾਰ

ਹੁੰਦੀਆਂ ਹਨ ਉਥੇ ਕਈ ਕਹਾਣੀਆਂ ਦਾ ਅੰਤ ਨਿਸ਼ਚਿਤ ਸੰਕੇਤ ਦੀ ਥਾਂ ਖੁੱਲ੍ਹਾ ਹੋਣ ਕਾਰਨ ਪਾਠਕ ਇਸ ਦੇ ਅੰਤ ਬਾਰੇ ਸੋਚਦਾ ਹੀ ਰਹਿ ਜਾਂਦਾ ਹੈ ਕਿ ਕਹਾਣੀ ਦੇ ਅੰਤ ਅਤੇ ਕੀ ਹੋਵੇਗਾ?

ਜਰਨੈਲ ਸਿੰਘ ਦੀਆਂ ਕਹਾਣੀਆਂ ਦੀ ਸ਼ੁਰੂਆਤੀ ਸਤਰ ਹੀ ਪਾਠਕ ਨੂੰ ਕਹਾਣੀ ਨਾਲ ਜੋੜ ਲੈਂਦੀ ਹੈ। ਪਾਠਕ ਕਹਾਣੀ ਦੇ ਸ਼ੁਰੂ ਵਿੱਚ ਵਾਪਰੀ ਘਟਨਾ ਪਿੱਛੇ ਕਾਰਜਸ਼ੀਲ ਕਾਰਨ ਲੱਭਣ ਲਈ ਪੂਰੀ ਕਹਾਣੀ ਪੜ੍ਹ ਕੇ ਹੀ ਸਾਹ ਲੈਂਦਾ ਹੈ।

## 1.4 ਪਾਤਰ ਉਸਾਰੀ

ਘਟਨਾ ਕਹਾਣੀ ਦਾ ਆਧਾਰ ਹੈ ਤੇ ਘਟਨਾ ਦਾ ਆਧਾਰ ਪਾਤਰ ਹਨ ਕਿਉਂਕਿ ਪਾਤਰਾਂ ਰਾਹੀਂ ਘਟਨਾ ਵਾਪਰੀ ਦਿਖਾਈ ਜਾ ਸਕਦੀ ਹੈ। ਜਰਨੈਲ ਸਿੰਘ ਦੀਆਂ ਕਹਾਣੀਆਂ ਵਿਚ ਪਰਵਾਸੀ ਪੰਜਾਬੀ, ਕੈਨੇਡੀਅਨ ਗੋਰੇ ਆਦਿ ਪਾਤਰ ਮਿਲਦੇ ਹਨ। ਘਟਨਾ ਦੇ ਸਮੇਂ ਤੇ ਸਥਾਨ ਦੇ ਅਨੁਕੂਲ ਹੀ ਕਹਾਣੀਕਾਰ ਪਾਤਰਾਂ ਦੀ ਚੋਣ ਕਰਦਾ ਹੈ। ਪਰਵਾਸੀ ਤੇ ਵਿਦੇਸ਼ੀ ਪਾਤਰਾਂ ਦੀ ਭਾਸ਼ਾ ਵਿੱਚ ਅੰਗਰੇਜ਼ੀ ਸ਼ਬਦਾਂ ਤੇ ਵਾਕਾਂ ਦੀ ਵਰਤੋਂ ਪਾਤਰਾਂ ਨੂੰ ਸੰਜੀਵ ਬਣਾਉਂਦੀ ਹੈ। ਬਿਰਤਾਂਤਕਾਰ ਪਾਤਰਾਂ ਦੇ ਬਾਹਰੀ ਚਰਿੱਤਰ ਦੀ ਪੇਸ਼ਕਾਰੀ ਆਪਣੇ ਵੱਲੋਂ ਕਰਦਾ ਹੈ।

ਜਰਨੈਲ ਸਿੰਘ ਪਾਤਰਾਂ ਦੇ ਮਾਨਸਿਕ ਚਿੱਤਰਪਟ ਦੀ ਤਹਿ ਵਿੱਚ ਜਾ ਕੇ ਉਸ ਦੀ ਫੋਲਾ-ਫਾਲੀ ਕਰਦਾ ਹੈ। ਪਾਤਰਾਂ ਦੇ ਅੰਤਰੀਵ ਮਨ ਦੀਆਂ ਗੁੰਝਲਾਂ ਨੂੰ ਖੋਲ੍ਹ ਕੇ ਉਹ ਪਾਠਕਾਂ ਦੇ ਸਾਹਮਣੇ ਰੱਖਦਾ ਹੈ ਤਾਂ ਜੋ ਉਸ ਤੋਂ ਪਾਠਕ ਕੋਈ ਸੇਧ ਪ੍ਰਾਪਤ ਕਰ ਸਕੇ। ਮਾਨਵਵਾਦੀ ਅਤੇ ਯਥਾਰਥਵਾਦੀ ਦ੍ਰਿਸ਼ਟੀ ਦਾ ਧਾਰਨੀ ਹੋਣ ਕਾਰਨ ਉਸ ਦੀ ਹਰ ਕਹਾਣੀ ਜਿੱਥੇ ਯਥਾਰਥਕ ਹੋਣ ਦਾ ਝਾਉਲਾ ਪਾਉਂਦੀ ਹੈ ਉਥੇ ਮਾਨਵੀ ਸਾਂਝ ਦਾ ਸੰਦੇਸ਼ ਵੀ ਦਿੰਦੀ ਹੈ

> ਮੈਨੂੰ ਇੰਜ ਲੱਗਣ ਲੱਗ ਪੈਂਦਾ ਜਿਵੇਂ ਐਟਲਾਂਟਿਕ ਕਹਿ ਰਿਹਾ ਹੋਵੇ ਡੈਨਿਸ ਮੇਰੀਆਂ ਛੱਲਾਂ ਨਾਲ ਖੇਡਦਾ ਜਵਾਨ ਹੋਇਆ ਸੀ। ਇਨ੍ਹਾਂ ਜੰਗਾਂ ਵਾਲਿਆਂ ਨੇ ਮੇਰੇ ਪਿੰਡੇ ਤੇ ਵੀ ਅਨੇਕਾਂ ਵਾਰ ਅੱਗ ਮਚਾਈ ਏ। ਲੱਖਾਂ ਛੈਲ ਛਬੀਲੇ ਡੈਨਿਸਾ ਤੇ ਜ਼ਹੀਨ ਹੁਸੀਨ ਸਟੇਸੀਆਂ ਦਾ ਖ਼ੂਨ ਮੇਰੇ ਪਾਣੀ ਵਿੱਚ ਡੁੱਲ੍ਹਿਆ ਹੋਇਆ। ਮੇਰੀ ਆਤਮਾ ਅੱਜ ਵਾਂਗ ਅਨੇਕਾਂ ਵਾਰ ਡੰਬੀ ਗਈ ਏ। ਪਰ ਮੈਂ ਕਦੀ ਵੀ ਰੁਕਿਆ ਨਹੀਂ ਵਗਦਾ ਰਹਿੰਦਾ ਹਾਂ। ਮੈਨੂੰ ਆਸ ਉਡੀਕ ਰਹਿੰਦੀ ਹੈ ਕਿ ਸਮਾਂ ਬਦਲੇਗਾ, ਰੁੱਤਾਂ ਬਦਲਣਗੀਆਂ, ਹਰ ਪਾਸਿਓਂ ਲੋਕੀਂ ਆਉਣਗੇ। ਇੱਕ ਦੂਜੇ ਨੂੰ ਜੱਫੀਆਂ ਪਾ ਪਾ ਮਿਲਣਗੇ।

ਜਰਨੈਲ ਸਿੰਘ ਨੇ ਪਰਵਾਸੀ ਪੰਜਾਬੀ ਜੀਵਨ ਵਿੱਚੋਂ ਜਿੱਥੇ ਸਫ਼ਲਤਾ ਸਹਿਤ ਪਾਤਰ ਸਿਰਜੇ ਹਨ, ਉੱਥੇ ਕੈਨੇਡੀਅਨ ਪਾਤਰਾਂ ਦੀ ਵੀ ਸਫ਼ਲਤਾ ਸਹਿਤ ਉਸਾਰੀ ਕੀਤੀ ਹੈ। ਭਾਵੇਂ ਬਹੁਤ ਨਹੀਂ ਪਰ ਅਜਿਹੇ ਪਾਤਰ ਜਿੰਨੇ ਕੁ ਵੀ ਉਸਨੇ ਪੇਸ਼ ਕੀਤੇ ਹਨ, ਉਹ ਚੰਗੇ ਕਿਰਦਾਰ ਵਾਲੇ ਅਤੇ ਮਾਨਵਤਾ ਦੇ ਸਾਂਝੀਦਾਰ ਹਨ। ਇਸੇ ਤਰ੍ਹਾਂ ਦੇ ਪਾਤਰ 'ਟਾਵਰਜ਼' ਕਹਾਣੀ ਦੇ ਵਿਲੀਅਮ, ਐਂਜਲਾ, ਡੈਨਿਸ ਤੇ ਸਟੇਸੀ, ਕਹਾਣੀ 'ਬਰਫ਼ ਤੇ ਦਰਿਆ' ਵਿੱਚ ਸ਼ੌਨ, ਡੀਨ ਅਤੇ ਸੋਫੀਆ, 'ਪਾਣੀ' ਕਹਾਣੀ ਦੀ ਸ਼ੈਰਨ, 'ਸੜਕਾਂ' ਕਹਾਣੀ ਵਿਚਲੀ ਜੂਲੀ ਤੇ ਜੇਮਜ਼ ਆਦਿ ਹਨ। ਕਥਾਕਾਰ ਨੇ ਇਨ੍ਹਾਂ ਪਾਤਰਾਂ ਨੂੰ ਵੀ ਦੁੱਖਾਂ ਦਰਦਾਂ ਨਾਲ ਦੋ ਚਾਰ ਹੁੰਦੇ, ਇਨਸਾਨੀ ਕੀਮਤਾਂ ਵਾਲੇ ਦਿਖਾਇਆ ਹੈ;

> ਮੇਰਾ ਧਿਆਨ ਇੱਕ ਜਵਾਨ ਵੱਲ ਖਿੱਚਿਆ ਜਾਂਦਾ ਹੈ। ਉੱਚੇ ਕੱਦ ਕਾਠ ਤੇ ਸਵੈਮਾਣ ਵਾਲੀ ਚਾਲ ਢਾਲ ਤੋਂ ਉਹ ਐਂਨ ਡੈਨਿਸ ਲਗਦਾ ਹੈ ਪਰ ਜਿਉਂ ਹੀ ਉਸ ਜਵਾਨ ਦਾ ਚਿਹਰਾ ਕੈਮਰੇ ਵੱਲ ਘੁੰਮਿਆ ਤਾਂ ਮੈਨੂੰ ਇੰਜ ਲੱਗਾ ਜਿਵੇਂ ਜ਼ਹਾਲਤ ਚ ਪਸਰੀ ਉਜਾੜ ਮੇਰੇ ਅੰਦਰ ਆ ਵੜੀ ਹੋਵੇ ਵੈਰਾਗੀ ਹੋਏ ਦਿਲ ਨੇ ਆਹ ਭਰੀ ਕਾਹਨੂੰ ਮਨਾਂ ਜੰਗ ਚ ਗੁਆਚੇ ਪੁੱਤ ਏਨੇ ਸੌਖੇ ਕਿੱਥੇ ਲੱਭਦੇ ਨੇ?

ਚੇਤਨਾ ਪ੍ਰਵਾਹ ਤਕਨੀਕ ਦੀ ਵਰਤੋਂ ਰਾਹੀਂ ਬਿਰਤਾਂਤਕਾਰ ਨੇ ਪਾਤਰ ਦੀ ਮਾਨਸਿਕ ਉਥਲ ਪੁਥਲ ਨੂੰ ਸਾਹਮਣੇ ਲਿਆਂਦਾ ਹੈ। ਬਿਰਤਾਂਤਕਾਰ ਨੇ ਆਪਣੀ ਬਿਰਤਾਂਤਕ ਢਾਂਚੇ ਵਿਚ ਅੱਗਲਝਾਤ ਅਤੇ ਪਿੱਛਲਝਾਤ ਜੁਗਤ ਦੀ ਵਰਤੋਂ ਨਾਲ ਸਮੁੱਚੇ ਕਥਾ ਮਾਡਲ ਨੂੰ ਉਸਾਰਿਆ ਹੈ। ਬਹੁਤੀਆਂ ਕਹਾਣੀਆਂ ਵਿੱਚ ਪਾਤਰ ਆਪਣੇ ਅਤੀਤ ਨੂੰ ਫਰੋਲਦੇ ਅਤੇ ਵਰਤਮਾਨ ਨੂੰ ਅਤੀਤ ਵਿੱਚੋਂ ਜਿਊਂਦੇ ਤੇ ਭਵਿੱਖ ਦੀ ਚਿੰਤਾ ਕਰਦੇ ਨਜ਼ਰ ਆਉਂਦੇ ਹਨ। ਜ਼ਿਆਦਾਤਰ ਪਰਵਾਸੀ ਅਨੁਭਵ ਨਾਲ ਸਬੰਧਤ ਕਹਾਣੀਆਂ ਵਿੱਚ ਪਾਤਰਾਂ ਦੇ ਮਨੋਵਿਸ਼ਲੇਸ਼ਣ ਰਾਹੀਂ ਬਿਰਤਾਂਤਕਾਰ ਨੇ ਆਪਣਾ ਬਿਰਤਾਂਤ ਸਿਰਜਿਆ ਹੈ। ਮਿਸਾਲ ਵਜੋਂ 'ਗੁਆਚੇ ਲੋਕ' ਕਹਾਣੀ ਵਿੱਚ ਮੂਲ ਪਾਤਰਾਂ ਦੇ ਚਰਿੱਤਰ ਨੂੰ ਵਿਸਥਾਰਤ ਬਿਰਤਾਂਤ ਰਾਹੀਂ ਬਾਰੀਕੀ ਨਾਲ ਉਸਾਰਿਆ ਗਿਆ ਹੈ। ਲੇਖਕ ਨੂੰ ਵਿਕਸਿਤ ਪੂੰਜੀਵਾਦੀ ਵਿਵਸਥਾ ਵਿੱਚ ਉਪਭੋਗਤਾ ਸੰਸਕ੍ਰਿਤੀ ਦੇ ਪਰਿਣਾਮ ਸਰੂਪ ਵਾਲੇ ਅਮਾਨਵੀਕਰਨ ਦੇ ਇਸ ਅਮਲ ਦੀ ਡੂੰਘੀ ਸੂਝ ਹੈ। ਉਸ ਨੇ ਗਲਪੀ ਬਿਰਤਾਂਤ ਦੇ ਪੱਧਰ ਉੱਪਰ ਇਸ ਪ੍ਰਕਿਰਿਆ ਨੂੰ ਸਿਰਜਣ ਲਈ ਇਕ ਪ੍ਰਗਤੀਸ਼ੀਲ ਪਿਛੋਕੜ ਵਾਲੇ ਪਾਤਰ ਸ਼ਮਸ਼ੇਰ ਸਿੰਘ ਦੀ ਘਾੜ੍ਹਤ ਕੀਤੀ ਹੈ। ਉਹ ਦੇਸ਼ ਵਿਚ ਹੋਏ ਮੋਹ ਭੰਗ ਦੇ ਨਤੀਜੇ ਵਜੋਂ ਪਰਵਾਸ ਦੇ ਉੱਜਲੇ ਭਵਿੱਖ ਲਈ ਕੈਨੇਡਾ ਦਾ ਪਰਵਾਸ ਧਾਰਨ ਕਰਦਾ ਹੈ। ਇੱਥੇ ਪੱਕਾ ਵਾਸੀ ਬਣ ਕੇ ਰਹਿਣ ਲਈ ਉਸਨੂੰ ਆਪਣੇ ਰਫਿਊਜੀ ਕੇਸ ਦੇ ਸਿਲਸਿਲੇ ਵਿੱਚ ਗਿਆਰਾਂ ਵਰ੍ਹੇ ਲੰਮਾ ਸੰਘਰਸ਼ ਕਰਨਾ ਪੈਂਦਾ ਹੈ। ਜਰਨੈਲ ਸਿੰਘ ਦੀਆਂ ਰਚਨਾਵਾਂ ਵਿੱਚ ਪਿਛੋਕੜ ਦਾ ਵਿਸਥਾਰ ਚਿੱਤਰਣ ਜਿੱਥੇ ਪਾਤਰਾਂ ਦੇ ਸੁਭਾਅ ਦੇ ਵਿਵੇਕ ਨੂੰ ਸਮਝਣ ਵਿੱਚ ਮਦਦ ਕਰਦਾ ਹੈ, ਉੱਥੇ ਇਸ ਨਾਲ ਉਨ੍ਹਾਂ ਦੇ ਅਤੀਤ ਨੂੰ ਵਰਤਮਾਨ ਨਾਲ ਤੁਲਨਾਉਣ ਵਿੱਚ ਵੀ ਸਹਾਇਤਾ ਮਿਲਦੀ ਹੈ। ਇਹ ਤੁਲਨਾ ਜੀਵਨ ਵਿਚ ਵਾਪਰਨ ਵਾਲੇ ਬਦਲਾਵਾਂ ਦੀ ਨੁਹਾਰ ਦੀ ਦਸ਼ਾ ਤੇ ਦਿਸ਼ਾ ਨੂੰ ਉਡੀਕਣ ਵਾਲੀ ਹੁੰਦੀ ਹੈ।

ਸਮੁੱਚੇ ਰੂਪ ਵਿੱਚ ਜਰਨੈਲ ਸਿੰਘ ਪਾਤਰ ਉਸਾਰੀ ਲਈ ਦੋ ਵਿਧੀਆਂ ਦੀ ਵਰਤੋਂ ਕਰਦਾ ਹੈ ਜਿਸ ਵਿਚ ਬਾਹਰੀ ਚਿਤਰਨ ਲਈ ਉਹ ਆਪਣੇ ਵਰਣਨ ਦੁਆਰਾ ਪਾਤਰਾਂ ਬਾਰੇ ਜਾਣਕਾਰੀ ਦਿੰਦਾ ਹੈ ਤੇ ਮਨੋਵਿਸ਼ਲੇਸ਼ਣੀ ਵਿਧੀ ਰਾਹੀਂ ਉਹ ਪਾਤਰਾਂ ਦੀ ਮਾਨਸਿਕਤਾ ਵਿੱਚੋਂ ਹੀ ਉਨ੍ਹਾਂ ਦੇ ਚਰਿੱਤਰ ਨੂੰ ਉਘਾੜਦਾ ਹੈ।

## 1.5 ਵਿਰੋਧਾਭਾਸਾਂ ਅਤੇ ਚਿਹਨਾਂ ਦੀ ਵਰਤੋਂ

'ਟਾਵਰਜ਼' ਕਹਾਣੀ ਸੰਗ੍ਰਹਿ ਦੀ ਕਲਾਤਮਕ ਸਰੰਚਨਾ ਦਾ ਅਧਿਐਨ ਕਰਦੇ ਹੋਏ ਸਪੱਸ਼ਟ ਹੁੰਦਾ ਹੈ ਕਿ ਜਰਨੈਲ ਸਿੰਘ ਨੇ ਕਹਾਣੀ ਸਿਰਜਣਾ ਦੌਰਾਨ ਕਈ ਥਾਂਈ ਵਿਰੋਧਾਭਾਸਾਂ ਅਤੇ ਚਿਹਨਾਂ ਦੀ ਵਰਤੋਂ ਕੀਤੀ ਹੈ। ਮਸਲਨ ਇਸ ਸੰਗ੍ਰਹਿ ਦੀ ਪ੍ਰਥਮ ਰਚਨਾ 'ਟਾਵਰਜ਼' ਦਾ ਸਿਰਲੇਖ ਇੱਕ ਅਜਿਹੇ ਚਿਹਨ ਵਜੋਂ ਉਭਰਦਾ ਹੈ ਜਿਸ ਨੂੰ ਲੇਖਕ ਨੇ ਬੁਲੰਦੀ ਦੇ ਇਸ ਚਿਹਨ ਨੂੰ ਵਿਭਿੰਨ ਭਾਂਤ ਦੀਆਂ ਮਨੁੱਖੀ ਨਿਮਾਣਾ, ਨਿਘਾਰਾਂ ਦੇ ਸਨਮੁੱਖ ਰੱਖ ਕੇ ਕਲਾਤਮਿਕ ਵਿਰੋਧਾਭਾਸ ਦੀ ਘਾੜਤ ਕੀਤੀ ਹੈ। ਸਾਰੀ ਰਚਨਾ ਦੀ ਭਾਸ਼ਾਈ ਕਲਾਤਮਿਕਤਾ ਵਿਰੋਧਾਭਾਸਾ ਦੀ ਭਾਸ਼ਾ ਹੈ। ਵਿਰੋਧਾਭਾਸਾਂ ਦੀ ਭਾਸ਼ਾ ਦੀ ਵਧੇਰੇ ਵਰਤੋਂ ਦੀ ਗੁੰਜਾਇਸ਼ ਲੰਮੇਰੀ ਕਿਸਮ ਅਥਵਾ ਨਾਵਲਿਟ ਵਰਗੇ ਬਿਰਤਾਂਤ ਵਿਚ ਪੈਂਦੀ ਹੈ। ਇਸ ਦਾ ਕਾਰਨ ਹੈ ਕਿ ਅਜਿਹੇ ਬਿਰਤਾਂਤ ਵਿੱਚ ਪਾਤਰਾਂ ਦੀ ਹਰ ਮਨੋਸਥਿਤੀ ਦੇ ਦਵੰਦ ਅਤੇ ਵਸਤੂ ਸਥਿਤੀ ਦੇ ਅੰਤਰ-ਵਿਰੋਧ ਨੂੰ ਉਜਾਗਰ ਕਰਨ ਦੀ ਲੋੜ ਪੈਂਦੀ ਹੈ। ਰਚਨਾ ਦੇ ਪਹਿਲੇ ਪੈਰੇ ਵਿੱਚ ਹੀ ਬਹੁਮੰਜ਼ਿਲਾ ਖੂਬਸੂਰਤ ਕਿੰਡੋਮਿਨੀਮਮ ਅਤੇ ਉਸਦਾ ਖੰਡਰਾਤ ਬੀਆਬਾਨ ਦੀ ਜੂਨੇ ਪੈਣਾ, ਅਟਲਾਂਟਿਕ ਮਹਾਸਾਗਰ ਦਾ ਅੱਖਾਂ ਨੂੰ ਕੂਲਾ ਕੂਲਾ ਲੱਗਣ ਵਾਲਾ ਪਾਣੀ ਪਰ ਇਸ ਵਿਚਲੀ ਵਿਆਕੁਲਤਾ ਕਲਾਤਮਿਕ ਵਿਰੋਧਾਭਾਸਾ ਦੀ ਭਾਸ਼ਾ ਪਹਿਲੇ ਪੈਰੇ ਤੋਂ ਸ਼ੁਰੂ ਹੋ ਕੇ ਪੂਰੇ ਬਿਰਤਾਂਤ ਦੇ ਆਰ ਪਾਰ ਫੈਲੀ ਹੋਈ ਹੈ। ਵਿਨਾਸ਼ਕਾਰੀ ਅੱਗ ਅਤੇ ਧੂੰਏਂ ਵਿੱਚ ਢਹਿ ਢੇਰੀ ਹੋ ਰਹੇ ਵਰਲਡ ਟਰੇਡ ਸੈਂਟਰ ਦੇ ਗਗਨ ਚੁੰਮਦੇ ਚਾਂਦੀ ਰੰਗੇ ਬੁਲੰਦ ਟਾਵਰਾਂ ਦੇ ਵਿਰੋਧਾਭਾਸ਼ੀ ਚਿਤਰ ਦੇ ਹਵਾਲੇ ਨਾਲ ਮਹਾਂਸ਼ਕਤੀ ਅਮਰੀਕਾ ਦੀ ਵਿਡੰਬਨ ਸਥਿਤੀ ਨੂੰ ਪ੍ਰਭਾਵਸ਼ਾਲੀ ਰੂਪ ਚ ਉਜਾਗਰ ਕਰ ਦਿੱਤਾ ਗਿਆ ਹੈ। ਮਨਾਂਮੂੰਹੀ ਧੂੰਏਂ ਦੇ ਹਨ੍ਹੇਰੇ ਹੇਠ ਉਦਾਸੇ ਵੈਰਾਗੀ ਕਲਪਿਤ ਪਾਤਰ ਮਹਾਸਾਗਰ ਐਟਲਾਂਟਿਕ ਦੇ ਮੂਕ ਬੋਲ ਉਕਤ ਵਿਡੰਬਣਾ ਹੇਠ ਲੁਕੀ ਹੋਈ ਤਰਾਸਦੀ ਨੂੰ ਜ਼ੁਬਾਨ ਦੇ ਕੇ ਟਾਵਰਜ਼ ਦੀ ਰਚਨਾ ਦ੍ਰਿਸ਼ਟੀ ਦਾ ਰੂਪ ਧਾਰਨ ਕਰ ਲੈਂਦਾ ਹੈ।

> ਟਾਵਰਾਂ ਦਾ ਕੀ ਸੀ? ਬੰਦੇ ਨਾ ਜਾਂਦੇ। ਟਾਵਰਾਂ ਬਾਰੇ ਤਾਂ ਮੈਨੂੰ ਮੁੱਢ ਤੋਂ ਹੀ ਖ਼ਦਸ਼ਾ ਸੀ। ਇਨ੍ਹਾਂ ਦੀ ਬੁਲੰਦੀ ਵਿਚਲੇ ਬੌਣੇਪਣ ਨੂੰ ਮੈਂ ਜਾਣਦਾ ਸਾਂ।। ਜਿਨ੍ਹਾਂ ਚਿਰ ਸੋਚਾਂ ਉਚੀਆਂ ਨਹੀਂ ਹੁੰਦੀਆਂ, ਉਚਤਾ ਦੀਆਂ ਇਹ ਕਲਗੀਆਂ ਇੰਜ ਹੀ ਕਿਰਦੀਆਂ ਰਹਿਣਗੀਆਂ। ਲਪੇਟ ਚ ਆ ਜਾਂਦੇ ਨੇ ਬੈਠੇ, ਸੁੱਤੇ ਆਮ ਲੋਕ। ਅਜਿਹੇ ਟਾਵਰਾਂ ਨਾਲੋਂ ਕਿਤੇ ਵੱਧ ਉੱਚੇ ਸੁੱਚੇ ਲੋਕ। ਸਟੇਸੀ ਤੇ ਉਸ ਵਰਗੇ ਜ਼ਹੀਨ ਮੇਰੇ ਹਜ਼ਾਰਾਂ ਧੀਆਂ ਪੁੱਤਰ ਮੌਤ ਦੇ ਨਹੀਂ ਜ਼ਿੰਦਗੀ ਦੇ ਹੱਕਦਾਰ ਸਨ।

ਇਸ ਸੰਗ੍ਰਹਿ ਦੀ ਦੂਜੀ ਰਚਨਾ 'ਪਾਣੀ' ਦਾ ਸਿਰਲੇਖ ਚਿਹਨ ਦਾ ਇੱਕ ਅਜਿਹੇ ਮੈਟਾਫਰ ਦਾ ਰੂਪ ਧਾਰਨ ਕਰ ਲੈਂਦਾ ਹੈ ਜਿਸ ਨੂੰ ਬਹੁਅਰਥਾਂ ਦੇ ਵਿਸਫੋਟ ਦਾ ਵਸੀਲਾ ਬਣਾਇਆ ਗਿਆ ਹੈ। ਸਰਸਰੀ ਨਜ਼ਰੇ ਤੱਕਿਆ ਰਚਨਾ ਦਾ ਬਿਰਤਾਂਤ ਕੈਨੇਡਾ ਵਸਦੇ ਇੱਕ ਪਰਿਵਾਰ ਦੀਆਂ ਦੋ ਪੀੜ੍ਹੀਆਂ ਦੇ ਪਾੜੇ ਨੂੰ ਪੇਸ਼ ਕਰਦਾ ਲੱਗਦਾ ਹੈ ਪਰ ਇਸ ਦਾ ਫੈਲਾਓ ਸੱਭਿਆਚਾਰੀਕਰਨ ਦੇ ਸੰਦਰਭ ਵਿੱਚ ਚਾਰ ਪੀੜ੍ਹੀਆਂ ਦੇ ਕਈ ਮੁੱਦਿਆਂ ਨੂੰ ਉਜਾਗਰ ਕਰਦਾ ਹੈ। ਪੰਜਾਬੀ ਪਿਛੋਕੜ ਵਾਲੇ ਇਸ ਪਰਿਵਾਰ ਦੀ ਨੂੰਹ ਸ਼ੈਰਨ ਗੋਰੀ ਹੈ। ਇਹ ਸੁਖਜੀਤ ਕੌਰ ਅਤੇ ਬਲਦੇਵ ਸਿੰਘ ਦੇ ਪੁੱਤਰ ਰਾਜੂ ਦਾ ਮਨਪਸੰਦ ਵਿਆਹ ਹੈ ਅਤੇ ਉਨ੍ਹਾਂ ਦੇ ਅੱਗੋਂ ਡੈਬੀ ਤੇ ਰਿਤਵਿਕਦੀਪ ਦੋ ਬੱਚੇ ਵੀ ਹਨ। ਤਤਕਾਲੀ ਸਮੱਸਿਆ ਇਹ ਹੈ ਕਿ ਨੂੰਹ ਪੁੱਤਰ ਕੈਨੇਡੀਅਨ ਜੀਵਨ ਸ਼ੈਲੀ ਅਨੁਸਾਰ ਸਮਰ ਦਾ ਲੁਤਫ਼ ਲੈਣ ਲਈ ਘਰ ਵਿਚ ਸਵੀਮਿੰਗ ਪੂਲ ਬਣਵਾਉਣ ਦੀ ਤਜਵੀਜ਼ ਬਣਾਉਂਦੇ ਹਨ। ਇਸ ਉੱਤੇ ਆਉਣ ਵਾਲੇ ਖਰਚੇ ਲਈ ਉਨ੍ਹਾਂ ਦੀ ਅੱਖ ਸੁਖਜੀਤ ਕੌਰ ਦੀ ਪੰਜਾਬ ਵਿੱਚਲੀ ਜ਼ਮੀਨ ਨੂੰ ਵੇਚਣ ਉੱਪਰ ਹੈ। ਇਹ ਸਥਿਤੀ ਸੁਖਜੀਤ ਕੌਰ ਲਈ ਡੂੰਘੇ ਮਾਨਸਿਕ ਕਲੇਸ਼ ਦਾ ਸਬੱਬ ਬਣਦੀ ਹੈ। ਗਲਪਕਾਰ ਨੇ ਇਸ ਕਲੇਸ਼ ਦੀ ਗੁੰਝਲ ਦੀਆਂ ਬਰੀਕੀਆਂ ਨੂੰ ਪਕੜਨ ਲਈ ਬਿਰਤਾਂਤ ਨੂੰ ਕਈ ਦਿਸ਼ਾਵਾਂ ਦੀ ਯਾਤਰਾ ਵੱਲ ਵਧਾਇਆ ਹੈ। ਇਸ ਵਿੱਚ ਸਭ ਤੋਂ ਲੰਬੀ ਯਾਤਰਾ ਸੁਖਜੀਤ ਕੌਰ ਦੇ ਪਿਛੋਕੜ ਦੀ ਹੈ। ਇਸ ਪਿਛੋਕੜ ਦੇ ਚਿਤਰਣ ਰਾਹੀਂ ਪਰੰਪਰਿਕ ਪੰਜਾਬੀ ਰਹਿਤਲ ਵਿੱਚ ਸਾਂਝੇ ਪਰਿਵਾਰਾਂ ਦੇ ਮੋਹਖੋਰੇ ਰਿਸ਼ਤਿਆਂ ਦਾ ਆਦਰਸ਼ਕ ਮਾਡਲ ਉਲੀਕਿਆ ਗਿਆ ਹੈ। ਸੁਖਜੀਤ ਕੌਰ ਦੇ ਚਾਚੇ ਪੰਜਾਬ ਸਿੰਘ ਦਾ ਚਰਿੱਤਰ ਇਸ ਦਾ ਪ੍ਰਤੀਨਿਧ ਨਮੂਨਾ ਹੈ। ਉਹ ਭਰਾ ਭਰਜਾਈ ਦੀ ਮੌਤ ਉਪਰੰਤ ਪੂਰਾ ਇਨਸਾਫ-ਪਸੰਦੀ ਨਾਲ ਸੁਖਜੀਤ ਦਾ ਜਾਇਦਾਦ ਦਾ ਹਿੱਸਾ ਉਸ ਨੂੰ ਸੌਂਪ ਦੇਂਦਾ ਹੈ। ਭਤੀਜੀ ਪ੍ਰਤੀ ਉਸ ਦੇ ਮੂਲ ਭਾਵ ਵਿੱਚ ਕਦੇ ਕੋਈ ਫ਼ਰਕ ਨਹੀਂ ਪੈਂਦਾ। ਇਸ ਭਾਂਤ ਦੇ ਪਿਛੋਕੜ ਕਰਕੇ ਹੀ ਸੁਖਜੀਤ ਲਈ ਆਪਣੀ ਪੰਜਾਬ ਵਿਚਲੀ ਜ਼ਮੀਨ ਮੋਹਖੋਰੇ ਪੁਰਖਿਆਂ ਦੀ ਯਾਦ ਆਪਣੀ ਹੋਣ ਦੀ ਪਛਾਣ ਜੜ੍ਹਾਂ ਕਾਇਮ ਰੱਖਣ ਦਾ ਸੰਸਕਾਰ ਬਣ ਜਾਂਦੀ ਹੈ। ਸੁਖਜੀਤ ਦੇ ਪਤੀ ਬਲਦੇਵ ਸਿੰਘ ਦਾ ਪਿਛੋਕੜ ਇਸ ਤੋਂ ਵੱਖਰੀ ਤਰ੍ਹਾਂ ਦਾ ਹੈ। ਚਿਰਾਂ ਦਾ ਪਰਵਾਸ ਧਾਰਨ ਕੀਤਾ ਹੋਣ ਕਰਕੇ ਉਸ ਦੇ ਮਾਪੇ ਵਿਅਕਤੀਵਾਦੀ ਜੀਵਨਸ਼ੈਲੀ ਦੇ ਅਨੁਸਾਰੀ ਹਨ। ਉਹ ਬੱਚਿਆਂ ਦੇ ਪਰਿਵਾਰ ਵਿੱਚ ਦਖ਼ਲ ਦੇਣਾ ਉਚਿਤ ਨਹੀਂ ਸਮਝਦੇ ਅਤੇ ਖ਼ੁਦ ਵੀ ਇਕੱਲੇ ਰਹਿ ਕੇ ਖ਼ੁਸ਼ ਹਨ। ਅਜਿਹੇ ਮਾਹੌਲ ਵਿੱਚ ਪ੍ਰਵਾਨ ਚੜ੍ਹੇ ਬਲਦੇਵ ਸਿੰਘ ਦਾ ਬੱਚਿਆਂ ਦੀ ਹਰ ਤਜਵੀਜ਼ ਇੱਛਾ ਜਾਂ ਖੁਸ਼ੀ ਨਾਲ ਸਹਿਮਤੀ ਰੱਖਣ ਅਤੇ ਵਰਤਮਾਨ ਵਿੱਚ ਜਿਊਣਾ ਸੁਭਾਵਿਕ ਲੱਗਦਾ ਹੈ। ਜਿਥੋਂ ਤਕ ਰਾਜੂ ਤੇ ਸ਼ੈਰਨ ਦਾ ਸਬੰਧ ਹੈ, ਉਹ ਪੂਰੀ ਤਰ੍ਹਾਂ ਕੈਨੇਡੀਅਨ ਜੀਵਨ ਜਾਂਚ ਵਿੱਚ ਰੰਗੇ ਹੋਏ ਹਨ। ਜਰਨੈਲ ਸਿੰਘ ਇਨ੍ਹਾਂ ਸਾਰੇ ਪਿਛੋਕੜਾਂ ਦੇ ਸੁੰਦਰਬਾਨੀ ਵਿਧੀ ਪਾਣੀ ਜੀਵਨ ਦਾ ਮੂਲ ਆਧਾਰ ਹੈ। ਜਰਨੈਲ ਸਿੰਘ ਨੇ ਚਿਹਨ ਦੇ ਵਿਭਿੰਨ ਪ੍ਰਯੋਗਾਂ ਰਾਹੀਂ

ਡਾਇਸਪੋਰਾ ਦੇ ਸਮੱਸਿਆਕਾਰ ਨੂੰ ਮੁੱਲ ਪ੍ਰਬੰਧਾਂ ਦੀ ਟੱਕਰ ਰਾਹੀਂ ਭਾਵਪੂਰਤ ਪ੍ਰਗਟਾਵਾ ਦਿੱਤਾ ਹੈ। ਉਸ ਦੀ ਇਸ ਟੱਕਰ ਦੀ ਜਟਿਲਤਾ ਦਾ ਵਿਸ਼ਲੇਸ਼ਣ ਕਰਦਿਆਂ ਇਸ ਦੇ ਬਹੁਪਰਤੀ ਰੇਸਨੇਲ ਦੀ ਨਿਸ਼ਾਨਦੇਹੀ ਦੀ ਅੰਤਰ ਕਿਰਿਆ ਦਾ ਗਹਿਨ ਗਲਪ ਬਿੰਬ ਉਸਾਰਦਾ ਹੈ।

## 1.6 ਖੁੱਲ੍ਹਾ ਅੰਤ

ਇਕ ਰਚਨਾਕਾਰ ਵਜੋਂ ਜਰਨੈਲ ਸਿੰਘ ਨੂੰ ਆਪਣੇ ਪਾਠਕ ਦੀ ਸਾਹਿਤ ਯੋਗਤਾ ਉਪਰ ਖਾਸਾ ਭਰੋਸਾ ਹੈ ਇਹੀ ਕਾਰਨ ਹੈ ਕਿ ਟਾਵਰਜ਼ ਕਹਾਣੀ ਸੰਗ੍ਰਿ ਦੀਆਂ ਉਸ ਦੀਆਂ ਲਗਪਗ ਸਾਰੀਆਂ ਕਹਾਣੀਆਂ ਖੁੱਲ੍ਹੇ ਅੰਤ ਵਾਲੀਆਂ ਹਨ। ਇਹ ਸ਼ਾਇਦ ਉਸਦੀ ਸਿਰਜਣਾਤਮਕ ਦ੍ਰਿਸ਼ਟੀ ਸਦਕਾ ਹੈ ਕਿ ਆਮ ਤੌਰ ‘ਤੇ ਉਹ ਦਰਪੇਸ਼ ਮਸਲੇ ਬਾਰੇ ਅੰਤਮ ਪੱਖੀ ਜਾਂ ਫਿਰ ਬਣੀ ਬਣਾਈ ਰਾਏ ਦੇਣ ਦਾ ਆਦੀ ਨਹੀਂ। ਉਹ ਆਪਣੀਆਂ ਕਹਾਣੀਆਂ ਵਿੱਚ ਪਾਤਰਾਂ ਅਤੇ ਸਥਿਤੀਆਂ ਦੀ ਜਟਿਲਤਾ ਦੀ ਸਿਰਜਣਾ ਰਾਹੀਂ ਹੀ ਜੀਵਨ ਦੇ ਵਿਵੇਕ ਦਾ ਬੋਧ ਕਰਵਾਉਣ ਦਾ ਯਤਨ ਕਰਦਾ ਹੈ।

## 1.7 ਭਾਸ਼ਾ

ਭਾਸ਼ਾ ਸੰਚਾਰ ਦਾ ਮਾਧਿਅਮ ਹੈ। ਲੇਖਕ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਆਪਣੀ ਗੱਲ ਪਾਠਕਾਂ ਤਕ ਪਹੁੰਚਾਉਣ ਲਈ ਭਾਸ਼ਾ ਦੇ ਮਾਧਿਅਮ ਦੀ ਚੋਣ ਕਰਦਾ ਹੈ। ਜਰਨੈਲ ਸਿੰਘ ਨੇ ਕਹਾਣੀਆਂ ਵਿੱਚ ਕਲਾਤਮਿਕ ਜੁਗਤਾਂ ਅਨੁਸਾਰ ਬਹੁਅਰਥੀ ਭਾਸ਼ਾ ਦੀ ਸਿਰਜਣਾ ਕੀਤੀ ਹੈ। ਪਾਤਰਾਂ ਦੇ ਸੁਭਾਅ ਤੇ ਸਥਿਤੀ ਅਤੇ ਵਾਤਾਵਰਨ ਕੋਲੋਂ ਵੱਖਰੀ ਭਾਸ਼ਾ ਦੀ ਵਰਤੋਂ ਕਰਦਾ ਹੈ।ਵਿਭਿੰਨ ਕਿਸਮ ਦੇ ਵਾਤਾਵਰਣ ਦੀ ਉਸਾਰੀ ਲਈ ਵੱਖਰੇ ਵੇਰਵੇ ਮੌਜੂਦ ਹਨ। ਲੇਖਕ ਦੁਆਰਾ ਵਰਤੀ ਗਈ ਭਾਸ਼ਾ ਪਾਤਰਾਂ ਦੇ ਭਾਵਾਂ ਨੂੰ ਪ੍ਰਗਟਾਉਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਹਰ ਵਰਗ ਦੇ ਪਾਠਕ ਦੀ ਸਮਝ ਵਿੱਚ ਆਉਣ ਵਾਲੀ ਹੈ। ਕਈ ਸ਼ਬਦਾਂ ਦਾ ਉਹ ਵਾਰ-ਵਾਰ ਪ੍ਰਯੋਗ ਕਰਦਾ ਹੈ ਜਿਵੇਂ; ਲਿਵਿੰਗ ਰੂਮ, ਸਵਿਮਿੰਗ ਪੂਲ, ਬੇਸਮੈਂਟ ਗਰੋਸਰੀ ਆਦਿ।

## ਸਾਰ-ਅੰਸ਼

ਇਸ ਤਰ੍ਹਾਂ ਇਹ ਕਹਾਣੀਆਂ ਪੰਜਾਬੀ ਡਾਇਸਪੋਰਾ ਦੀ ਰੂਪ-ਵਿਧੀ ਅਤੇ ਸੁਭਾਅ ਨੂੰ ਪਹਿਚਾਨਣ ਦਾ ਸਫ਼ਲ ਯਤਨ ਕਰਦੀਆਂ ਹਨ। ਕਹਾਣੀਕਾਰ ਦੀ ਵਿਸ਼ੇਸ਼ਤਾ ਇਸ ਤੱਥ `ਚ ਸਹਿਜੇ ਦੀ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ ਕਿ ਇਨ੍ਹਾਂ ਕਹਾਣੀਆਂ ਦਾ ਵਸਤੂ ਕੇਵਲ ਪਰਵਾਸੀ ਪੰਜਾਬੀ ਸਮੁਦਾਇ ਨੂੰ ਦਰਪੇਸ਼ ਸਮੱਸਿਆਵਾਂ ਤਕ ਸੀਮਤ ਨਾ ਰਹਿ ਕੇ ਵਿਸ਼ਵ ਲਈ ਚੁਣੌਤੀ ਬਣੇ ਮਸਲਿਆਂ ਨੂੰ ਵੀ ਉਜਾਗਰ ਕਰਨ ਵੱਲ ਰੁਚਿਤ ਹੈ। ਇਸ ਵਿੱਚੋਂ ਹੀ ਲੇਖਕ ਦੀ ਵਿਸ਼ਵ-ਚੇਤਨਾ ਉਭਰਦੀ ਹੈ ਤੇ ਇਹ ਕਹਾਣੀ-ਸੰਗ੍ਰਹਿ ਪਰਵਾਸੀ ਪੰਜਾਬੀ ਗਲਪ ਸਾਹਿਤ ਦੀ ਨਿਸ਼ਚੇ ਹੀ ਇੱਕ ਪ੍ਰਾਪਤੀ ਹੋ ਨਿਬੜਦਾ ਹੈ। ਪੱਛਮੀ ਸਮਾਜਾਂ ਵਿੱਚ ਬਹੁ ਕੌਮੀ ਸੱਭਿਆਚਾਰਾਂ ਦੇ ਸੁਮੇਲ ਨਾਲ ਪੈਦਾ ਹੋ ਰਹੇ ਨਵੇਂ ਮਨੁੱਖੀ ਅਵਚੇਤਨ ਨੂੰ ਜਰਨੈਲ ਸਿੰਘ ਪਰਵਾਸੀਆਂ ਦੀ ਮਿਸ਼ਰਤ ਭਾਸ਼ਾ ਦੀ ਸੰਚਾਰ ਜੁਗਤਾਂ ਰਾਹੀਂ ਨਵੇਂ ਨਵਾਂ ਪਸਾਰ ਦੇਂਦਾ ਹੈ ਬਹੁ ਕੌਮੀ ਸੱਭਿਆਚਾਰਾਂ ਦੀ ਪਡਿੰਤ ਨਾਲ ਬਣ ਰਹੇ ਨਵੇਂ ਅਵਚੇਤਨ ਨੂੰ ਖਿੱਚੜੀ ਭਾਸ਼ਾ ਦੁਆਰਾ ਹੀ ਪ੍ਰਮਾਣਿਕ ਪ੍ਰਗਟਾਵਾ ਮਿਲ ਸਕਦਾ ਇਸ ਤੱਥ ਦਾ ਅਹਿਸਾਸ ਜਰਨੈਲ ਸਿੰਘ ਦੀਆਂ ਕਹਾਣੀਆਂ ਨੂੰ ਪੜ੍ਹਦਿਆਂ ਬਹੁਤ ਤੀਖਣ ਰੂਪ ਚਾਹੁੰਦਾ ਸੰਖੇਪ ਚ ਸਮਾਨਤਾ ਸੱਭਿਆਚਾਰਾਂ ਸਰੰਚਨਾਵਾਂ ਦੇ ਦਵੰਦ ਸੰਬੰਧ ਨਾਲ ਪਣ ਵੱਟ ਰਹੀ ਮਾਨਸਿਕਤਾ ਦੇ ਜਟਿਲ ਸੱਚ ਨੂੰ ਸਮਾਨਾਂਤਰ ਕਥਾ ਲੜੀਆਂ ਵਾਲੇ ਬਿਰਤਾਂਤ ਦੇ ਪਾਤਰਾਂ ਸਥਿਤੀਆਂ ਪ੍ਰਸਥਿਤੀਆਂ ਅਤੇ ਮਿਸ਼ਰਤ ਭਾਸ਼ਾਈ ਉਚਾਰਨ ਦੀਆਂ ਜੁਗਤਾਂ ਰਾਹੀਂ ਰੂਪਮਾਨ ਕੀਤਾ ਜਾ ਸਕਦੈ ਜਰਨੈਲ ਸਿੰਘ ਦੇ ਗਲਪ ਸੰਗਠਨ ਦੀ ਵਿਲੱਖਣਤਾ ਹੈ।

## ਕੇਂਦਰੀ ਸ਼ਬਦ

- **ਬਿਰਤਾਂਤ**: ਕਥਾਕਾਰੀ
- **ਸਰੰਚਨਾ**: ਬਣਤਰ ਅਤੇ ਬੁਣਤਰ
- **ਅਵਚੇਤਨ**: ਮਨ ਦੀ ਇੱਕ ਅਵਸਥਾ
- **ਬਹੁਪਰਤੀ**: ਇਕ ਤੋਂ ਵਧੇਰੇ ਪਰਤਾਂ ਵਾਲਾ
- **ਵਿਡੰਬਨਾ**: ਕਸ਼ਟਮੂਲਕ ਸਥਿਤੀ /ਵਿਅੰਗਾਤਮਕ ਤੌਰ 'ਤੇ

## ਸਵੈ-ਮੁਲਾਂਕਣ

1. ‘ਟਾਵਰਜ਼’ ਸੰਗ੍ਰਹਿ ਦੀਆਂ ਰਚਨਾਵਾਂ ਬਾਰੇ ......ਦਾ ਸਵਾਲ ਖੜ੍ਹਾ ਕਰਦਾ ਹੈ।

ੳ) ਵਿਧਾ ਸ਼ਾਸਤਰ

ਅ) ਗਲਪ ਸ਼ਾਸਤਰ

ੲ) ਕਲਾ ਸ਼ਾਸਤਰ

ਸ) ਭਾਸ਼ਾ ਸ਼ਾਸਤਰ

2. ਜਰਨੈਲ ਸਿੰਘ ਦੁਆਰਾ ਵਰਤੀ ਗਈ ਭਾਸ਼ਾ ...... ਨੂੰ ਪ੍ਰਗਟਾਉਣ ਦੇ ਪੂਰੀ ਤਰ੍ਹਾਂ ਸਮਰੱਥ ਹੈ।

ੳ) ਵਿਸ਼ਿਆਂ

ਅ) ਪਾਤਰਾਂ ਦੇ ਭਾਵਾਂ

ੲ) ਵਾਤਾਵਰਣ

ਸ) ਘਟਨਾਵਾਂ

3. ਇਕ ਰਚਨਾਕਾਰ ਵਜੋਂ ਜਰਨੈਲ ਸਿੰਘ ਨੂੰ ਆਪਣੇ ਪਾਠਕ ਦੀ ..... ਉਪਰ ਖਾਸਾ ਭਰੋਸਾ ਹੈ

ੳ) ਪਸੰਦ

ਅ) ਸਮਝ

ੲ) ਸਾਹਿਤ ਯੋਗਤਾ

ਸ) ਮੰਗ

4. ਵਿਰੋਧਾਭਾਸਾਂ ਦੀ ਭਾਸ਼ਾ ਦੀ ਵਧੇਰੇ ਵਰਤੋਂ ਦੀ ਗੁੰਜਾਇਸ਼ ਲੰਮੇਰੀ ਕਿਸਮ ਅਥਵਾ .....ਵਰਗੇ ਬਿਰਤਾਂਤ ਵਿਚ ਪੈਂਦੀ ਹੈ।

ੳ) ਵਾਰ

ਅ) ਕਿੱਸੇ

ੲ) ਨਾਟਕ

ਸ) ਨਾਵਲਿਟ

5. ਘਟਨਾ ਕਹਾਣੀ ਦਾ ਆਧਾਰ ਹੈ ਤੇ ਘਟਨਾ ਦਾ ਆਧਾਰ .....ਹਨ

ੳ) ਪਾਤਰ

ਅ) ਵਿਸ਼ੇ

ੲ) ਵਾਤਾਵਰਣਿਕ ਵੇਰਵੇ

ਸ) ਵਾਰਤਾਲਾਪ

6. ਘਟਨਾ ਦੇ ਸਮੇਂ ਤੇ ਸਥਾਨ ਦੇ ਅਨੁਕੂਲ ਹੀ ਕਹਾਣੀਕਾਰ .....ਦੀ ਚੋਣ ਕਰਦਾ ਹੈ।

ੳ) ਵਿਸ਼ਿਆਂ

ਅ) ਪਾਤਰਾਂ

ੲ) ਵਾਰਤਾਲਾਪਾਂ

ਸ) ਉਦੇਸ਼ਾਂ

7. ਜਰਨੈਲ ਸਿੰਘ .........ਦ੍ਰਿਸ਼ਟੀ ਦਾ ਧਾਰਨੀ ਹੈ।

ੳ) ਪ੍ਰਗਤੀਵਾਦੀ ਅਤੇ ਯਥਾਰਥਵਾਦੀ

ਅ) ਮਾਰਕਸਵਾਦੀ ਅਤੇ ਪ੍ਰਗਤੀਵਾਦੀ

ੲ) ਯਥਾਰਥਵਾਦੀ ਅਤੇ ਮਾਨਵਵਾਦੀ

ਸ) ਮਾਨਵਵਾਦੀ ਅਤੇ ਰੁਮਾਂਸਵਾਦੀ

8. ਕਿਹੜੀ ਤਕਨੀਕ ਦੀ ਵਰਤੋਂ ਰਾਹੀਂ ਬਿਰਤਾਂਤਕਾਰ ਨੇ ਪਾਤਰ ਦੀ ਮਾਨਸਿਕ ਉਥਲ ਪੁਥਲ ਨੂੰ ਸਾਹਮਣੇ ਲਿਆਂਦਾ ਹੈ?

ੳ) ਕਾਰਜ ਦੀ ਤਕਨੀਕ

ਅ) ਵਾਰਤਾਲਾਪ ਦੀ ਤਕਨੀਕ

ੲ) ਵਰਣਨ ਦੀ ਤਕਨੀਕ

ਸ) ਚੇਤਨਾ ਪ੍ਰਵਾਹ ਤਕਨੀਕ

9. ਕਹਾਣੀ ਸੰਗ੍ਰਹਿ 'ਟਾਵਰਜ਼' ਵਿੱਚ ਜਰਨੈਲ ਸਿੰਘ ਦੀ ਕਹਾਣੀ...... ਵਾਲੀ ਹੈ।

ੳ) ਇਕਹਿਰੇ ਕਥਾਨਕ

ਅ) ਜਟਿਲ ਕਥਾਨਕ

ੲ) ਸਿੱਧੇ ਕਥਾਨਕ

ਸ) ਸਪੱਸ਼ਟ ਕਥਾਨਕ

10. ਕਥਾਨਕ ਉਸਾਰੀ ਵਿਚ .......ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ।

ੳ) ਘਟਨਾ ਪ੍ਰਬੰਧ

ਅ) ਪਾਤਰ ਉਸਾਰੀ

ੲ) ਵਾਰਤਾਲਾਪਾਂ

ਸ) ਉਦੇਸ਼

11. ਕਹਾਣੀਕਾਰ ਆਪਣੇ ਉਦੇਸ਼ ਅਧੀਨ ਕੁਝ ...... ਨੂੰ ਮੁੱਖ ਅਤੇ ਕੁਝ ਨੂੰ ਗੌਣ ਰੂਪ ਵਿੱਚ ਪੇਸ਼ ਕਰਦਾ ਹੈ।

ੳ) ਵਿਸ਼ਿਆਂ

ਅ) ਪਾਤਰਾਂ

ੲ) ਘਟਨਾਵਾਂ

ਸ) ਉਦੇਸ਼ਾਂ

12. 'ਟਾਵਰਜ਼' ਦੀਆਂ ਕਹਾਣੀਆਂ .......ਦੀ ਤਕਨੀਕ ਨੂੰ ਅਪਨਾਉਦੀਆਂ ਕਹਾਣੀਆਂ ਹਨ।

ੳ) ਆਧੁਨਿਕ ਅਤੇ ਉੱਤਰ ਆਧੁਨਿਕ ਦੌਰ

ਅ) ਮੱਧਕਾਲ ਅਤੇ ਆਧੁਨਿਕ ਦੌਰ

ੲ) ਪੁਰਾਤਨ ਅਤੇ ਮੱਧਕਾਲ ਦੌਰ

ਸ) ਉਤਰਆਧੁਨਿਕ ਅਤੇ ਪੁਰਾਤਨ ਦੌਰ

13. 'ਟਾਵਰਜ਼' ਦੀਆਂ ਕਹਾਣੀਆਂ ...... ਦੀਆਂ ਧਾਰਨੀ ਹੋਣ ਕਾਰਨ ਕਈ ਵਾਰ ਧਿਆਨ ਨਾਲ ਪੜ੍ਹਕੇ ਹੀ ਸਮਝ ਆਉਂਦੀਆਂ ਹਨ।

ੳ) ਯਥਾਰਥਕ ਪੇਸ਼ਕਾਰੀ

ਅ) ਪਰਵਾਸੀ ਅਨੁਭਵ

ੲ) ਮਾਨਵਵਾਦੀ ਰੁਚੀ

ਸ) ਗਹਿਨ ਬੁਣਤਰ

14. ਜਰਨੈਲ ਸਿੰਘ ਦੀ ਬਿਰਤਾਂਤਕਾਰੀ ਆਮ ਤੌਰ 'ਤੇ ......ਕਿਸਮ ਦੀ ਹੈ।

ੳ) ਇੱਕ

ਅ) ਦੋ

ੲ) ਤਿੰਨ

ਸ) ਪੰਜ

15. .......ਬਿਰਤਾਂਤਕ ਉਸਾਰੀ ਵਿੱਚ ਬਿਰਤਾਂਤਕਾਰ ਕਿਸੇ ਬਾਰੇ ਬਿਰਤਾਂਤ ਸਿਰਜਦਾ ਹੈ।

ੳ) ਉਤਮਪੁਰਖੀ

ਅ) ਨਿੱਜਮੁੱਖੀ

ੲ) ਸਰਬਗਿਆਤਾ

ਸ) ਆਤਮਮੁੱਖੀ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੳ** | **2 ਅ** | **3.ੲ** | **4. ਸ** | **5. ੳ** |
| **6. ਅ** | **7. ੲ** | **8. ਸ** | **9. ਅ** | **10. ੳ** |
| **11. ੲ** | **12. ੳ** | **13. ਸ** | **14. ਅ** | **15. ੲ** |

## ਅਭਿਆਸ ਪ੍ਰਸ਼ਨ

1. 'ਟਾਵਰਜ਼' ਕਹਾਣੀ ਸੰਗ੍ਰਹਿ ਦੇ ਆਧਾਰ ਉਪਰ ਜਰਨੈਲ ਸਿੰਘ ਦੀ ਕਹਾਣੀ ਦੇ ਰੂਪਾਕਾਰਕ ਸਰੂਪ ਨੂੰ ਨਿਰਧਾਰਿਤ ਕਰੋ।
2. ਜਰਨੈਲ ਸਿੰਘ ਦੀ ਪਾਤਰ ਚੋਣ ਅਤੇ ਪਾਤਰ ਉਸਾਰੀ ਦੀਆ ਵਿਧੀਆਂ ਦਾ ਮੁਲਾਂਕਣ ਕਰੋ।
3. 'ਟਾਵਰਜ਼' ਕਹਾਣੀ ਸੰਗ੍ਰਹਿ ਸੰਮਲਿਤ ਕਹਾਣੀਆਂ ਦਾ ਕਥਾਨਕ ਬਣਤਰ ਅਤੇ ਬੁਣਤਰ ਦਾ ਆਧਾਰ ਸਪਸ਼ਟ ਕਰੋ।
4. ਜਰਨੈਲ ਸਿੰਘ ਦੀ ਭਾਸ਼ਕ ਸਮਰੱਥਾ ਉਪਰ ਨੋਟ ਲਿਖੋ।
5. ਜਰਨੈਲ ਸਿੰਘ ਦੀ ਕਹਾਣੀ ਕਲਾ ਦੇ ਆਧਾਰ ਉਪਰ ਪਰਵਾਸੀ ਪੰਜਾਬੀ ਕਹਾਣੀ ਜਗਤ ਵਿੱਚ ਸਥਾਨ ਨਿਰਧਾਰਿਤ ਕਰੋ।

## Further Reading

- ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ ਟਾਵਰਜ਼: ਵਸਤੂ, ਵਿਧੀ ਅਤੇ ਦ੍ਰਿਸ਼ਟੀ, (ਸੰਪਾ.) ਡਾ. ਕਰਮਜੀਤ ਸਿੰਘ, ਡਾ. ਹਰਸਿਮਰਨ ਸਿੰਘ ਰੰਧਾਵਾ, ਐਮ.ਪੀ. ਪ੍ਰਕਾਸ਼ਨ, ਦਿੱਲੀ, 2006.

## Online Links

- http://globalpunjabi.com/index.php?option=com_k2&view=item&id=187:tower-de-samyasa&Itemid=1
- https://dhahanprize.com/pa/book-author/%E0%A8%9C%E0%A8%B0%E0%A8%A8%E0%A9%88%E0%A8%B2-%E0%A8%B8%E0%A8%BF%E0%A9%B0%E0%A8%98/
- http://panjabialochana.com/yahoo_site_admin1/assets/docs/Jarnail_Singh_da_Kahani_Sangrah_Towers.272100151.pdf

# Unit 09: ਨਾਵਲ: ਸਿਧਾਂਤਕ ਪਰਿਪੇਖ

**ਵਿਸ਼ਾ-ਵਸਤੂ**

**ਉਦੇਸ਼**

**ਜਾਣ-ਪਛਾਣ**

**1.1 ਨਾਵਲ ਦਾ ਸੰਕਲਪ**

**1.2 ਨਾਵਲ: ਪਰਿਭਾਸ਼ਾਵਾਂ**

**1.3 ਨਾਵਲ ਦੀਆਂ ਵਿਸ਼ੇਸ਼ਤਾਵਾਂ**

**1.4 ਨਾਵਲ ਦੇ ਤੱਤ**

**ਸਾਰਾਂਸ਼**

**ਕੇਂਦਰੀ ਸ਼ਬਦ**

**ਸਵੈ-ਮੁਲਾਂਕਣ**

**ਸਵੈ-ਮੁਲਾਂਕਣ ਲਈ ਉੱਤਰ**

**ਅਭਿਆਸ ਪ੍ਰਸ਼ਨ**

**ਸੰਦਰਭ ਪੁਸਤਕਾਂ**

## ਉਦੇਸ਼

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

- ਨਾਵਲ ਵਿਧਾ ਦੇ ਸਰੂਪ ਅਤੇ ਵਿਸ਼ੇਸ਼ਤਾਵਾਂ ਦੀ ਪਛਾਣ ਕਰਨ ਦੇ ਸਮੱਰਥ ਹੋਣਗੇ
- ਨਾਵਲ ਦੇ ਤੱਤਾਂ ਸਬੰਧੀ ਸਮਝ ਸਥਾਪਿਤ ਕਰਨ ਦੇ ਯੋਗ ਹੋਣਗੇ
- ਨਾਵਲ ਵਿਧਾ ਦੇ ਵਿਦਵਾਨਾਂ ਵਲੋਂ ਕੀਤੇ ਮਿਲਦੇ ਵਰਗੀਕਰਣਾਂ ਦੀ ਸਮਝ ਦੇ ਆਧਾਰ ‘ਤੇ ਵਿਭਿੰਨ ਕਿਸਮਾਂ ਦਾ ਵਿਸ਼ਲੇਸ਼ਣ ਕਰਨ ਦੇ ਕਾਬਿਲ ਹੋਣਗੇ

## 1.1 ਨਾਵਲ ਦਾ ਸੰਕਲਪ

ਨਾਵਲ ਆਧੁਨਿਕ ਸਾਹਿਤ ਦਾ ਇੱਕ ਲੋਕ-ਪ੍ਰਿਆ ਰੂਪਾਕਾਰ ਹੈ। ਪੰਜਾਬੀ ਵਿੱਚ ਨਾਵਲ ਅੰਗਰੇਜ਼ੀ ਸ਼ਬਦ ‘ Novel’ ਦਾ ਹੀ ਬਦਲਵਾਂ ਰੂਪ ਹੈ , ਜਿਸ ਦੀ ਉਤਪਤੀ ਇਤਾਲਵੀ ਭਾਸ਼ਾ ਦੇ ਸ਼ਬਦ ਨੋਵਿਲਾ ( novella ) ਤੋਂ ਹੋਈ ਹੈ , ਜਿਸ ਦਾ ਅਰਥ ਹੈ ‘ ਨਵਾਂ’। ਪੁਰਾਤਨ ਇਤਾਲਵੀ ਵਿੱਚ ਇਸ ਸ਼ਬਦ ਦੀ ਵਰਤੋਂ ਕਿਸੇ ਖ਼ਬਰ , ਗੱਪ-ਸ਼ੱਪ ਜਾਂ ਬਾਤ ਦੇ ਅਰਥਾਂ ਵਿੱਚ ਵੀ ਹੋਈ ਹੈ। ਮੁੱਢ ਵਿੱਚ ਅੰਗਰੇਜ਼ੀ ਵਿੱਚ ਇਸ ਦੀ ਵਰਤੋਂ ਇੱਕ ਅਜਿਹੀ ਵਾਰਤਕ ਕਥਾ ਵਾਸਤੇ ਹੋਣੀ ਸ਼ੁਰੂ ਹੋਈ , ਜਿਸ ਵਿੱਚ ਯਥਾਰਥਿਕ ਪਰ ਜ਼ਿਆਦਾਤਰ ਅਸ਼ਲੀਲ ਕਿਸਮ ਦੀ ਕਹਾਣੀ ਹੋਵੇ। ਅਜਿਹੀਆਂ ਕਹਾਣੀਆਂ ਪੁਨਰਜਾਗਰਨ ਦੌਰ ਵਿੱਚ ਪ੍ਰਸਿੱਧ ਹੋਈਆਂ , ਜਿਵੇਂ ਬੋਕਾਸ਼ੀਓ ਦੀ ਡੀਕੈਮੇਰੂਨ ( Bocca- ccio' s Decameron- 1348-53 )। ਇਸ ਤਰ੍ਹਾਂ ਇਹ ਮੂਲ ਰੂਪ ਵਿੱਚ ਆਧੁਨਿਕ ਯੂਰਪੀ ਸਾਹਿਤ ਪਰੰਪਰਾ ਦਾ ਰੂਪਾਕਾਰ ਹੈ , ਜੋ ਸਭ ਤੋਂ ਪਹਿਲਾਂ ਅੰਗਰੇਜ਼ੀ ਵਿੱਚ ਪ੍ਰਵਾਨ ਚੜ੍ਹਿਆ। ਯੂਰਪ ਵਿੱਚ ਨਾਵਲ ਦਾ ਜਨਮ ਸਪੇਨਿਸ਼ ਨਾਵਲਕਾਰ ਸਰਵਾਂਤੇਜ਼ ( 1547-1616 ) ਦੁਆਰਾ ਰਚਿਤ ਡੌਨ ਕੁਹੋਤੇ ( Don Quixote ) ( 1615 ) ਨਾਲ ਮੰਨਿਆ ਜਾਂਦਾ ਹੈ। ਇੰਗਲੈਂਡ ਵਿੱਚ ਇਸ ਦੀ ਸਥਾਪਤੀ 18ਵੀਂ ਸਦੀ ਵਿੱਚ ਡੈਨੀਅਲ ਡੋਫ਼ੋ ( Daniel

Defoe ) , ਸੈਮੂਅਲ ਰਿਚਰਡਸਨ ( Samuel Richardson ) ਅਤੇ ਹੈਨਰੀ ਫ਼ੀਲਡਿੰਗ ( Henry Fielding ) ਆਦਿ ਦੀਆਂ ਰਚਨਾਵਾਂ ਨਾਲ ਹੋਈ । ਉਦੋਂ ਤੋਂ ਲੈ ਕੇ ਨਾਵਲ ਨੇ ਬਹੁਤ ਵਿਕਾਸ ਕੀਤਾ ਹੈ ਤੇ ਵਿਸ਼ਵ ਦੀਆਂ ਲਗਪਗ ਸਾਰੀਆਂ ਮਹੱਤਵ- ਪੂਰਨ ਭਾਸ਼ਾਵਾਂ ਵਿੱਚ ਇਸ ਦੀ ਰਚਨਾ ਹੁੰਦੀ ਹੈ ।

ਤਕਨੀਕੀ ਸ਼ਬਦ 'ਨਾਵਲ', ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Novel' ਦਾ, ਪੰਜਾਬੀ-ਰੂਪ ਹੈ। ਦੂਜੇ ਸ਼ਬਦਾਂ ਵਿਚ, ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Novel' ਨੂੰ, ਪੰਜਾਬੀ ਵਿਚ, 'ਤਤਤਮ ਰੂਪ' ਵਿਚ ਅਪਨਾ ਲਿਆ ਗਿਆ ਹੈ। ਜਿੱਥੋਂ ਤੱਕ 'ਨਾਵਲ' ਸ਼ਬਦ ਦੇ ਨਿਕਾਸ ਅਤੇ ਇਸ ਦੇ ਅਰਥ-ਪਾਸਾਰਾਂ ਦਾ ਸੰਬੰਧ ਹੈ, ਉਸ ਬਾਬਤ, ਡਾ. ਗੁਰਪਾਲ ਸਿੰਘ ਸੰਧੂ ਦੀ ਇਹ ਟਿੱਪਣੀ, ਇਸ ਤਰ੍ਹਾਂ ਹੈ :-

> ''ਕੋਸ਼ਗਤ (ਡਿਕਸ਼ਨਰੀ) ਅਰਥ ਅਨੁਸਾਰ ਨਾਵਲ (ਟਰਡਕ;) ਅੰਗਰੇਜ਼ੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਮੂਲ, ਲਾਤੀਨੀ ਭਾਸ਼ਾ ਦਾ 'Novel' ਸ਼ਬਦ ਹੈ। ''Novel' ਸ਼ਬਦ, 'ਨਵੇਂ' ਦੇ ਅਰਥਾਂ ਵਜੋਂ ਵਰਤਿਆ ਜਾਂਦਾ ਹੈ। ਫ਼ਰਾਂਸੀਸੀ ਸ਼ਬਦ (ਟਰਡਕ;;ਚਤ) ਵੀ, ਉਪਰੋਕਤ ਅਰਥਾਂ 'ਚ ਹੀ ਵਰਤਿਆ ਜਾਂਦਾ ਹੈ। ਅੰਗਰੇਜ਼ੀ ਵਿਚ ਟਰਡਕ; ਸ਼ਬਦ, 'ਛੋਟੀ ਕਹਾਣੀ' ਲਈ ਵੀ ਵਰਤਿਆ ਜਾਂਦਾ ਹੈ। 'ਟਰਡਕ;' ਦਾ ਪ੍ਰਾਇਵਾਚੀ, ਹਿੰਦੀ ਭਾਸ਼ਾ ਦਾ ਸ਼ਬਦ 'ਉਪਨਿਆਸ' ਹੈ। 'ਉਪਨਿਆਸ' ਸ਼ਬਦ ਦਾ ਮੂਲ, ਸੰਸਕ੍ਰਿਤ ਭਾਸ਼ਾ ਵਿਚ ਹੈ। ਇਸ ਦਾ ਭਾਵ ਵੀ, 'ਕਲਪਿਤ ਕਥਾ' ਹੈ। ਸੋ, ਅਸੀਂ ਨਾਵਲ ਅਤੇ ਉਪਨਿਆਸ ਨੂੰ, ਮੂਲ ਭਾਵਾਂ ਅਨੁਸਾਰ, ਇੰਞ ਪ੍ਰਗਟਾਅ ਸਕਦੇ ਹਾਂ ਕਿ ਇਸ ਵਿਚ, ਜ਼ਿੰਦਗੀ ਦੀ ਲੰਮੀ ਕਹਾਣੀ ਨੂੰ ਨਾਵਾਂ, ਥਾਵਾਂ ਅਤੇ ਘਟਨਾਵਾਂ ਦੀ ਸਹਾਇਤਾ ਨਾਲ਼, ਯੋਗ ਭਾਸ਼ਾ ਰਾਹੀਂ ਸਮਕਾਲੀ ਸਮਾਜ ਦੇ ਸੰਦਰਭ ਵਿਚ, ਨਵੀਨਤਾ ਦੀ ਦ੍ਰਿਸ਼ਟੀ ਅਤੇ ਢੰਗ ਨਾਲ਼, ਬਿਆਨ ਕੀਤਾ ਜਾਂਦਾ ਹੈ।"

## 1.2 ਨਾਵਲ: ਪਰਿਭਾਸ਼ਾਵਾਂ

ਭਿੰਨ ਭਿੰਨ ਵਿਦਵਾਨਾਂ ਵੱਲੋਂ, ਸਮੇਂ ਸਮੇਂ ਪੇਸ਼ ਕੀਤੀਆਂ ਗਈਆਂ ਉਹ ਪਰਿਭਾਸ਼ਾਵਾਂ, ਇਸ ਤਰ੍ਹਾਂ ਹਨ :-

ਐੱਚ.ਜੀ. ਵੈੱਲਸ ਅਨੁਸਾਰ, ''ਨਾਵਲ, ਇਕ ਨੁਕਸਾਨ ਰਹਿਤ ਨਸ਼ਾ ਹੈ, ਜਿਹੜਾ ਉਸ ਸਮੇਂ ਸੇਵਨ ਕੀਤਾ ਜਾਂਦਾ ਹੈ, ਜਦੋਂ ਮਨੁੱਖੀ-ਦਿਮਾਗ਼ ਖ਼ਾਲੀ ਹੋਵੇ ਜਾਂ ਮਨੁੱਖ ਦੇ ਕੋਲ਼ ਕਾਫ਼ੀ ਵਿਹਲ ਹੋਵੇ।''

ਕਲੀਂਥ ਬਰੁੱਕਸ ਤੇ ਆਸਟਨ ਵੈਰੇਨ ਦੇ ਸ਼ਬਦਾਂ ਵਿਚ, ''ਨਾਵਲ, ਇਕ ਤਰ੍ਹਾਂ ਨਾਲ਼, ਸਾਡੀ ਜੀਵਨ-ਪ੍ਰਕਿਰਿਆ ਦਾ ਸਿਰਜਣਾਤਮਕ ਬਿੰਬ ਹੈ, ਜਿਸ ਵਿਚਲਾ ਅਰਥ, ਅਨੁਭਵ ਤੋਂ ਜਨਮ ਲੈਂਦਾ ਹੈ।

ਰਿਚਰਡ ਬਰਟਨ ਦੇ ਕਹਿਣ ਮੁਤਾਬਕ, ''ਨਾਵਲ, ਸਮਕਾਲੀ-ਜੀਵਨ ਦਾ ਗੱਦ ਵਿਚ ਰਚਿਆ ਅਧਿਐਨ ਹੈ।''

ਵੈੱਬਸਟਰ ਮੁਤਾਬਕ, ''ਨਾਵਲ, ਵਾਰਤਕ ਵਿਚ ਲਿਖੀ ਹੋਈ, ਇਕ ਵੱਡੇ ਆਕਾਰ ਦੀ ਕਲਪਨਾ-ਭਰਪੂਰ ਕਹਾਣੀ ਹੰੁਦੀ ਹੈ, ਜਿਸ 'ਚ ਮਨੁੱਖੀ-ਜੀਵਨ ਦੀ ਅਸਲੀਅਤ ਨੂੰ, ਸਾਕਾਰ ਕਰਨ ਵਾਲ਼ੇ ਪਾਤਰਾਂ ਅਤੇ ਉਨ੍ਹਾਂ ਦੇ ਕਾਰਜਾਂ ਦਾ ਵਰਣਨ ਹੁੰਦਾ ਹੈ।''

ਪ੍ਰਸਿੱਧ ਪੱਛਮੀ ਸਾਹਿਤ-ਚਿੰਤਕ ਜੇਮਜ਼ ਦੇ ਕਹਿਣ ਮੁਤਾਬਕ, ''ਨਾਵਲ, ਇਕ ਨਿੱਜੀ ਤੇ ਸਿੱਧਾ ਜੀਵਨ-ਪ੍ਰਭਾਵ ਹੈ, ਜਿਸ ਦਾ ਵੱਧ ਜਾਂ ਘੱਟ ਮੁੱਲ, ਪ੍ਰਭਾਵ ਦੀ ਤੀਖਣਤਾ ਮੁਤਾਬਕ ਹੁੰਦਾ ਹੈ।''

ਆਕਸਫ਼ੋਰਡ ਇੰਗਲਿਸ਼ ਡਿਕਸ਼ਨਰੀ ਵਿਚ ਦਰਜ਼ ਨਾਵਲ ਦੀ ਪਰਿਭਾਸ਼ਾ ਨੂੰ, ਡਾ. ਟੀ.ਆਰ. ਵਿਨੋਦ ਹੁਰੀਂ ਇਉਂ ਬਿਆਨਦੇ ਹਨ, ''ਉਪਨਿਆਸ, ਗੱਦ ਵਿਚ ਲਿਖੀ ਹੋਈ ਕਾਫ਼ੀ ਲੰਮੀ, ਗਲਪਨਾਤਮਕ ਕਥਾ ਜਾਂ ਕਹਾਣੀ ਹੈ, ਜਿਸ ਵਿਚ ਵੱਧ ਜਾਂ ਘੱਟ ਕਥਾਨਕ ਰਾਹੀਂ, ਅਤੀਤ ਜਾਂ ਵਰਤਮਾਨ ਤੇ ਵਾਸਤਵਿਕ-ਜੀਵਨ ਦੇ ਪ੍ਰਤੀਨਿਧ ਪਾਤਰ ਅਤੇ ਕਾਰਜ, ਪੇਸ਼ ਕੀਤੇ ਜਾਂਦੇ ਹਨ।''

ਜਾਰਜ ਈਲੀਅਟ ਦੇ ਕਹਿਣ ਮੁਤਾਬਕ, ''ਮਨੁੱਖਾਂ ਅਤੇ ਵਸਤੂਆਂ ਦੇ, ਲੇਖਕ ਦੇ ਮਨ-ਸ਼ੀਸ਼ੇ ਉੱਤੇ ਪ੍ਰਭਾਵ ਦੀ, ਸੱਚੀ ਤਫ਼ਸੀਲ ਹੀ, ਨਾਵਲ ਹੈ।''

ਇਸ ਤਰ੍ਹਾਂ ਦੀਆਂ ਹੋਰ ਵੀ, ਬਹੁਤ ਸਾਰੀਆਂ ਪਰਿਭਾਸ਼ਾਵਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ, ਜੋ ਨਾਵਲ ਦੇ ਸਰੂਪ ਨੂੰ, ਆਪੋ ਆਪਣੇ ਤਰੀਕਿਆਂ ਨਾਲ, ਚਿੱਤਰਣ ਵੱਲ ਰੁਚਿਤ ਹਨ। ਇਨ੍ਹਾਂ ਤੇ ਕੁੱਝ ਹੋਰ ਪਰਿਭਾਸ਼ਾਵਾਂ ਦੇ ਆਧਾਰ 'ਤੇ ਪ੍ਰੋ. ਪਿਆਰਾ ਸਿੰਘ ਹੁਰੀਂ, ਇਸ ਨਤੀਜੇ 'ਤੇ ਪੁੱਜਦੇ ਹਨ ਕਿ ਨਾਵਲ ਦੀ, ਕੋਈ ਤਾਤਵਿਕ ਪਰਿਭਾਸ਼ਾ ਅਜੇ ਤੀਕ ਨਹੀਂ ਹੋ ਸਕੀ। ਇਨ੍ਹਾਂ ਪਰਿਭਾਸ਼ਾਵਾਂ ਦੀ ਸੰਪੂਰਨਤਾ ਤੇ ਅਪੂਰਨਤਾ ਵੱਲ ਇਸ਼ਾਰਾ ਕਰਦਿਆਂ, ਉਹ ਇਨ੍ਹਾਂ ਪਰਿਭਾਸ਼ਾਵਾਂ ਦੇ ਸਾਂਝੇ ਸੂਤਰ ਨੂੰ ਲੱਭਣ ਦੀ ਕੋਸ਼ਿਸ਼ ਵਿਚ ਹਨ। ਇੰਞ ਕਰਦਿਆਂ, ਉਹ ਇਹ ਪ੍ਰਸਤਾਵ ਬਣਾਉਂਦੇ ਹਨ ਕਿ ਨਾਵਲ, ਇਕ ਲੰਮੀ ਸਾਹਿਤਕ ਤੇ ਗਲਪਮਈ ਰਚਨਾ ਹੈ, ਜਿਸ ਵਿਚ ਵਿਆਪਕ-ਜੀਵਨ ਦਾ ਵਿਸ਼ਲੇਸ਼ਣ, ਪਾਤਰਾਂ, ਕਹਾਣੀਆਂ, ਘਟਨਾਵਾਂ, ਵਾਰਤਾਲਾਪਾਂ ਤੇ ਭਾਸ਼ਾ ਦੁਆਰਾ ਕੀਤਾ ਗਿਆ ਹੰੁਦਾ ਹੈ। ਨਾਵਲਕਾਰ, ਇਕ ਵਿਲੱਖਣ ਦ੍ਰਿਸ਼ਟੀਕੋਣ ਤੋਂ, ਅਜਨਬੀ ਢੰਗ ਨਾਲ਼, ਇਸ ਸਭ ਕੁੱਝ ਨੂੰ ਇਉਂ ਪੇਸ਼ ਕਰਦਾ ਹੈ ਕਿ ਗਲਪੀ-ਸੰਸਾਰ, ਸੱਚਮੁੱਚ ਦਾ ਸੰਸਾਰ ਨਾ ਹੁੰਦਾ ਹੋਇਆ ਵੀ, ਸੱਚਾ ਲੱਗਣ ਲੱਗ ਪੈਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰੋ. ਪਿਆਰਾ ਸਿੰਘ ਹੁਰਾਂ ਦੀ ਇਸ ਪਰਿਭਾਸ਼ਾ ਵਿਚੋਂ, ਨਾਵਲ ਸੰਬੰਧੀ ਕਈ ਗੱਲਾਂ, ਸਪੱਸ਼ਟ ਹੁੰਦੀਆਂ

ਨਜ਼ਰ ਆਉਂਦੀਆਂ ਹਨ। ਪਰ, ਉਨ੍ਹਾਂ ਦੀ ਇਸ ਪਰਿਭਾਸ਼ਾ ਨੂੰ ਵੀ, ਸਹਿਜੇ ਕੀਤਿਆਂ, ਮੁਕੰਮਲ ਨਹੀਂ ਗਰਦਾਨਿਆ ਜਾ ਸਕਦਾ। ਇਸ ਦੇ ਕਈ ਕਾਰਨ ਹਨ। ਵੱਡਾ ਕਾਰਨ ਇਹ ਹੈ ਕਿ ਸਾਡੇ ਕੋਲ਼ ਨਾਵਲ ਦੀਆਂ ਇਤਨੀਆਂ ਵੰਨਗੀਆਂ (ਕਿਸਮਾਂ) ਤੇ ਪ੍ਰਵਿਰਤੀਆਂ ਮੌਜੂਦ ਹਨ, ਜਿਨ੍ਹਾਂ ਦੇ ਆਧਾਰ 'ਤੇ ਨਾਵਲ ਦੀ ਕੋਈ ਇਕ ਸੰਤੁਲਿਤ ਪਰਿਭਾਸ਼ਾ, ਜਲਦੀ ਕੀਤਿਆਂ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ। ਇਕ ਅਜਿਹੀ ਪਰਿਭਾਸ਼ਾ, ਜਿਸ ਵਿਚ ਨਾਵਲ ਦੀਆਂ ਸਾਰੀਆਂ ਵੰਨਗੀਆਂ ਤੇ ਪ੍ਰਵਿਰਤੀਆਂ ਦੇ 'ਸਾਰ ਤੱਤ' ਨੂੰ, ਕਿਸੇ ਸਿੱਧਾਂਤ ਵਿਚ ਬੰਨ੍ਹਿਆ ਜਾ ਸਕੇ। ਜਾਂ, ਉਸ ਦਾ ਸਿੱਧਾਂਤੀਕਰਨ ਕੀਤਾ ਜਾ ਸਕੇ। ਸਾਡੇ ਕੋਲ਼ 'ਇਤਿਹਾਸਕ ਨਾਵਲ' ਮੌਜੂਦ ਹਨ, 'ਸਾਂਸਕ੍ਰਿਤਕ ਨਾਵਲ' ਵੀ ਅਤੇ 'ਯਥਾਰਥਵਾਦੀ ਨਾਵਲ' ਤੇ 'ਸਮਾਜਕ ਨਾਵਲ' ਵੀ ਉਪਲਬਧ ਹਨ। ਨਾਵਲਾਂ ਦੀ ਇਤਨੀ ਵਿਭਿੰਨਤਾ ਦੇ ਹੁੰਦਿਆਂ, 'ਨਾਵਲ' ਨੂੰ, ਬਤੌਰ ਇਕ ਸਾਹਿਤਕ ਰੂਪ ਦੇ, ਕਿਸੇ ਇਕ ਸੰਤੁਲਿਤ ਪਰਿਭਾਸ਼ਾ ਵਿਚ ਬੰਨ੍ਹਣਾ ਮੁਸ਼ਕਿਲ ਜ਼ਰੂਰ ਹੈ, ਪਰ ਅਸੰਭਵ ਨਹੀਂ।

## 1.2 ਨਾਵਲ ਦੀਆਂ ਵਿਸ਼ੇਸ਼ਤਾਵਾਂ

ਬਤੌਰ ਇਕ ਸਾਹਿਤਕ-ਰੂਪ ਦੇ, 'ਨਾਵਲ' ਦੀਆਂ ਕੁੱਝ ਅਜਿਹੀਆਂ ਵਿਸ਼ੇਸ਼ਤਾਵਾਂ ਹਨ, ਜਿਨ੍ਹਾਂ ਦੇ ਆਧਾਰ 'ਤੇ ਸਹਿਜੇ ਹੀ, ਇਸ ਦੀ ਆਪਣੀ ਵੱਖਰੀ 'ਪਛਾਣ' ਨੂੰ ਨਿਸ਼ਚਿਤ ਕਰ ਸਕਦੇ ਹਾਂ। ਡਾ. ਗੁਰਪਾਲ ਸਿੰਘ ਸੰਧੂ ਨੇ, ਆਪਣੀ ਸਮੀਖਿਆ-ਪੁਸਤਕ 'ਪੰਜਾਬੀ ਨਾਵਲ ਦਾ ਇਤਿਹਾਸ' (2005) ਵਿਚ, ਇਸ ਮਸਲੇ ਉਪਰ, ਕੁੱਝ ਚਰਚਾ ਕੀਤੀ ਹੈ। ਅਸੀਂ ਡਾ. ਸੰਧੂ ਦੇ ਇਸ ਵਿਚਾਰ ਨਾਲ਼, ਪੂਰੀ ਤਰ੍ਹਾਂ ਸਹਿਮਤ ਹਾਂ ਕਿ ਨਾਵਲੀ-ਰਚਨਾ ਵਿਚ 'ਯਥਾਰਥ' ਤੇ 'ਗਲਪ' ਦਾ ਤਣਾਉ, ਨਿਰੰਤਰ ਬਣਿਆ ਰਹਿੰਦਾ ਹੈ। ਭਾਵ, ਇਕ ਪਾਸੇ, ਇਸ ਦਾ ਸੰਬੰਧ ਸਮਕਾਲੀ-ਜੀਵਨ ਦੇ ਯਥਾਰਥ ਨਾਲ਼ ਜੁੜਦਾ ਹੈ ਅਤੇ ਦੂਜੇ ਪਾਸੇ, ਇਸ ਦਾ ਰਿਸ਼ਤਾ, ਗਾਲਪਨਿਕ ਸੰਸਾਰ ਵਿਚ ਪੇਸ਼ ਹੋਣ ਵਾਲੇ, 'ਕਲਾ ਦੇ ਯਥਾਰਥ' ਨਾਲ਼ ਬਣਿਆ ਰਹਿੰਦਾ ਹੈ। ਨਾਵਲ ਦੀ ਵਿਸ਼ੇਸ਼ਤਾ ਸੰਬੰਧੀ, ਡਾ. ਸੰਧੂ ਹੁਰਾਂ ਦੀ, ਇਹ ਇਕ ਬਹੁਤ ਹੀ ਮਹੱਤਵਪੂਰਨ ਟਿੱਪਣੀ ਹੈ। ਨਾਵਲ ਦੀਆਂ ਰੂਪਾਕਾਰਕ-ਵਿਸ਼ੇਸ਼ਤਾਵਾਂ ਉਪਰ ਟਿੱਪਣੀ ਕਰਦਿਆਂ, ਉਨ੍ਹਾਂ ਨੇ ਜਿਹੜੇ ਵਿਸ਼ੇਸ਼ ਨੁਕਤੇ ਉੱਭਾਰੇ ਹਨ, ਉਨ੍ਹਾਂ ਨੂੰ ਸੂਤਰਬੱਧ-ਸ਼ੈਲੀ ਵਿਚ ਅਸੀਂ, ਇਉਂ ਪੇਸ਼ ਕਰ ਸਕਦੇ ਹਾਂ :-

(ੳ) ''ਨਾਵਲ ਨੂੰ, ਆਧੁਨਿਕ ਯੁੱਗ ਦਾ ਬਿਰਤਾਂਤ ਕਿਹਾ ਜਾਂਦਾ ਹੈ।

(ਅ) ਨਾਵਲ, ਇਕ 'ਗਲਪੀ ਪ੍ਰਵਚਨ' ਹੁੰਦਾ ਹੈ।

(ੲ) ਨਾਵਲ ਦਾ 'ਗਲਪੀ-ਪ੍ਰਵਚਨ', ਭਾਵੇਂ ਵਸਤੂ-ਯਥਾਰਥ ਦਾ ਹੀ ਰੂਪ ਹੁੰਦਾ ਹੈ, ਪਰ ਇਸ ਦੇ ਆਪਣੇ ਨਿਯਮ, ਰਵਾਇਤਾਂ ਅਤੇ ਵਿਸ਼ੇਸ਼ਤਾਵਾਂ ਹੁੰਦੀਆਂ ਹਨ।

(ਸ) ਇਸ ਸਥਿਤੀ ਦੀ ਵਿਆਖਿਆ, ਇਸ ਤਰ੍ਹਾਂ ਵੀ ਕੀਤੀ ਜਾ ਸਕਦੀ ਹੈ ਕਿ ਵਸਤੂ-ਯਥਾਰਥ ਵਿਚ ਵਾਪਰਣ ਵਾਲ਼ੀਆਂ ਘਟਨਾਵਾਂ, ਨਾਵਲ ਵਿਚ ਕਾਰਜ ਬਣ ਜਾਂਦੀਆਂ ਹਨ। ਜਿਉਂਦੇ-ਜਾਗਦੇ ਮਨੁੱਖ, ਪਾਤਰ ਬਣ ਜਾਂਦੇ ਹਨ ਅਤੇ ਜ਼ਿੰਦਗੀ ਵਿਚਲੇ ਇਤਫ਼ਾਕ, ਦੁਰਘਟਨਾਵਾਂ, ਸੰਗਤੀਆਂ- ਵਿਸੰਗਤੀਆਂ ਤੇ ਰੁਝਾਣ, ਵਿਸ਼ੇਸ਼ ਕਿਸਮ ਦੀਆਂ ਪਾਠਗਤ-ਜੁਗਤਾਂ ਦਾ ਰੂਪ ਅਖ਼ਤਿਆਰ ਕਰ ਲੈਂਦੇ ਹਨ।

(ਹ) ਇਹ ਪ੍ਰਕਿਰਿਆ ਹੀ ਨਾਵਲੀ-ਸੰਸਾਰ ਨੂੰ, ਵਸਤੂ-ਯਥਾਰਥ ਨਾਲ਼ ਦੂਹਰੇ ਰਿਸ਼ਤੇ ਵਿਚ ਜੋੜਦੀ ਹੈ। ਉਹ, ਉਸ ਵਰਗਾ ਹੁੰਦਾ ਹੋਇਆ ਵੀ, ਉਸ ਤੋਂ ਪੂਰੀ ਤਰ੍ਹਾਂ ਵਿਲੱਖਣ ਹੁੰਦਾ ਹੈ।

(ਕ) ਨਾਵਲੀ-ਭਾਸ਼ਾ, ਦੂਹਰੀ ਅਰਥ-ਸੰਚਾਰ ਪ੍ਰਕਿਰਿਆ ਦਾ ਨਿਰਮਾਣ ਕਰਦੀ ਹੈ। ਨਾਵਲੀ-ਪਾਠ ਵਿਚ ਇਹ ਦੋਵੇਂ ਪ੍ਰਕਿਰਿਆਵਾਂ, ਨਿਰੰਤਰ ਅਤੇ ਸਮਾਨੰਤਰ ਚਲਦੀਆਂ ਰਹਿੰਦੀਆਂ ਹਨ।

(ਖ) 'ਨਾਵਲੀ-ਪਾਠ' ਦੀ ਇਸੇ ਖ਼ਾਸੀਅਤ ਨੂੰ ਧਿਆਨ ਵਿਚ ਰੱਖਦੇ ਹੋਇਆਂ, ਰੂਸੀ ਨਾਵਲ- ਸ਼ਾਸਤਰੀ ਬਾਖ਼ਤਿਨ ਅਤੇ ਫ਼ਰਾਂਸੀਸੀ ਚਿਹਨ-ਵਿਗਿਆਨੀ ਜੂਲੀਆ ਕ੍ਰਿਸਤੀਵਾ, ਨਾਵਲੀ ਅਰਥ-ਪ੍ਰਕਿਰਿਆ ਨੂੰ, 'ਸੰਵਾਦੀ' ਅਤੇ 'ਬਹੁਸੁਰੀ' ਮੰਨਦੇ ਹਨ।

(ਗ) 'ਨਾਵਲੀ-ਪਾਠ' ਵਿਚ 'ਪਾਠ' ਅਤੇ 'ਪ੍ਰਸੰਗ' ਦਾ ਆਪਸੀ ਰਿਸ਼ਤਾ, ਸੰਜਮ ਅਤੇ ਵਿਉਂਤ ਦਾ ਰਿਸ਼ਤਾ ਹੁੰਦਾ ਹੈ।

(ਘ) ਇਸ ਤਰ੍ਹਾਂ ਨਾਵਲ, ਇਸ ਮਨੌਤ ਤੋਂ ਕਾਫ਼ੀ ਦੂਰ ਹੈ ਕਿ ਇਹ ਸਿਰਫ਼, ਯਥਾਰਥ ਦਾ ਪ੍ਰਗਟਾਵਾ ਅਤੇ ਝਲਕਾਰਾ ਹੈ।

ਬਤੌਰ ਇਕ ਸਾਹਿਤਕ-ਰੂਪ ਦੇ, ਨਾਵਲ ਦੀਆਂ ਵਿਸ਼ੇਸ਼ਤਾਵਾਂ ਸੰਬੰਧੀ, ਡਾ. ਸੰਧੂ ਹੁਰਾਂ ਦੀਆਂ ਇਹ ਅੰਤਰ- ਦ੍ਰਿਸ਼ਟੀਆਂ, ਕਾਫ਼ੀ ਮਹੱਤਵਪੂਰਨ ਹਨ। ਇਨ੍ਹਾਂ ਅੰਤਰ-ਦ੍ਰਿਸ਼ਟੀਆਂ ਦੀ 'ਸਾਰਥਕਤਾ', ਨਿਰਸੰਦੇਹ ਹੈ। ਧਿਆਨ ਨਾਲ਼ ਵੇਖਿਆ ਪਤਾ ਚਲਦਾ ਹੈ ਕਿ ਇਨ੍ਹਾਂ ਅੰਤਰ-ਦ੍ਰਿਸ਼ਟੀਆਂ ਦਾ ਸੰਬੰਧ, ਬਹੁਤਾ ਕਰਕੇ, ਸਮਾਨਯ ਰੂਪ ਵਿਚ, 'ਨਾਵਲ ਸਾਹਿਤ ਰੂਪ' ਨਾਲ਼ ਹੈ। ਪਰ, ਸਾਡੇ ਕੋਲ਼ ਤਾਂ ਨਾਵਲ ਦੀਆਂ, ਇਕ ਤੋਂ ਵੱਧ ਕਿਸਮਾਂ (ਜਾਂ ਵੰਨਗੀਆਂ) ਤੇ ਪ੍ਰਵਿਰਤੀਆਂ ਮੌਜੂਦ ਹਨ। ਇਤਿਹਾਸਕ ਨਾਵਲ, ਸਾਂਸਕ੍ਰਿਤਕ ਨਾਵਲ, ਮਨੋਵਿਗਿਆਨਕ ਨਾਵਲ, ਆਂਚਲਿਕ ਨਾਵਲ, ਧਾਰਮਕ ਨਾਵਲ, ਰਾਜਨੀਤਕ ਨਾਵਲ, ਵਿਗਿਆਨਕ ਨਾਵਲ ਆਦਿ, ਇਨ੍ਹਾਂ ਵਿਚੋਂ ਕੁੱਝ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ।

## 1.3 ਨਾਵਲ ਦੇ ਤੱਤ

ਦੂਜੇ ਸਾਹਿਤ-ਰੂਪਾਂ (ਕਹਾਣੀ, ਕਵਿਤਾ, ਨਾਟਕ ਤੇ ਵਾਰਤਕ) ਦੀ ਤਰ੍ਹਾਂ, 'ਨਾਵਲ' ਦੇ ਵੀ ਆਪਣੇ ਤੱਤ ਹਨ। ਇਹ ਤੱਤ ਹੀ, ਸੰਜੁਗਤ ਰੂਪ ਵਿਚ ਬੱਝ ਕੇ, ਕਿਸੇ ਸਾਹਿਤ-ਰੂਪ ਨੂੰ ਹੋਂਦ ਬਖ਼ਸ਼ਦੇ ਹਨ। ਜਿਵੇਂ ਕਿ ਸਾਡਾ ਸ਼ਰੀਰ, ਪੌਣ, ਪਾਣੀ, ਮਿੱਟੀ, ਅਗਨੀ ਤੇ ਆਕਾਸ਼ ਇਨ੍ਹਾਂ ਪੰਜ ਤੱਤਾਂ ਦਾ ਪੁੱਤਲਾ ਮੰਨਿਆ ਜਾਂਦਾ ਹੈ। ਠੀਕ ਇਸੇ ਤਰ੍ਹਾਂ, 'ਨਾਵਲ' ਸਾਹਿਤ-ਰੂਪ ਦੇ ਵੀ, ਆਪਣੇ ਕੁੱਝ ਪਛਾਣਨਯੋਗ ਤੱਤ ਹਨ। ਇਨ੍ਹਾਂ ਤੱਤਾਂ ਦੇ ਆਧਾਰ 'ਤੇ ਹੀ, ਅੱਗੇ ਚਲਕੇ 'ਨਾਵਲ' ਨੂੰ, ਇਕ ਵੱਖਰੇ ਸਾਹਿਤ-ਰੂਪ ਦੇ ਤੌਰ 'ਤੇ, ਪਰਿਭਾਸ਼ਤ ਕਰਨ ਦੀ ਯੋਜਨਾ ਬਣਾਈ ਹੈ।

ਜਦੋਂ 'ਨਾਵਲ' ਜਾਂ 'ਨਿੱਕੀ-ਕਹਾਣੀ' ਬਾਰੇ ਗੱਲਬਾਤ ਕੀਤੀ ਜਾਂਦੀ ਹੈ ਤਾਂ ਅਕਸਰ 'ਗਲਪ' ਸ਼ਬਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਸੋ, ਸਭ ਤੋਂ ਪਹਿਲਾਂ, ਇਸ ਸ਼ਬਦ ਦੇ ਬੁਨਿਆਦੀ ਅਰਥ ਪਾਸਾਰਾਂ ਨੂੰ ਸਪੱਸ਼ਟ ਕਰਨਾ ਜ਼ਰੂਰੀ ਹੈ। 'ਗਲਪ', ਮੂਲ ਰੂਪ ਵਿਚ, ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਜਫਵਜਰਅ' ਦਾ, ਪੰਜਾਬੀ-ਰੂਪ ਹੈ। ਇਉਂ, ਮੋਟੇ ਤੌਰ 'ਤੇ 'ਗਲਪ' ਨੂੰ, ਕਲਪਨਾ ਦੇ ਅਰਥਾਂ ਵਿਚ ਗ੍ਰਹਿਣ ਕਰਨ ਦੀ ਰੁਚੀ, ਪ੍ਰਬਲ ਰਹੀ ਹੈ। ਪਰ, ਯਾਦ ਰਹੇ ਕਿ ਇਹ ਕਲਪਨਾ, ਊਲ-ਜਲੂਲ ਜਾਂ ਨਿਰਾਰਥਕ ਨਹੀਂ ਹੁੰਦੀ। ਜਦੋਂ ਕੋਈ ਮਨੁੱਖ, ਕਲਪਨਾ ਕਰ ਰਿਹਾ ਹੁੰਦਾ ਹੈ, ਤਾਂ ਉਹ, ਇਕ ਨਿਸ਼ਚਿਤ ਅਰਥ-ਭਰਪੂਰ ਦਾਇਰੇ ਵਿਚ ਹੀ ਸੋਚ ਰਿਹਾ ਹੁੰਦੈ। ਸੋ ਗਲਪ, ਕਲਪਨਾ ਤਾਂ ਹੈ, ਪਰ ਇਹ ਕਲਪਨਾ, ਅਰਥ-ਭਰਪੂਰ ਹੁੰਦੀ ਹੈ। ਇਸ ਦ੍ਰਿਸ਼ਟੀ ਤੋਂ ਵੇਖਿਆਂ, 'ਗਲਪ' ਦੀ ਮੌਜੂਦਗੀ, ਸਾਹਿਤ ਦੇ ਹਰ ਰੂਪ ਵਿਚ ਵੇਖਣ ਨੂੰ ਮਿਲਦੀ ਹੈ। ਹਾਲ ਦੀ ਘੜੀ ਅਸੀਂ, ਪ੍ਰਚਲਤ ਰਵਾਇਤ ਮੁਤਾਬਕ, 'ਨਾਵਲ' ਤੇ 'ਕਹਾਣੀ' ਨੂੰ ਹੀ, 'ਗਲਪ' ਦੇ ਦੋ ਮਹਤੱਵਪੂਰਨ ਰੂਪ ਮੰਨਕੇ ਚਲਦੇ ਹਾਂ। ਇਸ ਸੰਬੰਧ ਵਿਚ ਇਹ ਵੀ ਜ਼ਿਕਰਯੋਗ ਹੈ ਕਿ 'ਨਾਵਲ' ਤੇ 'ਕਹਾਣੀ' ਦੇ ਤੱਤ, ਲਗਭਗ ਮਿਲਦੇ-ਜੁਲਦੇ ਹਨ। ਫ਼ਰਕ ਸਿਰਫ਼, ਇਨ੍ਹਾਂ ਦੋਹਾਂ ਸਾਹਿਤ-ਰੂਪਾਂ ਦੀ 'ਸੰਰਚਨਾ' ਕਰਕੇ ਹੈ। ਭਾਵੇਂ, ਨਾਵਲ ਤੇ ਕਹਾਣੀ ਵਿਚਲਾ ਅੰਤਰ, ਕੁੱਝ ਵਿਦਵਾਨਾਂ ਵੱਲੋਂ, ਇਨ੍ਹਾਂ ਦੋਹਾਂ ਸਾਹਿਤ-ਰੂਪਾਂ ਦੇ ਆਕਾਰਾਂ ਕਰਕੇ ਅਤੇ ਇਨ੍ਹਾਂ ਦੇ ਸ਼ਬਦਾਂ ਦੀ ਗਿਣਤੀ ਨਾਲ਼ ਵੀ, ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦ੍ਰਿਸ਼ਟੀ ਤੋਂ ਕਈ ਵੇਰਾਂ, ਕਹਿ ਦਿੱਤਾ ਜਾਂਦਾ ਹੈ ਕਿ ਨਾਵਲ, ਆਕਾਰ ਵਿਚ ਵੱਡੀ ਰਚਨਾ ਹੁੰਦੀ ਹੈ ਅਤੇ ਕਹਾਣੀ ਆਕਾਰ ਵਿਚ ਛੋਟੀ ਰਚਨਾ ਨੂੰ ਕਿਹਾ ਜਾਂਦਾ ਹੈ। ਪਰ, ਅਜਿਹਾ ਅੰਤਰ, ਹੁਣ ਫ਼ਜ਼ੂਲ ਜਿਹਾ ਜਾਪਦਾ ਹੈ। ਇਹ ਠੀਕ ਹੈ ਕਿ ਨਾਵਲ ਵਿਚ ਵੀ, ਕਹਾਣੀ ਹੁੰਦੀ ਹੈ। ਪਰ, 'ਕਹਾਣੀ' ਜਾਂ 'ਨਿੱਕੀ ਕਹਾਣੀ' ਦੀ, ਆਪਣੀ ਵੱਖਰੀ 'ਸੰਰਚਨਾ' ਹੁੰਦੀ ਹੈ। ਇਸੇ ਵੱਖਰੀ 'ਸੰਰਚਨਾ' ਕਰਕੇ, ਇਸ ਨੂੰ, ਇਕ ਵੱਖਰਾ ਸਾਹਿਤ-ਰੂਪ ਮੰਨਿਆ ਜਾਂਦਾ ਹੈ। ਸੋ, ਆਕਾਰ ਜਾਂ ਸ਼ਬਦਾਂ ਦੀ ਗਿਣਤੀ ਦੇ ਆਧਾਰ 'ਤੇ, ਨਾਵਲ ਤੇ ਕਹਾਣੀ ਵਿਚਾਲੇ ਨਿਖੇੜਾ ਕਰਨਾ, ਠੀਕ ਨਹੀਂ ਜਾਪਦਾ।

**ਬਿਰਤਾਂਤ -** 'ਬਿਰਤਾਂਤ', ਨਾਵਲ ਦਾ, ਇਕ ਮਹੱਤਵਪੂਰਨ ਪਛਾਣਨਯੋਗ ਤੱਤ ਹੈ। ਇਸ ਸ਼ਬਦ ਦੇ ਕੋਸ਼ਗਤ ਅਰਥ ਹਨ, ਕਹਾਣੀ ਸੁਣਾਉਣਾ ਜਾਂ ਕਹਾਣੀ ਸੁਣਾਉਣ ਦੀ ਕਲਾ। 'ਦਿੱਲੀ ਦੇ ਪੰਜਾਬੀ ਸਮੀਖਿਆ ਸਕੂਲ' ਦੇ ਬਾਨੀ ਅਤੇ ਪੰਜਾਬੀ ਦੇ ਉੱਘੇ ਸਾਹਿਤ-ਚਿੰਤਕ ਡਾ. ਹਰਿਭਜਨ ਸਿੰਘ ਦੇ ਕਹਿਣ ਮੁਤਾਬਕ ਬਿਰਤਾਂਤ, ਨਿਰੋਲ ਮਨੁੱਖੀ-ਕਿਰਿਆ ਨੂੰ ਪ੍ਰਗਟਾਉਣ ਦੀ ਵਿਧੀ ਹੈ। ਕਿਸੇ ਬੇਜਾਨ ਵਸਤੂ ਜਾਂ ਦੈਵੀ ਹਸਤੀ ਨੂੰ, ਬਿਰਤਾਂਤ ਦੀ ਮੁਥਾਜੀ ਨਹੀਂ ਹੁੰਦੀ। ਜਦੋਂ ਕਦੇ, ਇਨ੍ਹਾਂ ਨੂੰ ਬਿਰਤਾਂਤ ਰਾਹੀਂ ਪ੍ਰਗਟਾਵਾ ਦਿੱਤਾ ਜਾਂਦਾ ਹੈ, ਤਾਂ ਸਭ ਤੋਂ ਪਹਿਲਾਂ ਇਨ੍ਹਾਂ ਦਾ, 'ਮਾਨਵੀਕਰਨ' ਕੀਤਾ ਜਾਂਦਾ ਹੈ। ਇਸ ਦਾ ਸਿੱਧਾ-ਸਾਦਾ ਮਤਲਬ ਇਹ ਹੈ ਕਿ ਵਸਤਾਂ ਜਾਂ ਦੈਵੀ-ਹਸਤੀਆਂ, ਮਨੁੱਖੀ-ਰਿਸ਼ਤਿਆਂ ਵਿਚ ਬੱਝਕੇ, ਮਨੁੱਖਾਂ ਵਾਂਗ ਹੀ, ਕਾਰਜ ਕਰਦੀਆਂ ਨਜ਼ਰ ਆਉਂਦੀਆਂ ਹਨ। ਜਿਵੇਂ ਕਿ, ਗੁਰਬਾਣੀ ਵਿਚ 'ਪੌਣ' (ਹਵਾ) ਨੂੰ ਗੁਰੂ, 'ਪਾਣੀ' ਨੂੰ ਪਿਤਾ ਅਤੇ 'ਧਰਤੀ' ਨੂੰ ਮਾਂ ਜਾਂ ਮਾਤਾ ਕਿਹਾ ਗਿਆ ਹੈ। ਭਾਈ ਵੀਰ ਸਿੰਘ ਜੀ ਦਾ ਇਕ ਕਵਿਤਾ ਵਿਚ ਚਸ਼ਮਾ, ਮਨੁੱਖ ਵਾਂਗ ਬੋਲਦਾ (''ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ। ਨਿਹੁੰ ਵਾਲੇ ਨੈਣਾਂ ਦੀ ਨੀਂਦਰ, ਦਿਨੇ ਰਾਤ ਪਏ ਵਹਿੰਦੇ।'') ਨਜ਼ਰ ਆਉਂਦਾ ਹੈ। ਸ਼ਿਵ ਕੁਮਾਰ ਬਟਾਲਵੀ ਦੇ ਇਕ ਗੀਤ ਵਿਚ ਕੁੱਝ ਰੁੱਖ (ਦਰਖ਼ਤ) ਬਾਬਿਆਂ ਵਰਗੇ, ਕੁੱਝ ਭੈਣ-ਭਰਾਵਾਂ ਵਰਗੇ ਨਜ਼ਰ ਆਉਂਦੇ ਹਨ। ਇਹ ਸਭ ਕੁੱਝ, ਵਸਤਾਂ ਦੇ 'ਮਾਨਵੀਕਰਨ' ਕਰਨ ਸਦਕਾ ਹੀ ਸੰਭਵ ਹੋਇਆ ਹੈ। ਇਉਂ ਮਾਨਵੀਕਰਨ, ਇਕ ਅਜਿਹੀ ਵਿਧੀ ਹੈ ਜਿਸ ਦੀ ਮਦਦ ਨਾਲ਼, ਬੇਜਾਨ ਵਸਤਾਂ ਵੀ, ਜਾਨਦਾਰ ਮਨੁੱਖਾਂ ਵਾਂਗ, ਬੋਲਣ ਤੇ ਹਰਕਤਾਂ ਕਰਨ ਲੱਗ ਪੈਂਦੀਆਂ ਹਨ। ਬੱਚਿਉ ! ਡਾ. ਹਰਿਭਜਨ ਸਿੰਘ ਹੁਰਾਂ ਦੇ ਕਹਿਣ ਮੁਤਾਬਕ, ਇਹ ਮਨੁੱਖੀ-ਸੰਬੰਧ, ਜਿਤਨੇ ਜ਼ਿਆਦਾ ਜਟਿਲ ਜਾਂ ਗੁੰਝਲਦਾਰ ਹੋਣਗੇ, ਉਤਨਾ ਹੀ ਉਨ੍ਹਾਂ ਦਾ ਬਿਰਤਾਂਤ, ਵਿਸਤ੍ਰਿਤ ਹੋਵੇਗਾ। ਇਸ ਦੇ ਐਨ ਉਲਟ, ਮਨੁੱਖੀ-ਸੰਬੰਧ ਜਿਤਨੇ ਸਰਲ ਜਾਂ ਇਕਹਿਰੇ ਹੋਣਗੇ, ਉਤਨਾ ਹੀ ਉਨ੍ਹਾਂ ਦਾ ਬਿਰਤਾਂਤ, ਸਰਲ ਤੇ ਇਕਹਿਰਾ ਹੋਵੇਗਾ। ਇਸ ਵਿਚਾਰ ਦੀ ਪੁਸ਼ਟੀ ਲਈ, ਅਸੀਂ ਦੋ ਮਿਸਾਲਾਂ ਸਹਿਜੇ ਹੀ ਪੇਸ਼ ਕਰ ਸਕਦੇ ਹਾਂ। ਪਹਿਲੀ ਮਿਸਾਲ 'ਰਾਮਾਇਣ' ਮਹਾਂਕਾਵਿ ਦੀ ਹੈ ਅਤੇ ਦੂਜੀ ਮਿਸਾਲ, ਗੁਰੂ ਨਾਨਕ ਦੇਵ ਜੀ ਦੀ ਕਥਨੀ, ਕਰਨੀ ਤੇ ਬਾਣੀ ਉਪਰ ਰਚੀ ਗਈ 'ਪੁਰਾਤਨ ਜਨਮਸਾਖੀ' ਦੀ ਹੈ। ਇਨ੍ਹਾਂ ਵਿਚੋਂ 'ਰਾਮਾਇਣ' ਮਹਾਂਕਾਵਿ, ਆਕਾਰ ਵਿਚ ਬਹੁਤ ਵੱਡਾ ਹੈ। ਇੱਥੇ ਹੀ ਬਸ ਨਹੀਂ, ਇਸ ਦਾ ਬਿਰਤਾਂਤ ਵੀ, ਜਟਿਲ ਤੇ ਗੁੰਝਲਦਾਰ ਹੈ। ਕਾਰਨ ਸਪੱਸ਼ਟ ਹਨ। 'ਰਾਮਾਇਣ' ਮਹਾਕਾਵਿ ਦੇ ਨਾਇਕ, ਭਗਵਾਨ ਰਾਮ ਹਨ। ਇਕ ਦੈਵੀ-ਪੁਰਸ਼ ਹੋਣ ਦੇ ਬਾਵਜੂਦ ਵੀ, ਭਗਵਾਨ ਰਾਮ ਦੀ 'ਰਾਮਾਇਣ' ਵਿਚ ਪੇਸ਼ਕਾਰੀ, ਇਕ ਸਾਧਾਰਣ ਮਨੁੱਖ ਵਾਂਗ ਹੋਈ ਹੈ, ਭਗਵਾਨ ਵਾਂਗ ਨਹੀਂ। ਸੀਤਾ ਹਰਨ, ਸੀਤਾ ਦੀ ਤਲਾਸ਼ ਦੇ ਯਤਨ, ਪਤਾ ਲੱਗਣ 'ਤੇ ਰਾਵਣ ਦੀ ਸ੍ਰੀਲੰਕਾ ਨਾਲ਼ ਜ਼ਬਰਦਸਤ ਲੜਾਈ, ਲੜਾਈ ਵਿਚ ਰਾਵਣ ਤੇ ਉਸਦੇ ਭਰਾਵਾਂ ਦਾ ਮਾਰੇ ਜਾਣਾ, ਸੀਤਾ ਦੀ ਘਰ ਵਾਪਸੀ, ਧੋਬੀ ਵੱਲੋਂ ਸਵਾਲ ਖੜਾ ਕਰਨ 'ਤੇ ਸੀਤਾ ਦਾ ਅਗਨੀ-ਪ੍ਰੀਖਿਆ 'ਚੋਂ ਗੁਜ਼ਰਨਾ ਆਦਿ ਵੇਰਵੇ, ਨਿਰੋਲ ਮਨੁੱਖੀ ਹਨ, ਦੈਵੀ ਨਹੀਂ ਹਨ। ਇਸੇ ਕਰਕੇ, 'ਰਾਮਾਇਣ' ਦਾ ਬਿਰਤਾਂਤ, ਇਤਨਾ ਵਿਸਤ੍ਰਿਤ ਹੈ। ਇਸ ਦੇ ਮੁਕਾਬਲੇ ਵਿਚ 'ਪੁਰਾਤਨ ਜਨਮਸਾਖੀ' ਦਾ ਨਾਇਕ ਬਾਬਾ ਨਾਨਕ, ਮੂਲ ਰੂਪ ਵਿਚ ਇਕ ਇਤਿਹਾਸਕ-ਮਨੁੱਖ ਹਨ, ਜੋ ਅੱਜ (2019 ਈ.) ਤੋਂ, ਸਿਰਫ਼ ਸਾਢੇ ਪੰਜ ਸੌ ਸਾਲ ਪਹਿਲਾਂ, ਇਸ ਧਰਤੀ 'ਤੇ ਆਏ। ਪਰ, 'ਪੁਰਾਤਨ ਜਨਮਸਾਖੀ' ਵਿਚ, ਸਾਖੀ-ਨਾਇਕ ਦਾ ਜੋ ਬਿੰਬ ਸਿਰਜਿਆ ਗਿਆ ਹੈ, ਉਹ ਕਿਸੇ ਇਤਿਹਾਸਕ ਮਨੁੱਖ ਦੇ ਬਿੰਬ

ਵਰਗਾ ਨਹੀਂ, ਸਗੋਂ ਕਿਸੇ ਪੁਰਾਣ ਪੁਰਸ਼ ਦੇ ਬਿੰਬ ਵਰਗਾ ਹੈ। ਸ਼ਾਇਦ ਇਸੇ ਕਰਕੇ, 'ਪੁਰਾਤਨ ਜਨਮਸਾਖੀ' ਦਾ ਬਿਰਤਾਂਤ, ਸੁੰਗੜ ਕੇ ਰਹਿ ਜਾਂਦਾ ਹੈ, ਭਾਵ, ਵਿਸਥਾਰ ਗ੍ਰਹਿਣ ਨਹੀਂ ਕਰਦਾ।

ਚਰਚਾ ਦੀ ਇਸ ਰੌਸ਼ਨੀ ਵਿਚ, ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਬਿਰਤਾਂਤ, ਨਾਵਲ ਦਾ ਇਕ ਬਹੁਤ ਹੀ ਮਹੱਤਵਪੂਰਨ ਤੱਤ ਹੈ। ਮੂਲ ਰੂਪ ਵਿਚ ਇਹ ਤੱਤ, ਨਾਵਲ ਦੀ 'ਪਛਾਣ' ਦਾ ਸੂਚਕ ਹੈ। ਨਾਵਲ ਦੀ ਤਰ੍ਹਾਂ, ਬਿਰਤਾਂਤ ਨੂੰ, 'ਨਿੱਕੀ ਕਹਾਣੀ' ਜਾਂ 'ਕਹਾਣੀ' ਦਾ ਵੀ, ਇਕ ਮਹੱਤਵਪੂਰਨ ਤੱਤ ਮੰਨਿਆ ਜਾਂਦਾ ਹੈ। ਭਿੰਨ ਭਿੰਨ ਨਾਵਲੀ ਤੇ ਕਹਾਣੀ-ਰਚਨਾਵਾਂ ਵਿਚ, ਇਸ 'ਤੱਤ' ਨੂੰ, ਇਕ 'ਜੁਗਤ' ਵਾਂਗ ਵਰਤਿਆ ਜਾਂਦਾ ਹੈ। ਇਉਂ ਬਿਰਤਾਂਤ, ਇਕ 'ਜੁਗਤ' ਹੋਣ ਦਾ ਦਰਜਾ ਵੀ ਰੱਖਦੀ ਹੈ ਅਤੇ ਇਸ ਦੀ ਪੇਸ਼ਕਾਰੀ ਲਈ, ਹੋਰ ਵੀ ਕਈ ਜੁਗਤਾਂ ਨੂੰ, ਅਕਸਰ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਇਨ੍ਹਾਂ ਸਾਰੀਆਂ ਜੁਗਤਾਂ ਨੂੰ 'ਬਿਰਤਾਂਤਕ ਜੁਗਤਾਂ' ਦੀ ਸੰਗਿਆ ਦਿੱਤੀ ਜਾਂਦੀ ਹੈ। ਇਨ੍ਹਾਂ ਜੁਗਤਾਂ ਦੇ ਵਿਗਿਆਨਕ ਜਾਂ ਸ਼ਾਸਤਰੀ ਅਧਿਐਨ-ਵਿਸ਼ਲੇਸ਼ਣ ਨੂੰ, 'ਬਿਰਤਾਂਤ ਸ਼ਾਸਤਰ' ਕਿਹਾ ਜਾਂਦਾ ਹੈ।

ਪਲਾਟ ਜਾਂ ਕਥਾਨਕ - ਬਿਰਤਾਂਤ ਦੀ ਤਰ੍ਹਾਂ, ਪਲਾਟ ਜਾਂ ਕਥਾਨਕ ਵੀ, ਨਾਵਲ ਦਾ ਇਕ ਮਹੱਤਵਪੂਰਨ ਤੱਤ ਹੈ। 'ਪਲਾਟ' ਜਾਂ 'ਕਥਾਨਕ' ਨੂੰ, ਹਰ ਨਾਵਲੀ-ਰਚਨਾ ਦੀ ਜਿੰਦ ਤੇ ਜਾਨ ਮੰਨਿਆ ਜਾਂਦਾ ਹੈ। ਕੁੱਝ ਵਿਦਵਾਨ 'ਪਲਾਟ' ਜਾਂ 'ਕਥਾਨਕ' ਨੂੰ, ਨਾਵਲੀ-ਰਚਨਾ ਦੀ, 'ਰੀੜ ਦੀ ਹੱਡੀ' ਕਹਿੰਦੇ ਵੀ ਸੁਣੇ ਜਾਂਦੇ ਹਨ। ਕੁੱਝ ਵਿਦਵਾਨਾਂ ਦਾ ਤਾਂ ਇੱਥੋਂ ਤੱਕ ਕਹਿਣਾ ਹੈ ਕਿ ਹਰ ਲੇਖਕ, ਆਪਣੀ ਰਚਨਾ ਰਾਹੀਂ, ਕਿਸੇ ਨਵੇਂ 'ਪਲਾਟ' ਦੀ ਸਿਰਜਣਾ ਹੀ ਤਾਂ ਕਰ ਰਿਹਾ ਹੁੰਦਾ ਹੈ। ਉਸ ਰਚਨਾ ਵਿਚਲੀਆਂ, ਲਗਭਗ ਸਾਰੀਆਂ ਗੱਲਾਂ ਤੇ ਘਟਨਾਵਾਂ, ਪਹਿਲਾਂ ਹੀ ਸਮਾਜ ਵਿਚ, ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੁੰਦੀਆਂ ਹਨ। ਲੇਖਕ ਸਿਰਫ਼, ਉਨ੍ਹਾਂ ਨੂੰ, ਇਕ 'ਪਲਾਟ' ਵਿਚ ਮੁੜ ਗੁੰਦਦਾ ਹੈ। ਇਸੇ ਵਿਚ ਹੀ, ਉਸ ਦਾ ਨਵਾਂਪਨ, ਨਿਰਭਰ ਕਰਦਾ ਹੈ।

ਰਚਨਾਵਾਂ ਵਿਚ ਪੇਸ਼ ਘਟਨਾਵਾਂ ਦੀ ਤਰਤੀਬ ਨੂੰ ਵੀ, 'ਪਲਾਟ' ਦੀ ਸੰਗਿਆ ਦਿੱਤੀ ਜਾਂਦੀ ਹੈ। ਸੰਸਾਰ ਪ੍ਰਸਿੱਧ ਯੂਨਾਨੀ ਕਾਵਿ-ਸ਼ਾਸਤਰੀ ਅਰਸਤੂ ਨੇ, ਆਪਣੇ 'ਕਾਵਿ-ਸ਼ਾਸਤਰ' ਵਿਚ, 'ਪਲਾਟ' ਨੂੰ, 'ਤ੍ਰਾਸਦੀ ਨਾਟਕ' ਦੀ 'ਆਤਮਾ' ਕਿਹਾ ਹੈ। ਪ੍ਰੋ. ਪਿਆਰਾ ਸਿੰਘ ਨੇ ਵੀ, ਆਪਣੀ ਪੁਸਤਕ 'ਪੰਜਾਬੀ ਗਲਪ : ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ' ਵਿਚ, ਇਹ ਬਾਖ਼ੂਬੀ ਸਪੱਸ਼ਟ ਕੀਤਾ ਹੈ ਕਿ ਅਰਸਤੂ, ਅਜਿਹੇ ਪਲਾਟ ਨੂੰ ਹੀ ਤਰਜੀਹ ਦੇਂਦਾ ਹੈ, ਜੋ ਸੰਪੂਰਨ ਹੋਵੇ। ਭਾਵ, ਜਿਸ ਦਾ ਆਪਣਾ ਇਕ ਨਿਸ਼ਚਿਤ 'ਆਦਿ', 'ਮੱਧ' ਤੇ 'ਅੰਤ' ਹੋਵੇ। ਇਉਂ ਅਰਸਤੂ, 'ਪਲਾਟ ਦੇ ਏਕਤਾ' ਨੂੰ ਜ਼ਰੂਰੀ ਮੰਨਦਾ ਹੈ। 'ਪਲਾਟ ਦੀ ਏਕਤਾ' ਤੋਂ ਉਸ ਦਾ ਭਾਵ ਇਹ ਮੰਨਿਆ ਗਿਆ ਕਿ ਕਿਸੇ ਰਚਨਾ ਵਿੱਚੋਂ, ਇਕ-ਅੱਧ ਘਟਨਾ ਨੂੰ ਕੱਢਣ ਨਾਲ਼ ਵੀ, ਉਸ ਦਾ ਸੰਗਠਨ, ਬਿਖਰ ਜਾਂਦਾ ਹੈ। ਭਾਵ, ਰਚਨਾ ਪੂਰੀ ਤਰ੍ਹਾਂ ਗੱਠੀ ਹੋਣੀ ਚਾਹੀਦੀ ਹੈ। ਇਉਂ, ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਅਰਸਤੂ ਦੀ ਨਜ਼ਰ ਵਿਚ, ਘਟਨਾਵਾਂ ਦੀ ਕਲਾਤਮਕ ਵਿਉਂਤਬੰਦੀ ਹੀ, ਰਚਨਾ ਦੇ ਪਲਾਟ ਦੀ ਲਖ਼ਾਇਕ ਹੈ। ਇਸ ਦ੍ਰਿਸ਼ਟੀ ਤੋਂ ਅਰਸਤੂ ਨੇ, ਜਿਨ੍ਹਾਂ ਦੋ ਤਰ੍ਹਾਂ ਦੇ ਪਲਾਟਾਂ ਦੀ ਗੱਲ ਕੀਤੀ ਹੈ, ਉਸ ਇਸ ਪ੍ਰਕਾਰ ਹਨ :-

(1) ਸਰਲ ਪਲਾਟ

(2) ਜਟਿਲ ਪਲਾਟ

ਅਰਸਤੂ, 'ਸਰਲ ਪਲਾਟ' ਨਾਲੋਂ, 'ਜਟਿਲ ਪਲਾਟ' ਨੂੰ ਵਧੇਰੇ ਮਹੱਤਵਪੂਰਨ ਮੰਨਦਾ ਹੈ। ਪ੍ਰੋ. ਪਿਆਰਾ ਸਿੰਘ ਦੇ ਇਸ ਵਿਚਾਰ ਨਾਲ਼ ਅਸੀਂ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਕਿਸੇ ਨਾਵਲ ਦੇ ਪਲਾਟ ਵਿਚ, ਸੁਭਾਵਿਕਤਾ, ਰੌਚਕਤਾ ਅਤੇ ਮੌਲਿਕਤਾ, ਆਦਿ ਗੁਣਾਂ ਦਾ ਹੋਣਾ, ਲਾਜ਼ਮੀ ਹੈ। ਅਤੇ 'ਚੇਤਨਾ ਪ੍ਰਵਾਹ' ਦੀ ਤਕਨੀਕ ਨਾਲ਼ ਲਿਖੇ ਗਏ ਨਾਵਲਾਂ ਦੇ ਪਲਾਟ, ਵਧੇਰੇ ਸੂਝ-ਬੂਝ ਦੀ ਮੰਗ ਕਰਦੇ ਹਨ।

**ਪਾਤਰ ਉਸਾਰੀ-** 'ਬਿਰਤਾਂਤ' ਤੇ 'ਪਲਾਟ' ਜਾਂ 'ਕਥਾਨਕ' ਦੀ ਤਰ੍ਹਾਂ, 'ਪਾਤਰ-ਉਸਾਰੀ' ਨੂੰ ਵੀ ਹਰ ਨਾਵਲੀ-ਰਚਨਾ ਦੇ ਜ਼ਰੂਰੀ ਤੱਤ ਵਜੋਂ ਮਾਨਤਾ ਹਾਸਿਲ ਹੈ। ਅਸੀਂ ਸਭ ਜਾਣਦੇ ਹਾਂ ਕਿ ਹਰ ਰਚਨਾ ਦਾ, ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ। ਉਦੇਸ਼, ਪ੍ਰਤੱਖ ਵੀ ਹੋ ਸਕਦਾ ਹੈ ਅਤੇ 'ਅਪ੍ਰਤੱਖ ਜਾਂ ਪਰੋਖ' ਵੀ ਪਰ, ਇਹ ਹੁੰਦਾ ਜ਼ਰੂਰ ਹੈ। ਲੇਖਕ ਦੇ ਮਨ ਵਿਚ, ਇਹ ਉਦੇਸ਼ ਜਾਂ ਲਕਸ਼, 'ਅਮੂਰਤ ਵਿਚਾਰ' ਵਜੋਂ ਬਿਰਾਜਮਾਨ ਹੁੰਦਾ ਹੈ। ਉਸ 'ਅਮੂਰਤ ਵਿਚਾਰ' ਨੂੰ, 'ਸਮੂਰਤ ਬਿੰਬ' ਵਿਚ ਰੂਪਾਂਤਰਿਤ ਕਰਨ ਲਈ, ਉਹ ਪਾਤਰ ਉਸਾਰੀ ਕਰਦਾ ਹੈ।

ਇਹ ਪਾਤਰ ਸਾਡੇ ਵਾਂਗ, ਹੱਡ-ਮਾਸ ਦੇ ਪੁੱਤਲੇ ਹੋਇਆ ਕਰਦੇ ਹਨ। ਇਤਿਹਾਸਕ ਪਿਛੋਕੜ ਵਾਲ਼ੇ ਨਾਵਲਾਂ ਦੇ ਬਹੁਤੇ ਪਾਤਰ, ਉਸ ਨੂੰ, ਸੰਬੰਧਤ ਇਤਿਹਾਸ ਵਿਚੋਂ ਹੀ ਘੜੇ-ਘੜਾਏ ਮਿਲ ਜਾਂਦੇ ਹਨ। ਬਾਕ਼ੀ ਦੇ ਨਾਵਲਾਂ ਦੇ ਪਾਤਰਾਂ ਦੀ ਸਿਰਜਣਾ, ਉਹ ਆਪਣੀ ਕਲਪਨਾ ਰਾਹੀਂ ਕਰਦਾ ਹੈ। ਭਾਵੇਂ, ਅਜਿਹੇ ਪਾਤਰਾਂ ਦੀ ਸਿਰਜਣਾ, ਨਾਵਲਕਾਰ ਆਪਣੀ ਕਲਪਨਾ ਰਾਹੀਂ ਕਰਦਾ ਹੈ, ਪਰ ਉਹ ਹੁੰਦੇ ਸਾਡੇ ਸਮਾਜ ਵਿਚੋਂ ਹੀ ਹਨ। ਭਾਵ, ਸਾਡੇ ਵਰਗੇ ਹੀ ਹੁੰਦੇ ਹਨ। ਆਮ ਬੋਲਚਾਲ ਦੀ ਭਾਸ਼ਾ ਵਿਚ ਜਿਨ੍ਹਾਂ ਨੂੰ, ਇਨਸਾਨ ਜਾਂ ਮਨੁੱਖ ਕਿਹਾ ਜਾਂਦਾ ਹੈ, ਸਾਹਿਤ ਦੀ ਭਾਸ਼ਾ ਵਿਚ ਉਨ੍ਹਾਂ ਨੂੰ, 'ਪਾਤਰ' ਆਖਿਆ ਜਾਂਦਾ ਹੈ। ਸਾਹਿਤ, ਸਮੂਰਤਨ ਦਾ ਸੰਸਾਰ ਹੈ। ਇਸ ਲਈ ਨਾਵਲਕਾਰ, ਆਪਣੇ ਅਮੂਰਤ ਵਿਚਾਰਾਂ ਨੂੰ, ਸਮੂਰਤ ਬਿੰਬ ਵਿਚ ਢਾਲਣ ਲਈ, ਅਕਸਰ ਅਜਿਹੇ ਪਾਤਰਾਂ ਦੀ ਸਿਰਜਣਾ ਕਰਿਆ ਕਰਦੇ ਹਨ। ਇਹ ਪਾਤਰ, ਉਨ੍ਹਾਂ ਵਿਚਾਰਾਂ ਦੇ ਹਾਣ ਦੇ ਹੁੰਦੇ ਹਨ, ਜਿਨ੍ਹਾਂ ਨੂੰ ਉਹ, ਆਪਣੇ ਪਾਠਕਾਂ ਨਾਲ਼ ਸਾਂਝਾ ਕਰਨਾ ਲੋਚਦੇ ਹਨ। ਇਹ ਪਾਤਰ, ਘਟਨਾਵਾਂ ਨੂੰ ਸਿਰਜਦੇ ਵੀ ਹਨ ਅਤੇ ਘਟਨਾਵਾਂ ਨੂੰ ਭੋਗਦੇ ਵੀ ਦੇਖੇ ਜਾਂਦੇ ਹਨ। ਵਿਦਵਾਨਾਂ ਨੇ, ਦੋ ਤਰ੍ਹਾਂ ਦੇ ਪਾਤਰਾਂ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਵਿਚੋਂ ਇਕ ਨੂੰ 'ਪੱਧਰੇ ਪਾਤਰ'

ਅਤੇ ਦੂਜੇ ਨੂੰ 'ਗੋਲ ਪਾਤਰ ਆਖਿਆ ਜਾਂਦਾ ਹੈ। ਇਹ ਪਾਤਰ, ਰਚਨਾ ਵਿਚਲੀਆਂ ਸਥਿਤੀਆਂ-ਪ੍ਰਸਥਿਤੀਆਂ ਅਨੁਸਾਰ, ਬਦਲਦੇ ਰਹਿੰਦੇ ਹਨ। ਪ੍ਰੋ. ਪਿਆਰਾ ਸਿੰਘ ਨੇ ਪਾਤਰ-ਉਸਾਰੀ ਦੇ ਆਧਾਰ 'ਤੇ ਜੋ ਪਾਤਰ-ਵੰਡ ਕੀਤੀ ਹੈ, ਉਹ ਇਸ ਪ੍ਰਕਾਰ ਹੈ-

> ''ਮਰਦ ਪਾਤਰ, ਇਸਤਰੀ ਪਾਤਰ, ਯਥਾਰਥਵਾਦੀ ਪਾਤਰ, ਵਿਅਕਤੀਵਾਦੀ ਪਾਤਰ, ਮਨੋਵਿਗਿਆਨਕ ਪਾਤਰ, ਮਾਨਸਿਕ ਅਸੰਤੁਲਨ ਵਾਲੇ ਪਾਤਰ, ਰਾਜਨੀਤਕ ਪਾਤਰ, ਬੌਧਿਕ ਪਾਤਰ, ਸਮਾਜਕ ਪਾਤਰ, ਪ੍ਰਤੀਕ ਪਾਤਰ, ਇਤਿਹਾਸਕ ਪਾਤਰ, ਧਾਰਮਕ ਪਾਤਰ, ਉਪਦੇਸ਼ਾਤਮਕ ਪਾਤਰ ਅਤੇ ਪੌਰਾਣਿਕ ਪਾਤਰ ਆਦਿ।''

ਇਸ ਪਾਤਰ-ਵੰਡ ਦੇ ਨਾਲ ਨਾਲ, ਉਹ ਪਾਤਰ-ਉਸਾਰੀ ਨਾਲ ਸੰਬੰਧਤ, ਕੁੱਝ ਜ਼ਰੂਰੀ ਗੱਲਾਂ ਵੱਲ ਧਿਆਨ ਦੇਣਾ ਵੀ ਲਾਜ਼ਮੀ ਮੰਨਦਾ ਹੈ, ਜੋ ਇਸ ਪ੍ਰਕਾਰ ਹਨ :-

I. ਪਾਤਰ, ਆਪਣੀ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਦਾ ਹੋਵੇ।
II. ਪਾਤਰ ਸੁਭਾਵਿਕ ਪ੍ਰਤੀਤ ਹੋਵੇ। ਉਸ ਦੁਆਰਾ ਕੀਤੇ ਜਾਣ ਵਾਲੇ ਕਠਨ ਅਤੇ ਅਜੀਬ ਕੰਮ ਵੀ, ਉਸ ਦੀ ਸ਼ਖ਼ਸੀਅਤ ਅਨੁਸਾਰ ਢੁੱਕਵੇਂ ਹੋਣ।
III. ਪਾਤਰ ਨੇਕੀ ਅਤੇ ਬਦੀ ਦਾ ਸੁਮਿਸ਼ਰਣ ਹੋਵੇ। ਚੰਗੇ ਪਾਤਰ ਵਿਚ ਵੀ ਕੁੱਝ ਕਮਜ਼ੋਰੀਆਂ ਅਤੇ ਬੁਰੇ ਪਾਤਰ ਵਿਚ, ਕੁੱਝ ਚੰਗੇ ਪੱਖ ਹੋਣ।
IV. ਪਾਤਰ ਦੀ ਸ਼ਖ਼ਸੀਅਤ ਤੋਂ, ਹੋਰ ਪਾਤਰਾਂ ਨੂੰ ਜੀਵਨ ਦੀ ਨੇਕੀ, ਬਦੀ, ਆਸ਼ਾ ਜਾਂ ਨਿਰਾਸ਼ਾ ਬਾਰੇ ਕੋਈ ਸੰਦੇਸ਼ ਮਿਲੇ।
V. ਪਾਤਰ ਨਾਵਲ ਦੀ ਸਮੁੱਚੀ ਸੰਰਚਨਾ ਦਾ ਮਹੱਤਵਪੂਰਨ ਅੰਗ ਹੋਵੇ ਅਤੇ ਸੰਬੰਧਤ ਨਾਵਲੀ-ਜਗਤ ਵਿਚ ਉਸ ਦੀ ਇਕ ਨਿਸ਼ਚਿਤ ਭੂਮਿਕਾ ਹੋਣੀ ਚਾਹੀਦੀ ਹੈ।

**ਵਾਰਤਾਲਾਪ ਜਾਂ ਸੰਵਾਦ**-ਵਾਰਤਾਲਾਪ ਜਾਂ ਸੰਵਾਦ, ਨਾਟਕ ਦਾ ਇਕ ਮਹੱਤਵਪੂਰਨ ਤੱਤ ਹੈ, ਨਾ ਕਿ ਨਾਵਲ ਦਾ। ਦੂਜੇ ਸ਼ਬਦਾਂ ਵਿਚ ਨਾਟਕ ਦੀ ਪਛਾਣ ਹੀ, ਉਸ ਵਿਚਲੇ ਤੱਤ, ਵਾਰਤਾਲਾਪ ਜਾਂ ਸੰਵਾਦ ਤੋਂ ਹੁੰਦੀ ਹੈ। ਪਰ, ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਨਾਵਲ ਵਿਚ, ਇਸ ਤੱਤ ਦੀ ਅਸਲੋਂ ਅਣਹੋਂਦ ਹੁੰਦੀ ਹੈ। ਭਾਵ, ਨਾਵਲ ਵਿਚ ਵੀ ਇਸ ਤੱਤ ਦੀ ਮੌਜੂਦਗੀ ਨੂੰ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਨਾਵਲ ਵਿਚ, ਵਾਸਤਵਿਕਤਾ ਦਾ ਭਰਮ ਸਿਰਜਣ, ਘਟਨਾਵਾਂ ਨੂੰ ਇਕ-ਦੂਜੇ ਨਾਲ ਜੋੜਣ, ਪਾਤਰ- ਉਸਾਰੀ ਨੂੰ ਸੁਭਾਵਕ ਬਣਾਉਣ, ਨਾਵਲੀ-ਥੀਮ (ਜਾਂ 'ਵਿਸ਼ਾ-ਵਸਤੂ') ਨੂੰ ਗਤੀ ਪ੍ਰਦਾਨ ਕਰਨ ਆਦਿ ਵਿਚ, ਪਾਤਰਾਂ ਦੀ ਆਪਸੀ ਵਾਰਤਾਲਾਪ ਜਾਂ ਸੰਵਾਦ ਦਾ, ਬਹੁਤ ਮਹੱਤਵ ਸਵੀਕਾਰ ਕੀਤਾ ਜਾਂਦਾ ਹੈ। ਇੱਥੇ ਹੀ ਬਸ ਨਹੀਂ, ਪਾਤਰਾਂ ਦੀ ਮਾਨਸਿਕ-ਸਥਿਤੀ ਨੂੰ ਰੂਪਮਾਨ ਕਰਨ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਪਰਗਟ ਕਰਨ ਵਿਚ, ਪਾਤਰਾਂ ਦੇ ਆਪਸੀ 'ਵਾਰਤਾਲਾਪਾਂ' ਜਾਂ 'ਸੰਵਾਦਾਂ' ਦੀ, ਆਪਣੀ ਵਿਸ਼ੇਸ਼ ਭੂਮਿਕਾ ਹੋਇਆ ਕਰਦੀ ਹੈ। ਬਸ਼ਰਤੇ, ਇਹ ਵਾਰਤਾਲਾਪ ਜਾਂ ਸੰਵਾਦ, ਅਸੰਗਤ ਜਾਂ ਅਤਾਰਕਿਕ ਨਾ ਹੋਣ। ਉਨ੍ਹਾਂ ਦਾ ਤਾਰਕਿਕ (ਰੈਸ਼ਨਲ) ਅਤੇ ਅਰਥ-ਭਰਪੂਰ ਹੋਣਾ, ਜ਼ਰੂਰੀ ਹੁੰਦਾ ਹੈ। ਪਾਤਰਾਂ ਦੇ ਮਨ ਵਿਚਲੀਆਂ ਸੂਖ਼ਮ ਗੁੰਝਲਾਂ, ਸਥਿਤੀਆਂ ਤੇ ਘਟਨਾਵਾਂ ਦੀਆਂ ਪੇਚੀਦਗੀਆਂ ਅਤੇ ਵਾਤਾਵਰਨ ਵਿਚਲੀ ਹੁੰਮਸ ਆਦਿ ਨੂੰ ਸਾਕਾਰ ਕਰਨ ਲਈ ਅਕਸਰ, ਪਾਤਰਾਂ ਦੇ ਆਪਸੀ ਵਾਰਤਾਲਾਪਾਂ ਜਾਂ ਸੰਵਾਦਾਂ ਦਾ ਸਹਾਰਾ ਲਿਆ ਜਾਂਦਾ ਹੈ। ਇਉਂ, ਨਾਵਲ ਵਿਚ ਵਾਰਤਾਲਾਪਾਂ ਜਾਂ ਸੰਵਾਦਾਂ ਦੀ ਆਪਣੀ ਵਿਸ਼ੇਸ਼ ਭੂਮਿਕਾ, ਸਹਿਜੇ ਹੀ ਉੱਭਰ ਕੇ ਸਾਮ੍ਹਣੇ ਆ ਜਾਂਦੀ ਹੈ।

**ਵਾਤਾਵਰਨ**- ਨਾਵਲ ਵਿਚ 'ਵਾਤਾਵਰਨ' ਵੀ, ਇਕ ਤੱਤ ਦੇ ਰੂਪ ਵਿਚ, ਵਿਸੇਸ਼ ਮਹੱਤਵ ਰੱਖਦਾ ਹੈ। ਨਾਵਲ ਦੀ ਕਥਾ, ਜਿਸ 'ਵਾਤਾਵਰਨ' ਅਤੇ 'ਦੇਸ਼-ਕਾਲ' ਨਾਲ ਸੰਬੰਧ ਰੱਖਦੀ ਹੈ, ਉਸ ਸਭ ਕੁੱਝ ਨੂੰ ਵੀ ਚਿਤਰਨਾ, ਜ਼ਰੂਰੀ ਹੁੰਦਾ ਹੈ। ਨਾਵਲ ਵਿਚ ਸੁਭਾਵਿਕਤਾ ਨੂੰ ਬਣਾਏ ਰੱਖਣ ਲਈ ਵੀ, ਵਾਤਾਵਰਨ ਦੀ ਸਿਰਜਣਾ ਜ਼ਰੂਰੀ ਹੁੰਦੀ ਹੈ। ਇਹ ਸਭ ਕੁੱਝ ਤਾਂ ਹੀ ਸੰਭਵ ਹੁੰਦਾ ਹੈ, ਜੇਕਰ ਸੰਬੰਧਤ ਨਾਵਲਕਾਰ, ਜਿਸ ਦੇਸ਼-ਕਾਲ ਦੀ ਕਥਾ ਨੂੰ ਸਿਰਜ ਰਿਹਾ ਹੈ ਅਤੇ ਜਾਂ ਫਿਰ, ਜਿਸ ਕਥਾ ਨੂੰ ਉਹ ਇਤਿਹਾਸ ਵਿਚੋਂ ਗ੍ਰਹਿਣ ਕਰ ਰਿਹਾ ਹੈ, ਉਹ ਉਸ ਦੇ ਹਰ ਨਿੱਕੇ ਨੰਨ੍ਹੇ ਵੇਰਵੇ ਤੋਂ ਵਾਕਿਫ਼ ਹੋਵੇ। ਵਰਨਾ, ਉਸ ਦੇ ਕਥਾ-ਜਗਤ ਉਪਰ, ਗੰਭੀਰ ਕਿਸਮ ਦੇ ਸਵਾਲ ਖੜ੍ਹੇ ਹੋ ਜਾਣਗੇ। ਇਸ ਸੰਬੰਧ ਵਿਚ ਇਹ ਸਪੱਸ਼ਟ ਕਰ ਦੇਣਾ ਵੀ ਜ਼ਰੂਰੀ ਹੈ ਕਿ ਸਾਹਿਤ, ਪੂਰੀ ਤਰ੍ਹਾਂ ਵਾਸਤਵਿਕ ਨਹੀਂ ਹੁੰਦਾ। ਉਹ ਤਾਂ, ਵਾਸਤਵਿਕ ਹੋਣ ਦਾ, ਸਿਰਫ਼ ਭਰਮ ਸਿਰਜਦਾ ਹੈ। ਨਾਵਲ (ਜਾਂ ਸਾਹਿਤ ਦੀ ਕਿਸੇ ਹੋਰ ਵਿਧਾ) ਵਿਚ, ਵਾਸਤਵਿਕਤਾ ਦਾ ਭਰਮ ਸਿਰਜਣ ਲਈ, ਲੋੜੀਂਦੇ ਵਾਤਾਵਰਨ ਦੀ ਸਿਰਜਣਾ ਕਰਨੀ, ਜ਼ਰੂਰੀ ਹੁੰਦੀ ਹੈ। ਕਈ ਵੇਰਾਂ ਇੰਝ ਵੀ ਹੁੰਦਾ ਹੈ ਕਿ ਕਿਸੇ ਨਾਵਲ ਵਿਚ, ਕਿਸੇ ਖ਼ਿੱਤੇ ਵਿਸ਼ੇਸ਼ ਦੀਆਂ ਭੂਗੋਲਕ, ਵਾਤਾਵਰਨਕ, ਇਤਿਹਾਸਕ ਸਥਿਤੀਆਂ-ਪ੍ਰਸਥਿਤੀਆਂ, ਉੱਥੋ ਦੇ ਲੋਕਾਂ ਦੀ ਜੀਵਨ-ਜਾਚ ਅਤੇ ਸੱਭਿਆਚਾਰ ਨੂੰ, ਵਧੇਰੇ ਤਰਜੀਹ ਦਿੱਤੀ ਗਈ ਹੁੰਦੀ ਹੈ। ਨਾਵਲਾਂ ਦੀ ਅਜਿਹੀ ਵੰਨਗੀ ਨੂੰ, 'ਆਂਚਲਿਕ ਨਾਵਲ' ਕਿਹਾ ਜਾਂਦਾ ਹੈ।

**ਉਦੇਸ਼ ਜਾਂ ਮੰਤਵ**- ਜਿਵੇਂ ਕਿ ਅਸੀਂ ਜਾਣਦੇ ਹੀ ਹਾਂ ਕਿ ਸਿਰਫ਼ ਨਾਵਲ ਹੀ ਨਹੀਂ, ਸਗੋਂ ਹਰ ਸਾਹਿਤਕ-ਕਿਰਤ ਦੀ ਰਚਨਾ, ਕਿਸੇ ਨਾ ਕਿਸੇ ਉਦੇਸ਼ ਜਾਂ ਮੰਤਵ ਦੀ ਪੂਰਤੀ ਹਿਤ ਕੀਤੀ ਜਾਂਦੀ ਹੈ। ਭਾਵ, ਕੋਈ ਵੀ ਸਾਹਿਤਕ-ਰਚਨਾ, ਉਦੇਸ਼ ਜਾਂ ਮੰਤਵ ਤੋਂ ਵਿਹੂਣੀ ਨਹੀਂ ਹੁੰਦੀ। ਇਹ ਗੱਲ ਵੱਖਰੀ ਹੈ ਕਿ ਕੁੱਝ ਨਾਵਲੀ-ਰਚਨਾਵਾਂ ਦੇ ਮੰਤਵ/ਉਦੇਸ਼/ਲਕਸ਼, ਸਪੱਸ਼ਟ ਰੂਪ ਵਿਚ ਪ੍ਰਤੱਖ ਹੁੰਦੇ ਹਨ ਅਤੇ ਕੁੱਝ ਦੇ, ਅਪ੍ਰਤੱਖ ਜਾਂ ਲੁਪਤ। ਪ੍ਰਤੱਖ ਹੋਣ ਜਾਂ ਅਪ੍ਰਤੱਖ, ਪਰ ਹੁੰਦੇ ਜ਼ਰੂਰ ਹਨ। ਮੰਤਵ/ਉਦੇਸ਼/ਲਕਸ਼, ਸੰਬੰਧਤ ਰਚਨਾ ਦੀ ਵੰਨਗੀ ਦੇ ਸਰੂਪ ਨੂੰ, ਨਿਰਧਾਰਤ

ਕਰਨ ਵਾਲਾ ਤੱਤ ਹੁੰਦਾ ਹੈ। ਭਾਵ, ਮੰਤਵ/ਉਦੇਸ਼/ਲਕਸ਼ ਆਦਿ, ਨਾਵਲ ਦੀ ਪ੍ਰਕਿਰਤੀ, ਪ੍ਰਵਿਰਤੀ, ਤੇ ਪ੍ਰਯੋਜਨ ਨੂੰ, ਨਿਰਧਾਰਤ ਵੀ ਕਰਦਾ ਹੈ ਅਤੇ ਉਸ ਦੀ 'ਪਛਾਣ' ਵੀ ਨਿਸ਼ਚਿਤ ਕਰਦਾ ਹੈ।

**ਭਾਸ਼ਾ-ਸ਼ੈਲੀ-** ਭਿੰਨ ਭਿੰਨ ਕਾਵਿ-ਸ਼ਾਸਤਰੀ ਚਿੰਤਨ-ਪ੍ਰਣਾਲੀਆਂ ਵਿਚੋਂ, 'ਰੂਸੀ-ਰੂਪਵਾਦ' ਇਕ ਮਹੱਤਵਪੂਰਨ ਚਿੰਤਨ-ਪ੍ਰਣਾਲੀ ਹੈ। ਇਸ ਚਿੰਤਨ-ਪ੍ਰਣਾਲੀ ਨੇ ਜਿੱਥੇ, 'ਰੂਪ' ਦਾ, ਇਕ ਅਸਲੋਂ ਨਵਾਂ ਤੇ ਨਿਵੇਕਲਾ ਸੰਕਲਪ ਪੇਸ਼ ਕੀਤਾ ਅਤੇ ਉੱਥੇ, 'ਥੀਮ-ਵਿਗਿਆਨਕ' ਅਧਿਐਨ-ਵਿਧੀ ਨੂੰ, ਨਵੇਂ ਸਿਰਿਉਂ, ਵਿਕਸਤ ਵੀ ਕੀਤਾ। 'ਸਾਹਿਤਕ-ਭਾਸ਼ਾ' ਅਤੇ 'ਆਮ-ਬੋਲਚਾਲ ਦੀ ਭਾਸ਼ਾ' ਵਿਚਲਾ ਬੁਨਿਆਦੀ ਅੰਤਰ ਵੀ, ਉਨ੍ਹਾਂ ਨੇ ਬਾਖ਼ੂਬੀ ਸਪੱਸ਼ਟ ਕੀਤਾ। ਰੂਸੀ-ਰੂਪਵਾਦੀ ਵਿਦਵਾਨਾਂ ਦੀ ਨਜ਼ਰ ਵਿਚ 'ਰੂਪ' (ਵਸਤੂ+ਪ੍ਰਕਾਰਜ = ਰੂਪ) ਦਾ ਸੰਕਲਪ, ਵਿਸ਼ੇਸ਼ ਮਹੱਤਵ ਦਾ ਧਾਰਣੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਸਾਹਿਤ ਦੀ ਭਾਸ਼ਾ, ਆਮ ਬੋਲਚਾਲ ਦੀ ਭਾਸ਼ਾ ਵਰਗੀ ਹੁੰਦੀ ਹੋਈ ਵੀ, ਉਸ ਨਾਲੋਂ ਭਿੰਨ ਹੁੰਦੀ ਹੈ। ਜਿਵੇਂ ਕਿ ਆਮ-ਬੋਲਚਾਲ ਦੀ ਭਾਸ਼ਾ, 'ਇਕਾਰਥੀ' (ਇਕੋ ਅਰਥ ਵਾਲ਼ੀ) ਹੁੰਦੀ ਹੈ, ਉੱਥੇ ਸਾਹਿਤਕ-ਭਾਸ਼ਾ 'ਸ਼ੈਲੀਕ੍ਰਿਤ' ਵੀ ਹੁੰਦੀ ਹੈ ਅਤੇ 'ਬਹੁ-ਅਰਥਕ' (ਬਹੁਤੇ ਅਰਥਾਂ ਵਾਲ਼ੀ) ਵੀ। ਇਸ ਦ੍ਰਿਸ਼ਟੀ ਤੋਂ, ਨਾਵਲ ਦੀ ਵੱਖਰੀ 'ਡਿਕਸ਼ਨ' ਬਾਰੇ, ਵੱਖਰੇ ਤੌਰ 'ਤੇ, ਗੱਲ ਕੀਤੀ ਜਾ ਸਕਦੀ ਹੈ। ਇਹ ਭਾਸ਼ਾ, ਆਮ ਬੋਲਚਾਲ ਦੀ ਭਾਸ਼ਾ ਵਰਗੀ ਹੁੰਦੀ ਹੋਈ ਵੀ, ਉਸ ਤੋਂ ਵੱਖਰੀ ਹੁੰਦੀ ਹੈ। ਕਿਉਂਕਿ, ਇਸ ਦਾ 'ਪ੍ਰਯੋਜਨ' ਵੱਖਰਾ ਹੁੰਦਾ ਹੈ। ਇਸ ਭਾਸ਼ਾ ਨੇ, ਸੰਚਾਰ ਤਾਂ ਕਰਨਾ ਹੀ ਹੁੰਦਾ ਹੈ, ਪਰ ਇਸ 'ਸੰਚਾਰ' ਦੇ ਨਾਲ਼ ਨਾਲ਼ 'ਸੁਹਜ' ਦੀ ਸਿਰਜਣਾ ਵੀ ਕਰਨੀ ਹੁੰਦੀ ਹੈ। ਸਾਹਿਤਕ-ਕਿਰਤਾਂ ਦਾ ਹਰ ਅਧਿਐਨ, ਸਾਨੂੰ ਵੱਖਰੇ ਕਿਸਮ ਦੇ ਅਨੁਭਵਾਂ ਤੇ ਅਰਥਾਂ ਦਾ ਅਹਿਸਾਸ ਕਰਵਾਉਂਦਾ ਹੈ। ਇਹ ਸਭ ਕੁੱਝ, ਸਾਹਿਤਕ-ਭਾਸ਼ਾ ਦੇ, ਆਪਣੇ ਨਿਵੇਕਲੇ ਚਰਿੱਤਰ ਕਰਕੇ ਹੁੰਦਾ ਹੈ। ਜਿਵੇਂ ਕਿ ਅਸੀਂ ਪਹਿਲਾਂ ਵੀ ਬਾਖ਼ੂਬੀ ਸਪੱਸ਼ਟ ਕੀਤਾ ਹੈ ਕਿ ਸਾਹਿਤ ਦੀ ਭਾਸ਼ਾ, ਸ਼ੈਲੀਕ੍ਰਿਤ ਹੁੰਦੀ ਹੈ। ਕਿਉਂਕਿ, ਨਾਵਲ ਵੀ ਇਕ ਵਿਸ਼ੇਸ਼ ਤਰ੍ਹਾਂ ਦਾ ਸਾਹਿਤਕ-ਰੂਪ ਹੈ, ਇਸ ਲਈ ਇਹ ਗੱਲ, ਨਾਵਲ ਉਪਰ ਵੀ ਪੂਰੀ ਤਰ੍ਹਾਂ ਢੁੱਕਦੀ ਹੈ। ਸਾਡੀ ਜ਼ਿੰਦਗੀ ਦੇ ਭਿੰਨ ਭਿੰਨ ਵਰਤਾਰਿਆਂ ਵਿਚ, ਸਟਾਈਲ ਸ਼ਬਦ ਦੀ ਵਰਤੋਂ, ਆਮ ਹੁੰਦੀ ਰਹਿੰਦੀ ਹੈ। ਜਿਵੇਂ ਕਿ ਕੱਪੜੇ ਪਹਿਨਣ ਦਾ ਸਟਾਈਲ, ਖਾਣ-ਪੀਣ ਦਾ ਸਟਾਈਲ, ਤੁਰਨ-ਫਿਰਨ ਦਾ ਸਟਾਈਲ, ਰਹਿਣ-ਸਹਿਣ ਦਾ ਸਟਾਈਲ ਆਦਿ ਆਦਿ। ਪਰ, ਸਾਹਿਤ ਦੇ ਸੰਦਰਭ ਵਿਚ ਸਟਾਈਲ ਸ਼ਬਦ ਦੇ ਨਿਸ਼ਚਿਤ ਅਰਥ ਹਨ : 'ਲਿਖਣ ਦਾ ਢੰਗ'। ਇਹ ਤਾਂ ਅਸੀਂ ਜਾਣਦੇ ਹੀ ਹਾਂ ਕਿ ਸਾਹਿਤ, ਭਾਸ਼ਾ ਰਾਹੀਂ ਹੋਂਦ ਵਿਚ ਆਉਂਦਾ ਹੈ। ਹਰ ਲੇਖਕ, ਆਪਣੇ ਭਾਵਾਂ ਤੇ ਵਿਚਾਰਾਂ ਨੂੰ, ਕਲਾਤਮਕ- ਪ੍ਰਗਟਾਵਾ ਦੇਣ ਲਈ, ਭਾਸ਼ਾ ਨੂੰ ਵਰਤੋਂ ਵਿਚ ਲਿਆਉਂਦਾ ਹੈ। ਭਾਸ਼ਾ, ਮਨੁੱਖ ਕੋਲ਼ ਇਕ ਅਜਿਹਾ ਹਥਿਆਰ ਹੈ, ਜੋ ਹੋਰ ਕਿਸੇ ਵੀ ਜੀਵ ਕੋਲ਼, ਇਸ ਰੂਪ ਵਿਚ ਮੌਜੂਦ ਨਹੀਂ। ਮਨੁੱਖ ਦੀ ਸਾਰੀ ਤਰੱਕੀ ਤੇ ਉਸਦਾ ਸਾਰਾ ਵਿਕਾਸ, ਭਾਸ਼ਾ ਕਰਕੇ ਹੀ ਸੰਪੰਨ ਹੋਇਆ ਹੈ। ਇਉਂ ਭਾਸ਼ਾ, ਮਨੁੱਖ ਨੂੰ, ਦੂਜੇ ਜੀਵਾਂ ਨਾਲੋਂ ਨਿਖੇੜਣ ਵਾਲ਼ਾ ਵੱਡਾ ਆਧਾਰ ਹੋ ਨਿਬੜਦਾ ਹੈ। ਕਿਉਂਕਿ, ਹਰ ਲੇਖਕ ਦਾ ਪਰਿਵਾਰਕ, ਸਮਾਜਕ ਤੇ ਭਾਸ਼ਾਈ ਪਿਛੋਕੜ, ਵੱਖਰਾ ਹੁੰਦਾ ਹੈ। ਇਸੇ ਲਈ, ਉਸ ਦੀ ਸ਼ੈਲੀ ਨਿੱਜੀ ਤੇ ਵੱਖਰੀ ਹੁੰਦੀ ਹੈ। ਭਿੰਨ ਭਿੰਨ ਵਿਦਵਾਨਾਂ ਨੇ ਆਪੋ ਆਪਣੇ ਤਰੀਕੇ ਨਾਲ਼, ਸ਼ੈਲੀ ਨੂੰ ਪਰਿਭਾਸ਼ਤ ਕਰਨ ਦੇ ਯਤਨ ਕੀਤੇ ਹਨ। ਕਿਸੇ ਨੇ ਕਿਹਾ, ''ਸ਼ੈਲੀ ਹੀ ਮਨੁੱਖ ਹੈ'' ਭਾਵ ਸ਼ੈਲੀ, ਮਨੁੱਖ ਦੀ ਸਮੁੱਚੀ ਸ਼ਖ਼ਸੀਅਤ ਦਾ ਪ੍ਰਗਟਾਵਾ ਹੁੰਦੀ ਹੈ। ਅਰਥਾਤ ਸ਼ੈਲੀ, ਕਿਸੇ ਮਾਂਗਵੇ ਕੋਟ ਦੀ ਤਰ੍ਹਾਂ ਨਹੀਂ ਹੁੰਦੀ। ਸਗੋਂ, ਸਾਡੇ ਸ਼ਰੀਰ ਦੀ ਚੱਮੜੀ ਦੀ ਤਰ੍ਹਾਂ ਹੁੰਦੀ ਹੈ, ਜਿਸ ਨੂੰ ਸਹਿਜੇ ਕੀਤਿਆਂ, ਬਦਲਿਆ ਨਹੀਂ ਜਾ ਸਕਦਾ। ਇਸ ਬਾਬਤ ਇਹ ਵੀ ਕਿਹਾ ਜਾਂਦਾ ਹੈ ਕਿ ਕੋਈ ਸ਼ਖ਼ਸ, ਕਿਸੇ ਦੇ ਵਿਚਾਰਾਂ ਨੂੰ ਤਾਂ ਚੁਰਾ ਸਕਦਾ ਹੈ, ਪਰ ਉਸ ਦੀ ਸ਼ੈਲੀ ਨੂੰ ਨਹੀਂ ਚੁਰਾ ਸਕਦਾ। ਇਕੋ ਵਿਸ਼ੇ ਉੱਪਰ, ਇਕ ਤੋਂ ਵੱਧ ਲੇਖਕ, ਨਾਵਲ-ਰਚਨਾ ਕਰ ਸਕਦੇ ਹਨ। ਉਨ੍ਹਾਂ ਨਾਵਲਾਂ ਵਿਚ, ਵਿਸ਼ੇ ਦੀ ਸਾਂਝ ਹੋਣ ਦੇ ਬਾਵਜੂਦ ਵੀ, ਸ਼ੈਲੀ ਪੱਖੋਂ, ਉਨ੍ਹਾਂ ਵਿਚਲੀ ਭਿੰਨਤਾ ਜਾਂ ਵੱਖਰਤਾ, ਸਹਿਜੇ ਹੀ ਉਜਾਗਰ ਹੋ ਜਾਵੇਗੀ। ਕਿਉਂਕਿ, ਹਰ ਲੇਖਕ ਦਾ ਲਿਖਣ-ਢੰਗ, ਵੱਖਰਾ ਹੁੰਦਾ ਹੈ। ਸ਼ਬਦਾਂ ਦੀ ਚੋਣ, ਵਾਕ-ਬਣਤਰ, ਭਾਸ਼ਾਈ ਪਿਛੋਕੜ, ਭਾਸ਼ਾ ਉੱਪਰ ਪਕੜ, ਭਾਸ਼ਾਈ ਖ਼ਜ਼ਾਨਾ ਆਦਿ, ਇਸ ਵੱਖਰਤਾ ਦੇ ਮੂਲ ਆਧਾਰ ਬਣਦੇ ਹਨ। ਪ੍ਰੋ. ਪਿਆਰਾ ਸਿੰਘ ਨੇ, ਆਪਣੀ ਪੁਸਤਕ 'ਪੰਜਾਬੀ ਗਲਪ : ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ' ਵਿਚ, ਭਿੰਨ ਭਿੰਨ ਹਵਾਲਿਆਂ ਨਾਲ਼, ਨਾਵਲ-ਸ਼ੈਲੀਆਂ ਦਾ ਬਾਖ਼ੂਬੀ ਵਰਗੀਕਰਨ ਕੀਤਾ ਹੈ। ਇਸ ਵਰਗੀਕਰਨ ਅਨੁਸਾਰ, ਵਰਣਨਾਤਮਕ ਸ਼ੈਲੀ, ਨਾਟਕੀ-ਸ਼ੈਲੀ, ਕਾਵਿਕ-ਸ਼ੈਲੀ, ਲੋਕ-ਕਥਾਤਮਕ ਸ਼ੈਲੀ, ਆਂਚਲਿਕ ਸ਼ੈਲੀ, ਮਨੋ-ਵਿਸ਼ਲੇਸ਼ਣਾਤਮਕ ਸ਼ੈਲੀ ਆਦਿ ਭਿੰਨ ਭਿੰਨ ਨਾਵਲ-ਸ਼ੈਲੀਆਂ ਹਨ। ਨਾਵਲਕਾਰ, ਇਨ੍ਹਾਂ ਵਿਚੋਂ, ਕਿਸੇ ਇਕ ਜਾਂ ਇਕ ਤੋਂ ਵੱਧ ਸ਼ੈਲੀਆਂ ਦੀ ਵਰਤੋਂ, ਅਕਸਰ ਕਰਦੇ ਵੇਖੇ ਜਾਂਦੇ ਹਨ। ਯਾਦ ਰਹੇ ਕਿ, ਕਿਸੇ ਲੇਖਕ ਦੀ ਸ਼ੈਲੀ ਤੋਂ ਪ੍ਰੇਰਨਾ ਤਾਂ ਲਈ ਜਾ ਸਕਦੀ ਹੈ, ਪਰ ਉਸ ਨੂੰ ਹੂ-ਬ-ਹੂ ਵਰਤਿਆ ਨਹੀਂ ਜਾ ਸਕਦਾ। ਜਦੋਂ ਕਿਸੇ ਲੇਖਕ ਦੀ ਸ਼ੈਲੀ, ਇਤਨੀ ਪ੍ਰੋਢ ਹੋ ਜਾਵੇ ਕਿ ਦੂਸਰੇ ਲੇਖਕ, ਉਸਤੋਂ ਪ੍ਰੇਰਨਾ ਗ੍ਰਹਿਣ ਕਰਨ, ਤਾਂ ਉਸ ਲੇਖਕ ਨੂੰ, 'ਸ਼ੈਲੀਕਾਰ' ਹੋਣ ਦੀ ਸੰਗਿਆ ਦਿੱਤੀ ਜਾ ਸਕਦੀ ਹੈ।

**ਘਟਨਾਵਾਂ, ਸਥਿਤੀਆਂ-ਪ੍ਰਸਥਿਤੀਆਂ-** ਅਕਸਰ ਵੇਖਣ ਵਿਚ ਆਇਆ ਹੈ ਕਿ 'ਨਿੱਕੀ ਕਹਾਣੀ' ਦੇ ਮੁਕਾਬਲੇ ਵਿਚ, ਨਾਵਲ ਦਾ ਕੈਨਵਸ, ਖ਼ਾਸਾ ਵਿਸ਼ਾਲ ਹੁੰਦਾ ਹੈ। 'ਨਿੱਕੀ ਕਹਾਣੀ' ਦੇ ਮੁਕਾਬਲੇ ਵਿਚ, ਨਾਵਲ ਵਿਚ ਘਟਨਾਵਾਂ ਅਤੇ ਸਥਿਤੀਆਂ-ਪ੍ਰਸਥਿਤੀਆਂ ਵੀ, ਵਧੇਰੇ ਹੁੰਦੀਆਂ ਹਨ। ਬਹੁਤੀਆਂ ਘਟਨਾਵਾਂ ਅਤੇ ਸਥਿਤੀਆਂ-ਪ੍ਰਸਥਿਤੀਆਂ, ਪਾਤਰਾਂ ਦੇ ਆਪਸ-ਵਿਰੋਧੀ ਵਿਚਾਰਾਂ ਕਰਕੇ ਹੋਂਦ ਵਿਚ ਆਉਂਦੀਆਂ ਹਨ। ਕਿਸੇ ਨਾਵਲ ਦੇ 'ਪਲਾਟ ਜਾਂ ਕਥਾਨਕ' ਨੂੰ, ਜਟਿਲ ਜਾਂ ਗੁੰਝਲਦਾਰ ਬਣਾਉਣ ਵਿਚ, ਇਨ੍ਹਾਂ ਘਟਨਾਵਾਂ ਅਤੇ ਸਥਿਤੀਆਂ-ਪ੍ਰਸਥਿਤੀਆਂ ਦੀ, ਅਹਿਮ ਭੂਮਿਕਾ ਮੰਨੀ ਜਾਂਦੀ ਹੈ। ਇਨ੍ਹਾਂ ਘਟਨਾਵਾਂ ਅਤੇ ਸਥਿਤੀਆਂ-ਪ੍ਰਸਥਿਤੀਆਂ ਨੂੰ, ਪਾਤਰ ਜਨਮ ਦੇਂਦੇ ਹਨ। ਸੋ, ਕਿਹਾ ਜਾ ਸਕਦਾ ਹੈ ਕਿ ਨਾਵਲ ਦੇ ਇਹ ਸਾਰੇ ਤੱਤ, ਇਕ-ਦੂਜੇ ਨਾਲ਼ ਅੰਤਰੀਵ ਤੌਰ 'ਤੇ ਸੰਬੰਧਤ ਹੁੰਦੇ ਹਨ। ਭਾਵ, ਇਹ ਸਾਰੇ ਤੱਤ, ਏਕਤਾ ਦੇ ਸੂਤਰ ਵਿਚ ਬੱਝੇ ਹੁੰਦੇ ਹਨ। ਦੂਜੇ ਸ਼ਬਦਾਂ ਵਿਚ ਇਹ ਤੱਤ, ਸੰਗਠਿਤ ਹੋ ਕੇ, ਰਚਨਾ ਵਿਚ, ਏਕਤਾ ਤੇ ਇਕਾਗਰਤਾ ਦਾ ਪ੍ਰਭਾਵ ਸਿਰਜ ਰਹੇ ਹੁੰਦੇ ਹਨ।

**ਤਨਾਉ-** 'ਤਨਾਉ', ਸਿਰਫ਼ ਨਾਵਲ ਦਾ ਹੀ ਨਹੀਂ, ਸਗੋਂ, ਸਮੁੱਚੇ ਸਾਹਿਤ ਦਾ, ਇਕ ਬਹੁਤ ਹੀ ਮਹੱਤਵਪੂਰਨ ਤੱਤ ਹੈ। ਸਾਹਿਤ ਦੇ ਭਿੰਨ ਭਿੰਨ ਰੂਪਾਂ ਵਿਚ 'ਤਨਾਉ', ਵੱਖਰੇ ਵੱਖਰੇ ਤਰੀਕਿਆਂ ਨਾਲ ਪੇਸ਼ ਹੁੰਦਾ ਵੇਖਿਆ ਜਾਂਦਾ ਹੈ। ਜਿਵੇਂ ਕਿ ਕਵਿਤਾ ਵਿਚ 'ਤਨਾਉ' ਦਾ ਸੁਲਝਾਉ ਹੁੰਦਾ ਹੈ, ਨਾਟਕ ਵਿਚ 'ਤਨਾਉ' ਦਾ ਵਿਸਫ਼ੋਟ ਹੁੰਦਾ ਹੈ ਅਤੇ ਨਾਵਲ ਵਿਚ, 'ਤਨਾਉ' ਦੀ ਪ੍ਰਤੀਤੀ ਹੁੰਦੀ ਹੈ। ਠੀਕ ਇਸੇ ਤਰ੍ਹਾਂ, ਕਹਾਣੀ ਕਈ ਵੇਰਾਂ, ਤਨਾਉ ਦੇ ਸੁਲਝਾਉ ਅਤੇ ਕਦੇ, ਤਨਾਉ ਦੇ ਟਕਰਾਉ ਨਾਲ ਖ਼ਤਮ ਹੁੰਦੀ ਵੇਖੀ ਜਾਂਦੀ ਹੈ। ਕਈ ਵੇਰਾਂ, ਕਹਾਣੀ ਨੂੰ, ਤਨਾਉ 'ਤੇ ਹੀ ਛੱਡ ਦਿੱਤਾ ਜਾਂਦਾ ਹੈ। ਅਜਿਹੀ ਕਹਾਣੀ ਨੂੰ 'ਖੁੱਲ੍ਹੇ ਅੰਤ' ਵਾਲੀ ਕਹਾਣੀ ਕਿਹਾ ਜਾਂਦਾ ਹੈ। ਇਹ 'ਬੰਦ ਅੰਤ' ਵਾਲੀ ਕਹਾਣੀ ਦੇ, ਐਨ ਉਲਟ ਹੁੰਦੀ ਹੈ। ਇਉਂ, 'ਖੁੱਲ੍ਹੇ ਅੰਤ' ਵਾਲੀ ਰਚਨਾ, ਸਿੱਟੇ ਕੱਢਣ ਵੱਲ ਰੁਚਿਤ ਨਾ ਹੋ ਕੇ, ਸਵਾਲਾਂ ਉਪਰ ਖ਼ਤਮ ਹੁੰਦੀ ਵੇਖੀ ਜਾਂਦੀ ਹੈ। ਜਿਨ੍ਹਾਂ ਦੇ ਜਵਾਬ, ਪਾਠਕਾਂ ਨੇ, ਆਪੋ ਆਪਣੀ ਸਮਝ ਤੇ ਸੂਝ-ਬੂਝ ਨਾਲ ਲੱਭਣੇ ਹੁੰਦੇ ਹਨ। ਇਸ ਦ੍ਰਿਸ਼ਟੀ ਤੋਂ ਤਨਾਉ ਨੂੰ, ਸਾਹਿਤ ਦੇ 'ਸੰਗਠਨ ਸਿਧਾਂਤ' ਦੇ ਰੂਪ ਵਿਚ ਗ੍ਰਹਿਣ ਕੀਤਾ ਜਾਂਦਾ ਹੈ। ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਨਾਵਲ ਵਿਚ, ਤਨਾਉ ਦੀ ਪ੍ਰਤੀਤੀ ਹੁੰਦੀ ਹੈ। ਇਸ ਦਾ ਮਤਲਬ ਇਹ ਹੈ ਕਿ ਸਮੁੱਚੀ ਨਾਵਲ-ਰਚਨਾ ਵਿਚ, ਤਨਾਉ ਨਿਰੰਤਰ ਬਣਿਆ ਰਹਿੰਦਾ ਹੈ। ਕਦੇ ਤਨਾਉ ਘੱਟਦਾ ਹੈ, ਕਦੇ ਵੱਧਦਾ ਹੈ ਅਤੇ ਕਦੇ, ਘੱਟਦਾ-ਵੱਧਦਾ ਵੇਖਿਆ ਜਾਂਦਾ ਹੈ। ਭਾਵ, ਨਾਵਲ ਦੇ ਆਦਿ ਤੋਂ ਲੈ ਕੇ ਅੰਤ ਤੀਕ, ਤਨਾਉ ਬਣਿਆ ਰਹਿੰਦਾ ਹੈ ਅਤੇ ਪਾਠਕ ਨੂੰ, ਇਸ ਦੀ ਨਿਰੰਤਰ ਪ੍ਰਤੀਤੀ ਹੁੰਦੀ ਰਹਿੰਦੀ ਹੈ। ਜ਼ਿਕਰਯੋਗ ਹੈ ਕਿ 'ਸਾਹਿਤਕ-ਤਨਾਉ' ਵਾਸਤਵਿਕ ਮਾਨਸਿਕ-ਤਨਾਉ ਨਾਲੋਂ, ਵੱਖਰੀ ਤਰ੍ਹਾਂ ਦਾ ਹੁੰਦਾ ਹੈ। ਇਹ, ਆਪਸ-ਵਿਰੋਧੀ ਪਾਤਰਾਂ, ਵਿਚਾਰਾਂ, ਘਟਨਾਵਾਂ, ਸਥਿਤੀਆਂ-ਪ੍ਰਸਥਿਤੀਆਂ ਆਦਿ ਦੇ ਟਕਰਾਉ ਨਾਲ, ਸਿਰਜਿਆ ਜਾਂਦਾ ਹੈ। ਭਾਵ, ਸਾਹਿਤਕ-ਤਨਾਉ, ਪੂਰੀ ਤਰ੍ਹਾਂ ਸਿਰਜਿਤ ਹੁੰਦਾ ਹੈ।

ਇਸ ਦ੍ਰਿਸ਼ਟੀ ਤੋਂ ਤਨਾਉ, ਨਾਵਲ ਦਾ ਇਕ ਅਜਿਹਾ ਤੱਤ ਹੋ ਨਿਬੜਦਾ ਹੈ, ਜੋ ਪਾਠਕ ਨੂੰ, ਸੰਬੰਧਤ ਰਚਨਾ ਦੇ ਨਾਲ ਨਿਰੰਤਰ ਜੋੜੀ ਰੱਖਦਾ ਹੈ। ਪਾਠਕ ਅੰਦਰ, ''ਅੱਗੋਂ ਕੀ ਹੋਇਆ'' ਨੂੰ ਜਾਣਨ ਦੀ ਰੁਚੀ, ਇਸੇ ਤੱਤ ਸਦਕਾ ਬਣੀ ਰਹਿੰਦੀ ਹੈ।

## 1.4 ਨਾਵਲ ਦੀ ਵਰਗੀਕਰਨ ਦੇ ਆਧਾਰ

ਨਾਵਲ ਦੀ 'ਵਰਗ ਵੰਡ' ਕਰਨ ਵਕਤ, ਅਕਸਰ ਇਨ੍ਹਾਂ ਗੱਲਾਂ ਨੂੰ, ਧਿਆਨ ਵਿਚ ਰੱਖਿਆ ਜਾਂਦਾ ਹੈ। ਜਿਵੇਂ ਕਿ ਅਸੀਂ ਸਭ ਜਾਣਦੇ ਹੀ ਹਾਂ ਕਿ ਨਾਵਲੀ-ਸੰਸਾਰ, ਮਨੁੱਖੀ-ਜੀਵਨ ਵਰਗਾ ਵਿਸ਼ਾਲ ਹੁੰਦਾ ਹੈ। ਜਦੋਂ ਨਾਵਲ ਦੇ ਭੇਦਾਂ ਜਾਂ ਕਿਸਮਾਂ ਦੀ ਵਰਗ-ਵੰਡ ਦਾ ਮਸਲਾ ਸਾਮ੍ਹਣੇ ਆਇਆ, ਤਾਂ ਇਸ ਸੰਬੰਧੀ ਇਕ ਤੋਂ ਵੱਧ ਰਾਵਾਂ, ਸਾਡੇ ਸਾਮ੍ਹਣੇ ਆ ਗਈਆਂ। ਪ੍ਰੋ. ਪਿਆਰਾ ਸਿੰਘ ਦੇ ਇਸ ਵਿਚਾਰ ਨਾਲ ਅਸੀਂ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਜਿੱਥੋਂ ਤੱਕ, ਨਾਵਲ ਦੇ ਭੇਦਾਂ ਜਾਂ ਕਿਸਮਾਂ ਦਾ ਸੰਬੰਧ ਹੈ, ਉਸ ਬਾਬਤ ਵਿਦਵਾਨਾਂ ਦੇ ਵਿਚਾਰ, ਆਪੋ ਆਪਣੇ ਹਨ ਅਤੇ ਉਨ੍ਹਾਂ ਦੀ ਗਿਣਤੀ ਦਾ, ਕੋਈ ਅੰਤ ਨਹੀਂ। ਉਨ੍ਹਾਂ ਦਾ ਇਹ ਕਹਿਣਾ ਵੀ ਠੀਕ ਹੈ ਕਿ ਅਸਲ ਵਿਚ, ਇਹ ਭਿੰਨ ਭਿੰਨ ਸਾਹਿਤਕ-ਦ੍ਰਿਸ਼ਟੀਆਂ ਦਾ ਹੀ ਰੂਪਾਂਤਰਣ ਹੈ। ਇਉਂ, ਪ੍ਰਕਿਰਤੀ, ਪ੍ਰਵਿਰਤੀ ਤੇ ਨਾਵਲੀ-ਦ੍ਰਿਸ਼ਟੀ ਦੇ ਆਧਾਰ 'ਤੇ, ਉਨ੍ਹਾਂ ਨੇ ਨਾਵਲ ਦੀ ਜੋ ਵਰਗ-ਵੰਡ ਕੀਤੀ ਹੈ, ਉਹ ਇਸ ਤਰ੍ਹਾਂ ਹੈ:-

1) ਪ੍ਰਗਤੀਵਾਦੀ ਨਾਵਲ
2) ਅਤਿ-ਯਥਾਰਥਵਾਦੀ ਨਾਵਲ
3) ਪ੍ਰਕਿਰਤੀਵਾਦੀ ਨਾਵਲ
4) ਮਨੋਵਿਗਿਆਨਕ ਨਾਵਲ
5) ਪ੍ਰਯੋਗਵਾਦੀ ਨਾਵਲ
6) ਰਾਜਨੀਤਕ ਨਾਵਲ
7) ਵਿਗਿਆਨਕ ਨਾਵਲ
8) ਲੋਕ-ਕਥਾਤਮਕ ਨਾਵਲ
9) ਆਂਚਲਿਕ ਨਾਵਲ

ਵਰਗ-ਵੰਡ ਦੀ ਇਸ ਗਿਣਤੀ ਨੂੰ, ਨਿਰਸੰਕੋਚ ਵਧਾਇਆ-ਘਟਾਇਆ ਜਾ ਸਕਦਾ ਹੈ। ਕਿਉਂਕਿ, ਕੁੱਝ ਨਾਵਲ, ਘਟਨਾ-ਪ੍ਰਧਾਨ ਹੁੰਦੇ ਹਨ, ਕੁੱਝ ਪਾਤਰ-ਪ੍ਰਧਾਨ ਅਤੇ ਕੁੱਝ ਇਤਿਹਾਸਕ ਪਿੱਠਭੂਮੀ ਵਾਲੇ। ਮੋਟੇ ਤੌਰ 'ਤੇ, ਨਾਵਲ ਦੀਆਂ ਜਿਹੜੀਆਂ ਚਾਰ ਕਿਸਮਾਂ ਮੰਨੀਆਂ ਜਾਂਦੀਆਂ ਹਨ, ਉਹ ਇਸ ਪ੍ਰਕਾਰ ਹਨ :-

1) ਇਤਿਹਾਸਕ ਨਾਵਲ
2) ਸਾਂਸਕ੍ਰਿਤਕ ਨਾਵਲ
3) ਯਥਾਰਥਵਾਦੀ ਨਾਵਲ
4) ਸਮਾਜਕ ਨਾਵਲ

ਇਸ ਸੰਬੰਧੀ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਨਾਵਲ ਦੀ ਹਰ ਵੰਨਗੀ ਦੇ, ਆਪਣੇ ਕੁੱਝ ਪੂਰਵ-ਨਿਸ਼ਚਿਤ ਉਦੇਸ਼/ਮੰਤਵ/ਲਕਸ਼ ਹੁੰਦੇ ਹਨ। ਸੰਬੰਧਤ ਨਾਵਲਕਾਰ, ਉਨ੍ਹਾਂ ਦੀ ਪੂਰਤੀ ਹਿਤ ਹੀ, ਆਪਣੇ ਨਾਵਲਾਂ ਦੀ ਰਚਨਾ ਕਰਦੇ ਹਨ।

## ਸਾਰ-ਅੰਸ਼

ਸੋ, ਸਪੱਸ਼ਟ ਹੈ ਕਿ ਨਾਵਲ ਵਿਚ, 'ਨਵੀਨਤਾ' ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ। ਜ਼ਿਕਰਯੋਗ ਹੈ ਕਿ ਭਾਰਤੀ ਭਾਸ਼ਾਵਾਂ ਵਿਚ ਨਾਵਲ-ਰਚਨਾ ਦਾ ਸਿਲਸਿਲਾ, ਭਾਰਤ ਵਿਚ, ਅੰਗਰੇਜ਼ੀ ਰਾਜ ਦੀ ਸਥਾਪਤੀ ਮਗਰੋਂ ਆਰੰਭ ਹੋਇਆ ਮੰਨਿਆ ਜਾਂਦਾ ਹੈ। ਜਿਵੇਂ ਕਿ ਅਸੀਂ ਸਭ ਜਾਣਦੇ ਹੀ ਹਾਂ ਕਿ ਭਾਰਤ ਨੂੰ, ਲਗਾਤਾਰ ਇਕ ਹਜ਼ਾਰ ਵਰ੍ਹੇ, ਗ਼ੁਲਾਮੀ ਭੋਗਣੀ ਪਈ। ਭਾਰਤ ਉਪਰ ਆਖ਼ਰੀ ਵਿਦੇਸ਼ੀ ਰਾਜ, ਅੰਗਰੇਜ਼ਾਂ ਦਾ ਸੀ। ਅੰਗਰੇਜ਼ਾਂ ਨੇ ਕਰੀਬਨ ਦੋ ਸੌ ਸਾਲ, ਭਾਰਤ 'ਤੇ ਰਾਜ ਕੀਤਾ।'ਈਸਟ ਇੰਡੀਆ ਕੰਪਨੀ' ਦੇ ਤਹਿਤ, ਇੰਗਲੈਂਡ ਤੋਂ ਆਏ ਅੰਗਰੇਜ਼ਾਂ ਨੇ ਛੇਤੀ ਹੀ ਭਾਰਤ ਉਪਰ ਰਾਜ ਸਥਾਪਤ ਕਰ ਲਿਆ। ਜ਼ਿਕਰਯੋਗ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਯੋਗ ਅਗਵਾਈ ਹੇਠ ਪੰਜਾਬ, ਆਪਣੇ ਬੁਲੰਦ ਇਰਾਦਿਆਂ ਕਰਕੇ, ਸਭ ਤੋਂ ਪਿੱਛੋਂ ਅੰਗਰੇਜ਼ਾਂ ਦੇ ਹੱਥਾਂ ਵਿਚ ਆਇਆ। ਇਸ ਸੰਬੰਧ ਵਿਚ ਇਹ ਵੀ ਜ਼ਿਕਰਯੋਗ ਹੈ ਕਿ ਜਦੋਂ ਭਾਰਤ ਵਿਚ 'ਮੱਧਕਾਲ' ਚਲ ਰਿਹਾ ਸੀ, ਉਦੋਂ ਇੰਗਲੈਂਡ ਵਰਗੇ ਕੁੱਝ ਵਿਕਸਤ ਮੁਲਕਾਂ ਵਿਚ, ਹੋਂਦ ਵਿਚ ਆਈਆਂ ਵਿਗਿਆਨਕ-ਖੋਜਾਂ ਸਦਕਾ, 'ਆਧੁਨਿਕਤਾ' ਜਨਮ ਲੈ ਚੁੱਕੀ ਹੋਈ ਸੀ। ਇਉਂ ਅੰਗਰੇਜ਼, ਭਾਰਤ ਵਿਚ, ਇਕ ਵਿਕਸਤ ਸੰਸਕ੍ਰਿਤੀ ਲੈ ਕੇ ਆਏ ਸਨ। ਇੱਥੇ ਇਹ ਵੀ ਸਪੱਸ਼ਟ ਕਰਨਾ ਜ਼ਰੂਰੀ ਬਣਦਾ ਹੈ ਕਿ ਭਾਰਤ ਵਿਚ, 'ਆਧੁਨਿਕਤਾ', ਸਹਿਜ ਰੂਪ ਵਿਚ ਵਿਕਸਤ ਨਹੀਂ ਸੀ ਹੋਈ। ਸਗੋਂ, ਅੰਗਰੇਜ਼ਾਂ ਦੀ 'ਬਸਤੀਵਾਦੀ ਸੋਚ' ਸਦਕਾ ਹੀ, ਆਧੁਨਿਕਤਾ ਭਾਰਤ ਵਿਚ ਪ੍ਰਵੇਸ਼ ਕਰਦੀ ਹੈ। ਪੱਛਮੀ ਸਾਹਿਤ ਤੇ ਸੱਭਿਆਚਾਰ ਦੇ ਸੰਪਰਕ ਵਿਚ ਆਉਣ ਮਗਰੋਂ ਹੀ, ਭਾਰਤੀ ਭਾਸ਼ਾਵਾਂ ਵਿਚ, ਨਾਵਲ ਲਿਖਣ ਦੀ ਪਿਰਤ ਪਈ ਮੰਨੀ ਜਾਂਦੀ ਹੈ। ਇਤਿਹਾਸਕ ਤੌਰ 'ਤੇ ਪਹਿਲਾਂ, ਬੰਗਲਾ ਭਾਸ਼ਾ ਵਿਚ ਅਤੇ ਇਸ ਮਗਰੋਂ, ਦੂਜੀਆਂ ਭਾਰਤੀ ਭਾਸ਼ਾਵਾਂ ਵਿਚ ਵੀ ਨਾਵਲ ਲਿਖਿਆ ਜਾਣ ਲੱਗਿਆ।

## ਕੇਂਦਰੀ ਸ਼ਬਦ

- **ਨਵੀਨ:** ਨਵਾਂ
- **ਸੰਸਕ੍ਰਿਤੀ:** ਸਭਿਆਚਾਰ
- ਅਣਹੋਂਦ: ਗ਼ੈਰਹਾਜ਼ਰੀ

## ਸਵੈ-ਮੁਲਾਂਕਣ

1. ਇਸ ਦ੍ਰਿਸ਼ਟੀ ਤੋਂ ਤਨਾਉ ਨੂੰ, ਸਾਹਿਤ ਦੇ ........ਦੇ ਰੂਪ ਵਿਚ ਗ੍ਰਹਿਣ ਕੀਤਾ ਜਾਂਦਾ ਹੈ।

ੳ) ਸੰਗਠਨ ਸਿਧਾਂਤ

ਅ) ਰੂਪਵਾਦੀ ਸਿਧਾਂਤ

ੲ) ਅਜਨਬੀਕਰਨ ਦੇ ਸਿਧਾਂਤ

ਸ) ਸਮਾਜਵਾਦੀ ਸਿਧਾਂਤ

2. ਪ੍ਰਕਿਰਤੀ, ਪ੍ਰਵਿਰਤੀ ਤੇ ਨਾਵਲੀ-ਦ੍ਰਿਸ਼ਟੀ ਦੇ ਆਧਾਰ 'ਤੇ ਨਾਵਲ ਦੇ ਕਿੰਨੇ ਭੇਦ ਕੀਤੇ ਜਾਂਦੇ ਹਨ?

ੳ) ਚਾਰ

ਅ) ਨੌਂ

ੲ) ਪੰਜ

ਸ) ਸੱਤ

3. '.......' ਸਿਰਫ਼ ਨਾਵਲ ਦਾ ਹੀ ਨਹੀਂ, ਸਗੋਂ, ਸਮੁੱਚੇ ਸਾਹਿਤ ਦਾ, ਇਕ ਬਹੁਤ ਹੀ ਮਹੱਤਵਪੂਰਨ ਤੱਤ ਹੈ।

ੳ) ਪਾਤਰ

ਅ) ਕਥਾਨਕ

ੲ) ਤਨਾਉ

ਸ) ਵਾਰਤਾਲਾਪ

4. ਬਹੁਤੀਆਂ ਘਟਨਾਵਾਂ ਅਤੇ ਸਥਿਤੀਆਂ-ਪ੍ਰਸਥਿਤੀਆਂ.......ਦੇ ਆਪਸ-ਵਿਰੋਧੀ ਵਿਚਾਰਾਂ ਕਰਕੇ ਹੋਂਦ ਵਿਚ ਆਉਂਦੀਆਂ ਹਨ।

ੳ) ਵਾਰਤਾਲਾਪਾਂ

ਅ) ਘਟਨਾਵਾਂ

ੲ) ਵਿਸ਼ਿਆਂ

ਸ) ਪਾਤਰਾਂ

5. 'ਸਾਹਿਤਕ-ਭਾਸ਼ਾ' ਅਤੇ 'ਆਮ-ਬੋਲਚਾਲ ਦੀ ਭਾਸ਼ਾ' ਵਿਚਲਾ ਬੁਨਿਆਦੀ ਅੰਤਰ ਕਿਸ ਨੇ ਸਪੱਸ਼ਟ ਕੀਤਾ ਹੈ?

ੳ) ਰੂਸੀ ਰੂਪਵਾਦ

ਅ) ਮਾਰਕਸਵਾਦ

ੲ) ਦਲਿਤਵਾਦ

ਸ) ਨਾਰੀਵਾਦ

6. ਸਾਹਿਤਕ-ਭਾਸ਼ਾ ......ਹੁੰਦੀ ਹੈ

ੳ) ਇਕਾਰਥੀ

ਅ) ਸ਼ੈਲੀਕ੍ਰਿਤ

ੲ) ਦੋਅਰਥੀ

ਸ) ਨਿਰਾਰਥੀ

7. ਨਾਵਲ ਵਿਚ ਸੁਭਾਵਿਕਤਾ ਨੂੰ ਬਣਾਏ ਰੱਖਣ ਲਈ......ਦੀ ਸਿਰਜਣਾ ਜ਼ਰੂਰੀ ਹੁੰਦੀ ਹੈ।

ੳ) ਵਾਰਤਾਲਾਪ

ਅ) ਘਟਨਾਵਾਂ

ੲ) ਵਾਤਾਵਰਨ

ਸ) ਵਿਸ਼ਿਆਂ

8. ਕਿਸੇ ਖ਼ਿੱਤੇ ਵਿਸ਼ੇਸ਼ ਦੀਆਂ ਭੂਗੋਲਕ, ਵਾਤਾਵਰਨਕ, ਇਤਿਹਾਸਕ ਸਥਿਤੀਆਂ-ਪ੍ਰਸਥਿਤੀਆਂ, ਉੱਥੋਂ ਦੇ ਲੋਕਾਂ ਦੀ ਜੀਵਨ-ਜਾਚ ਅਤੇ ਸੱਭਿਆਚਾਰ ਨੂੰ ਆਧਾਰ ਬਣਾਉਣ ਵਾਲੇ ਨਾਵਲ ਨੂੰ........ਕਿਹਾ ਜਾਂਦਾ ਹੈ।

ੳ) ਸਭਿਆਚਾਰਕ ਨਾਵਲ

ਅ) ਭੂਗੋਲਿਕ ਨਾਵਲ

ੲ) ਸਮਾਜਿਕ ਨਾਵਲ

ਸ) ਆਂਚਲਿਕ ਨਾਵਲ

9. ਪਾਤਰਾਂ ਦੇ ਮਨ ਵਿਚਲੀਆਂ ਸੂਖ਼ਮ ਗੁੰਝਲਾਂ, ਸਥਿਤੀਆਂ ਤੇ ਘਟਨਾਵਾਂ ਦੀਆਂ ਪੇਚੀਦਗੀਆਂ ਅਤੇ ਵਾਤਾਵਰਨ ਵਿਚਲੀ ਹੁੰਮਸ ਆਦਿ ਨੂੰ ਸਾਕਾਰ ਕਰਨ ਲਈ ਕਿਸ ਤੱਤ ਦਾ ਸਹਾਰਾ ਲਿਆ ਜਾਂਦਾ ਹੈ।

ੳ) ਪਾਤਰ

ਅ) ਕਥਾਨਕ

ੲ) ਤਨਾਉ

ਸ) ਵਾਰਤਾਲਾਪ

10. ਵਿਦਵਾਨਾਂ ਨੇ ਹੇਠ ਲਿਖਿਆਂ ਵਿਚੋਂ ਕਿਹੜੇ ਦੋ ਕਿਸਮ ਦੇ ਪਾਤਰਾਂ ਦਾ ਜ਼ਿਕਰ ਕੀਤਾ ਹ?

ੳ) ਪਧਰੇ ਅਤੇ ਗੋਲ ਪਾਤਰ

ਅ) ਨਾਇਕ ਅਤੇ ਖਲਨਾਇਕ ਪਾਤਰ

ੲ) ਮਰਦ ਅਤੇ ਇਸਤਰੀ ਪਾਤਰ

ਸ) ਅਮੀਰ ਅਤੇ ਗਰੀਬ ਪਾਤਰ

11. ਅਰਸਤੂ ਨੇ ਕਿੰਨੇ ਪ੍ਰਕਾਰ ਦੇ ਪਲਾਟ ਦਾ ਜ਼ਿਕਰ ਕੀਤਾ ਹੈ?

ੳ) ਇਕ

ਅ) ਦੋ

ੲ) ਤਿੰਨ

ਸ) ਚਾਰ

12. 'ਸਰਲ ਪਲਾਟ' ਨਾਲੋ 'ਜਟਿਲ ਪਲਾਟ' ਨੂੰ ਵਧੇਰੇ ਮਹੱਤਵਪੂਰਨ ਕਿਹੜਾ ਚਿੰਤਕ ਮੰਨਦਾ ਹੈ?

ੳ) ਪਲੈਟੋ

ਅ) ਮਾਰਕਸ

ੲ) ਅਰਸਤੂ

ਸ) ਲਾਨਜਾਈਨਸ

13. .......ਦੀ ਤਕਨੀਕ ਨਾਲ ਲਿਖੇ ਗਏ ਨਾਵਲਾਂ ਦੇ ਪਲਾਟ, ਵਧੇਰੇ ਸੂਝ-ਬੂਝ ਦੀ ਮੰਗ ਕਰਦੇ ਹਨ।

ੳ) ਤਨਾਉ

ਅ) ਅਗਲਝਾਤ

ੲ) ਪਿਛਲਝਾਤ

ਸ) ਚੇਤਨਾ ਪ੍ਰਵਾਹ

14. ਦਿੱਲੀ ਦੇ ਪੰਜਾਬੀ ਸਮੀਖਿਆ ਸਕੂਲ' ਦੇ ਬਾਨੀ.......ਹਨ।

ੳ) ਡਾ. ਹਰਿਭਜਨ ਸਿੰਘ

ਅ) ਗੁਰਪਾਲ ਸਿੰਘ ਸੰਧੂ

ੲ) ਭਾਈ ਵੀਰ ਸਿੰਘ

ਸ) ਅਰਸਤੂ

15. ਕਿਸੇ ਬੇਜਾਨ ਵਸਤੂ ਜਾਂ ਦੈਵੀ ਹਸਤੀ ਨੂੰ ਬਿਰਤਾਂਤ ਰਾਹੀਂ ਪ੍ਰਗਟਾਵਾ ਦੇਣ ਦੀ ਪ੍ਰਕਿਰਿਆ ਨੂੰ.....ਕਿਹਾ ਜਾਂਦਾ ਹੈ। '

ੳ) ਤਨਾਉ

ਅ) ਮਾਨਵੀਕਰਨ

ੲ) ਪ੍ਰਸਥਿਤੀਆਂ

ਸ) ਵਾਰਤਾਲਾਪ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1 ੳ | 2 ਅ | 3.ੲ | 4. ਸ | 5. ੳ |
| 6. ਅ | 7. ੲ | 8. ਸ | 9. ਸ | 10. ੳ |
| 11. ਅ | 12. ੲ | 13. ਸ | 14. ੳ | 15. ਅ |

## ਅਭਿਆਸ ਪ੍ਰਸ਼ਨ

1. ਨਾਵਲ ਦੇ ਸੰਕਲਪ ਨੂੰ ਪਰਿਭਾਸ਼ਿਤ ਕਰੋ

2. ਨਾਵਲ ਸਾਹਿਤ ਰੂਪ ਦੇ ਵਿਭਿੰਨ ਤੱਤਾਂ ਦਾ ਵਿਵੇਚਨ ਕਰੋ

3. ਨਾਵਲ ਵਿੱਚ ਕਥਾਨਕ ਦੀ ਭੂਮਿਕਾ ਅਤੇ ਮਹੱਤਤਾ ਉਪਰ ਨੋਟ ਲਿਖੋ।

4. ਨਾਵਲ ਸਾਹਿਤਕ ਵਿਧਾ ਦੀਆਂ ਵਿਸ਼ੇਸ਼ਤਾਵਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

5. ਵਿਦਵਾਨਾਂ ਵਲੋਂ ਸੁਝਾਏ ਨਾਵਲ ਦੇ ਵਰਗੀਕਰਨ ਦੇ ਵਿਭਿੰਨ ਆਧਾਰਾਂ ਉਪਰ ਚਰਚਾ ਕਰੋ।

## Further Reading

- ਜੋਗਿੰਦਰ ਸਿੰਘ ਨਹਿਰੂ, ਨਾਵਲ ਦੀ ਵਿਧਾ, ਲੋਕਗੀਤ ਪ੍ਰਕਾਸ਼ਨ, 2013.
- ਡਾ. ਰਤਨ ਸਿੰਘ ਜੱਗੀ, ਸਾਹਿਤ ਦੇ ਰੂਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ.

## Online Links

- https://pa.wikipedia.org/wiki/%E0%A8%A8%E0%A8%BE%E0%A8%B5%E0%A8%B2
- https://punjabipedia.org/topic.aspx?txt=%E0%A8%A8%E0%A8%BE%E0%A8%B5%E0%A8%B2
- https://pa.warbletoncouncil.org/elementos-de-la-novela-7681
- https://pa.bharatpedia.org.in/wiki/%E0%A8%A8%E0%A8%BE%E0%A8%B5%E0%A8%B2_%E0%A8%B8%E0%A8%BF%E0%A8%A7%E0%A8%BE%E0%A8%82%E0%A8%A4_%E0%A8%A4%E0%A9%87_%E0%A8%B8%E0%A8%B0%E0%A9%82%E0%A8%AA

Yaadvinder Kaur, Lovely Professional University

# Unit 10: ਪੰਜਾਬੀ ਨਾਵਲ: ਨਿਕਾਸ, ਵਿਕਾਸ ਅਤੇ ਪ੍ਰਵਿਰਤੀਆਂ

**ਵਿਸ਼ਾ-ਵਸਤੂ**

**ਉਦੇਸ਼**

**ਜਾਣ-ਪਛਾਣ**

**1.1 ਪੰਜਾਬੀ ਨਾਵਲ ਦਾ ਨਿਕਾਸ**

**1.2 ਪੰਜਾਬੀ ਨਾਵਲ ਦੇ ਨਿਕਾਸ ਸੰਬੰਧੀ ਰਾਇ**

**1.3 ਪੰਜਾਬੀ ਨਾਵਲ ਦਾ ਵਿਕਾਸ**

**1.4 ਪੰਜਾਬੀ ਨਾਵਲ ਦੀਆਂ ਪ੍ਰਵਿਰਤੀਆਂ**

**ਸਾਰਾਂਸ਼**

**ਕੇਂਦਰੀ ਸ਼ਬਦ**

**ਸਵੈ-ਮੁਲਾਂਕਣ**

**ਸਵੈ-ਮੁਲਾਂਕਣ ਲਈ ਉੱਤਰ**

**ਅਭਿਆਸ ਪ੍ਰਸ਼ਨ**

**ਸੰਦਰਭ ਪੁਸਤਕਾਂ**

## ਉਦੇਸ਼

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

- ਪੰਜਾਬੀ ਨਾਵਲ ਦੀ ਉਤਪਤੀ ਸੰਬੰਧੀ ਜਾਣਕਾਰੀ ਹਾਸਿਲ ਕਰਨ ਦੇ ਯੋਗ ਹੋਣਗੇ
- ਪੰਜਾਬੀ ਨਾਵਲ ਦੇ ਜਨਮ ਸਬੰਧੀ ਵਿਭਿੰਨ ਮਤਾਂ ਦਾ ਮੁਲਾਂਕਣ ਦੇ ਕਾਬਿਲ ਹੋਣਗੇ
- ਪੰਜਾਬੀ ਨਾਵਲ ਦੀ ਵਿਕਾਸ ਰੇਖਾ ਦਾ ਵਿਵੇਚਨ ਕਰਨ ਦੇ ਸਮਰੱਥ ਹੋਣਗੇ

## 1.1 ਪੰਜਾਬੀ ਨਾਵਲ ਦਾ ਨਿਕਾਸ

ਭਾਰਤੀ ਸਭਿਆਚਾਰ, ਜਿਸ ਦੇ ਅੰਤਰਗਤ ਪੰਜਾਬੀ ਸਭਿਆਚਾਰ ਇੱਕ ਵਿਸ਼ਿਸ਼ਟ ਤੇ ਸੁਤੰਤਰ ਸੱਭਿਆਚਾਰ ਦੇ ਰੂਪ ਵਿੱਚ ਵਿਚਰਦਾ ਰਿਹਾ ਹੈ। ਪੰਜਾਬੀ ਸਭਿਆਚਾਰ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਇਹ ਗ਼ੈਰ ਮੁਲਕੀ ਚਿੰਤਨ ਦੇ ਸੰਪਰਕ ਵਿੱਚ ਆਉਣ ਨਾਲ ਪੈਦਾ ਹੋਏ ਤਣਾਅਪੂਰਨ ਵਾਤਾਵਰਨ ਵਿੱਚ ਵੀ ਹਮੇਸ਼ਾ ਨਵੀਨ ਕਦਰਾਂ-ਕੀਮਤਾਂ ਅਤੇ ਜੀਵਨ-ਮੁੱਲਾਂ ਨੂੰ ਗ੍ਰਹਿਣ ਕਰਦਾ ਰਿਹਾ ਹੈ। ਪ੍ਰਾਚੀਨ ਕਾਲ ਵਿਚ ਜਦੋਂ ਆਰੀਆ ਲੋਕ ਆਏ ਤਾਂ ਇਸਨੇ ਉਹਨਾਂ ਦੀਆਂ ਮੂਲ ਤੇ ਨਵੀਨ ਕਦਰਾਂ-ਕੀਮਤਾਂ ਨੂੰ ਅਪਣਾ ਲਿਆ। ਇਸੇ ਤਰ੍ਹਾਂ ਜਦੋਂ ਮੱਧਕਾਲ ਵਿੱਚ ਮੁਸਲਮਾਨ ਹਮਲਾਵਰਾਂ ਆਏ ਤਾਂ ਇਸਲਾਮੀ ਸਭਿਆਚਾਰ ਦੇ ਸੰਪਰਕ ਵਿੱਚ ਪੰਜਾਬੀ ਸਭਿਆਚਾਰ ਅਤੇ ਆਚਾਰ-ਵਿਹਾਰ ਨੇ ਨਵੀਂ ਦਿਸ਼ਾ ਵੱਲ ਵਧਣਾ ਆਰੰਭ ਕੀਤਾ। ਇਸਲਾਮੀ ਸਭਿਆਚਾਰ ਧਾੜਵੀ ਸਭਿਆਚਾਰ ਰੂਪ ਵਿਚ ਪ੍ਰਵੇਸ਼ ਕੀਤਾ ਸੀ ਇਸ ਲਈ ਪੰਜਾਬੀ ਮੂਲ ਦੀ ਪਹਿਚਾਣ ਨੂੰ ਬੇਲਾਗ ਰੱਖਣ ਦੇ ਉਪਰਾਲੇ ਵੀ ਨਿਰਸੰਦੇਹ ਕੀਤਾ ਜਾਂਦੇ ਰਹੇ ਪਰ ਬਾਅਦ ਵਿੱਚ ਸੂਫੀਵਾਦ ਦੇ ਪ੍ਰਭਾਵ ਅਧੀਨ ਇਸਲਾਮੀ ਸਭਿਆਚਾਰ ਦੀਆਂ ਸਿਹਤਮੰਦ ਕਦਰਾਂ-ਕੀਮਤਾਂ ਨੂੰ ਅਪਣਾ ਵੀ ਲਿਆ। ਇਸ ਪ੍ਰਭਾਵ ਦੇ ਫਲਸਰੂਪ ਹੀ ਸਾਰੇ ਭਾਰਤ ਵਿੱਚ ਭਗਤੀ ਲਹਿਰ ਜ਼ੋਰ ਪਕੜ੍ਹ

ਗਈ। ਇਸਲਾਮ ਮੂਲ ਦੇ ਜੀਵਨ ਮੁੱਲਾਂ ਨੂੰ ਗ੍ਰਹਿਣ ਕਰਨ ਨਾਲ ਭਾਰਤੀ ਸਭਿਆਚਾਰ ਅਤੇ ਸਾਹਿਤ ਪਰੰਪਰਾ ਵਿੱਚ ਇੱਕ ਨਵਾਂ ਮੋੜ ਆਇਆ। ਇਸ ਮੋੜ ਦੇ ਆਉਣ ਨਾਲ ਵਿਆਪਕ ਜੀਵਨ ਦੇ ਮੂਲ ਪੱਖਾਂ ਜਿਵੇਂ ਜੀਵ-ਜਗਤ ਅਤੇ ਬ੍ਰਹਮ ਦੇ ਆਪਸੀ ਸੰਵੇਦਨਸ਼ੀਲ ਰਿਸ਼ਤਿਆਂ ਨੂੰ ਤਾਂ ਨਵੇਂ ਦ੍ਰਿਸ਼ਟੀਕੋਣ ਤੋਂ ਵੇਖਿਆ, ਪਰਖਿਆ ਤੇ ਸਮਝਿਆ ਜਾਣ ਹੀ ਲੱਗਾ ਨਾਲ-ਨਾਲ ਸਾਹਿਤ ਦੇ ਖੇਤਰ ਵਿੱਚ ਗ਼ਜ਼ਲ, ਰੁਬਾਈ, ਕਿੱਸਾ, ਸੀਹਰਫ਼ੀ ਅਤੇ ਕਥਾ ਸਾਹਿਤ ਆਦਿ ਨਵੇਂ ਰੂਪ ਸਿਰਜੇ ਜਾਣੇ ਸ਼ੁਰੂ ਹੋ ਗਏ। ਇਸ ਤਰ੍ਹਾਂ ਇਤਿਹਾਸਕ ਪ੍ਰਸੰਗ ਵਿੱਚ ਅੰਗਰੇਜ਼ਾਂ ਦੇ ਭਾਰਤ ਵਿੱਚ ਆਉਣ ਨਾਲ ਇਕ ਵਾਰ ਪੰਜਾਬੀ ਸਾਹਿਤ, ਸਮਾਜ ਅਤੇ ਸਭਿਆਚਾਰ ਵਿੱਚ ਇੱਕ ਮਹੱਤਵਪੂਰਨ ਪਰਿਵਰਤਨ ਆਇਆ।

ਇਸ ਪਰਿਵਰਤਨ ਨੇ ਜੀਵਨ-ਮੁੱਲਾਂ ਦੇ ਖੇਤਰ ਵਿੱਚ ਅਸਲੋਂ ਹੀ ਇੱਕ ਨਵੀਂ ਸੋਚ, ਵਿਧੀ ਪ੍ਰਚਲਿਤ ਕਰ ਦਿੱਤੀ ਜਿਸ ਨੇ ਬਹੁਤ ਸਾਰੀਆਂ ਪੁਰਾਤਨ ਕਦਰਾਂ-ਕੀਮਤਾਂ ਨੂੰ ਪੈਰਾਂ ਤੋਂ ਉਖਾੜ ਦਿੱਤਾ। ਅੰਗਰੇਜ਼ ਕੌਮ ਕੋਲ ਵੀ ਆਪਣਾ ਸੁਤੰਤਰ ਤੇ ਵਿਕਸਤ ਸਭਿਆਚਾਰਕ ਵਿਰਸਾ ਤੇ ਸਾਹਿਤ ਪਰੰਪਰਾ ਸੀ। ਭਾਰਤੀ ਸਭਿਆਚਾਰ ਦੇ ਸੰਪਰਕ ਵਿੱਚ ਆਉਣ ਨਾਲ ਇਸ ਨੇ ਵੀ ਆਪਣਾ ਪ੍ਰਭਾਵ ਪਾਇਆ। ਮੱਧਕਾਲ ਵਾਂਗ ਹੀ ਪਹਿਲਾਂ ਤਾਂ ਭਾਰਤੀ ਚਿੰਤਕਾਂ ਨੇ ਸੰਸਕ੍ਰਿਤੀ ਦੇ ਬਚਾਓ ਲਈ ਨਵੇਂ ਸੱਭਿਆਚਾਰ ਦਾ ਟਾਕਰਾ ਜੀਵਨ ਦੇ ਹਰ ਖੇਤਰ ਵਿੱਚ ਕੀਤਾ। ਇਹ ਅੰਤਰ ਭਾਵੇਂ ਸਵਦੇਸ਼ੀ ਵਸਤੂਆਂ ਦੇ ਵਰਤਣ ਦਾ ਸੀ ਤੇ ਭਾਵੇਂ ਸਵਦੇਸ਼ੀ ਧਾਰਮਿਕ ਤੇ ਨੈਤਿਕ-ਮੁੱਲਾਂ ਦੇ ਸੰਭਾਲਣ ਦਾ ਸੀ, ਹਰ ਹਾਲਤ ਵਿੱਚ ਇਹ ਚੇਤਨਾ ਉਸ ਤਣਾਅ-ਯੁਕਤ ਸਥਿਤੀ ਵਿੱਚੋਂ ਉਪਜੀ ਸੀ, ਜਿਹੜੀ ਭਾਰਤੀ ਸਭਿਆਚਾਰ ਦੇ ਇੱਕ ਗ਼ੈਰ-ਮੁਲਕੀ ਅੰਗਰੇਜ਼ੀ ਸਭਿਆਚਾਰ ਦੇ ਸੰਪਰਕ ਵਿੱਚ ਆਉਣ ਨਾਲ ਹੋਂਦ ਵਿਚ ਆਈ ਸੀ। ਇਹ ਤਣਾਓ-ਯੁਕਤ ਮਾਹੌਲ ਵਿੱਚ ਪਹਿਲਾਂ ਵਾਂਗ ਹੀ ਭਾਰਤੀ ਚਿੰਤਕਾਂ ਦੇ ਦੋ ਧੜੇ ਹੋਂਦ ਵਿੱਚ ਆ ਗਏ ਸਨ। ਇੱਕ ਧੜਾ ਉਨ੍ਹਾਂ ਚਿੰਤਕਾਂ ਦਾ ਸੀ ਜਿਨ੍ਹਾਂ ਨੇ ਪੱਛਮੀ ਸਭਿਆਚਾਰ ਅਤੇ ਸਾਹਿਤ ਦੇ ਨਰੋਏ ਜੀਵਨ-ਮੁੱਲਾਂ ਅਤੇ ਸਾਹਿਤ-ਰੂਪਾਂ ਨੂੰ ਅਪਣਾ ਲਿਆ ਸੀ। ਦੂਜਾ ਧੜਾ ਇਸ ਸੱਭਿਆਚਾਰ ਦਾ ਵਿਰੋਧੀ ਬਣ ਗਿਆ ਸੀ ਜਿਵੇਂ ਮੱਧਕਾਲ ਵਿੱਚ ਸੂਫ਼ੀਵਾਦ ਦੇ ਪ੍ਰਭਾਵ ਅਧੀਨ ਸਭਿਆਚਾਰਕ ਸੰਸਲੇਸ਼ਣ ਹੋਇਆ ਸੀ, ਉਸੇ ਤਰ੍ਹਾਂ ਸੁਧਾਰਵਾਦੀ ਲਹਿਰ ਨਾਲ ਇੱਕ ਵਾਰ ਮੁੜ ਉਂਨੀਵੀਂ ਸਦੀ ਵਿੱਚ ਭਾਰਤੀ ਸੱਭਿਆਚਾਰ ਅਤੇ ਸਾਹਿਤ ਦਾ ਸੰਸਲੇਸ਼ਣ ਹੋ ਗਿਆ। ਜਿਸ ਦੇ ਫਲਸਰੂਪ ਨਵੀਆਂ ਕਦਰਾਂ-ਕੀਮਤਾਂ ਦੀ ਪ੍ਰਵਾਨਗੀ ਨੇ ਇੱਕ ਨਵੇਂ ਇਤਿਹਾਸਕ ਦੌਰ ਦਾ ਸ੍ਰੀ ਗਣੇਸ਼ ਕਰ ਦਿੱਤਾ। ਇਸ ਦੌਰ ਦੀ ਵੱਡੀ ਪ੍ਰਾਪਤੀ ਜਾਗੀਰਦਾਰੀ ਨਿਜ਼ਾਮ ਤੋਂ ਸਰਮਾਏਦਾਰੀ ਨਿਜ਼ਾਮ ਵਿੱਚ ਭਾਰਤੀ ਸਮਾਜ ਦਾ ਪ੍ਰਵੇਸ਼ ਕਰਨਾ ਸੀ। ਜਗੀਰਦਾਰੀ ਕਦਰਾਂ-ਕੀਮਤਾਂ ਸਰਮਾਏਦਾਰੀ ਕਦਰਾਂ-ਕੀਮਤਾਂ ਵਿੱਚ ਵਟਨ ਲੱਗੀਆਂ। ਸ਼੍ਰੇਣੀ ਦੀ ਥਾਂ ਵਿਅਕਤੀ ਦੀ ਮਾਨਤਾ ਵਧਣ ਲੱਗ ਪਈ। ਭਾਰਤ ਵਿੱਚ ਅੰਗਰੇਜ਼ਾਂ ਦੇ ਆਉਣ ਨਾਲ ਭਾਰਤ ਦਾ ਉਦਯੋਗੀਕਰਨ ਹੋਣਾ ਆਰੰਭ ਹੋ ਗਿਆ।ਆਵਾਜਾਈ ਦੇ ਸਾਧਨ ਸੌਖੇ ਹੋ ਗਏ। ਸੰਚਾਰ ਸਾਧਨਾਂ ਤੇ ਸਿੰਚਾਈ ਦੇ ਸਾਧਨਾਂ ਦੇ ਅੰਤਰਗਤ ਰੇਲ, ਤਾਰ, ਨਹਿਰਾਂ ਦਾ ਜਾਲ ਵਿਛਾਇਆ ਗਿਆ। ਇਸ ਸਾਰੇ ਕੁਝ ਨਾਲ ਭਾਰਤ ਵਿੱਚ ਸਭਿਆਚਾਰਕ ਪੱਖੋਂ ਇੱਕ ਇਨਕਲਾਬ ਆ ਗਿਆ। ਇਸ ਇਨਕਲਾਬ ਦੇ ਆਉਣ ਨਾਲ ਭਾਰਤ ਵਿੱਚ ਇੱਕ ਨਵੀਂ ਸ਼੍ਰੇਣੀ ਮੱਧ-ਸ਼੍ਰੇਣੀ ਹੋਂਦ ਵਿੱਚ ਆਈ। ਇਸ ਸ਼੍ਰੇਣੀ ਨੇ ਭਾਰਤੀ ਸਾਹਿਤ ਤੇ ਸਭਿਆਚਾਰ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਇਸ ਸ਼੍ਰੇਣੀ ਦਾ ਨਿਕਟਵਰਤੀ ਸਬੰਧ ਸਾਹਿਤ ਅਤੇ ਸਮਾਜ ਦੇ ਖੇਤਰ ਵਿੱਚ ਅੰਗਰੇਜ਼ਾਂ ਨਾਲ ਸੀ ਕਿਉਂਕਿ ਨੌਕਰੀ ਕਰਦੇ ਲੋਕ ਅੰਗਰੇਜ਼ ਅਫਸਰਾਂ ਦੇ ਸਿੱਧੇ ਪ੍ਰਭਾਵ ਵਿੱਚ ਸਨ। ਕਾਰਖਾਨਿਆਂ ਵਿੱਚ ਕੰਮ ਕਰਦੇ ਲੋਕ ਵੀ ਇਨ੍ਹਾਂ ਦੇ ਨੇੜੇ ਸਨ। ਸਕੂਲਾਂ, ਕਾਲਜਾਂ ਵਿੱਚ ਪੜ੍ਹਦੇ ਪੜ੍ਹਾਉਂਦੇ ਲੋਕਾਂ ਦਾ ਸੰਬੰਧ ਵੀ ਅੰਗਰੇਜ਼ੀ ਸਭਿਆਚਾਰ ਅਤੇ ਸਾਹਿਤ ਨਾਲ ਬਹੁਤ ਨੇੜੇ ਦਾ ਸੀ। ਇਸ ਲਈ ਨਵੀਂ ਉਪਜੀ ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਜੀਵਨ ਸਥਿਤੀ ਵਿੱਚ ਭਾਰਤ ਦੀਆਂ ਮੂਲ ਬੋਲੀਆਂ ਵਿੱਚ ਵੀ ਅੰਗਰੇਜ਼ੀ ਸਾਹਿਤ ਦੀ ਪੱਧਰ ਦਾ ਸਾਹਿਤ ਰਚਿਆ ਜਾਣ ਲੱਗ ਪਿਆ। ਭਾਰਤੀ ਮੂਲ ਦੇ ਇਸ ਸਾਹਿਤ ਨੇ ਨਵੀਨ ਕਦਰਾਂ-ਕੀਮਤਾਂ ਦੇ ਜੀਵਨ-ਮੁੱਲਾਂ ਨੂੰ ਅਪਣਾ ਲਿਆ ਸੀ। ਫਲਸਰੂਪ ਨਵੇਂ-ਨਵੇਂ ਸਾਹਿਤ ਰੂਪ ਰਚੇ ਜਾਣ ਲੱਗ ਪਏ। ਆਧੁਨਿਕ ਕਾਲ ਦਾ ਭਾਰਤੀ ਨਾਵਲ ਵੀ ਇਸ ਪ੍ਰਕਿਰਿਆ ਅਧੀਨ ਅੰਗਰੇਜ਼ੀ ਨਾਵਲ ਦੇ ਪ੍ਰਭਾਵ ਅਧੀਨ ਰਚਿਆ ਜਾਣਾ ਆਰੰਭ ਹੋਇਆ। 1839 ਈਸਵੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਜਾਣ ਨਾਲ ਭਾਰਤ ਵਿੱਚ ਅੰਤਿਮ ਸਵਦੇਸ਼ੀ ਸੁਤੰਤਰ ਸਿੱਖ ਰਾਜ ਦਾ ਵੀ ਅੰਤ ਹੋ ਗਿਆ। 1839 ਈਸਵੀ ਤੋਂ  1849 ਈਸਵੀ ਤੱਕ ਦਸ ਸਾਲ ਪੰਜਾਬ ਵਿੱਚ ਰਾਜਨੀਤਕ ਉੱਥਲ-ਪੁੱਥਲ ਦੇ ਸਾਲ ਸਨ। 1849 ਵਿੱਚ ਸਿੱਖ ਫ਼ੌਜਾਂ ਨੂੰ ਹਰਾ ਕੇ ਅੰਗਰੇਜ਼ ਪੰਜਾਬ ਦੇ ਰਾਜ ਭਾਗ ਦੇ ਮਾਲਕ ਬਣ ਗਏ ਸਨ। ਪੰਜਾਬੀ ਕੌਮ ਜਿਸ ਨੂੰ ਦਸ ਗੁਰੂ ਸਾਹਿਬਾਨ ਨੇ ਅੰਤਾਂ ਕੋਸ਼ਿਸ਼ਾਂ ਨਾਲ ਇੱਕ ਸੇਧ ਪ੍ਰਦਾਨ ਕੀਤੀ ਸੀ, ਇੱਕ ਜੀਵਨ ਜਾਂਚ ਦਿੱਤੀ ਸੀ ਅਤੇ ਸੁਤੰਤਰ ਕੌਮ ਦਾ ਇੱਕ ਅਹਿਸਾਸ ਦਿੱਤਾ ਸੀ। ਰਣਜੀਤ ਸਿੰਘ ਨੇ ਇਸ ਅਹਿਸਾਸ ਨੂੰ ਚਾਲੀ ਸਾਲ ਤੱਕ ਸਹੀ ਸਲਾਮਤ ਪਾਲਿਆ ਸੀ ਪਰ ਉਸ ਦੀ ਮੌਤ ਦੇ ਨਾਲ ਹੀ ਘਰਦਿਆਂ ਤੇ ਬਾਹਰਲਿਆਂ ਦੀਆਂ ਘਿਣਾਉਣੀਆਂ ਸਾਜ਼ਿਸ਼ਾਂ ਅਧੀਨ ਇਹ ਅਹਿਸਾਸ ਮੁੜ ਟੁੱਟਣ ਲੱਗ ਪਿਆ ਤੇ ਅੰਤ ਟੁੱਟ ਗਿਆ। 1469 ਈਸਵੀ ਤੋਂ 1839 ਈਸਵੀ ਤੱਕ ਜਿਸ ਸੰਕਲਪ ਨੂੰ ਨਿਰੰਤਰ ਪਾਲਿਆ ਗਿਆ ਸੀ ਦਸ ਸਾਲ ਦੇ ਥੋੜ੍ਹੇ ਜਿਹੇ ਅਰਸੇ ਵਿੱਚ ਹੀ ਇਹ ਅਹਿਸਾਸ ਆਪਣੀ ਬਾਲ ਅਵਸਥਾ ਵਿੱਚ ਹੀ ਦਮ ਤੋੜ ਗਿਆ।

ਕਿਸੇ ਕੌਮ ਨੂੰ ਬਨਣ ਲਈ ਸਦੀਆਂ ਲੱਗਦੀਆਂ ਹਨ ਅਤੇ ਕਈ ਵਾਰ ਸਦੀਆਂ ਦਾ ਅਨਮੋਲ ਵਿਰਸਾ ਅਣਜਾਣ ਤੇ ਅੱਲੜ ਉੱਤਰਾਧਿਕਾਰੀ ਸਾਲਾਂ, ਮਹੀਨਿਆਂ ਤੇ ਕੁਝ ਦਿਨਾਂ ਵਿੱਚ ਹੀ ਨਸ਼ਟ ਕਰ ਦਿੰਦੇ ਹਨ। ਕੁਝ ਅਜਿਹਾ ਹੀ ਪੰਜਾਬ ਨਾਲ ਵਾਪਰਦਾ ਰਿਹਾ। ਸਭਿਆਚਾਰਕ ਦ੍ਰਿਸ਼ਟੀ ਤੋਂ ਕੂਕਾ ਲਹਿਰ ਅਤੇ ਮਹਾਰਾਣੀ ਜਿੰਦਾਂ ਨੇ ਵਿਅਕਤੀਗਤ ਰੂਪ ਵਿੱਚ ਸਿੱਖਰਾਜ ਦੀ ਮੁੜ ਸਥਾਪਤੀ ਦੇ ਯਤਨ ਜ਼ਰੂਰ ਕੀਤੇ ਪਰ ਸ਼ਕਤੀਸ਼ਾਲੀ ਤੇ ਕੂਟਲਨੀਤੀ ਵਾਲੇ ਚਤੁਰ ਅੰਗਰੇਜ਼ ਹਾਕਮਾਂ ਨੇ ਇਨ੍ਹਾਂ ਦੀ ਦਾਲ ਨਾ ਗਲਣ ਦਿੱਤੀ। ਇਸ ਤਰ੍ਹਾਂ ਪੰਜਾਬ ਨੇ ਵੀ ਬਾਕੀ ਭਾਰਤ ਵਾਂਗ ਅੰਗਰੇਜ਼ੀ ਰਾਜ ਨੂੰ ਕਿਸਮਤ ਦੀ ਦੇਣ ਸਮਝ ਕੇ ਅਪਣਾ ਲਿਆ। ਇਸ ਇਤਿਹਾਸਕ ਪ੍ਰਸੰਗ ਵਿੱਚ ਕਿਰਿਆਵਾਂ ਤੇ ਪ੍ਰਤੀਕਿਰਿਆਵਾਂ ਦੇ

ਦੌਰ ਵਿੱਚ ਪੰਜਾਬ ਦੀ ਜਗੀਰਦਾਰੀ ਠੰਢੀ ਹੁੰਦੀ ਗਈ ਤੇ ਇਸ ਤਰ੍ਹਾਂ ਨਵੇਂ ਪੰਜਾਬ ਦੀ ਨਵੀਂ ਰੂਪ-ਰੇਖਾ ਦਾ ਮੁੱਢ ਬੱਝ ਗਿਆ। ਅੰਗਰੇਜ਼ਾਂ ਦੇ ਆਉਣ ਨਾਲ ਪੰਜਾਬ ਵਿੱਚ ਵੀ ਉਦਯੋਗੀ ਕਰਨ ਦੀਆਂ ਰੁਚੀਆਂ ਆਰੰਭ ਹੋ ਗਈਆਂ। ਪੰਜਾਬ ਵਿਚ ਨਹਿਰਾਂ ਦਾ ਜਾਲ ਵਿਛਾਇਆ ਗਿਆ। ਬੌਧਿਕ ਤੌਰ 'ਤੇ ਖਚਰੇ ਅੰਗਰੇਜ਼ ਨੂੰ ਇਸ ਗੱਲ ਦਾ ਪਤਾ ਸੀ ਕਿ ਪੰਜਾਬ ਦੀ ਕੇਂਦਰੀ ਸ਼ਕਤੀ ਤੇ ਤਾਕਤ ਕਿਰਸਾਨੀ ਸਮਾਜ ਹੈ। ਇਸ ਦਾ ਆਧਾਰ ਖੇਤੀਬਾੜੀ ਹੈ। ਜੇ ਨਹਿਰਾਂ ਦੁਆਰਾ ਇਸ ਦੀ ਖੇਤੀ ਨੂੰ ਪਾਣੀ ਮੁਹੱਈਆ ਕਰ ਦਿੱਤਾ ਜਾਵੇ ਅਤੇ ਨਵੀਆਂ ਬਾਰਾਂ ਵਸਾ ਕੇ ਇਸਨੂੰ ਧਰਤੀ ਦੇ ਦਿੱਤੀ ਜਾਵੇ ਤਾਂ ਇਸ ਦਾ ਜੋਸ਼ ਮੱਠਾ ਪੈ ਜਾਵੇਗਾ ਤੇ ਸਿਆਸੀ ਤਾਕਤ ਦੀ ਪ੍ਰਾਪਤੀ ਵੱਲੋਂ ਬੇਮੁੱਖ ਹੋ ਕੇ ਆਰਥਿਕ ਹਿੱਤਾਂ ਦੀ ਪਾਲਣਾ ਵਿੱਚ ਲੱਗ ਜਾਵੇਗਾ। ਅੰਗਰੇਜ਼ਾਂ ਦੇ ਇਸ ਫੈਸਲੇ ਵਿੱਚ ਬੜੀ ਦੂਰ-ਅੰਦੇਸ਼ੀ ਸੀ ਤੇ ਇਸ ਦਾ ਅਸਰ ਵੀ ਉਨ੍ਹਾਂ ਦੀ ਇੱਛਾ ਅਨੁਸਾਰ ਹੀ ਹੋਇਆ। ਡਾਕ, ਤਾਰ, ਬੱਸ ਅਤੇ ਰੇਲ ਸੇਵਾ ਨਾਲ ਪੰਜਾਬ ਵਿੱਚ ਸਮਾਜਿਕ ਜੀਵਨ ਵਿੱਚ ਇੱਕ ਨਵੀਂ ਜੀਵਨ-ਰੌਂਅ ਧੜਕ ਉਠੀ। ਪੰਜਾਬ ਵਿੱਚ ਕਾਰਖ਼ਾਨੇ ਲੱਗਣ ਨਾਲ ਪੰਜਾਬ ਦਾ ਉਦਯੋਗੀਕਰਨ ਹੋਣਾ ਆਰੰਭ ਹੋ ਗਿਆ। ਨਵੇਂ-ਨਵੇਂ ਸ਼ਹਿਰ ਹੋਂਦ ਵਿੱਚ ਆਏ ਅਤੇ ਪੇਂਡੂ ਸਭਿਆਚਾਰ ਸ਼ਹਿਰੀ ਸਭਿਆਚਾਰ ਵਿੱਚ ਵਟਨ ਲੱਗਾ। ਫਲਸਰੂਪ ਪੰਜਾਬ ਵਿੱਚ ਵੀ ਨਵੀਂ ਸ਼੍ਰੇਣੀ ਮੱਧ ਸ਼੍ਰੇਣੀ ਹੋਂਦ ਵਿੱਚ ਆਉਣ ਲੱਗ ਪਈ। ਪੰਜਾਬ ਵਿੱਚ ਵਿੱਦਿਆ ਦਾ ਪਸਾਰ ਹੋਣ ਨਾਲ ਪੰਜਾਬੀ ਲੋਕ ਅੰਗਰੇਜ਼ੀ ਸਾਹਿਤ ਦੇ ਸੰਪਰਕ ਵਿੱਚ ਆਉਣੇ ਆਰੰਭ ਹੋ ਗਏ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਹਰ ਵਿਦੇਸ਼ੀ ਹਾਕਮ ਜਿਸ ਦੇਸ਼ 'ਤੇ ਰਾਜ ਕਰਦਾ ਹੈ ਉਸ ਦੇ ਮੂਲ ਸਭਿਆਚਾਰ ਤੇ ਸਾਹਿਤ ਨੂੰ ਪ੍ਰਭਾਵਿਤ ਜ਼ਰੂਰ ਕਰਦਾ ਹੈ। ਸਾਹਿਤ ਦੇ ਪ੍ਰਭਾਵਿਤ ਹੋਣ ਨਾਲ ਸਮਾਜਿਕ ਜੀਵਨ ਆਪਣੇ ਆਪ ਹੀ ਪ੍ਰਭਾਵਿਤ ਹੋ ਜਾਂਦਾ ਹੈ। ਇਸ ਦਿਸ਼ਾ ਵਿੱਚ ਰਹਿੰਦੀ ਕਸਰ ਈਸਾਈ ਮਿਸ਼ਨਰੀਆਂ ਨੇ ਪੂਰੀ ਕਰ ਦਿੱਤੀ। ਪੰਜਾਬੀ ਸਮਾਜ ਅੰਗਰੇਜ਼ਾਂ ਦੇ ਆਉਣ ਸਮੇਂ ਜਾਤਾਂ-ਪਾਤਾਂ ਵਰਗਾਂ ਅਤੇ ਊਚ-ਨੀਚ ਦੇ ਭਰਮਾਂ ਦੁਆਰਾ ਗ੍ਰਸਤ ਸੀ। ਇਸਾਈਂ ਮਸ਼ੀਨਰੀ ਨੇ ਪੰਜਾਬ ਦੀ ਇਸ ਕਮਜ਼ੋਰੀ ਦਾ ਖੂਬ ਲਾਭ ਉਠਾਇਆ। ਪੱਛੜੇ ਵਰਗਾਂ ਦੇ ਲੋਕ ਜਿਹੜੇ ਧਾਰਮਿਕ, ਸਮਾਜਿਕ ਤੇ ਆਰਥਿਕ ਸਮਾਨਤਾ ਤੋਂ ਕੋਰੇ ਸਨ, ਜਿਨ੍ਹਾਂ ਦਾ ਜਿਊਣਾ ਮੁਹਾਲ ਹੋਇਆ ਸੀ, ਉਹ ਬੜੀ ਤੇਜ਼ੀ ਨਾਲ ਇਸਾਈ ਮੱਤ ਦੇ ਪ੍ਰਭਾਵ ਅਧੀਨ ਇਸਾਈ ਬਣਨੇ ਅਰੰਭ ਹੋ ਗਏ। ਈਸਾਈ ਪਾਦਰੀਆਂ ਨੇ ਉਨ੍ਹਾਂ ਨੂੰ ਧਾਰਮਿਕ, ਸਮਾਜਿਕ ਅਤੇ ਆਰਥਿਕ ਬਰਾਬਰੀ ਦੇਣ ਦੇ ਉਪਰਾਲੇ ਕੀਤੇ। ਉਸ ਸਮੇਂ ਪੰਜਾਬ ਵਿੱਚ ਤਿੰਨ ਕੌਮਾਂ ਵੱਸਦੀਆਂ ਸਨ –ਹਿੰਦੂ, ਸਿੱਖ ਅਤੇ ਮੁਸਲਮਾਨ, ਜਦੋਂ ਇਨ੍ਹਾਂ ਤਿੰਨਾਂ ਧਰਮਾਂ ਦੇ ਆਗੂਆਂ ਨੇ ਅਤੇ ਚਿੰਤਕਾਂ ਨੇ ਇਸ ਨਵੇਂ ਧਰਮ ਪਰਿਵਰਤਨ ਦੇ ਖਤਰੇ ਨੂੰ ਮਹਿਸੂਸ ਕੀਤਾ ਤਾਂ ਸਭ ਤੋਂ ਪਹਿਲਾਂ ਬਚਾਅ ਦੇ ਪੈਂਤੜੇ ਅਧੀਨ ਇਸਾਈਆਂ ਦਾ ਵਿਰੋਧ ਕਰਨਾ ਆਰੰਭ ਕਰ ਦਿੱਤਾ। ਇਸ ਸਥਿਤੀ ਵਿੱਚ ਪੰਜਾਬ ਨੇ ਤਿੰਨ ਨਵੀਆਂ ਧਾਰਮਿਕ ਲਹਿਰਾਂ ਨੂੰ ਜਨਮ ਦਿੱਤਾ- ਸਿੰਘ ਸਭਾ ਲਹਿਰ, ਆਰੀਆ ਸਮਾਜ ਲਹਿਰ ਅਤੇ ਅਹਿਮਦੀਆ ਲਹਿਰ। ਇਹ ਆਰੰਭ ਵਿੱਚ ਤਿੰਨੇ ਧਾਰਮਿਕ ਆਸ਼ੇ ਨਾਲ ਹੋਂਦ ਵਿੱਚ ਆਈਆਂ ਸਨ ਪਰ ਬਾਅਦ ਵਿੱਚ ਸਿਆਸੀ ਲਹਿਰਾਂ ਬਣ ਗਈਆਂ।ਇਸ ਇਤਿਹਾਸਕ ਪੜਾਅ 'ਤੇ ਪੂਰਬੀ ਅਤੇ ਪੱਛਮੀ ਸੰਸਕ੍ਰਿਤੀ ਵਿੱਚ ਇੱਕ ਟਕਰਾਓ ਦੀ ਸਥਿਤੀ ਬਣ ਗਈ ਸੀ। ਇਸ ਸਥਿਤੀ ਵਿੱਚੋਂ ਧਾਰਮਿਕ ਪੁਨਰ-ਸੁਰਜੀਤੀ ਦਾ ਦੌਰ ਆਰੰਭ ਹੋਇਆ। ਸਾਰੇ ਧਰਮਾਂ ਨੇ ਆਪਣੇ ਧਾਰਮਿਕ ਵਿਰਸੇ ਤੇ ਗੌਰਵ ਨੂੰ ਵਿਗਿਆਨਕ ਤੇ ਨਵੇਂ ਢੰਗ ਨਾਲ ਲੋਕਾਂ ਸਾਹਮਣੇ ਪੇਸ਼ ਕਰਨ ਦਾ ਯਤਨ ਕੀਤਾ। ਇਸ ਸਮੇਂ ਵੀ ਕੁਝ ਚਿੰਤਕਾਂ ਨੇ ਅੰਗਰੇਜ਼ੀ ਸਭਿਆਚਾਰ ਦੇ ਨਰੋਏ ਜੀਵਨ-ਮੁੱਲਾਂ ਨੂੰ ਅਪਣਾਉਣਾ ਆਰੰਭ ਕਰ ਦਿੱਤਾ। ਮੂਲ ਰੂਪ ਵਿੱਚ ਪੰਜਾਬ ਦੀਆਂ ਤਿੰਨੇ ਧਾਰਮਿਕ ਲਹਿਰਾਂ ਦਾ ਉਦੇਸ਼ ਇਸਾਈ ਪਾਦਰੀਆਂ ਦੇ ਵਧੇ ਪ੍ਰਚਾਰ ਨੂੰ ਠੱਲ੍ਹ ਪਾਉਣਾ ਸੀ ਪਰ ਇਸ ਮੰਤਵ ਲਈ ਲੋਕਾਂ ਵਿੱਚ ਜਾਗ੍ਰਿਤੀ ਪੈਦਾ ਕਰਨਾ ਵੀ ਇੱਕ ਸਮੱਸਿਆ ਸੀ। ਇਸ ਸਮੱਸਿਆ ਦੇ ਹੱਲ ਲਈ ਤਿੰਨਾਂ ਲਹਿਰਾਂ ਨੇ ਵਿੱਦਿਆ ਦੇ ਪ੍ਰਸਾਰ ਵੱਲ ਉਚੇਰਾ ਧਿਆਨ ਦਿੱਤਾ। ਇਹ ਇਕ ਸਾਲ ਵਿੱਚ ਇੱਕ ਵਾਰੀ ਇੱਕ ਕੇਂਦਰੀ ਸ਼ਹਿਰ ਜਾਂ ਕਸਬੇ ਵਿੱਚ ਕਾਨਫਰੰਸ ਕਰਦੀਆਂ ਅਤੇ ਅੰਤਿਮ ਦਿਨ ਤੋਂ ਉਸ ਸ਼ਹਿਰ ਕਸਬੇ ਵਿੱਚ ਅਹਿਮਦੀਆ, ਡੀ.ਏ.ਵੀ. ਜਾਂ ਖਾਲਸਾ ਸਕੂਲ ਜਾਂ ਕਾਲਜ ਸਥਾਪਿਤ ਕਰ ਦਿੰਦੀਆਂ। ਇਸ ਤਰ੍ਹਾਂ ਪੰਜਾਬ ਵਿੱਚ ਇੱਕ ਸਾਂਸਕ੍ਰਿਤਿਕ ਇਨਕਲਾਬ ਆ ਗਿਆ ਜਿਹੜਾ ਪੰਜਾਬੀ ਨਾਵਲ ਦੀ ਉਤਪਤੀ ਦਾ ਆਧਾਰ ਬਣਿਆ। ਪੰਜਾਬ ਦੀਆਂ ਤਿੰਨਾਂ ਧਾਰਮਿਕ ਲਹਿਰਾਂ ਦੇ ਆਗਾਜ਼ ਨਾਲ ਸਮੁੱਚੇ ਪੰਜਾਬ ਵਿੱਚ ਇੱਕ ਨਵੇਂ ਭਾਵ ਬੋਧ ਦਾ ਸ੍ਰੀ ਗਣੇਸ਼ ਹੋਇਆ। ਇਸ ਭਾਵਬੋਧ ਦੇ ਅੰਤਰਗਤ ਪੰਜਾਬੀ ਨਾਵਲ ਦਾ ਆਰੰਭ ਹੋਇਆ ਭਾਈ ਵੀਰ ਸਿੰਘ ਦੇ ਨਾਵਲ 'ਸੁੰਦਰੀ', 'ਬਿਜੈ ਸਿੰਘ', 'ਬਾਬਾ ਨੌਧ ਸਿੰਘ' ਇਸੇ ਭਾਵ ਬੋਧ ਦੀ ਉਪਜ ਹਨ।

## 1.2 ਪੰਜਾਬੀ ਨਾਵਲ ਦਾ ਨਿਕਾਸ ਸੰਬੰਧੀ ਰਾਇ

ਪੰਜਾਬੀ ਨਾਵਲ ਦੇ ਆਰੰਭ ਅਤੇ ਪਹਿਲੇ ਮੌਲਿਕ ਪੰਜਾਬੀ ਨਾਵਲ ਬਾਰੇ ਜਾਣਨ ਉਪਰੰਤ ਅਗਲਾ ਮਸਲਾ ਉਹਨਾਂ ਕਾਰਨਾਂ ਦੀ ਤਲਾਸ਼ ਕਰਨਾ ਹੈ, ਜਿਹਨਾਂ ਕਾਰਨ ਪੰਜਾਬੀ ਸਾਹਿਤ ਵਿਚ ਨਾਵਲ ਰੂਪਾਕਾਰ ਦਾ ਜਨਮ ਹੋਇਆ। ਪੰਜਾਬੀ ਨਾਵਲ ਰੂਪਾਕਾਰ ਦੇ ਉਦਭਵ ਸੰਬੰਧੀ ਵਧੇਰੇ ਪ੍ਰਚਲਿਤ ਰਾਇ ਇਹ ਹੈ ਕਿ ਜਿਸ ਸਮੇਂ 'ਸੁੰਦਰੀ' ਨਾਵਲ ਪ੍ਰਕਾਸ਼ਿਤ ਹੋਇਆ, ਉਸ ਸਮੇਂ ਤੱਕ ਨਾਵਲ ਰੂਪਾਕਾਰ ਦੇ ਉਦਭਵ ਲਈ ਲੋੜੀਂਦੇ ਭੌਤਿਕ ਤੇ ਵਿਚਾਰਧਾਰਕ ਹਾਲਾਤ ਬਣ ਚੁੱਕੇ ਸਨ ਜਿਵੇਂ ਛਾਪੇਖਾਨੇ ਦੀ ਸਥਾਪਤੀ, ਪੱਛਮੀ ਭਾਂਤ ਦੀ ਵਿੱਦਿਆ ਦਾ ਪ੍ਰਚਲਨ, ਮੱਧ ਸ਼੍ਰੇਣੀ ਦਾ ਹੋਂਦ `ਚ ਆਉਣਾ, ਪੂੰਜੀਵਾਦੀ ਅਰਥ-ਵਿਵਸਥਾ, ਵਿਅਕਤੀਵਾਦੀ ਵਿਚਾਰਧਾਰਾ ਆਦਿ। ਬਦਲੇ ਯਥਾਰਥ ਅਨੁਰੂਪ ਪ੍ਰਗਟਾਵੇ ਦੇ ਸਾਧਨਾਂ ਵਿਚ ਵੀ ਸੁਭਾਵਿਕ ਤੌਰ `ਤੇ ਤਬਦੀਲੀ ਆਈ। ਇਸ ਧਾਰਨਾ ਅਨੁਸਾਰ ਪੰਜਾਬੀ ਨਾਵਲ ਦਾ ਉਦਭਵ ਜਗੀਰਦਾਰੀ ਵਿਵਸਥਾ ਦੀ ਪੂੰਜੀਵਾਦੀ ਵਿਵਸਥਾ ਵਿਚ ਤਬਦੀਲੀ ਨਾਲ ਸੁਭਾਵਿਕ ਰੂਪ ਵਿਚ ਹੋਇਆ। ਬੇਸ਼ੱਕ ਪੰਜਾਬ ਉਤੇ ਅੰਗਰੇਜ਼ਾਂ ਦੇ ਕਬਜ਼ੇ ਉਪਰੰਤ ਸਮਾਜਿਕ, ਰਾਜਸੀ ਤੇ ਆਰਥਿਕ ਪੱਧਰ ਉਤੇ ਤਬਦੀਲੀਆਂ ਆਈਆਂ ਪਰ ਪਦਾਰਥਿਕ ਪੱਧਰ ਉਤੇ ਵਾਪਰਦੀਆਂ ਤਬਦੀਲੀਆਂ ਨਾਲੋਂ ਚੇਤਨਾ ਦੀ ਪੱਧਰ ਉਤੇ ਆਉਣ ਵਾਲੇ ਪਰਿਵਰਤਨਾਂ ਦੀ ਰਫ਼ਤਾਰ ਸਦਾ ਮੱਧਮ ਹੁੰਦੀ ਹੈ। ਇਸ ਕਰਕੇ ਰਾਜਸੀ ਤਬਾਦਲੇ ਨਾਲ ਪੰਜਾਬੀ ਜਨ-ਜੀਵਨ

ਵਿਚ ਆਈਆਂ ਪਦਾਰਥਿਕ ਤਬਦੀਲੀਆਂ ਅਤੇ ਚੇਤਨਾਗਤ ਤਬਦੀਲੀਆਂ ਦੀ ਪ੍ਰਕਿਰਤੀ ਇਕਸਾਰ ਨਹੀਂ ਸੀ। ਫਲਸਰੂਪ ਪੰਜਾਬੀ ਲੋਕਾਈ ਯੂਰਪੀ ਲੋਕਾਂ ਵਾਂਗ ਸੁਤੰਤਰਤਾ ਤੇ ਸਮਾਨਤਾ ਦੀ ਭਾਵਨਾ ਅਤੇ ਵਿਗਿਆਨਕ ਚੇਤਨਾ ਨਾਲ ਲੈੱਸ ਹੋਣ ਦੀ ਥਾਂ ਦੂਹਰੀ ਮਾਨਸਿਕਤਾ ਦਾ ਸ਼ਿਕਾਰ ਸੀ। ਅਜਿਹੀ ਦੁਬਿਧਾਗਤ ਸਥਿਤੀ ਸੰਬੰਧੀ ਡਾ. ਤੇਜਵੰਤ ਸਿੰਘ ਗਿੱਲ ਲਿਖਦੇ ਹਨ ਕਿ "ਇਕੋ ਸਮੇਂ ਸਾਡੇ ਲੋਕ ਜੀਵਨ ਦੀ ਪ੍ਰਤਿਨਿਧਤਾ ਕਰਨ ਵਾਲਾ ਵਿਅਕਤੀ ਆਦਿ-ਕਾਲੀ ਵੀ ਹੈ, ਧਾਰਮਿਕ ਵੀ ਹੈ ਤੇ ਰਾਜਨੀਤਕ ਵੀ ਹੈ। ਉਹ ਟੂਣਿਆਂ ਵਿਚ ਵੀ ਵਿਸ਼ਵਾਸ ਰੱਖਦਾ ਹੈ, ਧਾਰਮਿਕ ਸਥਾਨਾਂ ਉਤੇ ਵੀ ਜਾਂਦਾ ਹੈ ਅਤੇ ਰਾਜਸੀ ਪ੍ਰਭਾਵ ਵੀ ਕਬੂਲ ਕਰਦਾ ਹੈ। ਉਸ ਦੀ ਵਾਸਤਵਿਕ ਸਥਿਤੀ ਸਮਾਜਵਾਦ ਵਿਚ ਸਮਾਧਾਨ ਲੱਭਦੀ ਪ੍ਰਤੀਤ ਹੁੰਦੀ ਹੈ ਪਰ ਉਹ ਆਪ ਆਪਣੇ ਮਨ ਦੀਆਂ ਤੈਹਾਂ ਵਿਚ ਜਾਂ ਭੂਪਵਾਦੀ ਹੈ ਤੇ ਜਾਂ ਪੂੰਜੀਵਾਦੀ। ਇਹ ਅਸਿਲਸਲੇਵਾਰ, ਵਿਗਠਿਤ ਤੇ ਇਕਸੁਰਤਾ-ਰਹਿਤ ਵਿਵਹਾਰ ਉਹ ਵਿਰਾਟ ਜੀਵਨ ਵਿਚ ਹੀ ਨਹੀਂ ਸਗੋਂ ਵਾਮਨ ਜੀਵਨ ਵਿਚ ਵੀ ਉਸੇ ਵਿਸ਼ਾਦ ਨਾਲ ਪ੍ਰਗਟਾਉਂਦਾ ਹੈ। ਮੂਲ ਰੂਪ ਵਿਚ ਉਹ ਰਹਿ ਇਤਿਹਾਸ ਵਿਚ ਰਿਹਾ ਹੈ ਪਰ ਵਿਸ਼ਵਾਸ ਉਸਦਾ ਮਿਥਿਹਾਸ ਵਿਚ ਹੈ।" ਅਜਿਹੀ ਸਥਿਤੀ ਵਿਚ ਇਹ ਧਾਰਨਾ ਤਰੁੱਟੀਪੂਰਨ ਹੋ ਨਿਬੜਦੀ ਹੈ ਕਿ ਪੱਛਮੀ ਨਾਵਲ ਦੀ ਤਰਜ਼ ਉਤੇ ਹੀ ਪੰਜਾਬੀ ਨਾਵਲ ਦਾ ਜਨਮ ਵੀ ਪੂੰਜੀਵਾਦੀ ਪ੍ਰਬੰਧ, ਵਿਅਕਤੀਵਾਦੀ ਵਿਚਾਰਧਾਰਾ ਤੇ ਵਿਗਿਆਨਕ ਚੇਤਨਾ ਦੇ ਸਿੱਟੇ ਵਜੋਂ ਆਈਆਂ ਤਬਦੀਲੀਆਂ ਦਾ ਨਤੀਜਾ ਹੈ।

ਪੰਜਾਬੀ ਨਾਵਲ ਦੇ ਉਦਭਵ ਸੰਬੰਧੀ ਮਿਲਦੇ ਦੂਸਰੇ ਮਤ ਅਨੁਸਾਰ ਪੰਜਾਬੀ ਨਾਵਲ ਮੱਧਕਾਲੀ ਪੰਜਾਬੀ ਬਿਰਤਾਂਤਕ ਰੂਪਾਕਾਰਾਂ ਵਿਚੋਂ ਹੋਂਦ ਗ੍ਰਹਿਣ ਕਰਦਾ ਹੈ। ਇਸ ਤਰ੍ਹਾਂ ਪੰਜਾਬੀ ਨਾਵਲ ਮੱਧਕਾਲੀ ਬਿਰਤਾਂਤਾਂ ਦਾ ਮਿਸ਼ਰਤ ਤੇ ਵਿਕਸਤ ਰੂਪ ਹੈ। ਇਸ ਮਤ ਦੀ ਪੈਰਵਾਈ ਕਰਦੇ ਹੋਏ ਪ੍ਰੋ. ਅਤਰ ਸਿੰਘ ਲਿਖਦੇ ਹਨ:

> ਨਾਵਲ ਦੇ ਪਿਤਰ ਹੋਣ ਦਾ ਮਾਣ ਪੁਰਾਣੇ ਕਥਾ ਸਾਹਿਤ ਨੂੰ ਹੀ ਦਿੱਤਾ ਜਾ ਸਕਦਾ ਹੈ, ਭਾਵੇਂ ਉਹ ਲੋਕ ਕਥਾਵਾਂ ਦੇ ਰੂਪ ਵਿਚ ਉਪਜਿਆ, ਭਾਵੇਂ ਦੇਵ ਮਾਲਾ ਦੀ ਸੂਰਤ ਵਿਚ ਤੇ ਭਾਵੇਂ ਕਿੱਸਿਆਂ ਦੀ ਸ਼ਕਲ ਵਿਚ। ਪੰਜਾਬੀ ਨਾਵਲ ਦੇ ਵੱਡੇ-ਵੱਡੇਰੇ ਅਸਲ ਵਿਚ ਪੰਜਾਬੀ ਕਿੱਸੇ ਹੀ ਹਨ ਤੇ ਜੇ ਅਸੀਂ ਪੰਜਾਬੀ ਨਾਵਲ ਦੇ ਅਰੰਭਕ ਯੁੱਗ ਦੇ ਭੁੱਲੇ ਵਿਸਰੇ ਨਾਵਲਾਂ ਦੀ ਸਹਾਇਤਾ ਨਾਲ ਆਧੁਨਿਕ ਪੰਜਾਬੀ ਨਾਵਲ ਦੇ ਗਵਾਚੇ ਲੜ ਲੱਭੀਏ ਤਾਂ ਪਤਾ ਚਲ ਜਾਵੇਗਾ ਕਿ ਮਨੁੱਖਾਂ ਦੇ ਵਾਪਰਨ ਵਾਲੀਆਂ ਘਟਨਾਵਾਂ ਦੀ ਪੇਸ਼ਕਾਰੀ ਜਾਂ ਮਨੁੱਖੀ ਚਰਿਤਰ ਦੀ ਉਸਾਰੀ ਦੇ ਪੱਖੋਂ ਪੰਜਾਬੀ ਕਥਾ ਸਾਹਿਤ ਕਿਵੇਂ ਵਿਕਾਸ ਦੇ ਪੜਾਅ ਲੰਘਦਾ-ਲੰਘਦਾ ਹੀ ਨਾਵਲ ਦੇ ਆਧੁਨਿਕ ਸੰਕਲਪ ਤੀਕ ਪੁਜਿਆ ਹੈ।

ਗੁਰਪਾਲ ਸਿੰਘ ਸੰਧੂ ਵੀ ਮੁੱਢਲੇ ਪੰਜਾਬੀ ਨਾਵਲ ਵਿਚ ਮੱਧਕਾਲੀਨ ਪੰਜਾਬੀ ਬਿਰਤਾਂਤਾਂ ਦੀਆਂ ਬਿਰਤਾਂਤਕ ਜੁਗਤਾਂ ਦੀ ਰੂਪਾਂਤਰਿਤ ਰੂਪ ਵਿਚ ਵਰਤੋਂ ਨੂੰ ਸਿੱਧ ਕਰਦੇ ਹਨ। ਇਸ ਮਤ ਦੀ ਪੁਸ਼ਟੀ ਡਾ. ਤੇਜਵੰਤ ਸਿੰਘ ਗਿੱਲ ਦੇ ਕਥਨ ਨਾਲ ਵੀ ਹੁੰਦੀ ਹੈ। ਉਹਨਾਂ ਅਨੁਸਾਰ, "ਆਧੁਨਿਕ ਪੰਜਾਬੀ ਉਪਨਿਆਸ ਦੀ ਰੂਪ-ਵਿਧੀ ਵਿਚੋਂ ਵਿਸ਼ਾਲਤਰ ਪ੍ਰਕਾਰ ਦੀ ਕਿੱਸਾ-ਵਿਧੀ ਹੀ ਉਭਰਦੀ ਹੈ। ਇਸ ਵਿਚਾਰ ਦੀ ਪੁਸ਼ਟੀ ਜਸਵੰਤ ਸਿੰਘ ਕੰਵਲ ਦੇ ਉਪਨਿਆਸ ਪੂਰਨਮਾਸ਼ੀ ਦੇ ਹੀ ਨਹੀਂ, ਗੁਰਦਿਆਲ ਸਿੰਘ ਦੇ ਅਲਪ-ਉਪਨਿਆਸ ਮੜ੍ਹੀ ਦਾ ਦੀਵਾ ਦੇ ਆਲੋਚਨਾਤਮਕ ਅਧਿਐਨ ਤੋਂ ਵੀ ਉਪਲਬਧ ਹੋ ਜਾਂਦੀ ਹੈ। ਪੁਰਾਣੇ ਤੇ ਨਵੇਂ ਪੰਜਾਬੀ ਉਪਨਿਆਸ ਦੇ ਖੇਤਰ ਵਿਚ ਇਹ ਦੋਵੇਂ ਕਿਰਤਾਂ ਮਹੱਤਵ-ਭਰਪੂਰ ਸਥਾਨ ਰਖਦੀਆਂ ਹਨ ਪਰ ਦੋਹਾਂ ਵਿਚ ਯਥਾਰਥ ਦੇ ਪ੍ਰਦੀਪਨ ਨਾਲੋਂ ਕਿੱਸਾ-ਕਥਾ ਦੇ ਵਿਸ਼ਾਲਤਰ ਰੂਪ ਦੀ ਅਭਿਵਿਅਕਤੀ ਵਧੇਰੇ ਹੈ।" ਭਾਵੇਂ ਡਾ. ਤੇਜਵੰਤ ਸਿੰਘ ਗਿੱਲ ਪੰਜਾਬੀ ਨਾਵਲ ਵਿਚ ਕਿੱਸਾ ਕਾਵਿ ਦੀਆਂ ਬਿਰਤਾਂਤਕ ਜੁਗਤਾਂ ਦੀ ਵਰਤੋਂ ਨੂੰ ਖੋਟ ਮੰਨਦੇ ਹਨ ਪਰ ਉਹਨਾਂ ਦੇ ਇਸ ਕਥਨ ਨਾਲ ਪੰਜਾਬੀ ਨਾਵਲ ਤੇ ਕਿੱਸਾ ਕਾਵਿ ਦੇ ਸੰਬੰਧਾਂ ਦੀ ਪੁਸ਼ਟੀ ਵੀ ਹੋ ਜਾਂਦੀ ਹੈ।

ਉਪਰੋਕਤ ਵੇਰਵੇ ਪੰਜਾਬੀ ਨਾਵਲ ਤੇ ਮੱਧਕਾਲੀ ਬਿਰਤਾਂਤਾਂ ਦੇ ਸੰਬੰਧਾਂ ਦੀ ਸ਼ਾਹਦੀ ਭਰਦੇ ਹਨ। ਨਿਰਸੰਦੇਹ ਪੰਜਾਬੀ ਨਾਵਲ ਨੇ ਮੱਧਕਾਲੀ ਬਿਰਤਾਂਤਾਂ ਦੀਆਂ ਜੁਗਤਾਂ ਨੂੰ ਸਾਹਿਤਕ ਵਿਰਸੇ ਵਜੋਂ ਗ੍ਰਹਿਣ ਕੀਤਾ ਪਰ ਇਸ ਤੋਂ ਇਹ ਧਾਰਨਾ ਬਣਾ ਲੈਣੀ ਕਿ ਪੰਜਾਬੀ ਨਾਵਲ ਮੱਧਕਾਲੀ ਬਿਰਤਾਂਤਾਂ ਵਿਚੋਂ ਹੀ ਉਦੈ ਹੁੰਦਾ ਹੈ, ਪੂਰੀ ਤਰ੍ਹਾਂ ਦਰੁਸਤ ਨਹੀਂ। ਇਸਦੇ ਕਈ ਕਾਰਨ ਹਨ, ਮਸਲਨ ਪੰਜਾਬੀ ਨਾਵਲ ਦੇ ਜਨਮ ਤੋਂ ਪਹਿਲਾਂ ਈਸਾਈ ਮਿਸ਼ਨਰੀਆਂ ਦੁਆਰਾ ਅਨੁਵਾਦਿਤ ਤੇ ਲਿਖਵਾਏ ਨਾਵਲ ਪੰਜਾਬੀ ਵਿਚ ਪ੍ਰਕਾਸ਼ਿਤ ਹੋ ਚੁੱਕੇ ਸਨ। ਇਸ ਲਈ ਇਹਨਾਂ ਦੇ ਪ੍ਰਭਾਵ ਤੋਂ ਅਭਿਜ ਰਹਿਣਾ ਮੁਮਕਿਨ ਨਹੀਂ ਜਾਪਦਾ। ਇਸ ਤੋਂ ਇਲਾਵਾ ਵਿੱਦਿਆ ਦੇ ਪਾਸਾਰ ਕਾਰਨ ਪੰਜਾਬੀ ਲੋਕ ਪੱਛਮੀ ਸਾਹਿਤ ਤੇ ਨਾਵਲ ਰੂਪਾਕਾਰ ਤੋਂ ਜਾਣੂ ਹੋ ਰਹੇ ਸਨ। ਇਸ ਲਈ ਪੰਜਾਬੀ ਨਾਵਲ ਦੀ ਉਦਭਵ ਪ੍ਰਕਿਰਿਆ ਨੂੰ ਸਮਝਣ ਲਈ ਮੁੱਢਲੇ ਪੰਜਾਬੀ ਨਾਵਲ ਦੇ ਮੱਧਕਾਲੀ ਬਿਰਤਾਂਤਾਂ, ਲੋਕ ਸਾਹਿਤ ਤੇ ਈਸਾਈ ਮਿਸ਼ਨਰੀਆਂ ਦੁਆਰਾ ਪ੍ਰਕਾਸ਼ਿਤ ਨਾਵਲਾਂ ਨਾਲ ਸੰਬੰਧਾਂ ਨੂੰ ਘੋਖਣ ਦੇ ਨਾਲ ਹੀ ਪੰਜਾਬ ਦੀ ਰਾਜਸੀ ਤੌਰ `ਤੇ ਅਧੀਨਗੀ ਵਾਲੀ ਹਾਲਤ ਨੂੰ ਵੀ ਧਿਆਨ ਵਿਚ ਰੱਖਣਾ ਪਵੇਗਾ।

ਅੰਗਰੇਜ਼ਾਂ ਨੇ ਆਪਣੇ ਸਾਮਰਾਜ ਦੀਆਂ ਨੀਹਾਂ ਮਜਬੂਤ ਕਰਨ ਲਈ ਭਾਰਤੀ ਲੋਕਾਂ ਦੀ ਮਾਨਸਿਕਤਾ ਨੂੰ ਤਰਾਸ਼ਣਾ ਸ਼ੁਰੂ ਕੀਤਾ। ਇਸ ਮੰਤਵ ਦੀ ਪੂਰਤੀ ਲਈ ਉਹਨਾਂ ਨੇ ਨਾਵਲ ਰੂਪਾਕਾਰ ਨੂੰ ਮਾਧਿਅਮ ਵਜੋਂ ਵਰਤਿਆ। ਈਸਾਈ ਮਿਸ਼ਨਰੀਆਂ ਦੁਆਰਾ ਪ੍ਰਕਾਸ਼ਿਤ ਕਰਵਾਏ ਗਏ ਨਾਵਲ 'ਮਸੀਹੀ ਮੁਸਾਫਰ ਦੀ ਯਾਤਰਾ' ਅਤੇ 'ਜਯੋਤਿਰੁਦਯ' ਪੱਛਮੀ ਸੰਸਕ੍ਰਿਤੀ, ਅੰਗਰੇਜ਼ੀ ਰਾਜ ਪ੍ਰਬੰਧ ਤੇ ਕਾਨੂੰਨੀ ਵਿਵਸਥਾ ਦਾ ਗੁਣਗਾਨ ਕਰਦੇ ਹੋਏ ਈਸਾਈ ਧਰਮ ਦੀ ਸਰਵਉੱਚਤਾ ਨੂੰ ਦ੍ਰਿੜ੍ਹ ਕਰਦੇ ਹਨ। ਇਹਨਾਂ ਗਤੀਵਿਧੀਆਂ ਦੇ ਪ੍ਰਤਿਕਰਮ ਵਜੋਂ ਪੰਜਾਬ ਵਿਚ ਧਾਰਮਿਕ ਲਹਿਰਾਂ ਹੋਂਦ `ਚ ਆਉਂਦੀਆਂ ਹਨ। ਦੇਸੀ ਧਰਮ, ਸੰਸਕ੍ਰਿਤੀ ਤੇ ਜ਼ੁਬਾਨ ਦੇ ਗੌਰਵ ਨੂੰ ਸੁਚੇਤ ਰੂਪ ਵਿਚ ਸਥਾਪਿਤ ਕਰਨਾ, ਇਹਨਾਂ ਲਹਿਰਾਂ

ਦਾ ਏਜੰਡਾ ਬਣ ਜਾਂਦਾ ਹੈ। ਪੰਜਾਬੀ ਨਾਵਲ ਦਾ ਉਦੈ ਇਹਨਾਂ ਸਰਗਰਮੀਆਂ ਦੌਰਾਨ ਹੀ ਹੁੰਦਾ ਹੈ। ਇਸ ਬਾਰੇ ਜੋਗਿੰਦਰ ਸਿੰਘ ਰਾਹੀ ਦਾ ਕਹਿਣਾ ਹੈ ਕਿ, "ਸਿੱਖ ਲੇਖਕ ਧਾਰਮਿਕ ਨਿਸ਼ਚੇ ਦੀ ਇਸ ਸਿਆਸਤ ਦੇ ਸਾਮਰਾਜ-ਪੱਖੀ ਮਨੋਰਥ ਬਾਰੇ ਖ਼ਬਰਦਾਰ ਹੋ ਗਏ। ਇਸ ਲਈ ਉਨ੍ਹਾਂ ਪ੍ਰਤਿਕ੍ਰਿਆ ਵਜੋਂ ਉਹ ਸਾਰੇ ਸੰਦ ਅਪਣਾ ਲਏ ਜੋ ਅੰਗਰੇਜ਼ ਸਿੱਖਾਂ ਨੂੰ ਆਪਣੇ ਅਧੀਨ ਲਿਆਉਣ ਲਈ ਉਨ੍ਹਾਂ ਦੀ ਦਿਮਾਗੀ ਝਾੜ-ਪੂੰਝ ਲਈ ਵਰਤ ਰਹੇ ਸਨ। ਇਨ੍ਹਾਂ ਸੰਦਾਂ ਵਿਚ ਸ਼ਾਮਿਲ ਸਨ ਛਾਪਾਖ਼ਾਨਾ, ਪੱਤ੍ਰਕਾਵਾਂ, ਟ੍ਰੈਕਟ ਤੇ ਪੱਛਮੀ ਸਾਹਿਤ-ਰੂਪ ਆਦਿ।" ਇਸ ਤਰ੍ਹਾਂ ਪੱਛਮੀ ਸਾਹਿਤ ਰੂਪਾਕਾਰਾਂ ਨੂੰ ਅਪਣਾਉਣ ਦਾ ਇਕ ਕਾਰਨ ਪ੍ਰਤੀਰੋਧੀ ਪ੍ਰਵਚਨ ਦੀ ਸਿਰਜਣਾ ਬਣ ਜਾਂਦਾ ਹੈ। ਉਂਝ ਵੀ ਸੰਕਟਮਈ ਸਥਿਤੀਆਂ ਦੌਰਾਨ ਕਲਾਤਮਕ ਪ੍ਰਗਟਾਵੇ ਦੇ ਸਾਧਨਾਂ ਦਾ ਬਦਲਣਾ ਸੁਭਾਵਿਕ ਹੈ। ਅਜਿਹੀ ਸਥਿਤੀ ਵਿਚ ਵਿਭਿੰਨ ਸੰਭਾਵਨਾਵਾਂ ਉਜਾਗਰ ਹੁੰਦੀਆਂ ਹਨ ਜਿਵੇਂ ਨਵੇਂ ਰੂਪਾਕਾਰਾਂ ਦਾ ਜਨਮ ਜਾਂ ਪ੍ਰਚਲਿਤ ਰੂਪਾਕਾਰਾਂ `ਚ ਤਬਦੀਲੀ। ਨਵੇਂ ਰੂਪਾਕਾਰ ਆਪਣੀ ਸਾਹਿਤਕ ਪਰੰਪਰਾ ਵਿਚੋਂ ਵੀ ਹੋਂਦ ਗ੍ਰਹਿਣ ਕਰਦੇ ਹਨ, ਜਿਵੇਂ ਵਾਰ ਕਾਵਿ ਰੂਪਾਕਾਰ ਪੰਜਾਬੀ ਦਾ ਮੌਲਿਕ ਰੂਪਾਕਾਰ ਹੈ ਅਤੇ ਕਈ ਵਾਰ ਹੋਰ ਸਾਹਿਤਕ ਪਰੰਪਰਾ ਵਿਚ ਪ੍ਰਚਲਿਤ ਰੂਪਾਕਾਰਾਂ ਤੋਂ ਵੀ ਪ੍ਰਭਾਵ ਗ੍ਰਹਿਣ ਕਰਦੇ ਹਨ, ਜਿਵੇਂ ਕਿੱਸਾ ਕਾਵਿ ਫ਼ਾਰਸੀ ਮਸਨਵੀ ਦਾ ਪ੍ਰਭਾਵ ਗ੍ਰਹਿਣ ਕਰਦਾ ਹੈ। ਇਸ ਸਥਿਤੀ ਵਿਚ ਪੰਜਾਬੀ ਨਾਵਲ ਦਾ ਪੱਛਮੀ ਨਾਵਲ ਤੋਂ ਜਾਂ ਈਸਾਈ ਮਿਸ਼ਨਰੀਆਂ ਦੇ ਨਾਵਲ ਤੋਂ ਪ੍ਰਭਾਵ ਗ੍ਰਹਿਣ ਕਰਨਾ ਸਹਿਜ ਪ੍ਰਕਿਰਿਆ ਬਣ ਜਾਂਦਾ ਹੈ।

ਦੇਸ਼ ਦੀ ਸੁਤੰਤਰਤਾ ਉਪਰੰਤ ਪੰਜਾਬੀ ਨਾਵਲ ਨੇ ਉਨ੍ਹਾਂ ਸਾਰੇ ਸੰਕਲਪਾਂ ਨੂੰ ਗ੍ਰਹਿਣ ਕੀਤਾ ਜਿਹੜੇ ਵਿਸ਼ਵ ਦੇ ਸਾਹਿਤ ਵਿੱਚ ਪ੍ਰਵਾਨ ਹੋ ਚੁੱਕੇ ਸਨ ਅਤੇ ਪ੍ਰਵਾਨ ਹੋਣ ਦੇ ਆਹਰ ਵਿੱਚ ਸਨ ਯਥਾਰਥਵਾਦ ਨਵ ਯਥਾਰਥਵਾਦ ਪੜਾ ਯਥਾਰਥਵਾਦ ਪ੍ਰਗਤੀਵਾਦ ਰੁਮਾਂਸਵਾਦ ਆਦਰਸ਼ਵਾਦ ਮਨੋਵਿਗਿਆਨ ਵਾਦ ਅਤੇ ਚੇਤਨਾ ਪ੍ਰਵਾਹ ਵਾਦ ਆਦਿ ਸਾਰੇ ਸਾਹਿਤਿਕ ਸਿਧਾਂਤਾਂ ਦਾ ਪ੍ਰਭਾਵ ਪੰਜਾਬੀ ਨਾਵਲ ਨੇ ਕਿਸੇ ਨਾ ਕਿਸੇ ਹੱਦ ਤਕ ਕਬੂਲ ਕੀਤਾ ਅਤੇ ਯਥਾਰਥਵਾਦ ਦੀ ਨਕਲ ਅਧੀਨ ਕਿਤੇ ਕਿਤੇ ਪੰਜਾਬੀ ਨਾਵਲ ਵਿੱਚ ਅਸ਼ਲੀਲਤਾ ਦੇ ਅੰਸ਼ ਦੇਖੇ ਜਾ ਸਕਦੇ ਹਨ ਦੇਸ਼ ਦੇ ਬਟਵਾਰੇ ਤੋਂ ਬਾਅਦ ਪੰਜਾਬੀ ਦੀ ਮੱਧ ਸ਼੍ਰੇਣੀ ਵਿਕਾਸ ਦੀਆਂ ਲੰਮੀਆਂ ਪੁਲਾਂਘਾਂ ਪੁੱਟਦੀ ਹੈ ਇਸ ਸ਼੍ਰੇਣੀ ਦੀ ਬੌਧਿਕ ਚੇਤਨਾ ਵਾਲੀ ਅਗਵਾਈ ਹੇਠ ਹੀ ਦੇਸ਼ ਦੀ ਆਜ਼ਾਦੀ ਦੀ ਲੜਾਈ ਲੜੀ ਗਈ ਸੀ ਜਿਵੇਂ ਜਿਵੇਂ ਪੰਜਾਬੀ ਸਮਾਜ ਵਿੱਚ ਮੱਧ ਵਰਗ ਦਾ ਵਿਕਾਸ ਹੁੰਦਾ ਗਿਆ ਹੈ ਤਿਵੇਂ ਤਿਵੇਂ ਪੰਜਾਬੀ ਨਾਵਲ ਵਿੱਚ ਇਨ੍ਹਾਂ ਦੀਆਂ ਰੁਚੀਆਂ ਦਾ ਬਹੁਪੱਖੀ ਤੇ ਸੰਭਾਵੀ ਵਿਕਾਸ ਹੁੰਦਾ ਚੱਲਿਆ ਆ ਰਿਹਾ ਹੈ ਆਜ਼ਾਦੀ ਉਪਰੰਤ ਮੱਧ ਵਰਗੀ ਸੋਚ ਨੂੰ ਪਦਾਰਥਿਕ ਤੇ ਮਾਨਸਿਕ ਵਿਕਾਸ ਦੇ ਅਫ਼ਸਰ ਵੀ ਵਧੇਰੇ ਮਿਲ ਗਏ ਹਨ ਇਸ ਲਈ ਪੰਜਾਬੀ ਵਿੱਚ ਨਾਵਲਕਾਰ ਪੰਜਾਬੀ ਆਲੋਚਕ ਅਤੇ ਪੰਜਾਬੀ ਪਾਠਕ ਤਿੰਨਾਂ ਸ਼ਕਤੀਆਂ ਦੇ ਆਦਾਨ ਪ੍ਰਦਾਨ ਵਿੱਚੋਂ ਆਧੁਨਿਕਤਮ ਪੰਜਾਬੀ ਨਾਵਲ ਆਪਣੀਆਂ ਨਵੀਨ ਸੰਭਾਵਨਾਵਾਂ ਨਾਲ ਸਾਹਮਣੇ ਆਇਆ ਹੈ ਸਮੁੱਚੇ ਰੂਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨਾਵਲ ਦਾ ਸੱਭਿਆਚਾਰਕ ਅਤੇ ਇਤਿਹਾਸਕ ਪਿਛੋਕੜ ਨਿੱਤ ਵਿਕਾਸ ਪ੍ਰਕਿਰਿਆ ਨੂੰ ਗ੍ਰਹਿਣ ਕਰਦਾ ਗਤੀਸ਼ੀਲ ਪਿਛੋਕੜ ਹੈ ਇਸ ਲਈ ਪੰਜਾਬੀ ਨਾਵਲ ਨੇ ਉਨ੍ਹਾਂ ਸਾਰੀਆਂ ਕਦਰਾਂ ਕੀਮਤਾਂ ਨੂੰ ਅਪਣਾਉਣ ਦੀ ਕੋਸ਼ਿਸ਼ ਕੀਤੀ ਹੈ ਜਿਹੜੀਆਂ ਵੀਹਵੀਂ ਸਦੀ ਦੇ ਵਿਸ਼ਵ ਨੇ ਸਾਇੰਸ ਤਕਨਾਲੋਜੀ ਗਿਆਨ ਅਤੇ ਸਮਾਜਿਕ ਜ਼ਿੰਦਗੀ ਦੇ ਵੱਖ ਵੱਖ ਖੇਤਰਾਂ ਵਿੱਚ ਅਪਣਾ ਲਈਆਂ ਹਨ ਇਸਰਾ ਪੰਜਾਬੀ ਨਾਵਲ ਵਿਸ਼ਵ ਦੀ ਨਾਵਲ ਪਰੰਪਰਾ ਦੇ ਅੰਗ ਸੰਗ ਥੋੜ੍ਹਾ ਬਹੁਤਾ ਆਪਣੀ ਧੀਮੀ ਤੋਰ ਤੁਰਿਆ ਆ ਰਿਹਾ ਹੈ ਅਤੇ ਅੱਜ ਇਹ ਉਸ ਪੜਾਅ ਤੇ ਪੁੱਜ ਗਿਆ ਹੈ ਜਿੱਥੇ ਪੇਸ ਨੂੰ ਭਾਰਤ ਦੀਆਂ ਹੋਰ ਉੱਨਤ ਬੋਲੀਆਂ ਦੇ ਨਾਵਲ ਨਾਲ ਮੋਢਾ ਮੇਚ ਕੇ ਤੁਰ ਸਕਣ ਦੀ ਸਮਰੱਥਾ ਅਤੇ ਤਾਕਤ ਪ੍ਰਾਪਤ ਹੋ ਗਈ ਹੈ।

ਪੰਜਾਬੀ ਦੇ ਨਾਵਲ ਸਾਹਿਤ ਦੀ ਉਪਜ ਦਾ ਆਰੰਭ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਭਾਈ ਵੀਰ ਸਿੰਘ ਜੀ ਦੇ ਨਾਵਲਾਂ ਨਾਲ ਪ੍ਰਮਾਣਿਕ ਰੂਪ ਵਿੱਚ ਹੋਇਆ ਹੈ ਪੰਜਾਬੀ ਨਾਵਲ ਦੇ ਆਗਾਜ਼ ਸਬੰਧੀ ਡਾ ਸਵਿੰਦਰ ਸਿੰਘ ਉੱਪਲ ਦੇ ਨਿਮਨਲਿਖਤ ਅੰਕਿਤ ਸ਼ਬਦ ਅੰਕਿਤ ਕਰਨੇ ਅਨੁਚਿਤ ਨਹੀਂ ਹੋਣਗੇ। ਪੱਛਮ ਵਿੱਚ ਨਾਵਲ ਉਨੀਵੀਂ ਸਦੀ ਦੇ ਅੰਤ ਤੱਕ ਕਾਫੀ ਨਾਂ ਤੇ ਪ੍ਰਤਿਸ਼ਠਤਾ ਕਾਇਮ ਕਰ ਚੁੱਕਿਆ ਸੀ ਡਿਕਨਜ਼ ਹਾਰਡੀ ਜਾਰਜ ਗੋਰਕੀ ਟਾਲਸਟਾਏ ਆਦਿ ਆਪੋ ਆਪਣੀਆਂ ਬੋਲੀਆਂ ਦੇ ਸਾਹਿਤ ਨੂੰ ਆਪਣੇ ਵਡਮੁੱਲੇ ਅਤੇ ਜਗਤ ਪ੍ਰਸਿੱਧ ਨਾਵਲਾਂ ਰਾਹੀਂ ਅਮੀਰ ਬਣਾ ਚੁੱਕੇ ਸਨ ਇਸ ਖਿਆਲ ਨਾਲ ਕਿ ਪੰਜਾਬੀ ਸਾਹਿਤ ਇਸ ਵਿਸ਼ਵ ਪ੍ਰਸਿੱਧ ਸਾਹਿਤਕ ਰੂਪ ਤੋਂ ਊਣਾ ਨਾ ਰਹਿ ਜਾਏ ਆਪਣੀ ਦੂਰ ਦ੍ਰਿਸ਼ਟੀ ਦਾ ਸਬੂਤ ਦਿੰਦਿਆਂ ਹੋਇਆ ਭਾਈ ਵੀਰ ਸਿੰਘ ਨੇ ਪਹਿਲਾਂ ਪੰਜਾਬੀ ਮੌਲਿਕ ਨਾਵਲ ਸੁੰਦਰੀ (1898) ਵਿੱਚ ਪ੍ਰਕਾਸ਼ਿਤ ਕੀਤਾ। 1898 ਈਸਵੀ ਵਿੱਚ ਸੁੰਦਰੀ ਨਾਵਲ ਦੇ ਪ੍ਰਕਾਸ਼ਿਤ ਹੋਣ ਉਪਰੰਤ ਭਾਈ ਵੀਰ ਸਿੰਘ ਦੇ ਤਿੰਨ ਹੋਰ ਨਾਵਲ ਕਰਮਵਾਰ ਵਿਜੇ ਸਿੰਘ ਸਤਵੰਤ ਕੌਰ ਅਤੇ ਬਾਬਾ ਨੌਧ ਸਿੰਘ ਪ੍ਰਕਾਸ਼ਿਤ ਹੋਏ ਸਵਿੰਦਰ ਸਿੰਘ ਉੱਪਲ ਤੋਂ ਬਿਨਾਂ ਹੋਰ ਲਗਭਗ ਸਾਰੇ ਹੀ ਇਤਿਹਾਸਕਾਰਾਂ ਤੇ ਨਾਵਲ ਆਲੋਚਕਾਂ ਨੇ ਇੱਕ ਮੱਤ ਹੋ ਕੇ ਇਹ ਮੰਨਿਆ ਕਿ ਪੰਜਾਬੀ ਬੋਲੀ ਵਿੱਚ ਨਾਵਲ ਸਾਹਿਤ ਰੂਪ ਦਾ ਮੋਢੀ ਭਾਈ ਵੀਰ ਸਿੰਘ ਹੀ ਹੈ ਇਹ ਵੱਖਰੀ ਗੱਲ ਹੈ ਕਿ ਵਿਚਾਰ ਮਈ ਆਧਾਰ ਤੇ ਵਿਦਵਾਨਾਂ ਵਿੱਚ ਮਤਭੇਦ ਹਨ ਨਾਵਲੀ ਤਕਨੀਕ ਦੇ ਅਧੂਰੇ ਪਤੇ ਸੰਪੂਰਨਤਾ ਦੇ ਪਰਿਪੇਖ ਵਿੱਚ ਵੀ ਅਲੱਗ ਅਲੱਗ ਵਿਚਾਰ ਪਾਏ ਜਾਂਦੇ ਹਨ ਪਰ ਜਿੱਥੋਂ ਤੱਕ ਪੰਜਾਬੀ ਵਿੱਚ ਪਹਿਲੇ ਮੌਲਿਕ ਪੰਜਾਬੀ ਨਾਵਲਾਂ ਦਾ ਮੁੱਢ ਭਾਈ ਵੀਰ ਸਿੰਘ ਦੀ ਰਚਨਾ ਸੁੰਦਰੀ ਨਾਲ ਹੀ 1898 ਈਸਵੀ ਵਿੱਚ ਹੋਇਆ ਅੱਜ ਤੱਕ ਇਸ ਧਾਰਨਾ ਨੂੰ ਪ੍ਰਮਾਣਿਕ ਮੰਨਿਆ ਜਾਂਦਾ ਹੈ ਪਰ ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਪੁਸਤਕ ਵਿੱਚ ਕਿਰਪਾਲ ਸਿੰਘ ਕਸੇਲ ਦਾ ਵਿਚਾਰ ਹੈ ਕਿ ਪੰਜਾਬੀ ਦਾ ਮੋਢੀ ਨਾਵਲ ਚਰਨ ਸਿੰਘ ਦੁਆਰਾ ਰਚਿਤ ਜੰਗ ਮੜੌਲੀ ਹੈ ਇਸ ਮੱਤ ਅਨੁਸਾਰ ਮੋਢੀ ਨਾਵਲਕਾਰ ਚਰਨ ਸਿੰਘ ਬਣਦਾ ਹੈ ਪਰ ਇਹ ਧਾਰਨਾ ਵਧੇਰੇ ਮਕਬੂਲ ਨਹੀਂ ਹੋ ਸਕੀ ਡਾਕਟਰ ਸਵਿੰਦਰ

ਸਿੰਘ ਉੱਪਲ ਵਾਂਗ ਈਸ਼ਰ ਸਿੰਘ ਤਾਂਗ ਅਤੇ ਡਾ ਸੁਰਿੰਦਰ ਸਿੰਘ ਦੁਸਾਂਝ ਭਾਈ ਵੀਰ ਸਿੰਘ ਨੂੰ ਹੀ ਪੰਜਾਬੀ ਦਾ ਮੋਢੀ ਨਾਵਲਕਾਰ ਮੰਨਦੇ ਹਨ। ਪੰਜਾਬੀ ਦੇ ਇੱਕ ਹੋਰ ਆਲੋਚਕ ਨਿਰੰਜਨ ਤਸਨੀਮ ਭਾਈ ਵੀਰ ਸਿੰਘ ਦੀ ਥਾਂ ਪੰਜਾਬੀ ਨਾਵਲ ਦਾ ਮੋਢੀ ਨਾਨਕ ਸਿੰਘ ਨੂੰ ਮੰਨਦਾ ਹੈ।

ਨਿਰਸੰਦੇਹ ਦੇਹ ਪੰਜਾਬੀ ਨਾਵਲ ਭਾਈ ਵੀਰ ਸਿੰਘ ਤੋਂ ਸ਼ੁਰੂ ਹੁੰਦਾ ਹੈ ਪਰ ਉਸ ਨੂੰ ਸਹੀ ਅਰਥਾਂ ਵਿੱਚ ਪੰਜਾਬੀ ਨਾਵਲ ਦਾ ਜਨਮਦਾਤਾ ਨਹੀਂ ਕਿਹਾ ਜਾ ਸਕਦਾ ਉਸ ਨੇ ਆਪਣੇ ਨਾਵਲਾਂ ਵਿੱਚ ਕਲਾਤਮਿਕ ਪੱਖ ਵੱਲ ਉੱਕਾ ਧਿਆਨ ਨਹੀਂ ਦਿੱਤਾ ਨਤੀਜੇ ਵਜੋਂ ਕਈ ਆਲੋਚਕ ਉਸ ਦੇ ਨਾਵਲਾਂ ਨੂੰ ਨਾਵਲ ਕਹਿਣ ਲਈ ਵੀ ਤਿਆਰ ਨਹੀਂ।

## 1.3 ਪੰਜਾਬੀ ਨਾਵਲ ਦਾ ਵਿਕਾਸ

ਉਹ ਪੰਜਾਬੀ ਨਾਵਲ ਦੀ ਸ਼ੁਰੂਆਤ ਭਾਈ ਵੀਰ ਸਿੰਘ ਤੋਂ ਮੰਨਦਾ ਹੈ ਅਤੇ ਦੂਸਰੇ ਪਾਸੇ ਆਖਦਾ ਹੈ ਕਿ ਉਹ ਪੰਜਾਬੀ ਨਾਵਲ ਦਾ ਜਨਮਦਾਤਾ ਨਹੀਂ ਹੈ ਅਜਿਹਾ ਕਹਿੰਦੇ ਸਮੇਂ ਉਹ ਸਹਾਰਾ ਕਲਾਤਮਿਕਤਾ ਦਾ ਲੈਂਦਾ ਹੈ ਪਰ ਉਹ ਸ਼ਾਇਦ ਇਹ ਭੁੱਲ ਜਾਂਦਾ ਹੈ ਕਿ ਪ੍ਰਸ਼ਨ ਕੇਵਲ ਪੰਜਾਬੀ ਵਿੱਚ ਨਾਵਲ ਸਾਹਿਤ ਰੂਪ ਦੇ ਲਿਖੇ ਜਾਣ ਦੇ ਆਰੰਭ ਹੋਣ ਦਾ ਹੈ ਨਾ ਕਿ ਕਲਾਤਮਿਕ ਪ੍ਰਵੀਨਤਾ ਪ੍ਰਾਪਤ ਕਰਨ ਦਾ ਉਂਜ ਵੀ ਪਹਿਲਾਂ ਕਿਸੇ ਸਾਹਿਤ ਰੂਪ ਦਾ ਆਰੰਭ ਹੁੰਦਾ ਹੈ ਕਲਾਤਮਿਕ ਪ੍ਰਵੀਨਤਾ ਤਾਂ ਬਾਅਦ ਦੀ ਗੱਲ ਹੈ ਇਸ ਤਰ੍ਹਾਂ ਨਿਰੰਜਨ ਤਸਨੀਮ ਦੀ ਟਿੱਪਣੀ ਆਪਣੇ ਆਪ ਵਿੱਚ ਹਾਸੋ ਹੀਣੀ ਸਥਿਤੀ ਸਿਰਜਦੀ ਪ੍ਰਤੀਤ ਹੁੰਦੀ ਹੈ ਪੰਜਾਬੀ ਪਾਠਕਾਂ ਅਤੇ ਆਲੋਚਕ ਜਗਤ ਵੱਲੋਂ ਇਸ ਵਿਚਾਰ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ ਇਸ ਲਈ ਅਸੀਂ ਕਹਾਂਗੇ ਕਿ ਪੰਜਾਬੀ ਨਾਵਲ ਦਾ ਆਰੰਭ ਭਾਈ ਵੀਰ ਸਿੰਘ ਦੇ ਮੌਲਿਕ ਨਾਵਲ ਸੁੰਦਰੀ ਨਾਲ ਹੀ 1898 ਈਸਵੀ ਵਿੱਚ ਹੁੰਦਾ ਹੈ ਇਤਿਹਾਸਕ ਸਰਵੇਖਣ ਕਰਦੇ ਸਮੇਂ ਅਸੀਂ ਕੇਵਲ ਪੰਜਾਬੀ ਨਾਵਲ ਦੀ ਉਤਪਤੀ ਤੇ ਵਿਕਾਸ ਨੂੰ ਇਤਿਹਾਸ ਦੇ ਸੰਦਰਭ ਵਿੱਚ ਹੀ ਪੇਸ਼ ਕਰਾਂਗੇ ਇਸ ਬਾਰੇ ਆਲੋਚਨਾਤਮਕ ਤੇ ਵਿਸਤਰਿਤ ਚਰਚਾ ਪੰਜਾਬੀ ਨਾਵਲ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਵਾਲੇ ਭਾਗ ਵਿੱਚ ਕੀਤੀ ਜਾਵੇਗੀ ਡਾ ਕਰਤਾਰ ਸਿੰਘ ਸੂਰੀ ਨੇ ਪੰਜਾਬੀ ਨਾਵਲ ਦੀ ਉਤਪਤੀ ਤੇ ਵਿਕਾਸ ਨੂੰ ਤਿੰਨ ਅਵਸਥਾਵਾਂ ਵਿੱਚ ਵੰਡਿਆ ਹੈ:-

ਪਹਿਲੀ ਅਵਸਥਾ ਨੂੰ ਉਸ ਨੇ ਭਾਈ ਵੀਰ ਸਿੰਘ, ਚਰਨ ਸਿੰਘ ਸ਼ਹੀਦ ਅਤੇ ਭਾਈ ਮੋਹਨ ਸਿੰਘ ਵੈਦ ਆਦਿ ਨਾਵਲਕਾਰਾਂ ਨਾਲ ਸੰਬੰਧਿਤ ਕੀਤਾ ਹੈ ਦੂਸਰੀ ਅਵਸਥਾ ਨਾਨਕ ਸਿੰਘ, ਮਾਸਟਰ ਤਾਰਾ ਸਿੰਘ ਤੇ ਪ੍ਰਿੰਸੀਪਲ ਨਿਰੰਜਨ ਸਿੰਘ ਆਦਿ ਨਾਲ ਸੰਬੰਧਿਤ ਕੀਤਾ ਹੈ ਤੀਸਰੀ ਅਵਸਥਾ ਨੂੰ ਸੰਤ ਸਿੰਘ ਸੇਖੋਂ, ਸੁਰਿੰਦਰ ਸਿੰਘ ਨਰੂਲਾ ਅਤੇ ਕਰਤਾਰ ਸਿੰਘ ਦੁੱਗਲ ਆਦਿ ਨਾਵਲਕਾਰਾਂ ਨਾਲ ਸੰਬੰਧਿਤ ਕੀਤਾ ਹੈ। ਡਾ ਟੀ. ਆਰ. ਵਿਨੋਦ ਨੇ ਪੰਜਾਬੀ ਨਾਵਲ ਦੇ ਇਤਿਹਾਸਕ ਵਿਕਾਸ ਨੂੰ ਬੌਧਿਕ ਦ੍ਰਿਸ਼ਟੀ ਤੋਂ ਵਿਚਾਰਧਾਰਾਈ ਆਧਾਰ ਤੇ ਉਲੀਕਿਆ ਹੈ ਜਿਵੇਂ ਧਾਰਮਿਕ ਨਾਵਲ ਯਥਾਰਥਵਾਦੀ ਤੇ ਪ੍ਰਗਤੀਵਾਦ ਜਾਂ ਮਨੋਵਿਗਿਆਨ ਵਾਦੀ ਨਾਵਲ ਆਦਿ ਡਾਕਟਰ ਸਵਿੰਦਰ ਸਿੰਘ ਉੱਪਲ ਨੇ ਪੰਜਾਬੀ ਦੀਆਂ ਪ੍ਰਤੀਨਿਧ ਨਾਵਲੀ ਰਚਨਾਵਾਂ ਅਤੇ ਪ੍ਰਤੀਨਿੱਧ ਨਾਵਲਕਾਰਾਂ ਨੂੰ ਲੈ ਕੇ ਪੰਜਾਬੀ ਨਾਵਲ ਦਾ ਵਿਕਾਸ ਉਲੀਕਣ ਦਾ ਉਪਰਾਲਾ ਕੀਤਾ ਹੈ ਇੱਥੇ ਸਾਡਾ ਸੰਬੰਧ ਪ੍ਰਤੀਨਿਧ ਨਾਵਲੀ ਰਚਨਾਵਾਂ ਪ੍ਰਤੀਨਿੱਧ ਨਾਵਲਕਾਰਾਂ ਜਾਂ ਪੰਜਾਬੀ ਨਾਵਲ ਦੀਆਂ ਪ੍ਰਵਿਰਤੀਆਂ ਨਾਲ ਨਹੀਂ ਉਹ ਇੱਕ ਵੱਖਰਾ ਖੇਤਰ ਹੈ ਅਸੀਂ ਇੱਥੇ ਕੇਵਲ ਪੰਜਾਬੀ ਦੇ ਇਤਿਹਾਸ ਦਾ ਸਰਵੇਖਣ ਕਰਨਾ ਇਸ ਲਈ ਅਸੀਂ ਕਰਮਵਾਰ ਆਰੰਭ ਤੋਂ ਲੈ ਕੇ ਅੱਜ ਤੱਕ ਪੰਜਾਬੀ ਵਿੱਚ ਰਚੇ ਗਏ ਨਾਵਲਾਂ ਦਾ ਇਤਿਹਾਸਕ ਸੰਦਰਭ ਵਿੱਚ ਸਰਵੇਖਣ ਪ੍ਰਸਤੁਤ ਕਰ ਰਹੇ ਹਾਂ ਭਾਈ ਵੀਰ ਸਿੰਘ ਤੋਂ ਬਾਅਦ ਪੰਜਾਬੀ ਨਾਵਲਕਾਰੀ ਵਿੱਚ ਭਾਈ ਮੋਹਨ ਸਿੰਘ ਵੈਦ ਦਾ ਨਾਮ ਆਉਂਦਾ ਹੈ ਆਪਣੇ ਸੁਧਾਰਵਾਦੀ ਦ੍ਰਿਸ਼ਟੀ ਤੋਂ ਇੱਕ ਸਿੱਖ ਘਰਾਣਾ ਦੰਪਤੀ ਪਿਆਰ ਸੁਖੀ ਪਰਿਵਾਰ ਸੁਭਾਗ ਕੌਰ ਸੁਸ਼ੀਲ ਵਿਧਵਾ ਅਤੇ ਸ੍ਰੇਸ਼ਠ ਕੁਲਾਂ ਦੀ ਚਾਲ ਆਦਿ ਨਾਵਲ ਲਿਖੇ ਇਨ੍ਹਾਂ ਨਾਵਲਾਂ ਵਿੱਚ ਸਮਕਾਲੀ ਸਮਾਜਿਕ ਸਥਿਤੀ ਨੂੰ ਪ੍ਰਸਤੁਤ ਕੀਤਾ ਗਿਆ। ਪੰਜਾਬੀ ਨਾਵਲ ਦੇ ਵਿਕਾਸ ਵਿੱਚ ਚਰਨ ਸਿੰਘ ਸ਼ਹੀਦ ਨੇ ਵੀ ਵਡਮੁੱਲਾ ਯੋਗਦਾਨ ਪਾਇਆ ਉਸ ਨੇ ਰਣਜੀਤ ਕੌਰ ਚੰਚਲ ਮੂਰਤੀ ਅਤੇ ਦੋ ਵਹੁਟੀਆਂ ਆਦਿ ਮੌਲਿਕ ਤੇ ਸਮਾਜਿਕ ਸਮੱਸਿਆਵਾਂ ਵਾਲੇ ਨਾਵਲ ਲਿਖੇ ਹਨ ਉਸਨੇ ਮੌਲਿਕ ਨਾਵਲਾਂ ਤੋਂ ਬਿਨਾਂ ਹੋਰ ਭਾਸ਼ਾਵਾਂ ਤੋਂ ਵੀ ਨਾਵਲਾਂ ਦਾ ਪੰਜਾਬੀ ਵਿੱਚ ਅਨੁਵਾਦ ਕੀਤਾ ਹੈ ਜਗਤ ਤਮਾਸ਼ਾ ਕੌਣ ਜਿੱਤਿਆ ਜੋਗਨ ਜਾਦੂਗਰੀ ਅਤੇ ਬਾਦਸ਼ਾਹੀ ਚੋਜ ਉਸ ਦੇ ਪ੍ਰਸਿੱਧ ਅਨੁਵਾਦਿਤ ਨਾਵਲ ਹਨ।

ਇਤਿਹਾਸਕ ਕ੍ਰਮ ਵਿੱਚ ਮੀਰਾ ਮਿਨਹਾਸ ਨੇ 1927 ਈਸਵੀ ਵਿੱਚ ਸੁਧਾਰਵਾਦੀ ਦ੍ਰਿਸ਼ਟੀ ਤੋਂ ਪੇਂਡੂ ਜੀਵਨ ਸਬੰਧੀ 'ਨਵਾਬ ਖਾਨ' ਨਾਵਲ ਦੀ ਰਚਨਾ ਕੀਤੀ। ਇਸੇ ਕਾਲ ਵਿੱਚ ਹੋਰ ਨਾਵਲਕਾਰਾਂ ਨੇ ਵੀ ਪੰਜਾਬੀ ਵਿੱਚ ਕੁਝ ਨਾਵਲਾਂ ਦਾ ਅਨੁਵਾਦ ਕੀਤਾ। ਗਿਆਨੀ ਹਜ਼ਾਰਾ ਸਿੰਘ ਨੇ 'ਤੋਤਾ ਮੈਨਾ' ਨਾਵਲ ਅਨੁਵਾਦ ਕੀਤਾ। ਹਕੀਮ ਸੁੰਦਰ ਸਿੰਘ ਨੇ 'ਚੰਦਰ ਕਾਂਤਾ' ਨਾਵਲ ਦਾ ਅਨੁਵਾਦ ਕੀਤਾ। ਘਰ ਦਾ ਨਿਰਬਾਹ ਪ੍ਰੇਮ ਕੌਰ ਸੁਲੱਖਣੀ ਧੀ ਅਤੇ ਛੋਟੀ ਨੂੰ ਅਮਰ ਸਿੰਘ ਛਾਪੇ ਵਾਲੇ ਦੀਆਂ ਪ੍ਰਮੁੱਖ ਅਨੁਵਾਦਿਤ ਰਚਨਾਵਾਂ ਹਨ। 1934 ਈਸਵੀ ਵਿੱਚ ਪ੍ਰਸਿੱਧ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਨੇ ਪ੍ਰੇਮ ਲਗਨ ਅਤੇ ਬਾਬਾ ਤੇਗਾ ਸਿੰਘ ਨਾਮੀ ਨਾਵਲ ਲਿਖੇ। ਜੋਗਿੰਦਰ ਸਿੰਘ ਨੇ ਕੋਮਲ ਅਤੇ ਕਾਮਨੀ ਤੋਂ ਪ੍ਰਸਿੱਧ ਨਾਵਲ ਲਿਖੇ ਇਸ ਸਮੇਂ ਵਿੱਚ ਪ੍ਰਸਿੱਧ ਪੰਜਾਬੀ ਨਾਟਕਕਾਰ ਈਸ਼ਵਰ ਚੰਦਰ ਨੰਦਾ ਨੇ ਵੀ ਪੰਜਾਬੀ ਨਾਵਲ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਉਸ ਨੇ 1943 ਈਸਵੀ ਵਿੱਚ ਮੁਰਾਦ ਨਾਵਲ ਦੀ ਰਚਨਾ ਕੀਤੀ ਇਸ ਕਾਲ ਦੀਆਂ ਕੁਝ ਹੋਰ ਨਾਵਲੀ ਰਚਨਾਵਾਂ ਹਨ ਪ੍ਰੀਤਮ ਸਿੰਘ ਭਾਟੀਆ ਦੁਆਰਾ ਰਚਿਤ ਨਾਵਲ 'ਤਕਸ਼ਿਲਾ' ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਨਾਵਲ 'ਅਣਵਿਆਹੀ ਮਾਂ' ਜੋਸ਼ਵਾ ਫਜ਼ਲਦੀਨ ਦਾ ਨਾਵਲ 'ਪ੍ਰਭਾ' ਬਲਵੰਤ ਗਾਰਗੀ ਭਾਵੇਂ ਮੂਲ ਰੂਪ ਵਿੱਚ ਇਕ ਨਾਟਕਕਾਰ ਦੇ ਤੌਰ ਤੇ ਸਵੀਕਾਰਿਆ ਗਿਆ ਪਰ ਉਸਨੇ ਇਸ ਕਾਰ ਵਿੱਚ ਇੱਕ ਨਵਾਂ ਨਾਵਲ 'ਕੱਕਾ ਰੇਤਾ' ਵੀ ਲਿਖਿਆ ਪੰਜਾਬੀ ਨਾਵਲ ਦੇ ਵਿਕਾਸ ਦਾ ਅਗਲਾ ਦੌਰ ਹੋਣਹਾਰ ਪੰਜਾਬੀ ਨਾਵਲਕਾਰ ਨਾਨਕ ਸਿੰਘ

ਦੇ ਨਾਲ ਆਰੰਭ ਹੁੰਦਾ ਹੈ ਨਾਨਕ ਸਿੰਘ ਕਲਾਤਮਿਕ ਪੰਜਾਬੀ ਨਾਵਲ ਦੀ ਸਿਰਜਣਾ ਕਰਨ ਵਾਲਾ ਪਹਿਲਾ ਨਾਵਲਕਾਰ ਮੰਨਿਆ ਜਾਂਦਾ ਹੈ ਉਸ ਨੇ ਗਿਣਤੀ ਵਿੱਚ ਵੀ ਲੱਗਭਗ ਸਾਰੇ ਪੰਜਾਬੀ ਨਾਵਲਕਾਰਾਂ ਨਾਲੋਂ ਵਧੇਰੇ ਨਾਵਲ ਲਿਖੇ ਹਨ ਪੰਜਾਬੀ ਜਨ ਜੀਵਨ ਦੀਆਂ ਸਮਾਜਿਕ ਕਦਰਾਂ ਕੀਮਤਾਂ ਨੂੰ ਆਧਾਰ ਬਣਾ ਕੇ ਨਾਨਕ ਸਿੰਘ ਨੇ ਆਪਣੀ ਨਾਵਲੀ ਰਚਨਾ ਕੀਤੀ ਹੈ ਉਸ ਨੇ ਪੰਜਾਬੀ ਨਾਵਲ ਨੂੰ ਤੰਗ ਧਾਰਮਿਕ ਅਤੇ ਆਦਰਸ਼ਕ ਸੀਮਤ ਘੇਰੇ ਵਿੱਚੋਂ ਕੱਢ ਕੇ ਜ਼ਿੰਦਗੀ ਦੇ ਰਣ ਤੱਤੇ ਵਿੱਚ ਲਿਆ ਖਲਾਰਿਆ ਹੈ ਭਾਵੇਂ ਉਹ ਸੁਪਰ ਭਾਈ ਵੀਰ ਸਿੰਘ ਦਾ ਪ੍ਰਭਾਵ ਹੈ ਪਰ ਉਸਨੇ ਨਾਵਲੀ ਰਚਨਾ ਦੇ ਖੇਤਰ ਵਿੱਚ ਯਥਾਰਥ ਦਾ ਪੱਲਾ ਘੁੱਟ ਕੇ ਫੜੀ ਰੱਖਿਆ ਹੈ ਇਹੀ ਉਸ ਦੀ ਪੰਜਾਬੀ ਨਾਵਲ ਨੂੰ ਮਹਾਨ ਦੇਣ ਹੈ ਉਸ ਦੀਆਂ ਰਚਨਾਵਾਂ ਦਾ ਵੇਰਵਾ ਰਚਨਾਕਾਰ ਸਾਹਿਤ ਡਾ ਕਰਤਾਰ ਸਿੰਘ ਸੂਰੀ ਅਨੁਸਾਰ ਇਸ ਤਰ੍ਹਾਂ ਹੈ ਚਿੱਟਾ ਲਹੂ ਕਾਗਤਾਂ ਦੀ ਬੇੜੀ ਗਰੀਬ ਦੀ ਦੁਨੀਆਂ ਪਵਿੱਤਰ ਪਾਪੀ ਧੁੰਦਲੇ ਪ੍ਰਛਾਵੇਂ ਅੱਗ ਦੀ ਖੇਡ ਮੰਝਧਾਰ ਫੌਲਾਦੀ ਫੁੱਲ ਪਿਆਰ ਦੀ ਦੁਨੀਆਂ ਅੱਧ ਖਿੜਿਆ ਫੁੱਲ ਜੀਵਨ ਸੰਗਰਾਮ ਦੂਰ ਕਿਨਾਰਾ ਖੂਨ ਦੇ ਸੋਹਲੇ ਚਿੱਤਰਕਾਰ ਕੱਟੀ ਹੋਈ ਪਤੰਗ ਨਾਸੂਰ ਆਸਤਿਕ ਨਾਸਤਿਕ ਪੁਜਾਰੀ ਪੱਥਰ ਦੇ ਫੁੱਲ ਆਦਮਖੋਰ ਸੰਗਮ ਛਲਾਵਾ ਇੱਕ ਮਿਆਨ ਦੋ ਤਲਵਾਰਾਂ, ਚਿੱਟਾ ਲਹੂ ਪੰਜਾਬੀ ਨਾਵਲ ਵਿੱਚ ਇੱਕ ਵਿਕਾਸ ਪੜਾਅ ਦਾ ਸੂਚਕ ਨਾਵਲ ਹੈ ਇਨ੍ਹਾਂ ਨਾਵਲਾਂ ਤੋਂ ਬਿਨਾਂ ਟੁੱਟੀ ਵੀਨਾ ਗੰਗਾਜਲੀ ਵਿਚ ਸ਼ਰਾਬ ਉਸ ਦੇ ਕੁਝ ਹੋਰ ਨਾਵਲ ਹਨ ਨਾਨਕ ਸਿੰਘ ਤੋਂ ਬਾਅਦ ਪੰਜਾਬੀ ਨਾਵਲ ਦੇ ਵਿਕਾਸ ਵਿੱਚ ਇਤਿਹਾਸਕ ਦ੍ਰਿਸ਼ਟੀ ਤੋਂ ਇੱਕ ਨਵਾਂ ਮੀਲ ਪੱਥਰ ਪੇਸ਼ ਕਰਨ ਵਾਲਾ ਨਾਵਲਕਾਰ ਸੰਤ ਸਿੰਘ ਸੇਖੋਂ ਹੈ ਸੇਖੋਂ ਨੇ ਪੰਜਾਬੀ ਨਾਵਲ ਨੂੰ ਨਿਸ਼ਚਿਤ ਰੂਪ ਵਿੱਚ ਇੱਕ ਨਵਾਂ ਵਿਚਾਰਧਾਰਾਈ ਆਧਾਰ ਪ੍ਰਦਾਨ ਕੀਤਾ ਸੁਤੰਤਰਤਾ ਪੂਰਵ ਕਾਲ ਦਾ ਉਸ ਦਾ ਨਾਵਲ ਲਹੂ ਮਿੱਟੀ ਹੈ ਅੰਮ੍ਰਿਤਾ ਪ੍ਰੀਤਮ ਸੁਰਿੰਦਰ ਸਿੰਘ ਨਰੂਲਾ ਨੇ ਭਾਵੇਂ ਆਜ਼ਾਦੀ ਤੋਂ ਪਹਿਲਾਂ ਹੀ ਨਾਵਲ ਲਿਖਣੇ ਆਰੰਭ ਕਰ ਦਿੱਤੇ ਸਨ ਪਰ ਇਹ ਪ੍ਰਵਾਨ ਆਜ਼ਾਦੀ ਤੋਂ ਬਾਅਦ ਹੀ ਚੜ੍ਹੇ ਹਨ ਅੰਮ੍ਰਿਤਾ ਪ੍ਰੀਤਮ ਦਾ ਨਾਵਲ ਡਾਕਟਰ ਦੇਵ ਅਤੇ ਪਿੰਜਰ ਨਰੂਲਾ ਦਾ ਪਿਓ ਪੁੱਤਰ ਅਤੇ ਨਰਿੰਦਰਪਾਲ ਸਿੰਘ ਦਾ ਮਲਾਹ ਤੇ ਸੈਨਾਪਤੀ ਕਿਸੇ ਕਾਲ ਦੀਆਂ ਨਾਵਲੀ ਰਚਨਾਵਾਂ ਹਨ।

ਉੱਨੀ ਸੌ ਸੰਤਾਲੀ ਵਿੱਚ ਆਜ਼ਾਦੀ ਦੀ ਪ੍ਰਾਪਤੀ ਤੋਂ ਬਾਅਦ ਪੰਜਾਬੀ ਨਾਵਲ ਦੇ ਵਿਕਾਸ ਤੇ ਸਿਹਤ ਮੰਦ ਕਾਲ ਦਾ ਆਰੰਭ ਹੁੰਦਾ ਇਸ ਸਮੇਂ ਤੱਕ ਸਮਾਜਵਾਦ ਮਾਰਕਸਵਾਦ ਆਦਰਸ਼ਵਾਦ ਮਨੋਵਿਗਿਆਨ ਵਾਦ ਅਤੇ ਵਿਸ਼ਵ ਅਮਨ ਲਹਿਰ ਅਧੀਨ ਮਾਨਵਵਾਦ ਆਦਿ ਸੰਕਲਪ ਤੇ ਧਾਰਨਾਵਾਂ ਵੀ ਪੰਜਾਬੀ ਸਾਹਿਤ ਜਗਤ ਵਿੱਚ ਪੈਰ ਜਮਾਉਣ ਦੇ ਆਹਰ ਵਿਚ ਜੁੱਟ ਗਈਆਂ ਸਨ ਸੁਤੰਤਰਤਾ ਪ੍ਰਾਪਤੀ ਤੋਂ ਇੱਕਦਮ ਬਾਅਦ ਕਮਿਊਨਿਸਟ ਲਹਿਰ ਨੇ ਸਮਾਜਿਕ ਅਤੇ ਰਾਜਨੀਤਿਕ ਖੇਤਰ ਵਿਚ ਸਥਾਪਿਤ ਹੋਣ ਲਈ ਸੰਘਰਸ਼ ਤੇਜ਼ ਕਰ ਦਿੱਤਾ ਸੀ ਪਰ ਉੱਨੀ ਸੌ ਪਚਵੰਜਾ ਛਪੰਜਾ ਤੱਕ ਅਤੇ ਫਿਰ ਨੇ ਉੱਨੀ ਸੌ ਸੱਠ ਤੱਕ ਇਸ ਪਾਰਟੀ ਦੇ ਚਿੰਤਨ ਵਿੱਚ ਵੀ ਅਸਪੱਸ਼ਟਤਾ ਦੇ ਅੰਸ਼ ਭਾਰੂ ਹੋਣ ਲੱਗ ਪਏ ਸਨ ਸਿੱਟੇ ਵਜੋਂ ਉੱਨੀ ਸੌ ਚੋਟੀ ਸੀ ਵਿੱਚ ਇਹ ਪਾਰਟੀ ਦੋ ਫਾੜ ਹੋ ਗਈ ਅਨੀਤਾ ਵਿੱਚ ਤਿੰਨ ਹਿੱਸਿਆਂ ਵਿੱਚ ਵੰਡੀ ਗਈ ਤੇ ਨਕਸਲਵਾਦ ਦਾ ਇੱਕ ਹੋਰ ਸੰਕਲਪ ਸਾਹਮਣੇ ਆ ਗਿਆ ਉਨੀ ਸੌ ਕਿਆਸੀ ਵਿੱਚ ਇਸ ਦਾ ਵਿਭਾਜਨ ਚਾਰ ਭਾਗਾਂ ਵਿੱਚ ਹੋ ਗਿਆ ਤੇ ਹੁਣ ਸਥਿਤੀ ਇਹ ਹੈ ਕਿ ਪਾਰਟੀ ਪੂਰੀ ਤਰ੍ਹਾਂ ਪੈਰੋਂ ਉੱਖੜੀ ਹੋਈ ਪ੍ਰਤੀਤ ਹੁੰਦੀ ਹੈ ਇਸ ਤਰ੍ਹਾਂ ਪ੍ਰਗਤੀਵਾਦੀ ਲਹਿਰ ਨੂੰ ਇੱਕ ਵੱਡਾ ਧੱਕਾ ਲੱਗਾ ਹੈ ਇਸ ਡਾਵਾਂਡੋਲ ਸਥਿਤੀ ਵਿੱਚੋਂ ਪੰਜਾਬੀ ਨਾਵਲ ਦੀਆਂ ਨਵੀਨ ਸੰਭਾਵਨਾਵਾਂ ਜਨਮ ਲੈਂਦੀਆਂ ਹਨ ਇਤਿਹਾਸਕ ਪਰਪੇਖ ਵਿੱਚ ਉਨੀ ਸੌ ਸਤਵੰਜਾ ਤੱਕ ਦਸ ਸਾਲ ਸ਼ਰਨਾਰਥੀਆਂ ਦੇ ਮੁੜ ਵਸੇਬੇ ਦੀ ਸਮੱਸਿਆ ਭਾਰੂ ਰਹਿੰਦੀਆਂ ਨੇ ਸ ਸਤਵੰਜਾ ਯੋਨੀ ਸੌ ਸਤਾਹਟ ਤੱਕ ਪੰਜਾਬੀ ਸੂਬੇ ਅਤੇ ਅਨੀਤਾ ਯੋਨੀ ਸੌ ਸਤੱਤਰ ਤੱਕ ਨਕਸਲਵਾਦ ਦੀ ਸਮੱਸਿਆ ਪ੍ਰਚੰਡ ਰੂਪ ਵਿੱਚ ਸਾਹਮਣੇ ਆਉਂਦੀ ਨਿਪੱਤਰਾ ਯੋਨੀ ਸਸਤਾ ਸੀ ਤੱਕ ਪੰਜਾਬ ਦੇ ਮੌਜੂਦਾ ਸੱਭਿਆਚਾਰਕ ਸੰਕਟ ਦਾ ਵਾਤਾਵਰਨ ਬਣ ਗਿਆ ਇਨ੍ਹਾਂ ਦਸਾਂ ਸਾਲਾਂ ਵਿੱਚ ਪੰਜਾਬ ਕਈ ਮਾਰੂ ਪ੍ਰਭਾਵਾਂ ਵਿੱਚੋਂ ਵੀ ਗੁਜਰਿਆ ਹੈ ਇਸ ਲਈ ਪੰਜਾਬੀ ਨਾਵਲ ਦੇ ਉੱਨੀ ਸੌ ਸਤਵੰਜਾ ਤੋਂ ਬਾਅਦ ਦੇ ਵਿਕਾਸ ਨੂੰ ਅਸੀਂ ਨਿਮਨਲਿਖਤ ਅਨੁਸਾਰ ਵਰਨਣ ਕਰਨ ਦਾ ਉਪਰਾਲਾ ਕਰਦੇ ਹਾਂ ਸੁਰਿੰਦਰ ਸਿੰਘ ਨਰੂਲਾ ਨੇ ਪੰਜਾਬੀ ਨਾਵਲਕਾਰੀ ਨੂੰ ਇੱਕ ਨਵਾਂ ਮੋੜ ਦੇਣ ਦਾ ਯਤਨ ਕੀਤਾ ਪਿਓ ਪੁੱਤਰ ਰੰਗ ਮਹਿਲ ਦੀਨ ਤੇ ਦੁਨੀਆ ਜਗਰਾਤਾ ਲੋਕ ਲੋਕ ਦੁਸ਼ਮਣ ਨੀਲੀ ਬਾਰ ਦਿਲ ਦਰਿਆ ਸਿੱਲ ਅਲੂਣੀ ਅਤੇ ਆਪਣੇ ਪਰਾਏ ਉਸਦੇ ਪ੍ਰਤੀਨਿਧ ਨਾਵਲ ਹਨ।

ਜਸਵੰਤ ਸਿੰਘ ਕੰਵਲ ਨੇ ਪੰਜਾਬੀ ਨਾਵਲ ਨੂੰ ਉਨ੍ਹਾਂ ਵਿਕਾਸ ਲੀਹਾਂ ਤੇ ਤੋਰਿਆ ਹੈ ਜਿਨ੍ਹਾਂ ਦਾ ਆਰੰਭ ਨੀਸ ਸੰਤਾਲੀ ਈਸਵੀ ਤੋਂ ਪਹਿਲਾਂ ਸੇਖੋਂ ਦੇ ਨਾਵਲ ਲਹੂ ਮਿੱਟੀ ਨਾਲ ਹੋਇਆ ਸੀ ਸਮਾਜਵਾਦੀ ਪਹੁੰਚ ਵਿਧੀ ਦੇ ਨਾਲ ਨਾਲ ਕਮਲ ਨੇ ਮਾਲਵੇ ਦੇ ਪੇਂਡੂ ਕਿਰਸਾਨੀ ਸੱਭਿਆਚਾਰਕ ਜੀਵਨ ਦਾ ਵੀ ਸਜੀਵ ਚਿੱਤਰ ਆਪਣੇ ਨਾਵਲਾਂ ਵਿੱਚ ਪ੍ਰਸਤੁਤ ਕੀਤਾ ਹੈ ਸੱਚ ਨੂੰ ਫ਼ਾਂਸੀ ਪਾਲੀ ਪੂਰਨਮਾਸ਼ੀ ਹਾਣੀ ਰਾਤ ਬਾਕੀ ਹੈ ਰੂਪਧਾਰਾ ਭਵਾਨੀ ਸਿਵਲ ਲਾਈਨਜ਼ ਜੰਗਲ ਦੇ ਸ਼ੇਰ ਬਰਫ ਦੀ ਅੱਗ ਲਹੂਦੇ ਲੋਅ ਐਨਿਆ ਚੋਂ ਉੱਠਿਆ ਕੋਈ ਸੂਰਮਾ ਉਸ ਦੇ ਪ੍ਰਮੁੱਖ ਨਾਵਲ ਹਨ ਕਰਨਲ ਨਰਿੰਦਰਪਾਲ ਸਿੰਘ ਨੇ ਵੀ ਪੰਜਾਬੀ ਨਾਵਲ ਦੇ ਵਿਕਾਸ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ ਉਸ ਨੇ ਭਾਵੇਂ ਕੇਂਦਰੀ ਰੂਪ ਵਿੱਚ ਇਤਿਹਾਸਕ ਸਮੱਸਿਆਵਾਂ ਨੂੰ ਹੀ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ ਹੈ ਫਿਰ ਵੀ ਉਸ ਨੇ ਚੇਤਨਾ ਪ੍ਰਵਾਹ ਸ਼ੈਲੀ ਅਤੇ ਹੋਰ ਨਵੀਨ ਸੰਕਲਪਾਂ ਅਧੀਨ ਨਾਵਲ ਲਿਖੇ ਹਨ ਮਲਾਹ ਸੈਨਾਪਤੀ ਸ਼ਕਤੀ ਤਰਿਆ ਜਾਲ ਇੱਕ ਰਾਹ ਇੱਕ ਪੜਾਅ ਖੰਨਿਓਂ ਤਿੱਖੀ ਵੱਲੋਂ ਨਿੱਕੀ ਇੱਥੇ ਮਾਰਗ ਜਾਣਾ ਪੁੰਨਿਆ ਕਿ ਮੱਸਿਆ ਟਾਪੂ ਅਮਨ ਦੇ ਰਾਹ ਉਨਤਾਲੀ ਵਰ੍ਹੇ ਵਿਕੇਂਦਰਿਤ ਚਾਨਣ ਖੜ੍ਹਾਅ ਕਿਨਾਰੇ ਬਾਮੁਲਾਜ਼ਮ ਹੋਸ਼ਿਆਰ ਆਦਿ ਨਾਵਲ ਲਿਖੇ ਹਨ ਪਿਛਲੇ ਨਾਵਲ ਨੂੰ ਸਾਹਿਤ ਅਕਾਦਮੀ ਨਾਵਲ ਦੇ ਨਾਮ ਵੀ ਮਿਲ ਚੁੱਕਾ ਹੈ। ਅੰਮ੍ਰਿਤਾ ਪ੍ਰੀਤਮ ਮੂਲ ਰੂਪ ਵਿੱਚ ਪੰਜਾਬੀ ਦੀ ਇੱਕ ਹੋਣਹਾਰ ਕਵਿਤਰੀ ਦੇ ਤੌਰ ਤੇ ਜਾਣੀ ਜਾਂਦੀ ਹੈ ਪਰ ਨਾਵਲ ਤੇ ਕਹਾਣੀ ਦੇ ਖੇਤਰ ਵਿੱਚ ਵੀ ਉਸ ਦਾ ਯੋਗਦਾਨ ਅਣਗੌਲਿਆ ਰਹਿਣ ਵਾਲਾ ਨਹੀਂ ਹੈ ਨਾਵਲਕਾਰੀ ਵਿੱਚ ਔਰਤ ਮਨੋਵਿਗਿਆਨ ਪੇਸ਼ ਕਰਨ ਦੇ ਢੰਗ ਕਾਰਨ ਉਸ ਨੂੰ ਕਾਫੀ ਮਾਨਤਾ ਮਿਲੀ ਹੈ ਜੈਸ੍ਰੀ ਉਸ

ਦਾ ਪਹਿਲਾ ਨਾਵਲ ਹੈ ਡਾਕਟਰ ਦੇ ਪਿੰਜਰ ਆਲਣਾ ਚੱਕ ਨੰਬਰ ਛੱਤੀ ਇੱਕ ਸੀ ਅਨੀਤਾ ਤੇ ਦਿੱਲੀ ਦੀਆਂ ਗਲ਼ੀਆਂ ਉਸਦੇ ਮਹੱਤਵਪੂਰਨ ਨਾਵਲ ਹਨ ਕਰਤਾਰ ਸਿੰਘ ਦੁੱਗਲ ਨੇ ਭਾਵੇਂ ਉਨੀ ਸੌ ਸੰਤਾਲੀ ਤੋਂ ਪਹਿਲਾਂ ਹੀ ਸਾਹਿਤ ਰਚਨਾ ਕਰਨੀ ਆਰੰਭ ਕਰ ਦਿੱਤੀ ਸੀ ਪਰ ਉਸ ਨੂੰ ਬਤੌਰ ਨਾਵਲਕਾਰ ਦੇ ਮਕਬੂਲੀਅਤ ਉਨੀ ਸੌ ਸੰਤਾਲੀ ਈਸਵੀ ਤੋਂ ਬਾਅਦ ਹੀ ਪ੍ਰਾਪਤ ਹੋਈ ਉਸ ਨੇ ਪੰਜਾਬੀ ਵਿੱਚ ਨਿਮਨ ਲਿਖਤ ਨਾਵਲ ਰਚੇ ਹਨ ਆਂਦਰਾਂ ਨੌਂ ਤੇ ਮਾਸ ਇੱਕ ਦਿਲ ਵਿਕਾਊ ਹੈ ਦਿਲ ਦਰਿਆ ਮੇਰਾ ਦਿਲ ਮੋੜਦੇ ਹਾਲ ਮੁਰੀਦਾਂ ਦਾ ਮਨ ਪ੍ਰਦੇਸੀ ਮਾਂ ਪਿਓ ਜਾਏ ਅੰਮੀ ਨੂੰ ਕੀ ਹੋ ਗਿਆ ਅਤੇ ਫੁੱਲਾਂ ਦਾ ਸਾਥ ਅੰਤਲਾ ਨਾਵਲ ਵਰਤਮਾਨ ਪੰਜਾਬੀ ਸੰਕਟ ਨਾਲ ਸੰਬੰਧਿਤ ਹੈ ਸੋਹਨ ਸਿੰਘ ਸੀਤਲ ਮੂਲ ਰੂਪ ਵਿੱਚ ਪੰਜਾਬੀ ਦਾ ਵਾਰ ਕਾਰ ਹੈ ਸਿੱਖ ਜਗਤ ਦਾ ਸ਼੍ਰੋਮਣੀ ਢਾਡੀ ਹੈ ਪਰ ਉਸ ਨੇ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਖੋਜ ਕੀਤੀ ਹੈ ਬਤੌਰ ਨਾਵਲਕਾਰ ਦੇ ਵੀ ਉਸ ਨੇ ਪੰਜਾਬੀ ਨਾਵਲ ਨੂੰ ਆਂਚਲਿਕਤਾ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਨਾਵਲ ਦਿੱਤੇ ਹਨ ਮੁੱਲ ਦਾ ਮਾਸ ਅੰਨ੍ਹੀ ਸੁੰਦਰਤਾ ਵਿਯੋਗਣ ਪਤਵੰਤੇ ਕਾਤਲ ਦੀਵੇ ਦੀ ਲੋਅ ਕਾਲ਼ੇ ਪ੍ਰਛਾਵੇਂ ਜੰਗ ਤੇ ਅਮਨ ਯੁਗ ਬਦਲ ਗਿਆ ਤੂਤਾਂ ਵਾਲਾ ਖੂਹ ਅਤੇ ਈਚੋਗਿਲ ਨਹਿਰ ਤੱਕ ਉਸ ਦੇ ਹਰਮਨ ਪਿਆਰੇ ਨਾਵਲ ਹਨ ਉਸ ਦੇ ਨਾਵਲਾਂ ਦਾ ਵਸਤੂ ਜਗਤ ਮਾਝੇ ਦਾ ਪੇਂਡੂ ਜੀਵਨ ਹੈ ਬਤੌਰ ਨਾਵਲਕਾਰ ਉਹ ਹਰ ਪ੍ਰਕਾਰ ਦੀ ਭਾਵੁਕਤਾ ਤੋਂ ਮੁਕਤ ਨਾਵਲਕਾਰ ਹੈ ਸੁਰਜੀਤ ਸਿੰਘ ਸੇਠੀ ਮੂਲ ਰੂਪ ਚ ਪੰਜਾਬੀ ਜਗਤ ਵਿੱਚ ਇੱਕ ਸਫ਼ਲ ਨਾਟਕਕਾਰ ਵਜੋਂ ਜਾਣਿਆ ਜਾਂਦਾ ਹੈ ਪਰ ਉਸਨੇ ਨਾਵਲਕਾਰੀ ਦੇ ਖੇਤਰ ਵਿੱਚ ਵੀ ਵਿਸ਼ੇਸ਼ ਯੋਗਦਾਨ ਪਾਇਆ ਹੈ ਨਾਟਕ ਵਾਂਗ ਪੰਜਾਬੀ ਨਾਵਲਕਾਰੀ ਵਿੱਚ ਵੀ ਉਸ ਨੇ ਕਈ ਨਵੇਂ ਤਜਰਬੇ ਕੀਤੇ ਹਨ ਉਸ ਦੇ ਨਾਵਲ ਹਨ ਰੇਤ ਦਾ ਪਹਾੜ ਇੱਕ ਸ਼ਹਿਰ ਦੀ ਗੱਲ ਕੰਧੀ ਉੱਤੇ ਰੁੱਖੜਾ ਇੱਕ ਖਾਲੀ ਪਿਆਲਾ ਅਤੇ ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ ਆਦਿ ਪਿਛਲੇ ਦੋਵੇਂ ਨਾਵਲ ਨਾਵਲ ਚੇਤਨਾ ਪ੍ਰਵਾਹ ਸ਼ੈਲੀ ਦੇ ਨਾਵਲ ਹਨ ਅਤੇ ਪੰਜਾਬੀ ਨਾਵਲ ਦੇ ਵਿਕਾਸ ਵਿੱਚ ਵਿਸ਼ੇਸ਼ ਸਥਾਨ ਦੇ ਧਾਰਨੀਆਂ ਨੂੰ ਪ੍ਰੋਕਰ ਨਾਵਲਾਂ ਤੋਂ ਬਿਨਾਂ ਉਸ ਦਾ ਨਵੀਨਤਮ ਨਾਵਲ ਬਦਨਾਮ ਸੜਕਾਂ ਵੀ ਛਪ ਚੁੱਕਾ ਹੈ।

ਪੰਜਾਬੀ ਨਾਵਲ ਦੇ ਇਤਿਹਾਸ ਤੇ ਵਿਕਾਸ ਦਾ ਤੀਸਰਾ ਦੌਰ ਉਨ੍ਹਾਂ ਨਾਵਲਕਾਰਾਂ ਨਾਲ ਆਰੰਭ ਹੁੰਦਾ ਹੈ ਜਿਨ੍ਹਾਂ ਵਿਚ ਗੁਰਦਿਆਲ ਸਿੰਘ ਰਾਮ ਸਰੂਪ ਅਣਖੀ ਮੋਹਨ ਕਾਹਲੋਂ ਸੁਖਬੀਰ ਨਿਰੰਜਨ ਤਸਨੀਮ ਮਨਜੀਤ ਰਾਣਾ ਦਲੀਪ ਕੌਰ ਟਿਵਾਣਾ ਹਰਨਾਮ ਦਾਸ ਸਹਿਰਾਈ ਬੂਟਾ ਸਿੰਘ ਸ਼ਾਦ ਪ੍ਰੇਮ ਗੋਰਖੀ ਕਰਮਜੀਤ ਸਿੰਘ ਕੁੱਸਾ ਨਿੰਦਰ ਗਿੱਲ ਰਾਜ ਗਿੱਲ ਅਤੇ ਮਹਿੰਦਰ ਸਿੰਘ ਜੋਸ਼ੀ ਆਦਿ ਨਾਵਲਕਾਰਾਂ ਦਾ ਨਾਮ ਸ਼ੁਮਾਰ ਹੈ। ਗੁਰਦਿਆਲ ਸਿੰਘ ਪੰਜਾਬੀ ਦਾ ਪ੍ਰੋਢ ਨਾਵਲਕਾਰ ਹੈ ਕਵਲ ਤੋਂ ਬਾਅਦ ਗੁਰਦਿਆਲ ਸਿੰਘ ਜਿਤਨੀ ਪ੍ਰਸਿੱਧੀ ਹੋਰ ਕਿਸੇ ਨਾਵਲਕਾਰ ਨੂੰ ਅਜੇ ਤੱਕ ਨਹੀਂ ਮਿਲੀ ਉਸ ਦੇ ਪੰਜਾਬੀ ਨਾਵਲਕਾਰੀ ਵਿੱਚ ਪ੍ਰਵੇਸ਼ ਕਰਨ ਨਾਲ ਪੰਜਾਬੀ ਨਾਵਲ ਉਸ ਇਤਿਹਾਸਕ ਮੋੜ ਤੇ ਪੁੱਜ ਗਿਆ ਜਿੱਥੇ ਉਸ ਦੇ ਨਾਵਲਾਂ ਨੂੰ ਦੁਨੀਆਂ ਦੀਆਂ ਉੱਨਤ ਭਾਸ਼ਾਵਾਂ ਦੇ ਬਰਾਬਰ ਰੱਖ ਕੇ ਵੇਖਿਆ ਜਾਂਚਿਆ ਤੇ ਪਰਖਿਆ ਜਾਂਦਾ ਉਸ ਦੇ ਨਾਵਲ ਹਨ ਮੜ੍ਹੀ ਦਾ ਦੀਵਾ ਅਣਹੋਏ ਕੁਵੇਲਾ ਅੱਧ ਚਾਨਣੀ ਰਾਤ ਅਤੇ ਰੇਤੇ ਦੀ ਇੱਕ ਮੋਟਾ ਪੰਜਾਬੀ ਨਾਵਲ ਦੇ ਵਿਕਾਸ ਵਿੱਚ ਨਿਰੰਜਨ ਤਸਨੀਮ ਦੁਆਰਾ ਰਚਿਤ ਨਾਵਲ ਅਜਨਬੀ ਲੋਕ ਤਰੇੜਾਂ ਕਸਕ ਪ੍ਰਛਾਵੇਂ ਰੇਤ ਛੱਲ ਅਤੇ ਸਵੇਰ ਹੋਣ ਤੱਕ ਵੀ ਵਰਨਣਯੋਗ ਹਨ ਮੋਹਨ ਕਾਹਲੋਂ ਨੇ ਵੀ ਪੰਜਾਬੀ ਨਾਵਲ ਦੇ ਵਿਕਾਸ ਵਿੱਚ ਜਥਾ ਸ਼ਕਤ ਹਿੱਸਾ ਪਾਇਆ ਹੈ ਭਾਵੇਂ ਉਸ ਦੇ ਨਾਵਲ ਨਾਵਲਾਂ ਤੇ ਅਸ਼ਲੀਲਤਾ ਦਾ ਦੋਸ਼ ਲੱਗਦਾ ਹੈ ਪਰ ਉਸ ਦੀ ਸੁਚੇਤ ਨਾਵਲਕਾਰੀ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਉਸ ਦੇ ਨਾਵਲ ਹਨ ਬੇੜੀ ਤੇ ਬਰੇਤਾ ਮੱਛਲੀ ਇੱਕ ਦਰਿਆ ਦੀ ਗੋਰੀ ਨਦੀ ਦਾ ਗੀਤ ਅਤੇ ਪ੍ਰਦੇਸੀ ਰੋਕ ਗੋਰੀ ਨਦੀ ਦਾ ਗੀਤ ਤੋਂ ਉਸ ਦਾ ਬਹੁ ਚਰਚਿਤ ਨਾਵਲ ਹੈ ਜਿਸ ਦਾ ਆਧਾਰ ਪ੍ਰਸਿੱਧ ਕਵੀ ਸ਼ਿਵ ਕੁਮਾਰ ਬਟਾਲਵੀ ਦਾ ਜੀਵਨ ਪ੍ਰਤੀਤ ਹੁੰਦਾ ਹੈ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦਾ ਕੇਂਦਰੀ ਥੀਮ ਔਰਤ ਦਾ ਮਾਨਸਿਕ ਵਿਸ਼ਲੇਸ਼ਣ ਤੇ ਮਾਲਵੇ ਦੇ ਪੇਂਡੂ ਜੀਵਨ ਦੀ ਪੇਸ਼ਕਾਰੀ ਹੈ ਇਹ ਹਮਾਰਾ ਜੀਵਨਾ ਅਗਨੀ ਪ੍ਰੀਖਿਆ ਅਤੇ ਤੀਲੀ ਦਾ ਨਿਸ਼ਾਨਾ ਦਲੀਪ ਕੌਰ ਟਿਵਾਣਾ ਦੇ ਪ੍ਰਮੁੱਖ ਨਾਵਲਾਂ ਨੇ ਇਸਤਰੀ ਨਾਵਲਕਾਰਾਂ ਵਿੱਚ ਅਜੀਤ ਕੌਰ ਨੇ ਵੀ ਨਾਵਲ ਲਿਖਿਆ ਨੂੰ ਉਸਦਾ ਨਾਵਲਿਟ ਰੂਪ ਧੁੱਪ ਵਾਲਾ ਸ਼ਹਿਰ ਕਾਫੀ ਪ੍ਰਸਿੱਧ ਹੈ ਸੁਰਿੰਦਰ ਜੌਹਲ ਨੇ ਰਾਹਾਂ ਦੀ ਧੂੜ ਟੁੱਟੀਆਂ ਤੰਦਾਂ ਅਤੇ ਮੋਈ ਰੁੱਤ ਨਾਵਲ ਲਿਖੇ ਹਨ ਮਨਜੀਤ ਰਾਣਾ ਨੇ ਧਰਤੀ ਦੇ ਵਾਰਸ ਅੰਗਰੇਜ਼ ਕੁੜੀਆਂ ਤੇ ਦਿਲ ਤੇ ਦੁਨੀਆਂ ਸਫ਼ਲ ਪੰਜਾਬੀ ਨਾਵਲ ਲਿਖੇ ਹਨ ਸੁਰਜੀਤ ਹਾਂਸ ਦਾ ਨਾਵਲ ਮਿੱਟੀ ਦੀ ਢੇਰੀ ਵੀ ਪੰਜਾਬੀ ਨਾਵਲਕਾਰੀ ਦੀ ਇੱਕ ਵਿਸ਼ੇਸ ਪ੍ਰਾਪਤੀ ਹਰੀ ਸਿੰਘ ਦਿਲਬਰ ਪੰਜਾਬੀ ਨਾਵਲ ਦੇ ਘੇਰੇ ਨੂੰ ਵਿਸ਼ਾਲ ਕਰਨ ਵਾਲਾ ਇੱਕ ਹੋਰ ਸਫ਼ਲ ਨਾਵਲਕਾਰ ਹੈ ਉਸ ਨੇ ਮੱਧਕਾਲੀ ਪੰਜਾਬ ਅਤੇ ਆਧੁਨਿਕ ਮਲਵਈ ਜੀਵਨ ਬਾਰੇ ਕਈ ਨਾਵਲ ਲਿਖੇ ਹਨ ਉਸ ਨੇ ਪੰਜਾਬੀ ਵਿੱਚ ਇਤਿਹਾਸਕ ਵੰਨਗੀ ਦੇ ਨਾਵਲ ਵੀ ਲਿਖੇ ਹਨ ਉਸ ਦੇ ਨਾਵਲਾਂ ਦੀ ਗਿਣਤੀ ਲੱਗਭੱਗ ਡੇਢ ਦਰਜਨ ਦੇ ਕਰੀਬ ਹੈ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ ਬਾਹਰ ਜਿਨ੍ਹਾਂ ਦੀ ਪਕੜੀਏ ਜਿਸ ਪਿਆਰੇ ਸੋਨੇ ਜੰਗ ਬੱਦੋਵਾਲ ਦੀ ਕਰਮੋ ਆਪੋ ਆਪਣੀ ਹਾਲ ਮੁਰੀਦਾਂ ਦਾ ਕਹਿਣਾ ਨਦੀਆਂ ਦੇ ਵਹਿਣ ਹਲਵਾਰਾ ਸਾਨੂੰ ਭੁੱਲਣਾ ਕੂੜ ਫਿਰੇ ਪ੍ਰਧਾਨ ਅਤੇ ਗੱਭਰੂ ਪੰਜਾਬ ਦੇ ਬਾਦ ਹਰਨਾਮ ਦਾਸ ਸਹਿਰਾਈ ਪੰਜਾਬ ਦੇ ਗੁਰੂ ਇਤਿਹਾਸ ਦਾ ਨਾਵਲਕਾਰ ਹੈ ਉਸ ਨੇ ਗੁਰੂ ਸਾਹਿਬਾਨ ਨੂੰ ਆਧਾਰ ਬਣਾ ਕੇ ਉਸ ਸਮੇਂ ਦੇ ਇਤਿਹਾਸ ਨੂੰ ਬਹੁਤ ਦਿਸ਼ਾਵੀ ਤੇ ਬਹੁਪੱਖੀ ਰੂਪ ਵਿੱਚ ਚਿੱਤਰਿਆ ਹੈ ਇਤਿਹਾਸਕ ਨਾਵਲਕਾਰਾਂ ਵਿੱਚ ਹਰਨਾਮ ਦਾਸ ਨੰਬਰ ਇੱਕ ਤੇ ਆਉਂਦਾ ਹੈ ਸਭਰਾਓ ਅਨੂਪ ਕੌਰ ਲੋਹਗੜ੍ਹ ਆਦਿ ਉਸ ਦੇ ਇਤਿਹਾਸਕ ਨਾਵਲ ਹਨ ਪਥਿਕ ਸਫੈਦਪੋਸ਼ ਅੱਧੀ ਰਾਤ ਢਾਡੀ ਅਤੇ ਗਲੀ ਮੁਹੱਲੇ ਦੇ ਲੋਕ ਉਸ ਦੇ ਹੋਰ ਮਹੱਤਵਪੂਰਨ ਨਾਵਲ ਹਨ ਆਧੁਨਿਕ ਕਾਲ ਵਿੱਚ ਜਸਵੰਤ ਸਿੰਘ ਵਿਰਦੀ ਤੇ ਕਿਰਪਾਲ ਸਿੰਘ ਕਸੇਲ ਨੇ ਵੀ ਪੰਜਾਬੀ ਨਾਵਲਕਾਰੀ ਦੇ ਵਿਕਾਸ ਵਿੱਚ ਹਿੱਸਾ ਪਾਇਆ ਹੈ ਵਿਰਦੀ ਦਾ ਬਿਖਰੇ ਬਿਖਰੇ ਅਤੇ ਅੰਦਰਲੇ ਦਰਵਾਜ਼ੇ ਪ੍ਰਸਿੱਧ ਨਾਵਲ ਹਨ ਕਸੇਲ ਦਾ 'ਵਾਰਡ ਨੰਬਰ ਦਸ' ਸੁਪ੍ਰਸਿੱਧ ਨਾਵਲ ਹੈ।

**ਪਰਵਾਸੀ ਪੰਜਾਬੀ** ਨਾਲੋਂ ਪੰਜਾਬ ਵਿਚਲੇ ਮੁੱਖ ਧਾਰਾ ਦੇ ਇਸ ਨਾਵਲ ਦੇ ਸਮਵਿੱਥ ਹੀ ਇੱਕ ਉਸ ਪੰਜਾਬ ਵਿੱਚ ਵੀ ਨਾਵਲ ਰਚਿਆ ਜਾ ਰਿਹਾ ਜੋ ਵਿਦੇਸ਼ਾਂ ਵਿੱਚ ਜਾ ਵਸਿਆ ਹੈ ਮੁੱਖ ਧਾਰਾ ਤੋਂ ਵੱਖਰਾ ਇਹ ਪੰਜਾਬੀ ਨਾਵਲ ਆਪਣੇ ਵਿਸ਼ੇ ਤੇ ਸਰੋਕਾਰਾਂ ਕਾਰਨ ਵੱਖਰੀ ਪਾਉਂਦਾ ਹੈ ਇਸ ਕਰਕੇ ਇਸ ਦਾ ਵੱਖਰਾ ਅਧਿਅਨ ਕੀਤਾ ਜਾਣਾ ਜ਼ਰੂਰੀ ਹੈ ਇਸ ਤੋਂ ਪਹਿਲਾਂ ਵੀ ਪੰਜਾਬੀ ਨਾਵਲ ਵਿੱਚ ਅੰਤਰਰਾਸ਼ਟਰੀ ਝਲਕਾਂ ਵਿਖਾਈਆਂ ਵਿਖਾਈ ਦਿੰਦੀਆਂ ਹਨ ਪਰ ਉਨ੍ਹਾਂ ਦਾ ਵਿਸ਼ਾ ਬਿਲਕੁਲ ਵੱਖਰਾ ਹੈ ਵੀਹਵੀ ਸਦੀ ਦੇ ਪੰਜਵੇਂ ਦਹਾਕੇ ਵਿੱਚ ਵੱਡੇ ਪੱਧਰ ਉੱਤੇ ਖਾਸ ਕਰਕੇ ਦੁਆਬਾ ਵਿੱਚੋਂ ਪਰਵਾਸ ਹੋਇਆ ਇਸ ਦੇ ਸਿੱਟੇ ਵਜੋਂ ਇਧਰ ਪੰਜਾਬ ਵਿੱਚ ਪਿੰਡਾਂ ਦੇ ਪਿੰਡ ਖਾਲੀ ਹੋ ਗਏ ਦੂਸਰੇ ਦੇਸ਼ਾਂ ਵਿੱਚ ਜਾ ਵਸਣ ਵਾਲੇ ਪੰਜਾਬੀ ਲੋਕਾਂ ਦੀ ਪਹਿਲੀ ਪੀੜ੍ਹੀ ਤਾਂ ਨਵੇਂ ਲੋਕਾਂ ਨਵੇਂ ਧਰਾਤਲ ਅਤੇ ਨਵੀਂ ਸੰਸਕ੍ਰਿਤੀ ਦਾ ਸਮਾਯੋਜਨ ਬਣਾਉਣ ਵਿੱਚ ਹੀ ਖਪ ਗਈ ਅਗਲੀ ਪੀੜ੍ਹੀ ਨੇ ਆਪਣੀ ਅਤੇ ਪਿਛਲੀ ਪੀੜ੍ਹੀ ਦੀ ਦੋ ਧਰਾਤਲੀ ਮਾਨਸਿਕ ਦੁਬਿਧਾ ਨੂੰ ਨਾਵਲ ਅਤੇ ਹੋਰ ਵਿਧਾਵਾਂ ਰਾਹੀਂ ਪੇਸ਼ ਕੀਤਾ ਵੱਡੀ ਅਕਾਰੀ ਸਾਹਿਤ ਰੂਪ ਹੋਣ ਕਾਰਨ ਪੰਜਾਬੀ ਨਾਵਲ ਦਾ ਆਰੰਭ ਦੂਸਰੇ ਸਾਹਿਤ ਰੂਪਾਂ ਦੇ ਮੁਕਾਬਲੇ ਦੇਰੀ ਨਾਲ ਹੋਇਆ ਹੈ। ਪਰਵਾਸੀ ਪੰਜਾਬੀ ਨਾਵਲ ਦੀ ਰਚਨਾ ਦ੍ਰਿਸ਼ਟੀ ਯਥਾਰਥਵਾਦੀ ਰਹੀ ਏ ਇਸ ਵਿੱਚ ਪੇਸ਼ ਹੋਇਆ ਅਨੁਭਵ ਨਵੀਨ ਧਰਾਤਲ ਕਾਰਨ ਅਸਲੋਂ ਨਿਵੇਕਲਾ ਹੈ ਪਰਵਾਸੀ ਅਨੁਭਵ ਅਤੇ ਪਰਵਾਸ ਨਾਲ ਜੁੜੇ ਸੰਦਰਭ ਮੁਲਕ ਸੰਕਲਪ ਜਿਵੇਂ ਭੂ ਹੇਰਵਾ ਉਦਰੇਵਾਂ ਪਿੱਛਲ ਮੋਹ ਨਸਲੀ ਵਿਤਕਰਾ ਸੱਭਿਆਚਾਰਕ ਸੰਕਟ ਅਤੇ ਖਾਸ ਕਰਕੇ ਪੂਰਬ ਅਤੇ ਪੱਛਮ ਦਾ ਅੰਤਰ ਵਿਰੋਧ ਆਦਿ ਵਿਸ਼ਿਆਂ ਨੂੰ ਪੰਜਾਬੀ ਪਰਵਾਸੀ ਨਾਵਲ ਵਿੱਚ ਬੜੀ ਖ਼ੂਬਸੂਰਤੀ ਸਹਿਤ ਪੇਸ਼ ਕੀਤਾ ਗਿਆ ਹੈ ਮੁੱਢਲਾ ਪੰਜਾਬੀ ਪਰਵਾਸੀ ਨਾਵਲ ਤੋਂ ਭੂਗੋਲਿਕਤਾ ਵਿੱਚੋਂ ਪੈਦਾ ਹੋਈ ਉਪਰਾਮਤਾ ਅਤੇ ਉਪਭਾਵੁਕਤਾ ਨੂੰ ਸਤੀ ਪੱਧਰ ਉੱਤੇ ਪੇਸ਼ ਕਰਦਾ ਹੈ ਪਰ ਅਗਲੇਰਾ ਪਰਵਾਸੀ ਨਾਵਲ ਪੰਜਾਬੀ ਮਨੁੱਖ ਦੀ ਮਾਨਸਿਕ ਤਬਦੀਲੀ ਤੇ ਟੁੱਟ ਭੱਜ ਨੂੰ ਮਾਨਸਿਕ ਡੂੰਘਾਈਆਂ ਸਮੇਤ ਪੇਸ਼ ਕਰਦਾ ਹੈ ਮੁੱਢਲਾ ਪ੍ਰਵਾਸੀ ਪੰਜਾਬੀ ਨਾਵਲ ਜਿਸ ਤਰਾਂ ਪਹਿਲਾਂ ਕਿਹਾ ਗਿਆ ਹੈ ਕਿ ਮੁਢਲਾ ਪ੍ਰਵਾਸੀ ਪੰਜਾਬੀ ਨਾਵਲ ਸਤਹਿ ਕਿਸਮ ਦਾ ਹੈ। ਇਹ ਪ੍ਰਵਾਸੀ ਪੰਜਾਬੀ ਦੇ ਵਿਪਿਨ ਜੀਵਨ ਪੱਖਾਂ ਦੀ ਗੰਭੀਰ ਰੂਪ ਚ ਪੇਸ਼ਕਾਰੀ ਦੀ ਥਾਂ ਨਵੇਂ ਧਰਾਤਲ ਉੱਤੇ ਵਾਪਰ ਰਹੀਆਂ ਘਟਨਾਵਾਂ ਨਵੀਨ ਜੀਵਨ ਜਾਂਚ ਨੂੰ ਅਚੰਭੇ ਤੇ ਦਿਲਕਸ਼ ਅੰਦਾਜ਼ ਚ ਪੇਸ਼ ਕਰਦਾ। ਇਸ ਕਿਸਮ ਦੇ ਨਾਵਲਾਂ ਵਿੱਚ ਹਰਿੰਦਰ ਬਜਾਜ ਦੇ 'ਅੰਬੀ ਦਾ ਪਹਿਲਾ ਪਿਆਰ', 'ਸੱਜਣਾਂ ਬਾਝ ਹਨੇਰਾ' ਦੀਪ ਬਿੰਦੂ ਅਤੇ 'ਬਾਬਾ ਬੋਲਦਾ' ਨਾਵਲ ਵਰਣਨ ਜੋਗਾ ਨੇ ਇਸੇ ਤਰ੍ਹਾਂ ਦਿਲਬਾਗ ਵਾਸੀ ਦੇ 'ਦੇਸੀ ਕੁੜੀਆਂ ਵਲੈਤੀ ਲਾੜੇ', 'ਮਾਪੇ ਕੁਮਾਪੇ' ਅਤੇ 'ਫਾਲਤੂ ਮਰਦ' ਨੇ ਵੀ ਮੁੱਢਲੀ ਕਿਸਮ ਦੀਆਂ ਪਰਵਾਸ ਨਾਲ ਸਬੰਧਿਤ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ ਹੈ। ਮਨਜੀਤ ਰਾਣਾ ਦਾ ਨਾਵਲ 'ਅੰਗਰੇਜ਼ ਕੁੜੀਆਂ' ਪੱਛਮੀ ਸਮਾਜ ਅਤੇ ਇਸ ਵਿੱਚ ਔਰਤਾਂ ਵੱਲੋਂ ਖੇਡੀ ਜਾਂਦੀ ਖੁੱਲ੍ਹੀ ਖੇਡ ਦਾ ਵਰਣਨ ਕਰਨ ਵਾਲਾ ਨਾਵਲ ਹੈ। ਮੋਹਨ ਸਿੰਘ ਕੁੱਕੜ ਪਿੰਡੀਆ ਨੇ ਆਪਣੇ ਨਾਵਲਾਂ 'ਗੁੱਡੀ', 'ਗੁਲਾਮੀ', 'ਖ਼ੂਨ ਗ਼ਰੀਬਾਂ ਦਾ', 'ਚਾਨਣੀ ਰਾਤ ਦਾ ਤੜਕਾ' ਅਤੇ 'ਮੇਰਾ ਗੁਆਚਾ ਪਿਆਰ' ਰਾਹੀਂ ਗੰਭੀਰ ਕਿਸਮ ਦੇ ਵਿਸ਼ਿਆਂ ਨੂੰ ਨਾਵਲ ਵਿੱਚ ਪੇਸ਼ ਕਰਨ ਦੀ ਪਿਰਤ ਪਾਈ। ਕੈਲਾਸ਼ਪੁਰੀ ਪ੍ਰਵਾਸੀ ਇਸਤਰੀ ਨਾਵਲਕਾਰ ਹੈ ਉਸ ਦੇ ਬਹੁਤੇ ਨਾਵਲ ਇੰਗਲੈਂਡ ਵਿੱਚ ਇਸਤਰੀ ਤੇ ਪੁਰਸ਼ ਦੇ ਸੰਬੰਧਾਂ ਦੀ ਪੇਸ਼ਕਾਰੀ ਕਰਦੇ ਹਨ ਆਪਣੇ ਨਾਵਲਾਂ ਵਿੱਚ ਉਸ ਨੇ ਇਸਤਰੀ ਦੀਆਂ ਸਰੀਰਿਕ ਮਾਨਸਿਕ ਆਰਥਿਕ ਸੱਭਿਆਚਾਰਕ ਅਤੇ ਭਾਵਿਕ ਲੋੜਾਂ ਤੇ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀਆਂ ਧਰਾਤਲਾਂ ਦੀ ਮਾਰ ਨੂੰ ਔਰਤ ਪੁਰਸ਼ ਨਾਲੋਂ ਵਧੇਰੇ ਸਹਿੰਦੀ ਹੈ ਉਸ ਦੇ ਨਾਵਲਾਂ ਵਿੱਚ ਮੈਂ ਇੱਕ ਔਰਤਾਂ ਕਟਹਿਰੇ ਵਿੱਚ ਖੜ੍ਹੀ ਔਰਤ ਸੂਜੀ ਰੋਂਦੀ ਰਹੀ ਅਤੇ ਓਮੀ ਉਧਲ ਗਈ ਵਰਣਨਯੋਗ ਹਨ ਸੁਸ਼ੀਲ ਕੌਰ ਇੱਕ ਹੋਰ ਵਰਣਨਯੋਗ ਨਾਵਲਕਾਰ ਹੈ ਜਿਸ ਨੇ ਆਪਣੇ ਨਾਵਲ ਧਰਤੀ ਪਰਾਈ ਆਪਣੇ ਲੋਕ ਵਿੱਚ ਪੰਜਾਬੀ ਇਸਤਰੀਆਂ ਦੇ ਆਪਣੇ ਹੀ ਪੰਜਾਬ ਦੇ ਲੋਕਾਂ ਵੱਲੋਂ ਕੀਤੀ ਜਾਂਦੀ ਲੁੱਟ ਖਸੁਟ ਦੇ ਸੋਸ਼ਣ ਨੂੰ ਵਿਸ਼ਾ ਬਣਾਇਆ ਰਘਬੀਰ ਢੰਡ ਨੇ ਆਪਣੇ ਨਾਵਲ ਰਿਸ਼ਤਿਆਂ ਦੀ ਯਾਤਰਾ ਵਿੱਚ ਰਿਸ਼ਤਿਆਂ ਨੂੰ ਆਰਥਿਕਤਾ ਉੱਤੋਂ ਆਧਾਰਤ ਦੱਸਿਆ ਹੈ ਦਰਸ਼ਨ ਧੀਰ ਪ੍ਰਵਾਸੀ ਪੰਜਾਬੀ ਨਾਵਲ ਦੇ ਸਭ ਤੋਂ ਮਹੱਤਵਪੂਰਨ ਨਾਵਲਕਾਰਾਂ ਦੀ ਢਾਣੀ ਨਾਲ ਸਬੰਧ ਰੱਖਦਾ ਹੈ ਉਸ ਨੇ ਆਪਣੇ ਨਾਵਲਾਂ ਨਾਲ ਪੰਜਾਬੀ ਨਾਵਲ ਜਗਤ ਗਿਣਤੀ ਪੱਖੋਂ ਤਾਂ ਨਾਵਲ ਦਿੱਤੇ ਹੀ ਹਨ ਗੁਣਾਤਮਕ ਪੱਖੋਂ ਵੀ ਕੋਈ ਕਸਰ ਬਾਕੀ ਨਹੀਂ ਛੱਡੀ ਉਸ ਦੇ ਨਾਵਲ ਬਹੁ ਆਯਾਮੀ ਹਨ ਉਹ ਉਧਰਲੇ ਪੰਜਾਬ ਅਤੇ ਇਧਰਲੇ ਪੰਜਾਬ ਦੇ ਆਪਸੀ ਸੰਬੰਧਾਂ ਨੂੰ ਸੰਤੁਲਿਤ ਢੰਗ ਨਾਲ ਪੇਸ ਇੱਥੇ ਹੀ ਬੱਸ ਨਹੀਂ ਉਸ ਦੇ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਦੀਆਂ ਪੀੜ੍ਹੀਆਂ ਦੀ ਆਪਸੀ ਖਿਚੋਤਾਣ ਨੂੰ ਵੀ ਪੇਸ਼ ਕੀਤਾ ਉਸ ਦੇ ਨਾਵਲਾਂ ਵਿੱਚੋਂ ਸੰਘਰਸ਼ ਪੂਰਬੀ ਤੇ ਪੱਛਮੀ ਸਮਾਜ ਦੇ ਵਖਰੇਵੇਂ ਨੂੰ ਪੇਸ਼ ਕਰਦਾ ਹੈ ਜਿਸ ਵਿੱਚ ਪੂਰਬ ਵਿੱਚ ਜੰਮੇ ਪਲੇ ਇਨਸਾਨ ਨੂੰ ਪੱਛਮੀ ਸਮਾਜ ਵਿਚ ਫਿੱਟ ਬੈਠਣ ਲਈ ਸੰਘਰਸ਼ ਕਰਨਾ ਪੈਂਦਾ ਹੈ ਆਪਣੇ ਆਪਣੇ ਰਾਹ ਨਾਵਲ ਵਿੱਚ ਪੰਜਾਬੀਆਂ ਦੀ ਪਰਵਾਸ ਬਿਰਤੀ ਉਨ੍ਹਾਂ ਨਾਲ ਹੁੰਦੇ ਨਸਲੀ ਵਿਤਕਰੇ ਦੀ ਪੇਸ਼ਕਾਰੀ ਕਰਨ ਵਾਲਾ ਨਾਵਲ ਹੈ ਧੁੰਦਲਾ ਸੂਰਜ ਨਾਵਲ ਵਿੱਚ ਜਾਅਲੀ ਤੌਰ ਤੇ ਪ੍ਰਵਾਸ ਕਰਨ ਨੂੰ ਵਿਸ਼ਾ ਬਣਾਇਆ ਗਿਆ ਹੈ ਘਰ ਦੇ ਕਮਰੇ ਨਾਵਲ ਵਿੱਚ ਇਹ ਵਿਸ਼ਾ ਹੈ ਕਿ ਪੰਜਾਬੀ ਉੱਥੇ ਕਮਰਿਆਂ ਵਿੱਚ ਰਹਿਣ ਦੀ ਬਜਾਏ ਇੱਜ਼ਤ ਮਾਨ ਨਾਲ ਘਰ ਵਿੱਚ ਟਿਕਾਓ ਦੀ ਅਵਸਥਾ ਵਿੱਚ ਰਹਿਣਾ ਚਾਹੁੰਦੇ ਹਨ ਪੈੜਾਂ ਦੇ ਆਰ ਪਾਰ ਵਿੱਚ ਵੀ ਮੁੱਖ ਪਾਤਰ ਪੱਛਮੀ ਸਮਾਜ ਵਿੱਚ ਆਪਣੇ ਸਥਾਨ ਨੂੰ ਬਣਾਉਣ ਚ ਪੱਛਮੀ ਦੇਸ਼ਾਂ ਦੇ ਨਿਯਮਾਂ ਨਾਲ ਸੰਘਰਸ਼ ਕਰਦੀ ਹੈ ਇਹ ਲੋਕ ਲਕੀਰਾਂ ਤੇ ਮਨੁੱਖ ਅਜਨਬੀ ਚਿਹਰੇ ਅਤੇ ਰਣ ਭੂਮੀ ਨਾਵਲਾਂ ਵਿੱਚ ਉਸ ਨੇ ਦੇਸੀ ਪ੍ਰਵਾਸ ਅਰਥਾਤ ਪੰਜਾਬ ਤੋਂ ਬਾਹਰ ਦੂਸਰੇ ਰਾਜਾਂ ਵਿੱਚ ਵਸੇ ਪੰਜਾਬੀਆਂ ਦੀ ਮਾਨਸਿਕ ਤੇ ਆਰਥਿਕ ਚੋਤਾਂ ਪੇਸ਼ ਕੀਤਾ ਹੈ। ਸਵਰਨ ਚੰਦਨ ਮਾਰਕਸ ਦੀ ਵਿਚਾਰਧਾਰਾ ਨੂੰ ਅਪਣਾਉਣ ਵਾਲਾ ਪ੍ਰਵਾਸੀ ਪੰਜਾਬੀ ਲੇਖਕ ਹੈ ਉਹ ਹਰੇਕ ਵਰਤਾਰੇ ਨੂੰ ਮਾਰਕਸਵਾਦੀ ਤੇ ਆਰਥਿਕ ਪਰਿਪੇਖ ਵਿੱਚ ਵੇਖਦਾ ਹੈ ਨਵੇਂ ਰਿਸ਼ਤੇ ਨਾਵਲ ਜੱਟ ਅਤੇ ਹਰੀਜਨ ਸੰਬੰਧਾਂ ਨੂੰ ਵਿਦੇਸ਼ੀ ਧਰਤੀ ਉੱਤੇ ਆਪਸ ਵਿਚ ਉਲਝਦਿਆਂ ਪੇਸ਼ ਕੀਤਾ ਗਿਆ ਹੈ ਕੱਚੇ ਘਰ ਵਿੱਚ ਸੁਖੀ ਤੇ ਵਿਆਹੁਤਾ ਜੀਵਨ ਨੂੰ ਜਿਉਂ ਰਹੇ ਇੱਕ ਜੋੜੇ ਦੀ ਦਾਸਤਾਨ ਹੈ ਜੋ ਵਿਦੇਸ਼ਾਂ ਦੀ ਮਸ਼ੀਨੀ ਜ਼ਿੰਦਗੀ ਦਾ ਸ਼ਿਕਾਰ ਹੋ ਜਾਂਦਾ ਹੈ ਕੱਖ ਕਾਨ ਤੇ ਦਰਿਆ ਔਰਤ ਤੇ ਮਸਲਿਆਂ ਨਾਲ ਸੰਬੰਧਿਤ ਹੈ ਕਦਰਾਂ ਕੀਮਤਾਂ

ਵਿੱਚ ਉਸ ਨੇ ਪੰਜਾਬੀ ਜੀਵਨ ਜਾਚ ਅਤੇ ਪੱਛਮੀ ਕਦਰ ਪ੍ਰਣਾਲੀ ਨੂੰ ਆਪਸੀ ਵਿਰੋਧ ਵਿੱਚ ਰੱਖ ਕੇ ਪੇਸ਼ ਕੀਤਾ ਹੈ ਕੰਜਕਾਂ ਉਸ ਦਾ ਸਭ ਤੋਂ ਚਰਚਿਤ ਨਾਵਲ ਹੈ। ਇਸ ਨਾਲ ਵਿੱਚ ਉਨ੍ਹਾਂ ਔਰਤਾਂ ਦੀ ਪੇਸ਼ਕਾਰੀ ਹੈ ਜੋ ਆਪਣੀ ਵੱਖਰੀ ਸੱਭਿਆਚਾਰ ਪਛਾਣ ਨੂੰ ਭੁਲਾ ਕੇ ਪੱਛਮੀ ਰੰਗ ਵਿੱਚ ਰੰਗੀਆਂ ਜਾਂਦੀਆਂ ਨੇ ਇਸ ਤੋਂ ਬਾਅਦ ਚੰਦਨ ਨੇ ਉਜਾੜਾ ਤਸਦੀਕ ਅਤੇ ਹੋਰ ਵਿਦਰੋਹ ਤ੍ਰੇਲੜੀ ਨਾਲੇ ਹਨ। ਹਰਜੀਤ ਅਟਵਾਲ ਆਪਣੇ ਪਹਿਲੇ ਨਾਵਲ ਵਨ ਵੇ ਨਾਲ ਹੀ ਚਰਚਾ ਵਿੱਚ ਆ ਗਿਆ ਸੀ ਉਸਦੇ ਦੂਸਰੇ ਨਾਵਲ ਰੇਤ ਅਤੇ ਸਵਾਰੀ ਵੀ ਕਾਫ਼ੀ ਚਰਚਿਤ ਹੋਏ ਉਸ ਦੀ ਨਾਵਲਕਾਰੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਪਰਵਾਸ ਨੂੰ ਇੱਕ ਭੂਗੋਲਿਕ ਤੇ ਭੌਤਿਕ ਵਰਤਾਰੇ ਦੀ ਥਾਂ ਮਾਨਸਿਕ ਵਰਤਾਰੇ ਵਜੋਂ ਪੇਸ਼ ਕਰਦਾ ਹੈ ਉਹ ਇੱਕ ਪਾਸੇ ਪੱਛਮੀ ਸਮਾਜ ਦੀ ਖੁੱਲ੍ਹ ਅਤੇ ਭੋਗ ਵਿਲਾਸ ਨੂੰ ਬੇਗਾਨੇ ਲੋਕਾਂ ਦੀ ਜੀਵਨ ਜਾਚ ਬਣਾ ਕੇ ਪੇਸ਼ ਕਰਦੇ ਦੂਸਰੇ ਪਾਸੇ ਪੰਜਾਬੀ ਮਾਨਸਿਕਤਾ ਦੀ ਟੁੱਟ ਭੱਜ ਨੂੰ ਵੀ ਬੜੀ ਬਰੀਕੀ ਨਾਲ ਪੇਸ਼ ਕਰਦਾ ਇਨ੍ਹਾਂ ਪ੍ਰਮੁੱਖ ਨਾਵਲਕਾਰਾਂ ਤੋਂ ਛੋਟ ਸ਼ਿਵ ਸ਼ਿਵਚਰਨ ਗਿੱਲ ਨੇ ਆਪਣੇ ਮੋਹ ਜਾਲ ਰਾਹੀਂ ਵਿਦੇਸ਼ਾਂ ਵਿੱਚ ਪੰਜਾਬੀ ਲੋਕਾਂ ਦੀਆਂ ਚਾਰ ਪੀੜ੍ਹੀਆਂ ਵਿੱਚ ਪੀੜ੍ਹੀ ਪਾੜੇ ਦੇ ਸਮੱਸਿਆ ਨੂੰ ਪੇਸ਼ ਕੀਤਾ ਹੈ ਨਕਸ਼ਦੀਪ ਨੇ ਆਪਣੇ ਨਾਵਲਾਂ ਪਾਰ ਬਣਾਏ ਆਲਣੇ ਤੇ ਗਿਰਵੀ ਹੋਏ ਮਨ ਵਿੱਚ ਪੰਜਾਬੀ ਨੌਜਵਾਨਾਂ ਦੀ ਵਿਦੇਸ਼ਾਂ ਵਿੱਚ ਰੁਲ ਰਹੀ ਜਵਾਨੀ ਨੂੰ ਵਿਸ਼ਾ ਬਣਾਇਆ ਹੈ ਇਸ ਤੋਂ ਇਲਾਵਾ ਕੁਲਵਿੰਦਰ ਕੇਂਦਰ ਨੇ ਆਪਣੇ ਨਾਵਲ ਅਧੂਰੇ ਰਿਸ਼ਤੇ ਨਦੀਮ ਪਰਮਾਰ ਕਰਤਾ ਚਿੱਟੀ ਮੌਤ ਬਲਬੀਰ ਮੋਮੀ ਕਰਤਾ ਇੱਕ ਫੁੱਲ ਮੇਰਾ ਵੀ ਜੀਜਾ ਜੀ ਪੀਲਾ ਗੁਲਾਬ ਹਰਜਿੰਦਰ ਦਿਲਗੀਰ ਕਰਤਾ ਕਾਮੂ ਰੋਂਦਾ ਰਹੇਗਾ ਨਵਨੀਤ ਸੰਧੂ ਕਰਤਾ ਇਕ ਆਵਾਸ ਜਰਨੈਲ ਸੇਖਾ ਕਰਤਾ ਭਗੌੜਾ ਦੇ ਦੁਨੀਆ ਕੈਸੀ ਹੋਈ ਗੁਰਨਾਮ ਗਿੱਲ ਕਰਤਾ ਹਵਾ ਰੁਕ ਗਈ ਅਤੇ ਸੁਖਵਿੰਦਰ ਆਪਣੇ ਲਿਖੇ ਨਾਵਲ ਅਲਾਰਮ ਕਲਾਕ ਨਾਲ ਪ੍ਰਵਾਸੀ ਪੰਜਾਬੀ ਨਾਵਲ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ ਪਰਵਾਸੀ ਨਾਵਲ ਨੂੰ ਆਰੰਭ ਵਿੱਚ ਸੀਮਤ ਵਿਸ਼ੇ ਚੋਣ ਦੀ ਸਮੱਸਿਆ ਆਉਂਦੀ ਸੀ ਪਰ ਉੱਥੇ ਵੱਸੇ ਲੋਕ ਜਿਵੇਂ ਜਿਵੇਂ ਉੱਥੋਂ ਦੀ ਜ਼ਿੰਦਗੀ ਦਾ ਗਹਿਰਾ ਅਨੁਭਵ ਕਰ ਰਹੇ ਹਨ ਉਵੇਂ ਉਵੇਂ ਉਨ੍ਹਾਂ ਦਾ ਵਿਸ਼ਾ ਖੇਤਰ ਵੀ ਵਿਸ਼ਾਲ ਹੁੰਦਾ ਜਾ ਰਿਹੈ ਕੁੱਲ ਮਿਲਾ ਕੇ ਪਰਵਾਸੀ ਨਾਵਲ ਮੁੱਖ ਧਾਰਾ ਦੇ ਪੰਜਾਬੀ ਨਾਵਲ ਨੂੰ ਵੰਨਸਵੰਨਤਾ ਪ੍ਰਦਾਨ ਕਰਨ ਵਾਲਾ ਆਪਣਾ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ

**ਪਾਕਿਸਤਾਨੀ ਪੰਜਾਬੀ ਨਾਵਲ** ਮੁੱਖ ਧਾਰਾ ਅਤੇ ਪ੍ਰਵਾਸੀ ਪੰਜਾਬੀ ਤੋਂ ਨਾਵਲ ਤੋਂ ਇਲਾਵਾ ਪੰਜਾਬੀ ਨਾਵਲ ਦੀ ਇੱਕ ਹੋਰ ਅਸਲੋਂ ਹੀ ਵੱਖਰੀ ਵੰਨਗੀ ਲਹਿੰਦੇ ਜਾਂ ਪੱਛਮੀ ਪੰਜਾਬ ਵਿੱਚ ਵੀ ਵੇਖਣ ਨੂੰ ਮਿਲਦੀ ਹੈ ਇਕ ਨਵੀਨ ਕਿਸਮ ਦੀ ਆਰਥਿਕ ਰਾਜਨੀਤਿਕ ਧਾਰਮਿਕ ਅਤੇ ਸਮਾਜਿਕ ਮਾਹੌਲ ਵਿੱਚ ਰਚਿਆ ਜਾਂਦਾ ਹੋਣ ਕਾਰਨ ਪਾਕਿਸਤਾਨ ਦੇ ਪੰਜਾਬੀ ਨਾਵਲ ਦਾ ਆਪਣਾ ਮੌਲਿਕ ਮੁਹਾਂਦਰਾ ਹੈ ਪਾਕਿਸਤਾਨੀ ਪੰਜਾਬੀ ਨਾਵਲ ਦੇ ਪ੍ਰਮੁੱਖ ਨਾਵਲਕਾਰਾਂ ਵਿੱਚ ਅਫਜ਼ਲ ਅਹਿਸਨ ਰੰਧਾਵਾ ਫ਼ਖ਼ਰ ਜ਼ਮਾਨ ਸਲੀਮ ਖਾਂ ਗਿੰਨੀ ਅਹਿਸਨ ਬਟਾਲਵੀ ਕਹਿਕਸ਼ਾਂ ਮਲਿਕ ਰਜੀਆ ਨੂਰ ਮੁਹੰਮਦ ਮੁਨਤਸਰ ਹੁਸੈਨ ਤਾਰੜ ਆਦਿ ਦੇ ਨਾਮ ਵਰਨਣਯੋਗ ਹਨ ਇਨ੍ਹਾਂ ਵਿੱਚੋਂ ਅਫਜ਼ਲ ਅਹਿਸਨ ਰੰਧਾਵਾ ਨੇ ਦੀਵਾ ਤੇ ਦਰਿਆ ਸੂਰਜ ਗ੍ਰਹਿਣ ਦੁਆਬਾ ਨਾਵਲਾਂ ਦੀ ਰਚਨਾ ਕੀਤੀ ਹੈ ਮੁਨਸਰ ਹੁਸੈਨ ਨੇ ਕਹਾਣੀ ਇੱਕ ਇੱਜੜ ਦੀ ਸਲੀਮ ਖਾਂ ਗਿੰਨੀ ਨੇ ਸਾਂਝ ਫ਼ਖ਼ਰ ਜ਼ਮਾਨ ਨੇ ਬੇਵਤਨਾਂ ਬੰਦੀਵਾਨ ਸੱਤ ਬਿਗਾਨੇ ਲੋਕ ਅਤੇ ਇੱਕ ਮਰੇ ਬੱਚੇ ਦੀ ਕਹਾਣੀ ਕਹਿਕਸ਼ਾਂ ਮਾਲਕ ਨੇ ਚਿੱਕੜ ਰੰਗੀ ਮੂਰਤੀ ਤੇ ਰਜੀਆ ਨੂਰ ਮੁਹੰਮਦ ਨੇ ਬਲਦੇ ਦੀਵੇ ਨਾਵਲ ਰਚੇ ਹਨ ਪਾਕਿਸਤਾਨ ਦੇ ਸਾਹਿਤਕਾਰ ਆਪਣੇ ਦੇਸ਼ ਦੀ ਤਾਨਾਸ਼ਾਹੀ ਸਰਕਾਰ ਨਾਲ ਹਮੇਸ਼ਾ ਟਕਰਾਵੀ ਸਥਿਤੀ ਵਿੱਚ ਰਹੇ ਹਨ ਇਸੇ ਕਰਕੇ ਆਪਣੀ ਗੱਲ ਕਹਿਣ ਲਈ ਪ੍ਰਤੀਕਾਤਮਕ ਵਿਧੀ ਦੀ ਵਰਤੋਂ ਕਰਦੇ ਹਨ ਪੂਰਬੀ ਪੰਜਾਬ ਦੇ ਮੁਕਾਬਲੇ ਪਾਕਿਸਤਾਨੀ ਪੰਜਾਬ ਦੇ ਨਾਵਲ ਦਾ ਗੁਣ ਅਤੇ ਗਿਣਤੀ ਦੋਵਾਂ ਪੱਖੋਂ ਬਹੁਤਾ ਵਿਕਾਸ ਨਹੀਂ ਹੋ ਸਕਿਆ ਪੂਰਬੀ ਪੰਜਾਬ ਦਾ ਨਾਵਲ ਜਿੱਥੇ ਇੱਕ ਸਦੀ ਦਾ ਇਤਿਹਾਸ ਸਮੋਈ ਬੈਠਾ ਉੱਥੇ ਪਾਕਿਸਤਾਨੀ ਨਾਵਲ ਦਾ ਇਤਿਹਾਸ ਸਿਰਫ਼ ਚਾਰ ਦਹਾਕਿਆਂ ਤੱਕ ਹੀ ਸੀਮਤ ਹੈ ਕੁੱਲ ਮਿਲਾਕੇ ਪੰਜਾਬੀ ਨਾਵਲ ਨੇ ਇੱਕ ਸਦੀ ਦੀ ਵਿਕਾਸ ਯਾਤਰਾ ਪੂਰੀ ਕੀਤੀ ਹੈ ਵੈਸੇ ਇਸ ਦਾ ਸਬੰਧ ਤਿੰਨ ਸਦੀਆਂ ਨਾਲ ਰਿਹਾ ਹੈ ਪਰ ਪੰਜਾਬੀ ਪੰਜਾਬੀ ਨਾਵਲ ਦੀਆਂ ਸਰਬ ਉੱਚ ਪ੍ਰਾਪਤੀਆਂ ਵੀਹਵੀਂ ਸਦੀ ਵਿੱਚ ਹੀ ਸੰਭਵ ਹੋ ਸਕੀਆਂ ਹਨ ਭਾਰਤੀ ਸਾਹਿਤ ਦਾ ਸਰਵਉੱਚ ਐਵਾਰਡ ਗਿਆਨਪੀਠ ਵੀ ਇਸੇ ਦੇ ਹਿੱਸੇ ਬੀਵੀ ਸਦੀ ਵਿੱਚ ਹੀ ਆਇਆ ਹੈ ਪਿਛਲੇ ਕੁਝ ਕੁ ਸਾਲਾਂ ਤੋਂ ਇਸ ਨੇ ਅਸੀਮ ਸੰਭਾਵਨਾਵਾਂ ਨਾਲ ਇੱਕੀਵੀਂ ਸਦੀ ਵਿੱਚ ਪੈਰ ਧਰਿਆ ਹੈ ਨਵੀਂ ਸਦੀ ਦੇ ਨਵੇਂ ਯੁੱਗ ਵਿੱਚ ਇਹ ਨਵੇਂ ਮਨੁੱਖ ਦੀਆਂ ਨਵੀ ਕਿਸਮ ਦੀਆਂ ਸਮੱਸਿਆਵਾਂ ਪੇਸ਼ ਕਰਨ ਲਈ ਯਤਨਸ਼ੀਲ ਹੈ।

## 1.4 ਪੰਜਾਬੀ ਨਾਵਲ ਦੀਆਂ ਪ੍ਰਵਿਰਤੀਆਂ

**ਧਾਰਮਿਕ ਪ੍ਰਵਿਰਤੀ:** ਆਧੁਨਿਕ ਪੰਜਾਬੀ ਸਾਹਿਤ ਦਾ ਅਰੰਭ ਹੀ ਧਾਰਮਿਕ ਵਾਤਾਵਰਣ ਵਿਚ ਹੁੰਦਾ ਹੈ। ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਨੂੰ ਰੋਕਣ ਲਈ ਪੰਜਾਬ ਵਿਚ ਆਰੀਆ ਸਮਾਜ ਲਹਿਰ, ਸਿੰਘ ਸਭਾ ਲਹਿਰ ਅਤੇ ਅਹਿਮਦੀਆ ਲਹਿਰ ਵਰਗੀਆਂ ਧਾਰਮਿਕ ਲਹਿਰਾ ਉਤਪੰਨ ਹੋਈਆਂ। ਪੰਜਾਬੀ ਸਾਹਿਤ ਦੀ ਉਤਪਤੀ ਦਾ ਸੰਬੰਧ 'ਸਿੰਘ ਸਭਾ ਲਹਿਰ' ਨਾਲ ਜੁੜਿਆ ਹੈ। ਪਹਿਲਾ ਗਲਪਕਾਰ ਭਾਈ ਵੀਰ ਸਿੰਘ ਇਸੇ ਲਹਿਰ ਤੋਂ ਪ੍ਰਭਾਵਿਤ ਲੇਖਕ ਸੀ। ਇਸ ਲਈ ਧਾਰਮਿਕ ਪ੍ਰਵਿਰਤੀ ਅਧੀਨ ਪੰਜਾਬੀ ਵਿਚ ਢੇਰ ਸਾਰੀ ਗਲਪ ਰਚੀ ਗਈ ਹੈ। ਅਸੀਂ ਏਥੇ ਕੇਵਲ ਨਾਵਲ ਅਤੇ ਨਿੱਕੀ ਕਹਾਣੀ ਦਾ ਸੰਖੇਪ ਵਰਨਣ ਹੀ ਕਰਾਂਗੇ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਕਿਸੇ ਵੀ ਭਾਸ਼ਾ ਦੇ ਲੋਕਾਂ ਦਾ ਸਭਿਆਚਾਰਕ ਵਿਰਸਾ, ਨਵੀਨ ਚੇਤਨਾ ਅਧੀਨ ਆਈਆਂ ਪਦਾਰਥਕ ਅਤੇ ਬੌਧਿਕ ਤਬਦੀਲੀਆਂ ਹੁੰਦੀਆਂ ਹਨ। ਇਨ੍ਹਾਂ ਤਬਦੀਲੀਆਂ ਦੇ ਕਾਰਣ ਨਵੀਆਂ ਪ੍ਰਵਿਰਤੀਆਂ ਪੈਦਾ ਹੁੰਦੀਆਂ ਹਨ। ਆਧੁਨਿਕ ਕਾਲ ਦੀ ਗਲਪ ਵਿਚ ਵੀ ਧਾਰਮਿਕ ਅਤੇ ਸਭਿਆਚਾਰਕ ਵਿਰਸੇ ਦੇ ਪੁਨਰ-

ਮੁਲਾਂਕਣ ਦੀ ਪ੍ਰਵਿਰਤੀ ਪਹਿਲੀ ਤੇ ਪ੍ਰਮੁੱਖ ਪ੍ਰਵਿਰਤੀ ਹੈ। ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਅਤੇ ਚਰਨ ਸਿੰਘ ਸ਼ਹੀਦ ਇਸ ਵਿਰਤੀ ਦੇ ਉਸ ਵੇਲੇ ਦੇ ਪ੍ਰਮੁੱਖ ਲੇਖਕ ਹਨ।

ਭਾਈ ਵੀਰ ਸਿੰਘ ਨੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਸਾਹਿਤ ਰਚਨਾ ਦਾ ਕਾਰਜ ਆਰੰਭ ਕੀਤਾ। ਉਸ ਦੇ ਸਮਕਾਲ ਵਿਚ ਇਕ ਪਾਸੇ ਤਾਂ ਈਸਾਈ ਪਾਦਰੀਆਂ ਦਾ ਪ੍ਰਭਾਵ ਵਧ ਰਿਹਾ ਸੀ ਅਤੇ ਨਵੀਂ ਚੇਤਨਾ ਅਧੀਨ ਪੰਜਾਬੀ ਲੋਕ ਆਪਣੇ ਵਿਰਸੇ ਤੋਂ ਬੇਮੁਖ ਹੋ ਰਹੇ ਸਨ। ਸਿੱਖ ਜਨੜਾ ਵੀ ਗੁੰਮਰਾਹ ਹੋ ਰਹੀ ਸੀ। ਭਾਈ ਵੀਰ ਸਿੰਘ ਦੀਆਂ ਰਚਨਾਵਾਂ ਕੇਵਲ ਸਿੱਖ ਵਿਰਸੇ ਨੂੰ ਹੀ ਯਾਦ ਨਹੀਂ ਕਰਵਾਉਂਦੀਆਂ ਸਗੋਂ ਵਿਰੋਧੀ ਧਰਮਾਂ ਦੀਆਂ ਚਾਲਾਂ ਪ੍ਰਤੀ ਵੀ ਸੁਚੇਤ ਕਰਦੀਆਂ ਹਨ। ਇਸ ਸਾਰੇ ਮਾਹੌਲ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਭਾਈ ਵੀਰ ਸਿੰਘ ਨੇ ਸਿੱਖ ਧਰਮ ਦੀ ਗੌਰਵਤਾ ਅਤੇ ਅਲ੍ਹਾਰਵੀਂ ਸਦੀ ਦੇ ਸਿੱਖਾਂ ਦੇ ਸੰਘਰਸ਼ਮਈ ਇਤਿਹਾਸ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ। ਆਪਣੀ ਰਚਨਾ ਬਿਜੈ ਸਿੰਘ ਦੀ ਭੂਮਿਕਾ ਵਿਚ ਕਹੇ ਗਏ ਇਹ ਸ਼ਬਦ ਇਸ ਸੰਬੰਧ ਵਿਚ ਮਹੱਤਵਪੂਰਨ ਜਾਪਦੇ ਹਨ:

> ..... ਇਸ ਪੋਥੀ ਵਿਚ ਕਿਸੇ ਇਕ ਸਮੇਂ ਦੇ ਹਾਲਾਤ ਮਿਲੇ ਚੁਗਣ ਵਾਂਗੂ ਕੱਠੇ ਕੀਤੇ ਹਨ । ਕੌਮ ਦੀ ਹਾਲਤ ਬੜੀ ਗਿਰਾਵਟ ਵਿਚ ਹੈ ਤੇ ਇਹ ਇਕ ਤਰਲਾ ਹੈ ਕਿ ਕਿਵੇਂ ਪੁਰਾਤਨ ਹਾਲਾਤ ਵਿਚਾਰ ਕੇ ਕੰਮ ਵਿਚ ਉਤਸ਼ਾਹ ਭਰੇ ਤੇ ਇਸ ਵਿਚ ਜੀਵਨ ਦੀ ਰੌਅ ਰੁਮਕ ਪਵੇ।

**ਸੁਧਾਰਵਾਦੀ ਪ੍ਰਵਿਰਤੀ:** ਸੁਧਾਰਵਾਦੀ ਸ਼ਬਦ ਦਾ ਭਾਵ ਕਿਸੇ ਵਿਗੜੀ ਹੋਈ ਸਥਿਤੀ ਜਾਂ ਵਸਤੂ ਵਿਚ ਸੁਧਾਰ ਕਰਨਾ ਹੈ। ਇਸ ਲਈ ਇਸ ਪ੍ਰਵਿਰਤੀ ਦੀ ਬੁਨਿਆਦੀ ਮੰਗ ਇਹ ਹੈ ਕਿ ਜੇ ਪਹਿਲਾਂ ਕੁਝ ਖਰਾਬ ਹੋਇਆ ਹੈ ਤਾਂ ਹੀ ਉਸ ਨੂੰ ਸੁਧਾਰਨ ਦੀ ਲੋੜ ਹੈ। ਪੰਜਾਬੀ ਸਮਾਜ ਸੈਂਕੜੇ ਸਾਲਾਂ ਤੋਂ ਜਗੀਰਦਾਰੀ ਕਦਰਾਂ-ਕੀਮਤਾਂ ਅਨੁਸਾਰ ਜੀਵਨ ਬਤੀਤ ਕਰ ਰਿਹਾ ਸੀ। ਅੰਗਰੇਜ਼ਾਂ ਦੇ ਆਉਣ ਨਾਲ ਨਵੀਂ ਚੇਤਨਾ ਦੀ ਰੋਸ਼ਨੀ ਵਿਚ ਪੁਰਾਤਨ ਤੇ ਥੋਥੀਆਂ ਰਸਮਾਂ ਨੂੰ ਸੁਧਾਰਨ ਦੀ ਲੋੜ ਸੀ। ਇਸ ਸਮਾਜਿਕ ਸੋਚ ਵਿਚੋਂ ਹੀ ਸੁਧਾਰਵਾਦੀ ਪ੍ਰਵਿਰਤੀ ਦਾ ਜਨਮ ਹੋਇਆ ਹੈ। ਇਹ ਸੁਧਾਰ, ਧਰਮ, ਸਭਿਆਚਾਰ, ਸਮਾਜਿਕ ਅਤੇ ਆਰਥਿਕ ਖੇਤਰ ਦਾ ਸੁਧਾਰ ਸੀ!

ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬੀ ਸਾਹਿਤ ਦੇ ਹਰ ਰੂਪ ਵਿਚ ਸੁਧਾਰਵਾਦੀ ਪ੍ਰਵਿਰਤੀਆਂ ਆਰੰਭ ਹੋ ਚੁੱਕੀਆਂ ਸਨ ਪਰ ਆਜ਼ਾਦੀ ਤੋਂ ਬਾਅਦ ਇਸ ਪ੍ਰਵਿਰਤੀ ਦਾ ਬੜੀ ਤੇਜ਼ੀ ਨਾਲ ਵਿਕਾਸ ਹੋਇਆ? ਸੁਧਾਰਵਾਦ ਦੇ ਖੇਤਰ ਵਿਚ ਨਾਨਕ ਸਿੰਘ ਪ੍ਰਮੁੱਖ ਨਾਵਲਕਾਰ ਹੈ। ਸੁਧਾਰਵਾਦ ਦੇ ਅੰਤਰਗਤ ਮਾਨਵਵਾਦੀ ਪ੍ਰਵਿਰਤੀ ਦਾ ਵੀ ਕਾਫੀ ਵਿਕਾਸ ਹੋਇਆ। ਨਾਨਕ ਸਿੰਘ ਅਤੇ ਹੋਰ ਨਾਵਲਕਾਰਾਂ ਨੇ ਨਿਰਮੂਲ ਸਮਾਜਿਕ ਰਹੁ-ਰੀਤਾਂ, ਧਾਰਮਿਕ ਅਡੰਬਰਾਂ, ਸਮਾਜਿਕ ਕੁਰੀਤੀਆਂ, ਭ੍ਰਿਸ਼ਟਾਚਾਰ, ਬਾਲ-ਵਿਆਹ, ਵੇਸ਼ਵਾ ਸਮੱਸਿਆ, ਮੁਕੱਦਮੇਬਾਜ਼ੀ ਦੀ ਸਮੱਸਿਆ ਆਦਿ ਨੂੰ ਆਪਣੀਆਂ ਰਚਨਾਵਾਂ ਵਿਚ ਬਿਆਨ ਕੀਤਾ ਹੈ। ਨਾਨਕ ਸਿੰਘ ਦੇ ਨਾਵਲ ਆਦਮਖੋਰ', 'ਗਰੀਬ ਦੀ ਦੁਨੀਆਂ', 'ਮੰਝਧਾਰ', 'ਚਿੱਤਰਕਾਰ', 'ਪਵਿੱਤਰ ਪਾਪੀ' ਅਤੇ 'ਚਿੱਟਾ ਲਹੂ' ਆਦਿ ਸੁਧਾਰਵਾਦੀ ਪ੍ਰਵਿਰਤੀ ਦੇ ਨਾਵਲ ਹਨ। ਸੁਰਿੰਦਰ ਸਿੰਘ ਨਰੂਲਾ ਦੇ ਨਾਵਲ 'ਦੀਨ ਤੇ ਦੁਨੀਆਂ ਅਤੇ 'ਦਿਲ ਦਰਿਆ' ਇਸੇ ਪ੍ਰਵਿਰਤੀ ਦੇ ਨਾਵਲ ਹਨ। ਕਰਤਾਰ ਸਿੰਘ ਦੁੱਗਲ ਦੇ ਨਾਵਲ 'ਆਂਦਰਾਂ' ਅਤੇ 'ਨਹੁੰ ਤੇ ਮਾਸ' ਵੀ ਇਸੇ ਪ੍ਰਵਿਰਤੀ ਦੇ ਨਾਵਲ ਹਨ। ਇਸ ਕਾਲ ਵਿਚ ਅਤੇ ਇਸ ਤੋਂ ਬਾਅਦ ਵੀ ਸੁਧਾਰਵਾਦੀ ਪ੍ਰਵਿਰਤੀ ਅਧੀਨ ਨਾਵਲ ਰਚੇ ਜਾਂਦੇ ਰਹੇ ਹਨ।

ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਪ੍ਰਸਤੁਤ ਇਤਿਹਾਸਕ ਸਮਾਂ ਅਠਾਰਵੀਂ ਸਦੀ ਦਾ ਹੈ। ਇਸ ਇਤਿਹਾਸਕ ਕਾਲ ਨੂੰ ਆਧਾਰ ਬਣਾ ਕੇ ਭਾਈ ਸਾਹਿਬ ਨੇ ਕਲਪਿਤ ਪਾਤਰਾਂ ਦੁਆਰਾ ਸਮਕਾਲੀ ਸਿੱਖ ਸਮਾਜ ਦੇ ਸੰਕਟ ਨੂੰ ਪੇਸ਼ ਕੀਤਾ ਹੈ। ਚਿੰਤਨ ਦੀ ਦ੍ਰਿਸ਼ਟੀ ਤੋਂ ਭਾਈ ਵੀਰ ਸਿੰਘ ਅਲ੍ਹਾਰਵੀਂ ਸਦੀ ਦੇ ਸਿੱਖ ਸੰਘਰਸ਼ ਨੂੰ ਇਸ ਰੂਪ ਵਿਚ ਪ੍ਰਤਿਮਾਨ ਬਣਾ ਕੇ ਵਰਤਣਾ ਚਾਹੁੰਦਾ ਹੈ। ਉਸ ਦਾ ਵਿਚਾਰ ਹੈ ਕਿ ਜਿਸ ਤਰ੍ਹਾਂ ਸਿੱਖ ਕੌਮ ਅਲ੍ਹਾਰਵੀਂ ਸਦੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਘਰਸ਼ ਮਈ ਸਥਿਤੀ ਵਿਚੋਂ ਨਿਕਲ ਕੇ ਸਿੱਖ ਰਾਜ ਦੀ ਸਥਾਪਨਾ ਕਰਨ ਦੇ ਸਮਰੱਥ ਹੋ ਜਾਂਦੀ ਹੈ, ਠੀਕ ਉਸੇ ਤਰ੍ਹਾਂ ਸੰਭਵ ਹੈ ਕਿ ਸਿੱਖ ਕੌਮ ਆਪਣੇ ਵਿਰਸੇ ਨੂੰ ਯਾਦ ਕਰਕੇ ਸਮਕਾਲੀ ਸੰਕਟ ਵਿਚੋਂ ਸੁਰਖਰੂ ਹੋ ਜਾਵੇਗੀ। ਨਾਵਲ "ਬਿਜੈ ਸਿੰਘ ਦੀ ਭੂਮਿਕਾ ਵਿਚ ਅੱਗੇ ਜਾ ਕੇ ਉਹਨਾਂ ਲਿਖਿਆ ਹੈ :

> ਜੋ ਕਸ਼ਟ ਹੋਣੀਆਂ ਪੰਥ ਉਤੇ ਅਗਲੇ ਸਮੇਂ ਵਾਪਰਦੀਆਂ ਰਹੀਆਂ ਹਨ, ਉਹ ਮੁੜ ਆ ਵਾਪਰੀਆਂ ਹਨ। ਇਨ੍ਹਾਂ ਦੁੱਖਦਾਈ ਹੋਣੀਆਂ ਨੇ ਪੁਰਾਣੇ ਇਤਿਹਾਸਕ ਵਾਕਿਆਤ ਨੂੰ ਮੁੜ ਦੁਹਰਾ ਦਿੱਤਾ ਹੈ। ਕੌਮ ਇਸ ਵੇਲੇ ਦੁੱਖਾਂ ਦੇ ਮੂੰਹ ਆ ਗਈ ਹੈ । ਆਸ ਹੈ ਕਿ ਪੁਰਾਣੇ ਸਿੱਖ ਸੂਰਿਆਂ ਦੇ ਹਾਲ, ਜੋ ਇਸ ਪੋਥੀ ਵਿਚ ਹਨ - ਸਹਾਰਾ ਦੇਣਗੇ, ਤੇ ਰਹਿਨੁਮਾਈ ਕਰਨਗੇ ਕਿ ਗੁਰਬਾਣੀ ਦਾ ਆਸਰਾ ਇਖਲਾਕ ਦੀ ਉਚਤਾ, ਪਰ ਪ੍ਰੇਮ ਅਤੇ ਸਾਂਝੇ ਕੰਮਾਂ ਲਈ ਕੁਰਬਾਨੀ, ਪੰਥ ਨੂੰ ਉਚਿਆਂ ਲੈ ਨਿਕਲੇਗੀ ਅਤੇ ਸਲਾਮਤੀ ਬਖਸ਼ੇਗੀ|2
>
> ਉਪਰੋਕਤ ਟਿਪਣੀ ਲੇਖਕ ਦੇ ਉਦੇਸ਼ ਅਤੇ ਸਮਕਾਲੀ ਸਮਾਜ ਦੀ ਲੋੜ ਵੱਲ ਸੰਕੇਤ ਕਰਦੀ ਹੈ। ਇਸ ਦੇ ਨਾਲ ਹੀ ਇਹ ਟਿੱਪਣੀ ਇਕ ਪ੍ਰਵਿਰਤੀ ਵਜੋਂ ਪੰਜਾਬੀ ਨਾਵਲ ਦੇ ਇਕ ਪਹਿਲੂ ਨਾਲ ਜਾਣ-ਪਛਾਣ ਕਰਵਾਉਂਦੀ ਹੈ। ਭਾਈ ਵੀਰ ਸਿੰਘ ਤੋਂ ਬਾਅਦ ਭਾਈ ਮੋਹਨ ਸਿੰਘ ਵੈਦ ਅਤੇ ਚਰਨ ਸਿੰਘ ਸ਼ਹੀਦ ਨੇ ਇਸ ਆਸ਼ੇ ਦੀ ਗਲਪ ਦੀ ਰਚਨਾ ਕੀਤੀ। 1947 ਤੋਂ ਬਾਅਦ ਧਾਰਮਿਕ ਪ੍ਰਵਿਰਤੀ ਅਧੀਨ ਹਰਿਨਾਮ ਦਾਸ ਸਹਿਰਾਈ, ਗਿਆਨੀ ਭਜਨ ਸਿੰਘ ਆਦਿ ਨੇ ਇਸ ਪ੍ਰਵਿਰਤੀ ਦੇ ਨਾਵਲ ਲਿਖੇ ਹਨ।

**ਪ੍ਰਗਤੀਵਾਦੀ ਪ੍ਰਵਿਰਤੀ**: ਪ੍ਰਗਤੀਵਾਦੀ ਲਹਿਰ ਅਧੀਨ ਪੰਜਾਬੀ ਵਿਚ ਢੇਰ ਸਾਰਾ ਸਾਹਿਤ ਰਚਿਆ ਗਿਆ ਹੈ। ਪ੍ਰਗਤੀਵਾਦੀ ਲਹਿਰ ਵਿਸ਼ਵ ਵਿਆਪੀ ਲਹਿਰ ਦੇ ਰੂਪ ਵਿਚ ਉਪਜੀ ਤੇ ਵਿਕਸਿਤ ਹੋਈ ਹੈ। ਪੰਜਾਬੀ ਨਾਵਲ ਵਿਚ ਮਾਰਕਸਵਾਦੀ ਚਿੰਤਨ ਦੇ ਪ੍ਰੇਰਨਾ ਸਰੋਤ ਵਜੋਂ ਪ੍ਰਗਤੀਵਾਦੀ ਲਹਿਰ ਉਤਪੰਨ ਹੋਈ ਹੈ। ਵਿਸ਼ਵ ਵਿਆਪੀ ਚੇਤਨਾਂ ਦੇ ਅੰਤਰਗਤ ਵੀਹਵੀਂ ਸਦੀ ਦੇ ਪਹਿਲੇ ਅੱਧ ਤੋਂ ਹੀ ਪੰਜਾਬੀ ਲੇਖਕਾਂ ਉੱਤੇ ਪ੍ਰਗਤੀਵਾਦੀ ਲਹਿਰ ਦਾ ਪ੍ਰਭਾਵ ਪੈਣਾ ਆਰੰਭ ਹੋ ਗਿਆ ਸੀ। ਇਸ ਲਹਿਰ ਅਧੀਨ ਗਲਪ-ਰਚਨਾ ਕਰਨ ਵਾਲੇ ਗਲਪਕਾਰਾਂ ਨੇ ਜਗੀਰਦਾਰੀ ਸਮਾਜ ਵਿਰੁੱਧ ਅਤੇ ਸਾਮਰਾਜੀ ਤਾਕਤਾਂ ਦੇ ਵਿਰੋਧ ਵਿਚ ਰਚਨਾਵਾਂ ਰਚਣੀਆਂ ਆਰੰਭ ਕੀਤੀਆਂ। ਸੰਤ ਸਿੰਘ ਸੇਖੋਂ ਦਾ ਲਹੂ ਮਿੱਟੀ', ਸੁਰਿੰਦਰ ਸਿੰਘ ਨਰੂਲਾ ਦਾ'ਪਿਉ ਪੁੱਤਰ', 'ਰੰਗ ਮਹੱਲ ਆਦਿ ਦੇ ਨਾਵਲਾਂ ਵਿਚ ਪ੍ਰਗਤੀਵਾਦੀ ਸਿਧਾਂਤ ਦੀ ਸਫਲ ਪੇਸ਼ਕਾਰੀ ਹੋਈ ਹੈ। "ਲੋਕ ਦੁਸ਼ਮਣ', 'ਨੀਲੀਬਾਰ' ਇਸ ਪ੍ਰਵਿਰਤੀ ਦੇ ਪ੍ਰਤੀਨਿਧ ਨਾਵਲ ਹਨ । ਜਸਵੰਤ ਸਿੰਘ ਕੰਵਲ ਦੀਆਂ ਰਚਨਾਵਾਂ 'ਰਾਤ ਬਾਕੀ ਹੈ', 'ਭਵਾਨੀ' ਅਤੇ 'ਲਹੂ ਦੀ ਲੋਅ ਮਹੱਤਵਪੂਰਨ ਪ੍ਰਗਤੀਵਾਦੀ ਰਚਨਾਵਾਂ ਹਨ। ਰਾਤ ਬਾਕੀ ਹੈ', 1955 ਵਿਚ ਚੱਲੀ 'ਤਿਲੰਗਾਨਾ' ਕਿਸਾਨ ਲਹਿਰ ਤੋਂ ਪ੍ਰਭਾਵਿਤ ਹੋ ਕੇ ਰਚਿਆ ਗਿਆ ਸੀ। ਇਸ ਨਾਵਲ ਵਿਚ ਪੈਪਸੂ ਦੀ ਜਾਗੀਰਦਾਰੀ ਵਿਰੁੱਧ ਉਠੀ ਕਿਸਾਨ-ਲਹਿਰ ਦੇ ਹਾਲਾਤ ਬਿਆਨ ਕੀਤੇ ਗਏ ਹਨ। ਉਸ ਦਾ ਨਾਵਲ ਲਹੂ ਦੀ ਲੋਅ ਨਕਸਲਵਾਦੀ ਲਹਿਰ ਤੋਂ ਪ੍ਰਭਾਵਿਤ ਹੈ। ਇਸ ਪ੍ਰਵਿਰਤੀ ਦੇ ਨਾਵਲਕਾਰਾਂ ਵਿਚੋਂ ਓਮ ਪ੍ਰਕਾਸ਼ ਗਾਸੋ ਦਾ ਨਾਵਲ 'ਪੰਚ ਨਾਦ ਵਰਨਣਯੋਗ ਰਚਨਾ ਹੈ। ਕਰਮਜੀਤ ਕੁੱਸਾ, ਬਲਜੀਤ ਕੌਰ ਬੱਲੀ, ਇੰਦਰ ਸਿੰਘ ਖਾਮੋਸ਼ ਆਦਿ ਪ੍ਰਗਤੀਵਾਦੀ ਪ੍ਰਵਿਰਤੀ ਦੇ ਨਾਵਲਕਾਰ ਹਨ। 1947 ਤੋਂ ਜਲਦੀ ਹੀ ਬਾਅਦ ਅਰੰਭਲੇ ਦੌਰ ਵਿਚ ਨਾਨਕ ਸਿੰਘ ਦੇ ਨਾਵਲ 'ਨਾਸੂਰ', 'ਆਦਮਖੋਰ' ਅਤੇ 'ਪਵਿੱਤਰ ਪਾਪੀ ਵਿਚ ਇਹ ਪ੍ਰਵਿਰਤੀ ਪਾਈ ਜਾਂਦੀ ਹੈ। ਸੋਹਣ ਸਿੰਘ ਸੀਤਲ ਦਾ ਨਾਵਲ 'ਯੁਗ ਬਦਲ ਗਿਆ' ਨੂੰ ਵੀ ਪ੍ਰਗਤੀਵਾਦੀ ਪ੍ਰਵਿਰਤੀ ਦਾ ਨਾਵਲ ਮੰਨਿਆ ਜਾ ਸਕਦਾ ਹੈ। ਡਾ. ਗੁਰਚਰਨ ਸਿੰਘ ਅਰਸ਼ੀ ਦੇ ਨਾਵਲ 'ਬੀਮਾਰ ਸੜਕਾਂ ਗੁਰਮੁਖਜੀਤ ਸਿੰਘ ਦੇ ਨਾਵਲ 'ਮ੍ਰਿਗ ਤ੍ਰਿਸ਼ਨਾ ਅਤੇ ਸਵਿੰਦਰ ਸਿੰਘ ਉੱਪਲ ਦੇ ਨਾਵਲ 'ਲਛਮਣ ਰੇਖਾ' ਵਿਚ ਵੀ ਪ੍ਰਗਤੀਵਾਦੀ ਪ੍ਰਵਿਰਤੀ ਦਾ ਪ੍ਰਗਟਾਵਾ ਹੋਇਆ ਹੈ।

**ਮਨੋਵਿਗਿਆਨਕ ਪ੍ਰਵਿਰਤੀ**: ਮਨੋਵਿਗਿਆਨਕਵਾਦ ਅਜੋਕੇ ਸਾਹਿਤ ਦਾ ਪ੍ਰਮੁੱਖ ਲੱਛਣ ਬਣ ਗਿਆ ਹੈ। ਇਸ ਪ੍ਰਵਿਰਤੀ ਅਧੀਨ ਨਾਵਲੀ-ਪਾਤਰਾਂ ਦੇ ਬਾਹਰੀ ਚਿਤਰਣ ਨਾਲੋਂ ਉਨ੍ਹਾਂ ਦੇ ਅੰਦਰੂਨੀ ਮਾਨਸਿਕ ਚਿੱਤ-ਬਿਰਤੀਆਂ ਵਿਚ ਹੁੰਦੀ ਹਿਲ-ਜੁਲ ਨੂੰ ਚਿਤਰਣ ਦਾ ਵਧੇਰੇ ਯਤਨ ਕੀਤਾ ਜਾਂਦਾ ਹੈ। ਮਨੋਵਿਗਿਆਨੀਆਂ ਦਾ ਵਿਚਾਰ ਹੈ ਕਿ ਮਨੁੱਖ ਜੋ ਕੁਝ ਵੀ ਬਾਹਰੀ ਤੌਰ ਤੇ ਵਿਵਹਾਰ ਕਰਦਾ ਹੈ ਉਸ ਦਾ ਆਧਾਰ ਉਸ ਦੀ ਅੰਦਰੂਨੀ ਮਾਨਸਿਕ ਸਥਿਤੀ ਹੁੰਦੀ ਹੈ। ਵਿਸ਼ਵ ਵਿਚ ਇਸ ਪ੍ਰਵਿਰਤੀ ਦਾ ਜਨਮਦਾਤਾ ਸਿੰਗਮੰਡ ਫਰਾਇਡ ਨੂੰ ਮੰਨਿਆ ਜਾਂਦਾ ਹੈ। ਪੂਰਵ ਸੁਤੰਤਰ ਕਾਲ ਵਿਚ ਜੋਸੂਆ ਫਜ਼ਲਦੀਨ ਦੁਆਰਾ ਰਚਿਤ ਨਾਵਲ 'ਪ੍ਰਭਾ' ਵਿਚ ਸਭ ਤੋਂ ਪਹਿਲਾਂ ਇਸ ਪ੍ਰਵਿਰਤੀ ਦੀ ਵਰਤੋਂ ਹੋਈ ਹੈ। ਗੁਰਬਖਸ਼ ਸਿੰਘ ਦੇ ਨਾਵਲ 'ਅਣਵਿਆਹੀ ਮਾਂ ਅਤੇ ਨਾਨਕ ਸਿੰਘ ਦਾ 'ਪਵਿੱਤਰ ਪਾਪੀ ਵੀ ਇਸੇ ਪ੍ਰਵਿਰਤੀ ਦੇ ਲਖਾਇਕ ਹਨ। ਦਲੀਪ ਕੌਰ ਟਿਵਾਣਾ ਦੇ ਨਾਵਲ 'ਅਗਨੀ ਪ੍ਰੀਖਿਆ' ਅਤੇ 'ਤੀਲੀ ਦਾ ਨਿਸ਼ਾਨ' ਇਸ ਪ੍ਰਵਿਰਤੀ ਦੇ ਸਫਲ ਨਾਵਲ ਹਨ। ਸੁਖਬੀਰ ਅਜੋਕੇ ਸਮੇਂ ਵਿਚ ਇਸ ਵਿਰਤੀ ਦਾ ਪ੍ਰਮੁੱਖ ਨਾਵਲਕਾਰ ਹੈ। ਉਸ ਦੇ ਤਿੰਨ ਨਾਵਲ 'ਰਾਤ ਦਾ ਚਿਹਰਾ, "ਪਾਣੀ ਤੇ ਪੁਲ ਅਤੇ ਸੜਕਾਂ ਤੇ ਕਮਰੇ' ਮਨੋਵਿਸ਼ਲੇਸ਼ਣਾਤਮਕ ਵਿਧੀ ਦੁਆਰਾ ਸ਼ਹਿਰੀ ਜੀਵਨ ਦੇ ਵਾਸਤਵਿਕ ਮਨੋਵਿਗਿਆਨਕ ਚਿੱਤਰ ਪੇਸ਼ ਕਰਦੇ ਹਨ।

ਸੁਰਜੀਤ ਸਿੰਘ ਸੇਠੀ ਇਸ ਪ੍ਰਵਿਰਤੀ ਦਾ ਇਕ ਹੋਰ ਪ੍ਰਮੁੱਖ ਨਾਵਲਕਾਰ ਸੀ। ਉਸ ਨੇ ਭਾਵੇਂ ਵਧੇਰੇ ਪ੍ਰਸਿੱਧੀ ਨਾਟਕ ਦੇ ਖੇਤਰ ਵਿਚ ਪ੍ਰਾਪਤ ਕੀਤੀ ਹੈ ਪਰ ਬਤੌਰ ਮਨੋਵਿਗਿਆਨੀ ਨਾਵਲਕਾਰ ਦੇ ਵੀ ਉਸ ਨੇ ਚੋਖਾ ਨਾਮਣਾ ਖੱਟਿਆ ਹੈ। ਉਸ ਦੇ ਨਾਵਲ 'ਇਕ ਖਾਲੀ ਪਿਆਲਾ ਅਤੇ 'ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ ਇਸ ਪ੍ਰਵਿਰਤੀ ਦੇ ਉਤਮ ਨਾਵਲ ਮੰਨੇ ਗਏ ਹਨ। ਰਜਿੰਦਰ ਸਿੰਘ ਬੇਦੀ ਦੇ ਨਾਵਲ 'ਇਕ ਚਾਦਰ ਅੱਧੋਰਾਣੀ ਵਿਚ ਇਸੇ ਪ੍ਰਵਿਰਤੀ ਨੂੰ ਅਧਾਰ ਬਣਾਇਆ ਗਿਆ ਹੈ। ਹਰਿਨਾਮ ਦਾਸ ਸਹਿਰਾਈ ਇਸ ਪ੍ਰਵਿਰਤੀ ਦੀ ਵਰਤੋਂ ਆਪਣੇ ਨਾਵਲਾਂ 'ਪਥਿਕ' ਅਤੇ 'ਸਫੈਦ ਪੋਸ਼' ਵਿਚ ਕਰਦਾ ਹੈ। ਕਰਨਲ ਨਰਿੰਦਰਪਾਲ ਸਿੰਘ ਦੇ ਨਾਵਲ 'ਟਾਪੂ' ਵਿਚ ਵੀ ਮਨੋਵਿਗਿਆਨਕ ਪ੍ਰਵਿਰਤੀ ਪਾਈ ਜਾਂਦੀ ਹੈ। ਇਸ ਨਾਵਲ ਦੇ ਨਾਇਕ ਜਗਮੋਹਨ ਦਾ ਮਨੋਵਿਸ਼ਲੇਸ਼ਣ ਬੜੇ ਸਫਲ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸੁਰਜੀਤ ਹਾਂਸ ਦਾ ਨਾਵਲ 'ਮਿੱਟੀ ਦੀ ਢੇਰੀ ਅਤੇ ਸੁਰਿੰਦਰ ਕੌਰ ਦਾ ਨਾਵਲ 'ਮੋਈ ਰੁੱਤ ਇਸ ਵਿਰਤੀ ਦੇ ਸਫਲ ਨਾਵਲ ਕਹੇ ਜਾ ਸਕਦੇ ਹਨ। ਨਰਿੰਜਨ ਤਸਨੀਮ ਦੇ ਨਾਵਲ 'ਤੇੜਾਂ ਨੂੰ ਵੀ ਇਸ ਵੰਨ ਵਿਚ ਰੱਖਿਆ ਜਾ ਸਕਦਾ ਹੈ।

**ਯਥਾਰਥਵਾਦੀ ਪ੍ਰਵਿਰਤੀ**: ਇਸ ਪ੍ਰਵਿਰਤੀ ਦੀ ਵਰਤੋਂ ਲਗਪਗ ਹਰ ਖੇਤਰ ਦੇ ਸਾਹਿਤਕਾਰਾਂ ਨੇ ਕੀਤੀ ਹੈ। ਪ੍ਰੋ. ਕਿਸ਼ਨ ਸਿੰਘ ਯਥਾਰਥਵਾਦ ਦੀ ਪਰਿਭਾਸ਼ਾ ਕਰਦਿਆਂ ਹੋਇਆ ਲਿਖਦਾ ਹੈ:

> ਯਥਾਰਥਵਾਦ ਮਨੁੱਖੀ ਚੇਤਨਾ ਤੇ ਮਨੁੱਖੀ ਚਰਿੱਤਰ ਨੂੰ ਸਮਾਜਕ ਸੱਚ ਦੀ ਪਿੱਠ ਭੂਮੀ ਵਿੱਚ ਚਿਤਰਦਾ ਹੈ। ਇਹ ਪ੍ਰਤਿਨਿਧ ਸਥਿਤੀ ਵਿਚ ਪ੍ਰਤਿਨਿਧ ਪਾਤਰਾਂ ਦੀ ਵਾਸਤਵਿਕ ਪੇਸ਼ਕਾਰੀ ਦੀ ਮੰਗ ਕਰਦਾ ਹੈ |

ਇਸੇ ਤਰ੍ਹਾਂ ਪੱਛਮੀ ਆਲੋਚਕ ਵੇਰਨ ਹਾਲ (Vernon Hall) ਯਥਾਰਥਵਾਦ ਬਾਰੇ ਲਿਖਦਾ ਹੈ:

> ਸਾਹਿਤ ਵਿੱਚ ਯਥਾਰਥਵਾਦ ਸਮਾਜਕ ਵੇਗ ਦੀ ਵਾਸਤਵਿਕ ਪੱਧਰ ਤੇ ਕੀਤੀ ਕਲਾਤਮਿਕ ਪੇਸ਼ਕਾਰੀ ਹੈ। ਇਹ ਸਮੱਗਰੀ ਦੀ ਸੱਤਵਾਦੀ ਪੇਸ਼ਕਾਰੀ ਹੈ।

ਪੰਜਾਬੀ ਨਾਵਲ ਵਿਚ ਇਸ ਪ੍ਰਵਿਰਤੀ ਦੇ ਆਰੰਭ ਹੋਣ ਬਾਰੇ ਡਾ. ਜੋਗਿੰਦਰ ਸਿੰਘ ਰਾਹੀ, ਭਾਈ ਵੀਰ ਸਿੰਘ ਦਾ ਹਵਾਲਾ ਦੇ ਕੇ ਲਿਖਦਾ ਹੈ,

> "ਪਰ ਆਉਣ ਵਾਲੇ ਪੰਜਾਬੀ ਨਾਵਲਕਾਰਾਂ ਵਿਚ ਯਥਾਰਥਵਾਦੀ ਗਲਪ ਬੋਧ ਦੇ ਵਿਕਾਸ ਦਾ ਸਫ਼ਰ ਵੀ ਉਸਦੀ ਇਸ ਗਲਪ-ਬਿਰਤੀ ਤੋਂ ਹੀ ਆਰੰਭ ਹੁੰਦਾ ਹੈ। ਇਹੀ ਗਲਪ-ਬਿਰਤੀ ਉਸ ਦੀ ਛਾਇਆ ਹੇਠ ਪੈਦਾ ਹੋਣ ਵਾਲੇ ਨਾਵਲਕਾਰਾਂ, ਚਰਨ ਸਿੰਘ ਸ਼ਹੀਦ ਤੇ ਮੋਹਨ ਸਿੰਘ ਵੈਦ ਵਿਚ ਤੇ ਖੁਦ ਉਸਦੇ ਆਪਣੇ ਨਾਵਲ ਬਾਬਾ ਨੌਧ ਸਿੰਘ ਵਿਚ ਸਮਕਾਲੀ ਸਿੱਖ ਸਮਾਜ ਦੀਆਂ ਭਾਈਚਾਰਕ ਸਮੱਸਿਆਵਾਂ ਦੀ ਵਿਸ਼ੇ ਚੋਣ ਵਿਚ ਵਿਸਥਾਰ ਲੈਂਦੀ ਹੈ।"

ਪੰਜਾਬੀ ਵਿਚ ਇਸ ਪ੍ਰਵਿਰਤੀ ਦਾ ਆਰੰਭ ਨਾਨਕ ਸਿੰਘ ਦੇ ਨਾਵਲਾਂ ਨਾਲ ਹੀ ਹੋ ਜਾਂਦਾ ਹੈ। ਨਾਨਕ ਸਿੰਘ ਦੇ ਨਾਵਲਾਂ ਵਿਚ ਪ੍ਰਸਤੁਤ ਸਮਾਜਿਕ ਯਥਾਰਥਵਾਦ ਤੋਂ ਬਾਅਦ ਇਸ ਪ੍ਰਵਿਰਤੀ ਨੂੰ ਸੁਰਿੰਦਰ ਸਿੰਘ ਨਰੂਲਾ ਦੇ ਨਾਵਲਾਂ ਨੇ ਅੱਗੇ ਤੋਰਿਆ ਹੈ। ਇਸ ਪ੍ਰਵਿਰਤੀ ਅਧੀਨ ਪੰਜਾਬੀ ਨਾਵਲ ਵਿਚ ਸਮਕਾਲੀ ਜੀਵਨ ਨੂੰ ਵਾਸਤਵਿਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਅਜੋਕੇ ਸਮੇਂ ਵਿਚ ਪੈਦਾ ਹੋਏ ਮਨੁੱਖ ਦੇ ਭੌਤਿਕ ਤੇ ਪਦਾਰਥਿਕ ਵਿਕਾਸ ਨੇ ਮਨੁੱਖੀ ਚੇਤੰਨਤਾ ਨੂੰ ਯਥਾਰਥਵਾਦੀ ਬਣਾ ਦਿੱਤਾ ਹੈ। ਇਸ ਪ੍ਰਵਿਰਤੀ ਤੋਂ ਪ੍ਰਭਾਵਿਤ ਹੋ ਕੇ ਸੋਹਣ ਸਿੰਘ ਸੀਤਲ, ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਕਰਮਜੀਤ ਕੁੱਸਾ ਅਤੇ ਹਰੀ ਸਿੰਘ ਦਿਲਬਰ ਨੇ ਬੜੇ ਸਫਲ ਨਾਵਲਾਂ ਦੀ ਰਚਨਾ ਕੀਤੀ ਹੈ। ਯਥਾਰਥਵਾਦੀ ਨਾਵਲ ਦੇ ਖੇਤਰ ਵਿਚ ਸੰਤ ਸਿੰਘ ਸੇਖੋਂ ਇਕ ਮੀਲ ਪੱਥਰ ਹੈ। ਉਸਨੇ ਤਕਨੀਕ ਰੂਪ ਵਿਚ ਇਸ ਪ੍ਰਵਿਰਤੀ ਦਾ ਨਾਵਲ 'ਲਹੂ ਮਿੱਟੀ' ਲਿਖਿਆ ਹੈ। ਇਸ ਨਾਵਲ ਵਿਚ ਸੇਖੋਂ ਨੇ ਬਾਰ ਦੇ ਇਲਾਕੇ ਦੇ ਇਕ ਮੁਜ਼ਾਰੇ ਕਿਸਾਨ ਦੀ ਆਰਥਿਕ ਤੇ ਪਰਿਵਾਰਕ ਜੀਵਨ ਦੀ ਜੀਵੰਤ ਤਸਵੀਰ ਪੇਸ਼ ਕੀਤੀ ਹੈ। ਡਾ. ਅਤਰ ਸਿੰਘ ਇਸ ਨਾਵਲ ਬਾਰੇ ਵਿਚਾਰ ਕਰਦਾ ਹੋਇਆ ਆਪਣੀ ਪੁਸਤਕ 'ਕਾਵਿ-ਅਧਿਅਨ ਵਿਚ ਲਿਖਦਾ ਹੈ, "ਸੰਤ ਸਿੰਘ ਸੇਖੋਂ ਨੇ ਲਹੂ ਮਿੱਟੀ ਵਿੱਚ ਜੀਵਨ ਦੇ ਯਥਾਰਥ ਨੂੰ ਪੇਸ਼ ਕਰਨ ਲਈ ਇਕ ਮੱਧ ਸ਼੍ਰੇਣੀ ਦੇ ਕਿਸਾਨ ਦੇ ਘਰੋਗੀ ਜੀਵਨ ਨੂੰ ਪਿੱਠ ਭੂਮੀ ਵਿੱਚ ਰੱਖ ਕੇ ਸਾਧਾਰਨ ਕਿਸਾਨਾਂ ਦੇ ਹਾਵਾਂ-ਭਾਵਾਂ, ਲੋੜਾਂ-ਥੁੜਾਂ, ਆਸਾਂਡਰਾਂ ਤੇ ਔਕੜਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ | ਡਾ. ਟੀ.ਆਰ. ਵਿਨੋਦ ਨੇ ਲਿਖਿਆ ਹੈ:

> ਇਸ ਸਰਕਾਰ ਦੇ ਵਿਸ਼ਲੇਸ਼ਣ ਦਾ ਆਰੰਭ ਅਸੀਂ ਪਿ. ਸੰਤ ਸਿੰਘ ਸੇਖੋਂ ਦੇ ਉਪਨਿਆਸ 'ਲਹੂ ਮਿੱਟੀ ਤੋਂ ਕਰਦੇ ਹਾਂ। ਇਸ ਉਪਨਿਆਸ ਵਿੱਚ ਲੇਖਕ ਨੇ ਇਕ ਥੋੜ-ਜ਼ਮੀਨੀਏ ਕਿਸਾਨ ਬਿਜੈ ਸਿੰਘ ਦੀਆਂ ਆਰਥਿਕ ਔਕੜਾਂ, ਉਸ ਦੀਆਂ ਪਰੰਪਰਾਗਤ ਸੁਭਾਵਿਕ ਕਮਜ਼ੋਰੀਆਂ ਅਤੇ ਆਪਣੇ ਨਿਸ਼ਾਨੇ ਵਿਚ ਸਫ਼ਲ ਹੋਣ ਲਈ ਉਸ ਦੀ ਦ੍ਰਿੜਤਾ ਤੇ ਹੌਸਲੇ ਨੂੰ ਚਿਤਰਿਆ ਹੈ | ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਯਥਾਰਥਵਾਦੀ ਪ੍ਰਵਿਰਤੀ ਦਾ ਭਰਪੂਰ ਨਿਰੂਪਣ ਹੋਇਆ ਹੈ। ਉਸਦੇ ਨਾਵਲ 'ਅਣਹੋਏ', 'ਕੁਵੇਲਾ', 'ਅੱਧ ਚਾਨਣੀ ਰਾਤ' ਅਤੇ 'ਮੜ੍ਹੀ ਦਾ ਦੀਵਾ' ਵਿਚ ਪੰਜਾਬ ਦੇ ਪਿੰਡਾਂ ਅਤੇ ਮਾਲਵੇ ਦੀਆਂ ਮੰਡੀਆਂ ਦੇ ਯਥਾਰਥਕ ਜੀਵਨ ਨੂੰ ਪੇਸ਼ ਕੀਤਾ ਗਿਆ ਹੈ।

ਪੰਜਾਬੀ ਵਿੱਚ ਇਸ ਪ੍ਰਵਿਰਤੀ ਅਧੀਨ ਬਹੁਤ ਸਾਰੇ ਨਾਵਲ ਰਚੇ ਗਏ ਹਨ। ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿਚ ਇਸ ਪ੍ਰਵਿਰਤੀ ਅਧੀਨ ਢੇਰ ਸਾਰੀ ਸਾਹਿਤਕ ਰਚਨਾ ਹੋਈ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਯਥਾਰਥਵਾਦੀ ਪ੍ਰਵਿਰਤੀ, ਪੰਜਾਬੀ ਗਲਪ ਦੀ ਪ੍ਰਮੁੱਖ ਪ੍ਰਵਿਰਤੀ ਹੈ। ਪੰਜਾਬੀ ਨਿੱਕੀ ਕਹਾਣੀ ਦੇ ਖੇਤਰ ਵਿਚ ਇਹ ਪ੍ਰਵਿਰਤੀ ਪ੍ਰਧਾਨ ਰੂਪ ਵਿਚ ਪਾਈ ਜਾਂਦੀ ਹੈ। ਅਸਲ ਵਿਚ ਕ੍ਰਾਂਤੀਕਾਰੀ ਅਤੇ ਅਗਾਂਹ-ਵਧੂ ਵਿਚਾਰਧਾਰਾ ਅਧੀਨ ਜਿਤਨਾ ਸਾਹਿਤ ਰਚਿਆ ਗਿਆ ਹੈ ਉਹ ਕਿਸੇ ਨਾ ਕਿਸੇ ਰੂਪ ਵਿਚ ਯਥਾਰਥਵਾਦੀ ਪ੍ਰਵਿਰਤੀ ਦਾ ਹੀ ਧਾਰਨੀ ਹੈ।

**ਚੇਤਨ ਪ੍ਰਵਾਹ ਦੀ ਪ੍ਰਵਿਰਤੀ:** ਪੰਜਾਬੀ ਵਿਚ ਮਨੋਵਿਗਿਆਨਵਾਦ ਅਤੇ ਪ੍ਰਯੋਗਵਾਦੀ ਪ੍ਰਵਿਰਤੀ ਅਧੀਨ ਕੁਝ ਨਾਵਲ ਚੇਤਨ ਪ੍ਰਵਾਹ ਦੀ ਸ਼ੈਲੀ ਵਿਚ ਵੀ ਰਚੇ ਗਏ ਹਨ। ਮੂਲ ਰੂਪ ਵਿਚ ਭਾਵੇਂ ਇਹ ਨਾਵਲ ਮਨੋਵਿਗਿਆਨਕ ਪ੍ਰਵਿਰਤੀ ਵਾਲੇ ਨਾਵਲਾਂ ਦਾ ਹੀ ਅੰਗ ਹਨ ਪਰ ਰਚਨਾ ਦੀ ਤਕਨੀਕ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਵਿਚ ਨਵੇਂ ਪ੍ਰਯੋਗ ਕੀਤੇ ਗਏ ਹਨ। ਇਸ ਲਈ ਅਜਿਹੇ ਨਾਵਲਾਂ ਨੂੰ ਇਕ ਵਿਸ਼ੇਸ਼ ਪ੍ਰਵਿਰਤੀ ਦੇ ਨਾਵਲ ਮੰਨਿਆ ਜਾਣਾ ਉਚਿਤ ਜਾਪਦਾ ਹੈ। ਇਸ ਪ੍ਰਵਿਰਤੀ ਨੂੰ ਸਭ ਤੋਂ ਵੱਧ ਪ੍ਰਫੁੱਲਤ ਸੁਰਜੀਤ ਸਿੰਘ ਸੇਠੀ ਨੇ ਕੀਤਾ ਹੈ। ਸੇਠੀ ਦਾ ਨਾਵਲ 'ਇਕ ਖਾਲੀ ਪਿਆਲਾ', 'ਅੱਲ ਪੱਥਰ' ਅਤੇ 'ਆਬਰਾ ਕਦਾਬਰਾ ਪੰਜਾਬੀ ਵਿਚ ਨਵੀਂ ਤਕਨੀਕ ਦੇ ਧਾਰਨੀ ਹਨ। ਸੇਠੀ ਦਾ ਹੀ ਨਾਵਲ 'ਕੱਲ ਵੀ ਸੂਰਜ ਨਹੀਂ ਚੜ੍ਹੇਗਾ' ਇਸ ਪ੍ਰਵਿਰਤੀ ਦਾ ਅਤਿ ਸਫਲ ਨਾਵਲ ਹੈ। ਮਨਜੀਤ ਰਾਣਾ ਦਾ ਨਾਵਲ 'ਦਿਲ ਤੇ ਦੁਨੀਆਂ ਅਤੇ ਜਗਜੀਤ ਬਰਾੜ ਦਾ ਨਾਵਲ 'ਧੁੱਪ ਦਰਿਆ ਦੀ ਦੋਸਤੀ ਵੀ ਇਸ ਪ੍ਰਵਿਰਤੀ ਦੇ ਸਫ਼ਲ ਨਾਵਲ ਕਹੇ ਜਾ ਸਕਦੇ ਹਨ। ਨਰਿੰਜਨ ਤਸਨੀਮ ਦੇ ਨਾਵਲ 'ਰੇਤ ਛਲ' ਅਤੇ 'ਇਕ ਹੋਰ ਨਵਾਂ ਸਾਲ ਇਸ ਪ੍ਰਵਿਰਤੀ ਦੇ ਪ੍ਰਮੁੱਖ ਨਾਵਲ ਹਨ। ਨਰਿੰਜਨ ਤਸਨੀਮ ਇਸ ਪ੍ਰਵਿਰਤੀ ਦੇ ਨਾਵਲ ਦੇ ਸਿਧਾਂਤਕ ਪੱਖ ਬਾਰੇ ਵਿਚਾਰ ਕਰਦਿਆਂ ਹੋਇਆਂ ਲਿਖਦਾ ਹੈ:

> ਚੇਤਨਤਾ ਦੀ ਲਹਿਰ ਜਾਂ ਚੇਤਨ-ਪ੍ਰਵਾਹ ਕਿਸੇ ਤਕਨੀਕ ਦਾ ਨਾਂ ਨਹੀਂ ਸਗੋਂ ਇਸ ਤੋਂ ਭਾਵ ਨਾਵਲ ਦੇ ਕਿਸੇ ਪਾਤਰ (ਜਾਂ ਪਾਤਰਾਂ ਦੀ ਚੇਤਨਤਾ ਦੀ ਲਹਿਰ ਰਾਹੀਂ ਉਸਦੀ ਸੰਵੇਦਨਾ ਅਤੇ ਵਿਚਾਰਧਾਰਾ ਨੂੰ ਪੇਸ਼ ਕਰਨਾ ਹੈ। ਮਨੁੱਖੀ ਚੇਤਨਤਾ ਇਕ ਪ੍ਰਕਾਰ ਦੀ ਸਕਰੀਨ ਦਾ ਕੰਮ ਦਿੰਦੀ ਹੈ ਜਿਸ ਉਪਰ ਨਾਵਲ ਦਾ ਵਿਸ਼ਾ ਵਸਤੂ ਉਲੀਕਿਆ ਜਾਂਦਾ ਹੈ।

ਤਸਨੀਮ ਦੇ ਨਾਵਲ 'ਤਰੇੜਾਂ ਤੇ ਰੂਪ' (1967) ਅਤੇ 'ਰੇਤ ਛਲ (1969) ਇਸ ਪ੍ਰਵਿਰਤੀ ਦੇ ਪ੍ਰਮੁੱਖ ਨਾਵਲ ਹਨ।ਪੰਜਾਬੀ ਨਾਵਲ ਦੇ ਭਵਿੱਖ ਬਾਰੇ ਡਾ. ਜੋਗਿੰਦਰ ਸਿੰਘ ਰਾਹੀ ਦੀ ਨਿਮਲ ਲਿਖਤ ਟਿੱਪਣੀ ਕਾਫੀ ਹੱਦ ਤੱਕ ਸਹੀ ਤੇ ਦਰੁਸਤ ਜਾਪਦੀ ਹੈ:

> ਪੰਜਾਬੀ ਨਾਵਲ ਲਈ ਉਹ ਦਿਨ ਬੜਾ ਸੰਭਾਵਨਾਵਾਂ ਭਰਿਆ ਹੋਵੇਗਾ, ਜਿਸ ਦਿਨ ਸਾਡੇ ਨਾਵਲਕਾਰ ਇਕ ਪਾਸੇ ਰੂੜੀਗਤ ਪਾਤਰਾਂ ਅਤੇ ਘਟਨਾਵਾਂ ਤੋਂ ਤੇ ਦੂਜੇ ਪਾਸੇ ਖਾਲੀ ਵਿਧੀਵਾਦ ਤੋਂ ਮੁਕਤ ਹੋ ਕੇ ਯਥਾਰਥ ਦੇ ਸਿੱਧੇ ਅਨੁਭਵ ਨੂੰ ਗਲਪ-ਬੋਧ ਦੀ ਬਣਾ ਸਕਣਗੇ। ਵਰਤਮਾਨ ਦੇ ਆਲੋਚਨਾਤਮਕ ਗਲਪ-ਬਿੰਬਾਂ ਤੋਂ ਅੱਗੇ ਟੱਪ ਕੇ ਭਵਿੱਖ ਦੀਆਂ ਇਤਿਹਾਸਕ ਸੰਭਾਵਨਾਵਾਂ ਦੇ ਅਨੁਭਵ ਵੱਲ ਰੁਚਿਤ ਹੋਣਾ ਵੀ ਸਾਡੇ ਨਾਵਲ ਦੀ ਇਕ ਬੜੀ ਵੱਡੀ ਦੇਣ ਹੈ।

## ਸਾਰ-ਅੰਸ਼

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨਾਵਲ ਨੇ ਭਾਈ ਵੀਰ ਸਿੰਘ ਤੋਂ ਲੈ ਕੇ ਆਧੁਨਿਕਤਮ ਕਾਲ ਤੱਕ ਵਿਕਾਸ ਦੀਆਂ ਕਈ ਮੰਜ਼ਿਲਾਂ ਤਹਿ ਕਰ ਲਈਆਂ ਹਨ। ਧਾਰਮਿਕ ਪੁਨਰ-ਜਾਤੀ, ਸੁਧਾਰਵਾਦ, ਆਦਰਸ਼ਵਾਦ, ਯਥਾਰਥਵਾਦ, ਪ੍ਰਗਤੀਵਾਦ, ਪ੍ਰਯੋਗਵਾਦ, ਮਨੋਵਿਗਿਆਨਵਾਦ ਅਤੇ ਚੇਤਨ-ਪ੍ਰਵਾਹ ਪ੍ਰਵਿਰਤੀ ਵਿਚ ਢੇਰ ਸਾਰੀ ਗਲਪ-ਰਚਨਾ ਹੋ ਚੁੱਕੀ ਹੈ ਅਤੇ ਅੱਜ ਵੀ ਹੋ ਰਹੀ ਹੈ । ਇਸ ਤਰ੍ਹਾਂ ਇਸ ਕੇਂਦਰ ਬਿੰਦੂ ਤੋਂ ਅੱਗ ਨੌਵੇਂ ਦਹਾਕੇ ਦੀ ਗਲਪ ਰਚਨਾ ਦਾ ਦੌਰ ਆਰੰਭ ਹੁੰਦਾ ਹੈ ਜੋ ਕਿ ਸਾਡੇ ਅਧਿਐਨ ਦਾ ਕੇਂਦਰ ਹੈ। ਇਸ ਦਹਾਕੇ ਵਿਚ ਪੰਜਾਬੀ ਨੇ ਸਿਆਸੀ, ਸਮਾਜੀ ਅਤੇ ਸਭਿਆਚਾਰਕ ਸੰਕਟ ਦੀਆਂ ਘੜੀਆਂ ਦੇ ਸੰਤਾਪ ਨੂੰ ਆਪਣੇ ਪਿੰਡੇ ਤੇ ਹੰਢਾਇਆ ਹੈ। ਇਸ ਸੰਤਾਪ ਦੀ ਗੱਲ ਹਰ ਸਾਹਿਤ ਰੂਪ ਨੇ ਕੀਤੀ ਹੈ। ਕਵਿਤਾ ਤੇ ਨਾਟਕ ਵਿਚ ਵੀ ਇਹ ਗੱਲ ਤੁਰੀ ਹੈ ਪਰ ਗਲਪ ਦੇ ਹੋਰ ਖੇਤਰਾਂ ਵਿਚ ਲੇਖਕਾਂ ਦੁਆਰਾ ਜਿਸ ਸ਼ਿੱਦਤ ਨਾਲ ਇਸ ਸਮਕਾਲੀ ਵੇਦਨਾਂ ਬਾਰੇ ਮਹਿਸੂਸ ਕੀਤਾ ਹੈ, ਉਹ ਨਿਸ਼ਚੇ ਹੀ ਗੌਰਵ ਵਾਲੀ ਗੱਲ ਹੈ।

## ਕੇਂਦਰੀ ਸ਼ਬਦ

- **ਪੱਛਮੀ ਪੰਜਾਬ**: ਪਾਕਿਸਤਾਨੀ ਪੰਜਾਬ/ਲਹਿੰਦਾ ਪੰਜਾਬ
- **ਦੁਬਿਧਾ**: ਦੁਚਿੱਤੀ
- **ਵੇਦਨਾ**: ਦਰਦ
- **ਦਹਾਕਾ**: ਦਸ ਸਾਲ/ਦਸ਼ਕ

## ਸਵੈ-ਮੁਲਾਂਕਣ

1......... ਸਭਿਆਚਾਰ ਧਾੜਵੀ ਸਭਿਆਚਾਰ ਰੂਪ ਵਿਚ ਪ੍ਰਵੇਸ਼ ਕੀਤਾ ਸੀ।

ੳ) ਇਸਲਾਮੀ

ਅ) ਈਸਾਈ

ੲ) ਹਿੰਦੂ

ਸ) ਪਾਰਸੀ

2. ਪੰਜਾਬੀ ਸਾਹਿਤ ਦੀ ਉਤਪਤੀ ਦਾ ਸੰਬੰਧ '.........ਲਹਿਰ' ਨਾਲ ਜੁੜਿਆ ਹੈ।

ੳ) ਆਰੀਆ ਸਮਾਜ

ਅ) ਸਿੰਘ ਸਭਾ

ੲ) ਅਹਿਮਦੀਆ

ਸ) ਬ੍ਰਹਮੋ ਸਮਾਜ

3. ਪੰਜਾਬੀ ਨਾਵਲ ਦਾ ਮੋਢੀ ......ਨੂੰ ਮੰਨਿਆ ਜਾਂਦਾ ਹੈ?

ੳ) ਚਰਨ ਸਿੰਘ ਸ਼ਹੀਦ

ਅ) ਭਾਈ ਮੋਹਨ ਸਿੰਘ ਵੈਦ

ੲ) ਭਾਈ ਵੀਰ ਸਿੰਘ

ਸ) ਨਾਨਕ ਸਿੰਘ

4. ਕਿਹੜੇ ਸਾਲ ਸਿੱਖ ਫ਼ੌਜਾਂ ਨੂੰ ਹਰਾ ਕੇ ਅੰਗਰੇਜ਼ ਪੰਜਾਬ ਦੇ ਰਾਜ ਭਾਗ ਦੇ ਮਾਲਕ ਬਣ ਗਏ ਸਨ।

ੳ) 1800

ਅ) 1825

ੲ) 1839

ਸ) 1849

5. ਪੰਜਾਬੀ ਨਾਵਲ ਦਾ ਉਦਭਵ ਜਗੀਰਦਾਰੀ ਵਿਵਸਥਾ ਦੀ ......ਵਿਚ ਤਬਦੀਲੀ ਨਾਲ ਸੁਭਾਵਿਕ ਰੂਪ ਵਿਚ ਹੋਇਆ।

ੳ) ਪੂੰਜੀਵਾਦੀ ਵਿਵਸਥਾ

ਅ) ਨਵ-ਪੂੰਜੀਵਾਦੀ ਵਿਵਸਥਾ

ੲ) ਸਮਾਜਵਾਦੀ ਵਿਵਸਥਾ

ਸ) ਉਤਰਆਧੁਨਿਕ ਵਿਵਸਥਾ

6. ਪਹਿਲਾ ਪੰਜਾਬੀ ਮੌਲਿਕ ਨਾਵਲ .......ਹੈ

ੳ) ਮਸੀਹ ਮੁਸਾਫਿਰ ਦੀ ਯਾਤਰਾ

ਅ) ਸੁੰਦਰੀ

ੲ) ਜਯੋਤਿਦਰਯੋ

ਸ) ਬਿਜੈ ਸਿੰਘ

7. ਨਾਵਲ 'ਚੰਦਰਕਾਂਤਾ' ਦਾ ਅਨੁਵਾਦਕਾਰ ਕੌਣ ਹੈ?

ੳ) ਭਾਈ ਵੀਰ ਸਿੰਘ

ਅ) ਗਿਆਨੀ ਹਾਜ਼ਾਰਾ ਸਿੰਘ

ੲ) ਹਕੀਮ ਸੁੰਦਰ ਸਿੰਘ

ਸ) ਚਰਨ ਸਿੰਘ ਸ਼ਹੀਦ

8. ਬਲਵੰਤ ਗਾਰਗੀ ਨੇ ...... ਨਾਵਲ ਲਿਖਿਆ।

ੳ) ਸਤਵੰਤ ਕੌਰ

ਅ) ਅਣਵਿਆਹੀ ਮਾਂ

ੲ) ਪ੍ਰਭਾ

ਸ) ਕੱਕਾ ਰੇਤਾ

9. ਯਥਾਰਥਵਾਦ ਮਨੁੱਖੀ ਚੇਤਨਾ ਤੇ ਮਨੁੱਖੀ ਚਰਿੱਤਰ ਨੂੰ .....ਸੱਚ ਦੀ ਪਿੱਠ ਭੂਮੀ ਵਿੱਚ ਚਿਤਰਦਾ ਹੈ।

ੳ) ਸਮਾਜਕ

ਅ) ਸਭਿਆਚਾਰਕ

ੲ) ਰਾਜਨੀਤਕ

ਸ) ਆਰਥਿਕ

10. ਪਰਵਾਸੀ ਪੰਜਾਬੀ ਨਾਵਲ ਦੀ ਰਚਨਾ ਦ੍ਰਿਸ਼ਟੀ .....ਰਹੀ ਹੈ।

ੳ) ਰੁਮਾਂਸਵਾਦੀ

ਅ) ਯਥਾਰਥਵਾਦੀ

ੲ) ਸਮਾਜਵਾਦੀ

ਸ) ਆਦਰਸ਼ਵਾਦੀ

11. ਚੇਤਨਾ ਪ੍ਰਵਾਹ ਦੀ ਪ੍ਰਵਿਰਤੀ ਨੂੰ ਸਭ ਤੋਂ ਵੱਧ ਪ੍ਰਫੁੱਲਿਤ .....ਨੇ ਕੀਤਾ ਹੈ।

ੳ) ਜਸਵੰਤ ਕੰਵਲ

ਅ) ਨਾਨਕ ਸਿੰਘ

ੲ) ਸੁਰਜੀਤ ਸਿੰਘ ਸੇਠੀ

ਸ) ਗੁਰਬਖਸ਼ ਸਿੰਘ ਪ੍ਰੀਤਲੜੀ

12. ਕਿਸ ਪ੍ਰਵਿਰਤੀ ਤੋਂ ਪ੍ਰਭਾਵਿਤ ਹੋ ਕੇ ਸੋਹਣ ਸਿੰਘ ਸੀਤਲ, ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਕਰਮਜੀਤ ਕੁੱਸਾ ਆਦਿ ਨੇ ਨਾਵਲਾਂ ਦੀ ਰਚਨਾ ਕੀਤੀ?

ੳ) ਰੁਮਾਂਸਵਾਦੀ

ਅ) ਆਦਰਸ਼ਵਾਦੀ

ੲ) ਸੁਧਾਰਵਾਦੀ

ਸ) ਯਥਾਰਥਵਾਦੀ

13. ਸਭ ਤੋਂ ਪਹਿਲਾਂ ਮਨੋਵਿਗਿਆਨਵਾਦੀ ਪ੍ਰਵਿਰਤੀ ਦੀ ਵਰਤੋਂ ਕਿਸ ਪੰਜਾਬੀ ਨਾਵਲ ਵਿਚ ਹੋਈ ਮੰਨੀ ਜਾਂਦੀ ਹੈ?

ੳ) ਸਤਵੰਤ ਕੌਰ

ਅ) ਅਣਵਿਆਹੀ ਮਾਂ

ੲ) ਪ੍ਰਭਾ

ਸ) ਕੱਕਾ ਰੇਤਾ

14. ਪੰਜਾਬੀ ਨਾਵਲ ਵਿਚ .....ਚਿੰਤਨ ਦੇ ਪ੍ਰੇਰਨਾ ਸਰੋਤ ਵਜੋਂ ਪ੍ਰਗਤੀਵਾਦੀ ਲਹਿਰ ਉਤਪੰਨ ਹੋਈ ਹੈ।

ੳ) ਮਾਰਕਸਵਾਦੀ

ਅ) ਆਦਰਸ਼ਵਾਦੀ

ੲ) ਰੁਮਾਂਸਵਾਦੀ

ਸ) ਜੁਝਾਰਵਾਦੀ

15. ਸੁਧਾਰਵਾਦ ਦੇ ਖੇਤਰ ਵਿਚ ......ਪ੍ਰਮੁੱਖ ਨਾਵਲਕਾਰ ਹੈ।

ੳ) ਜਸਵੰਤ ਕੰਵਲ

ਅ) ਨਾਨਕ ਸਿੰਘ

ੲ) ਸੁਰਜੀਤ ਸਿੰਘ ਸੇਠੀ

ਸ) ਗੁਰਬਖਸ਼ ਸਿੰਘ ਪ੍ਰੀਤਲੜੀ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੳ** | **2 ਅ** | **3.ੲ** | **4. ਸ** | **5. ੳ** |
| **2. ੳ** | **7. ੲ** | **8. ਸ** | **9. ੳ** | **10. ਅ** |
| **11. ੲ** | **12. ਸ** | **13. ੲ** | **14. ੳ** | **15. ਅ** |

## ਅਭਿਆਸ ਪ੍ਰਸ਼ਨ

1. ਪੰਜਾਬੀ ਨਾਵਲ ਦੇ ਉਤਪਤੀ ਸਬੰਧੀ ਵਿਚਾਰ ਚਰਚਾ ਕਰੋ।
2. ਪੰਜਾਬੀ ਨਾਵਲ ਦੇ ਜਨਮ ਸਬੰਧੀ ਮਿਲਦੀਆਂ ਵਿਭਿੰਨ ਰਾਇ ਦਾ ਵਿਸਥਾਰ ਸਹਿਤ ਮੁਲਾਂਕਣ ਕਰੋ।
3. ਭਾਰਤੀ ਪੰਜਾਬੀ ਨਾਵਲ ਉਪਰ ਨੋਟ ਲਿਖੋ।
4. ਪਾਕਿਸਤਾਨੀ ਅਤੇ ਪਰਵਾਸੀ ਪੰਜਾਬੀ ਨਾਵਲ ਦਾ ਮੁੱਖ ਧਾਰਾ ਦੇ ਨਾਵਲ ਵਿੱਚ ਸਥਾਨ ਨਿਰਧਾਰਿਤ ਕਰੋ।
5. ਪੰਜਾਬੀ ਨਾਵਲ ਵਿਚਲੀਆਂ ਪ੍ਰਵਿਰਤੀਆਂ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

## Further Reading


- ਸਵਿੰਦਰ ਸਿੰਘ ਉੱਪਲ, ਪੰਜਾਬੀ ਨਾਵਲ: ਵਿਧੀ ਅਤੇ ਵਿਚਾਰ, ਪੰਜਾਬ ਰਾਈਟਰਜ਼ ਕੋਆਪਰੇਟਿਵ, ਦਿੱਲੀ, 1982.
- ਹਰਚਰਨ ਸਿੰਘ, ਪ੍ਰਸਿੱਧ ਪੰਜਾਬੀ ਨਾਵਲ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1987.
- ਗੁਰਚਰਨ ਸਿੰਘ, ਪੰਜਾਬੀ ਗਲਪ ਦਾ ਇਤਿਹਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1961.
- ਕਰਨੈਲ ਸਿੰਘ ਥਿੰਦ(ਸੰਪਾ.), ਪੰਜਾਬੀ ਨਾਵਲ ਦਾ ਸਰਵੇਖਣ ਤੇ ਮੁਲਾਂਕਣ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974.
- ਗੁਰਪਾਲ ਸਿੰਘ ਸੰਧੂ, ਪੰਜਾਬੀ ਨਾਵਲ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ.

## Online Links

- https://pa.wikipedia.org/wiki/%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%A8%E0%A8%BE%E0%A8%B5%E0%A8%B2_%E0%A8%A6%E0%A8%BE_%E0%A8%87%E0%A8%A4%E0%A8%BF%E0%A8%B9%E0%A8%BE%E0%A8%B8
- https://punjabipedia.org/topic.aspx?txt=%E0%A8%AA%E0%A9%B0%E0%A8%9C%E0%A8%BE%E0%A8%AC%E0%A9%80%20%E0%A8%A8%E0%A8%BE%E0%A8%B5%E0%A8%B2

# Unit 11: ਨਾਵਲ 'ਪਿੰਜਰ': ਥੀਮਗਤ ਪਾਸਾਰ


**ਉਦੇਸ਼**

**ਜਾਣ-ਪਛਾਣ**

**1.1 ਅੰਮ੍ਰਿਤਾ ਪ੍ਰੀਤਮ: ਜੀਵਨ ਅਤੇ ਰਚਨਾ-ਸੰਸਾਰ**

**1.2 ਨਾਵਲ 'ਪਿੰਜਰ': ਥੀਮਗਤ ਪਾਸਾਰ**

**ਸਾਰਾਂਸ਼**

**ਕੇਂਦਰੀ ਸ਼ਬਦ**

**ਸਵੈ-ਮੁਲਾਂਕਣ**

**ਸਵੈ-ਮੁਲਾਂਕਣ ਲਈ ਉੱਤਰ**

**ਅਭਿਆਸ ਪ੍ਰਸ਼ਨ**

**ਸੰਦਰਭ ਪੁਸਤਕਾਂ**


## ਉਦੇਸ਼

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

- ਅੰਮ੍ਰਿਤਾ ਪ੍ਰੀਤਮ ਦੇ ਜੀਵਨ ਅਤੇ ਰਚਨਾ-ਸੰਸਾਰ ਬਾਰੇ ਗਿਆਨ ਪ੍ਰਾਪਤ ਕਰਨ ਦੇ ਯੋਗ ਹੋਣਗੇ
- ਅੰਮ੍ਰਿਤਾ ਪ੍ਰੀਤਮ ਦੇ ਬਿਰਤਾਂਤਕ ਦ੍ਰਿਸ਼ਟੀਕੋਣ ਨੂੰ ਸਮਝਣ ਦੇ ਕਾਬਿਲ ਹੋਣਗੇ
- ਨਾਵਲ 'ਪਿੰਜਰ' ਵਿਚ ਪੇਸ਼ ਸਮੱਸਿਆਂ ਦਾ ਵਿਵੇਚਨ ਕਰਨ ਦੇ ਸਮਰੱਥ ਹੋਣਗੇ

## 1.1 ਅੰਮ੍ਰਿਤਾ ਪ੍ਰੀਤਮ: ਜੀਵਨ ਅਤੇ ਰਚਨਾ-ਸੰਸਾਰ

ਅੰਮ੍ਰਿਤਾ ਪ੍ਰੀਤਮ ਦਾ ਜਨਮ 31 ਅਗਸਤ 1919 ਨੂੰ ਗਿਆਨੀ ਕਰਤਾਰ ਸਿੰਘ ਹਿੱਤਕਾਰੀ ਦੇ ਘਰ ਮਾਤਾ ਰਾਜ ਦੀ ਕੁੱਖੋਂ ਗੁਜਰਾਂਵਾਲਾ, ਪਾਕਿਸਤਾਨ ਵਿੱਚ ਹੋਇਆ। ਅੰਮ੍ਰਿਤਾ ਪ੍ਰੀਤਮ ਦੇ ਪਿਤਾ ਸ. ਕਰਤਾਰ ਸਿੰਘ ਹਿੱਤਕਾਰੀ ਬਿਆਜ ਭਾਸ਼ਾ ਅਤੇ ਪੰਜਾਬੀ ਦੇ ਲੇਖਕ ਸਨ।ਅੰਮ੍ਰਿਤਾ ਪ੍ਰੀਤਮ ਨੇ ਕਾਫ਼ੀਏ, ਰਦੀਫ਼ ਦੀ ਜਾਣਕਾਰੀ ਅਤੇ ਕਾਵਿ ਰਚਨਾ ਦਾ ਹੋਰ ਮੁੱਢਲਾ ਗਿਆਨ ਆਪਣੇ ਪਿਤਾ ਤੋਂ ਪ੍ਰਾਪਤ ਕੀਤਾ। ਅੰਮ੍ਰਿਤਾ ਪ੍ਰੀਤਮ ਨੇ ਆਪਣੀ ਪਹਿਲੀ ਆਪਣੀ ਕਾਵਿਤਾ ਗਿਆਰਾਂ ਸਾਲ ਦੀ ਉਮਰ ਵਿੱਚ ਲਿਖੀ। ਅੰਮ੍ਰਿਤਾ ਪ੍ਰੀਤਮ ਨੇ ਆਪਣਾ ਬਚਪਨ ਅਤੇ ਜਵਾਨੀ ਲਾਹੌਰ ਵਿੱਚ ਗੁਜ਼ਾਰੇ। ਅੰਮ੍ਰਿਤਾ ਪ੍ਰੀਤਮ ਦੀ ਮਾਤਾ ਨੇ ਚਾਰ ਸਾਲ ਦੀ ਉਮਰ ਵਿੱਚ ਇਸ ਦੀ ਕੁੜਮਾਈ ਦੂਰ ਦੇ ਰਿਸ਼ਤੇ ਵਿੱਚ ਭੂਆ ਦੇ ਪੁੱਤਰ ਨਾਲ ਕਰ ਦਿੱਤੀ। ਜਦੋਂ ਇਹ ਗਿਆਰਾਂ ਸਾਲਾਂ ਦੀ ਸੀ ਤਾਂ ਇਸਦੀ ਮਾਂ ਦੀ ਮੌਤ ਹੋ ਗਈ। ਅੰਮ੍ਰਿਤ ਦਾ ਵਿਆਹ 16 ਸਾਲਾਂ ਦੀ ਉਮਰ ਵਿੱਚ ਐਡੀਟਰ ਪ੍ਰੀਤਮ ਸਿੰਘ ਨਾਲ ਹੋ ਗਿਆ ਜਿਸ ਤੋਂ ਬਾਅਦ ਉਨ੍ਹਾਂ ਨੇ ਆਪਣਾ ਨਾਮ ਅੰਮ੍ਰਿਤਾ ਪ੍ਰੀਤਮ ਬਦਲ ਲਿਆ। ਵਿਆਹ ਤੋਂ ਪਹਿਲਾ ਅੰਮ੍ਰਿਤਾ ਪ੍ਰੀਤਮ ਦਾ ਨਾਮ ਕੇਵਲ ਅੰਮ੍ਰਿਤ ਹੀ ਸੀ। ਅੰਮ੍ਰਿਤਾ ਪ੍ਰੀਤਮ ਨੇ ਦੋ ਬੱਚੇ ਪੁੱਤਰ ਨਵਰਾਜ ਅਤੇ ਪੁੱਤਰੀ ਕੰਦਲਾ ਨੂੰ ਜਨਮ ਦਿੱਤਾ। ਦੇਸ਼ ਦੀ ਵੰਡ ਤੋਂ ਪਿੱਛੋਂ ਉਹ ਲਾਹੌਰ ਤੋਂ ਦੇਹਰਾਦੂਨ ਅਤੇ ਫਿਰ ਦਿੱਲੀ ਆ ਗਈ। ਅੰਮ੍ਰਿਤਾ ਪ੍ਰੀਤਮ ਦਾ ਸਾਹਿਤ ਅਧਿਐਨ ਤੇ ਰਚਨਾ ਤੋਂ ਇਲਾਵਾ ਇਸਨੂੰ ਸੰਗੀਤ, ਫ਼ੋਟੋਗਰਾਫ਼ੀ ਅਤੇ ਟੈਨਿਸ ਖੇਡਣ ਦਾ ਵੀ ਸ਼ੌਕ ਸੀ।

ਇਸ ਤੋਂ ਬਾਅਦ 1936 ਵਿੱਚ ਅੰਮ੍ਰਿਤਾ ਦੀ ਪਹਿਲੀ ਕਿਤਾਬ "ਅੰਮ੍ਰਿਤ-ਲਹਿਰਾਂ" ਪ੍ਰਕਾਸ਼ਿਤ ਹੋਈ। ਜਿਸ ਤੋਂ ਬਾਅਦ ਅਗਲੇ 7 ਸਾਲਾਂ ਵਿੱਚ 6 ਹੋਰ ਕਾਵਿ-ਪੁਸਤਕਾਂ ਅੰਮ੍ਰਿਤਾ ਪ੍ਰੀਤਮ ਦੇ ਨਾਮ ਹੇਠ ਪ੍ਰਕਾਸ਼ਿਤ ਹੋਈਆਂ। 17 ਸਾਲ ਲਾਹੌਰ ਵਿੱਚ ਰਹਿਣ ਦੇ ਬਾਅਦ 1947 ਵਿੱਚ ਅੰਮ੍ਰਿਤਾ ਪ੍ਰੀਤਮ ਆਪਣੇ ਪਤੀ ਨਾਲ ਨਵੇਂ ਬਣੇ ਭਾਰਤ ਵਿੱਚ ਆ ਗਈ। ਇੱਕ ਰੋਮਾਂਟਿਕ ਕਵਿਤਰੀ ਵਜੋਂ ਆਪਣਾ ਕਾਵਿ ਜੀਵਨ ਸ਼ੁਰੂ ਕਰਨ ਵਾਲੀ

ਅੰਮ੍ਰਿਤਾ ਦਾ ਦੂਜਾ ਰੂਪ ਸਾਨੂੰ ਦੇਖਣ ਨੂੰ ਮਿਲਿਆ। ਮ੍ਰਿਤਾ ਪ੍ਰੀਤਮ ਉੱਚ ਪੱਧਰ ਦੀਆਂ ਕਾਵਿ-ਗੋਸ਼ਟੀਆਂ ਦੀ ਸ਼ਾਨ ਸੀ। ਉਸ ਨੇ ਵੀਅਤਨਾਮ, ਰੂਸ, ਯੂਗੋਸਲਾਵੀਆ, ਹੰਗਰੀ, ਰੋਮਾਨੀਆ ਅਤੇ ਬੁਲਗਾਰੀਆ ਦੇਸ਼ਾਂ ਦੀ ਯਾਤਰਾ ਵੀ ਕੀਤੀ।

ਅੰਮ੍ਰਿਤਾ ਪ੍ਰੀਤਮ ਦੀਆਂ ਰਚਨਾਵਾਂ ਵਿੱਚ ਨਾਵਲ, ਆਤਮਕਥਾ, ਕਹਾਣੀ ਸੰਗ੍ਰਿਹ, ਕਾਵਿ-ਸੰਗ੍ਰਹਿ, ਗਦ ਰਚਨਾਵਾਂ, ਸਫਰਨਾਮਾ, ਤੇ ਹੋਰ ਵੀ ਰਚਨਾਵਾਂ ਸ਼ਾਮਿਲ ਹੈ। ਨਾਵਲ ਰਚਨਾਵਾਂ ਦਾ ਨਾਮ ਇਸ ਪ੍ਰਕਾਰ ਹੈ::-ਜੈ ਸ੍ਰੀ (1946), ਡਾਕਟਰ ਦੇਵ (1949), (ਹਿੰਦੀ, ਗੁਜਰਾਤੀ, ਮਲਯਾਲਮ ਅਤੇ ਅੰਗਰੇਜ਼ੀ ਵਿੱਚ ਅਨੁਵਾਦ),, ਪਿੰਜਰ (1950), (ਹਿੰਦੀ, ਉਰਦੂ, ਗੁਜਰਾਤੀ, ਮਲਯਾਲਮ, ਮਰਾਠੀ, ਕੋਂਕਣੀ, ਅੰਗਰੇਜ਼ੀ, ਫਰਾਂਸੀਸੀ ਅਤੇ ਸਰਬੋਕਰੋਸ਼ਿਆਈ ਵਿੱਚ ਅਨੁਵਾਦ), ਆਹਲਣਾ (1952), (ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਅਨੁਵਾਦ) ਅੱਸ਼ੂ (1958), (ਹਿੰਦੀ ਅਤੇ ਉਰਦੂ ਵਿੱਚ ਅਨੁਵਾਦ)ਇਕ ਸਵਾਲ (1959), (ਹਿੰਦੀ ਅਤੇ ਉਰਦੂ ਵਿੱਚ ਅਨੁਵਾਦ)ਧਰਤੀ ਸਾਗਰ ਤੇ ਸਿੱਪੀਆਂ (1965), (ਹਿੰਦੀ ਅਤੇ ਉਰਦੂ ਵਿੱਚ ਅਨੁਵਾਦ) ਦਿੱਲੀ ਦੀਆਂ ਗਲੀਆਂ (1968), (ਹਿੰਦੀ ਵਿੱਚ ਅਨੁਵਾਦ)ਧੁੱਪ ਦੀ ਕਾਤਰ (1969)ਏਕਤੇ ਏਰਿਅਲ (1969), (ਹਿੰਦੀ ਅਤੇ ਅੰਗਰੇਜੀ ਵਿੱਚ ਅਨੁਵਾਦ)ਜਲਾਵਤਨ (1970), (ਹਿੰਦੀ ਅਤੇ ਅੰਗਰੇਜੀ ਵਿੱਚ ਅਨੁਵਾਦ)ਯਾਤਰੀ (1971), (ਹਿੰਦੀ, ਕੰਨੜ, ਅੰਗਰੇਜ਼ੀ, ਬਾਂਗਲਾ ਅਤੇ ਸਰਬੋਕਰੋਟ ਵਿੱਚ ਅਨੁਵਾਦ)ਤੇਰਹਵਾਂ ਸੂਰਜ (1978), (ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਅਨੁਵਾਦ)ਉਨਿੰਜਾ ਦਿਨ (1979), (ਹਿੰਦੀ ਅਤੇ ਅੰਗਰੇਜ਼ੀ ਵਿੱਚ ਅਨੁਵਾਦ)ਕੋਰੇ ਕਾਗਜ (1982), (ਹਿੰਦੀ ਵਿੱਚ ਅਨੁਵਾਦ)ਹਰਦੱਤ ਦਾ ਜ਼ਿੰਦਗੀਨਾਮਾ (1982), (ਹਿੰਦੀ ਅਤੇ ਅੰਗਰੇਜ਼ੀ ਵਿੱਚ ਅਨੁਵਾਦ)

ਅੰਮ੍ਰਿਤਾ ਪ੍ਰੀਤਮ ਦੁਆਰਾ ਲਿਖਿਆ ਆਤਮਕਥਾ ਸੋਧੋ:-ਰਸੀਦੀ ਟਿਕਟ (1976)। ਅੰਮ੍ਰਿਤਾ ਪ੍ਰੀਤਮ ਲਿਖੇ ਗਏ ਕਹਾਣੀ ਸੰਗ੍ਰਿਹ ਸਭ ਹਿੰਦੀ ਅਨੁਵਾਦ ਵਿੱਚ ਹੈ ਕਹਾਣੀ ਸੰਗ੍ਰਿਹ ਕੁਝ ਇਸ ਪ੍ਰਕਾਰ ਹੈ:-ਛੱਤੀ ਵਰ੍ਹੇ ਬਾਅਦ ,ਕੁੰਜੀਆਂ ,ਆਖਰੀ ਖਤ ,ਗੋਜਰ ਦੀਆਂ ਪਰੀਆਂ ,ਚਾਨਣ ਦਾ ਹਉਕਾ , ਜੰਗਲੀ ਬੂਟੀ ,ਹੀਰੇ ਦੀ ਕਣੀ,ਲਾਤੀਯਾਂ ਦੀ ਛੋਕਰੀ,ਪੰਜ ਵਰ੍ਹੇ ਲੰਮੀ ਸੜਕ,ਇਕ ਸ਼ਹਿਰ ਦੀ ਮੌਤ,ਤੀਜੀ ਔਰਤ। ਅੰਮ੍ਰਿਤਾ ਪ੍ਰੀਤਮ ਦੁਆਰਾ ਕੀਤੇ ਗਏ ਕਾਵਿ-ਸੰਗ੍ਰਹਿ :-ਠੰਢੀਆਂ ਕਿਰਨਾਂ , ਅੰਮ੍ਰਿਤ ਲਹਿਰਾਂ ,ਜਿਉਂਦਾ ਜੀਵਨ , ਤ੍ਰੇਲ ਧੋਤੇ ਫੁੱਲ , ਓ ਗੀਤਾਂ ਵਾਲਿਓ ,ਅੰਮੜੀ ਦਾ ਵਿਹੜਾ,ਬੱਦਲਾਂ ਦੇ ਪੱਲੇ ਵਿੱਚ ,ਸੰਝ ਦੀ ਲਾਲੀ ,ਨਿੱਕੀ ਜਿਹੀ ਸੌਗਾਤ ,ਲੋਕ ਪੀੜ ,ਪੱਥਰ ਗੀਟੇ ,ਲੰਮੀਆਂ ਵਾਟਾਂ,ਮੈਂ ਤਵਾਰੀਖ ਹਾਂ ਹਿੰਦ ਦੀ , ਸਰਘੀ ਵੇਲਾ, ਮੇਰੀ ਚੋਣਵੀਂ ਕਵਿਤਾ ,ਸੁਨੇਹੜੇ ,ਅਸ਼ੋਕਾ ਚੇਤੀ ,ਕਸਤੂਰੀ ,ਨਾਗਮਣੀ ,ਛੇ ਰੁੱਤਾਂ,ਮੈਂ ਜਮਾਂ ਤੂੰ ,ਲਾਮੀਆਂ ਵਤਨ,ਕਾਗਜ ਤੇ ਕੈਨਵਸ ਹਨ। ਅੰਮ੍ਰਿਤਾ ਪ੍ਰੀਤਮ ਗਦ ਰਚਨਾਵਾਂ ਵੀ ਹਿੰਦੀ ਅਨੁਵਾਦ ਵਿੱਚ ਹੈ ਤੇ ਉਹਨਾਂ ਨਾਮ ਪ੍ਰਕਾਰ ਹਨ:- ਕਿਰਮਿਚੀ ਲਕੀਰਾਂ, ਕਾਲ਼ਾ ਗੁਲਾਬ,ਅੱਗ ਦੀਆਂ ਲਕੀਰਾਂ ,ਇਕੀ ਪੱਤੀਆਂ ਦਾ ਗੁਲਾਬ , ਸਫਰਨਾਮਾ ,ਔਰਤ: ਇੱਕ ਦ੍ਰਿਸ਼ਟੀਕੋਣ ,ਇਕ ਉਦਾਸ ਕਿਤਾਬ,ਆਪਣੇ – ਆਪਣੇ ਚਾਰ ਵਰੇ ,ਕੇੜੀ ਜ਼ਿੰਦਗੀ ਕੇੜਾ ਸਾਹਿਤ ,ਕੱਚੇ ਅਖਰ ,ਇਕ ਹਥ ਮੇਹੰਦੀ ਇੱਕ ਹਥ ਛੱਲਾ ,ਮੁਹੱਬਤਨਾਮਾ,ਮੇਰੇ ਕਾਲ ਮੁਕਟ ਸਮਕਾਲੀ ,ਸ਼ੌਕ ਸੁਰੇਹੀ ,ਕੜੀ ਧੁੱਪ ਦਾ ਸਫਰ ,ਅੱਜ ਦੇ ਕਾਫਰ ਹਨ। ਅੰਮ੍ਰਿਤਾ ਪ੍ਰੀਤਮ ਸਫਰਨਾਮਾ, ਬਾਰੀਆਂ ਝਰੋਖੇ ਤੇ ਹੋਰ ਰਚਨਾਵਾਂ:-ਬਲ ਬਲ ਦੀਵੜਿਆ,ਅਦਨ ਬਾਗ਼ ਦੇ ਯੋਗੀ ਸ਼ਾਮਿਲ ਹਨ। ਅੰਮ੍ਰਿਤਾ ਪ੍ਰੀਤਮ ਦੀ ਸਾਹਿਤਕ ਦੇਣ ਬਾਰੇ ਬਹੁਭਾਂਤਿ ਗੱਲਾਂ ਹੁਣ ਵੀ ਸੁਣੀਆਂ ਜਾਂਦੀਆਂ ਹਨ ਪਰ ਜਿਸ ਸਮੇਂ ਉਸ ਨੇ ਸਾਹਿਤਕ ਹਲਕਿਆਂ ਵਿੱਚ ਆਜ਼ਾਦ ਹੋ ਕੇ ਕੰਮ ਕੀਤਾ ਉਸ ਦੌਰ ਵਿੱਚ ਇਹ ਹਰ ਔਰਤ ਦੇ ਵੱਸ ਦੀ ਗੱਲ ਨਹੀਂ ਸੀ। ਅਸੀਂ ਅੱਜ ਦੇ ਹਾਲਾਤ ਦੇ ਮਿਆਰ ਨਾਲ ਉਸ ਦਾ ਮੁਲਾਂਕਣ ਨਹੀਂ ਕਰ ਸਕਦੇ।

ਅੰਮ੍ਰਿਤਾ ਪ੍ਰੀਤਮ ਨੂੰ 1956 ਵਿੱਚ ਸੁਨੇਹੜੇ ਕਾਵਿ-ਸੰਗ੍ਰਹਿ ਤੇ ਸਾਹਿਤ ਅਕੈਡਮੀ ਪੁਰਸਕਾਰ ਪ੍ਰਾਪਤ ਹੋਇਆ।, 1958 ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਨਮਾਨ ਮਿਲਿਆ।, 1969 ਵਿਚ ਭਾਰਤ ਸਰਕਾਰ ਦੁਆਰਾ 'ਪਦਮ ਸ੍ਰੀ' ਨਾਲ ਸਨਮਾਨਿਤ ਕੀਤਾ ਗਿਆ।, ਸਾਹਿਤ ਕਲਾ ਪ੍ਰੀਸ਼ਦ ਦਿੱਲੀ ਵੱਲੋਂ 1974 ਵਿੱਚ ਇਨਾਮ ਦਿੱਤਾ ਗਿਆ।ਕੰਨੜ ਸਾਹਿਤ ਸੰਮੇਲਨ ਵਿੱਚ ਆਪ ਜੀ ਨੂੰ 1978 ਵਿੱਚ ਇਨਾਮ ਮਿਲਿਆ।1982 ਵਿੱਚ ਉਸ ਨੂੰ ਕਾਗਜ ਤੇ ਕੈਨਵਸ ਕਾਵਿ ਸੰਗ੍ਰਹਿ ਤੇ ਗਿਆਨ ਪੀਠ ਐਵਾਰਡ ਦਿੱਤਾ ਗਿਆ।1988 ਵਿੱਚ ਬਲਗਾਰਿਆ ਵੈਰੋਵ ਇਨਾਮ (ਅੰਤਰਾਸ਼ਟਰੀ)2005 ਵਿੱਚ ਅੰਮ੍ਰਿਤਾ ਪ੍ਰੀਤਮ ਨੂੰ ਭਾਰਤ ਦੇ ਦੂਜਾ ਸਭ ਤੋਂ ਵੱਡਾ ਸਨਮਾਨ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ। ਅੰਮ੍ਰਿਤਾ ਪ੍ਰੀਤਮ ਆਪਣੇ ਆਖਰੀ ਸਮੇਂ ਵਿੱਚ ਦਿੱਲੀ ਵਿੱਚ ਆਪਣੇ ਮਿੱਤਰ ਚਿੱਤਰਕਾਰ ਇਮਰੋਜ਼ ਨਾਲ ਮਿਲ ਕੇ ਨਾਗਮਣੀ ਨਾਮ ਦਾ ਸਾਹਿਤਕ ਪੱਤਰ ਚਲਾਉਂਦੀ ਰਹੀ। ਜਿੱਥੇ ਲਈ ਲੰਮੀ ਬਿਮਾਰੀ ਦੇ ਕਰਨ 31 ਅਕਤੂਬਰ 2005 ਨੂੰ 86 ਸਾਲ ਦੀ ਉਮਰ ਵਿੱਚ ਅੰਮ੍ਰਿਤਾ ਪ੍ਰੀਤਮ ਦਾ ਦੇਹਾਂਤ ਹੋ ਗਿਆ।

## 1.2 ਨਾਵਲ 'ਪਿੰਜਰ': ਥੀਮਗਤ ਪਾਸਾਰ

ਦੇਸ਼ ਦੀ ਵੰਡ ਅਤੇ ਇਸ ਦੌਰਾਨ ਦੇਸ਼ ਵਿੱਚ ਵੱਡੀ ਪੱਧਰ ਤੇ ਹੋਏ ਉਜਾੜੇ, ਫ਼ਿਰਕੂ ਫ਼ਸਾਦ ਤੇ ਹਿੰਸਕ ਘਟਨਾਵਾਂ ਅਤੇ ਦੋਵਾਂ ਦੇਸ਼ਾਂ ਵਿੱਚ ਸ਼ਰਨਾਰਥੀਆਂ ਦੀਆਂ ਪੁਨਰਵਾਸ ਦੀਆਂ ਸਮੱਸਿਆਵਾਂ ਨੇ ਦੇਸ਼ ਦੇ ਬਹੁਤ ਭਾਗਾਂ ਅਤੇ ਖਾਸ ਕਰਕੇ ਪੰਜਾਬ ਨੂੰ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਜਿਸਦੇ ਫ਼ਲਸਰੂਪ ਪੰਜਾਬੀ ਸਾਹਿਤਕਾਰਾਂ ਦੀ ਵੱਡੀ ਗਿਣਤੀ ਨੇ ਇਸ ਦੁਖਦਾਈ ਅਤੇ ਨਾ ਭੁੱਲਣ ਵਾਲੀ ਘਟਨਾ ਨੂੰ ਜਿੰਨੀ ਸੰਵੇਦਨਸ਼ੀਲਤਾ ਅਤੇ ਗੰਭੀਰਤਾ ਨਾਲ ਹੁੰਗਾਰਾ ਦਿੱਤਾ ਉਨਾ ਸ਼ਾਇਦ ਹੀ ਕਿਸੇ ਹੋਰ ਘਟਨਾ ਨੂੰ ਦਿੱਤਾ ਹੋਵੇ । ਪੰਜ ਦਰਿਆਵਾਂ ਦੀ ਧਰਤੀ ਉਤੇ ਵਾਹੀ ਗਈ ਲਕੀਰ ਅਤੇ ਮਜ਼ਹਬੀ ਜਨੂੰਨ ਕਾਰਨ ਹੋਈ ਵੱਢ ਟੁੱਕ ਨੂੰ ਸਾਹਿਤਕਾਰਾਂ ਨੇ ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ । ਦੇਸ਼-ਵੰਡ ਨਾਲ ਪ੍ਰਭਾਵਿਤ ਪ੍ਰਮੁੱਖ ਖਿੱਤਿਆਂ ਦੀਆਂ ਭਾਸ਼ਾਵਾਂ - ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ, ਸਿੰਧੀ ਅਤੇ ਬੰਗਾਲੀ - ਵਿਚੋਂ ਪੰਜਾਬੀ

ਭਾਸ਼ਾ ਵਿੱਚ ਸਭ ਤੋਂ ਜ਼ਿਆਦਾ ਸਾਹਿਤ ਦੇਸ਼-ਵੰਡ ਦੇ ਵਿਸ਼ੇ ਉਪਰ ਲਿਖਿਆ ਗਿਆ ਹੈ | ਪਾਕਿਸਤਾਨ ਦੇ ਹੋਂਦ ਵਿੱਚ ਆਉਣ ਨਾਲ ਪਾਕਿਸਤਾਨੀ ਪੰਜਾਬ ਵਿੱਚ ਉਰਦੂ ਭਾਸ਼ਾ ਦੇ ਪੰਜਾਬੀ ਉਪਰ ਭਾਰੂ ਹੋਣ ਕਰਕੇ ਪਾਕਿਸਤਾਨੀ ਪੰਜਾਬ ਵਿੱਚ ਬਹੁਤ ਘੱਟ ਸਾਹਿਤ ਪੰਜਾਬੀ ਵਿੱਚ ਮਿਲਦਾ ਹੈ । ਇਸ ਵਿਸ਼ੇ ਸੰਬੰਧੀ ਲਿਖੇ ਗਏ ਪੰਜਾਬੀ ਨਾਵਲਾਂ ਵਿੱਚ ਸ਼ਾਇਦ ਸਲੀਮ ਖਾਂ ਸਿੰਮੀ ਦਾ ਨਾਵਲ ਸਾਂਝ ਇਕੋ ਇਕ ਨਾਵਲ ਦ੍ਰਿਸ਼ਟੀਗੋਚਰ ਹੋਇਆ ਹੈ । ਇਸਦੇ ਉਲਟ ਹਿੰਦੁਸਤਾਨੀ ਪੰਜਾਬ ਵਿੱਚ ਪੰਜਾਬੀ ਦੇ ਤਕਰੀਬਨ ਹਰ ਇਕ ਲੇਖਕ ਨੇ ਇਸ ਵਿਸ਼ੇ ਉਪਰ ਲਿਖਿਆ ਹੈ । ਲਗਭਗ ਸਾਰੇ ਪਾਕਿਸਤਾਨੀ ਲੇਖਕਾਂ ਲਈ ਜਿਥੇ ਪਾਕਿਸਤਾਨ ਦਾ ਹੋਂਦ ਵਿੱਚ ਆਉਣਾ ਇਕ ਬਹੁਤ ਵੱਡੀ ਪ੍ਰਾਪਤੀ ਹੈ, ਹਿੰਦੁਸਤਾਨੀ ਪੰਜਾਬੀ ਲੇਖਕਾਂ ਨੇ ਦੇਸ਼-ਵੰਡ ਨੂੰ ਬੇਲੋੜੀ ਅਤੇ ਬਹੁਤ ਹੀ ਦੁਖਦਾਈ ਘਟਨਾ ਗਰਦਾਨਿਆ ਹੈ ।

ਦੇਸ਼-ਵੰਡ ਦੌਰਾਨ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦਾ ਇਕ ਪਾਸਿਉਂ ਦੂਸਰੇ ਪਾਸੇ ਹਿਜਰਤ ਕਰਨਾ, ਹਿੰਸਕ ਘਟਨਾਵਾਂ ਦਾ ਸ਼ਿਕਾਰ ਹੋਣਾ ਅਤੇ ਪੁਨਰਵਾਸ ਦੀਆਂ ਮੁਸ਼ਕਲਾਂ ਝੇਲਣਾ ਆਦਿਕ ਵਿਸ਼ੇ ਪੰਜਾਬੀ ਲੇਖਕਾਂ ਦੇ ਪ੍ਰਮੁੱਖ ਸਰੋਕਾਰ ਹਨ । ਪਾਕਿਸਤਾਨੀ ਪੰਜਾਬ ਵਿੱਚ ਨਾਰੀ ਲੇਖਕਾਵਾਂ ਨੇ ਅੰਗਰੇਜ਼ੀ ਜਾਂ ਉਰਦੂ ਵਿੱਚ ਤਾਂ ਇਸ ਵਿਸ਼ੇ ਸੰਬੰਧੀ ਲਿਖਿਆ ਹੈ ਪਰ ਪੰਜਾਬੀ ਭਾਸ਼ਾ ਵਿੱਚ ਨਾਰੀ ਲੇਖਕਾਵਾਂ ਦੀ ਅਣਹੋਂਦ ਹੈ । ਹਿੰਦੁਸਤਾਨੀ ਪੰਜਾਬ ਦੇ ਸਾਹਿਤਕਾਰਾਂ ਵਿੱਚ ਅੰਮ੍ਰਿਤਾ ਪ੍ਰੀਤਮ ਇਕੋ ਇਕ ਨਾਰੀ ਲੇਖਕਾ ਹੈ ਜਿਸਨੇ ਦੇਸ਼-ਵੰਡ ਦੇ ਵਿਸ਼ੇ ਉਪਰ ਲਿਖਿਆ ਹੈ। 1947 ਵਿੱਚ ਲਿਖੀ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ "ਅੱਜ ਆਖਾਂ ਵਾਰਸ ਸ਼ਾਹ ਨੂੰ ਨੇ ਉਸਨੂੰ ਸਰਹੱਦ ਦੇ ਆਰ-ਪਾਰ ਪੰਜਾਬੀ ਪਾਠਕਾਂ ਵਿੱਚ ਬਹੁਤ ਹੀ ਹਰਮਨ ਪਿਆਰਾ ਬਣਾ ਦਿੱਤਾ ਸੀ । ਅੰਮ੍ਰਿਤਾ ਦੇ ਕਰੀਬ ਇਕ ਦਰਜਨ ਨਾਵਲਾਂ ਵਿਚੋਂ ਉਸਦਾ ਨਾਵਲ ਡਾਕਟਰ ਦੇਵ (1949) ਦੇਸ਼-ਵੰਡ ਦੀ ਪਿੱਠ ਭੂਮੀ ਵਿੱਚ ਲਿਖਿਆ ਨਾਵਲ ਹੈ । ਭਾਵੇਂ ਇਸ ਨਾਵਲ ਦਾ ਕੇਂਦਰ ਬਿੰਦੂ ਦੇਸ਼-ਵੰਡ ਨਹੀਂ ਹੈ ਫਿਰ ਵੀ ਇਸ ਨਾਵਲ ਦੇ ਪਾਤਰ ਦੇਸ਼-ਵੰਡ ਦੀਆਂ ਘਟਨਾਵਾਂ ਤੋਂ ਜ਼ਰੂਰ ਪ੍ਰਭਾਵਿਤ ਹੁੰਦੇ ਹਨ । ਅੰਮ੍ਰਿਤਾ ਦਾ ਦੂਸਰਾ ਨਾਵਲ ਪਿੰਜਰ (1956) ਦੇਸ਼ ਦੀ ਵੰਡ ਅਤੇ ਫ਼ਿਰਕੂ ਫ਼ਸਾਦਾਂ ਦੇ ਪ੍ਰਤੀਕਰਮ ਵਜੋਂ ਲਿਖਿਆ ਗਿਆ ਹੈ । ਦੇਸ਼-ਵੰਡ ਨਾਲ ਸੰਬੰਧਤ ਤਿੰਨ ਪੱਖ - ਉਜਾੜਾ, ਹਿੰਸਕ ਘਟਨਾਵਾਂ ਅਤੇ ਪੁਨਰਵਾਸ- ਇਨ੍ਹਾਂ ਦੋਵਾਂ ਨਾਵਲਾਂ ਵਿੱਚ ਪ੍ਰਗਟ ਹੁੰਦੇ ਹਨ । ਮਨੁੱਖੀ ਜਜ਼ਬਿਆਂ, ਸੁਪਨਿਆਂ, ਰੀਝਾਂ, ਆਸ਼ਾਵਾਂ, ਨਿਰਾਸ਼ਾਵਾਂ ਅਤੇ ਪੀੜਾ ਦੇ ਵਰਨਣ ਮਰਦਾਂ ਦੇ ਮੁਕਾਬਲੇ ਇਸਤਰੀ ਲੇਖਕਾਵਾਂ ਦੇ ਮੂਲ ਸਰੋਕਾਰਾਂ ਵਿੱਚ ਸ਼ਾਮਲ ਹਨ । ਨਾਰੀ ਲੇਖਕਾਵਾਂ ਦੇ ਸਰੋਕਾਰਾਂ ਦੀ ਵਿਲੱਖਣਤਾ ਉਨ੍ਹਾਂ ਨੂੰ ਮਰਦ ਲੇਖਕਾਂ ਨਾਲੋਂ ਭਿੰਨਤਾ ਪ੍ਰਦਾਨ ਕਰਦੀ ਹੈ । ਦੇਸ਼-ਵੰਡ ਸੰਬੰਧੀ ਅੰਮ੍ਰਿਤਾ ਪ੍ਰੀਤਮ ਦੇ ਸਰੋਕਾਰਾਂ ਦੀ ਨਿਵੇਕਲੀ ਪਹੁੰਚ ਦਾ ਜ਼ਿਕਰ ਕਰਦੇ ਹੋਏ ਇੱਕ ਪ੍ਰਸਿੱਧ ਆਲੋਚਕ ਲਿਖਦੇ ਹਨ :

> ਫ਼ਸਾਦਾਂ ਬਾਰੇ ਸਭ ਤੋਂ ਜ਼ੋਰਦਾਰ ਰਚਨਾਵਾਂ ਅੰਮ੍ਰਿਤਾ ਪ੍ਰੀਤਮ ਦੀਆਂ ਹਨ। ਉਸਨੇ ਇਨ੍ਹਾਂ ਫ਼ਿਰਕੂ ਫ਼ਸਾਦਾਂ ਨੂੰ ਇਕ ਇਸਤਰੀ ਦੇ ਦ੍ਰਿਸ਼ਟੀਕੋਣ ਤੋਂ ਵੇਖਣ ਦਾ ਯਤਨ ਕੀਤਾ ਹੈ ... ਇਸਤਰੀ ਉਤੇ ਹੋਏ ਅੱਤਿਆਚਾਰਾਂ ਨੂੰ ਬੜੇ ਹਿਰਦੇ-ਵਿੰਨਵੇਂ ਢੰਗ ਨਾਲ ਉਲੀਕਿਆ ਹੈ । ਜਵਾਨ ਮੁਟਿਆਰਾਂ ਦੀਆਂ ਹਿੱਕਾਂ ਵਿੱਚ ਸਾਂਭ ਸਾਂਭ ਰੱਖੀਆਂ ਆਸਾਂ ਨੂੰ ਇਕ ਇਕ ਕਰਕੇ ਕਤਲ ਹੁੰਦਾ ਵਿਖਾਇਆ ਗਿਆ ਹੈ।

ਦੇਸ਼-ਵੰਡ ਨਾਲ ਸੰਬੰਧਤ ਪੰਜਾਬੀ ਵਿਚ ਲਿਖੇ ਨਾਵਲਾਂ ਵਿੱਚ ਅੰਮ੍ਰਿਤਾ ਪ੍ਰੀਤਮ ਦਾ ਨਾਵਲ ਪਿੰਜਰ (1956) ਫਿਰਕੂ ਫ਼ਸਾਦਾਂ ਦੇ ਪ੍ਰਤੀਕਰਮ ਵਜੋਂ ਲਿਖਿਆ ਗਿਆ ਹੈ । ਇਸ ਨਾਵਲ ਦਾ ਕਥਾਨਕ ਪਾਕਿਸਤਾਨੀ ਪੰਜਾਬ ਦੇ ਗੁਜਰਾਤ ਜ਼ਿਲ੍ਹੇ ਦੇ ਪਿੰਡ ਛੱਡੋਆਣੀ, ਰੱਤੋਵਾਲ ਅਤੇ ਇਸਦੇ ਆਸ ਪਾਸ ਦੇ ਪਿੰਡ ਹਨ । ਨਾਵਲ ਦੀ ਕਹਾਣੀ 1935 ਤੋਂ ਸ਼ੁਰੂ ਹੋ ਕੇ 1947 ਵਿੱਚ ਦੇਸ਼-ਵੰਡ ਦੌਰਾਨ ਹੋਈ ਉਥਲ-ਪੁਥਲ ਤੱਕ ਫੈਲੀ ਹੋਈ ਹੈ । ਇਸ ਨਾਵਲ ਵਿਚ ਵੀ ਦੇਸ਼-ਵੰਡ ਨਾਲ ਸੰਬੰਧਤ ਤਿੰਨ ਪੱਖ - ਉਜਾੜਾ, ਹਿੰਸਾ ਅਤੇ ਪੁਨਰਵਾਸ - ਬਹੁਤ ਵਿਸਥਾਰਤ ਰੂਪ ਵਿੱਚ ਉਜਾਗਰ ਹੁੰਦੇ ਹਨ । ਦੇਸ਼-ਵੰਡ ਤੋਂ ਪਹਿਲਾਂ ਛੱਡੋਆਣੀ ਵਿਚ ਸ਼ਾਹਾਂ ਦਾ ਇਕ ਤਕੜਾ ਘਰ ਸੀ ਜਿਨ੍ਹਾਂ ਦੀ ਮੁਟਿਆਰ ਧੀ ਪੂਰੋ ਦਾ ਸਾਕ ਗਵਾਂਢੀ ਪਿੰਡ ਰੱਤੋਵਾਲ ਦੇ ਇਕ ਅਮੀਰ ਹਿੰਦੂ ਪਰਿਵਾਰ ਦੇ ਮੁੰਡੇ ਰਾਮ ਚੰਦ ਨਾਲ ਤੈਅ ਕੀਤਾ ਗਿਆ ਸੀ । ਇਸੇ ਦੌਰਾਨ ਦੇਸ਼ ਦੀ ਵੰਡ ਹੋ ਜਾਂਦੀ ਹੈ ਅਤੇ ਛੱਤੋਆਣੀ ਅਤੇ ਰੱਤੋਵਾਲ ਪਿੰਡਾਂ ਸਮੇਤ ਪੰਜਾਬ ਦਾ ਗੁਜਰਾਤ ਜਿਲਾ ਪਾਕਿਸਤਾਨ ਦੇ ਹਿੱਸੇ ਆ ਜਾਂਦਾ ਹੈ । ਅੰਮ੍ਰਿਤਾ ਬਹੁਤ ਹੀ ਸੂਖਮ ਤਰੀਕੇ ਨਾਲ ਇਹ ਪ੍ਰਗਟ ਕਰਨ ਦੀ ਕੋਸ਼ਿਸ਼ ਕਰਦੀ ਹੈ ਕਿ ਇਕ ਰਾਜਸੀ ਫੈਸਲੇ ਅਧੀਨ ਪੰਜਾਬ ਨੂੰ ਦੋ ਹਿੱਸਿਆਂ ਵਿੱਚ ਵੰਡਣ ਵਾਲੀ ਰੈਡਕਲਿਫ਼ ਰੇਖਾ ਹਿੰਦੂਆਂ/ ਸਿੱਖਾਂ ਦੀ ਬਦਕਿਸਮਤੀ ਲਈ ਗੁਜਰਾਤ ਦੇ ਪੂਰਬ ਵੱਲ ਖਿੱਚੇ ਜਾਣ ਕਰਕੇ ਉਸ ਇਲਾਕੇ ਨੂੰ ਪਾਕਿਸਤਾਨ ਵਿੱਚ ਸ਼ਾਮਲ ਕਰ ਦਿੰਦੀ ਹੈ ਜਿਸਦੇ ਫ਼ਲਸਰੂਪ ਹਿੰਦੂਆਂ ਅਤੇ ਮੁਸਲਮਾਨਾਂ ਦੇ ਸੰਬੰਧਾਂ ਦੇ ਸਮੀਕਰਨ ਬਦਲ ਜਾਂਦੇ ਹਨ । ਉਸ ਇਲਾਕੇ ਦੇ ਹਿੰਦੂ ਜਿਨ੍ਹਾਂ ਦਾ ਪਹਿਲਾਂ ਇਸ ਖਿੱਤੇ ਵਿੱਚ ਮੁਸਲਮਾਨਾਂ ਤੇ ਪੂਰਾ ਦਬਦਬਾ ਸੀ ਹੁਣ ਬਹੁਤ ਹੀ ਬੇਵਸ ਅਤੇ ਲਾਚਾਰ ਮਹਿਸੂਸ ਕਰਦੇ ਹਨ । ਇਸ ਬਦਲੀ ਹੋਈ ਸਥਿਤੀ ਦਾ ਫਾਇਦਾ ਉਠਾ ਕੇ ਪਿੰਡ ਰੱਤੋਵਾਲ ਦੇ ਮੁਸਲਮਾਨਾਂ ਦਾ ਇਕ ਨੌਜਵਾਨ ਰਸ਼ੀਦਾ ਪੂਰੋ ਨੂੰ ਖੇਤ ਵਿਚੋਂ ਭਿੰਡੀਆਂ ਤੋੜਨ ਆਈ ਨੂੰ ਚੁੱਕ ਕੇ ਘੋੜੀ ਤੇ ਬਿਠਾ ਕੇ ਲੈ ਜਾਂਦਾ ਹੈ | ਇਸ ਤਰ੍ਹਾਂ ਦੇ ਉਧਾਲੇ ਦੇਸ਼-ਵੰਡ ਦੇ ਫਸਾਦਾਂ ਵਿੱਚ ਆਮ ਵਾਪਰਦੇ ਸਨ ਪਰ ਅੰਮ੍ਰਿਤਾ ਇਸ ਉਧਾਲੇ ਪਿਛੇ ਸ਼ਾਹਾਂ ਅਤੇ ਸ਼ੇਖਾਂ ਦੇ ਘਰਾਣਿਆਂ ਵਿੱਚ ਆਪਸੀ ਵੈਰ ਨੂੰ ਜ਼ਿੰਮੇਵਾਰ ਦੱਸਦੀ ਹੈ। ਸ਼ਾਹਾਂ ਦੇ ਦਾਦੇ ਨੇ ਸ਼ੇਖਾਂ ਦੇ ਬਜ਼ੁਰਗਾਂ ਨੂੰ ਪੰਜ ਸੌ ਰੁਪਏ ਕਰਜ਼ ਦਿੱਤੇ ਸਨ ਅਤੇ ਵਿਆਜ ਦਰ ਵਿਆਜ ਲਾ ਕੇ ਇਸ ਰਕਮ ਬਦਲੇ ਸ਼ੇਖਾਂ ਦਾ ਘਰ ਕੁਰਕ ਕਰਵਾ ਕੇ ਉਨ੍ਹਾਂ ਨੂੰ ਬੇਘਰ ਕਰ ਦਿੱਤਾ ਸੀ । ਇੰਨਾ ਹੀ ਨਹੀਂ ਸ਼ਾਹਾਂ ਦੇ ਇਕ ਪੁੱਤਰ ਨੇ ਸ਼ੇਖਾਂ ਦੀ ਇਕ ਧੀ ਨੂੰ ਉਧਾਲ ਲਿਆ ਸੀ ਅਤੇ ਤਿੰਨ ਰਾਤਾਂ ਆਪਣੇ ਘਰ ਰੱਖਿਆ ਸੀ। ਉਸ ਵੇਲੇ "ਸ਼ੇਖਾਂ ਦਾ ਘਰਾਣਾ ਕਮਾਦ ਵਾਂਗ ਨਪੀੜਿਆ ਹੋਇਆ ਸੀ। ਸਾਰੇ ਲਹੂ ਦੇ ਅੱਥਰੂ ਪੀ ਕੇ ਰਹਿ ਗਏ ਸਨ ।" ਪਰ ਹੁਣ ਇਹ ਇਲਾਕਾ ਪਾਕਿਸਤਾਨ ਵਿੱਚ ਆਉਣ ਕਰਕੇ ਸਥਿਤੀ ਬਦਲ ਗਈ ਸੀ । ਬਦਲੀ ਹੋਈ ਸਥਿਤੀ ਬਾਰੇ ਰਸ਼ੀਦਾ ਪੂਰੋ ਨੂੰ ਕਹਿੰਦਾ ਹੈ:

> ਤੂੰ ਜਾਣਨੀ ਏ ਐਸ ਵੇਲੇ ਸਾਡਾ ਪਾਸਾ ਭਾਰਾ ਏ, ਪਿੰਡ ਸਾਰਾ ਮੁਸਲੱਕਾ ਏ, ਤੇ ਕੋਈ ਹਿੰਦੂ ਦਾ ਜਣਾ ਅੱਖ ਚੁੱਕ ਕੇ ਸਾਡੇ ਵੱਲ ਵੇਖ ਨਹੀਂ ਸਕਦਾ।...ਜੇ ਉਹ ਸਾਡੇ ਘਰ ਵੱਲ ਉਂਗਲ ਕਰਦੇ ਤਾਂ ਸਾਡੇ ਬੰਦੇ ਉਨ੍ਹਾਂ ਨੂੰ ਖਾਲੋਂ ਨਾ ਪਾਰ ਟੱਪਣ ਦੇਂਦੇ

ਇਹ ਸਥਿਤੀ ਕੁਲਵੰਤ ਸਿੰਘ ਵਿਰਕ ਦੀ ਦੇਸ਼-ਵੰਡ ਬਾਰੇ ਲਿਖੀ ਕਹਾਣੀ 'ਮੁਰਦੇ ਦੀ ਤਾਕਤ ਨਾਲ ਮੇਲ ਖਾਂਦੀ ਹੈ ਜਿਸ ਵਿੱਚ ਹਿੰਦੂ ਅਤੇ ਮੁਸਲਮਾਨ ਫੌਜੀ ਨਹਿਰ ਕੰਢੇ ਇਕ ਕੈਂਪ ਵਿੱਚ ਬੈਠੇ ਨਹਿਰ ਵਿੱਚ ਰੁੜ੍ਹ ਕੇ ਆ ਰਹੀਆਂ ਲਾਸ਼ਾਂ ਵੇਖ ਰਹੇ ਹਨ। ਜਦੋਂ ਲਾਸ਼ ਹਿੰਦੂ ਦੀ ਹੁੰਦੀ ਹੈ ਤਾਂ ਹਿੰਦੂ ਗੋਰਖੇ ਫੌਜੀ ਨਿੰਮੋਝੂਣੇ ਹੋ ਜਾਂਦੇ ਹਨ ਅਤੇ ਮੁਸਲਮਾਨ ਫੌਜੀਆਂ ਦੇ ਚਿਹਰੇ ਚਮਕ ਉਠਦੇ ਹਨ। ਅੰਮ੍ਰਿਤਾ ਨੇ ਇਸ ਨਾਵਲ ਵਿੱਚ ਬਹੁਤ ਵਿਅੰਗਮਈ ਸਥਿਤੀ ਪੈਦਾ ਕੀਤੀ ਹੈ। ਜਦੋਂ ਹਿੰਦੂਆਂ ਦਾ ਦਬਦਬਾ ਸੀ ਉਦੋਂ ਰਸ਼ੀਦੇ ਦੀ ਇਕ ਭੂਆ ਸ਼ਾਹਾਂ ਦੇ ਇਕ ਮੁੰਡੇ ਨੇ ਉਧਾਲ ਲਈ ਸੀ ਅਤੇ ਤਿੰਨ ਦਿਨ ਉਸਦੀ ਇੱਜ਼ਤ ਨਾਲ ਖੇਡਦਾ ਰਿਹਾ ਸੀ। ਹੁਣ ਸਥਿਤੀ ਬਦਲ ਗਈ ਹੈ, ਮੁਸਲਮਾਨਾਂ ਦਾ ਬੋਲਬਾਲਾ ਹੋ ਗਿਆ ਹੈ। ਹੁਣ ਪੂਰੋ ਨੂੰ ਰਸ਼ੀਦੇ ਨੇ ਉਧਾਲ ਲਿਆ ਹੈ। ਦੋਹਾਂ ਪ੍ਰਸਥਿਤੀਆਂ ਵਿੱਚ ਔਰਤ ਹੀ ਸੰਤਾਪ ਭੋਗਦੀ ਹੈ - ਹਿੰਸਾ ਦਾ ਸ਼ਿਕਾਰ ਹੁੰਦੀ ਹੈ। ਸ਼ਾਇਦ ਅੰਮ੍ਰਿਤਾ ਕਹਿਣਾ ਚਾਹੁੰਦੀ ਹੈ ਕਿ ਸਥਿਤੀ ਕੋਈ ਵੀ ਹੋਵੇ, ਹਿੰਸਾ ਦਾ ਨਿਸ਼ਾਨਾ ਤਾਂ ਔਰਤ ਨੂੰ ਹੀ ਬਣਾਇਆ ਜਾਂਦਾ ਹੈ। ਪਰ ਪੂਰੋ ਨਾਲ ਹਿੰਸਾ ਸਿਰਫ਼ ਮੁਸਲਮਾਨ ਰਸ਼ੀਦੇ ਵਲੋਂ ਹੀ ਨਹੀਂ ਹੋਈ, ਉਸਦੇ ਆਪਣਿਆਂ ਵੱਲੋਂ ਵੀ ਹੋਈ ਹੈ। ਜਦੋਂ ਇਕ ਰਾਤ ਚੋਰੀ ਛਿਪੇ ਪੂਰੋ ਰਸ਼ੀਦੇ ਦੇ ਘਰੋਂ ਨਿਕਲ ਕੇ ਆਪਣੇ ਪਿੰਡ ਮਾਪਿਆਂ ਦੇ ਘਰ ਅਪੜਦੀ ਹੈ ਤਾਂ ਉਸਦਾ ਪਿਤਾ ਧੀ ਨੂੰ ਅਪਨਾਉਣ ਤੋਂ ਬੇਵਸ ਹੈ। ਪੂਰੋ ਦੇ ਮਾਪੇ ਕੁਝ ਲਾਜ ਕਰਕੇ ਅਤੇ ਕੁਝ ਮੁਸਲਮਾਨਾਂ ਦੇ ਡਰ ਕਰਕੇ ਉਸ ਨੂੰ ਨਹੀਂ ਸਵੀਕਾਰਦੇ।

> "ਧੀਏ ਤੇਰੀ ਕਿਸਮਤ ! ਹੁਣ ਸਾਡੇ ਵਸ ਕੁਝ ਨਹੀਂ।'' ਪੂਰੋ ਦੇ ਪਿਤਾ ਨੇ ਕਿਹਾ। ਪੂਰੋ ਦੀ ਮਾਂ ਦਿਲ ਤੇ ਪੱਥਰ ਰੱਖ ਕੇ ਆਖਦੀ ਹੈ। ਅਸੀਂ ਤੈਨੂੰ ਕਿਥੇ ਰੱਖਾਂਗੇ ! ਕੌਣ ਤੈਨੂੰ ਵਿਆਹ ਕੇ ਖੜੇਗਾ ? ਤੇਰਾ ਧਰਮ ਗਿਆ, ਤੇਰਾ ਜਨਮ ਗਿਆ | ... ਹੁਣ ਏਥੋਂ ਟੁਰ ਜਾ | ਹੁਣੇ ਸ਼ੇਖ ਆਉਂਦੇ ਹੋਣਗੇ, ਤੇਰੇ ਪਿਉ ਭਰਾ ਦਾ ਕਿਤੇ ਬੀ ਵੀ ਨਹੀਂ ਲੱਭਣਾ, ਉਹ ਸਾਰਿਆਂ ਨੂੰ ਮਾਰ ਛੱਡਣਗੇ।

ਇਸ ਤਰ੍ਹਾਂ ਦੇਸ਼-ਵੰਡ ਦੌਰਾਨ ਔਰਤ ਵਿਰੋਧੀਆਂ ਵੱਲੋਂ ਹੀ ਨਹੀਂ ਸਗੋਂ ਆਪਣੇ ਸਕਿਆਂ ਹੱਥੋਂ ਵੀ ਹਿੰਸਾ ਦਾ ਸ਼ਿਕਾਰ ਹੁੰਦੀ ਹੈ। ਆਪਣੇ ਮਾਪਿਆਂ ਘਰੋਂ ਵਾਪਸ ਪਰਤਦਿਆਂ ਪੂਰੋ ਨੂੰ ਰਸ਼ੀਦਾ ਰਾਹ ਵਿੱਚ ਮਿਲ ਜਾਂਦਾ ਹੈ ਅਤੇ ਘਰ ਲਿਜਾ ਕੇ ਉਸ ਨਾਲ ਨਿਕਾਹ ਕਰ ਲੈਂਦਾ ਹੈ | ਅਜਿਹੀਆਂ ਜ਼ਬਰੀ ਸ਼ਾਦੀਆਂ ਦੇਸ਼-ਵੰਡ ਵੇਲੇ ਆਮ ਘਟਨਾਵਾਂ ਹਨ। ਉਧਾਲੇ ਦਾ ਇਕ ਹੋਰ ਰੂਪ ਕਾਫ਼ਲਿਆਂ ਉਪਰ ਹਮਲਾ ਕਰਕੇ ਨੌਜਵਾਨ ਲੜਕੀਆਂ ਦਾ ਅਗਵਾ ਕਰਨਾ ਹੈ। ਦੇਸ਼-ਵੰਡ ਦਾ ਆਧਾਰ ਕਿਉਂਕਿ ਮੁਸਲਿਮ ਲੀਗ ਦੀ 'ਦੋ ਕੌਮਾਂ' ਦੀ ਨੀਤੀ ਸੀ ਇਸ ਲਈ ਹਿੰਦੂ ਅਤੇ ਸਿੱਖ ਵਸੋਂ ਪੱਛਮੀ ਪੰਜਾਬ ਵੱਲੋਂ ਪੂਰਬੀ ਪੰਜਾਬ ਵੱਲ ਅਤੇ ਮੁਸਲਿਮ ਵਸੋਂ ਪੂਰਬੀ ਪੰਜਾਬ ਵੱਲੋਂ ਪੱਛਮੀ ਪੰਜਾਬ ਵੱਲ ਹਿਜਰਤ ਕਰਨ ਲੱਗੀ। ਇਹ ਹਿਜਰਤ ਕਾਫ਼ਲਿਆਂ ਦੀ ਸ਼ਕਲ ਵਿੱਚ ਹੁੰਦੀ ਸੀ। ਕਈ ਕਾਫ਼ਲੇ ਮੀਲਾਂ ਲੰਮੇ ਹੁੰਦੇ ਸਨ ਜਿਨ੍ਹਾਂ ਵਿੱਚ ਹਜ਼ਾਰਾਂ ਲੋਕ ਹੁੰਦੇ ਸਨ। ਇਨ੍ਹਾਂ ਕਾਫ਼ਲਿਆਂ ਉਪਰ ਵਿਰੋਧੀ ਧਿਰ ਦੇ ਲੋਕ ਹਮਲਾ ਕਰਕੇ ਮਾਰ ਧਾੜ ਕਰਦੇ ਸਨ, ਨੌਜਵਾਨ ਔਰਤਾਂ ਨੂੰ ਉਧਾਲ ਕੇ ਲੈ ਜਾਂਦੇ ਸਨ ਜਾਂ ਰਾਤ ਨੂੰ ਚੁੱਪ ਚੁਪੀਤੇ ਹੀ ਅਗਵਾ ਕਰਕੇ ਲੈ ਜਾਂਦੇ ਸਨ ਅਤੇ ਆਪਣੀ ਹਵਸ ਦਾ ਸ਼ਿਕਾਰ ਬਣਾਉਂਦੇ ਸਨ। ਅਜਿਹੀ ਇਕ ਘਟਨਾ ਦਾ ਵਰਨਣ ਲੇਖਿਕਾ ਪਿੰਜਰ ਵਿੱਚ ਰਾਮ ਚੰਦ ਦੇ ਮੂੰਹੋਂ ਕਰਵਾਉਂਦੀ ਹੈ ਜਿਸ ਵਿੱਚ ਉਸਦੀ ਭੈਣ ਜੋ ਅਗਵਾ ਕਰ ਲਈ ਜਾਂਦੀ ਹੈ :

> ਪਤਾ ਨਹੀਂ ਲੱਗਾ ਕਿਹੜੇ ਵੇਲੇ ਮੇਰੀ ਭੈਣ ਚੁੱਕੀ ਗਈ ਏ, ਘਰੋਂ ਨਿਕਲਣ ਲੱਗਿਆਂ ਨਾਲ ਸੀ, ਮੈਂ ਬੁੱਢੀ ਮਾਂ ਨੂੰ ਪਿੱਠ ਤੇ ਚੁੱਕ ਕੇ ਕਾਫਲੇ ਵਿੱਚ ਰਲਿਆ ਵਾਂ, ਉਹ ਮੇਰੇ ਪਿੱਛੇ ਲੱਗੀ ਆਉਂਦੀ ਸੀ, ਪਰ ਕਾਫ਼ਲੇ ਵਿੱਚ ਹੈ ਨਹੀਂ

ਦੇਸ਼-ਵੰਡ ਦੌਰਾਨ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਸਾਰੀਆਂ ਧਿਰਾਂ ਵੱਲੋਂ ਨੌਜਵਾਨ ਲੜਕੀਆਂ ਦੇ ਉਧਾਲੇ ਵੱਡੀ ਪੱਧਰ ਉਤੇ ਕੀਤੇ ਗਏ। ਦੇਸ਼-ਵੰਡ ਸੰਬੰਧੀ ਲਿਖੇ ਸਾਹਿਤ ਦੇ ਇਲਾਵਾ ਇਨ੍ਹਾਂ ਘਟਨਾਵਾਂ ਸੰਬੰਧੀ ਲਿਖੀਆਂ ਗੈਰ-ਸਾਹਿਤਕ ਰਚਨਾਵਾਂ ਵੀ ਇਸ ਤੱਥ ਦੀ ਪੁਸ਼ਟੀ ਕਰਦੀਆਂ ਹਨ। ਦੇਸ਼-ਵੰਡ ਬਾਰੇ ਲਿਖੇ ਸਾਹਿਤ ਵਿੱਚ ਔਰਤਾਂ ਵਿਰੁੱਧ ਹਿੰਸਾ ਦਾ ਇਕ ਹੋਰ ਰੂਪ ਨੌਜਵਾਨ ਲੜਕੀਆਂ ਨੂੰ ਨੰਗਿਆਂ ਕਰਕੇ ਬਾਜ਼ਾਰਾਂ ਵਿੱਚ ਜਲੂਸ ਕੱਢਣ ਵਰਗੀਆਂ ਘਟਨਾਵਾਂ ਹਨ। ਜਿੱਥੇ ਪੱਛਮੀ ਪੰਜਾਬ ਵਿੱਚ ਹਿੰਦੂ ਅਤੇ ਸਿੱਖ ਔਰਤਾਂ ਦੇ ਜਲੂਸ ਕੱਢੇ ਗਏ ਉਥੇ ਪੂਰਬੀ ਪੰਜਾਬ ਵਿੱਚ ਮੁਸਲਮਾਨ ਔਰਤਾਂ ਨਾਲ ਇਹੋ ਕੁਝ ਵਾਪਰਿਆ। ਲੇਖਿਕਾ ਅਜਿਹੀਆਂ ਘਿਨਾਉਣੀਆਂ ਘਟਨਾਵਾਂ ਜਿਹੜੀਆਂ ਗੁਜਰਾਤ ਦੇ ਪਿੰਡਾਂ ਵਿੱਚ ਵਾਪਰੀਆਂ ਬਾਰੇ ਲਿਖਦੀ ਹੈ।ਪਿੰਡ ਰੱਤੋਵਾਲ ਵਿੱਚ ਵਾਪਰੀ ਅਜਿਹੀ ਸ਼ਰਮਨਾਕ ਘਟਨਾ ਬਾਰੇ ਨਾਵਲਕਾਰ ਲਿਖਦੀ ਹੈ :

> ਪੂਰੋ ਦੀਆਂ ਦੋਹਾਂ ਅੱਖਾਂ ਵਿੱਚ ਜਿਵੇਂ ਕਿਸੇ ਨੇ ਸ਼ੀਸ਼ੇ ਦੀਆਂ ਕੰਕਰਾਂ ਪਾ ਦਿੱਤੀਆਂ ਹੋਣ - ਇਕ ਦਿਨ ਪੂਰੋ ਨੇ ਤੱਕਿਆ, ਦਸ ਬਾਰਾਂ ਮਨਚਲੇ ਜਿਹੇ ਮੁੰਡੇ ਇਕ ਨੰਗੀ ਜਵਾਨ ਕੁੜੀ ਨੂੰ ਆਪਣੇ ਅੱਗੇ ਲਾ ਕੇ, ਦੋਹਾਂ ਹੱਥਾਂ ਨਾਲ ਢੋਲ ਢਮੱਕੇ ਵਜਾਂਦੇ, ਉਸਦੇ ਪਿੰਡ ਕੋਲੋਂ ਲੰਘ ਗਏ ਸਨ।

ਦੇਸ਼-ਵੰਡ ਸਾਹਿਤ ਵਿੱਚ ਅਜਿਹੇ ਜਲੂਸਾਂ ਦੇ ਵਰਨਣ ਦੀ ਭਰਮਾਰ ਹੈ ਜਿਨ੍ਹਾਂ ਵਿੱਚ ਔਰਤ ਦੀ ਬੇਵਸੀ ਦਾ ਮਜ਼ਾਕ ਉਡਾਇਆ ਗਿਆ ਹੈ। ਪਰ ਪਿੰਜਰ ਵਿਚਲੇ ਅੰਮ੍ਰਿਤਾ ਦੇ ਇਨ੍ਹਾਂ ਜਲੂਸਾਂ ਸੰਬੰਧੀ ਵਰਨਣ ਦੀ ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਇਹ ਇਕ ਇਸਤਰੀ ਦੇ ਦ੍ਰਿਸ਼ਟੀਕੋਣ ਤੋਂ ਪ੍ਰਗਟਾਇਆ ਗਿਆ ਹੈ | ਉਪਰੋਕਤ ਵਰਨਣ ਪੜ੍ਹਦਿਆਂ ਸਾਫ਼ ਪਤਾ ਲੱਗਦਾ ਹੈ ਕਿ ਇਹ ਵਰਨਣ ਇਕ ਮਰਦ ਲੇਖਕ ਵੱਲੋਂ ਪੇਸ਼ ਕੀਤਾ ਗਿਆ ਹੈ ਅਤੇ ਅੰਮ੍ਰਿਤਾ ਦੇ ਪਿੰਜਰ ਨਾਵਲ ਵਿੱਚ ਦਰਸਾਏ ਜਲੂਸ ਦੇ ਵਰਨਣ ਨਾਲੋਂ ਭਿੰਨ ਹੈ। ਔਰਤਾਂ ਵਿਰੁੱਧ ਹਿੰਸਾ ਦਾ ਇਕ ਹੋਰ ਪੱਖ

ਦੇਸ਼-ਵੰਡ ਵੇਲੇ ਔਰਤਾਂ ਦੀ ਅਸਮਤ ਦਾ ਸ਼ਰੇ ਬਾਜ਼ਾਰ ਲੁੱਟੇ ਜਾਣਾ ਅਰਥਾਤ ਬਲਾਤਕਾਰ ਹੈ ਜਿਹੜਾ ਹਿੰਸਾ ਦਾ ਇਕ ਬਹੁਤ ਹੀ ਘਿਨਾਉਣਾ ਰੂਪ ਹੈ। ਅੰਮ੍ਰਿਤਾ ਨੇ ਵੀ ਪਿੰਜਰ ਵਿੱਚ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਅਜਿਹੀਆਂ ਦਿਲ ਵਿੰਨ੍ਹਵੀਆਂ ਘਟਨਾਵਾਂ ਕਾਫ਼ਲਿਆਂ ਉਪਰ ਹਮਲਿਆਂ ਦੌਰਾਨ ਉਧਾਲੀਆਂ ਲੜਕੀਆਂ ਨਾਲ ਹੀ ਨਹੀਂ ਵਾਪਰੀਆਂ ਸਗੋਂ ਸ਼ਰਨਾਰਥੀ ਕੈਂਪਾਂ ਵਿੱਚ ਫੌਜ ਦੇ ਪਹਿਰੇ ਅੰਦਰ ਡੱਕੀਆਂ ਹੋਈਆਂ ਔਰਤਾਂ ਵੀ ਬਲਾਤਕਾਰ ਦਾ ਸ਼ਿਕਾਰ ਬਣੀਆਂ | ਅਜਿਹੀ ਇਕ ਘਟਨਾ ਦਾ ਬਿਆਨ ਕਰਦੀ ਹੋਈ ਨਾਵਲਕਾਰ ਲਿਖਦੀ ਹੈ :

> ਨਾਲ ਦੇ ਪਿੰਡ ਵਿੱਚ ਇਕ ਕੈਂਪ ਬਣਿਆ ਸੀ, ਜਿਥੇ ਪਿੰਡ ਦੇ ਹਿੰਦੂ ਕੱਠੇ ਹੋ ਕੇ ਆਪਣੀ ਵਾਰੀ ਪਏ ਉਡੀਕਦੇ ਸਨ ਕਿ ਮਿਲਟਰੀ ਉਨ੍ਹਾਂ ਨੂੰ ਏਥੋਂ ਕੱਢ ਕੇ ਪਰਲੇ ਪਾਸੇ ਹਿੰਦੁਸਤਾਨ ਲੈ ਜਾਏਗੀ। ਇਸ ਪਾਸੇ ਦੀ ਫੌਜ ਕੈਂਪ ਦੀ ਰਾਖੀ ਕਰਦੀ ਸੀ। ਪਰ ਰੋਜ਼ ਰਾਤ ਨੂੰ ਕੁਝ ਮੁਸਲਮਾਨ ਆ ਕੇ ਚੋਰੀ ਛਿਪੇ ਕੈਂਪ ਦੀਆਂ ਜਵਾਨ ਕੁੜੀਆਂ ਚੁੱਕ ਕੇ ਲੈ ਜਾਂਦੇ ਸਨ ਤੇ ਦੂਸਰੀ ਭਲਕ ਸਵੇਰ ਸਾਰ ਵਾਪਸ ਛੱਡ ਜਾਂਦੇ ਸਨ

ਉਪਰੋਕਤ ਸਾਰੇ ਵੇਰਵੇ ਦੇਸ਼-ਵੰਡ ਦੌਰਾਨ ਔਰਤਾਂ ਵਿਰੁੱਧ ਵਾਪਰੀਆਂ ਹਿੰਸਕ ਘਟਨਾਵਾਂ ਦੀਆਂ ਉਦਾਹਰਨਾਂ ਹਨ। ਔਰਤਾਂ ਨੂੰ ਉਧਾਲ ਕੇ ਵਿਰੋਧੀਆਂ ਨੇ ਉਨ੍ਹਾਂ ਨੂੰ ਆਪਣੀ ਕਾਮ-ਪੂਰਤੀ ਦਾ ਸ਼ਿਕਾਰ ਬਣਾਇਆ। ਕਈਆਂ ਨੂੰ ਅੱਗੇ ਵੇਚ ਦਿੱਤਾ ਗਿਆ ਜਾਂ ਜ਼ਬਰੀ ਸ਼ਾਦੀਆਂ ਰਚਾ ਕੇ ਆਪਣੇ ਘਰੀਂ ਵਸਾ ਲਿਆ। ਮਨੁੱਖ ਅੰਦਰ ਲੁਕੀ ਹੈਵਾਨੀਅਤ ਦਾ ਨੰਗਾ ਚਿੱਟਾ ਰੂਪ ਇਨ੍ਹਾਂ ਘਟਨਾਵਾਂ ਰਾਹੀਂ ਪ੍ਰਗਟ ਹੁੰਦਾ ਹੈ। ਵਿਦਵਾਨ ਆਲੋਚਕ ਅਤਰ ਸਿੰਘ ਇਸ ਬਾਰੇ ਟਿੱਪਣੀ ਕਰਦੇ ਹਨ :

> ਅਜਿਹੇ ਹੱਲੇ-ਗੁੱਲਿਆਂ ਵਿੱਚ ਸਿਰਫ਼ ਇਸਤਰੀ ਜਿਹੜੀ ਕਿ ਮਨੁੱਖਤਾ ਦੀ ਮਾਂ ਅਤੇ ਜੀਵਨ ਦੇ ਸੁਹਜ ਅਤੇ ਕੋਮਲਤਾ ਦੀ ਪ੍ਰਤੀਕ ਹੈ, ਨੂੰ ਮਨੁੱਖ ਦੀ ਵਹਿਸ਼ਤ ਦਾ ਨਿਸ਼ਾਨਾ ਬਣਨਾ ਪੈਂਦਾ ਹੈ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਜਾਬਰ ਮਨੁੱਖ ਨੂੰ ਅਜਿਹੇ ਸਮੇਂ ਆਪਣੇ ਹੈਵਾਨੀ ਸੁਭਾਅ 'ਤੇ ਲੱਗੀਆਂ ਸਮਾਜਿਕ ਪਾਬੰਦੀਆਂ ਤੋਂ ਮੁਕਤੀ ਪ੍ਰਾਪਤ ਕਰਨ ਦਾ ਮੌਕਾ ਮਿਲ ਜਾਂਦਾ ਹੈ।

ਦੇਸ਼-ਵੰਡ ਸਾਹਿਤ ਵਿਚ ਆਮ ਤੌਰ ਤੇ ਪੇਂਡੂ ਇਲਾਕਿਆਂ ਵਿੱਚ ਹਿੰਦੂਆਂ ਜਾਂ ਸਿੱਖਾਂ ਅਤੇ ਮੁਸਲਮਾਨਾਂ ਵਿੱਚ ਸਦਭਾਵਨਾ ਪ੍ਰਗਟ ਕੀਤੀ ਗਈ ਹੈ ਜਦੋਂ ਕਿ ਸ਼ਹਿਰਾਂ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਸਬੰਧਾਂ ਵਿੱਚ ਸਦਭਾਵਨਾ ਦੇ ਮਹੌਲ ਵਿੱਚ ਵੀ ਇਕ ਫ਼ਾਸਲਾ ਜ਼ਰੂਰ ਰਹਿ ਜਾਂਦਾ ਹੈ | ਦੇਸ਼-ਵੰਡ ਕਿਉਂਕਿ ਹਿੰਦੂਆਂ ਅਤੇ ਮੁਸਲਮਾਨਾਂ ਅੰਦਰ ਕੁਲੀਨ ਵਰਗ ਦੀ ਸੱਤਾ ਹਾਸਲ ਕਰਨ ਦੀ ਲੜਾਈ ਸੀ, ਸ਼ਹਿਰਾਂ ਵਿੱਚ ਇਸ ਲਈ ਹਿੰਦੂਆਂ ਅਤੇ ਮੁਸਲਮਾਨਾਂ ਦੇ ਸੰਬੰਧ ਉਨੇ ਨਿੱਘੇ ਨਹੀਂ ਸਨ ਜਿੰਨੇ ਪਿੰਡਾਂ ਵਿੱਚ ਰਹਿੰਦੇ ਹਿੰਦੂਆਂ ਸਿੱਖਾਂ ਅਤੇ ਮੁਸਲਮਾਨਾਂ ਦਰਮਿਆਨ ਸਨ। ਪਿੰਡਾਂ ਵਿੱਚ ਆਮ ਜਨਤਾ (masses) ਰਹਿੰਦੀ ਹੋਣ ਕਰਕੇ ਉਨ੍ਹਾਂ ਦਰਮਿਆਨ ਸਦਭਾਵਨਾ ਅਤੇ ਭਰਾਤਰੀ ਭਾਵ ਜ਼ਿਆਦਾ ਸੀ। ਇਸ ਕਰਕੇ ਦੇਸ਼-ਵੰਡ ਦੌਰਾਨ ਪਿੰਡਾਂ ਵਿੱਚ ਜਿਹੜੀਆਂ ਹਿੰਸਕ ਘਟਨਾਵਾਂ ਵਾਪਰੀਆਂ ਉਹ ਇਕੋ ਪਿੰਡ ਦੇ ਹਿੰਦੂਆਂ/ਸਿੱਖਾਂ ਅਤੇ ਮੁਸਲਮਾਨਾਂ ਦਰਮਿਆਨ ਨਹੀਂ ਵਾਪਰੀਆਂ ਸਗੋਂ ਬਾਹਰੋਂ ਆਏ ਸ਼ਰਨਾਰਥੀਆਂ ਨੇ ਆਪਣੇ ਉਪਰ ਹੋਏ ਅਤਿਆਚਾਰਾਂ ਦਾ ਬਦਲਾ ਲੈਣ ਲਈ ਵਿਰੋਧੀ ਧਿਰ ਦੇ ਲੋਕਾਂ ਉਪਰ ਹਿੰਸਾ ਦੀ ਵਰਤੋਂ ਕੀਤੀ ਜਾਂ ਬਾਹਰੋਂ ਆਏ ਗੁੰਡਿਆਂ ਨੇ ਪਿੰਡ ਵਿੱਚ ਵਿਰੋਧੀ ਧਿਰ ਦੇ ਲੋਕਾਂ ਪ੍ਰਤੀ ਹਿੰਸਾ ਦਾ ਪ੍ਰਯੋਗ ਕੀਤਾ ਜਾਂ ਵਿਰੋਧੀ ਧਿਰ ਦੀਆਂ ਔਰਤਾਂ ਉਧਾਲੀਆਂ| ਪਿੰਡ ਦੇ ਲੋਕਾਂ ਨੇ ਸਗੋਂ ਪੁਰਾਣੀ ਭਾਈਚਾਰਕ ਸਾਂਝ ਹੋਣ ਕਰਕੇ ਇਨ੍ਹਾਂ ਘਟਨਾਵਾਂ ਦਾ ਵਿਰੋਧ ਕੀਤਾ ਭਾਵੇਂ ਆਪਣੇ ਤੌਰ ਤੇ ਇਕੱਲਿਆਂ ਉਹ ਬਾਹਰੋਂ ਆਏ ਗੁੰਡਿਆਂ ਦਾ ਮੁਕਾਬਲਾ ਕਰਨ ਦੇ ਯੋਗ ਨਹੀਂ ਸਨ ! ਖੁਸ਼ਵੰਤ ਸਿੰਘ ਦੇ ਨਾਵਲ ਟਰੇਨ ਟੂ ਪਾਕਿਸਤਾਨ (ਪਾਕਿਸਤਾਨ ਮੇਲ) ਵਿੱਚ ਮਨੋਮਾਜਰਾ ਪਿੰਡ ਦੇ ਗੁਰਦੁਆਰੇ ਦਾ ਭਾਈ ਮੀਤ ਸਿੰਘ ਅਤੇ ਉਸ ਪਿੰਡ ਦੀ ਮਸਜਿਦ ਦਾ ਮੁੱਲਾਂ ਇਮਾਮ ਬਖਸ਼ ਸਿਰਫ਼ ਵਿਰੋਧੀ ਧਰਮ ਨਾਲ ਹੀ ਸੰਬੰਧ ਨਹੀਂ ਰੱਖਦੇ ਸਗੋਂ ਦੋਵਾਂ ਧਰਮਾਂ ਦੇ ਪ੍ਰਚਾਰਕ ਵੀ ਹਨ, ਪਰ ਦੇਸ਼ ਵੰਡ ਦੀਆਂ ਹਿੰਸਕ ਘਟਨਾਵਾਂ ਉਨ੍ਹਾਂ ਵਿੱਚ ਕੋਈ ਪਾੜਾ ਨਹੀਂ ਪਾ ਸਕੀਆਂ। ਇਸੇ ਤਰ੍ਹਾਂ ਕਰਤਾਰ ਸਿੰਘ ਦੁੱਗਲ ਦੇ ਨਾਵਲ ਨਹੁੰ ਅਤੇ ਮਾਸ ਵਿੱਚ ਧਮਿਆਲ ਪਿੰਡ ਦੇ ਹਿੰਦੂ ਸੋਹਨੇ ਸ਼ਾਹ ਅਤੇ ਮੁਸਲਮਾਨ ਅੱਲਾ ਦਿੱਤਾ ਵਿਚਕਾਰ ਦੇਸ਼-ਵੰਡ ਦੀ ਮਾਰ ਧਾੜ ਕੋਈ ਫਾਸਲਾ ਨਹੀਂ ਪੈਦਾ ਕਰ ਸਕੀ। ਇਨ੍ਹਾਂ ਦੋਵਾਂ ਨਾਵਲਾਂ ਵਿੱਚ ਜੱਗਾ (ਟਰੇਨ ਟੂ ਪਾਕਿਸਤਾਨ ਵਿੱਚ) ਅਤੇ ਅੱਲ੍ਹਾ ਦਿੱਤਾ (ਨਹੁੰ ਅਤੇ ਮਾਸ ਵਿੱਚ ਵਿਰੋਧੀ ਧਿਰ ਦੇ ਮੈਂਬਰਾਂ ਲਈ ਆਪਣੀਆਂ ਜਾਨਾਂ ਵੀ ਵਾਰ ਦਿੰਦੇ ਹਨ ਪਰ ਅੰਮ੍ਰਿਤਾ ਪ੍ਰੀਤਮ ਪਿੰਜਰ ਨਾਵਲ ਵਿਚ ਲਾਜੋ ਦਾ ਉਧਾਲਾ ਉਸਦੇ ਆਪਣੇ ਹੀ ਪਿੰਡ ਰੱਤੋਵਾਲ ਦੇ ਅੱਲਾ ਦਿੱਤਾ ਨਾਂ ਦੇ ਇਕ ਮੁਸਲਮਾਨ ਵੱਲੋਂ ਹੋਇਆ ਦਰਸਾਉਂਦੀ ਹੈ। ਇੰਨਾ ਹੀ ਨਹੀਂ ਅੱਲਾ ਦਿੱਤਾ ਨੇ ਆਪਣੇ ਹੀ ਪਿੰਡ ਦੇ ਇਕ ਹਿੰਦੂ ਰਾਮ ਚੰਦ ਦੇ ਘਰ ਤੇ ਕਬਜ਼ਾ ਕਰ ਲਿਆ ਅਤੇ ਰਾਮ ਚੰਦ ਦੀ ਭੈਣ ਲਾਜੋ, ਜਿਹੜੀ ਆਪਣੇ ਭਰਾ ਨਾਲ ਹਿੰਦੁਸਤਾਨ ਨੂੰ ਜਾਣ ਵਾਲੇ ਕਾਫ਼ਲੇ ਵਿੱਚ ਸ਼ਾਮਲ ਹੋਣ ਲਈ ਘਰੋਂ ਨਿਕਲੀ ਸੀ, ਨੂੰ ਉਧਾਲ ਕੇ ਲਾਜੋ ਦੇ ਆਪਣੇ ਹੀ ਘਰ ਰੱਖ ਲਿਆ। ਇਸ ਸਥਿਤੀ ਬਾਰੇ ਲੇਖਿਕਾ ਲਾਜੋ ਦੇ ਮੂੰਹੋਂ ਅਖਵਾਉਂਦੀ ਹੈ:

> ਇਹੋ ਹੀ ਮੇਰਾ ਘਰ ਸੀ, ਇਥੇ ਹੀ ਮੈਂ ਜੰਮੀ ਪਲੀ, ਇਥੇ ਹੀ ਮੈਂ ਵੱਡੀ ਹੋਈ ਇਸੇ ਘਰੋਂ ਮੇਰੀ ਡੋਲੀ ਨਿਕਲੀ, ਇਥੇ ਹੀ ਮੈਂ ਮੁੜ ਪੇਕੇ ਆਈ, ਸਾਰੇ ਇਸ ਘਰ ਵਿੱਚੋਂ ਨਿਕਲ ਗਏ ...ਮੈਂ ਆਪਣੇ ਘਰ ਵਿੱਚ ਪ੍ਰਦੇਸਣ ਬਣ ਗਈ। ...ਇਨ੍ਹਾਂ ਚੁਗਾਠਾਂ ਨੂੰ ਵੀ ਸ਼ਰਮ ਨਾ ਆਈ, ਇਨ੍ਹਾਂ ਨੇ ਮੈਨੂੰ ਖੁਆਰ ਹੁੰਦਿਆਂ ਤੱਕਿਆ, ਇਨ੍ਹਾਂ ਕੰਧਾਂ ਨੂੰ ਵੀ ਲਾਜ ਨਾ ਆਈ, ਇਨ੍ਹਾਂ ਨੇ ਮੇਰੀ ਪਾਣਪੱਤ ਲਹਿੰਦੀ ਤੱਕੀ..

ਹਿੰਦੂਆਂ ਅਤੇ ਸਿੱਖਾਂ ਵੱਲੋਂ ਪਾਕਿਸਤਾਨ ਵਿੱਚ ਛੱਡੀ ਜਾਇਦਾਦ ਉਥੋਂ ਦੇ ਮੁਸਲਮਾਨਾਂ ਦੇ ਕਬਜ਼ੇ ਵਿੱਚ ਨਹੀਂ ਸਗੋਂ ਕਸਟੋਡੀਅਨ ਦੇ ਹਵਾਲੇ ਕੀਤੀ ਜਾਂਦੀ ਸੀ ਜਿਸਨੂੰ ਹਿੰਦੁਸਤਾਨ ਤੋਂ ਗਏ ਮੁਸਲਮਾਨ ਸ਼ਰਨਾਰਥੀਆਂ ਨੂੰ ਅਲਾਟ ਕੀਤਾ ਜਾਂਦਾ ਸੀ। ਅੰਮ੍ਰਿਤਾ ਨੇ ਇਸ ਨਾਵਲ ਵਿੱਚ

ਅਜਿਹੀ ਕਾਨੂੰਨੀ ਵਿਵਸਥਾ ਨੂੰ ਵੀ ਅੱਖੋਂ ਪਰੋਖੇ ਕਰ ਦਿੱਤਾ ਹੈ । ਦੇਸ਼-ਵੰਡ ਦੌਰਾਨ ਹਿੰਸਾ ਸਿਰਫ਼ ਔਰਤਾਂ ਦੇ ਵਿਰੁੱਧ ਹੀ ਨਹੀਂ ਵਾਪਰੀ ਸਗੋਂ ਆਮ ਜੀਵਨ ਦਾ ਅਤੇ ਰੋਜ਼ਾਨਾ ਜ਼ਿੰਦਗੀ ਦਾ ਜਿਵੇਂ ਹਿੱਸਾ ਹੀ ਬਣ ਗਈ ਸੀ ਕਿਉਂਕਿ ਦੇਸ਼ ਦੀ ਵੰਡ ਕੇਵਲ ਦੋ ਦੇਸ਼ਾਂ ਦਾ ਵੱਖ ਹੋਣਾ ਹੀ ਨਹੀਂ ਸੀ, ਸਗੋਂ ਸਮਾਜਿਕ ਅਤੇ ਸੰਸਕ੍ਰਿਤਕ ਸਾਂਝ ਦਾ ਖਿੰਡ ਪੁੰਡ ਜਾਣਾ ਵੀ ਸੀ ! ਸਾਰੀਆਂ ਪੁਰਾਣੀਆਂ ਸਾਂਝਾਂ ਭੁਲਾ ਕੇ ਲੋਕ ਇਕ ਦੂਸਰੇ ਦੇ ਵੈਰੀ ਬਣ ਗਏ ਸਨ। ਇਸ ਟੁੱਟ ਰਹੀ ਸਾਂਝ ਅਤੇ ਹਿੰਸਕ ਮਾਹੌਲ ਦਾ ਵਰਨਣ ਕਰਦੀ ਹੋਈ ਅੰਮ੍ਰਿਤਾ ਲਿਖਦੀ ਹੈ:

> ਜਿਵੇਂ ਇਕ ਖੱਖੜੀ ਫਾੜੀਆਂ ਫਾੜੀਆਂ ਹੋ ਜਾਂਦੀ ਹੈ ਸ਼ਹਿਰਾਂ ਵਿੱਚ, ਪਿੰਡਾਂ ਵਿੱਚ, ਲੋਕਾਂ ਨਾਲੋਂ ਲੋਕ ਪਾਟਦੇ ਜਾਂਦੇ ਸਨ । ... ਆਦਮੀਆਂ ਦੇ ਆਦਮੀ ਪਏ ਮਰੀਦੇ ਸਨ, ਘਰਾਂ ਦੇ ਘਰ ਪਏ ਸੜੀਦੇ ਸਨ । ਗਵਾਂਢੀ ਨੂੰ ਗਵਾਚੀ ਪਿਆ ਕੱਪਦਾ ਸੀ ਰਾਹ ਜਾਂਦੇ ਨੂੰ ਰਾਹ ਜਾਂਦਾ ਵੱਢ ਜਾਂਦਾ ਸੀ । ਲੋਕਾਂ ਦੀ ਜਾਨ ਸਲਾਮਤ ਨਹੀਂ ਸੀ, ਲੋਕਾਂ ਦੇ ਮਾਲ ਸਲਾਮਤ ਨਹੀਂ ਸਨ।

ਹਿੰਦੂਆਂ ਅਤੇ ਮੁਸਲਮਾਨਾਂ ਦੇ ਕੁਲੀਨ ਵਰਗ ਦੀ ਸੱਤਾ ਪ੍ਰਾਪਤੀ ਦੀ ਲੜਾਈ ਵਿੱਚ ਆਮ ਆਦਮੀ ਵਸ ਕੇ ਰਹਿ ਗਿਆ ਸੀ । ਫ਼ਿਰਕੂ ਪਰਚਾਰ ਇੰਨੇ ਜ਼ੋਰ ਨਾਲ ਹੋ ਰਿਹਾ ਸੀ ਕਿ ਆਮ ਆਦਮੀ ਨੂੰ ਜਾਪਣ ਲੱਗ ਪਿਆ ਸੀ ਜਿਵੇਂ ਇਸ ਜੁਗਗਰਦੀ ਨਾਲ ਉਸਦੇ ਕਸ਼ਟ ਕੱਟੇ ਜਾਣਗੇ। ਫ਼ਿਰਕੂ ਪ੍ਰਚਾਰ ਦੇ ਜ਼ਹਿਰ ਅਧੀਨ ਗਰੀਬ ਮੁਸਲਮਾਨ ਆਪਣੇ ਸਾਰੇ ਮਸਲਿਆਂ ਲਈ ਹਿੰਦੂ ਨੂੰ ਜ਼ਿੰਮੇਵਾਰ ਸਮਝਣ ਲੱਗ ਪਿਆ ਸੀ। ਜਿਵੇਂ ਹਿੰਦੂ ਹੀ ਉਸਦੀ ਖੁਸ਼ਹਾਲੀ ਦੇ ਰਾਹ ਦਾ ਵੱਡਾ ਰੋੜਾ ਹੋਵੇ । ਆਮ ਆਦਮੀ, ਸਾਧਾਰਨ ਮੁਸਲਮਾਨ ਫਿਰਕੂ ਪਰਚਾਰ ਅਧੀਨ ਸੋਚਣ ਲੱਗ ਪਿਆ ਸੀ:

> ਇਥੇ ਸਾਡਾ ਆਪਣਾ ਰਾਜ਼ ਆਵੇਗਾ, ਇਥੇ ਸਾਡੀ ਆਪਣੀ ਹਕੂਮਤ ਹੋਵੇਗੀ । ਅਸਾਂ ਇਥੇ ਹਿੰਦੂ ਦਾ ਬੀਅ ਵੀ ਨਹੀਂ ਰਹਿਣ ਦੇਣਾ।

ਹਿੰਦੂ ਅਤੇ ਮੁਸਲਮਾਨ ਇਸ ਹੱਦ ਤਕ ਫ਼ਿਰਕੂ ਪ੍ਰਚਾਰ ਦਾ ਸ਼ਿਕਾਰ ਹੋ ਗਏ ਸਨ ਕਿ ਜਿਥੇ ਕਿਤੇ ਵੀ ਹਿੰਦੂ ਆਪਣੀਆਂ ਜਾਨਾਂ ਬਚਾਉਣ ਲਈ ਇਕੱਠੇ ਹੁੰਦੇ ਤਾਂ ਉਹ ਬਦਲੇ ਦੀ ਭਾਵਨਾ ਅਧੀਨ ਹਿੰਦੂਆਂ ਦੇ ਘਰਾਂ ਤੇ ਟਿਕਾਣਿਆਂ ਨੂੰ ਅੱਗਾਂ ਲਗਾ ਦਿੰਦੇ । ਇਨ੍ਹਾਂ ਅੰਗਾਂ ਪਿਛੇ ਬਦਲੇ ਦੀ ਭਾਵਨਾ ਦੇ ਨਾਲ ਨਾਲ ਮੁਸਲਿਮ ਲੀਗ ਦੀ ਸੋਚੀ ਸਮਝੀ ਸਕੀਮ ਵੀ ਸੀ ਕਿ ਹਿੰਦੂਆਂ ਦੀ ਜਾਇਦਾਦ ਸਾੜ ਦਿੱਤੀ ਜਾਵੇ ਤਾਂ ਕਿ ਉਹ ਇਲਾਕਾ ਖਾਲੀ ਕਰਕੇ ਹਿੰਦੁਸਤਾਨ ਦੌੜ ਜਾਣ । ਇਸ ਹਾਲਾਤ ਵਿੱਚ ਹਿੰਦੂ ਆਪਣੇ ਘਰ ਘਾਟ ਛੱਡ ਕੇ ਦੌੜ ਰਹੇ ਸਨ। ਅਜਿਹੀ ਇਕ ਹਿਜਰਤ ਦੀ ਘਟਨਾ ਦਾ ਬਿਆਨ ਕਰਦੀ ਅੰਮ੍ਰਿਤਾ ਲਿਖਦੀ ਹੈ:

> ਓੜਕ ਉਨ੍ਹਾਂ ਦੇ ਲਾਗਲੇ ਪਿੰਡਾਂ ਵਿਚੋਂ ਹਿੰਦੂ ਨੱਸਣ ਲੱਗ ਪਏ । ਉਨ੍ਹਾਂ ਦੀਆਂ ਗਾਈਆਂ ਕਿੱਲਿਆਂ ਨਾਲ ਬੱਧੀਆਂ ਰਹੀਆਂ, ਉਨ੍ਹਾਂ ਦੀਆਂ ਮੱਝਾਂਡਾਂ ਡਾਂ ਕਰਦੀਆਂ ਰਹੀਆਂ - ਉਨਾਂ ਦੇ ਘਰ ਭਰੇ ਭਕੁੰਨੇ ਪਿਛੇ ਰਹਿ ਗਏ, ਉਨ੍ਹਾਂ ਦੀਆਂ ਪੈਲੀਆਂ ਸਾਈਆਂ ਦੇ ਮੂੰਹ ਤਕਦੀਆਂ ਰਹੀਆਂ, ਉਹ ਰਾਤ ਬਰਾਤੀਂ ਭੱਜਦੇ, ਉਹ ਪਿੰਡਾਂ ਦੀ ਜੂਹ ਵਿੱਚ ਹੀ ਮਰੀਦੇ ਜਾਂਦੇ।

ਜਦੋਂ ਆਪਣੇ ਬਚਾਅ ਲਈ ਪੂਰੋ ਦੇ ਪਿੰਡ ਦੇ ਸਾਰੇ ਹਿੰਦੂਆਂ ਨੇ ਇਕ ਹਵੇਲੀ ਵਿੱਚ ਪਨਾਹ ਲੈ ਲਈ ਤਾਂ ਪਿੰਡ ਦੇ ਮੁਸਲਮਾਨਾਂ ਨੇ ਹਵੇਲੀ ਉਪਰ ਹਮਲਾ ਕਰ ਦਿੱਤਾ। ਪਰ ਅੰਦਰ ਜਾਣਾ ਮੁਸ਼ਕਲ ਸੀ। ਮੁਸਲਮਾਨਾਂ ਨੇ ਹਵੇਲੀ ਦੇ ਬੂਹੇ ਬਾਰੀਆਂ ਉਪਰ ਤੇਲ ਪਾ ਲਿਆ ਅਤੇ ਅੱਗ ਲਗਾ ਦਿੱਤੀ। ਇਸ ਅਣਮਨੁੱਖੀ ਘਟਨਾ ਦਾ ਵੇਰਵਾ ਲੇਖਿਕਾ ਇਨ੍ਹਾਂ ਸ਼ਬਦਾਂ ਵਿੱਚ ਕਰਦੀ ਹੈ:

> ਹਵੇਲੀ ਦੇ ਅੰਦਰੋਂ ਅੱਗ ਦੇ ਲਾਂਬਿਆਂ ਜੇਡੀਆਂ ਹੀ ਉੱਚੀਆਂ ਉੱਚੀਆਂ ਚੀਕਾਂ ਪਈਆਂ ਨਿਕਲਦੀਆਂ ਸਨ, ਜਦੋਂ ਮਿਲਟਰੀ ਨੇ ਅੱਗ ਬੁਝਾਈ, ਜਦੋਂ ਮਿਲਟਰੀ ਨੇ ਅੰਦਰੋਂ ਲੋਕੀਂ ਕੱਢੇ। ਹਉਂਕਦੇ ਤੇ ਧੁਖਦੇ ਲੋਕੀਂ ਉਨ੍ਹਾਂ ਨੇ ਲਾਰੀਆਂ ਵਿੱਚ ਬਿਠਾ ਲਏ । ਉਨ੍ਹਾਂ ਨੇ ਤਿੰਨ ਅੱਧੇ ਸੜੇ ਹੋਏ ਬੰਦਿਆਂ ਨੂੰ ਕੱਢਿਆ, ਜਿਨ੍ਹਾਂ ਦੇ ਪਿੰਡੇ ਵਿਚੋਂ ਚਰਬੀ ਪਈ ਵਗਦੀ ਸੀ, ਜਿਨ੍ਹਾਂ ਦਾ ਮਾਸ ਅੱਗ ਵਿੱਚ ਭੁਜ ਭੁਜ ਕੇ ਹੱਡੀਆਂ ਨਾਲੋਂ ਵੱਖਰਾ ਲਮਕਦਾ ਪਿਆ ਸੀ।

ਇਹ ਵੱਢ-ਟੁੱਕ ਇੰਨੇ ਵੱਡੇ ਪੱਧਰ ਤੇ ਹੋ ਰਹੀ ਸੀ ਕਿ ਲੋਕ ਜਿਵੇਂ ਇਸਦੇ ਆਦੀ ਹੋ ਗਏ ਸਨ। ਹਿੰਸਾ ਜਦੋਂ ਵੀ ਵੱਡੇ ਪੱਧਰ ਤੇ ਵਾਪਰਦੀ ਹੈ ਤਾਂ ਇਹ ਉਤਨੀ ਸਨਸਨੀ ਖੇਜ਼ ਨਹੀਂ ਰਹਿੰਦੀ ਜਿੰਨੀਆਂ ਇਕਾ ਦੁਕਾ ਹਿੰਸਕ ਘਟਨਾਵਾਂ ਹੁੰਦੀਆਂ ਹਨ ਪਰ ਇਸ ਹਿੰਸਾ ਦੀ ਭਿਆਨਕਤਾ ਵੀ ਦਿਲ ਹਿਲਾ ਦੇਣ ਵਾਲੀ ਸੀ । ਇਸ ਭਿਆਨਕ ਹਿੰਸਾ ਬਾਰੇ ਅੰਮ੍ਰਿਤਾ ਲਿਖਦੀ ਹੈ:

> ਸ਼ਹਿਰਾਂ ਵਿੱਚ ਗਲੀਆਂ ਦੀਆਂ ਗਲੀਆਂ ਲਹੂ ਨਾਲ ਭਰ ਗਈਆਂ ਨੇ, ਬਜ਼ਾਰਾਂ ਦੇ ਬਾਜ਼ਾਰ ਮੁਰਦਿਆਂ ਨਾਲ ਵਿਛ ਗਏ ਨੇ। ਮੋਏ ਹੋਏ ਲੋਕਾਂ ਕੋਲੋਂ ਬੋਆਂ ਪਈਆਂ ਆਉਂਦੀਆਂ ਸਨ, ਕੋਈ ਉਨ੍ਹਾਂ ਨੂੰ ਸਾੜਦਾ ਫੂਕਦਾ ਨਹੀਂ ਸੀ, ਕੋਈ ਉਨ੍ਹਾਂ ਨੂੰ ਦੱਬਦਾ ਰੋੜਦਾ ਨਹੀਂ ਸੀ । ਲੋਕ ਆਂਹਦੇ ਸਨ ਏਨੇ ਮੁਰਦਿਆਂ ਦੀ ਸੜਿਹਾਂਦ ਨਾਲ ਸਾਰੇ ਮੁਲਕ ਵਿੱਚ ਬੀਮਾਰੀ ਪੈ ਜਾਏਗੀ

ਇੰਨੇ ਵੱਡੇ ਪੱਧਰ ਤੇ ਹਿੰਸਕ ਘਟਨਾਵਾਂ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਸਿਰਫ਼ ਨਫ਼ਰਤ ਦੀ ਭਾਵਨਾ ਕਰਕੇ ਹੀ ਨਹੀਂ ਹੋਈਆਂ ਇਨ੍ਹਾਂ ਦੇ ਕੁਝ ਮਨੋਵਿਗਿਆਨਕ ਕਾਰਨ ਵੀ ਹਨ। ਪ੍ਰਸਿੱਧ ਮਨੋਵਿਗਿਆਨਕ ਵਿਸ਼ਲੇਸ਼ਣਕਾਰ ਸੁਧੀਰ ਕੱਕੜ ਪੰਜਾਬ ਦੀਆਂ ਇਨ੍ਹਾਂ ਹਿੰਸਕ ਘਟਨਾਵਾਂ ਲਈ ਸਮਾਜ ਵਿਗਿਆਨ ਨਾਲ ਸੰਬੰਧਤ ਕਾਰਨਾਂ ਨੂੰ ਜ਼ਿੰਮੇਵਾਰ ਮੰਨਦਾ ਹੈ:

> ਦੇਸ਼-ਵੰਡ ਦੌਰਾਨ ਦੇਸ਼ ਦੇ ਬਾਕੀ ਹਿੱਸਿਆਂ ਦੇ ਮੁਕਾਬਲੇ ਉੱਤਰ ਭਾਰਤ ਵਿੱਚ ਹਿੰਸਾ ਦਾ ਮੁੱਖ ਕਾਰਨ ਪੰਜਾਬੀਆਂ ਦਾ ਤੱਤਾ ਸੁਭਾਅ ਹੈ। ਪੰਜਾਬ ਵਿੱਚ ਕਤਲ ਦਰ ਦਾ ਜ਼ਿਆਦਾ ਹੋਣਾ ਉਪਰੋਕਤ ਸਭਿਆਚਾਰਕ ਤੱਥ ਦੀ ਪ੍ਰੋੜਤਾ ਕਰਦਾ ਹੈ | ਸਮਾਜਕ ਸਵੀਕ੍ਰਿਤੀ ਪ੍ਰਾਪਤ ਕਾਰਜਾਂ - ਆਪਣੀ ਜ਼ਮੀਨ ਜਾਂ ਮਾਨ-ਸਨਮਾਨ - ਲਈ ਸਰੀਰਕ ਸ਼ਕਤੀ ਦੀ ਵਰਤੋਂ ਕਰਨਾ ਪੰਜਾਬੀਆਂ ਦਾ ਸੁਭਾਅ ਹੈ। ਪ੍ਰਯੋਗਸਿਧ ਪ੍ਰਮਾਣ ਹਨ ਕਿ ਸਵੀਕ੍ਰਿਤੀ ਪ੍ਰਾਪਤ ਕਾਰਜਾਂ ਲਈ ਸਰੀਰਕ ਸ਼ਕਤੀ ਦੀ ਜ਼ਿਆਦਾ ਵਰਤੋਂ ਨਾਲ ਉਨ੍ਹਾਂ ਕਾਰਜਾਂ ਲਈ ਵੀ ਸਰੀਰਕ ਸ਼ਕਤੀ ਦੀ ਵਰਤੋਂ ਦੀ ਸੰਭਾਵਨਾ ਵੱਧ ਜਾਂਦੀ ਹੈ ਜਿਹੜੇ ਸਮਾਜਿਕ ਤੌਰ ਤੇ ਪ੍ਰਵਾਨਿਤ ਨਹੀਂ ਵੀ ਹੁੰਦੇ।

ਉਧਾਲੇ ਮਗਰੋਂ ਮਾਪਿਆਂ ਦੇ ਸਵੀਕਾਰ ਨਾ ਕਰਨ ਤੋਂ ਬਾਅਦ ਪੂਰੋ ਰਸ਼ੀਦੇ ਨਾਲ ਸ਼ਾਦੀ ਨੂੰ ਪ੍ਰਵਾਨ ਕਰ ਲੈਂਦੀ ਹੈ। ਉਸਦੇ ਬੱਚੇ ਵੀ ਹੋ ਜਾਂਦੇ ਹਨ ਪਰ ਉਹ ਆਪਣੀ ਭਰਜਾਈ ਲਾਜੋ ਨੂੰ ਉਸਦੇ ਉਧਾਲੇ ਤੋਂ ਮਗਰੋਂ ਹਿੰਦੁਸਤਾਨ ਪਹੁੰਚਾਣ ਵਿੱਚ ਪੂਰੀ ਵਾਹ ਲਾ ਦਿੰਦੀ ਹੈ। ਕੁਲਵੰਤ ਸਿੰਘ ਵਿਰਕ ਦੀ ਕਹਾਣੀ "ਖੱਬਲ ਦੀ ਨਾਇਕਾ ਵਾਂਗ ਉਹ ਲਾਜੋ ਨੂੰ ਪਾਕਿਸਤਾਨ ਵਿੱਚ ਆਪਣੇ ਨੇੜੇ ਕਿਸੇ ਮੁਸਲਮਾਨ ਪ੍ਰਵਾਰ ਵਿੱਚ ਨਹੀਂ ਵਸਾਉਣਾ ਚਾਹੁੰਦੀ ਸਗੋਂ ਉਸਦੇ ਪਤੀ ਕੋਲ ਹਿੰਦੁਸਤਾਨ ਭੇਜਣ ਦਾ ਉਪਰਾਲਾ ਕਰਦੀ ਹੈ। ਪੂਰੋ ਦੇ ਆਪਣੇ ਮਾਪਿਆਂ ਵੱਲੋਂ ਅਸਵੀਕਾਰ ਕੀਤੇ ਜਾਣ ਮਗਰੋਂ ਵੀ ਉਹ ਲਾਜੋ ਨੂੰ ਵਾਪਸ ਭੇਜਦੀ ਹੈ। ਸ਼ਾਇਦ ਇੰਨੇ ਵੱਡੇ ਪੱਧਰ ਤੇ ਉਧਾਲੇ ਤੇ ਜ਼ਬਰੀ ਸ਼ਾਦੀਆਂ ਹੋ ਗਈਆਂ ਸਨ ਕਿ ਲੋਕਾਂ ਨੇ ਉਧਾਲੀਆਂ ਲੜਕੀਆਂ ਨੂੰ ਵਾਪਸ ਲੈਣਾ ਮੰਨ ਲਿਆ ਸੀ। ਭਾਵੇਂ ਪੂਰੋ ਨੂੰ ਦੁੱਖ ਸੀ ਕਿ ਉਹ ਸਵੀਕਾਰੀ ਨਹੀਂ ਸੀ ਗਈ ਕਿਉਂਕਿ "ਉਹਦੀ ਵਾਰੀ ਦੁਨੀਆਂ ਦੇ ਸਾਰੇ ਧਰਮ ਉਹਦੇ ਰਾਹ ਵਿੱਚ ਕੰਡੇ ਬਣ ਕੇ ਵਿੱਛ ਗਏ ਸਨ..." ਪਰ ਹੁਣ ਗੱਲ ਹੋਰ ਸੀ : ਉਹ ਲਾਜੋ ਨੂੰ ਕਹਿੰਦੀ ਹੈ:

> ਪਰ ਉਦੋਂ ਮੈਂ 'ਕੱਲੀ ਸਾਂ | ਮੇਰੇ ਮਾਪਿਆਂ ਦਾ ਜੇਰਾ ਨਾ ਪਿਆ ਕਿ ਉਹ ਲੋਕਾਂ ਦੀਆਂ ਗੱਲਾਂ ਅਖਵਾ ਲੈਣ ... ਹੁਣ ਕਿਸੇ ਇਕ ਨੂੰ ਨਹੀਂ, ਸਾਰਿਆਂ ਦੇ ਕਲੇਜੇ ਨੂੰ ਲੱਗੀ ਹੋਈ ਏ।

ਇਨ੍ਹਾਂ ਸਾਰੇ ਉਧਾਲਿਆਂ ਅਤੇ ਵਾਪਸੀਆਂ ਦੇ ਵਰਨਣ ਵਿੱਚ ਅੰਮ੍ਰਿਤਾ ਦੀ ਪੇਸ਼ਕਾਰੀ ਇਸਤਰੀ ਦ੍ਰਿਸ਼ਟੀਕੋਣ ਦਾ ਪ੍ਰਮਾਣ ਹੈ:

> ਅੱਜ ਕਿਸੇ ਨੂੰ ਕਿਸੇ ਦਾ ਮਿਹਣਾ ਨਹੀਂ, ਸਾਰਾ ਲੋਕ ਪਿਆ ਆਪਣੀਆਂ ਧੀਆਂ ਭੈਣਾਂ ਨੂੰ ਲਿਜਾਂਦਾ ਏ, ਰਸ਼ੀਦਾ ਆਂਹਦਾ ਏ ਉਧਰੋਂ ਵੀ ਲੱਭ ਲੱਭ ਕੇ ਲੋਕ ਆਪਣੀਆਂ ਤ੍ਰੀਮਤਾਂ ਪਏ ਮੁੜ ਲਿਆਉਂਦੇ ਨੇ, ਕਈਆਂ ਦੇ ਘਰ ਤੇ ਜਾਤਕ ਵੀ ਹੋ ਪਏ ਨੇ ਤੇ ਫੇਰ ਦੋਵੇਂ ਜਣੀਆਂ ਗੁੰਮ ਸੁੰਮ ਹੋ ਕੇ ਤੀਮਤਾਂ ਦੀ ਇਸ ਬੇ-ਬਸੀ ਨੂੰ ਸੋਚਣ ਲੱਗ ਪਈਆਂ। ਆਖਰ ਪੂਰੋ ਲਾਜੋ ਨੂੰ ਉਸਦੇ ਪਤੀ ਨਾਲ ਹਿੰਦੁਸਤਾਨ ਭੇਜਣ ਵਿੱਚ ਕਾਮਯਾਬ ਹੋ ਜਾਂਦੀ ਹੈ ਤੇ ਉਸਦੇ ਭਰਾ ਦੇ ਕਹਿਣ ਦੇ ਬਾਵਜੂਦ ਉਹ ਪਿਛੇ ਆਪਣੇ ਪਤੀ ਅਤੇ ਬੱਚਿਆਂ ਨਾਲ ਪਾਕਿਸਤਾਨ ਵਿੱਚ ਰਹਿਣ ਨੂੰ ਹੀ ਪਹਿਲ ਦਿੰਦੀ ਕਹਿੰਦੀ ਹੈ ਕਿ "ਲਾਜੋ ਆਪਣੇ ਘਰ ਮੁੜ ਜਾਏਗੀ, ਤਾਂ ਸਮਝਣਾ ਪੂਰੋ ਅੱਜ ਇਹਦੇ ਵਿੱਚ ਹੀ ਆ ਗਈ ਏ। ਮੇਰੇ ਜੋਗੀ ਹੁਣ ਇਥੇ ਹੀ ਥਾਂ ਏ।""ਪੂਰੋ ਨੇ ਲਾਰੀ ਤੇ ਚੜ੍ਹਣ ਲੱਗੇ ਭਰਾ ਨੂੰ ਹੌਲੀ ਜਿਹੀ ਆਖਿਆ।

## ਸਾਰ-ਅੰਸ਼

ਇਸ ਤਰ੍ਹਾਂ ਪਿੰਜਰ ਨਾਵਲ ਵਿੱਚ ਦੇਸ਼-ਵੰਡ ਨਾਲ ਸੰਬੰਧਤ ਤਿੰਨ ਪੱਖ- ਉਜਾੜਾ, ਹਿੰਸਾ ਅਤੇ ਪੁਨਰਵਾਸ- ਬਹੁਤ ਵਿਸਥਾਰ ਨਾਲ ਪ੍ਰਗਟ ਹੁੰਦੇ ਹਨ। ਔਰਤਾਂ ਵਿਰੁੱਧ ਹਿੰਸਾ ਦੀਆਂ ਘਟਨਾਵਾਂ ਕਈ ਪਰਤਾਂ ਵਿੱਚ ਇਸ ਨਾਵਲ ਵਿੱਚ ਪ੍ਰਗਟ ਹੋਈਆਂ ਹਨ- ਉਧਾਲੇ, ਬਲਾਤਕਾਰ, ਜ਼ਬਰੀ ਸ਼ਾਦੀਆਂ, ਮਾਪਿਆਂ ਵੱਲੋਂ ਆਪਣੀਆਂ ਧੀਆਂ ਨੂੰ ਉਧਾਲਿਆਂ ਤੋਂ ਮਗਰੋਂ ਸਵੀਕਾਰ ਨਾ ਕਰਨ ਦੀਆਂ ਮਿਸਾਲਾਂ ਇਸ ਨਾਵਲ ਦਾ ਵਿਸ਼ਾ-ਵਸਤੂ ਹਨ। ਵਸਦੇ ਰਸਦੇ ਘਰਾਂ ਵਿਚੋਂ ਲੋਕਾਂ ਦਾ ਉਜੜ ਜਾਣਾ ਅਤੇ ਨਵੇਂ ਥਾਵਾਂ ਤੇ ਵਸਣ ਦੀਆਂ ਕੋਸ਼ਿਸ਼ਾਂ ਦੇ ਬਿਰਤਾਂਤ ਇਸ ਨਾਵਲ ਦਾ ਕੇਂਦਰ ਬਿੰਦੂ ਹਨ। ਇਨ੍ਹਾਂ ਸਾਰੀਆਂ ਘਟਨਾਵਾਂ ਦਾ ਵਰਨਣ ਇਕ ਔਰਤ ਦੇ ਦ੍ਰਿਸ਼ਟੀਕੋਣ ਤੋਂ ਕੀਤਾ ਗਿਆ ਹੈ।

## ਕੇਂਦਰੀ ਸ਼ਬਦ

- **ਉਧਾਲਾ**: ਅਗਵਾ ਕਰਨਾ/ਕਿਡਨੈਪਿੰਗ
- **ਪੁਨਰਵਾਸ**: ਦੁਬਾਰਾ ਵਸਣਾ

## ਸਵੈ-ਮੁਲਾਂਕਣ

1. ਅੰਮ੍ਰਿਤਾ ਪ੍ਰੀਤਮ ਦਾ ਜਨਮ .......ਵਿਖੇ ਹੋਇਆ।

ੳ) ਗੁਜਰਾਂਵਾਲਾ

ਅ) ਦਿੱਲੀ

ੲ) ਲਾਹੌਰ

ਸ) ਅੰਮ੍ਰਿਤਸਰ

2. ਅੰਮ੍ਰਿਤਾ ਪ੍ਰੀਤਮ ਨੇ ਕਾਫ਼ੀਏ, ਰਦੀਫ਼ ਦੀ ਜਾਣਕਾਰੀ ਅਤੇ ਕਾਵਿ ਰਚਨਾ ਦਾ ਹੋਰ ਮੁੱਢਲਾ ਗਿਆਨ ਆਪਣੇ ...ਤੋਂ ਪ੍ਰਾਪਤ ਕੀਤਾ।

ੳ) ਗੁਰੂ

ਅ) ਪਿਤਾ

ੲ) ਮਾਤਾ

ਸ) ਪਤੀ

3. ਅੰਮ੍ਰਿਤਾ ਪ੍ਰੀਤਮ ਨੇ ਆਪਣੀ ਪਹਿਲੀ ਆਪਣੀ ਕਾਵਿਤਾ .....ਦੀ ਉਮਰ ਵਿੱਚ ਲਿਖੀ।

ੳ) ਸੱਤ ਸਾਲ

ਅ) ਦਸ ਸਾਲ

ੲ) ਗਿਆਰਾਂ ਸਾਲ

ਸ) ਉਨ੍ਹੀ ਸਾਲ

4. ਅੰਮ੍ਰਿਤਾ ਪ੍ਰੀਤਮ ਦੀ ਮਾਤਾ ਨੇ ....ਦੀ ਉਮਰ ਵਿੱਚ ਇਸ ਦੀ ਕੁੜਮਾਈ ਦੂਰ ਦੇ ਰਿਸ਼ਤੇ ਵਿੱਚ ਭੂਆ ਦੇ ਪੁੱਤਰ ਨਾਲ ਕਰ ਦਿੱਤੀ।

ੳ) ਚਾਰ ਸਾਲ

ਅ) ਦਸ ਸਾਲ

ੲ) ਗਿਆਰਾਂ ਸਾਲ

ਸ) ਉਨ੍ਹੀ ਸਾਲ

5. ਦੇਸ਼ ਦੀ ਵੰਡ ਤੋਂ ਪਿੱਛੋਂ ਉਹ ਲਾਹੌਰ ਤੋਂ .... ਆ ਗਈ।

ੳ) ਦਿੱਲੀ

ਅ) ਦੇਹਰਾਦੂਨ

ੲ) ਅੰਮ੍ਰਿਤਸਰ

ਸ) ਗੁਜਰਾਤ

6. ਅੰਮ੍ਰਿਤਾ ਪ੍ਰੀਤਮ ਨੂੰ ਕਿਹੜੇ ਸਾਲ ਸਾਹਿਤ ਅਕੈਡਮੀ ਪੁਰਸਕਾਰ ਪ੍ਰਾਪਤ ਹੋਇਆ?

ੳ) 1969

ਅ) 1988

ੲ) 1978

ਸ) 1956

7. .........ਵਿਚ ਭਾਰਤ ਸਰਕਾਰ ਦੁਆਰਾ 'ਪਦਮ ਸ੍ਰੀ' ਨਾਲ ਸਨਮਾਨਿਤ ਕੀਤਾ ਗਿਆ,

ੳ) 1969

ਅ) 1988

ੲ) 1978

ਸ) 1956

8. ਹੇਠ ਲਿਖੀ ਕਿਹੜੀ ਰਚਨਾ ਲਈ ਅੰਮ੍ਰਿਤਾ ਪ੍ਰੀਤਮ ਨੂੰ ਗਿਆਨ ਪੀਠ ਐਵਾਰਡ ਦਿੱਤਾ ਗਿਆ?

ੳ) ਰਸੀਦੀ ਟਿਕਟ

ਅ) ਸੁਨੇਹੜੇ

ੲ) ਕਾਗਜ਼ ਤੇ ਕੈਨਵਸ

ਸ) ਡਾਕਟਰ ਦੇਵ

9. ਹੇਠ ਲਿਖੀ ਕਿਹੜੀ ਰਚਨਾ ਲਈ ਅੰਮ੍ਰਿਤਾ ਪ੍ਰੀਤਮ ਨੂੰ ਭਾਰਤੀ ਸਾਹਿਤ ਅਕਾਦਮੀ ਐਵਾਰਡ ਦਿੱਤਾ ਗਿਆ?

ੳ) ਮੈਂ ਤਵਾਰੀਖ ਹਾਂ ਹਿੰਦ ਦੀ

ਅ) ਸੁਨੇਹੜੇ

ੲ) ਲੰਮੀਆਂ ਵਾਟਾਂ

ਸ) ਪੱਥਰ ਗੀਟੇ

10. 2005 ਵਿੱਚ ਅੰਮ੍ਰਿਤਾ ਪ੍ਰੀਤਮ ਨੂੰ ਕਿਸ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਸੀ?

ੳ) ਕੰਨੜ ਸਾਹਿਤ ਸੰਮੇਲਨ

ਅ) ਬਲਗਾਰਿਆ ਵੈਰੋਵ

ੲ) ਪਦਮ ਸ੍ਰੀ

ਸ) ਪਦਮ ਵਿਭੂਸ਼ਣ

11. 1936 ਵਿੱਚ ਅੰਮ੍ਰਿਤਾ ਦੀ ਪਹਿਲੀ ਕਿਤਾਬ .......ਪ੍ਰਕਾਸ਼ਿਤ ਹੋਈ।

ੳ) ਅੰਮ੍ਰਿਤ-ਲਹਿਰਾਂ

ਅ) ਸੁਨੇਹੜੇ

ੲ) ਲੰਮੀਆਂ ਵਾਟਾਂ

ਸ) ਪੱਥਰ ਗੀਟੇ

12. ਅੰਮ੍ਰਿਤਾ ਪ੍ਰੀਤਮ ਨੇ ਆਪਣੀਆਂ ਰਚਨਾਵਾਂ ਵਿੱਚ ਫਿਰਕੂ ਫਸਾਦਾਂ, .......ਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ।

ੳ) ਨਸ਼ਿਆਂ

ਅ) ਸਰਮਾਏਦਾਰੀ ਸ਼ੋਸ਼ਣ

ੲ) ਦੇਹ-ਵਪਾਰ

ਸ) ਭ੍ਰਿਸ਼ਟ ਸੱਤਾ

13. ਪਹਿਲੇ ਕਾਵਿ-ਸੰਗ੍ਰਹਿ ਦੀ ਪ੍ਰਕਾਸ਼ਨਾ ਤੋਂ ਬਾਅਦ ਅਗਲੇ 7 ਸਾਲਾਂ ਵਿੱਚ ..... ਹੋਰ ਕਾਵਿ-ਪੁਸਤਕਾਂ ਅੰਮ੍ਰਿਤਾ ਪ੍ਰੀਤਮ ਦੇ ਨਾਮ ਹੇਠ ਪ੍ਰਕਾਸ਼ਿਤ ਹੋਈਆਂ।

ੳ) ਤਿੰਨ

ਅ) ਚਾਰ

ੲ) ਪੰਜ

ਸ) ਛੇ

14. ਅੰਮ੍ਰਿਤਾ ਪ੍ਰੀਤਮ ਨੇ ਆਪਣੇ ਜੀਵਨ ਦੇ ਆਖਰੀ ..... ਸਾਲ ਇਮਰੋਜ਼ ਨਾਲ ਬਿਤਾਏ।

ੳ) ਦਸ

ਅ) ਵੀਹ

ੲ) ਚਾਲੀ

ਸ) ਪੰਜਾਹ

15. 1960 ਵਿੱਚ ਅੰਮ੍ਰਿਤਾ ਦੀ ਆਪਣੇ ......ਤੋਂ ਦੂਰੀ ਪੈ ਗਈ।

ੳ) ਪਤੀ

ਅ) ਪੁੱਤਰ

ੲ) ਧੀ

ਸ) ਮਾਤਾ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੳ** | **2 ਅ** | **3.ੲ** | **4. ੳ** | **5. ਅ** |
| **6. ਸ** | **7. ੳ** | **8. ੲ** | **9. ਅ** | **10. ਸ** |
| **11. ੳ** | **12. ਅ** | **13. ਸ** | **14. ੲ** | **15. ੳ** |

## ਅਭਿਆਸ ਪ੍ਰਸ਼ਨ

1. ਅੰਮ੍ਰਿਤਾ ਪ੍ਰੀਤਮ ਦੇ ਜੀਵਨ ਅਤੇ ਰਚਨਾਤਮਕਤਾ ਬਾਰੇ ਚਰਚਾ ਕਰਦੇ ਹੋਏ ਪੰਜਾਬੀ ਸਾਹਿਤ ਜਗਤ ਵਿਚ ਸਥਾਨ ਨਿਰਧਾਰਿਤ ਕਰੋ।
2. ਅੰਮ੍ਰਿਤਾ ਪ੍ਰੀਤਮ ਦੇ ਸਾਹਿਤਕ ਦੇਣ ਨੂੰ ਆਪਣੇ ਸ਼ਬਦਾਂ ਵਿਚ ਲਿਖੋ।
3. ਅੰਮ੍ਰਿਤਾ ਪ੍ਰੀਤਮ ਦੀ ਨਾਰੀ ਚੇਤਨਾ ਦਾ ਨਾਵਲ 'ਪਿੰਜਰ' ਦੇ ਸੰਦਰਭ ਵਿੱਚ ਉਲੇਖ ਕਰੋ।
4. ਅੰਮ੍ਰਿਤਾ ਪ੍ਰੀਤਮ ਦੇ ਰਚਨਾਤਮਕ ਦ੍ਰਿਸ਼ਟੀ ਨੂੰ ਵਿਸਥਾਰ ਰੂਪ ਵਿਚ ਬਿਆਨ ਕਰੋ।
5. ਨਾਵਲ 'ਪਿੰਜਰ' ਵਿਚਲੇ ਦੇਸ਼-ਵੰਡ ਦੇ ਦੁਖਾਂਤ ਦਾ ਵਿਵੇਚਨ ਕਰੋ।

## Further Reading

- ਗੁਰਪਾਲ ਸਿੰਘ ਸੰਧੂ, ਪੰਜਾਬੀ ਨਾਵਲ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005

## Online Links

- https://pa.wikipedia.org/wiki/%E0%A8%AA%E0%A8%BF%E0%A9%B0%E0%A8%9C%E0%A8%B0_(%E0%A8%A8%E0%A8%BE%E0%A8%B5%E0%A8%B2)

# Unit 12: ਨਾਵਲ 'ਪਿੰਜਰ': ਨਾਵਲੀ ਜੁਗਤਾਂ

**ਉਦੇਸ਼**

**ਜਾਣ-ਪਛਾਣ**

**1.1 ਕਥਾ-ਵਸਤੂ**

**1.2 ਭਾਸ਼ਾ**

**1.3 ਸ਼ੈਲੀ**

**1.4 ਪਾਤਰ ਚੋਣ ਅਤੇ ਪਾਤਰ ਉਸਾਰੀ**

**1.5 ਵਾਰਤਾਲਾਪ**

**1.6 ਪਿਛਲਝਾਤ ਵਿਧੀ ਦੀ ਵਰਤੋਂ**

**1.7 ਅੰਮ੍ਰਿਤਾ ਪ੍ਰੀਤਮ ਦੀ ਨਾਵਲਕਾਰੀ ਦੀਆਂ ਵਿਸ਼ੇਸ਼ਤਾਵਾਂ**

**ਸਾਰਾਂਸ਼**

**ਕੇਂਦਰੀ ਸ਼ਬਦ**

**ਸਵੈ-ਮੁਲਾਂਕਣ**

**ਸਵੈ-ਮੁਲਾਂਕਣ ਲਈ ਉੱਤਰ**

**ਅਭਿਆਸ ਪ੍ਰਸ਼ਨ**

**ਸੰਦਰਭ ਪੁਸਤਕਾਂ**

## ਉਦੇਸ਼

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

- ਅੰਮ੍ਰਿਤਾ ਪ੍ਰੀਤਮ ਦੀ ਨਾਵਲੀ ਕਲਾ ਦੀਆਂ ਮੂਲ ਵਿਸ਼ੇਸ਼ਤਾਵਾਂ ਬਾਰੇ ਗਿਆਨ ਪ੍ਰਾਪਤ ਕਰਨ ਦੇ ਯੋਗ ਹੋਣਗੇ
- ਅੰਮ੍ਰਿਤਾ ਪ੍ਰੀਤਮ ਦੀਆਂ ਬਿਰਤਾਂਤਕ ਜੁਗਤਾਂ ਨੂੰ ਸਮਝਣ ਦੇ ਕਾਬਿਲ ਹੋਣਗੇ
- ਨਾਵਲ 'ਪਿੰਜਰ' ਵਿਚ ਵਰਤੀ ਭਾਸ਼ਾ ਦਾ ਵਿਵੇਚਨ ਕਰਨ ਦੇ ਸਮਰੱਥ ਹੋਣਗੇ

ਪਿੰਜਰ ਨਾਵਲ ਅੰਮ੍ਰਿਤਾ ਪ੍ਰੀਤਮ ਦਾ ਲਿਖਿਆ ਇੱਕ ਪੰਜਾਬੀ ਬੋਲੀ ਦਾ ਨਾਵਲ ਹੈ ਜੋ ਪਹਿਲੀ ਵਾਰ 1950 ਵਿੱਚ ਛਪਿਆ। ਇਹ ਨਾਵਲ ਦੇਸ਼-ਵੰਡ ਨਾਲ ਸੰਬੰਧਿਤ ਹੈ। ਇਸ ਨਾਵਲ ਵਿੱਚ ਵੰਡ ਵੇਲੇ ਔਰਤ ਦੀ ਤ੍ਰਾਸਦਿਕ ਹਾਲਤ ਦਾ ਪੂਰੋ ਪਾਤਰ ਦੇ ਹਵਾਲੇ ਨਾਲ ਚਿਤਰਣ ਹੈ। ਪਿੰਜਰ ਨਾਵਲ ਹਿੰਦੀ ਭਾਸ਼ਾ ਸਮੇਤ ਕਈ ਭਾਸ਼ਾਵਾਂ 'ਚ ਅਨੁਵਾਦ ਹੋਇਆ ਹੈ। ਇਸ ਦਾ ਅੰਗਰੇਜ਼ੀ ਤਰਜਮਾ ਖ਼ੁਸ਼ਵੰਤ ਸਿੰਘ ਅਤੇ ਫ਼੍ਰੈਂਚ ਤਰਜਮਾ ਡੈਨਿਸ ਮਾਰਟ੍ਰਿੰਗ ਨੇ ਕੀਤਾ। ਇਸ ਨਾਵਲ ਦੀ ਕਹਾਣੀ ਨੂੰ 2003 ਦੀ ਇੱਕ ਇਸੇ ਨਾਮ ਦੀ ਬਾਲੀਵੁੱਡ ਫ਼ਿਲਮ ਵਿੱਚ ਅਪਣਾਇਆ ਗਿਆ ਜਿਸ ਵਿੱਚ ਮੁੱਖ ਕਿਰਦਾਰ ਉਰਮਿਲਾ ਮਾਤੋਂਡਕਰ, ਮਨੋਜ ਬਾਜਪਾਈ ਅਤੇ ਸੰਜੇ ਸੂਰੀ ਨੇ ਨਿਭਾਏ ਹਨ। ਇਸ ਫ਼ਿਲਮ ਨੂੰ ਕੌਮੀ ਏਕਤਾ ਬਾਰੇ ਸਭ ਤੋਂ ਵਧੀਆ ਫ਼ੀਚਰ ਫ਼ਿਲਮ ਦਾ ਇਨਾਮ ਮਿਲਿਆ। ਅੰਮ੍ਰਿਤਾ ਪ੍ਰੀਤਮ ਦੇ ਨਾਵਲ ਪਿੰਜਰ ਦੇ ਆਧਾਰ ਉੱਪਰ ਹੀ ਉਸਦੀ ਨਾਵਲ ਨਿਗਾਰੀ ਦਾ ਕਲਾ ਪੱਖ ਉੱਭਰ ਕੇ ਸਾਹਮਣੇ ਆਉਂਦਾ ਹੈ। ਉਸ ਦੇ ਨਾਵਲ ਵਿਚ ਵਰਤੀ ਗਈ ਭਾਸ਼ਾ, ਸ਼ੈਲੀ ਤੇ ਸ਼ਬਦਾਵਲੀ ਵੀ ਉਸ ਤੇ ਕਲਾ

ਪੱਖ ਨੂੰ ਅਮੀਰੀ ਦਾ ਦਰਜਾ ਪ੍ਰਦਾਨ ਕਰਦੀ ਹੈ। ਅਸਲ ਵਿੱਚ ਕਿਸੇ ਵੀ ਲੇਖਕ ਚਾਹੇ ਉਹ ਨਾਵਲਕਾਰ ਹੈ, ਕਹਾਣੀਕਾਰ ਹੈ, ਗ਼ਜ਼ਲਕਾਰ ਹੈ ਜਾਂ ਫਿਰ ਕਵੀ ਹੈ, ਉਸ ਦੀ ਸਮੁੱਚੀ ਰਚਨਾ ਦੇ ਆਧਾਰ ਉੱਪਰ ਹੀ ਉਸ ਦੀ ਸਾਹਿਤ ਕਲਾ ਦਾ ਗੁਣ ਉੱਘੜ ਕੇ ਸਾਹਮਣੇ ਆਉਂਦਾ ਹੈ:-

## 1.1 ਕਥਾ-ਵਸਤੂ

ਨਾਵਲੀ ਜਗਤ ਇਕ ਅਜਿਹੀ ਸਿਰਜਣ ਪ੍ਰਕਿਰਿਆ ਹੈ ਜਿਸ ਵਿੱਚ ਲੇਖਕ ਮਹੱਤਵਪੂਨ ਯੋਗਦਾਨ ਪਾਉਂਦਾ ਹੈ। ਲੇਖਕ ਸਮਾਜ ਅਤੇ ਸਾਹਿਤ ਇੱਕ ਅਜਿਹੀ ਤਿੱਕੜੀ ਹੈ ਜੋ ਇੱਕ ਦੂਸਰੇ ਦੇ ਨਾਲ ਮਿਲ ਕੇ ਚਲਦੇ ਹਨ ਲੇਖਕ ਸਮਾਜ ਤੋਂ ਚੇਤਨਾ ਪ੍ਰਾਪਤ ਕਰਦਾ ਹੈ ਤੇ ਸਾਹਿਤ ਸਮਾਜਿਕ ਪ੍ਰਸਥਿਤੀਆਂ ਵਿੱਚੋਂ ਮਨੁੱਖੀ ਸ਼ਖ਼ਸੀਅਤ ਦਾ ਕਲਾਤਮਿਕ ਪੱਖ ਪੇਸ਼ ਕਰਦਾ ਹੈ। ਸਾਹਿਤ ਅਤੇ ਸਮਾਜ ਦਾ ਆਪਸ ਵਿੱਚ ਪਰਸਪਰ ਸਬੰਧ ਹੈ ਕਿਉਂਕਿ ਸਾਹਿਤ ਸਮਾਜ ਨੂੰ ਪ੍ਰਭਾਵਿਤ ਵੀ ਕਰਦਾ ਹੈ ਅਤੇ ਸਮਾਜ ਤੋਂ ਪ੍ਰਭਾਵਿਤ ਵੀ ਹੁੰਦਾ ਹੈ ਇਸ ਤਰ੍ਹਾਂ ਲੇਖਕ ਸਮਾਜ ਤੋਂ ਕੁਝ ਗ੍ਰਹਿਣ ਕਰਦਾ ਹੈ ਉਸ ਨੂੰ ਸਾਹਿਤ ਦੇ ਪਿੜ ਵਿੱਚ ਪੇਸ਼ ਕਰਨ ਦਾ ਯਤਨ ਕਰਦਾ ਹੈ। 'ਪਿੰਜਰ' ਨਾਵਲ ਵਿੱਚ ਅੰਮ੍ਰਿਤਾ ਨੇ ਸਮਾਜ ਦੀ ਹੂਬਹੂ ਤਸਵੀਰ ਪੇਸ਼ ਕਰ ਕੇ ਸਮਾਜ ਦੇ ਸਰੂਪ ਨੂੰ ਉੱਥੋਂ ਦੇ ਰੀਤੀ ਰਿਵਾਜਾਂ ਅਤੇ ਧਰਮ ਦੇ ਠੇਕੇਦਾਰਾਂ ਦਾ ਘਿਨੌਣਾ ਰੂਪ ਸਰੂਪ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਇਸ ਨਾਵਲ ਵਿੱਚ ਅੰਮ੍ਰਿਤਾ ਨੇ ਉੱਨੀ ਸੌ ਸੰਤਾਲੀ ਦੀ ਵੰਡ ਨਾਲ ਸਬੰਧਿਤ ਇਸਤਰੀਆਂ ਉੱਪਰ ਹੋਈਆਂ ਵਧੀਕੀਆਂ ਨੂੰ ਪ੍ਰਸਤੁਤ ਕੀਤਾ ਹੈ। ਇਸ ਨਾਵਲ ਦੀ ਨਾਇਕਾ ਪੂਰੋ ਜੋ ਕਿ ਪੂਰੇ ਨਾਵਲ ਦੀ ਕਥਾ ਵਸਤੂ ਦੀ ਆਧਾਰਸ਼ਿਲਾ ਹੈ। ਉਹ ਆਪਣੇ ਮਨ ਵਿੱਚ ਇੱਕ ਆਮ ਕੁੜੀ ਵਾਂਗ ਸੁੰਦਰ ਤੇ ਰਸੀਲੇ ਗ੍ਰਹਿਸਤੀ ਜੀਵਨ ਦੇ ਸੁਪਨੇ ਪਈ ਬੁਣਦੀ ਸੀ ਪਰ ਹੋਣੀ ਦੇ ਭਾਗਾਂ ਨੇ ਉਸ ਦੇ ਇਨ੍ਹਾਂ ਸੁਪਨਿਆਂ ਨੂੰ ਲੀਰੋ ਲੀਰ ਕਰ ਦਿੱਤਾ। ਪੂਰੋ ਰਸ਼ੀਦੇ ਦੇ ਬਾਪ ਦਾਦਿਆਂ ਦੀ ਦੁਸ਼ਮਣੀ ਦੇ ਹੱਥੀਂ ਚੜ੍ਹ ਕੇ ਰਸ਼ੀਦੇ ਦੁਆਰਾ ਉਧਾਲੀ ਜਾਂਦੀ ਹੈ। ਉਹ ਸਾਹਸ ਕਰਕੇ ਆਪਣੇ ਮਾਂ ਬਾਪ ਪਾਸ ਆਉਂਦੀ ਵੀ ਹੈ ਪਰ ਉਨ੍ਹਾਂ ਦਾ ਧਰਮ ਵੀ ਧੀਆਂ ਨੂੰ ਖਾਨ ਹਾਰਾ ਬਣ ਰਹਿ ਜਾਂਦਾ ਹੈ। ਮਾਂ ਬਾਪ ਦੇ ਉਸ ਨੂੰ ਸਵੀਕਾਰ ਨਾ ਕਰਨ ਦੇ ਇਰਾਦੇ ਉੱਪਰ ਉਹ ਵਾਪਸ ਰਸ਼ੀਦੇ ਕੋਲ ਚਲੀ ਜਾਂਦੀ ਹੈ ਕਿਉਂਕਿ ਉਸ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਉਸ ਦਾ ਮੰਗੇਤਰ ਰਾਮਚੰਦਰ ਵੀ ਹੋਣ ਉਸ ਨੂੰ ਸਵੀਕਾਰ ਨਹੀਂ ਕਰੇਗਾ। ਪੂਰੋ ਰਸ਼ੀਦੇ ਨਾਲ ਆਪਣੀ ਜ਼ਿੰਦਗੀ ਜਿਊਣਾ ਸ਼ੁਰੂ ਕਰ ਦਿੰਦੀ ਹੈ, ਉਨ੍ਹਾਂ ਦੇ ਘਰ ਇਕ ਪੁੱਤਰ ਪੈਦਾ ਹੁੰਦਾ ਹੈ ਜੋ ਦੋਵਾਂ ਵਿੱਚ ਪਿਆਰ ਦੇ ਸਬੰਧਾਂ ਨੂੰ ਮਜ਼ਬੂਤ ਕਰਦਾ ਹੈ। ਪੂਰੋ ਦੀ ਰਾਮਚੰਦਰ ਨਾਲ ਮਿਲਣੀ ਉਸ ਸਮੇਂ ਹੁੰਦੀ ਹੈ ਜਦੋਂ ਉਹ ਰਸ਼ੀਦੇ ਦੇ ਸ਼ਰੀਕੇ ਦੀ ਭੂਆ ਨਾਲ ਕਿਸੇ ਪਿੰਡ ਦੇ ਸਾਧ ਕੋਲ ਮੱਥਾ ਟੇਕਣ ਜਾਂਦੀਆਂ ਹਨ। ਉਸ ਸਮੇਂ ਇਸ ਗੱਲ ਦਾ ਅਹਿਸਾਸ ਵੀ ਹੁੰਦਾ ਹੈ ਕਿ ਉਸ ਦੀ ਛੋਟੀ ਭੈਣ ਰਾਮ ਚੰਦਰ ਨਾਲ ਵਿਆਹੀ ਗਈ ਸੀ ਤੇ ਰਾਮ ਚੰਦਰ ਦੀ ਭੈਣ ਉਸ ਦੇ ਭਰਾ ਨਾਲ। ਸੰਨ 1947 ਦੀ ਵੰਡ ਸਮੇਂ ਰਾਮ ਚੰਦਰ ਦੇ ਪਰਿਵਾਰ ਨੂੰ ਪਿੰਡ ਛੱਡ ਕੇ ਜਾਣਾ ਪੈਂਦਾ ਹੈ। ਇਸ ਕਾਰਨ ਪੂਰੋ ਦੀ ਮਿਲਣੀ ਰਾਮ ਚੰਦਰ ਨਾਲ ਰਫਿਊਜੀ ਕੈਂਪ ਵਿੱਚ ਹੁੰਦੀ ਹੈ ਜਿੱਥੇ ਉਸ ਨੂੰ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਰਾਮ ਚੰਦਰ ਦੀ ਭੈਣ ਲਾਜੋ ਪਿੰਡ ਦੇ ਕਾਫ਼ਲੇ ਵਿੱਚੋਂ ਹੀ ਕਿਸੇ ਨੇ ਉਧਾਲ ਲਈ ਹੈ। ਪੂਰੋ ਤੇ ਰਸ਼ੀਦਾ ਆਪਸੀ ਸਹਿਯੋਗ ਨਾਲ ਲਾਜੋ ਨੂੰ ਆਪਣੇ ਕੋਲ ਲੈ ਆਉਂਦੇ ਹਨ ਤੇ ਬਾਅਦ ਵਿੱਚ ਉਸ ਨੂੰ ਉਸ ਦੇ ਭਰਾ ਰਾਮ ਚੰਦਰ ਦੇ ਕੋਲ ਲਾਹੌਰ ਛੱਡ ਆਉਂਦੇ ਹਨ।

ਅੰਮ੍ਰਿਤਾ ਪ੍ਰੀਤਮ ਨੇ ਇਸ ਨਾਵਲ ਵਿੱਚ ਇਹ ਸਪਸ਼ਟ ਕੀਤਾ ਕਿ ਹਰ ਮਸਲਾ ਧਰਮ ਦਾ ਮਸਲਾ ਬਣ ਕੇ ਰਹਿ ਜਾਂਦਾ ਹੈ, ਭਾਵੇਂ ਉਸ ਵਿੱਚ ਰਾਜਨੀਤਿਕ ਲੀਡਰਾਂ ਦੀ ਹੀ ਸੋਚ ਹੋਵੇ, ਪਰ ਇਸ ਮਸਲੇ ਪਿੱਛੇ ਸਾਡੇ ਧਾਰਮਿਕ ਆਗੂਆਂ ਦੀ ਸੋਚ ਕੰਮ ਕਰ ਰਹੀ ਹੁੰਦੀ ਹੈ ਜੋ ਕਿ ਧਰਮ ਦੇ ਨਾਂ 'ਤੇ ਲੜਾਈ ਝਗੜੇ ਪੈਦਾ ਕਰਦੇ ਹਨ। ਇਸ ਸੰਦਰਭ ਚ ਅੰਮ੍ਰਿਤਾ ਨੇ 'ਪਿੰਜਰ' ਨਾਵਲ ਵਿਚ ਲਿਖਿਆ ਹੈ। ਨਾਵਲ ਦੀ ਕਥਾ ਵਿਚੋਂ ਇਹ ਮਸਲਾ ਉਦੋਂ ਹੋਰ ਉਭਰ ਕੇ ਸਾਹਮਣੇ ਆਉਂਦਾ ਹੈ ਜਦੋਂ ਝੱਲੀ ਔਰਤ ਦਾ ਬੱਚਾ ਪੂਰੋ ਜੋ ਮੁਸਲਮਾਨ ਬਣਾ ਲਈ ਗਈ ਸੀ ਝੋਲੀ ਪਾ ਲੈਂਦੀ ਹੈ ਤਾਂ ਸਾਰੇ ਪਿੰਡ ਵਿਚਲੇ ਹਿੰਦੂ ਇਤਰਾਜ਼ ਕਰਦੇ ਹਨ ਕਿ ਉਨ੍ਹਾਂ ਨੇ ਹਿੰਦੂ ਬੱਚੇ ਨੂੰ ਮੁਸਲਮਾਨ ਬਣਾ ਲਿਆ ਹੈ। ਅਜਿਹੇ ਸਮੇਂ ਉਨ੍ਹਾਂ ਦੇ ਮਨ ਵਿੱਚ ਰਾਜਨੀਤੀ ਦੀ ਘਟੀਆ ਸੋਚ ਘਰ ਕਰ ਗਈ ਸੀ ਜੋ ਧਰਮ ਦੇ ਨਾਂ ਤੇ ਉੱਭਰਦੀ ਹੈ। ਇਸੇ ਕਾਰਨ ਕਰਕੇ ਉਨ੍ਹਾਂ ਲਈ ਇਹ ਧਰਮ ਦਾ ਸੁਆਲ ਸੀ ਨਾ ਕਿ ਬੱਚੇ ਨੂੰ ਸੰਭਾਲਣ ਦਾ ।ਇਸੇ ਲਈ ਪਿੰਡ ਦੇ ਲੋਕ ਜਿਨ੍ਹਾਂ ਵਿੱਚ ਹਿੰਦੂਆਂ ਦਾ ਬਹੁਮਤ ਸੀ, ਉਹ ਫਿਰ ਵੀ ਰਸ਼ੀਦੇ ਨੂੰ ਧਮਕੀ ਦਿੰਦੇ ਹਨ। ਰਸ਼ੀਦਾ ਇਹ ਸੋਚ ਲੈਂਦਾ ਹੈ ਕਿ ਧਰਮ ਦੇ ਰਾਹ ਵਿੱਚ ਰੋੜਾ ਨਹੀਂ ਬਣਨਾ ਚਾਹੀਦਾ।

'ਪਿੰਜਰ' ਨਾਵਲ ਵਿਚਲੇ ਕਥਾਨਕ ਨੂੰ ਪਰਖਣ ਲਈ ਨਾਵਲ ਵਿਚਲੀਆਂ ਘਟਨਾਵਾਂ ਬਾਰੇ ਵਿਚਾਰ ਵਿਮਰਸ਼ ਕਰਨਾ ਜ਼ਰੂਰੂ ਹੈ। 'ਪਿੰਜਰ' ਨਾਵਲ ਉੱਨੀ ਸੌ ਸੰਤਾਲੀ ਦੀ ਵੰਡ 'ਤੇ ਆਧਾਰਿਤ ਹਿੰਦੂ ਮੁਸਲਮਾਨਾਂ ਦੇ ਪਰਿਵਾਰਾਂ ਨਾਲ ਸਬੰਧਤ ਹੈ। ਨਾਵਲ ਵਿਚ ਵਾਪਰੀਆਂ ਘਟਨਾਵਾਂ ਹਿੰਦੂ ਪਰਿਵਾਰ ਤੇ ਮੁਸਲਮਾਨ ਪਰਿਵਾਰ ਦੋਵਾਂ ਨਾਲ ਕੱਟਦੀਆਂ ਹਨ। ਪੂਰੋ ਜੋ ਕਿ ਹਿੰਦੂਆਂ ਦੇ ਸ਼ਾਹਾਂ ਦੇ ਘਰਾਣੇ ਨਾਲ ਸਬੰਧਤ ਸੀ ਤੇ ਰਸ਼ੀਦਾ ਮੁਸਲਮਾਨ ਘਰਾਣੇ ਨਾਲ ਸਬੰਧਤ ਸੀ। ਸ਼ਾਹਾਂ ਦੇ ਪਰਿਵਾਰ ਨੇ ਪਹਿਲਾ ਮੁਸਲਮਾਨ ਘਰਾਣੇ ਦੀ ਔਰਤ ਨੂੰ ਉਧਾਲ ਲਿਆ ਤੇ ਰਸ਼ੀਦੇ ਨੇ ਬਦਲਾ ਲੈਣ ਲਈ ਸ਼ਾਹਾਂ ਦੇ ਪਰਿਵਾਰ ਵਿਚ ਪੂਰੋ ਨੂੰ ਉਧਾਲ ਲਿਆ। ਪੂਰੋ ਦੇ ਮਾਂ ਬਾਪ ਨੇ ਪੂਰੋ ਦਾ ਸਾਕ ਨਾਲ ਦੇ ਪਿੰਡ ਰਾਮ ਚੰਦ ਨਾਂ ਦੇ ਵਿਅਕਤੀ ਨਾਲ ਕੀਤਾ ਹੋਇਆ ਤੇ ਰਾਮ ਚੰਦ ਦੀ ਭੈਣ ਦਾ ਵਿਆਹ ਪੂਰੋ ਦੇ ਭਰਾ ਨਾਲ ਹੋਣਾ ਨਿਸ਼ਚਿਤ ਹੋਇਆ। ਉਸ ਸਮੇਂ ਸਮਾਜ ਵਿਚ ਦੋ ਵੱਟੇ ਰਿਸ਼ਤੇ ਕਰਨ ਦਾ ਰਿਵਾਜ ਪ੍ਰਚੱਲਤ ਸੀ ਪਰ ਰਸ਼ੀਦੇ ਨੇ ਪੂਰੋ ਦੇ ਸੁਪਨਿਆਂ ਤੇ ਪਾਣੀ ਫੇਰ ਦਿੱਤਾ ਤੇ ਉਸ ਨੂੰ ਉਧਾਲ ਕੇ ਆਪਣੇ ਬਜ਼ੁਰਗਾਂ ਦੀ ਖਾਧੀ ਕਸਮ ਨੂੰ ਪੂਰਾ ਕੀਤਾ। ਰਸ਼ੀਦਾ ਪੂਰੋ ਨੂੰ ਉਧਾਲਣ ਤੋਂ ਬਾਅਦ ਉਸ ਨਾਲ ਨਿਕਾਹ ਕਰ ਲੈਂਦਾ ਹੈ। ਪੂਰੋ ਭਾਵੇਂ ਰਸ਼ੀਦੇ ਕੋਲੋਂ ਦੌੜ ਕੇ ਆਪਣੇ ਮਾਂ ਬਾਪ ਪਾਸ ਪਹੁੰਚ ਜਾਂਦੀ ਹੈ ਪਰ ਉਸ ਦੇ ਮਾਂ ਬਾਪ ਉਸ ਨੂੰ ਸਵੀਕਾਰ ਨਹੀਂ ਕਰਦੇ ਸਗੋਂ ਉਸ ਨੂੰ ਕਹਿੰਦੇ ਹਨ:-

ਧੀਏ ਤੇਰਾ ਧਰਮ ਗਿਆ ਤੇਰਾ ਜਨਮ ਗਿਆ

ਪੂਰੋ ਵਾਪਸ ਰਸ਼ੀਦੇ ਕੋਲ ਚਲੀ ਜਾਂਦੀ ਹੈ। ਨਿਕਾਹ ਤੋਂ ਬਾਅਦ ਉਸ ਦਾ ਨਾਂ ਹਮੀਦਾ ਰੱਖਿਆ ਜਾਂਦਾ ਹੈ। ਉਨ੍ਹਾਂ ਦੇ ਘਰ ਇੱਕ ਪੁੱਤਰ ਜਨਮ ਲੈਂਦਾ ਹੈ ਜਿਸਦੇ ਨਾਲ ਉਹ ਆਪਣੀ ਜ਼ਿੰਦਗੀ ਵਿੱਚ ਪਰਿਵਰਤਨ ਮਹਿਸੂਸ ਕਰਦੇ ਹਨ। ਪੂਰੋ ਲੋੜ ਸਮੇਂ ਦੂਸਰਿਆਂ ਦੀ ਮਦਦ ਕਰਨ ਵਾਲੀ ਤੇ ਮਿਲਾਪੜੇ ਸੁਭਾਅ ਦੀ ਔਰਤ ਸੀ। ਮਸਲਨ ਉਹ ਕੰਮੋ ਦੇ ਹਰ ਕੰਮ ਵਿੱਚ ਮਦਦ ਕਰਦੀ ਹੈ, ਝੱਲੀ ਔਰਤ ਦੇ ਬੱਚੇ ਨੂੰ ਅਪਣਾ ਕੇ ਆਪਣਾ ਦੁੱਧ ਚੁੰਘਾਉਂਦੀ ਹੈ। ਉੱਨੀ ਸੌ ਸੰਤਾਲੀ ਦੀ ਵੰਡ ਸਮੇਂ ਹੋਈ ਉਥਲ-ਪੁਥਲ ਵਿੱਚ ਰਾਮਚੰਦ ਦੀ ਭੈਣ ਉਧਾਲੀ ਜਾਂਦੀ ਹੈ ਜਦੋਂ ਇਸ ਗੱਲ ਦਾ ਪੂਰੋ ਨੂੰ ਰਾਮ ਚੰਦ ਕੋਲੋਂ ਪਤਾ ਲੱਗਦਾ ਹੈ, ਜੋ ਰਫਿਊਜੀ ਕੈਂਪ ਵਿੱਚ ਸੀ। ਪੂਰੋ ਤੇ ਰਸ਼ੀਦਾ ਦੋਵੇਂ ਹੀ ਉਸ ਨੂੰ ਛੁਡਾਉਣ ਦਾ ਯਤਨ ਕਰਦੇ ਹਨ ਪਰ ਆਪਣੀ ਜ਼ਿੰਦਗੀ ਜੋਖਮ ਵਿੱਚ ਪਾ ਕੇ ਉਹ ਅਜਿਹਾ ਕਰਨ ਵਿੱਚ ਸਫ਼ਲ ਹੋ ਜਾਂਦੇ ਹਨ। ਰਾਮਚੰਦ ਦੀ ਭੈਣ ਪੂਰੋ ਦੇ ਭਰਾ ਨਾਲ ਵਿਆਹੀ ਹੋਈ ਸੀ। ਲਾਜੋ ਨੂੰ ਉਸਦੇ ਪਤੀ ਦੇ ਸਪੁਰਦ ਕੀਤਾ ਜਾਂਦਾ ਹੈ। ਇਸ ਸਮੇਂ ਪੂਰੋ ਵੀ ਜੇ ਜਾਣਾ ਚਾਹੁੰਦੀ ਤਾਂ ਜਾ ਸਕਦੀ ਸੀ ਪਰ ਉਹ ਰਸ਼ੀਦੇ ਕੋਲ ਹੀ ਰਹਿਣ ਦਾ ਫ਼ੈਸਲਾ ਕਰਦੀ ਹੈ।

ਰੌਚਿਕਤਾ ਦੇ ਪੱਖੋਂ ਇਹ ਕਿਹਾ ਜਾ ਸਕਦਾ ਹੈ ਕਿ ਨਾਵਲ ਦੀ ਕਹਾਣੀ ਪਿੜ ਅਜਿਹੀ ਹੈ ਜਿਸ ਨੂੰ ਪੜ੍ਹਨ 'ਤੇ ਪਾਠਕ ਦੇ ਮਨ ਵਿੱਚ ਰੌਚਿਕਤਾ ਬਣੀ ਰਹਿੰਦੀ ਹੈ ਤੇ ਉਹ ਸੋਚਦਾ ਰਹਿੰਦਾ ਹੈ ਕਿ ਅਗਾਂਹ ਕੀ ਹੋਵੇਗਾ? ਜਿੱਥੋਂ ਤੱਕ ਮੌਲਿਕਤਾ ਦੀ ਗੱਲ ਹੈ ਇਸ ਨਾਵਲ ਵਿਚਲੀਆਂ ਘਟਨਾਵਾਂ ਉਸ ਸਮੇਂ ਨੂੰ ਬਿਆਨ ਕਰਦੀਆਂ ਹਨ ਜਦੋਂ ਦੇਸ਼ ਦੀ ਵੰਡ ਹੋਈ ਇਸ ਲਈ ਨਾਵਲ ਵਿੱਚ ਘਟਨਾਵਾਂ ਮੌਲਿਕਤਾ ਦੇ ਆਧਾਰ ਉਪਰ ਪੇਸ਼ ਕੀਤੀਆਂ ਗਈਆਂ ਹਨ। ਸੰਭਵਤਾ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਭਾਵੇਂ ਨਾਵਲ ਵਿਚਲੀਆਂ ਘਟਨਾਵਾਂ ਸੰਭਵ ਜਾਪਦੀਆਂ ਹਨ ਪਰ ਕੁਝ ਘਟਨਾਵਾਂ ਨੂੰ ਅੰਮ੍ਰਿਤਾ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ ਜਿਸ ਬਾਰੇ ਸਪੱਸ਼ਟ ਪਤਾ ਨਹੀਂ ਲੱਗਦਾ; ਮਸਲਨ ਪੂਰੋ ਰਸ਼ੀਦੇ ਨਾਲ ਨਿਕਾਹ ਕਰਵਾਉਣ ਦੇ ਬਾਵਜੂਦ ਜਦੋਂ ਉਸ ਨੂੰ ਆਪਣੇ ਪੇਟ ਵਿੱਚ ਬੱਚੇ ਦੀ ਹਿਲਜੁਲ ਮਹਿਸੂਸ ਹੁੰਦੀ ਹੈ ਤਾਂ ਉਹ ਕਹਿੰਦੀ ਹੈ ਕਿ

ਜ਼ੋਰੀ ਇਹ ਮੁੰਡਾ ਉਸ ਦੇ ਜਿਸਮ ਵਿੱਚ ਧਰਿਆ ਗਿਆ ਸੀ, ਜ਼ੋਰੀ ਇਹ ਮੁੰਡਾ ਉਸ ਦੇ ਪੇਟ ਵਿਚ ਪਲ ਖਲੋਤਾ ਸੀ

ਇਸੇ ਤਰ੍ਹਾਂ ਜਦੋਂ ਪੂਰੋ ਦਾ ਭਰਾ ਰਸ਼ੀਦੇ ਦੀਆਂ ਪੈਲੀਆਂ ਨੂੰ ਅੱਗ ਲਗਾ ਦਿੰਦਾ ਹੈ ਤਾਂ ਉਸ ਸਮੇਂ ਪਿੰਡ ਦੇ ਲੋਕ ਉਸ ਨੂੰ ਪਛਾਣ ਲੈਂਦੇ ਹਨ। ਜਦ ਕਿ ਉਨ੍ਹਾਂ ਨੇ ਪਹਿਲਾਂ ਕਦੇ ਉਸ ਨੂੰ ਵੇਖਿਆ ਹੀ ਨਹੀਂ ਸੀ। ਪਿੰਡ ਦੇ ਲੋਕ ਕਹਿੰਦੇ ਹਨ-

ਸੁਣਿਆ ਹੈ ਪਿੰਡ ਵਿੱਚ ਇੱਕ ਓਪਰਾ ਜੁਆਨ ਆਇਆ ਸੀ। ਉਹ ਬਹੁਤ ਕਿਸੇ ਨੂੰ ਮਿਲਿਆ ਨਹੀਂ। ਪਿੰਡ ਦੇ ਇੱਕ ਦੋ ਬੰਦਿਆਂ ਦਾ ਸ਼ੱਕ ਹੈ ਪਈ ਉਹ ਤੇਰਾ ਭਰਾ ਸੀ ।

ਇਹੋ ਜਿਹੀਆਂ ਅਸੰਭਵ ਘਟਨਾਵਾਂ ਦੇ ਕੇ ਕਹਾਣੀ ਰੰਗ ਫਿੱਕਾ ਪੈ ਜਾਂਦਾ ਹੈ। ਸੁਗੰਠਤਾ ਵਜੋਂ ਭਾਵੇਂ ਨਾਵਲ ਦੀਆਂ ਘਟਨਾਵਾਂ ਵਿੱਚ ਲਗਾਤਾਰਤਾ ਹੈ ਪਰ ਫਿਰ ਵੀ ਕੁਝ ਅਸੰਭਵ ਘਟਨਾਵਾਂ ਪੇਸ਼ ਕਰਨ ਨਾਲ ਸੰਗਠਤਾ ਨਹੀਂ ਰਹਿੰਦੀ।

## 1.2 ਭਾਸ਼ਾ

ਭਾਸ਼ਾ ਮਾਨਵ ਜਾਤੀ ਦੀ ਅਜਿਹੀ ਪ੍ਰਾਪਤੀ ਹੈ ਕਿ ਮਨੁੱਖ ਦੀਆਂ ਸਭ ਪ੍ਰਾਪਤੀਆਂ ਇਸੇ ਪ੍ਰਾਪਤੀ ਦਾ ਹੀ ਸਿੱਟਾ ਹਨ। ਭਾਸ਼ਾ ਡੰਗੋਰੀ ਦੇ ਸਹਾਰੇ ਹੀ ਮਨੁੱਖ ਗਿਆਨ ਵਿਗਿਆਨ ਦੀਆਂ ਸ਼ਿਖਰਾਂ ਛੂਹ ਸਕਿਆ ਹੈ ਕਿਉਂਕਿ ਹਰ ਭਾਸ਼ਾ ਹਰ ਪਲ ਮਨੁੱਖ ਦੇ ਨਾਲ ਰਹਿੰਦੀ ਹੈ। ਸੋਚਣ, ਸਮਝਣ ਤੇ ਸਮਝਾਉਣ ਦਾ ਕਾਰਜ ਭਾਸ਼ਾ ਦੁਆਰਾ ਹੀ ਸੰਭਵ ਹੈ। ਭਾਸ਼ਾ ਸਾਹਿਤ ਰਚਨਾ-ਪ੍ਰਕਿਰਿਆ ਦਾ ਅਜਿਹਾ ਅਨਿੱਖੜਵਾਂ ਅੰਗ ਹੈ ਜਿਸ ਤੋਂ ਬਿਨਾਂ ਸਾਹਿਤ ਸਿਰਜਣਾ ਅਸੰਭਵ ਹੈ। ਕੋਈ ਵੀ ਸਾਹਿਤਕਾਰ ਭਾਸ਼ਾ ਦੇ ਮਾਧਿਅਮ ਰਾਹੀਂ ਹੀ ਆਪਣੀ ਸਿਰਜਣ ਪ੍ਰਕਿਰਿਆ ਨੂੰ ਅਮੀਰ ਬਣਾਉਂਦਾ ਹੈ ਕਿਉਂਕਿ ਭਾਸ਼ਾ ਉੱਤੇ ਮਜ਼ਬੂਤ ਪਕੜ ਰਾਹੀਂ ਹੀ ਉਹ ਆਪਣੇ ਆਲੇ ਦੁਆਲੇ ਵਸੇ ਲੋਕ ਜੀਵਨ ਦੇ ਗੁੱਝੇ ਰਹੱਸਾਂ ਦਾ ਮੁੱਲ ਪਾ ਸਕਦਾ ਹੈ।

ਪਿੰਜਰ ਨਾਵਲ ਵਿਚ ਵਰਤੀ ਗਈ ਭਾਸ਼ਾ ਪੂਰੀ ਤਰ੍ਹਾਂ ਠੇਠ ਪੰਜਾਬੀ ਨਹੀਂ ਅਖਵਾ ਸਕਦੀ, ਫਿਰ ਵੀ ਭਾਸ਼ਾ ਕਾਫੀ ਹੱਦ ਤੱਕ ਮੁਹਾਵਰੇਦਾਰ, ਬਿੰਬ ਮਈ ਤੇ ਰਸ ਭਰਪੂਰ ਹੈ। ਮੂਲ ਰੂਪ ਵਿੱਚ ਭਾਸ਼ਾ ਦਾ ਰੂਪ ਮਾਝੀ ਦੇ ਨੇੜੇ ਹੈ। ਅੰਮ੍ਰਿਤਾ ਨੇ ਪੰਜਾਬੀ ਭਾਸ਼ਾ ਦੇ ਨਾਲ-ਨਾਲ ਉਰਦੂ ਭਾਸ਼ਾ ਦੀ ਸ਼ਬਦਾਵਲੀ ਦਾ ਵੀ ਪ੍ਰਯੋਗ ਕੀਤਾ ਹੈ। ਭਾਸ਼ਾ ਦਾ ਕਮਾਲ ਦਿਖਾਉਂਦਿਆਂ ਹੋਇਆਂ ਉਸ ਨੇ ਭਾਸ਼ਾ ਨੂੰ ਚਟਖਾਰਿਆਂ ਭਰੇ ਰੂਪ ਵਿੱਚ ਪੇਸ਼ ਕਰਦਿਆਂ ਹੋਇਆਂ ਅਲੰਕਾਰਮਈ, ਬਿੰਬਮਈ, ਮੁਹਾਵਰੇਦਾਰ ਤੇ ਕਾਵਿਮਈ ਬਣਾਇਆ ਹੈ।

ਉਰਦੂ ਭਾਸ਼ਾ ਦੇ ਸ਼ਬਦਾਂ ਦਾ ਪ੍ਰਯੋਗ ਇਸ ਪ੍ਰਕਾਰ ਹੈ- ਅਫਵਾਹ, ਹਿਰਖ਼, ਹਰਫ਼, ਖ਼ੁਆਰ, ਆਮਦ, ਅਬਰਕ, ਮਸਲਣ, ਹਿਰਸ, ਮਸ਼ਕਰੀ, ਤਸਕਰੀ, ਖਾਵੰਦ. ਮਦਰੱਸੇ ਆਦਿ।

## 1.3 ਸ਼ੈਲੀ

ਸ਼ੈਲੀ ਤੱਤ ਕੇਵਲ ਨਾਵਲ ਤਕ ਹੀ ਸੀਮਤ ਨਹੀਂ ਸਗੋਂ ਇਸ ਦਾ ਸਬੰਧ ਸਮੁੱਚੇ ਸਾਹਿਤ ਨਾਲ ਹੈ। ਸ਼ੈਲੀ ਕਿਸੇ ਵੀ ਲੇਖਕ ਦੀ ਕਲਾਤਮਿਕਤਾ ਤੇ ਕੌਸ਼ਲਤਾ ਤੇ ਨਿਰਭਰ ਕਰਦੀ ਹੈ ਕਿਉਂਕਿ ਸ਼ੈਲੀ ਦਾ ਸਬੰਧ ਉਸ ਪ੍ਰਗਟਾਅ ਢੰਗ ਨਾਲ ਹੈ ਜਿਸ ਨੂੰ ਲੇਖਕ ਆਪਣੇ ਭਾਵਾਂ ਦੀ ਅਭਿਵਿਅਕਤੀ

ਲਈ ਅਪਨਾਉਂਦਾ ਹੈ। ਵਿਸ਼ੇ ਦੇ ਅਨਕੂਲ ਵਰਤੀ ਗਈ ਸ਼ੈਲੀ ਲੇਖਕ ਦੇ ਕਥਾ ਵਰਨਣ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਹੈ। ਕਿਸੇ ਵੀ ਲੇਖਕ ਦਾ ਲਿਖਣ ਢੰਗ ਉਸ ਦਾ ਆਪਣਾ ਨਿਸਬਤ ਤੇ ਸਮੁੱਚੀ ਸ਼ਖ਼ਸੀਅਤ ਦਾ ਸਹੀ ਪ੍ਰਤੀਬਿੰਬ ਹੈ। ਸ਼ੈਲੀ ਪੱਖੋਂ ਉਹੀ ਲੇਖਕ ਮੁਹਾਰਤ ਪਾ ਸਕਦਾ ਹੈ ਜਿਸ ਕੋਲ ਵਿਦਵਤਾ, ਕਹਿਣ ਦੀ ਸੁਹਿਰਦਤਾ, ਆਪਾ ਪ੍ਰਗਟਾਉਣ ਦੀ ਸਮਰੱਥਾ. ਵਿਅਕਤੀਤਵ ਤੇ ਦੁਨਿਆਵੀ ਅਮੀਰ ਤਜਰਬਾ ਹੋਵੇ। ਕਿਸੇ ਵੀ ਲੇਖਕ ਦੀ ਸ਼ੈਲੀ ਦੋ ਤੱਤਾਂ ਉੱਪਰ ਨਿਰਭਰ ਹੈ- ਸਪਸ਼ਟਤਾ ਤੇ ਸਰਲਤਾ।

ਸ਼ੈਲੀ ਤੱਤ ਦੇ ਇਨ੍ਹਾਂ ਮੁੱਖ ਪਹਿਲੂਆਂ ਰਾਹੀਂ ਅੰਮ੍ਰਿਤਾ ਪ੍ਰੀਤਮ ਦੇ ਨਾਵਲ 'ਪਿੰਜਰ' ਦੀ ਪਰਖ ਕਰਨ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਅੰਮ੍ਰਿਤਾ ਆਪਣੇ ਨਾਵਲ ਵਿਚ ਵਧੀਆ ਸ਼ੈਲੀ ਅਪਣਾ ਸਕੀ ਹੈ ਕਿ ਨਹੀਂ? ਅੰਮ੍ਰਿਤਾ ਦੇ ਨਾਵਲਾਂ ਬਾਰੇ ਵਿਚਾਰ ਪ੍ਰਸਤੁਤ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਉਸ ਨੇ ਆਪਣੇ ਵਿਚਾਰਾਂ ਤੇ ਖ਼ਿਆਲਾਂ ਦੀ ਨਵੀਨਤਾ ਦੇ ਅਨੁਸਾਰ ਸੁਚੱਜਾ ਲਿਖਣ ਢੰਗ ਪੰਜਾਬੀ ਬੋਲੀ ਨੂੰ ਦਿੱਤਾ ਹੈ ਜਿੱਥੇ ਅੰਮ੍ਰਿਤਾ ਦੇ ਨਾਵਲਾਂ ਵਿੱਚ ਰੁਮਾਂਚਿਕਤਾ, ਮਨੋਵਿਗਿਆਨਕਤਾ ਹੈ ਉੱਥੇ ਚੇਤਨਾ ਪ੍ਰਵਾਹ ਨਾਵਲ ਦੀ ਝਲਕ ਵੀ ਨਜ਼ਰ ਆਉਂਦੀ ਹੈ ਕਿਉਂਕਿ ਹਰ ਨਾਵਲਕਾਰ ਆਪਣੇ ਅਨੁਭਵ ਖੰਡ ਨੂੰ ਨਾਵਲਾਂ ਵਿੱਚ ਪੇਸ਼ ਕਰਨ ਦਾ ਯਤਨ ਕਰਦਾ ਹੈ।

ਅੰਮ੍ਰਿਤਾ ਪ੍ਰੀਤਮ ਦੀ ਸ਼ੈਲੀ ਬਾਰੇ ਗੱਲ ਕਰਦਿਆਂ ਹੋਇਆ ਨਿਰੰਜਨ ਤਸਨੀਮ ਨੇ ਕਿਹਾ ਹੈ ਕਿ "ਅੰਮ੍ਰਿਤਾ ਪ੍ਰੀਤਮ, ਜਸਵੰਤ ਸਿੰਘ ਕੰਵਲ, ਨਰਿੰਦਰਪਾਲ ਸਿੰਘ ਤੇ ਕਰਤਾਰ ਸਿੰਘ ਦੁੱਗਲ ਨੇ 1960 ਤੋਂ ਪਿੱਛੋਂ ਵਿਸ਼ੇ ਤੇ ਤਕਨੀਕ ਦੇ ਪੱਖੋਂ ਅਸਲੋਂ ਨਵੇਂ ਨਾਵਲ ਦੀ ਰਚਨਾ ਕੀਤੀ ਹੈ।" ਅੰਮ੍ਰਿਤਾ ਦੇ ਵਿਚਾਰ ਅਧੀਨ ਨਾਵਲ ਬਾਰੇ ਵਿਚਾਰ ਦ੍ਰਿਸ਼ਟੀਗੋਚਰ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਉਸ ਨੇ ਆਪਣੇ ਨਾਵਲ ਪਿੰਜਰ ਵਿਚ ਸ਼ੈਲੀ ਦਾ ਪ੍ਰਯੋਗ ਇਸ ਢੰਗ ਨਾਲ ਕੀਤਾ ਹੈ ਕਿ ਨਾਵਲ ਦੀ ਸਮੁੱਚੀ ਕਹਾਣੀ ਪਾਠਕ ਲਈ ਦਿਲਚਸਪੀ ਅਤੇ ਉਤਸੁਕਤਾ ਦਾ ਕਾਰਨ ਬਣਦੀ ਹੈ। ਅੰਮ੍ਰਿਤਾ ਦਾ ਇਹ ਨਾਵਲ ਭਾਵੇਂ ਵਿਸ਼ੇ ਦੀ ਚੋਣ ਅਤੇ ਪਾਤਰ ਉਸਾਰੀ ਪੱਖੋਂ ਵਰਨਣਯੋਗ ਹੈ ਪਰ ਬੁਨਿਆਦੀ ਤੌਰ 'ਤੇ ਇਹ ਨਾਵਲ ਕਹਾਣੀ ਹੀ ਬਿਆਨ ਕਰਦਾ ਹੈ। ਨਿਰੰਜਨ ਤਸਨੀਮ ਨੇ ਇਸ ਸਬੰਧੀ ਆਪਣੇ ਵਿਚਾਰ ਪ੍ਰਸਤੁਤ ਕਰਦਿਆਂ ਕਿਹਾ ਹੈ ਕਿ "ਨਾਵਲ ਦੀ ਕਹਾਣੀ ਦਾ ਪਹਿਲਾ ਰੂਪ ਸੀ ਕਿਸੇ ਮਿੱਥੇ ਹੋਏ ਸਮੇਂ ਵਿੱਚ ਘਟਨਾਵਾਂ ਨੂੰ ਲੜੀਵਾਰ ਬਿਆਨ ਕਰਨਾ।" ਅੰਮ੍ਰਿਤਾ ਪ੍ਰੀਤਮ ਦੇ ਨਾਵਲ ਦੇ ਆਧਾਰ ਉੱਪਰ ਇਹ ਗੱਲ ਪਰਖਣ ਦਾ ਯਤਨ ਕੀਤਾ ਗਿਆ ਹੈ ਕਿ ਕੀ ਅੰਮ੍ਰਿਤਾ ਪ੍ਰੀਤਮ ਨੇ ਨਾਵਲ ਵਿਚ ਸੁਚੱਜੀ ਸ਼ੈਲੀ ਦਾ ਪ੍ਰਯੋਗ ਕੀਤਾ ਹੈ? ਕੀ ਨਾਵਲ ਵਿਚ ਵਰਤੀ ਗਈ ਵਾਕ ਬਣਤਰ ਸ਼ਪਸਟ ਹੈ? ਕੀ ਉਸ ਦੁਆਰਾ ਵਰਤੀ ਗਈ ਸ਼ਬਦਾਵਲੀ ਸਾਰਥਕ ਹੈ?

ਪਿੰਜਰ ਨਾਵਲ ਵਿਚ ਅੰਮ੍ਰਿਤਾ ਨੇ ਸ਼ੈਲੀ ਨੂੰ ਨਿਖਾਰਨ ਲਈ ਪੰਜਾਬੀ ਭਾਸ਼ਾ ਤੋਂ ਇਲਾਵਾ ਉਰਦੂ ਭਾਸ਼ਾ ਦਾ ਵੀ ਪ੍ਰਯੋਗ ਕੀਤਾ ਹੈ। ਵਾਕ ਬਣਤਰ ਵਿੱਚ ਸਾਰਥਿਕ ਸ਼ਬਦਾਂ ਦੇ ਨਾਲ-ਨਾਲ ਨਿਰਾਰਥਕ ਸ਼ਬਦਾਂ ਦਾ ਵੀ ਪ੍ਰਯੋਗ ਕੀਤਾ ਹੈ। ਮਸਲਨ ਭਉਂ-ਚਉਂ, ਸਿਆਣਾ-ਬਿਆਣਾ, ਭਾਉਂਦੀ-ਚਾਉਂਦੀ, ਪਾਣੀ-ਧਾਣੀ, ਖ਼ੁਹ-ਸੂਹ, ਗਿੱਦੜ-ਵਿੱਦੜ ਆਦਿ। ਪਰ ਕੁਝ ਸ਼ਬਦਾਂ ਨੂੰ ਬਾਰ-ਬਾਰ ਦੁਹਰਾ ਕੇ ਪੇਸ਼ ਕੀਤਾ ਹੈ। ਮਸਲਨ ਲਮਕ-ਲਮਕ, ਕੂਲੇ-ਕੂਲੇ, ਨਿੱਕੇ-ਨਿੱਕੇ, ਪਾਟ-ਪਾਟ, ਰੋਂਦੀ-ਰੋਂਦੀ, ਮੋੜ-ਮੋੜ, ਪਲੇ-ਪਲੇ ਤੱਕ-ਤੱਕ, ਤ੍ਰਿਖੀਆਂ-ਤ੍ਰਿਖੀਆਂ, ਸੁਵੱਖਤੇ-ਸੁਵੱਖਤੇ, ਤ੍ਰਾਸ-ਤ੍ਰਾਸ, ਜਾਗ-ਜਾਗ ਆਦਿ।ਨਾਵਲ ਵਿਚ ਅੰਮ੍ਰਿਤਾ ਨੇ ਬਹੁਤ ਸਾਰੇ ਵਾਕਾਂ ਦਾ ਬਾਰ ਬਾਰ ਦੁਹਰਾਓ ਕੀਤਾ ਹੈ। ਜਿਵੇਂ

> ਜ਼ੋਰੀ ਇਹ ਮੁੰਡਾ ਉਸ ਦੇ ਜਿਸਮ ਵਿੱਚ ਧਰਿਆ ਗਿਆ ਸੀ, ਜ਼ੋਰੀ ਇਹ ਮੁੰਡਾ ਉਹਦੇ ਪੇਟ ਵਿਚ ਪਲ ਖਲੋਤਾ ਸੀ ਤੇ ਹੁਣ ਜ਼ੋਰੀਂ ਇਹ ਮੁੰਡਾ ਉਹਦੀਆਂ ਨਾੜਾਂ ਵਿੱਚੋਂ ਦੁੱਧ ਧਰੂਵਦਾ ਪਿਆ ਸੀ।

ਪਿੰਜਰ ਨਾਵਲ ਵਿਚ ਅੰਮ੍ਰਿਤਾ ਨੇ ਜਿਥੇ ਸ਼ੈਲੀ ਦੇ ਨਿਖਾਰ ਲਈ ਮੁਹਾਵਰੇਦਾਰ ਬੋਲੀ ਕਾਵਿਕ ਬਿੰਬ ਪੇਸ਼ ਕੀਤੇ ਹਨ ਉੱਥੇ ਅਧੂਰੀ ਵਾਕ ਬਣਤਰ ਦੁਹਰਾਓ ਤੇ ਵਾਕਾਂ ਵਿਚ ਲਮਕਾਅ ਹੋਣ ਕਾਰਨ ਨਾਵਲੀ ਰਸ ਖ਼ਤਮ ਹੋ ਜਾਂਦਾ ਹੈ।

## 1.4 <u>ਪਾਤਰ ਚੋਣ ਅਤੇ ਪਾਤਰ ਉਸਾਰੀ</u>

ਨਾਵਲ ਦੇ ਤੱਤਾਂ ਵਿੱਚ ਪਾਤਰ ਅਤੇ ਪਾਤਰ-ਉਸਾਰੀ ਨੂੰ ਵੀ ਕੇਂਦਰੀ ਅਹਿਮੀਅਤ ਵਾਲਾ ਸਥਾਨ ਪ੍ਰਾਪਤ ਹੈ। ਪਾਤਰ ਉਸਾਰੀ ਅਤੇ ਪਾਤਰ ਚਿਤਰਨ ਨਾਵਲ ਵਿੱਚ ਕਥਾਨਕ ਤੋਂ ਬਾਅਦ ਦੂਜਾ ਮੁੱਖ ਧੁਰਾ ਹੈ। ਜਿਸ ਨਾਲ ਨਾਵਲ ਆਪਣੇ ਸਿਖ਼ਰ ਵੱਲ ਵਧਦਾ ਹੈ। ਨਾਵਲ ਵਿੱਚ ਪਾਤਰ ਹੀ ਘਟਨਾਵਾਂ ਨੂੰ ਸਿਰਜਦੇ ਹਨ ਅਤੇ ਦੁੱਖ-ਸੁੱਖ ਭੋਗਦੇ ਹਨ ਜੋ ਮਨੁੱਖੀ ਜਿੰਦਗੀ ਨਾਲ ਸੰਬੰਧਿਤ ਹਨ। ਨਾਵਲਕਾਰ ਪਾਤਰ ਨੂੰ ਸਾਡੀ ਜਿੰਦਗੀ ਦੇ ਆਲੇ-ਦੁਆਲੇ ਵਿਚੋਂ ਚੁਣਦਾ ਹੈ। ਨਾਵਲ ਦੀ ਸਫਲਤਾ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਨਾਵਲ ਵਿਚਲੇ ਪਾਤਰ ਬਨਾਉਟੀ ਪ੍ਰਤੀਤ ਨਾ ਹੋਣ। ਜੋਗਿੰਦਰ ਸਿੰਘ ਰਾਹੀਂ ਅਨੁਸਾਰ:

> "ਨਾਵਲ ਦੇ ਪਾਤਰ ਆਮ ਮਨੁੱਖਾਂ ਵਰਗੇ ਜਿਉਂਦੇ ਜਾਗਦੇ ਮਨੁੱਖ ਹੁੰਦੇ ਹਨ। ਪਰ ਅਸੀਂ ਉਹਨਾਂ ਨੂੰ ਮਨੁੱਖ ਨਹੀਂ ਕਹਿੰਦੇ, ਪਾਤਰ ਕਹਿੰਦੇ ਹਾਂ। ਮਨੁੱਖ ਜਿੰਦਗੀ ਜਿਉਂਦੇ ਹਨ, ਪਾਤਰ ਜਿੰਦਗੀ ਦਾ ਰੋਲ ਅਦਾ ਕਰਦੇ ਹਨ।"

ਨਾਵਲ ਦੇ ਮੁੱਖ ਪਾਤਰ ਸਮੇਤ ਸਾਰੇ ਪਾਤਰ ਇਸ ਪ੍ਰਕਾਰ ਹਨ: ਪੂਰੋ (ਬਾਅਦ ਵਿੱਚ, ਹਮੀਦਾ), ਰਸ਼ੀਦ, ਰਾਮ ਚੰਦ, ਲਾਜੋ, ਤ੍ਰਿਲੋਕ, ਰੱਜੋ, ਤਾਰਾ (ਪੂਰੋ ਦੀ ਮਾਤਾ), ਮੋਹਨ ਲਾਲ (ਪੂਰੋ ਦਾ ਪਿਤਾ), ਸ਼ਿਆਮ ਲਾਲ (ਰਾਮ ਚੰਦ ਦਾ ਪਿਤਾ), ਪਗਲੀ, ਜਾਵੇਦ

ਨਾਵਲ ਵਿੱਚ ਪਾਤਰ ਉਸਾਰੀ ਕਈ ਢੰਗਾਂ ਨਾਲ ਹੋ ਸਕਦਾ ਹੈ। ਜਿਵੇਂ ਦੋ ਪਾਤਰਾਂ ਦੀ ਆਪਸੀ ਵਾਰਤਾਲਾਪ ਤੋਂ ਤੀਜੇ ਪਾਤਰ ਦਾ ਚਿਤਰਨ, ਘਟਨਾਵਾਂ ਤੇ ਕਾਰਜਾਂ ਤੋਂ ਪਾਤਰ ਚਿਤਰਨ ਅਤੇ ਕਈ ਵਾਰ ਪਾਤਰ ਦੇ ਚਿੱਤਰ ਸੰਬੰਧੀ ਵਿਸ਼ੇਸ਼ਤਾਵਾਂ, ਉਸਦੇ ਭਾਵਾਂ ਅਤੇ ਵਿਚਾਰਾਂ ਨੂੰ ਲੇਖਕ ਖੁਦ ਬਿਆਨ ਕਰ ਜਾਂਦਾ ਹੈ।

ਅੰਮ੍ਰਿਤਾ ਪ੍ਰੀਤਮ ਪੂਰੋ ਦੇ ਕਿਰਦਾਰ ਵਿਚੋਂ ਤ੍ਰਾਸਦੀਆਂ ਵੇਲੇ ਔਰਤਾਂ ਦੇ ਤਨ-ਮਨ 'ਤੇ ਹੰਢਾਏ ਸੰਤਾਪ ਨੂੰ ਜ਼ੁਬਾਨ ਦਿੰਦੀ ਹੈ। ਅੰਮ੍ਰਿਤਾ ਨੇ ਆਪਣੇ ਪਾਠਕਾਂ ਦਾ ਪਿਆਰ, ਸਨੇਹ ਵੀ ਪਾਇਆ ਹੈ ਤੇ ਅਫਵਾਹਾਂ, ਰੁਸਵਾਈਆਂ ਵੀ ਪਾਈਆਂ ਹਨ ਪਰ ਤਮਾਮ 'ਚ ਅੰਮ੍ਰਿਤਾ ਦੀ ਪੂਰੋ ਦੇਸ਼ ਦੀ ਵੰਡ ਅਤੇ ਸਾਂਝੀਵਾਲਤਾ ਨੂੰ ਤੋੜਦਿਆਂ ਦੇਸ਼ਵਾਸੀਆਂ ਹੱਥੋਂ ਹੋਏ ਗੁਨਾਹ ਦੀ ਨਿਸ਼ਾਨਦੇਹੀ ਹੀ ਤਾਂ ਹੈ।

ਉਸ ਦੌਰ ਦੀ ਚੁੱਪ ਅਤੇ ਸਹਿਮ 'ਚ ਅੰਮ੍ਰਿਤਾ ਦੇ ਨਾਵਲ ਦਾ ਪਾਤਰ ਰਸ਼ੀਦਾ ਮਹਿਸੂਸ ਕਰਨ ਵਾਲਾ ਕਿਰਦਾਰ ਹੈ। ਉਹ ਪੂਰੋ ਨੂੰ ਆਪਣੇ ਵੱਡਿਆਂ ਦੇ ਪਾਏ ਕੌਲ ਕਾਰਨ ਉਧਾਲਦਾ ਹੈ। ਪੂਰੋ ਨਾਲ ਅਜਿਹਾ ਕਿਉਂ ਹੁੰਦਾ ਹੈ? ਕਿਉਂ ਕਿ ਪੂਰੋ ਦੇ ਵੱਡਿਆਂ ਨੇ ਇਹੋ ਵਰਤਾਰਾ ਰਸ਼ੀਦੇ ਦੀ ਭੂਆ ਨਾਲ ਕੀਤਾ ਸੀ। ਇਸ ਦੌਰ ਅੰਦਰ ਰਸ਼ੀਦ ਵਰਗਾ ਪਾਤਰ ਲਭਣਾ ਔਖਾ ਹੈ। ਕਿਉਂਕਿ ਰਸ਼ੀਦ ਨੂੰ ਆਪਣੇ ਕੀਤੇ 'ਤੇ ਪਛਤਾਵਾ ਹੈ। ਉਹ ਆਪਣੇ ਕੀਤੇ ਨੂੰ ਸੁਧਾਰਨਾ ਚਾਹੁੰਦਾ ਹੈ। ਭਾਵੇਂ ਕਿ ਬੀਤਿਆਂ ਸਮਾਂ ਵਾਪਸ ਨੂੰ ਆਉਂਦਾ ਪਰ ਫਿਰ ਵੀ ਰਸ਼ੀਦ ਪਸ਼ਚਾਤਾਪ ਕਰਦਾ ਹੈ।

## 1.4 ਵਾਰਤਾਲਾਪ

ਨਾਵਲ ਦੇ ਪਾਤਰ ਆਪਸ ਵਿੱਚ ਜੋ ਗੱਲਬਾਤ ਕਰਦੇ ਹਨ ਉਸਨੂੰ ਵਾਰਤਾਲਾਪ ਦਾ ਨਾਂ ਦਿੱਤਾ ਜਾਂਦਾ ਹੈ। ਇਸਨੂੰ ਸੰਵਾਦ ਵੀ ਆਖਿਆ ਜਾਂਦਾ ਹੈ। ਨਾਵਲ ਵਿੱਚ ਉਹੀ ਵਾਰਤਾਲਾਪ ਸਫ਼ਲ ਰਹਿੰਦੀ ਹੈ, ਜੋ ਸੁਭਾਵਿਕ ਰੂਪ ਵਿੱਚ ਪਾਤਰਾਂ ਦੀ ਸ਼ਖ਼ਸੀਅਤ ਅਨੁਸਾਰ ਹੋਵੇ, ਵਾਰਤਾਲਾਪ ਦਾ ਪਾਤਰ ਉੱਪਰ ਢੁੱਕਵਾਂ, ਉਸ ਦੇ ਅਨੁਸਾਰ ਹੋਣਾ, ਇਸ ਦਾ ਜਰੂਰੀ ਗੁਣ ਹੈ। ਵਾਰਤਲਾਪ ਕਥਾ-ਵਸਤੂ ਨੂੰ ਵਿਸਤਾਰ ਦਿੰਦਾ ਹੈ। ਇਸ ਨਾਲ ਨਾਵਲ ਵਿੱਚ ਸਜੀਵਤਾ ਅਤੇ ਨਾਟਕੀਅਤਾ ਆਉਂਦੀ ਹੈ। ਇਸ ਨਾਲ ਚਰਿਤ੍ਰ-ਚਿਤਰਣ ਵਿੱਚ ਸਹਾਇਤਾ ਮਿਲਦੀ ਹੈ। ਆਪਣੇ ਬਾਰੇ ਅਤੇ ਹੋਰਨਾਂ ਬਾਰੇ ਕਹਿਣ ਦੀ ਬਿਰਤੀ ਮਨੁੱਖ ਦੇ ਜਨਮ ਤੋਂ ਹੀ ਵਿਕਸਿਤ ਹੋ ਜਾਂਦੀ ਹੈ। ਇਸ ਨਾਲ ਪਾਤਰ ਨਾ ਕੇਵਲ ਚਰਿੱਤਰ ਨੂੰ ਹੀ ਉਘਾੜਦਾ, ਸਗੋਂ ਹੋਰਨਾਂ ਦੇ ਚਰਿਤ੍ਰ ਉੱਤੇ ਵੀ ਪ੍ਰਕਾਸ਼ ਪਾ ਜਾਂਦਾ ਹੈ। ਵਾਰਤਾਲਾਪ ਉਹੀ ਪ੍ਰਭਾਵਸ਼ਾਲੀ ਹੁੰਦਾ ਹੈ ਜੋ ਸੁਭਾਵਕ ਹੋਵੇ, ਪਾਤਰ ਦੇ ਮਨ ਦੀ ਸਥਿਤੀ ਅਤੇ ਅਵਸਥਾ ਦੇ ਅਨੁਰੂਪ ਹੋਵੇ। ਉਹ ਢੁੱਕਵਾਂ ਤੇ ਨਾਟਕੀ ਹੋਵੇ। ਉਸ ਵਿੱਚ ਕਿਸੇ ਪ੍ਰਕਾਰ ਦਾ ਉਚੇਚ ਨਾ ਹੋਵੇ।

ਇਸ ਨਾਵਲ ਵਿੱਚ ਵਾਰਤਾਲਾਪ ਬਹੁਤ ਢੁੱਕਵੀਂ ਅਤੇ ਦਿਲਚਸਪ ਹੈ। ਵਾਰਤਾਲਾਪ ਨੂੰ ਪਾਤਰ ਉਸਾਰੀ ਲਈ ਵੀ ਵਰਤਿਆ ਜਾਦਾਂ ਹੈ। ਪਾਤਰਾਂ ਦਾ ਸੰਵਾਦ ਸਾਨੂੰ ਪੜਦੇ ਸਮੇਂ ਓਪਰਾ ਨਾ ਲੱਗੇ ਸਗੋਂ ਸਹਿਜ ਲੱਗੇ। ਬਿਰਤਾਂਤ ਵਜੋਂ ਸੰਵਾਦ ਜਾਂ ਵਾਰਤਾਲਾਪ ਦੋ ਤਰ੍ਹਾਂ ਦਾ ਹੁੰਦਾ ਹੈ। ਇੱਕ ਸਾਡੀ ਜ਼ਿੰਦਗੀ ਦਾ ਸੱਚ ਹੁੰਦਾ ਹੈ ਤੇ ਇੱਕ ਗਲਪ ਦਾ ਸੱਚ ਹੁੰਦਾ ਹੈ। ਕੋਈ ਵੀ ਲੇਖਕ ਉਸ ਬਿਰਧ ਬਾਬੇ ਵਾਂਗ ਹੈ, ਜੋ ਆਪਣੀ ਜ਼ਿੰਦਗੀ ਦੀ ਪੁਸਤਕ ਫਰੋਲਦਾ ਹੋਇਆ ਉਸ ਰਾਹੀਂ ਸਾਨੂੰ ਆਪਣੇ ਜੀਵਨ ਦੇ ਦਰਸ਼ਨ ਅਰਥਾਤ ਫਲਸਫੇ ਬਾਰੇ ਦੱਸਦਾ ਹੈ। ਜਦੋਂ ਪਾਠਕ ਨੂੰ ਲੱਗਦਾ ਹੋਵੇ ਕਿ ਇਸ ਤਰ੍ਹਾਂ ਦੇ ਪਾਤਰ ਜਰੂਰ ਹੋਣਗੇ ਤਾਂ ਉਹ ਗਲਪ ਦਾ ਸੱਚ ਹੈ। ਵਾਰਤਾਲਾਪ ਵਿੱਚ ਜਿੰਦਗੀ ਦੀਆਂ ਲੋੜਾਂ ਨੂੰ ਦਰਸਾਇਆ ਜਾਂਦਾ ਹੈ। ਵਾਰਤਾਲਾਪ ਰਾਹੀਂ ਬਹੁਤ ਸਾਰੇ ਪਾਤਰਾਂ ਦੀਆਂ ਮਨੋਬਿਰਤੀਆਂ ਨੂੰ ਉਜਾਗਰ ਕੀਤਾ ਜਾਦਾ ਹੈ।

## 1.6 ਪਿਛੱਲਝਾਤ ਵਿਧੀ ਦੀ ਵਰਤੋਂ

ਪਿਛੱਲਝਾਤ ਬਿਰਤਾਂਤ ਦੀ ਇੱਕ ਜੁਗਤ ਹੁੰਦੀ ਹੈ। ਪਿਛੱਲਝਾਤ ਤੋਂ ਭਾਵ ਜਦੋਂ ਕੋਈ ਪਾਤਰ ਵਰਤਮਾਨ ਵਿੱਚ ਵਿਚਰਦਾ ਹੋਇਆ, ਕੁਝ ਸਮੇਂ ਲਈ ਆਪਣੇ ਅਤੀਤ ਨਾਲ ਜੁੜ ਜਾਂਦਾ ਹੈ ਤੇ ਫਿਰ ਵਰਤਮਾਨ ਵਿੱਚ ਪਰਤ ਆਉਂਦਾ ਹੈ। ਇਹ ਕਹਾਣੀ ਜਾਂ ਨਾਵਲ ਨੂੰ ਹੋਰ ਸੰਘਣਾਂ ਜਾਂ ਪ੍ਰਭਾਵਸਾਲੀ ਬਣਾਉਣ ਲਈ ਵਰਤੀ ਜਾਂਦੀ ਹੈ।

ਅੰਮ੍ਰਿਤਾ ਪ੍ਰੀਤਮ ਨੇ ਨਾਵਲ ਵਿੱਚ ਪਾਤਰਾਂ ਦਾ ਪਿਛੋਕੜ ਬਿਆਨ ਕਰਨ ਲਈ ਪਿੱਛਲਝਾਤ ਦੀ ਜੁਗਤ ਵਰਤੀ ਹੈ। ਪਿੱਛਲਝਾਤ ਦੀ ਜੁਗਤ ਰਾਹੀਂ ਭੂਤਕਾਲ ਦੀਆਂ ਘਟਨਾਵਾਂ ਨੂੰ ਵਰਤਮਾਨ ਸਮੇਂ ਵਿੱਚ ਪੇਸ਼ ਕਰਕੇ ਉਸ ਦੀ ਸਾਰਥਿਕਤਾ ਸਿੱਧ ਕੀਤੀ ਹੈ। 'ਪਿੰਜਰ' ਨਾਵਲ ਮੁੱਖ ਤੌਰ ਦੇਸ਼-ਵੰਡ ਦੇ ਸਮੇਂ ਦੀ ਔਰਤ ਦੀ ਤ੍ਰਾਸਦਿਕ ਸਥਿਤੀ ਨਾਲ ਸਬੰਧਿਤ ਘਟਨਾਵਾਂ ਹਨ। ਕਹਾਣੀ ਦਾ ਆਰੰਭ ਹੀ ਪੂਰੋ ਦੀ ਆਪਣੀ ਵਰਤਮਾਨ ਦੀ ਤ੍ਰਾਸਦੀ ਦੀ ਹੋਂਦ ਦਾ ਕਾਰਨ ਬਿਆਨਦਿਆਂ ਭੂਤਕਾਲ ਦੀਆਂ ਘਟਨਾਵਾਂ ਨੂੰ ਪਿਛਲਝਾਤ ਰਾਹੀਂ ਵਿਸਥਾਰ ਵਿਚ ਪੇਸ਼ ਕੀਤਾ ਹੈ।

## 1.7 ਮਨੋਬਚਨੀ ਜੁਗਤ ਦੀ ਵਰਤੋਂ

ਬਿਰਤਾਂਤ ਸਿਰਜਣ ਦੀਆਂ ਅਜਿਹੀਆਂ ਵਿਧੀਆਂ ਵਿੱਚੋਂ ਹੀ ਇੱਕ ਹੋਰ ਵਿਧੀ ਅੰਤਰੀਵ ਮਨ ਦੀ ਬਚਨੀ ਹੈ। ਅੰਤਰੀਵ ਮਨ ਬਚਨੀ ਦਾ ਭਾਵ ਹੈ ਆਪਣੇ ਮਨ ਦੇ ਅੰਦਰ ਝਾਕਣਾ ਅਤੇ ਆਪਣੇ ਆਪ ਨਾਲ ਗੱਲਾਂ ਕਰਨਾ। ਗਲਪਕਾਰ ਇਸ ਵਿਧੀ ਦੀ ਵਰਤੋਂ ਆਪਣੇ ਪਾਤਰ ਦੀ ਅੰਦਰਲੀ ਮਨੋ-ਸਥਿਤੀ ਤੇ ਬਿਰਤੀ ਨੂੰ ਉਘਾੜਣ ਵਾਸਤੇ ਕਰਦਾ ਹੈ। ਅੰਤਰੀਵ ਮਨ-ਬਚਨੀ ਨੂੰ ਆਮ ਤੌਰ ਤੇ ਦੋ ਰੂਪਾਂ ਵਿੱਚ ਪ੍ਰਯੋਗ ਵਿੱਚ ਲਿਆਂਦਾ ਜਾਂਦਾ ਹੈ। ਇਕ ਰੂਪ ਪ੍ਰਤੱਖਵਾਦੀ ਹੈ, ਦੂਜਾ ਪਰੋਖਵਾਦੀ, ਚੇਤਨਾ ਪ੍ਰਵਾਹੀ ਗਲਪ ਦਾ ਪ੍ਰਸਿੱਧ ਸਮੀਖਿਅਕ ਰਬਰਟ ਹੈਮ ਫੇਰੀ ਦਾ ਮਤ ਹੈ:

> "ਅੰਤਰੀਵ ਮਨ ਬਚਨੀ ਗਲਪ ਵਿੱਚ ਪਾਤਰ ਦੀ ਮਾਨਸਿਕ ਵਸਤੂ ਤੇ ਵਿਕਾਸ ਨੂੰ ਪ੍ਰਸਤੁਤ ਕਰ ਵਾਲੀ ਜੁਗਤ ਹੈ ਜਿਹੜੀ ਚੇਤਨਾ ਦੇ ਚਿੱਤਰਪਟ ਤੇ ਕਾਰਜਸ਼ੀਲ ਪ੍ਰਕਿਰਿਆਵਾਂ ਨੂੰ ਸੁਚੇਤ ਪੇਸ਼ਕਾਰੀ ਤੋਂ ਪਹਿਲਾਂ ਹੀ ਕਹੇ ਅਣ-ਕਹੇ ਪੱਧਰ ਤੋਂ ਵਿਅਕਤ ਕਰਦੀ ਹੈ।"

ਅੰਤਰੀਵ ਮਨਬਚਨੀ ਇਕ ਵਿਧਾ ਹੈ। ਨਾਵਲਕਾਰ ਇਸ ਵਿਧਾ ਰਾਹੀਂ ਪਾਤਰ ਦੀ ਸਥਿਤੀ ਨੂੰ ਫੜਨ ਦੀ ਕੋਸ਼ਿਸ ਕਰਦਾ ਹੈ। ਨਾਵਲ ਵਿਚ ਪੂਰੋ ਦੇ ਮਨ ਦੀਆਂ ਵੇਦਨਾਂਵਾਂ ਨੂੰ ਮਨੋਬਚਨੀ ਦੀ ਜੁਗਤ ਰਾਹੀਂ ਥਾਂ-ਥਾਂ ਵਰਤਿਆ ਗਿਆ ਹੈ। ਨਾਵਲ ਦਾ ਮੁੱਢਲੀ ਘਟਨਾ ਵਿਚ ਹੀ ਪੂਰੋ ਦੀ ਮਨੋਬਚਨੀ ਹੈ ਜੋ ਅਗੋਂ ਪਿਛਲਝਾਤ ਰਾਹੀਂ ਕਥਾ ਨੂੰ ਉਜਾਗਰ ਕਰਨ ਦਾ ਸਬੱਬ ਬਣਦੀ ਹੈ।

## 1.8 ਅੰਮ੍ਰਿਤਾ ਪ੍ਰੀਤਮ ਦੀ ਨਾਵਲਕਾਰੀ ਦੀਆਂ ਵਿਸ਼ੇਸ਼ਤਾਵਾਂ

ਅੰਮ੍ਰਿਤਾ ਪ੍ਰੀਤਮ ਦੇ ਨਾਵਲੀ ਗੁਣਾਂ ਕਾਰਨ ਹੀ ਉਸ ਦੀ ਨਾਵਲ ਨਿਗਾਰੀ ਦਾ ਕਲਾ ਪੱਖ ਉੱਭਰ ਕੇ ਸਾਹਮਣੇ ਆਉਂਦਾ ਹੈ ਜਿਸ ਕਾਰਨ ਪੰਜਾਬੀ ਨਾਵਲ ਖੇਤਰ ਵਿਚ ਉਹ ਇਕ ਨਾਵਲਕਾਰ ਵਜੋਂ ਆਪਣਾ ਸਥਾਨ ਬਣਾ ਚੁੱਕੀ ਹੈ।

- ਉਸ ਨੇ ਆਪਣੇ ਵਿਚਾਰ ਅਤੇ ਖਿਆਲਾਂ ਦੀ ਨਵੀਨਤਾ ਦੇ ਅਨੁਸਾਰ ਇੱਕ ਸੁਚੱਜੀ ਸ਼ੈਲੀ ਪੰਜਾਬੀ ਬੋਲੀ ਨੂੰ ਦਿੱਤੀ।
- ਉਸ ਦੇ ਨਾਵਲਾਂ ਵਿਚ ਕਲਾ ਪੱਖ ਦਾ ਬੁਨਿਆਦੀ ਗੁਣ ਭਾਵਕ ਨਿੱਜਤਵ ਹੈ ਕਿਉਂਕਿ ਉਸ ਨੇ ਇਸੇ ਪੱਖ ਨੂੰ ਕਵਿਤਾ ਨਾਲ-ਨਾਲ ਨਾਵਲਾਂ ਵਿੱਚ ਵੀ ਪੇਸ਼ ਕੀਤਾ। ਭਾਵ ਤੇ ਕਲਪਨਾ ਉਸ ਦੀ ਲਿਖਣ ਕਲਾ ਦੇ ਪ੍ਰੇਰਕ ਜਜ਼ਬੇ ਰਹੇ ਹਨ।
- ਉਸਦੀ ਨਾਵਲ ਕਲਾ ਦਾ ਵਿਸ਼ੇਸ਼ ਗੁਣ ਉਸ ਦੇ ਨਾਵਲਾਂ ਵਿਚ ਕਹਾਣੀ ਤੱਤ ਵੀ ਹੈ।
- ਉਸ ਦੀ ਨਾਵਲ ਨਿਗਾਰੀ ਦਾ ਤੀਸਰਾ ਮੁੱਖ ਗੁਣ ਆਪਣੇ ਨਾਵਲਾਂ ਵਿਚ ਕਾਵਿਕ ਤੇ ਰੁਮਾਂਚਿਕ ਵਿਚਾਰ ਵਿਅਕਤ ਕਰਨਾ ਹੈ। ਉਸ ਨੇ ਨਾਵਲਾਂ ਵਿੱਚ ਪਿਆਰ ਜਜ਼ਬਿਆਂ ਨੂੰ ਬਹੁਤ ਨਵੀਨ ਤੇ ਵਿਲੱਖਣ ਰੂਪ ਵਿੱਚ ਪੇਸ਼ ਕੀਤਾ ਹੈ ਇਸੇ ਲਈ ਉਸ ਦੇ ਨਾਵਲ ਵਿਚ ਪੇਸ਼ ਪਾਤਰ ਪਿਆਰ ਦੇ ਆਦਰਸ਼ ਲਈ ਕਈ ਅਸਾਧਾਰਨ ਘਟਨਾਵਾਂ ਵਿੱਚੋਂ ਗੁਜ਼ਰਦੇ ਹਨ।
- ਅੰਮ੍ਰਿਤਾ ਦੇ ਕੋਮਲ ਤੇ ਕਾਵਿਕ ਭਾਵਾਂ ਕਾਰਨ ਉਸ ਦੇ ਨਾਵਲ ਯਥਾਰਥਿਕ ਘੱਟ ਅਤੇ ਰੁਮਾਂਚਿਕ ਵਧੇਰੇ ਹੋ ਨਿਬੜੇ ਹਨ।

## ਸਾਰ-ਅੰਸ਼

ਇਸ ਤਰ੍ਹਾਂ ਪਿੰਜਰ ਨਾਵਲ ਵਿੱਚ ਦੇਸ਼-ਵੰਡ ਨਾਲ ਸੰਬੰਧਤ ਤਿੰਨ ਪੱਖ- ਉਜਾੜਾ, ਹਿੰਸਾ ਅਤੇ ਪੁਨਰਵਾਸ- ਬਹੁਤ ਵਿਸਥਾਰ ਨਾਲ ਪ੍ਰਗਟ ਹੁੰਦੇ ਹਨ । ਔਰਤਾਂ ਵਿਰੁੱਧ ਹਿੰਸਾ ਦੀਆਂ ਘਟਨਾਵਾਂ ਕਈ ਪਰਤਾਂ ਵਿੱਚ ਇਸ ਨਾਵਲ ਵਿੱਚ ਪ੍ਰਗਟ ਹੋਈਆਂ ਹਨ- ਉਧਾਲੇ, ਬਲਾਤਕਾਰ, ਜ਼ਬਰੀ ਸ਼ਾਦੀਆਂ, ਮਾਪਿਆਂ ਵੱਲੋਂ ਆਪਣੀਆਂ ਧੀਆਂ ਨੂੰ ਉਧਾਲਿਆਂ ਤੋਂ ਮਗਰੋਂ ਸਵੀਕਾਰ ਨਾ ਕਰਨ ਦੀਆਂ ਮਿਸਾਲਾਂ ਇਸ ਨਾਵਲ ਦਾ ਵਿਸ਼ਾ-ਵਸਤੂ ਹਨ। ਵਸਦੇ ਰਸਦੇ ਘਰਾਂ ਵਿਚੋਂ ਲੋਕਾਂ ਦਾ ਉਜੜ ਜਾਣਾ ਅਤੇ ਨਵੇਂ ਥਾਵਾਂ ਤੇ ਵਸਣ ਦੀਆਂ ਕੋਸ਼ਿਸ਼ਾਂ ਦੇ ਬਿਰਤਾਂਤ ਇਸ ਨਾਵਲ ਦਾ ਕੇਂਦਰ ਬਿੰਦੂ ਹਨ । ਇਨ੍ਹਾਂ ਸਾਰੀਆਂ ਘਟਨਾਵਾਂ ਦਾ ਵਰਨਣ ਇਕ ਔਰਤ ਦੇ ਦ੍ਰਿਸ਼ਟੀਕੋਣ ਤੋਂ ਕੀਤਾ ਗਿਆ ਹੈ।

## ਕੇਂਦਰੀ ਸ਼ਬਦ

- **ਨਿਗਾਰੀ:** ਕਲਾਤਮਕਿਤਾ/ ਨਕਸ਼ਕਾਰੀ
- **ਨਿਜਤਵ: ਸਵੈ/ਆਪਾ**
- **ਮਨੋਬਿਰਤੀ: ਮਨ ਦੀਆਂ ਰੁਚੀਆਂ**
- **ਤ੍ਰਾਸਦੀ: ਦਰਦ/ਦੁਖਾਂਤ**

## ਸਵੈ-ਮੁਲਾਂਕਣ

1. ਲੇਖਕ, ਸਮਾਜ ਅਤੇ .....ਇੱਕ ਅਜਿਹੀ ਤਿੱਕੜੀ ਹੈ

ੳ) ਸਾਹਿਤ

ਅ) ਆਲੋਚਕ

ੲ) ਪਾਠਕ

ਸ) ਦਰਸ਼ਕ

2. ਸਾਹਿਤ ਅਤੇ ਦਾ ਆਪਸ ਵਿੱਚ ਪਰਸਪਰ ਸਬੰਧ ਹੈ

ੳ) ਲੇਖਕ

ਅ) ਸਮਾਜ

ੲ) ਪਾਠਕ

ਸ) ਦਰਸ਼ਕ

3. ਇਸ ਨਾਵਲ ਵਿੱਚ ਅੰਮ੍ਰਿਤਾ ਨੇ ...... ਦੇ ਸਮੇਂ ਨਾਲ ਸਬੰਧਿਤ ਇਸਤਰੀਆਂ ਉੱਪਰ ਹੋਈਆਂ ਵਧੀਕੀਆਂ ਨੂੰ ਪ੍ਰਸਤੁਤ ਕੀਤਾ ਹੈ।

ੳ) 1849

ਅ) 1857

ੲ) 1947

ਸ) 1984

4. ਨਿਮਨਲਿਖਿਤ ਵਿਚੋ ਕਿਹੜਾ ਪਾਤਰ ਨਾਵਲ 'ਪਿੰਜਰ' ਦਾ ਨਹੀਂ ਹੈ?

ੳ) ਲਾਜੋ

ਅ) ਤਾਰੋ

ੲ) ਰਸ਼ੀਦਾ

ਸ) ਜਾਗਰ

5. ਨਾਵਲ 'ਪਿੰਜਰ' ਵਿੱਚ ਵਰਤੀ ਗਈ ਭਾਸ਼ਾ ਦਾ ਰੂਪ ਕਿਹੜਾ ਹੈ?

ੳ) ਮਾਝੀ

ਅ) ਦੁਆਬੀ

ੲ) ਮਲਵਈ

ਸ) ਪੁਆਧੀ

6. ਨਾਵਲ 'ਪਿੰਜਰ' ਦਾ ਨਿਮਨਲਿਖਤ ਵਿਚੋਂ ਕਿਹੜਾ ਵਿਸ਼ਾ ਹੈ?

ੳ) ਪੰਜਾਬੀ ਨਾਰੀ ਦੀ ਤ੍ਰਾਸਦੀ

ਅ) ਔਰਤ ਨੂੰ ਵਸਤ ਸਮਝਣਾ

ੲ) ਦੇਸ਼-ਵੰਡ ਦਾ ਦੁਖਾਂਤ

ਸ) ਉਪਰੋਕਤ ਸਾਰੇ

7. ਪੂਰੋ ਕੌਣ ਹੈ?

ੳ) ਤ੍ਰਿਲੋਕ ਦੀ ਭੈਣ

ਅ) ਰਸ਼ੀਦ ਦੀ ਪਤਨੀ

ੲ) ਰਾਮਚੰਦ ਦੀ ਮੰਗੇਤਰ

ਸ) ਉਪਰੋਕਤ ਸਾਰੇ

8. ਰਾਮਚੰਦ ਦੀ ਭੈਣ ..... ਹੈ

ੳ) ਲਾਜੋ

ਅ) ਕੰਮੋ

ੲ) ਪੂਰੋ

ਸ) ਤਾਰੋ

9. ਪਿੰਜਰ ਨਾਵਲ ਦੀ ਰਚੇਤਾ ਸਬੰਧੀ ਕਿਹੜਾ ਕਥਨ ਸਹੀ ਨਹੀਂ ਹੈ?

ੳ) ਕਵਿਤਰੀ

ਅ) ਨਾਟਕਕਾਰਾ

ੲ) ਨਾਵਲਕਾਰਾ

ਸ) ਸਵੈਜੀਵਨੀਕਾਰਾ

10. ਰਸ਼ੀਦੇ ਨਾਲ ਨਿਕਾਹ ਉਪਰੰਤ ਪੂਰੋ ਦਾ ਨਾਮ ਬਦਲ ਕੇ .....ਰੱਖ ਲਿਆ ਜਾਂਦਾ ਹੈ।

ੳ) ਸਕੀਨਾ

ਅ) ਸਬੀਨਾ

ੲ) ਹਮੀਦਾ

ਸ) ਮਦੀਹਾ

11. ਨਾਵਲ 'ਪਿੰਜਰ' ਕਿਹੜੇ ਸਾਲ ਵਿੱਚ ਪ੍ਰਕਾਸ਼ਿਤ ਹੋਇਆ?

ੳ) 1947

ਅ) 1950

ੲ) 1956

ਸ) 1975

12. ਨਾਵਲ 'ਪਿੰਜਰ' ਉਪਰ ਹਿੰਦੀ ਫਿਲਮ ਕਿਹੜੇ ਸਾਲ ਬਣੀ?

ੳ) 1947

ਅ) 1956

ੲ) 1975

ਸ) 2003

13. ਨਾਵਲ 'ਪਿੰਜਰ' ਦਾ ਹੋਰ ਭਾਸ਼ਾਵਾਂ ਵਿਚ ਹੋਏ ਅਨੁਵਾਦ ਦਾ ਸਹੀ ਜੁੱਟ ਕਿਹੜਾ ਹੈ?

ੳ) ਅੰਗ੍ਰਜ਼ੀ ਅਤੇ ਫਰੈਂਚ

ਅ) ਅੰਗ੍ਰਜ਼ੀ ਅਤੇ ਗ੍ਰੀਕ

ੲ) ਫਰੈਂਚ ਅਤੇ ਗ੍ਰੀਕ

ਸ) ਉਰਦੂ ਅਤੇ ਸੰਸਕ੍ਰਿਤ

14. ਨਾਵਲ ਦੀ ਆਰੰਭੀ ਘਟਨਾ ਉਪਰੰਤ ਪੂਰੋ ਦੀ ਜ਼ਿੰਦਗੀ ਦੇ ਪਿਛੋਕੜ ਬਾਰੇ ਦਸਣ ਲਈ ਕਿਹੜੀ ਜੁਗਤ ਵਰਤੀ ਗਈ ਹੈ?

ੳ) ਵਾਰਤਾਲਾਪ ਦੀ ਜੁਗਤ

ਅ) ਪਿਛਲਝਾਤ ਦੀ ਜੁਗਤ

ੲ) ਸੁਪਨ ਦੀ ਜੁਗਤ

ਸ) ਉਪਰੋਕਤ ਕੋਈ ਨਹੀਂ

15. ਨਾਵਲ 'ਪਿੰਜਰ' ਉਪਰ ਬਣੀ ਫਿਲਮ ਨੂੰ ਪੁਰਸਕਾਰ ਪ੍ਰਾਪਤ ਹੋਇਆ ਹੈ।

ੳ) ਭਾਰਤ-ਪਾਕਿ ਦੁਖਾਂਤ ਬਾਰੇ

ਅ) ਕੌਮੀ ਏਕਤਾ ਬਾਰੇ

ੲ) ਔਰਤ ਦੁਖਾਂਤ ਬਾਰੇ

ਸ) ਉਪਰੋਕਤ ਕੋਈ ਨਹੀਂ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੳ** | **2 ਅ** | **3.ੲ** | **4. ਸ** | **5. ੳ** |
| **6. ਸ** | **7. ਸ** | **8. ੳ** | **9. ਅ** | **10. ੲ** |
| **11. ਅ** | **12. ਸ** | **13. ੳ** | **14. ਅ** | **15. ਅ** |

## ਅਭਿਆਸ ਪ੍ਰਸ਼ਨ

1. ਅੰਮ੍ਰਿਤਾ ਪ੍ਰੀਤਮ ਦੇ ਜੀਵਨ ਅਤੇ ਰਚਨਾਤਮਕਤਾ ਬਾਰੇ ਚਰਚਾ ਕਰਦੇ ਹੋਏ ਪੰਜਾਬੀ ਸਾਹਿਤ ਜਗਤ ਵਿਚ ਸਥਾਨ ਨਿਰਧਾਰਿਤ ਕਰੋ।

2. ਅੰਮ੍ਰਿਤਾ ਪ੍ਰੀਤਮ ਦੇ ਸਾਹਿਤਕ ਦੇਣ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

3. ਅੰਮ੍ਰਿਤਾ ਪ੍ਰੀਤਮ ਦੀ ਘਟਨਾਵਾਂ ਦੀ ਚੋਣ ਅਤੇ ਵਿਉਂਤਬੰਦੀ ਦਾ ਉਲੇਖ ਕਰੋ।

4. ਅੰਮ੍ਰਿਤਾ ਪ੍ਰੀਤਮ ਦੀ 'ਪਿੰਜਰ' ਨਾਵਲ ਦੇ ਆਧਾਰ ਉਪਰ ਭਾਸ਼ਾ ਅਤੇ ਸ਼ੈਲੀ ਸਬੰਧੀ ਚਰਚਾ ਕਰੋ।

5. ਨਾਵਲ 'ਪਿੰਜਰ' ਦੀ ਨਾਵਲੀ ਕਲਾ ਦੀਆਂ ਵਿਸ਼ੇਸ਼ਤਾਵਾਂ ਦਾ ਵੇਰਵਾ ਦਿਓ।

## Further Reading


- ਗੁਰਪਾਲ ਸਿੰਘ ਸੰਧੂ, ਪੰਜਾਬੀ ਨਾਵਲ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005


## Online Links

- https://pa.wikipedia.org/wiki/%E0%A8%AA%E0%A8%BF%E0%A9%B0%E0%A8%9C%E0%A8%B0_(%E0%A8%A8%E0%A8%BE%E0%A8%B5%E0%A8%B2)
- https://panjpedia.org/pa/wiki/%E0%A8%AA%E0%A8%BF%E0%A9%B0%E0%A8%9C%E0%A8%B0-%E0%A8%A8%E0%A8%BE%E0%A8%B5%E0%A8%B2

# Unit 13: ਨਾਵਲ 'ਇੱਕੀਵੀਂ ਸਦੀ': ਥੀਮਗਤ ਪਾਸਾਰ

**ਵਿਸ਼ਾ-ਵਸਤੂ**

**ਉਦੇਸ਼**

**ਜਾਣ-ਪਛਾਣ**

**1.1 ਬਲਦੇਵ ਸਿੰਘ: ਜੀਵਨ ਅਤੇ ਰਚਨਾ**

**1.2 ਨਾਵਲ 'ਇੱਕੀਵੀਂ ਸਦੀ' ਦੇ ਥੀਮਗਤ ਪਾਸਾਰ**

**ਸਾਰਾਂਸ਼**

**ਕੇਂਦਰੀ ਸ਼ਬਦ**

**ਸਵੈ-ਮੁਲਾਂਕਣ**

**ਸਵੈ-ਮੁਲਾਂਕਣ ਲਈ ਉੱਤਰ**

**ਅਭਿਆਸ ਪ੍ਰਸ਼ਨ**

**ਸੰਦਰਭ ਪੁਸਤਕਾਂ**

## ਉਦੇਸ਼

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

- ਬਲਦੇਵ ਸਿੰਘ ਦੇ ਜੀਵਨ ਅਤੇ ਰਚਨਾ-ਸੰਸਾਰ ਨੂੰ ਜਾਨਣ ਦੇ ਯੋਗ ਹੋਣਗੇ
- ਬਲਦੇਵ ਸਿੰਘ ਦੇ ਸਮਾਜਿਕ ਦ੍ਰਿਸ਼ਟੀ ਨੂੰ ਸਮਝਣ ਦੇ ਕਾਬਿਲ ਹੋਣਗੇ
- ਨਾਵਲ ਵਿਚਲੇ ਥੀਮਗਤ ਪਾਸਾਰਾਂ ਦਾ ਵਿਵੇਚਨ ਕਰਨ ਦੇ ਸਮਰੱਥ ਹੋਣਗੇ

## 1.1 ਬਲਦੇਵ ਸਿੰਘ: ਜੀਵਨ ਅਤੇ ਰਚਨਾ

ਬਲਦੇਵ ਸਿੰਘ ਮਹਿਜ ਬਲਦੇਵ ਸਿੰਘ ਹੀ ਨਹੀਂ ਸੜਕਨਾਮਾ ਵੀ ਹੈ, ਲਾਲ ਬੱਤੀ ਵੀ, ਅੰਨਦਾਤਾ ਵੀ ਹੈ। ਹਰ ਰਚਨਾ ਉਸ ਦੇ ਨਾਮ ਨਾਲ ਜੁੜ ਜਾਂਦੀ ਹੈ। ਬਲਦੇਵ ਸਿੰਘ ਇਕ ਬਲਸ਼ਾਲੀ ਗਲਪਕਾਰ ਹੈ। ਬਲਦੇਵ ਸਿੰਘ ਦਾ ਜਨਮ 11ਜੁਲਾਈ 1942 ਨੂੰ ਰਾਜਸਥਾਨ ਵਿਖੇ ਪਿਤਾ ਹਰਦਿਆਲ ਸਿੰਘ ਦੇ ਘਰ ਮਾਤਾ ਬਚਿੰਤ ਕੌਰ ਦੀ ਕੁੱਖੋਂ ਹੋਇਆ ਸੀ ।ਬਲਦੇਵ ਸਿੰਘ ਨੇ ਪ੍ਰਾਇਮਰੀ ਪੱਧਰ ਦੀ ਵਿੱਦਿਆ ਚੰਦ ਪੁਰਾਣਾ ਵਿੱਚ ਹੀ ਹਾਸਿਲ ਕੀਤੀ ।ਇੱਥੇ ਇਨ੍ਹਾਂ ਨੇ ਚਾਰ ਜਮਾਤਾਂ ਪਾਸ ਕੀਤੀਆਂ ਉਸ ਉਪਰੰਤ ਪੰਜਵੀਂ ਜਮਾਤ ਵਿੱਚ ਇਸ ਪਿੰਡ ਚੰਦ ਨਵਾਂ ਦੇ ਲੋਅਰ ਮਿਡਲ ਸਕੂਲ ਵਿੱਚ ਦਾਖਲ ਹੋਏ । 1958 ਵਿੱਚ ਬਲਦੇਵ ਸਿੰਘ ਨੇ ਦਸਵੀਂ ਦਾ ਇਮਤਿਹਾਨ ਪਾਸ ਕਰ ਲਿਆ । ਇਸ ਤੋਂ ਬਾਅਦ ਡੀ .ਐੱਮ ਕਾਲਜ ਚ ਦਾਖਲਾ ਕਰਵਾ ਦਿੱਤਾ ਕਾਲਜ ਵਿੱਚ ਆਰਟਸ ਗਰੁਪ ਦੀ ਅਗਲੀ ਪੜ੍ਹਾਈ ਸ਼ੁਰੂ ਕੀਤੀ ।ਸਾਲ ਦੀ ਉਮਰ ਵਿੱਚ ਬਲਦੇਵ ਸਿੰਘ ਦਾ ਵਿਆਹ ਸ੍ਰੀਮਤੀ ਕੁਲਜੀਤ ਕੌਰ ਨਾਲ 16 ਮਾਰਚ 1963 ਨੂੰ ਹੋਇਆ। ਉਸ ਸਮੇਂ ਇਨ੍ਹਾਂ ਬੀ .ਐੱਡ ਦੇ ਇਮਤਿਹਾਨ ਦਿੱਤੇ ਸਨ ।ਬੀ. ਐੱਡ ਦਾ ਰਿਜ਼ਲਟ ਨਿਕਲਣ ਤੋਂ ਪਹਿਲਾਂ ਇਨ੍ਹਾਂ ਦੀ ਨੌਕਰੀ ਮੁਕਤਸਰ ਦੇ ਇੱਕ ਪਿੰਡ ਝੂਰੜ ਦੇ ਸਰਕਾਰੀ ਸਕੂਲ ਵਿੱਚ ਅਧਿਆਪਕ ਵਜੋਂ ਲੱਗੀ। ਉਸ ਵੇਲੇ ਇਨ੍ਹਾਂ ਲਈ ਉਹ ਨਵਾਂ ਥਾਂ ਨਵੇਂ ਅਨੁਭਵ ਸੀ । 1965 ਵਿੱਚ ਬਲਦੇਵ ਸਿੰਘ ਮੁਕਤਸਰ ਤੋਂ ਨੌਕਰੀ ਛੱਡ ਕੇ ਸ਼ਿਮਲਾ ਚਲਾ ਗਿਆ ਤੇ ਉੱਥੇ ਜੁਖਲੇ ਸੋਸ਼ਲ ਸੱਟਡੀਜ਼ ਦਾ ਅਧਿਆਪਕ ਜਾ ਲੱਗਾ। ਹਿਮਾਚਲ ਪ੍ਰਦੇਸ਼ ਵਿੱਚ ਸਾਢੇ ਤਿੰਨ ਸਾਲ ਨੌਕਰੀ ਕੀਤੀ ।ਇਸ ਤੋਂ ਬਾਅਦ ਬਲਦੇਵ ਸਿੰਘ ਨੇ ਕਲਕੱਤੇ ਪਹੁੰਚ ਕੇ ਬਹੁਤ ਹੀ ਮਿਹਨਤ ਸ਼ਿੱਦਤ ਨਾਲ ਆਪਣੀ ਜ਼ਿੰਦਗੀ ਵਿੱਚ ਅੱਗੇ ਵਧਿਆ, 1974 ਤੱਕ

ਬਲਦੇਵ ਸਿੰਘ ਨੇ ਕਲਕੱਤੇ ਟੈਕਸੀ ਚਲਾਈ।ਬਲਦੇਵ ਸਿੰਘ ਦੀ ਪਤਨੀ ਕੁਲਜੀਤ ਕੌਰ ਵੀਨਾ ਨਾਲ ਕਲਕੱਤੇ ਹੀ ਰਹਿੰਦੀ ਸੀ।1984 ਵਿੱਚ ਬਲਦੇਵ ਸਿੰਘ ਕਲਕੱਤੇ ਨੂੰ ਅਲਵਿਦਾ ਕਹਿ ਕੇ ਆਪਣੇ ਘਰ ਮੋਗੇ ਵਾਪਸ ਆ ਗਿਆ।

ਬਲਦੇਵ ਸਿੰਘ ਦੇ ਪਾਠਕ ਵਰਗ ਦਾ ਘੇਰਾ ਬਹੁਤ ਵਿਸ਼ਾਲਤਰ ਹੈ। ਉਸ ਦੀ ਹਰ ਰਚਨਾ ਬਲਸ਼ਾਲੀ ਕਿਉਂ ਹੁੰਦੀ ਹੈ? ਸਪੱਸ਼ਟ ਹੈ ਕਿ ਬਲਦੇਵ ਸਿੰਘ ਕੋਲ ਨਿੱਜੀ ਅਨੁਭਵ, ਜੀਵਨ ਤਜਰਬੇ ਅਤੇ ਗਿਆਨ ਬੋਧ ਬਹੁਤ ਜ਼ਿਆਦਾ ਹੈ। ਦੂਜਾ ਉਸ ਕੋਲ ਜੀਵਨ ਅਤੇ ਵਿਸ਼ਵ ਦ੍ਰਿਸ਼ਟੀਕੋਣ ਹੈ। ਉਸ ਦੀ ਨਿਮਨ, ਦਲਿਤ ਅਤੇ ਦਮਿਤ ਜਮਾਤ ਨਾਲ ਪ੍ਰਤੀਬੱਧਤਾ ਹੈ। ਉਸ ਦੀ ਹਰ ਰਚਨਾ ਸਿੱਧੇ ਜਾਂ ਅਸਿੱਧੇ ਚੇਤਨਤਾ ਦਿੰਦੀ ਹੈ। ਉਹ ਆਪਣੇ ਸਾਹਿਤਕ ਅਤੇ ਸਮਾਜਕ ਕਰਤਵ 'ਤੇ ਖ਼ਰਾ ਉਤਰਦਾ ਰਿਹਾ ਹੈ। ਇਨ੍ਹਾਂ ਕਾਰਨਾਂ ਕਰਕੇ ਹੀ ਬਲਦੇਵ ਸਿੰਘ ਦੀ ਹਰ ਰਚਨਾ ਹੀ ਬਲਸ਼ਾਲੀ ਹੁੰਦੀ ਹੈ। ਉਸ ਦੀ ਮਕਬੂਲੀਅਤ ਦੇ ਕਾਰਨ ਵੀ ਇਹੋ ਹਨ। ਬਲਦੇਵ ਸਿੰਘ ਤੀਹ-ਬੱਤੀ ਸਾਲਾਂ ਤੋਂ ਸਾਹਿਤ ਸਿਰਜਣ ਕਰ ਰਿਹਾ ਹੈ। ਨਿਰੰਤਰ ਲਿਖਣਾ ਇਕ ਕਠਿਨ ਕਾਰਜ ਹੈ, ਪ੍ਰੰਤੂ ਬਲਦੇਵ ਆਪਣੀ ਪ੍ਰਤੀਬੱਧਤਾ ਕਾਰਨ ਅਜਿਹੇ ਕਠਿਨ ਕਾਰਜ ਨੂੰ ਕਰ ਰਿਹਾ ਹੈ। ਬਲਦੇਵ ਤਾਂ ਪੰਜਾਬ ਦੇ ਕਾਲੇ ਦੌਰ ਵਿੱਚ ਵੀ ਥਿੜਕਿਆ ਨਹੀਂ, ਉਸ ਨੂੰ ਨਿੱਜੀ ਜ਼ਿੰਦਗੀ ਦੀਆਂ ਮੁਸ਼ਕਲਾਂ ਅਤੇ ਸਮੱਸਿਆਵਾਂ ਵੀ ਲਿਖਣ ਤੋਂ ਰੋਕ ਨਹੀਂ ਸਕੀਆਂ। ਉਸ ਨੂੰ ਮੈਂ ਸਾਹਿਤ ਦਾ ਕੁਲਵਕਤੀ ਲੇਖਕ ਕਿਹਾ ਕਰਦਾ ਹਾਂ। ਮੈਨੂੰ ਇਹ ਵੀ ਕਹਿਣ ਤੋਂ ਪਰਹੇਜ ਨਹੀਂ ਕਿ ਉਹ ਇਕ ਸੰਘਰਸ਼ਸ਼ੀਲ ਲੇਖਕ (ਕਾਮਾ) ਹੈ। ਉਸ ਨੇ ਜਿੱਥੇ ਕਥਾ-ਖੇਤਰ ਵਿੱਚ ਆਪਣੇ ਨਾਮ ਦੀ ਮੋਹਰਛਾਪ ਲਾਈ ਹੈ, ਉੱਥੇ ਉਸ ਨੇ ਨਾਟਕ-ਖੇਤਰ ਵਿੱਚ ਵੀ ਜ਼ਿਕਰਯੋਗ ਅਤੇ ਮਹਿਮਾਯੋਗ ਰਚਨਾਵਾਂ ਸਾਹਿਤਕ-ਪਿੜ ਨੂੰ ਪ੍ਰਦਾਨ ਕੀਤੀਆਂ ਹਨ। ਇਨ੍ਹਾਂ ਖੇਤਰਾਂ ਤੋਂ ਇਲਾਵਾ ਉਹ ਨਾਵਲੀ-ਖੇਤਰ ਵਿੱਚ ਸਾਡੇ ਸਮਿਆਂ 'ਚ ਸਭ ਤੋਂ ਵੱਧ ਚਰਚਿਤ ਹੈ। ਕਥਾ, ਨਾਟਕ ਅਤੇ ਨਾਵਲ ਤਿੰਨਾਂ ਖੇਤਰਾਂ ਵਿੱਚ ਹੀ ਉਸ ਦੇ ਨਾਮ ਦੀ ਤੂਤੀ ਬਰਾਬਰ ਬੋਲਦੀ ਹੈ। ਇਹ ਅਪਵਾਦ ਹੀ ਹੈ ਕਿ ਕੋਈ ਇਕੋ ਬੰਦਾ ਕਈ ਖੇਤਰਾਂ ਵਿੱਚ ਨਾਮਵਰ ਹੋਵੇ। ਉਸ ਨੇ ਕਾਫੀ ਗਿਣਤੀ ਵਿੱਚ ਕਹਾਣੀਆਂ, ਨਾਟਕਾਂ ਅਤੇ ਨਾਵਲਾਂ ਦੀ ਰਚਨਾ ਕੀਤੀ ਹੈ, ਪ੍ਰੰਤੂ ਉਸ ਦੀ ਹਰ ਰਚਨਾ ਵਸਤੂ-ਸਥਿਤੀ ਅਤੇ ਕਲਾ ਪੱਖੋਂ ਭਿੰਨ ਅਤੇ ਵੱਖਰੀ ਹੈ। ਕਮਾਲ ਦੀ ਗੱਲ ਇਹ ਹੈ ਕਿ ਵਿਸ਼ੇ-ਵਸਤੂ ਦਾ ਕਿਸੇ ਵੀ ਰਚਨਾ ਵਿੱਚ ਦੁਹਰਾਉ ਨਹੀਂ। ਉਸ ਦੀ ਕੋਈ ਰਚਨਾ ਭਾਸ਼ਾ ਅਤੇ ਬੋਲੀ ਪੱਖੋਂ ਮਾਰ ਨਹੀਂ ਖਾਂਦੀ। ਹਰ ਰਚਨਾ ਦੀ ਆਪਣੀ ਸ਼ੈਲੀ ਅਤੇ ਆਪਣਾ ਅੰਦਾਜ਼ ਹੈ। ਉਸ ਦੀ ਹਰ ਰਚਨਾ ਰੌਚਕ ਹੈ, ਇਸ ਤੋਂ ਬਿਨਾਂ ਉਸ ਦੀ ਹਰ ਰਚਨਾ ਕੋਈ ਨਾ ਕੋਈ ਪ੍ਰਸ਼ਨ ਛੱਡਦੀ ਹੈ, ਕੋਈ ਨਾ ਕੋਈ ਸੰਕੇਤ ਦਿੰਦੀ ਹੈ, ਕੋਈ ਨਾ ਕੋਈ ਰਾਹ ਵਿਖਾਉਂਦੀ ਹੈ, ਚੇਤਨਾ ਪ੍ਰਦਾਨ ਕਰਦੀ ਹੈ। ਬਲਦੇਵ ਪਰਿਵਰਤਨ ਅਤੇ ਸਮਾਜਵਾਦ ਚਾਹੁੰਦਾ ਹੈ, ਪ੍ਰੰਤੂ ਉਸ ਦੀ ਕੋਈ ਰਚਨਾ ਮਾਅਰਕੇਬਾਜ਼ੀ ਜਾਂ ਨਾਅਰੇਬਾਜ਼ੀ ਦੀ ਲਖ਼ਾਇਕ ਨਹੀਂ। ਉਹ ਆਪਣੀ ਗੱਲ, ਆਪਣਾ ਪੱਖ, ਆਪਣੇ ਵਿਚਾਰ ਅਸਿੱਧੇ ਢੰਗ (ਸੁਹਜਮਈ ਢੰਗ ਨਾਲ) ਨਾਲ ਕਹਿਣ 'ਚ ਵਿਸ਼ਵਾਸ ਰੱਖਦਾ ਹੈ। ਬਲਦੇਵ ਸਿੰਘ ਦੀ ਕਿਸੇ ਕਲਾ-ਕ੍ਰਿਤੀ 'ਚ ਫੋਕਾ ਆਦਰਸ਼ਵਾਦ ਨਹੀਂ, ਤਲਖ਼ ਜ਼ਮੀਨੀ ਹਕੀਕਤਾਂ ਅਤੇ ਤਾਰਕਿਕ ਵਿਚਾਰਧਾਰਾ ਨੂੰ ਹੀ ਉਹ ਆਪਣੀਆਂ ਰਚਨਾਵਾਂ ਦੇ ਕੇਂਦਰ ਵਿੱਚ ਰੱਖਦਾ ਹੈ। ਬਲਦੇਵ ਦੀ ਕਿਸੇ ਕਥਾ, ਨਾਟਕ ਜਾਂ ਨਾਵਲ 'ਚ ਫੋਟੋਗ੍ਰਾਫਕ ਯਥਾਰਥ ਨਹੀਂ, ਉਸ ਦੀਆਂ ਰਚਨਾਵਾਂ ਗਤੀਸ਼ੀਲ-ਯਥਾਰਥ, ਇੱਛਤ-ਯਥਾਰਥ ਅਤੇ ਨਵ-ਯਥਾਰਥ ਦੀਆਂ ਵਾਹਕ ਹੁੰਦੀਆਂ ਹਨ। ਗ਼ੌਰਤਲਬ ਪੱਖ ਇਹ ਹੈ ਕਿ ਜਦ ਉਹ ਨਵ-ਯਥਾਰਥ ਦੀ ਅਭਿਵਿਅਕਤੀ ਕਰ ਰਿਹਾ ਹੁੰਦਾ ਹੈ ਤਾਂ ਉਹ ਇਸ ਯਥਾਰਥ 'ਚੋਂ ਉਸ ਪੱਖ, ਪਹਿਲੂ, ਜੁਜ਼ ਜਾਂ ਵਰਤਾਰੇ ਨੂੰ ਉਭਾਰ ਰਿਹਾ ਹੁੰਦਾ ਹੈ, ਜੋ ਅਗਾਂਹਵਧੂ, ਹਾਂਦਰੂ, ਸਿਹਤਮੰਦ ਅਤੇ ਤਾਰਕਿਕ ਹੁੰਦਾ ਹੈ। ਬਲਦੇਵ ਹਰ ਰਚਨਾ ਸਹਿਜ-ਮਤੇ ਲਿਖਦਾ ਹੈ, ਇਸ ਦੇ ਬਾਵਜੂਦ ਉਹ ਸੁਚੇਤ ਵੀ ਰਹਿੰਦਾ ਹੈ ਕਿ ਕਿਧਰੇ ਕੋਈ ਗ਼ਲਤੀ ਨਾ ਹੋ ਜਾਵੇ, ਜਿਹੜੀ ਉਸ ਦੀ ਕੀਤੀ ਮਿਹਨਤ ਨੂੰ ਹੀ ਮਿੱਟੀ 'ਚ ਮਿਲਾ ਦੇਵੇ। ਲਿਖਣ ਵੇਲੇ ਅਤੇ ਛਾਪਣ ਵੇਲੇ ਉਹ ਕਾਹਲ ਨਹੀਂ ਕਰਦਾ। ਉਹ ਖ਼ੁਦ ਵੀ ਕਿਸੇ ਪੱਖ, ਪਹਿਲੂ, ਜੁਜ਼ ਜਾਂ ਵਰਤਾਰੇ ਨੂੰ ਪ੍ਰਸਤੁਤ ਕਰਨ ਸਮੇਂ ਸੌ ਵਾਰ ਸੋਚਦਾ ਹੈ। ਉਹ ਆਲੋਚਕਾਂ ਅਤੇ ਬੁੱਧੀਜੀਵੀਆਂ ਨਾਲ ਵੀ ਸਲਾਹ-ਮਸ਼ਵਰਾ ਕਰਨ 'ਚ ਆਪਣੀ ਕਦੇ ਹੇਠੀ ਨਹੀਂ ਸਮਝਦਾ। ਮੇਰੇ ਵਰਗੇ ਆਲੋਚਕਾਂ ਤੋਂ ਵੀ ਉਹ ਸਲਾਹ ਲੈ ਲੈਂਦਾ ਹੈ। ਬਲਦੇਵ ਇਕ ਨਿਮਰ ਸ਼ਖ਼ਸੀਅਤ ਹੈ। ਹਉਮੈ ਨੂੰ ਉਹ ਨੇੜ ਨਹੀਂ ਫ਼ਟਕਣ ਦਿੰਦਾ। ਆਮ ਕਰਕੇ ਸਾਡੇ ਲੇਖਕ ਆਪਣੇ ਆਪ ਨੂੰ ਸ਼ਾਹਕਾਰ ਲੇਖਕ ਕਹਾ ਕੇ ਖ਼ੁਸ਼ ਹੁੰਦੇ ਹਨ। ਅਜਿਹੇ ਲੇਖਕ ਹਰ ਸਮੇਂ ਆਪਣੀ ਹਉਮੈਵਾਦੀ ਧਾਰਨਾ ਨੂੰ ਹਿੱਕ ਨਾਲ ਲਾਈ ਫਿਰਦੇ ਰਹਿੰਦੇ ਹਨ। ਬਲਦੇਵ ਬਤੌਰ ਲੇਖਕ ਮਹਾਨ ਹੈ, ਪ੍ਰੰਤੂ ਉਹ ਆਪਣੇ ਆਪ ਨੂੰ ਨਾ ਮਹਾਨ ਕਹਾਉਂਦਾ ਹੈ, ਨਾ ਕਹਿੰਦਾ ਹੈ। ਇਸ ਕਰਕੇ ਕਿਹਾ ਜਾ ਸਕਦਾ ਹੈ ਕਿ ਬਲਦੇਵ ਸਿੰਘ 'ਬਲਦੇਵ ਸਿੰਘ' ਹੀ ਹੈ। ਉਸ ਦੀਆਂ ਰਚਨਾਵਾਂ 'ਰਚਨਾਵਾਂ' ਹੀ ਹਨ। ਬਲਦੇਵ ਸਿੰਘ ਨੇ ਕਲਕੱਤੇ ਰਹਿੰਦਿਆਂ, ਡਰਾਇਵਰੀ ਕਰਦਿਆਂ ਜਦ ਲਿਖਣਾ ਸ਼ੁਰੂ ਕੀਤਾ ਤਾਂ ਸਭ ਤੋਂ ਪਹਿਲਾਂ ਕਹਾਣੀ ਰਚੀ। ਹੌਲੀ-ਹੌਲੀ ਉਸ ਨੇ ਕਹਾਣੀ-ਖੇਤਰ ਵਿੱਚ ਆਪਣਾ ਵਿਸ਼ੇਸ਼ ਸਥਾਨ ਗ੍ਰਹਿਣ ਕਰ ਲਿਆ। ਬਲਦੇਵ ਸਿੰਘ ਨੇ ਆਪਣੀਆਂ ਕਹਾਣੀਆਂ 'ਚ ਸਭ ਤੋਂ ਵੱਧ ਸਮਾਜ ਦੇ ਆਰਥਿਕ ਨੁਕਤੇ ਨੂੰ ਕੇਂਦਰ ਵਿੱਚ ਰੱਖਿਆ ਹੈ, ਕਿਉਂਕਿ ਬਲਦੇਵ ਸਿੰਘ ਲਈ ਇਕ ਸਮਾਜ ਦੀ ਆਰਥਿਕਤਾ ਹੀ ਪ੍ਰਮੁੱਖ ਆਧਾਰ ਹੈ। ਇਸ ਟੁੱਟ-ਭੱਜ ਰਹੀ ਆਰਥਿਕਤਾ ਕਾਰਨ ਹੀ ਕਿਸੇ ਸਮਾਜ ਦੇ ਪ੍ਰਮੁੱਖ ਉਸਾਰ ਸੱਭਿਆਚਾਰ ਦੀ ਵਿਆਪਕ ਟੁੱਟ-ਭੱਜ ਹੁੰਦੀ ਹੈ। ਬਲਦੇਵ ਸਿੰਘ ਨੇ ਖੰਡਿਤ ਹੋ ਰਹੇ ਭਾਈਚਾਰੇ, ਸਾਂਝ, ਮਿਲਵਰਤਣ ਅਤੇ ਪਿਆਰ ਨੂੰ ਵੀ ਵਿਸ਼ਾ-ਵਸਤੂ ਬਣਾਇਆ ਹੈ। ਬਲਦੇਵ ਸਿੰਘ ਦੀਆਂ ਬਹੁਤੀਆਂ ਕਥਾਵਾਂ ਰਿਸ਼ਤਿਆਂ 'ਚ ਪੈਦਾ ਹੋ ਰਹੇ ਦਵੰਦਾਂ, ਤਣਾਵਾਂ ਅਤੇ ਟਕਰਾਵਾਂ 'ਤੇ ਹੀ ਕੇਂਦਰਿਤ ਹਨ। ਸਮਾਜਕ, ਸੱਭਿਆਚਾਰਕ, ਰਾਜਨੀਤਕ, ਧਾਰਮਿਕ ਅਤੇ ਆਰਥਿਕ ਵਿਸ਼ਿਆਂ ਤੋਂ ਬਿਨਾਂ ਬਲਦੇਵ ਨੇ ਸਾਡੇ ਸਮਾਜ ਦੀ ਮਨੋਸਰੰਚਨਾ ਅਤੇ ਮਨੋ-ਸਥਿਤੀ ਨੂੰ ਵੀ ਆਪਣੀਆਂ ਕਹਾਣੀਆਂ 'ਚ ਦਰਜ ਕੀਤਾ ਹੈ। ਬਲਦੇਵ ਦੀਆਂ ਕਹਾਣੀਆਂ ਵਿਸ਼ਾ-ਵਸਤੂ ਪੱਖੋਂ ਹੀ ਨਹੀਂ, ਕਲਾ ਅਤੇ ਸੁਹਜ ਪੱਖੋਂ ਵੀ ਬੇਸ਼ਕੀਮਤੀ ਹਨ। ਬਲਦੇਵ ਸਿੰਘ ਦੇ ਨਾਵਲਾਂ ਦੀ ਲਿਸਟ ਵੀ ਕਾਫੀ ਲੰਬੀ ਹੋ ਚੁੱਕੀ ਹੈ। ਦੂਸਰਾ ਹੀਰੋਸ਼ੀਮਾ, ਸੂਲੀ ਟੰਗੇ ਪਹਿਰ, ਕੱਲਰੀ ਧਰਤੀ, ਜੀ.ਟੀ. ਰੋਡ, ਕੱਚੀਆਂ ਕੰਧਾਂ ਆਦਿ ਨਾਵਲ ਟਰਾਂਸਪੋਰਟ ਕਿੱਤੇ, ਡਰਾਇਵਰੀ ਕਿੱਤੇ, ਨਕਸਲੀ ਮਸਲੇ ਅਤੇ ਸੀਮਾਂਤ ਕਿਸਾਨੀ ਨਾਲ ਸਬੰਧਤ ਹਨ। 'ਲਾਲ ਬੱਤੀ' ਨਾਵਲ ਦੀ

ਚਰਚਾ ਬਹੁਤ ਜ਼ਿਆਦਾ ਹੋਈ। ਇਹ ਨਾਵਲ ਵੇਸਵਾਗਮਨੀ ਦਾ ਕਰੂਰ ਯਥਾਰਥ ਹੈ। ਇਸ ਤੋਂ ਬਾਅਦ ਉਸ ਦਾ ਨਾਵਲ 'ਅੰਨਦਾਤਾ' ਬਹੁਤ ਚਰਚਿਤ ਹੋਇਆ, ਜੋ ਪੰਜਾਬ ਦੀ ਸੀਮਾਂਤ ਕਿਸਾਨੀ (ਜੋ ਨਿਰੰਤਰ ਕੰਗਾਲ ਹੋ ਰਹੀ ਹੈ) ਦੇ ਸੰਕਟ ਦਾ ਕੜਵਾ ਅਤੇ ਕਰੂਰ ਯਥਾਰਥ ਹੈ। ਇਸ ਤੋਂ ਬਾਅਦ ਬਲਦੇਵ ਸਿੰਘ, ਡਾ. ਟੀ.ਆਰ. ਵਿਨੋਦ ਦੇ ਕਹਿਣ 'ਤੇ ਇਤਿਹਾਸਕ ਨਾਵਲ ਲਿਖਣ ਲਈ ਪਰੇਰਿਤ ਹੋਇਆ। ਪੰਜਵਾਂ ਸਾਹਿਬਜ਼ਾਦਾ (ਸਿੱਖ ਇਤਿਹਾਸ 'ਚ ਅਣਗੌਲੇ ਮਹਾਨਾਇਕ ਨਾਲ ਸਬੰਧਤ), ਸਤਲੁਜ ਵਹਿੰਦਾ ਰਿਹਾ (ਸ਼ਹੀਦ ਭਗਤ ਸਿੰਘ ਦੇ ਜੀਵਨ 'ਤੇ ਆਧਾਰਤ), ਢਾਹਵਾਂ ਦਿੱਲੀ ਦੇ ਕਿੰਗਰੇ (ਲੋਕ ਨਾਇਕ ਦੁੱਲਾ ਭੱਟੀ ਦੇ ਜੀਵਨ 'ਤੇ ਆਧਾਰਤ), ਮਹਾਬਲੀ ਸੂਰਾ (ਬੰਦਾ ਸਿੰਘ ਬਹਾਦਰ ਦੀ ਜੀਵਨੀ) ਆਦਿ ਉਸ ਦੇ ਗ਼ੌਰਤਲਬ ਇਤਿਹਾਸਕ ਨਾਵਲ ਹਨ। ਪੰਜਾਬੀ ਇਤਿਹਾਸ ਦੇ ਚਾਰ ਮਹਾਨਾਇਕਾਂ ਬਾਰੇ ਲਿਖਣਾ ਸੌਖਾ ਕੰਮ ਨਹੀਂ ਸੀ। ਇਨ੍ਹਾਂ ਮਹਾਨਾਇਕਾਂ ਦੇ ਜੀਵਨ ਨਾਲ ਬਹੁਤ ਸਾਰੀਆਂ ਮਿੱਥਾਂ ਜੁੜੀਆਂ ਹੋਈਆਂ ਸਨ ਅਤੇ ਇਨ੍ਹਾਂ ਦੇ ਜੀਵਨ 'ਚ ਬਹੁਤ ਸਾਰੀਆਂ ਭਰਾਂਤੀਆਂ ਪਈਆਂ ਸਨ। ਬਲਦੇਵ ਨੇ ਇਨ੍ਹਾਂ ਮਿੱਥਾਂ ਅਤੇ ਭਰਾਂਤੀਆਂ ਨੂੰ ਖ਼ਾਰਜ ਵੀ ਕੀਤਾ ਅਤੇ ਜੋ ਸੱਚ ਸੀ, ਉਸ ਨੂੰ ਸਾਡੇ ਸਨਮੁੱਖ ਰੱਖਿਆ। ਬਲਦੇਵ ਸਿੰਘ ਨੇ ਇਤਿਹਾਸ ਨੂੰ ਤਾਰਕਿਕ ਢੰਗ ਨਾਲ ਵਾਚਣ ਲਈ ਸਾਨੂੰ ਇਕ ਦ੍ਰਿਸ਼ਟੀ ਦਿੱਤੀ ਹੈ। ਮੇਰੀ ਧਾਰਨਾ ਹੈ ਕਿ ਬਲਦੇਵ ਸਿੰਘ ਨੂੰ 'ਅੰਨਦਾਤਾ' ਨਾਵਲ ਲਿਖਣ 'ਤੇ ਹੀ ਸਾਹਿਤ ਅਕਾਦਮੀ ਪੁਰਸਕਾਰ ਮਿਲਣਾ ਚਾਹੀਦਾ ਸੀ। 'ਅੰਨਦਾਤਾ' ਉੱਤੇ ਜੇ ਨਹੀਂ ਦਿੱਤਾ ਗਿਆ ਤਾਂ 'ਪੰਜਵਾਂ ਸਾਹਿਬਜ਼ਾਦਾ' ਨਾਵਲ 'ਤੇ ਮਿਲ ਜਾਣਾ ਚਾਹੀਦਾ ਸੀ। ਇਵੇਂ ਹੀ 'ਸਤਲੁਜ ਵਹਿੰਦਾ ਰਿਹਾ' ਨਾਵਲ ਨੂੰ ਵੀ ਅਣਗੌਲਿਆ ਕੀਤਾ ਗਿਆ। 'ਢਾਹਵਾਂ ਦਿੱਲੀ ਦੇ ਕਿੰਗਰੇ' ਨਾਵਲ ਉੱਪਰ ਸਾਹਿਤ ਅਕਾਦਮੀ ਪੁਰਸਕਾਰ ਮਿਲਣਾ ਭਾਵੇਂ ਬਲਦੇਵ ਸਿੰਘ ਦੀ ਪ੍ਰਾਪਤੀ ਹੈ, ਪ੍ਰੰਤੂ ਉਸ ਦੇ ਪਾਠਕਾਂ ਨੂੰ ਨਿਰਾਸ਼ਾ ਹੋਈ ਹੈ, ਕਿਉਂਕਿ ਉਸ ਨੂੰ ਪੁਰਸਕਾਰ ਬੜੀ ਦੇਰ ਬਾਅਦ ਦਿੱਤਾ ਗਿਆ ਹੈ, ਜੋ ਕਾਫ਼ੀ ਪਹਿਲਾਂ ਮਿਲਣਾ ਚਾਹੀਦਾ ਸੀ। ਅੱਗੇ ਤੋਂ ਸਾਹਿਤ ਅਕਾਦਮੀ ਦੇ ਕਰਤਿਆਂ-ਧਰਤਿਆਂ ਨੂੰ ਮੈਰਿਟ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਯਾਰੀਆਂ ਪਾਲ਼ ਕੇ ਤੋਏ-ਤੋਏ ਕਰਾਉਣ ਤੋਂ ਬਚਿਆ ਜਾਣਾ ਚਾਹੀਦਾ ਹੈ। ਬਲਦੇਵ ਸਿੰਘ ਦਾ ਇਕ ਹੋਰ ਨਾਵਲ ਕਾਮਰੇਡ ਰੁਲਦੂ ਖ਼ਾਂ ਦੇ ਜੀਵਨ ਉੱਪਰ ਆਧਾਰਤ ਛਪ ਚੁੱਕਾ ਹੈ, ਜਿਸ ਦਾ ਸਿਰਲੇਖ ਹੈ—'ਮੈਂ ਪਾਕਿਸਤਾਨ ਨਹੀਂ ਜਾਣਾ'। 'ਅੰਨਦਾਤਾ' ਨਾਵਲ ਦਾ ਦੂਜਾ ਭਾਗ ਵੀ ਇਸੇ ਵਰ੍ਹੇ ਆਉਣ ਦੀ ਸੰਭਾਵਨਾ ਹੈ। ਸਾਡੇ ਲਈ ਇਕ ਖ਼ੁਸ਼ਦਾਇਕ ਗੱਲ ਹੈ ਕਿ ਬਲਦੇਵ ਸਿੰਘ ਇਸ ਤੋਂ ਬਾਅਦ ਇਕ ਚੜ੍ਹਦਾ ਨਾਵਲ ਰਚ ਰਿਹਾ ਹੈ। ਸਾਨੂੰ ਕਾਮਨਾ ਕਰਨੀ ਚਾਹੀਦੀ ਹੈ ਕਿ ਉਹ ਇੱਦਾਂ ਹੀ ਲਿਖਦਾ ਰਹੇ, ਜਿਸ ਨਾਲ ਪੰਜਾਬੀ ਸਾਹਿਤ ਹੋਰ ਅਮੀਰ ਹੋਵੇ।

ਬਲਦੇਵ ਸਿੰਘ ਨੂੰ ਸਾਹਿਤ ਪੜ੍ਹਨ ਅਤੇ ਲਿਖਣ ਦਾ ਸ਼ੌਕ ਡੀ. ਐੱਮ ਕਾਲਜ ਵਿੱਚ ਪਿਆ, ਸਾਹਿਤ ਪੜ੍ਹਨ ਦਾ ਵਧੇਰੇ ਸ਼ੌਕ ਰੱਖਦੇ ਸਨ ।ਡੀ.ਐੱਮ ਕਾਲਜ ਵਿੱਚ ਦੋ ਪ੍ਰੋਫੈਸਰਾਂ ਦੇ ਪ੍ਰਭਾਵ ਤੋਂ ਬਹੁਤ ਉਤਸ਼ਾਹਿਤ ਹੋਇਆ ਜਦੋਂ ਉਹ ਦੋਵੇਂ ਪ੍ਰੋਫੈਸਰ ਪੰਜਾਬੀ ਦੇ ਲੈਕਚਰ ਵਿੱਚ ਪੰਜਾਬੀ ਸਾਹਿਤ ਬਾਰੇ ਪੰਜਾਬੀ ਸਾਹਿਤ ਦੀਆਂ ਵੱਖ ਵੱਖ ਸ਼ਖ਼ਸੀਅਤਾਂ ਬਾਰੇ ਚਰਚਾ ਕਰਦੇ ਹੁੰਦੇ ਸਨ ਜਿਸ ਕਰਕੇ ਇਨ੍ਹਾਂ ਦਾ ਵਧੇਰੇ ਤੌਰ ਤੇ ਧਿਆਨ ਸਾਹਿਤ ਨਾਲ ਜੁੜਨ ਲੱਗਾ । ਬਲਦੇਵ ਸਿੰਘ ਨੇ ਕਾਲਜ ਦੀ ਮੈਗਜ਼ੀਨ ਚ ਛਪਣ ਲਈ ਆਪਣੀ ਕਹਾਣੀ ' ਅਧੂਰਾ ਸੁਪਨਾ ' ਤਿਆਰ ਕਰ ਲਈ 1963 ਵਿੱਚ ਬਲਦੇਵ ਸਿੰਘ ਦੀ ਨੌਕਰੀ ਮੁਕਤਸਰ ਵਿੱਚ ਜਦ ਲੱਗੀ ਇੱਥੋਂ ਦੇ ਅਨੁਭਵ ਦੇ ਕੱਚੇ ਰਾਹਾਂ ਤੇ ਬਿਤਾਏ ਦਿਨਾਂ ਬਾਰੇ ਆਪਣੀ ਕਹਾਣੀ ' ਕੱਚਾ ਰਾਹ ਪੱਕੀ ਮਹਿਕ ਲਿਖੀ ।

1965 ਵਿੱਚ ਸ਼ਿਮਲੇ ਦੀ ਨੌਕਰੀ ਦੌਰਾਨ ਦੋ ਕਹਾਣੀਆਂ ਲਿਖੀਆਂ ਇੱਕ "ਕੱਕਰਾਂ ਵਿੱਚ ਲੋਅ ਬੱਲੇ" ਦੂਸਰੀ "ਜੁਨਗੇ ਦੀ ਰੂਹ" ਇਹ ਦੋਵੇਂ ਪ੍ਰੇਮ ਕਹਾਣੀਆਂ ਸਨ। 1984 ਵਿੱਚ ਜਿਹੜਾ ਸੰਤਾਪ ਪੰਜਾਬ ਦੇ ਲੋਕਾਂ ਨੇ ਹੰਢਾਇਆ ਬਲਦੇਵ ਸਿੰਘ ਨੇ ਇੰਨੀ ਦਿਨੀਂ ਜਦ ਕਲਕੱਤੇ ਫਸਿਆ ਸੀ ।ਇਸ ਘਟਨਾ ਦਾ ਵਰਣਨ ਸਾਹਿਤਕ ਸਵੈ ਜੀਵਨੀ ਵਿੱਚ ਕੀਤਾ। ਇਸ ਤਰ੍ਹਾਂ 1984 ਦੇ ਸੰਤਾਪ ਆਧਾਰਤ ਪੰਜਾਬ ਦੀ ਸਮੱਸਿਆ ਨੂੰ ਮੁੱਖ ਰੱਖ ਕੇ ਨਾਟਕ ਸਿਰਜਣਾ ਕੀਤੀ। 'ਪੰਜਾਬ ਦੀ ਆਵਾਜ਼'1991 ਵਿੱਚ ਬਲਦੇਵ ਸਿੰਘ ਦੀ ਪਹਿਲੀ ਨਾਟਕ ਦੀ ਪੁਸਤਕ 'ਸੋਨੇ ਦਾ ਹਿਰਨ' ਤੇ ਵਿੱਚ 'ਦੂਜੀ ਧੀਆਂ ਵਾਲੇ ਪੁੱਤਾਂ ਵਾਲੇ' ਛਪੀ। ਬਲਦੇਵ ਸਿੰਘ ਨੇ ਕੇਵਲ ਧਾਲੀਵਾਲ ਦੇ ਕਹਿਣ ਤੇ ਆਪਣੇ ਨਾਵਲ 'ਲਾਲ ਬੱਤੀ' ਦਾ ਨਾਟਕੀਕਰਨ ਕੀਤਾ ਇਸ ਨਾਵਲ ਨੂੰ ਨਾਟਕੀ ਰੂਪ ਇਸ ਸਿਲਸਿਲਾ ਚੱਲਦਾ ਰਹੇ ਦਾ ਸਿਰਲੇਖ ਰਾਹੀਂ ਕੇਵਲ ਧਾਲੀਵਾਲ ਨੇ ਦਰਸ਼ਕਾਂ ਸਾਹਮਣੇ ਪੇਸ਼ ਕੀਤਾ ਇਸ ਤੋਂ ਬਾਅਦ ਬਲਦੇਵ ਸਿੰਘ ਨੇ ਸੜਕਨਾਮਾ ਦਾ ਨਾਟਕੀਕਰਨ ਕੀਤਾ ਇਹ ਨਾਟਕ ਵੀ ਕੇਵਲ ਧਾਲੀਵਾਲ ਨੇ ਹੀ ਖੇਡਿਆ। ਸੰਨ 1998 ਵਿੱਚ ਬਲਦੇਵ ਸਿੰਘ ਦਾ ਤੀਸਰਾ ਨਾਟਕ ਸੰਗ੍ਰਹਿ 'ਮਿੱਟੀ ਰੁਦਨ ਕਰੇ' ਛਪਿਆ ।ਇਸ ਵਿੱਚ ਛੇ ਨਾਟਕ ਸ਼ਾਮਲ ਹਨ 'ਮਿੱਟੀ ਰੁਦਨ ਕਰੇ 'ਨਾਟਕ ਨੂੰ ਕਾਲਜ ਦੀਆਂ ਨਾਟ ਟੋਲੀਆਂ ਨੇ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਖੇਡਿਆ ਗਿਆ ।

**ਕਹਾਣੀਆਂ:** ਬਲਦੇਵ ਸਿੰਘ ਦਾ ਪਹਿਲਾ ਕਹਾਣੀ ਸੰਗ੍ਰਹਿ 'ਗਿੱਲੀਆਂ ਛਿਟੀਆਂ ਦੀ ਅੱਗ' 1977 ਵਿੱਚ ਪ੍ਰਕਾਸ਼ਿਤ ਹੋਇਆ। ਜਿਸ ਵਿੱਚ ਇਨ੍ਹਾਂ ਦੀ ਮੁੱਢਲੀਆਂ ਕਹਾਣੀਆਂ ਸ਼ਾਮਲ ਹਨ । ਚਿੜੀਆਂ ਖਾਨਾ 1979, ਹਵੇਲੀ ਛਾਵੇਂ ਖੜ੍ਹਾ ਰੱਬ 1982, ਸਵੇਰ ਦੀ ਲੋਅ 1989, ਝੱਖੜ ਤੇ ਪਰਿੰਦੇ 1993, ਮਿੱਟੀ ਰੁਦਨ ਕਰੇ 1998, ਨਾਗਵਲ 1998, ਹਨੇਰੇ ਸਵੇਰੇ 2001, ਦਿਸਹੱਦਿਆਂ ਤੋਂ ਪਾਰ 2005, ਜ਼ਿੰਦਗੀ ਦੇ ਰੰਗ 2006.

**ਨਾਵਲ:** ਦੂਸਰਾ ਹਿਰੋਸ਼ੀ 1977, ਕੱਲਰੀ ਧਰਤੀ 1980, ਸੂਲੀ ਟੰਗੇ ਪਹਿਰ 1986, ਕੱਚੀਆਂ ਕੰਧਾਂ 1991, ਜੀਟੀ ਰੋਡ 1992, ਲਾਲ ਬੱਤੀ 1998, ਕਿਸਾਨੀ ਸੰਕਟ ਆਧਾਰਿਤ 'ਅੰਨਦਾਤਾ' 2002, ਦਲਿਤ ਚੇਤਨਾ ਤੇ ਅਧਾਰਿਤ ਪੰਜਵਾਂ ਸਾਹਿਬਜ਼ਾਦਾ 2005, ਸਤਲੁਜ

ਵਹਿੰਦਾ ਰਿਹਾ 2007, ਢਾਹਵਾਂ ਦਿੱਲੀ ਦੇ ਕਿੰਗਰੇ 2009, ਮਹਾਂਬਲੀ ਸੂਰਾ 2011, ਮੈਂ ਪਾਕਿਸਤਾਨ ਨਹੀਂ ਜਾਣਾ 2012 ਖਾਕੂ ਜੇਠ ਨਾ ਕੋਈ 2013, ਅਫਲਾਤੂ 2014, ਗੰਦਲੇ ਪਾਣੀ 2015, ਸੂਰਜ ਦੀ ਅੱਖ ।

**ਸਵੈ ਜੀਵਨੀਆਂ**: ਹਮ ਹੈਂ ਗਿਆਨਹੀਨ ਅਗਿਆਨੀ 2001 ਅਤੇ ਕੱਚੇ ਰਾਹ ਪੱਕੀ ਮਹਿਕ 2009.

## 1.2 ਨਾਵਲ 'ਇੱਕੀਵੀਂ ਸਦੀ': ਸਮਾਜਿਕ ਪਾਸਾਰ

ਸਾਇੰਸ ਵਿੱਚ ਜੜਤਾ ਦਾ ਨਿਯਮ ਹੈ ਕਿ ਹਰੇਕ ਵਸਤੂ ਆਪਣੀ ਸਥਿਤੀ ਵਿੱਚ ਹੋਣ ਵਾਲੀ ਤਬਦੀਲੀ ਦਾ ਵਿਰੋਧ ਕਰਦੀ ਹੈ। ਬਜ਼ੁਰਗ ਪੀੜੀ ਆਪਣੀ ਉਮਰ ਦਾ ਇੱਕ ਲੰਮਾ ਪੈਂਡਾ ਗੁਜ਼ਾਰ ਚੁੱਕੀ ਹੁੰਦੀ ਹੈ। ਬੀਤੇ ਸਮੇਂ ਵਿੱਚ ਉਹ ਪ੍ਰਚਲਿਤ ਪ੍ਰੰਪਰਾਵਾਂ ਦੇ ਅਨੁਸਾਰ ਢਲੀ ਅਤੇ ਪਲੀ ਹੁੰਦੀ ਹੈ। ਅਗਲੀ ਪੀੜੀ ਵਿੱਚ ਆਏ ਬਦਲਾਅ ਉਨਾਂ•ਨੂੰ ਅਜੀਬ ਅਤੇ ਵਖਰੀਆਂ ਪ੍ਰੰਪਰਾਵਾ ਨਾਲ ਢਲੇ ਹੋਏ ਜਾਪਦੇ ਹਨ। ਉਹ ਇੰਨਾਂ ਤਬਦੀਲੀਆਂ ਦਾ ਵਿਰੋਧ ਕਰਦੇ ਹਨ। ਇਹੀ ਵਿਰੋਧ ਨਵੀਂ ਅਤੇ ਪੁਰਾਣੀ ਪੀੜੀ ਵਿੱਚ ਪਾੜਾ ਵਧਾਉਂਦੇ ਹਨ। ਜੇ ਬੱਚਿਆ ਨੂੰ ਕੋਈ ਸਮਸਿਆ ਹੋਵੇ ਤਾਂ ਉਹਨਾਂ ਨੂੰ ਬੇਝਿਜਕ ਹੋ ਕੇ ਇਸ ਬਾਰੇ ਆਪਣੇ ਮਾਂ ਬਾਪ ਨਾਲ ਗੱਲ ਕਰਨੀ ਚਾਹੀਦੀ ਹੈ। ਬੇਸ਼ਕ ਉਹ ਉਨਾਂ ਦੀ ਉਮਰ ਦੇ ਨਹੀਂ ਹੁੰਦੇ ਪਰ ਉਹ ਇਹ ਉਮਰ ਹੰਡਾ ਚੁੱਕੇ ਹੁੰਦੇ ਹਨ। ਆਪਣੇ ਤਜ਼ਰਬਿਆ ਨਾਲ ਉਹ ਉਪਜਣ ਵਾਲੀ ਔਕੜ ਦਾ ਹਲ ਲਭ ਸਕਦੇ ਹਨ। ਜਿੱਥੇ ਮਾਂ ਬਾਪ ਨੂੰ ਆਪਣੇ ਬੱਚਿਆਂ ਦੀ ਸਥਿਤੀ ਨੂੰ ਸਮਝਣਾ ਜਰੂਰੀ ਹੈ ਉਥੇ ਬੱਚਿਆਂ ਨੂੰ ਵੀ ਉਨਾਂ•ਦੀ ਸਥਿਤੀ, ਜਰੂਰਤਾ ਅਤੇ ਸੋਚ ਦਾ ਨਾਂ ਸਿਰਫ਼ ਧਿਆਨ ਰਖਣਾ ਚਾਹੀਦਾ ਹੈ ਸਗੋਂ ਉਹਨਾਂ ਨੂੰ ਉਚਿੱਤ ਸਨਮਾਨ ਵੀ ਦੇਣਾ ਚਾਹੀਦਾ ਹੈ।ਇਹ ਪੀੜੀ ਦੇ ਅੰਤਰ ਦਾ ਹੀ ਅਸਰ ਹੈ ਕਿ ਭਾਰਤੀ ਪ੍ਰੰਪਰਾਵਾਂ ਅਤੇ ਪੰਜਾਬੀ ਸਭਿਅਤਾ ਦੀ ਗੁਥਲੀ ਸਮਝੀ ਜਾਂਦੀ ਸਾਡੀ ਸੰਯੁਕਤ ਪਰਿਵਾਰ ਪ੍ਰਥਾ ਅੱਜ ਖੇਰੂੰ ਖੇਰੂੰ ਹੁੰਦੀ ਜਾ ਰਹੀ ਹੈ। ਪਰਿਵਾਰ ਟੁੱਟ ਰਹੇ ਹਨ। ਪਰਿਵਾਰ ਸਮਾਜ ਦੀ ਮੁਢਲੀ ਇਕਾਈ ਹੁੰਦਾ ਹੈ। ਪੀੜੀਆਂ ਦੀ ਸੋਚ 'ਚ ਅੰਤਰ ਕਾਰਨ ਏਕੀਰਕ੍ਰਤ ਸਮਾਜ ਟੁੱਟਦਾ ਜਾ ਰਿਹਾ ਹੈ। ਜਿਵੇਂ ਜਿਵੇਂ ਬੱਚੇ ਵੱਡੇ ਹੁੰਦੇ ਹਨ ਪਰਿਵਾਰ ਦੇ ਨਾਲ ਰਿਸ਼ਤੇ ਥੋੜੀ ਜਿਹੀ ਤਬਦੀਲੀ ਆ ਜਾਂਦੀ ਹੈ।

ਵੱਡੀ ਗਿਣਤੀ ਬਜ਼ੁਰਗ ਇੱਕ ਤਰਾਂ ਹੁਣ ਇੱਕਲਤਾ ਦਾ ਸੰਤਾਪ ਹੰਡਾ ਰਹੇ ਹਨ। ਉਹਨਾਂ ਦੀਆਂ ਧੀਆਂ ਹੁਣ ਵਿਆਹੀਆਂ ਜਾ ਚੁੱਕੀਆਂ ਹਨ ਅਤੇ ਉਹ ਸਹੁਰੇ ਘਰ ਆਪਣੇ ਹੀ ਪਰਿਵਾਰ ਵਿਚ ਰੁੱਝੀਆ ਹੋਈਆਂ ਹਨ। ਵੱਡੀ ਗਿਣਤੀ ਬਜ਼ੁਰਗਾਂ ਦੇ ਨੌਜਵਾਨ ਪੁੱਤਰ ਹੁਣ ਵਿਦੇਸ਼ ਜਾ ਚੁੱਕੇ ਹਨ। ਇਹ ਨੌਜਵਾਨ ਜਾਂ ਤਾਂ ਵਿਆਹ ਕਰਵਾਉਣ ਹੀ ਪੰਜਾਬ ਆਉਂਦੇ ਹਨ ਜਾਂ ਫਿਰ ਪਰਵਾਸੀ ਕੂੰਜਾਂ ਤੇ ਹੋਰ ਪੰਛੀਆਂ ਵਾਂਗ ਹਰ ਵਰੇ ਜਾਂ ਵਰਿਆਂ ਮਗਰੋਂ ਹੀ ਵਤਨ ਗੇੜਾ ਮਾਰਦੇ ਹਨ, ਉਹ ਵੀ ਕੁੱਝ ਸਮੇਂ ਲਈ । ਜਿਨਾਂ ਸਮਾਂ ਇਹ ਨੌਜਵਾਨ ਪੁੱਤਰ ਪੰਜਾਬ ਰਹਿੰਦੇ ਹਨ ਤਾਂ ਕਈ ਬਜ਼ੁਰਗਾਂ ਅਨੁਸਾਰ ਅਣਵਿਆਹੇ ਪੁੱਤਰ ਨੂੰ ਉਸਦੇ ਯਾਰ ਦੋਸਤ ਹੀ ਖਹਿੜਾ ਨਹੀਂ ਛੱਡਦੇ, ਰੋਜ ਹੀ ਕਿਤੇ ਨਾ ਕਿਤੇ ਘੁੰਮਣ ਦਾ ਪ੍ਰੋਗਰਾਮ ਬਣ ਜਾਂਦੈ। ਜੇ ਵਿਦੇਸ਼ ਰਹਿੰਦਾ ਪੁੱਤ ਵਿਆਹਿਆ ਹੋਵੇ ਤਾਂ ਉਸ ਨੂੰ ਸਹੁੱਰੇ ਵੀ ਜਾਣਾ ਪੈਂਦਾ ਹੈ। ਬਜ਼ੁਰਗਾਂ ਅਨੁਸਾਰ ਇਹਨਾਂ ਮੁੰਡਿਆਂ ਕੋਲ ਤਾਂ ਆਪਣੇ ਮਾਪਿਆਂ ਕੋਲ ਵੀ ਬੈਠਣ ਦਾ ਸਮਾਂ ਨਹੀਂ ਹੁੰਦਾ । ਜਿਸ ਕਰਕੇ ਬੁੱਢੜੇ ਮਾਪੇ ਵਿਚਾਰੇ ਸਿਵਾਏ ਝੂਰਨ ਦੇ ਕੁੱਝ ਨਹੀਂ ਕਰ ਸਕਦੇ। ਬਜ਼ੁਰਗਾਂ ਦੀ ਇਕ ਹੋਰ ਇੱਕਲਤਾ ਦਾ ਕਾਰਨ ਪਤੀ- ਪਤਨੀ ਦਾ ਬੁਢਾਪੇ ਵਿਚ ਵੱਖ ਹੋਣਾ ਹੈ। ਅਜਿਹਾ ਉਹ ਆਪਣੀ ਮਰਜੀ ਨਾਲ ਨਹੀਂ ਕਰਦੇ, ਸਗੋਂ ਉਹਨਾਂ ਦੇ ਪੁੱਤ ਹੀ ਜਾਇਦਾਦ ਵਾਂਗ ਉਹਨਾਂ ਦੀਆਂ ਵੰਡੀਆਂ ਪਾ ਲੈਂਦੇ ਹਨ। ਸ਼ਹਿਰ ਰਹਿੰਦਾ ਪੁੱਤ ਮਾਂ ਨੂੰ ਨਾਲ ਲੈ ਜਾਂਦਾ ਹੈ ਅਤੇ ਬਾਪੂ ਪਿੰਡ ਰਹਿੰਦੇ ਪੁੱਤ ਕੋਲ ਰਹਿ ਜਾਂਦਾ ਹੈ। ਸ਼ਹਿਰ ਰਹਿੰਦਾ ਪੁੱਤ ਅਤੇ ਉਸਦੀ ਆਧੁਨਿਕ ਖਿਆਲ ਵਾਲੀ ਪਤਨੀ ਇਹ ਸੋਚਕੇ ਵਾਪੂ ਦੀ ਥਾਂ ਬੇਬੇ ਨੂੰ ਲਿਆਂਉਂਦੇ ਹਨ ਕਿ ਉਹ ਘਰ ਦੇ ਕੰਮ ਵੀ ਕਰੇਗੀ, ਪਿੰਡ ਰਹਿੰਦਾ ਪੁੱਤ ਇਸ ਕਰਕੇ ਵਾਪੂ ਨੂੰ ਰੱਖ ਲੈਂਦੈ ਕਿ ਉਹ ਡੰਗਰ ਸਾਂਭ ਲਵੇਗਾ, ਉਹਨਾਂ ਦਾਣਾ ਪੱਠਾ ਪਾ ਦੇਵੇਗਾ। ਇਸ ਤਰਾਂ ਦੋਵਾਂ ਪੁਤਰਾਂ ਦੀ ਆਪੋ ਆਪਣੀ ਗਰਜ ਪੂਰੀ ਹੋ ਜਾਂਦੀ ਹੈ। ਇਸ ਤਰਾਂ ਸਾਰੀ ਉਮਰ ਹੀ ਇਕੱਠੇ ਰਹਿਣ ਵਾਲੇ ਬਜ਼ੁਰਗ ਆਪਣੇ ਬਚਿਆਂ ਖਾਤਰ ਬੁਢਾਪੇ ਵਿਚ ਅੱਡ ਰਹਿਣ ਲਈ ਮਜ਼ਬੂਰ ਹੋ ਜਾਂਦੇ ਹਨ। ਇਹ ਇਕ ਸੱਚਾਈ ਹੈ ਕਿ ਹਮੇਸ਼ਾ ਹੀ ਨੌਜਵਾਨ ਪੀੜੀ ਅਤੇ ਬਜ਼ੁਰਗਾਂ ਵਿਚ ਵਿਚਾਰਾਂ ਦੀ ਸਮਾਨਤਾ ਨਹੀਂ ਰਹੀ ,ਦੋਵਾਂ ਪੀੜੀਆਂ ਦੇ ਵਿਚਾਰਾਂ ਵਿਚ ਅਕਸਰ ਹੀ ਟਕਰਾਉ ਰਹਿੰਦਾ ਹੈ। ਹਰ ਨੌਜਵਾਨ ਹੀ ਸਮਝਦਾ ਹੈ ਕਿ ਉਹ ਠੀਕ ਹੈ ਪਰ ਬਜ਼ੁਰਗ ਆਪਣੀ ਥਾਂ ਠੀਕ ਹੁੰਦੇ ਹਨ। ਉਹਨਾਂ ਦੀ ਪੁੱਤ ਗਲ ਹੀ ਨਹੀਂ ਸੁਣਦੇ। ਸਮਾਜ ਵਿੱਚ ਰਹਿੰਦਿਆਂ ਅਸੀਂ ਦੇਖਦੇ ਹਾਂ ਕਿ ਹਰ ਮਾਂ ਬਾਪ ਆਪਣੀ ਜ਼ਿੰਦਗੀ ਆਪਣੇ ਧੀਆਂ ਪੁੱਤਾਂ ਦੇ ਲੇਖੇ ਲਾ ਦਿੰਦੇ ਹਨ। ਸਾਰੀ ਉਮਰ ਆਪਣੇ ਬੱਚਿਆਂ ਲਈ ਹੀ ਕਮਾਉਂਦੇ ਹਨ, ਕਿ ਸਾਡੇ ਬੱਚਿਆਂ ਨੂੰ ਕਿਸੇ ਗੱਲ ਦੀ ਕਮੀ ਨਾ ਆਵੇ ਅਤੇ ਆਪਣੇ ਜੀਵਨ ਨੂੰ ਸੁਚੱਜੇ ਢੰਗ ਨਾਲ ਜੀਅ ਸਕਣ । ਮਾਂ ਬਾਪ ਹੱਡ ਭੰਨ੍ਹਵੀਂ ਮਿਹਨਤ ਕਰਕੇ ਵੀ ਆਪਣੇ ਬੱਚਿਆਂ ਨੂੰ ਰੋਟੀ ਦਿੰਦੇ ਹਨ ।ਬੱਚਿਆਂ ਦੇ ਭਵਿੱਖ ਨੂੰ ਸੁਨਹਿਰਾ ਬਣਾਉਣ ਦੇ ਲਈ ਮਾਂ ਬਾਪ ਜ਼ਿੰਦਗੀ ਦੇ ਹਰ ਔਖੇ ਸੌਖੇ ਪੜਾਅ ਵਿੱਚੋਂ ਲੰਘ ਕੇ ਉਨ੍ਹਾਂ ਨੂੰ ਖੁਸ਼ੀਆਂ ਦਿੰਦੇ ਹਨ ।ਸਾਰੀ ਉਮਰ ਇਨ੍ਹਾਂ ਕੰਮਾਂ ਕਾਰਾਂ ਦੇ ਚੱਕਰਾਂ ਵਿੱਚ ਹੀ ਉਹ ਆਪਸ ਵਿਚ ਮਿਲ ਕੇ ਵੀ ਨਹੀਂ ਬੈਠ ਸਕਦੇ ।ਇਕ ਪਤੀ ਆਪਣੀ ਪਤਨੀ ਤੋਂ ਦੂਰ ਰਹਿ ਕੇ ਸਾਰਾ ਸਾਰਾ ਦਿਨ ਕੰਮ ਕਰਦਾ ।ਬੱਚਿਆਂ ਨੂੰ ਸੁੱਖ ਦੇਣ ਦੀ ਖ਼ਾਤਰ ਉਹ ਆਪਣੀ ਪਤਨੀ ਨੂੰ ਵੀ ਕਈ ਵਾਰ ਖੁਸ਼ ਨਹੀਂ ਰੱਖ ਸਕਦਾ ।ਪਰ ਜਿਨ੍ਹਾਂ ਧੀਆਂ ਪੁੱਤਰਾਂ ਦੇ ਲਈ ਉਹ ਇਨ੍ਹਾਂ ਕਮਾਉਂਦਾ ਹੈ ਅੰਤ ਵਿੱਚ ਉਸ ਨੂੰ ਇਕੱਲਤਾ ਦਾ ਹੀ ਸ਼ਿਕਾਰ ਹੋਣਾ ਪੈਂਦਾ ।ਨਾਵਲਕਾਰ ਨੇ ਇਸ ਨਾਵਲ ਵਿੱਚ ਵੀ ਅਜਿਹੇ ਦ੍ਰਿਸ਼ ਦੀ ਸਿਰਜਣਾ ਕੀਤੀ ਹੈ;

> "ਮੈਂ ਆਪਣੀ ਹਰ ਖੁਸ਼ੀ ਬੱਚਿਆਂ ਲਈ ਦਾਅ ਤੇ ਲਾਈ ਰੱਖੀ। ਨਾ ਆਪਣਾ ਸੁੱਖ ਵੇਖਿਆ ਨਾ ਪਤਨੀ ਨੂੰ ਸੁੱਖ ਦਿੱਤਾ, ਕੀ ਇਹੀ ਜੀਵਨ ਜਾਂ ਅੱਜ ਦੇ ਇਸ ਆਪਾ ਧਾਪੀ ਤੇ ਦਿਨੋਂ ਦਿਨ ਇਕੱਲੇ ਹੁੰਦੇ ਜਾ ਰਹੇ ਮਨੁੱਖ ਦੀ ਇਹੀ ਹੋਣੀ ਹੈ।"

ਨਾਵਲੀ ਬਿਰਤਾਂਤ ਤੋਂ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਮਾਂ ਬਾਪ ਆਪਣੇ ਬੱਚਿਆਂ ਦੀ ਖ਼ਾਤਰ ਆਪਣੀ ਜ਼ਿੰਦਗੀ ਦਾਅ ਤੇ ਲਾ ਰੱਖਦਾ। ਹਰ ਦੁੱਖ ਸੁੱਖ ਭੋਗ ਕੇ ਸੰਤਾਨ ਦੀਆਂ ਰੀਝਾਂ ਨੂੰ ਪੁਗਾਉਂਦਾ ਹੈ ਸਾਰੀ ਉਮਰ ਉਸਦੀ ਦੁੱਖਾਂ ਵਿੱਚ ਹੀ ਲੰਘ ਜਾਂਦੀ ਹੈ। ਆਪ ਸੁੱਖ ਨਹੀਂ ਮਾਣਦਾ ਸਗੋਂ ਆਪਣੀ ਔਲਾਦ ਨੂੰ ਸੁੱਖ ਪ੍ਰਾਪਤ ਕਰਵਾਉਂਦਾ ਹੈ। ਪਰ ਅੰਤ ਵਿੱਚ ਉਸ ਨੂੰ ਇਕੱਲਤਾ ਦਾ ਸੰਤਾਪ ਝੱਲਣਾ ਪੈਂਦਾ ਹੈ।

> ਇਕੱਲੇ ਈ ਆਏ ਓ....? ਮੇਰਾ ਮਤਲਬ ਐ, ਕੋਈ ਪੁੱਤਰ ਪੋਤਰਾ ਇੱਥੇ ਛੱਡ ਕੇ ਮੁੜ ਗਿਆ ਜੇ?'
>
> ਕੱਲਾ ਈ ਆਇਐ।"

ਨਾਵਲ ਵਿੱਚ ਵੀ ਨਾਵਲਕਾਰ ਵਜੋਂ ਜੋ ਦ੍ਰਿਸ਼ ਦੀ ਸਿਰਜਣਾ ਕੀਤੀ ਗਈ ਹੈ, ਉਸ ਵਿੱਚ ਵੀ ਇਕੱਲਤਾ ਦੇ ਭਾਵ ਪੇਸ਼ ਹੋ ਰਹੇ ਹਨ। ਇਸ ਵਿੱਚ ਇਹ ਹੈ ਹੀ ਜਦੋਂ ਬਜ਼ੁਰਗ ਬਿਰਧ ਆਸ਼ਰਮ ਪੁੱਜਦਾ ਹੈ ਤਾਂ ਉਸ ਨੂੰ ਅੱਗੋਂ ਪੁੱਛਿਆ ਜਾਂਦਾ ਹੈ ਇਕੱਲਾ ਹੀ ਆਇਆ ਹੈ ?ਅੱਗੋਂ ਇਕੱਲਤਾ ਦਾ ਸੰਤਾਪ ਭੋਗਦਾ ਹੋਇਆ ਬਜ਼ੁਰਗ ਦੁਖੀ ਹਿਰਦੇ ਨਾਲ ਆਖ ਰਿਹਾ ਹੈ।ਕੱਲਾ ਈ ਆਇਆ ।ਜਿਸ ਵਿੱਚ ਅਸੀਂ ਇਹ ਦੇਖ ਸਕਦੇ ਹਾਂ ਕਿ ਕਿਵੇਂ ਬਜ਼ੁਰਗ ਮਾਂ ਬਾਪ ਦਾ ਸਤਿਕਾਰ ਜਦ ਘਰਾਂ ਵਿੱਚ ਘਟਣ ਲੱਗਦਾ ਹੈ। ਉਸ ਨੂੰ ਘਰਾਂ ਵਿੱਚ ਬੋਝ ਸਮਝਿਆ ਜਾਂਦਾ ਹੈ।

> "ਬਿਰਧ ਔਰਤਾਂ ਬਾਹਰ ਬੈਠੀਆਂ ਹੋਈਆਂ ਸਨ। ਕੁਝ ਔਰਤਾਂ ਇਕੱਲੀਆਂ ਇਕੱਲੀਆਂ ਵੀ ਸਨ, ਉਦਾਸ ਦੂਰ ਖਾਲੀ ਖਾਲੀ ਅੱਖਾਂ ਨਾਲ ਝਾਕਦੀਆਂ

ਨਾਵਲਕਾਰ ਵੱਲੋਂ ਜੋ ਬਿਰਧ ਆਸ਼ਰਮ ਦਾ ਦ੍ਰਿਸ਼ ਪੇਸ਼ ਕੀਤਾ ਗਿਆ ਹੈ। ਉਸ ਵਿੱਚ ਵੀ ਇਕੱਲਤਾ ਦੇ ਹਾਵ ਭਾਵ ਪੇਸ਼ ਹੋ ਰਹੇ ਹਨ। ਕਿਵੇਂ ਬਜ਼ੁਰਗ ਔਰਤਾਂ ਘਰੋਂ ਇਕੱਲਤਾ ਦਾ ਸ਼ਿਕਾਰ ਹੋ ਕੇ ਦੂਰ ਆ ਕੇ ਇਨ੍ਹਾਂ ਆਸ਼ਰਮਾਂ ਵਿਚ ਬੈਠੀਆਂ।ਜਿਨ੍ਹਾਂ ਦੇ ਚਿਹਰਿਆਂ ਤੇ ਉਦਾਸੀ ਦੇ ਭਾਵ ਨਜ਼ਰ ਆ ਰਹੇ ਸਨ।

> ਏਥੇ ਹੁਣ ਕਿਹੜਾ ਕੋਈ ਜ਼ਿੰਮੇਵਾਰੀ ਐ।ਨਾ ਕੋਈ ਪੁੱਛਣ ਵਾਲਾ, ਨਾ ਕੋਈ ਦੱਸਣ ਵਾਲਾ।ਵਕਤ ਹੀ ਵਕਤ ਐ।' ਮੈਂ ਜਾਣਨਾ ਚਾਹੁੰਦਾ ਸੀ, ਸਾਰੇ ਹੀ ਮੇਰੇ ਵਾਂਗੂੰ ਹੋ ਗਏ ਹਨ ਜਾਂ ਘਰਾਂ 'ਚ ਹੋਰ ਵੀ ਕਾਰਨ ਨੇ।

ਨਾਵਲ ਵਿੱਚ ਦੇਖਣ ਨੂੰ ਮਿਲ ਰਿਹਾ ਹੈ ਕਿ ਜਿਸ ਆਸ਼ਰਮ ਵਿੱਚ ਬਜ਼ੁਰਗ ਬੈਠੇ ਹਨ। ਉੱਥੇ ਉਨ੍ਹਾਂ ਦੀ ਕੋਈ ਬਹੁਤੀ ਦੇਖਭਾਲ ਨਹੀਂ ਹੋ ਰਹੀ ਨਾ ਹੀ ਉਨ੍ਹਾਂ ਦੇ ਧੀਆਂ ਪੁੱਤਰ ਉਨ੍ਹਾਂ ਨੂੰ ਕਦੇ ਪੁੱਛਣ ਆਉਂਦੇ ਹੈ।ਭਾਵ ਕਿ ਉਹ ਆਪਣੇ ਆਪ ਨੂੰ ਇਕੱਲਾ ਹੀ ਮਹਿਸੂਸ ਕਰਦੇ ਹਨ ਆਖਦੇ ਹਨ ਸਾਡਾ ਵਕਤ ਹੀ ਹੈ ਸਾਡੇ ਨਾਲ ਇਸ ਤੋਂ ਸਿਵਾਏ ਕੁਝ ਵੀ ਨਹੀਂ। ਇਸ ਇਕੱਲਤਾ ਦਾ ਇਕ ਹੀ ਕਾਰਨ ਨਹੀਂ ਸਗੋਂ ਹਰੇਕ ਘਰ ਦੇ ਹਰੇਕ ਬਜ਼ੁਰਗ ਦੇ ਧੀਆਂ ਪੁੱਤਾਂ ਵੱਲੋਂ ਵੱਖ ਵੱਖ ਕਾਰਨ ਹੁੰਦੇ ਨੇ। ਜਿਸ ਸਦਕਾ ਉਨ੍ਹਾਂ ਨੂੰ ਇਨ੍ਹਾਂ ਆਸ਼ਰਮਾਂ ਵਿੱਚ ਆ ਕੇ ਇਕੱਲਤਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਸਾਨੂੰ ਰਿਸ਼ਤਿਆਂ ਵਿੱਚ ਪਿਆਰ ਕਾਇਮ ਰੱਖਣ ਲਈ ਆਪਣਿਆਂ ਬੱਚਿਆਂ/ਮਾਪਿਆਂ ਦੀਆਂ ਭਾਵਨਾਵਾਂ (ਲੋੜਾਂ ਅਤੇ ਸੋਚਾਂ) ਦਾ ਧਿਆਨ ਰੱਖਦਿਆਂ ਹਰ ਗੱਲ ਤੇ ਆਪਸ ਵਿੱਚ ਮਿਲ ਬੈਠ ਕੇ ਵਿਚਾਰ ਕਰਨੀ ਚਾਹੀਦੀ ਹੈ, ਕਿਸੇ ਦੀ ਗੱਲ ਨੂੰ ਵੱਡਿਆਂ ਜਾਂ ਛੋਟਿਆਂ ਦੀ ਇੱਜਤ ਦਾ ਸਵਾਲ ਬਣਾਉਣ ਜਾਂ ਦੂਜੇ ਦੀ ਜ਼ਿੰਦਗੀ ਵਿੱਚ ਰੁਕਾਵਟ ਪਾਉਣ ਦੀ ਥਾਂ ਸਹਿਯੋਗ ਦੇਣਾ ਚਾਹੀਦਾ।

> "ਮਾਸਟਰ ਬੋਲਿਆ ਇਹਦੀ ਮਾਂ ਨੇ, ਇਹਦਾ ਨਾਂ ਰੱਖਿਆ ਸੀ, ਰਾਜ ਰਾਣੀ। ਨਾ ਰਾਜ਼ ਮਿਲਿਆ ਨਾ ਰਾਣੀ ਰਹੀ।ਆਹ ਪਈ ਐ।"ਤਾਂ ਹੀ ਕਹਿਣਾ ਪੈਂਦਾ, ਬਈ ਤੇਰੇ ਨਾਲੋਂ ਤਾਂ ਮੌਤ ਹੀ ਚੰਗੀ ਐ।"
>
> ਇਹਦਾ ਹੈਨੀ ਕੋਈ, ਪੁੱਤ ਧੀ, ਰਿਸ਼ਤੇਦਾਰ ...?'

ਨਾਵਲ ਵਿੱਚ ਪੇਸ਼ ਹੋਏ ਇਕੱਲਤਾ ਦੇ ਹੀ ਭਾਵ ਸਪੱਸ਼ਟ ਕਰਦੇ ਹਨ ਕਿ ਕਈ ਵਾਰ ਵਿਅਕਤੀ ਦਾ ਨਾਮ ਤਾਂ ਰਾਜਿਆਂ ਮਹਾਰਾਜਿਆਂ ਵਰਗਾ ਹੁੰਦਾ ਹੈ ਪਰ ਸਮੇਂ ਦੀ ਮਾੜੀ ਤਕਦੀਰ ਅੱਗੇ ਕਈ ਵਾਰ ਨਾ ਉਸ ਨੂੰ ਉਹ ਰਾਜ ਮਿਲਦਾ ਨਾ ਹੀ ਪਿਆਰ ਮਿਲਦਾ। ਸਿਰਫ਼ ਦੁੱਖ ਹੀ ਭੋਗਣੇ ਪੈਂਦੇ ਹਨ ਕਿਸੇ ਵੀ ਧੀਆਂ ਪੁੱਤਰਾਂ ਵੱਲੋਂ ਉਸ ਨੂੰ ਰਾਜ ਨਹੀਂ ਕਰਵਾਇਆ ਜਾਂਦਾ। ਸਗੋਂ ਬਿਰਧ ਆਸ਼ਰਮਾਂ ਦੀਆਂ ਇੱਟਾਂ ਗਿਣਦੇ ਇਕੱਲਤਾਦਾ ਹੀ ਸੰਤਾਪ ਭੋਗਣਾ ਪੈਂਦਾ ਹੈ।ਜ਼ਿੰਦਗੀ ਦੇ ਵਿੱਚ ਇੱਕ ਮੌਕਾ ਅਜਿਹਾ ਜ਼ਰੂਰ ਆਉਂਦਾ ਜਦੋਂ ਤੁਸੀਂ ਥਕਾਨ ਮਹਿਸੂਸ ਕਰਨ ਲੱਗਦੇ ਉ। ਜਵਾਨੀ ਤੁਹਾਨੂੰ ਬੀਤ ਗਏ ਵੇਲੇ ਦੀਆਂ ਗੱਲਾਂ ਲੱਗਦੀ ਏ ਤੇ ਸੀ ਤੁਹਾਨੂੰ ਚੰਗੀ ਲੱਗਣ ਲੱਗ ਪੈਂਦੀ ਏ। ਦਿਲ ਕਰਦਾ ਕਿ ਸਭ ਛੱਡ ਦਿੱਤਾ ਜਾਵੇ ਤੇ ਇੱਕ ਲੰਬਾ ਸਾਹ ਲਿਆ ਜਾਵੇ...ਨਾਵਲਕਾਰ ਵੱਲੋਂ ਹੇਠਲੇ ਵਾਰਤਾਲਾਪ ਵਿੱਚ ਜੋ ਦ੍ਰਿਸ਼ ਸਿਰਜਿਆ ਹੈ। ਉਸ ਵਿੱਚ ਵੀ ਕੁਝ ਅਜਿਹਾ ਹੀ ਮਹਿਸੂਸ ਹੋ ਰਿਹਾ ਹੈ।

> "ਸਰਦਾਰ ਹੈਰਾਨ ਹੋ ਕੇ ਮੇਰੇ ਵੱਲ ਵੇਖਣ ਲੱਗਾ।ਬੋਲਿਆ: ਦੇਖੋ ਜੀ, ਆਪਾਂ ਜੇ ਇੱਥੇ ਆ ਗਏ ਹਾਂ ਤਾਂ ਫਿਰ ਪਿੱਛੋਂ ਕਿੱਥੋਂ ਆਏ ਆਂ, ਉਹ ਬੂਹਾ ਤਾਂ ਬੰਦ ਕਰਨਾ ਪਵੇਗਾ, ਜੇ ਸੁਖ- ਚੈਨ ਨਾਲ ਚਾਰ ਦਿਹਾੜੇ ਜੀਣਾ ਹੈ ਤਾਂ।ਮੈਂ ਆਪਣਾ ਇੰਨਾ ਵੱਡਾ ਕਾਰੋਬਾਰ ਛੱਡ ਕੇ ਆ ਬੈਠਾ ਤੇ ਪਿਛਲਾ ਸੰਬੰਧ ਮੁਕੰਮਲ ਤੌਰ ਤੇ ਤੋੜ ਆਇਆ ਹਾਂ।"

ਉਪਰੋਕਤ ਵਾਰਤਾਲਾਪ ਵਿੱਚ ਜੋ ਪੇਸ਼ਕਾਰੀ ਹੋਈ ਹੈ। ਜਿਸ ਵਿਚ ਇਹ ਦਰਸਾਇਆ ਗਿਆ ਹੈ ਕਿ ਜੋ ਬਜ਼ੁਰਗ ਬਿਰਧ ਆਸ਼ਰਮ ਵਿੱਚ ਆਪਸ ਵਿਚ ਇਕ ਦੂਸਰੇ ਨਾਲ ਗੱਲਾਂ ਕਰ ਇਹ ਹਨ ਉਨ੍ਹਾਂ ਦੇ ਬੋਲਾਂ ਵਿੱਚੋਂ ਵੀ ਇਕੱਲਤਾ ਭਾਵਨਾ ਸਪਸ਼ਟ ਹੋ ਰਹੀ ਹੈ। ਜੋ ਪਰਿਵਾਰ ਦੇ ਦੁੱਖਾਂ ਸੁੱਖਾਂ ਨੂੰ ਤਿਆਗ ਕੇ ਮੋਹ ਦੀਆਂ ਤੰਦਾਂ ਨੂੰ ਛੱਡ ਕੇ ਆਸ਼ਰਮ ਨੂੰ ਹੀ ਆਪਣਾ ਸੱਚਾ ਘਰ ਮੰਨ ਰਹੇ ਹਨ:-

> "ਬਣਨਾ ਕੀ ਹੈ ਉਹ ਵਿਅੰਗ ਨਾਲ ਹੱਸਿਆ ਬਿਰਧ ਘਰ ਹੋਰ ਖੁੱਲ੍ਹ ਜਾਣਗੇ ਬੰਦਾ ਹੁਣ ਨਾਲੋਂ ਵੀ ਵੱਧ ਇਕੱਲਾ ਹੋ ਜਾਵੇਗਾ ।ਉਹ ਚੁੱਪ ਹੋ ਗਿਆ ਉਸਦੇ ਚਿਹਰੇ ਤੇ ਉਦਾਸੀ ਵਾਂਗ ਹੀ ਮਾਹੌਲ ਕੁਝ ਬੋਝਲ ਹੋ ਗਏ।"

ਜਿਵੇਂ ਕਿ ਨਿੱਤ ਦਿਹਾੜੇ ਵੱਖੋ ਵੱਖਰੇ ਘਰਾਂ ਚੋਂ ਆਪਣੇ ਧੀਆਂ ਪੁੱਤਰਾਂ ਤੋਂ ਦੁਖੀ ਹੋ ਕੇ ਬਜ਼ੁਰਗ ਬਿਰਧ ਆਸ਼ਰਮ ਪਹੁੰਚ ਰਹੇ ਹਨ ।ਇਸ ਤਰ੍ਹਾਂ ਲੱਗ ਰਿਹਾ ਹੈ ਕਿ ਬਿਰਧ ਆਸ਼ਰਮਾਂ ਦੀ ਸਾਡੇ ਸਮਾਜ ਵਿੱਚ ਕੋਈ ਘਾਟ ਨਹੀਂ ਰਹੇਗੀ । ਚਾਰ ਪੈਰ ਤੁਰਨ ਤੋਂ ਬਾਅਦ ਸਾਨੂੰ ਸੜਕਾਂ ਦੇ ਕਿਨਾਰੇ ਬਿਰਧ ਆਸ਼ਰਮ ਹੀ ਨਜ਼ਰ ਆਉਣਗੇ। ਜਿਵੇਂ ਕਿ ਉਪਰੋਕਤ ਲਏ ਵਾਰਤਾਲਾਪ ਵਿੱਚ ਵੀ ਕੁਝ ਇਹੋ ਜਿਹਾ ਮਾਹੌਲ ਹੀ ਵੇਖਣ ਨੂੰ ਮਿਲ ਰਿਹਾ ਹੈ।

ਲੋਕਾਂ ਵਿੱਚ ਅੱਜਕੱਲ੍ਹ ਮਤਲਬਪ੍ਰਸਤੀ ਦਿਨੋਂ ਦਿਨ ਵਧ ਰਹੀ ਹੈ। ਕਿਉਂਕਿ ਹਰ ਮਨੁੱਖ ਆਪਣੇ ਮਤਲਬ ਲਈ ਇੱਕ ਦੂਜੇ ਲਈ ਮਤਲਬ ਰੱਖਣ ਲੱਗ ਪਿਆ ਹੈ। ਜਦੋਂ ਦਾ ਮਤਲਬ ਨਿਕਲ ਜਾਵੇ ਮੈਂ ਕੌਣ ਜੇਤੂ ਕੌਣ ਭਾਈ ਕਹਿ ਕੇ ਚਲਦੇ ਬਣਦੇ ਹਨ। ਲੋਕ ਇੰਨੇ ਮਤਲਬਪ੍ਰਸਤ ਹੋ ਚੁੱਕੇ ਹਨ ਕਿ ਅੱਜਕੱਲ੍ਹ ਆਪਣੇ ਪਰਾਏ ਵਿੱਚ ਕੋਈ ਫ਼ਰਕ ਨਹੀਂ ਰਹਿ ਗਿਆ । ਮਤਲਬੀ ਲੋਕ ਆਪਣੇ ਕੰਮ ਲਈ ਦੂਜੇ ਮਨੁੱਖ ਦੇ ਅੱਗੇ ਪਿੱਛੇ ਘੁੰਮਦੇ ਹਨ। ਪੈਸਾ ਕਮਾਉਣ ਦੀ ਇਸ ਅੰਨ੍ਹੀ ਦੌੜ ਵਿੱਚ ਅੱਜ ਦਾ ਮਨੁੱਖ ਇੰਨਾ ਮਤਲਬੀ ਹੋ ਗਿਆ ਹੈ ਕਿ ਉਹ ਕਿਸੇ ਦੀ ਪਰਵਾਹ ਨਹੀਂ ਕਰ ਰਿਹਾ ਤੇ ਆਪਣੇ ਸਵਾਰਥ ਵਿਚ ਤੁਰਿਆ ਫਿਰਦਾ ਹੈ। ਜਦੋਂ ਮਤਲਬ ਨਿਕਲ ਜਾਂਦਾ ਹੈ ਤੇ ਫਿਰ ਉਹਦੀ ਬਾਤ ਨੀ ਪੁੱਛਦੇ। ਅੱਜਕੱਲ੍ਹ ਨੇ ਨੇਤਾਵਾਂ ਜਾਂ ਲੀਡਰਾਂ ਨੂੰ ਹੀ ਦੇਖ ਲਵੋ । ਵੋਟਾਂ ਦੇ ਦਿਨਾਂ ਵਿਚ ਤਾਂ ਲੋਕਾਂ ਦੇ ਪੈਰੀਂ ਪੈਂਦੇ ਅਤੇ ਘਰ ਘਰ ਘੁੰਮਦੇ ਫਿਰਦੇ ਹਨ। ਪਰ ਜਦੋਂ ਵੋਟਾਂ ਤੋਂ ਬਾਅਦ ਆਪਣੀ ਕੁਰਸੀ ਹਾਸਿਲ ਕਰ ਲੈਂਦੇ ਹਨ ਤਾਂ ਜਨਤਾ ਦੀ ਬਾਤ ਨਹੀਂ ਪੁੱਛਦੇ। ਇਸ ਨਾਵਲ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਲੋਕ ਮਤਲਬਪ੍ਰਸਤ ਆਪਣੇ ਮਤਲਬ ਲਈ ਭੋਲੇ ਭਾਲੇ ਅਤੇ ਮਾਸੂਮ ਲੋਕਾਂ , ਦੂਸਰੇ ਲੋਕਾਂ ਨੂੰ ਗੁਮਰਾਹ ਤੇ ਪ੍ਰੇਸ਼ਾਨ ਕਰ ਰਹੇ ਹਨ। ਇਸੇ ਤਰ੍ਹਾਂ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨੇ ਆਪਣੇ ਨਾਵਲ ਇੱਕੀਵੀਂ ਸਦੀ ਵਿੱਚ ਮਤਲਬਪ੍ਰਸਤੀ ਉੱਪਰ ਝਾਤ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਜਿਵੇਂ ਜਿਵੇਂ ਸਮਾਂ ਬਦਲ ਰਿਹਾ ਹੈ ਉਵੇਂ ਓਵੇਂ ਰਿਸ਼ਤਿਆਂ ਦਾ ਨਿਘਾਰ ਘਟਦਾ ਹੀ ਜਾ ਰਿਹਾ ਹੈ। ਪਰਿਵਾਰ ਵਿਚਲੀਆਂ ਆਪਸੀ ਪਿਆਰ ਦੀਆਂ ਤੰਦਾਂ ਟੁੱਟ ਰਹੀਆਂ ਹਨ। ਪਹਿਲਾਂ ਘਰਾਂ ਪਰਿਵਾਰਾਂ ਵਿੱਚ ਘਰ ਦੇ ਸਾਰੇ ਜੀਅ ਰਲ ਮਿਲ ਕੇ ਬਹਿੰਦੇ ਸਨ ।ਮਾਪਿਆਂ ਦਾ ਸਤਿਕਾਰ ਕੀਤਾ ਜਾਂਦਾ ਸੀ ਪਰ ਅੱਜ ਪਰਿਵਾਰਾਂ ਵਿਚ ਮਾਂ-ਬਾਪ ਦਾ ਜੋ ਹਾਲ ਹੈ, ਉਹ ਕੋਈ ਲੁਕਿਆ ਛਿਪਿਆ ਨਹੀਂ। ਹੁਣ ਤਾਂ ਮਾਂ-ਬਾਪ ਬੱਚਿਆਂ ਦੀ ਪੜ੍ਹਾਈ ਪੂਰੀ ਹੋਣ ਤਕ ਚਾਹੀਦੇ ਹਨ, ਫਿਰ ਤੂੰ ਕੌਣ ਤੇ ਮੈਂ ਕੌਣ! ਬਹੁਤੇ ਮਾਂ-ਬਾਪ ਤਾਂ ਡਾਢੇ ਔਖੇ ਹਨ ਅਤੇ ਬੇਬਸੀ ਦੇ ਮਾਰੇ ਡਰਦੇ। ਨਾਵਲਕਾਰ ਹੇਠ ਲਿਖੇ ਵਾਰਤਾਲਾਪ ਵਿੱਚ ਵੀ ਅਜਿਹੇ ਦ੍ਰਿਸ਼ ਦੀ ਸਿਰਜਣਾ ਕੀਤੀ ਹੈ ।ਜਿਸ ਵਿੱਚ ਮਾਪਿਆਂ ਅਤੇ ਬੱਚਿਆਂ ਦਾ ਪਿਆਰ ਨਜ਼ਰ ਨਹੀਂ ਆ ਰਿਹਾ।

> "ਹੁਣ ਸਵੇਰੇ ਉੱਠ ਕੇ ਬੱਚਿਆਂ ਵਿੱਚ ਮਾਪਿਆਂ ਤੋਂ ਆਸ਼ੀਰਵਾਦ ਲੈਣ ਦੀ ਲਾਲਸਾ ਤਾਂ ਕਦੋਂ ਦੀ ਦਮ ਤੋੜ ਚੁੱਕੀ ਹੈ। ਹੁਣ ਤਾਂ ਪੈਰਾਂ ਨੂੰ ਲਾਉਣ ਵਾਲੇ ਹੱਥ ਮਾਂ ਪਿਓ ਦੀਆਂ ਧੌਣਾਂ ਤੱਕ ਪੁੱਜ ਗਏ ਹਨ ।ਆਪਣਾ ਢਿੱਡ ਬੰਨ੍ਹ ਕੇ ਪੈਸਾ ਪੈਸਾ ਕਰਕੇ ਜੋੜੀ ਪੂੰਜੀ ਅਲੱਥ ਪੁੱਤਾਂ ਵੱਲੋਂ ਨਸ਼ਿਆਂ ਦੇ ਲੇਖੇ ਲਾਈ ਜਾ ਰਹੀ ।"

ਮਾਪਿਆਂ ਅਤੇ ਬੱਚਿਆਂ ਦਾ ਪਿਆਰ ਨਜ਼ਰ ਨਹੀਂ ਆ ਰਿਹਾ। ਅੱਜ ਪਰਿਵਾਰਾਂ ਵਿਚ ਮਾਂ-ਬਾਪ ਦਾ ਜੋ ਹਾਲ ਹੈ, ਉਹ ਕੋਈ ਲੁਕਿਆ ਛਿਪਿਆ ਨਹੀਂ। ਹੁਣ ਤਾਂ ਮਾਂ-ਬਾਪ ਬੱਚਿਆਂ ਦੀ ਪੜ੍ਹਾਈ ਪੂਰੀ ਹੋਣ ਤਕ ਚਾਹੀਦੇ ਹਨ, ਫਿਰ ਤੂੰ ਕੌਣ ਤੇ ਮੈਂ ਕੌਣ! ਬਹੁਤੇ ਮਾਂ-ਬਾਪ ਤਾਂ ਡਾਢੇ ਔਖੇ ਹਨ ਅਤੇ ਬੇਬਸੀ ਦੇ ਮਾਰੇ ਡਰਦੇ ।

> ਫਰੀਦਾ ਬਾਰ ਪਰਾਇਐ ਬੈਸਣਾ ਸਾਈਂ ਮੁਝੈ ਨ ਦੇਹ॥
>
> ਜੇ ਤੂੰ ਏਵੈ ਰਖਸੀ ਜੀਉ ਸਰੀਰਹੁ ਲੇਹ॥

ਉਹ ਮਾਂ-ਬਾਪ, ਜੋ ਤਿਲ ਤਿਲ ਜੋੜ ਕੇ ਘਰ, ਜਮੀਨਾਂ, ਜਾਇਦਾਦ ਤੇ ਹੋਰ ਬਹੁਤ ਸਾਰੇ ਸੁੱਖ ਸਾਧਨ ਬੱਚਿਆਂ ਨੂੰ ਮੁਹੱਈਆ ਕਰਵਾਉਂਦੇ ਹਨ ਅਤੇ ਬੱਚਿਆਂ ਨੂੰ ਪ੍ਰਵਾਨ ਚੜ੍ਹਾਉਣ ਤਕ ਟਿਕ ਕੇ ਨਹੀਂ ਬੈਠਦੇ ਤੇ ਨਾ ਹੀ ਸੁਖ ਦਾ ਸਾਹ ਲੈਂਦੇ ਹਨ, ਉਹੀ ਮਾਪੇ ਜਦ ਬੁਢਾਪੇ ਵਿਚ ਪ੍ਰਵੇਸ਼ ਕਰਦੇ ਹਨ, ਉਨ੍ਹਾਂ ਦੇ ਸਰੀਰ ਜਵਾਬ ਦੇ ਜਾਂਦੇ ਹਨ। ਉਨ੍ਹਾਂ ਦੇ ਜੰਮੇ ਜਾਏ ਵੀ ਉਨ੍ਹਾਂ ਨੂੰ ਧੱਕੇ ਮਾਰ ਕੇ ਘਰੋਂ ਕੱਢ ਦਿੰਦੇ ਹਨ ਜਾਂ ਬਿਰਧ ਆਸ਼ਰਮ ਵਿਚ ਛੱਡ ਆਉਂਦੇ ਹਨ, ਤਾਂ ਉਹ ਮਾਪੇ ਜਿਉਂਦੇ ਜੀਅ ਹੀ ਮਰ ਮੁਕ ਜਾਂਦੇ ਹਨ।

> "ਮੱਝ ਜਦੋਂ ਦੁੱਧ ਦੇਣੋਂ ਭੱਜ ਖੜ੍ਹਦੀ ਜੇ, ਤੋਕੜ ਬਣ ਜਾਂਦੀ ਜੇ, ਉਹਨੂੰ 'ਹਾਤੇ 'ਚੋਂ ਬਾਹਰ ਕਰ ਛੱਡੀਦੈ । ਤੇ ਹੁਣ ਮੁੰਡਿਆਂ ਸਾਡੇ ਨਾਲ ਓਵੇਂ ਕੀਤੀ ਇਉਂ ਕਾਰੋਬਾਰ ਚੱਲ ਪਿਆ, ਡੇਅਰੀ ਖੋਲ੍ਹ ਦਿੱਤੀ। ਸਾਥੋਂ ਉਨ੍ਹਾਂ ਕੀ ਧਾਰਾ ਲੈਣੀਆਂ। ਆਹਦੇਂ - ਬਾਪੂ ਤੂੰ ਵੀ ਚੱਲ ਬਾਹਰ ।

ਉਪਰੋਕਤ ਵਾਰਤਾਲਾਪ ਵਿੱਚ ਨਾਵਲਕਾਰ ਵੱਲੋਂ ਜੋ ਦ੍ਰਿਸ਼ ਪੇਸ਼ ਕੀਤਾ ਗਿਆ ਹੈ ।ਉਸ ਵਿੱਚੋਂ ਇਹ ਗੱਲ ਸਹਿਜੇ ਹੀ ਪਤਾ ਲੱਗ ਰਹੀ ਹੈ। ਕਿ ਕਿਵੇਂ ਸਾਡਾ ਸਮਾਜ ਇਕ ਮਤਲਬ ਪ੍ਰਸਤੀ ਹੀ ਬਣ ਕੇ ਰਹਿ ਗਿਆ ਹੈ। ਜਿੰਨਾ ਚਿਰ ਕੋਈ ਕਿਸੇ ਦੀ ਲੋੜ / ਗਰਜ / ਜ਼ਰੂਰਤ ਨੂੰ ਪੂਰਾ ਕਰਦਾ ਹੈ ।ਉਨਾ ਚਿਰ ਹੀ ਉਸ ਨੂੰ ਚੰਗਾ ਲੱਗਦਾ ਹੈ । ਜਦੋਂ ਉਸ ਦੀ ਜ਼ਰੂਰਤ ਨਹੀਂ ਪੂਰੀ ਹੁੰਦੀ ਦਿਖਦੀ ਤਾਂ ਉਸ ਨੂੰ ਦੁਰਕਾਰਨਾਂ ਸ਼ੁਰੂ ਕਰ ਦਿੱਤਾ ਜਾਂਦਾ । ਚਾਹੇ ਉਹ ਸਾਡੇ ਮਾਂ ਬਾਪ ਹੀ ਕਿਉਂ ਨਾ ਹੋਣ ਧੀਆਂ ਪੁੱਤਰ ਆਪਣੇ ਮਾਪਿਆਂ ਨੂੰ ਵੀ ਉਨ੍ਹਾਂ ਚਿਰ ਹੀ ਪਿਆਰ ਸਤਿਕਾਰ ਦਿੰਦੇ ਹਨ ।ਜਿੰਨਾ ਚਿਰ ਉਹ ਸਾਡੀਆਂ ਗਰਜ਼ਾਂ/ਜ਼ਰੂਰਤਾਂ ਨੂੰ ਪੂਰਾ ਕਰਦੇ ਹਨ ।ਹੇਠ ਲਿਖੇ ਵਾਰਤਾਲਾਪ ਵਿੱਚੋਂ ਵੀ ਅਜਿਹਾ ਦ੍ਰਿਸ਼ ਪੇਸ਼ ਕੀਤਾ ਗਿਆ ।

> "ਭਰਾ ਮੇਰਿਆ, ਜਿਉਂ ਜਿਉਂ ਪੈਸਾ ਵਧਦਾ ਜਾਂਦਾ ਏ ਨਾ ਕਿਸੇ ਘਰ' ਚ ਉੱਥੇ ਫਿਰ ਨਾ ਪ੍ਰੇਮ ਹੁੰਦਾ, ਨਾ ਕੁਝ ਭਾਵਨਾ ਹੁੰਦੀ । ਦੂਜਿਆਂ ਲਈ ਕੁਝ ਕਰਨਾ ਸੋਚਣਾ ਤਾਂ ਦੂਰ ਦੀ ਗੱਲ ।ਪੈਸਾ ਈ ਮੁੱਖ ਹੁੰਦਾ ।ਦੂਜੀਆਂ ਭਾਵਨਾਵਾਂ ਤਾਂ ਸੁੱਕ ਜਾਂਦੀਆਂ ।"

ਇਸ ਮਤਲਬਪ੍ਰਸਤੀ ਦੁਨੀਆਂ ਦਾ ਹੀ ਜ਼ਿਕਰ ਕੀਤਾ ਗਿਆ। ਵਿਅਕਤੀ ਲਈ ਪੈਸਾ ਹੀ ਪ੍ਰਧਾਨ ਹੈ ।ਰਿਸ਼ਤਿਆਂ ਦੀ ਕਦਰ ਤਾਂ ਉਸ ਵਿੱਚੋਂ ਕਿਧਰੇ ਖੰਭ ਲਾ ਕੇ ਉੱਡ ਗਈ ਜਾਪਦੀ । ਪੈਸੇ ਦੇ ਮੋਹ ਪਿਆਰ ਵਿਚ ਵਿਅਕਤੀ ਉਨ੍ਹਾਂ ਮਾਪਿਆਂ ਦੀ ਕੁੱਖੋਂ ਜਨਮ ਲਿਆ ਉਨ੍ਹਾਂ ਨੂੰ ਵੀ ਭੁੱਲਦਾ ਜਾ ਰਿਹਾ ਹੈ ।

> "ਮੁੰਡਾ ਪੂਰਾ ਭਖਿਆ ਹੋਇਆ ਸੀ -'ਦੋ ਮਹੀਨਿਆਂ ਦਾ ਤੇਰੇ ਮੂੰਹ ਵੱਲ ਦੇਖੀ ਜਾਨੈਂ ਮੈਂ । ਪਿਛਲੇ ਮਹੀਨੇ ਵੀ ਤੂੰ ਟਰਕਾ ਛੱਡਿਆ, ਏਸ ਵਾਰ ਵੀ ਆਖੀ ਜਾਨੈਂ ਪੈਨਸ਼ਨ ਮਿਲੀ ਨਹੀ; ਮੈਂ ਸਾਰਾ ਪਤਾ ਕਰ ਆਇਆ ।ਭਲਮਾਣਸੀ ਨਾਲ ਪੈਨਸ਼ਨ ਕਢਵਾ ਕੇ ਦੇ ਦੇ ਨਹੀਂ ਮੈਥੋਂ ਬੁਰਾ ਕੋਈ ਨਹੀਂ ਹੋਣਾ । ਤੂੰ ਜਾਣਦਾ ਵੀ ਐ, ਮੈਂ ਫਿਰ ਕਿਵੇਂ ਪੇਸ਼ ਆਉਂਦਾ ਹੁੰਨੇ।' ਮੁੰਡਾ ਮੂੰਹ ' ਚੋਂ ਨਾਸਾਂ 'ਚੋਂ ਧੂੰਹੇਂ ਡੇਗਣ ਲੱਗਾ ।"

ਰਿਸ਼ਤਿਆਂ ਵਿੱਚ ਦਰਾੜਾਂ ਇੰਨੀਆਂ ਕੁ ਵਧ ਚੁੱਕੀਆਂ ਹਨ । ਪੁੱਤ ਕਪੁੱਤ ਹੋ ਰਹੇ ਹਨ ਬਾਪ ਨੂੰ ਸਿਰਫ਼ ਪੈਸਿਆਂ ਦੇ ਨਾਮ ਤੇ ਹੀ ਯਾਦ ਕੀਤਾ ਜਾ ਰਿਹਾ ਹੈ । ਕਈ ਤਾਂ ਬਿਰਧ ਆਸ਼ਰਮਾਂ ਵਿੱਚ ਆਪਣੇ ਮਾਪਿਆਂ ਦੀ ਸਾਰ ਲੈਣ ਵੀ ਨਹੀਂ ਪੁੱਜਦੇ ਪਰ ਜਦੋਂ ਪੈਨਸ਼ਨ ਦੀ ਵਾਰੀ ਆਉਂਦੀ ਹੈ ਤਾਂ ਭੱਜੇ ਜਾਂਦੇ ਹਨ। ਉਨ੍ਹਾਂ ਨੂੰ ਬੁਰਾ ਭਲਾ ਆਖ ਕੇ ਪੈਨਸ਼ਨ ਕਢਵਾਉਣ ਲਈ ਕਹਿੰਦੇ ਹਨ ।ਇੱਥੋਂ ਤਕ ਕਿ ਗਾਲੀ ਗਲੋਚ ਕੁੱਟਣ ਮਾਰਨ ਤਕ ਵੀ ਪਹੁੰਚਦੇ ਹਨ। ਜ਼ਰਾ ਕੁ ਵੀ ਨਹੀਂ ਸੋਚਦੇ ਸਾਡੇ ਮਾਂ ਬਾਪ ਨੇ ਇਨ੍ਹਾਂ ਨੇ ਸਾਨੂੰ ਜਨਮ ਦਿੱਤਾ ਹੈ। ਇਹ ਸਭ ਕੁਝ ਭੁਲਾ ਕੇ ਸਿਰਫ਼ ਪੈਸਾ ਹੀ ਪ੍ਰਧਾਨ ਬਣ ਚੁੱਕਿਆ ਹੈ ।ਹੇਠ ਲਿਖੇ ਵਾਰਤਾਲਾਪ ਚ ਵੀ ਨਾਵਲਕਾਰ ਵੱਲੋਂ ਅਜਿਹੇ ਦ੍ਰਿਸ਼ ਦੀ ਹੀ ਸਿਰਜਣਾ ਕੀਤੀ ਗਈ ਹੈ ।ਜਿਸ ਵਿੱਚ ਮਾਪਿਆਂ ਦਾ ਪਿਆਰ ਨਹੀਂ ਸਿਰਫ਼ ਪੈਸਾ ਪ੍ਰਧਾਨ ਹੈ।

> "ਉਸ ਦੇ ਮੁੰਡੇ ਸਾਲ ਬਾਅਦ ਉਸ ਨੂੰ ਚੁੱਕ ਕੇ ਲੈ ਜਾਂਦੇ ਸਨ। ਸਾਲ ਦੀ ਪੈਨਸ਼ਨ ਲੈਂਦੇ ਹਨ ਤੇ ਫਿਰ ਇੱਥੇ ਲਾ ਜਾਂਦੇ ਸਨ। ਪਿਛਲੇ ਸਾਲ ਉਸ ਦੀ ਡੈੱਥ ਹੋ ਗਈ ।ਜਦੋਂ ਨੈਣ ਪ੍ਰਾਣ ਚੱਲਦੇ ਸਨ, ਉਦੋਂ ਵੀ ਪੁੱਤਾਂ ਧੀਆਂ ਲਈ ਕਮਾਊ ਮਸ਼ੀਨ ਸੀ, ਜਦੋਂ ਨੈਣ ਪ੍ਰਾਣ ਹਿੰਮਤ ਹਾਰ ਗਏ, ਫੇਰ ਵੀ ਪੁੱਤਾਂ ਲਈ ਕਮਾਊ ਮਸ਼ੀਨ ਬਣਿਆ ਰਿਹਾ ।"

ਇਕ ਮਾਪਾ ਆਪਣੇ ਬੱਚਿਆਂ ਲਈ ਹਮੇਸ਼ਾ ਹੀ ਕਮਾਊ ਮਸ਼ੀਨ ਬਣ ਕੇ ਰਹਿੰਦਾ ਹੈ । ਜਦ ਬੱਚਾ ਬਚਪਨ ਵਿੱਚ ਹੁੰਦਾ ਹੈ ਉਦੋਂ ਵੀ ਮਾਂ ਬਾਪ ਉਸ ਲਈ ਟੁੱਟ ਟੁੱਟ ਮਰਦਾ, ਮਿਹਨਤਾਂ ਕਰ ਕੇ ਪੜ੍ਹਾਉਦਾ ਲਿਖਾਉਦਾ ਉਸ ਦਾ ਜੀਵਨ ਸੰਵਾਰਦਾ ਹੈ। ਉਸ ਤੋਂ ਬਾਅਦ ਜਦੋਂ ਉਹ ਬਜੁਰਗ ਅਵਸਥਾ ਵਿਚ ਅੱਕ ਥੱਕ ਕੇ ਬੈਠ ਜਾਂਦਾ ਹੈ ਤਾਂ ਵੀ ਆਪਣੇ ਬੱਚਿਆਂ ਲਈ ਇਕ ਕਮਾਊ ਮਸ਼ੀਨ ਬਣ ਕੇ ਹੀ ਰਹਿੰਦਾ ਹੈ।

> "....ਜਿੰਨਾ ਚਿਰ ਤੁਸੀਂ ਘਰ ਦੀ ਹਰ ਜ਼ਿੰਮੇਵਾਰੀ ਆਪਣੇ ਮੋਢਿਆਂ ਤੇ ਚੁੱਕੀ ਰੱਖੋਗੇ , ਸੁਖੀ ਰਹੋਗੇ ਝੋਨਾ, ਕਣਕ ਤੇ ਹੋਰ ਫ਼ਸਲਾਂ ਦਾ ਜੋ ਵੱਟਾਂ , ਦੋਹਾਂ ਭੂਤਾਂ ਦੇ ਹਵਾਲੇ ਕਰ ਦੇਈਦੈ । ਪੈਨਸ਼ਨ ਜਿਵੇਂ ਹੀ ਖਾਤੇ ਵਿੱਚ ਆਉਂਦੀ ਹੈ ,ਉਹ ਮੁੰਡਿਆਂ ਦੀ ਘਰਵਾਲੀ ਦੀ ਪੈਨਸ਼ਨ ਵੀ ਮੁੰਡਿਆਂ ਦੀ ਪੋਤੇ ,ਪੋਤੀਆਂ ਨੂੰ ਖ਼ਰਚੇ ਤੋਂ ਝਿੜਕਾਂ ਮਿਲਦੀ ਹੈ ਤਾਂ ਕਦੇ ਦਾਦੀ ਸਰ੍ਹਾਣੇ ਕਦੇ ਦਾਦੇ ਸਿਰ੍ਹਾਣੇ ।ਤੂੰ ਕੱਲ੍ਹ ਦਾ ਵੇਖ ਰਿਹਾ ਨਾ....ਡੈਡੀ ,ਡੈਡੀ ਦਾਦਾ ਜੀ ,ਦਾਦਾ ਜੀ ਹੁੰਦੀ ਹੈ ।ਇਕ ਮਹੀਨੇ ਦੀ ਪੈਨਸ਼ਨ ਰੋਕ ਕੇ ਵੇਖ ਲੈ ,ਜੇ ਸਾਰੇ ਗਿਰਗਿਟ ਵਾਂਗ ਰੰਗ ਨਾ ਬਦਲ ਲੈਣ ।"

ਨਾਵਲ ਵਿੱਚੋਂ ਸਹਿਜੇ ਹੀ ਪਤਾ ਲੱਗ ਰਿਹਾ ਹੈ। ਬਜ਼ੁਰਗਾਂ ਦੀ ਪੈਨਸ਼ਨ ਨਾਲ ਤਾਂ ਪਿਆਰ ਹੈ, ਪਰ ਬਜ਼ੁਰਗਾਂ ਨਾਲ ਪਿਆਰ ਨਹੀਂ ਹੈ। ਮਹੀਨੇ ਦੇ ਪਹਿਲੇ ਹਫ਼ਤੇ ਦਾ ਪਾਪਾ ਜੀ ਮੰਮੀ ਜੀ ਕਰਦੀਆਂ ਹਨ, ਕਿਉਂਕਿ ਪੈਨਸ਼ਨ ਲੈਣੀ ਹੁੰਦੀ ਹੈ ਜਦੋਂ ਪੈਨਸ਼ਨ ਹੱਥ ਵਿੱਚ ਆ ਜਾਂਦੀ ਹੈ ਫਿਰ ਬੁੱਢਾ ਬੁੱਢੀ ਹੋ ਜਾਂਦੇ ਹਨ। ਨੂੰਹਾਂ ਇਹ ਸੋਚਦੀਆਂ ਹਨ ਕਿ ਸੱਸ ਮੂੰਹ ਬੰਦ ਰੱਖੇ ਤੇ ਮੁੱਠੀ ਖੁੱਲ੍ਹੀ ਰੱਖੇ। ਟੋਕਾ ਟਾਕੀ ਨਾ ਕਰੇ । ਹੇਠ ਲਿਖੇ ਵਾਰਤਾਲਾਪ ਵਿੱਚ ਵੀ ਅਜਿਹੇ ਦ੍ਰਿਸ਼ ਦੀ ਹੀ ਸਿਰਜਣਾ ਕੀਤੀ ਗਈ। ਮਾਪਿਆਂ ਦਾ ਸਤਿਕਾਰ ਸਿਰਫ ਓਨਾ ਚਿਰ ਹੀ ਹੈ ਜਿੰਨਾ ਚਿਰ ਖਾਨਾ ਪੂਰਤੀ ਹੋ ਰਹੀ ਹੈ। ਉਸ ਤੋਂ ਬਾਅਦ ਤੂੰ ਕੌਣ ਤੇ ਮੈਂ ਕੌਣ ਵਾਲੀ ਗੱਲ ਹੈ।

> ਬਹੁਤਾ ਭੁੱਖਾ ਹੋ ਗਿਆ ਅੱਜ ਦਾ ਮਨੁੱਖ। ਢਿੱਡ ਭਰ ਵੀ ਜਾਵੇ ਪਰ ਉਸ ਦੀ ਨੀਅਤ ਨਹੀਂ ਭਰਦੀ।.... ਜਿੰਨਾ ਚਿਰ ਬੰਦਾ ਔਲਾਦ ਦੀ ਸੇਵਾ ਕਰੀ ਜਾਂਦਾ, ਓਨਾ ਚਿਰ ਉਹ ਮਾਂ ਪਿਉ ਨੂੰ ਘਰਾਂ ਚ ਬਰਦਾਸ਼ਤ ਕਰੀ ਜਾਂਦੈ। ਆਪਣੇ ਕਹਿੰਦੇ ਹੁੰਦੇ ਨੇ -ਜਿਨ੍ਹਾਂ ਚਿਰ

> ਗਊ ਦੁੱਧ ਦਿੰਦੀ ਐ, ਉਨ੍ਹਾਂ ਚਿਰ ਹੀ ਉਸ ਦੀਆਂ ਛੜਾ ਸਹਿ ਲੈਂਦਾ। ਜਿਵੇਂ ਹੀ ਗਊ ਨੇ ਦੁੱਧ ਦੇਣਾ ਛੱਡਿਆ,"ਡੰਡੇ ਮਾਰ ਕੇ ਘਰੋਂ ਬਾਹਰ ।ਬੰਦੇ ਨਾਲ ਵੀ ਇਵੇਂ ਹੁੰਦਾ ।"

ਇਹ ਘਟਨਾ ਸਾਡੇ ਨਿੱਤ ਅੱਖੀਂ ਦੇਖੀਆਂ ਘਟਨਾਵਾਂ ਦਾ ਹਿੱਸਾ ਹੈ। ਉਹ ਮਾਂ-ਬਾਪ, ਜੋ ਤਿਲ ਤਿਲ ਜੋੜ ਕੇ ਘਰ, ਜਮੀਨਾਂ, ਜਾਇਦਾਦ ਤੇ ਹੋਰ ਬਹੁਤ ਸਾਰੇ ਸੁੱਖ ਸਾਧਨ ਬੱਚਿਆਂ ਨੂੰ ਮੁਹੱਈਆ ਕਰਵਾਉਂਦੇ ਹਨ ਅਤੇ ਬੱਚਿਆਂ ਨੂੰ ਪ੍ਰਵਾਨ ਚੜ੍ਹਾਉਣ ਤਕ ਟਿਕ ਕੇ ਨਹੀਂ ਬੈਠਦੇ ਤੇ ਨਾ ਹੀ ਸੁਖ ਦਾ ਸਾਹ ਲੈਂਦੇ ਹਨ, ਉਹੀ ਮਾਪੇ ਜਦ ਬੁਢਾਪੇ ਵਿਚ ਪ੍ਰਵੇਸ਼ ਕਰਦੇ ਹਨ, ਉਨ੍ਹਾਂ ਦੇ ਸਰੀਰ ਜਵਾਬ ਦੇ ਜਾਂਦੇ ਹਨ। ਉਨ੍ਹਾਂ ਦੇ ਜੰਮੇ ਜਾਏ ਵੀ ਉਨ੍ਹਾਂ ਨੂੰ ਧੱਕੇ ਮਾਰ ਕੇ ਘਰੋਂ ਕੱਢ ਦਿੰਦੇ ਹਨ ਜਾਂ ਬਿਰਧ ਆਸ਼ਰਮ ਵਿਚ ਛੱਡ ਆਉਂਦੇ ਹਨ, ਤਾਂ ਉਹ ਮਾਪੇ ਜਿਉਂਦੇ ਜੀਅ ਹੀ ਮਰ ਮੁਕ ਜਾਂਦੇ ਹਨ।

> ਕਮਾਲ ਕਮੂਲ ਕੋਈ ਨਹੀਂ ਹੋਈ, ਟਾਈਮ ਹੀ ਨਹੀਂ ਕਿਸੇ ਕੋਲ। ਮੁੰਡਿਆਂ ਨੇ ਡਿਊਟੀ 'ਤੇ ਜਾਣਾ ਹੁੰਦੈ । ਨੂੰਹਾਂ ਨੇ ਵੀ ਡਿਊਟੀ ਤੇ ਜਾਣਾ ਹੁੰਦਾ। ਰਾਖੀ ਲਈ ਕੁੱਤਾ ਇਸ ਲਈ ਨਹੀਂ ਰੱਖਿਆ ਕਿ ਬੁੜ੍ਹਾ ਬੁੜ੍ਹੀ ਘਰੇ ਹੈਗੇ ਨੇ ।ਜਿੰਨਾ ਚਿਰ ਸਭ ਠੀਕ ਠਾਕ ਹੈ ਨੈਣ ਪਰਾਣ ਚਲਦੇ ਨੇ ਮੇਰੇ ਵਰਗੇ ਸਰਕਾਰੀ ਬੰਦੇ ਦੀ ਪੈਨਸ਼ਨ ਘਰੇ ਆਉਂਦੀ ਹੈ ।ਓਨਾ ਚਿਰ ਬਾਪੂ ਜਾਂ ਡੈਡੀ ਦੇ ਨਾਲ 'ਜੀ ' ਵੀ ਲੱਗਦਾ ਹੈ ।ਬਾਪੂ ਜੀ ਡੈਡੀ ਜੀ।"

ਇਹ ਗੱਲ ਸਾਡੇ ਆਮ ਸਮਾਜ ਨਾਲ ਸੰਬੰਧਿਤ ਹੈ। ਪਿੰਡਾਂ ਵਿਚ ਵੀ ਕਈ ਬਜੁਰਗ ਇਕੱਲਤਾ ਦਾ ਸ਼ਿਕਾਰ ਹਨ। ਇਹਨਾਂ ਦੇ ਪੁੱਤ ਜਾਂ ਤਾਂ ਵਿਦੇਸ਼ ਗਏ ਹੋਏ ਹਨ ਜਾਂ ਫੇਰ ਸਰਕਾਰੀ ਨੌਕਰੀਆਂ ਮਿਲਣ ਕਰਕੇ ਸ਼ਹਿਰਾਂ ਵਿਚ ਜਾ ਕੇ ਵੱਸ ਗਏ ਹਨ, ਹੁਣ ਬਜੁਰਗਾਂ ਨੂੰ ਪਿੰਡ ਦਾ ਮੋਹ ਹੀ ਨਹੀਂ ਛੱਡਦਾ, ਜੇ ਉਹ ਸ਼ਹਿਰ ਜਾਂਦੇ ਵੀ ਹਨ ਤਾਂ ਛੇਤੀ ਹੀ ਪਿੰਡ ਵਾਪਸ ਆ ਜਾਂਦੇ ਹਨ। ਪਿੰਡ ਵਿਚ ਜੰਮੇ ਪਲੇ ਇਨਾਂ ਲੋਕਾਂ ਦਾ ਸ਼ਹਿਰ ਦੀ ਤੇਜ ਤਰਾਰ ਜਿੰਦਗੀ ਨਾਲ ਕੋਈ ਮੇਲ ਜਿਹਾ ਨਹੀਂ ਬੈਠਦਾ। ਪੁੱਤ ਪਿੰਡ ਨਹੀਂ ਜਾ ਸਕਦਾ, ਬਜੁਰਗ ਸ਼ਹਿਰ ਵਿਚ ਨਹੀਂ ਰਹਿ ਸਕਦੇ, ਫਿਰ ਪਿੰਡ ਵਿਚ ਇਹ ਬਜੁਰਗ ਇਕਲੇ ਹੀ ਰਹਿ ਜਾਂਦੇ ਹਨ।

ਇਕ ਸਮਾਂ ਸੀ ਜਦੋਂ ਘਰ ਦੇ ਬਜ਼ੁਰਗ ਨੂੰ ਘਰ ਦੀ ਛੱਤ ਤੇ ਵਿਹੜੇ ਦਾ ਸ਼ਿੰਗਾਰ ਸਮਝਿਆ ਜਾਂਦਾ ਸੀ, ਉਹ ਗੁਣਾਂ ਦਾ ਖ਼ਜ਼ਾਨਾ ਹੁੰਦੇ ਸਨ। ਬਜ਼ੁਰਗਾਂ ਦੇ ਆਦਰ ਸਤਿਕਾਰ ਤੇ ਪ੍ਰਾਹੁਣਚਾਰੀ ਦੀ ਵੱਖਰੀ ਹੀ ਪਛਾਣ ਸੀ। ਬੱਚੇ ਬਜ਼ੁਰਗਾਂ ਤੋਂ ਪੁੱਛੇ ਜਾਂ ਸਲਾਹ ਜਾਂ ਅਸ਼ੀਰਵਾਦ ਲਏ ਬਿਨਾਂ ਘਰੋਂ ਕਦਮ ਨਹੀਂ ਪੁੱਟਦੇ ਸਨ। ਘਰਾਂ ਵਿਚ ਮਾਣ-ਸਤਿਕਾਰ ਤੇ ਪਿਆਰ ਸਦਕਾ ਬੱਚਿਆਂ ਦਾ ਪਾਲਣ ਪੋਸ਼ਣ ਵਧੀਆ ਹੁੰਦਾ ਸੀ। ਸਾਂਝਾ ਪਰਿਵਾਰ, ਸਾਂਝੀ ਛੱਤ ਤੇ ਸਾਂਝਾ ਚੁੱਲ੍ਹਾ ਹੁੰਦਾ ਤੇ ਬੱਚੇ ਦਾਦੀ-ਨਾਨੀ ਦੀਆਂ ਬਾਤਾਂ ਸੁਣਦੇ ਕਦੋਂ ਵੱਡੇ ਹੋ ਕੇ ਵਿਆਹੇ ਵੀ ਜਾਂਦੇ ਪਤਾ ਹੀ ਨਹੀਂ ਸੀ ਲੱਗਦਾ ਅਤੇ ਜ਼ਿੰਦਗੀ ਵਿਚ ਉੱਚੇ-ਸੁੱਚੇ ਸੰਸਕਾਰ ਲੈ ਕੇ ਸਮਾਜ ਵਿਚ ਸਫਲਤਾ ਨਾਲ ਵਿਚਰਦੇ ਸਨ। ਅਜੋਕੇ ਅਗਾਂਹਵਧੂ ਸਮਾਜ ਦੀ ਸਥਿਤੀ ਬਿਲਕੁਲ ਉਲਟ ਹੈ, ਬੱਚੇ ਆਪਣੇ ਬਜ਼ੁਰਗ ਨੂੰ ਘਰੋਂ ਦਰਕਿਨਾਰ ਕਰਨ ਵਿਚ ਪੱਛਮੀ ਸੱਭਿਅਤਾ ਦੀਆਂ ਲੀਹਾਂ ’ਤੇ ਤੁਰ ਪਏ ਹਨ। ਪਰਿਵਾਰ ਟੁੱਟ ਰਹੇ, ਨੂੰਹਾਂ -ਧੀਆਂ ਅਦਾਲਤਾਂ ਵਿਚ ਧੱਕੇ ਖਾਂਦੀਆਂ, ਬੱਚੇ ਅਨਾਥ ਆਸ਼ਰਮ ਤੇ ਬਜ਼ੁਰਗ ਬਿਰਧ ਆਸ਼ਰਮਾਂ ਵਿਚ ਪਨਾਹ ਲੈ ਰਹੇ ਹਨ। ਪਦਾਰਥਕ ਦੌੜ ਕਾਰਨ ਬਜ਼ੁਰਗਾਂ ਦੀ ਅਣਦੇਖੀ ਤੇ ਬੱਚਿਆਂ ਵੱਲੋਂ ਲਾਪਰਵਾਹੀ ਕਰਨ ’ਤੇ ਬੱਚੇ ਗ਼ਲਤ ਰਾਹਵਾਂ ’ਤੇ ਪੈ ਕੇ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਮਾਪੇ ਆਰਥਿਕ ਦੌੜ ਵਿਚ ਰੁੱਝੇ ਔਲਾਦ ਪ੍ਰਤੀ ਫਰਜ਼ਾਂ ਤੋਂ ਬੇਮੁੱਖ ਹੋ ਰਹੇ ਹਨ। ਅੱਜ ਮਾਪੇ ਪੈਸਾ ਖੁੱਲ੍ਹਾ ਖ਼ਰਚ ਕੇ ਬੱਚਿਆਂ ਨੂੰ ਸੁੱਖ-ਸੁਵਿਧਾਵਾਂ ਲੋੜ ਤੋਂ ਵੱਧ ਦੇ ਰਹੇ ਹਨ, ਪਰ ਉਨ੍ਹਾਂ ਕੋਲ ਸਮਾਂ ਨਹੀਂ ਜਿਸ ਦੀ ਬੱਚਿਆਂ ਨੂੰ ਸਭ ਤੋਂ ਵੱਧ ਲੋੜ ਹੈ। ਦੂਸਰੇ ਪਾਸੇ ਅਜੋਕੀ ਨੌਜਵਾਨ ਪੀੜ੍ਹੀ ਪੱਛਮੀ ਪ੍ਰਭਾਵਾਂ ਹੇਠ ਮਾਪਿਆਂ ਜਾਂ ਬਜ਼ੁਰਗਾਂ ਦੀ ਕੋਈ ਗੱਲ ਜਾਂ ਨਸੀਹਤ ਮੰਨਣ ਲਈ ਤਿਆਰ ਹੀ ਨਹੀਂ। ਆਜ਼ਾਦ ਮਾਨਸਿਕਤਾ ਕਾਰਨ ਸਲਾਹ ਮਸ਼ਵਰਾ ਉਨ੍ਹਾਂ ਨੂੰ ਪਸੰਦ ਨਹੀਂ, ਪਰ ਉਹ ਭੁੱਲਦੇ ਹਨ ਕਿ ਸਿੱਖਿਆ ਗ੍ਰਹਿਣ ਕਰਨ ਦੇ ਨਾਲ-ਨਾਲ ਤਜ਼ਰਬਾ ਵੀ ਮਾਅਨੇ ਰੱਖਦਾ ਹੈ ਜੋ ਬਜ਼ੁਰਗਾਂ ਕੋਲ ਹੁੰਦਾ ਹੈ। ਬੱਚਿਆਂ ਨੂੰ ਜਵਾਨੀ ਦਾ ਜੋਸ਼ ਕੁਰਾਹੇ ਪਾ ਸਕਦਾ ਹੈ, ਪਰ ਸਮਾਜਿਕ ਮਾਣ-ਮਰਿਆਦਾ ਕਾਇਮ ਰੱਖਣ ਲਈ ਜੋਸ਼ ਤੇ ਹੋਸ਼ ਦੋਵੇਂ ਲੋੜੀਂਦੇ ਹਨ। ਜੇ ਮਾਪੇ ਬਜ਼ੁਰਗਾਂ ਤੋਂ ਦੂਰੀ ਬਣਾ ਕੇ ਰੱਖਣਗੇ ਤਾਂ ਬੱਚੇ ਵੀ ਕੱਲ੍ਹ ਨੂੰ ਉਨ੍ਹਾਂ ਨਾਲ ਅਜਿਹਾ ਹੀ ਕਰਨਗੇ। ਬੱਚਿਆਂ ਦੇ ਉੱਜਲ ਭਵਿੱਖ ਲਈ ਬਜ਼ੁਰਗਾਂ ਨੂੰ ਬੱਚਿਆਂ ਦੇ ਸਿਰ ’ਤੇ ਹੱਥ ਰੱਖਣਾ ਬਹੁਤ ਜ਼ਰੂਰੀ ਹੈ।

ਵੱਡੀ ਗਿਣਤੀ ਬਜ਼ੁਰਗ ਤਾਂ ਇਕ ਤਰਾਂ ਬੁਢਾਪੇ ਦਾ ਸੰਤਾਪ ਹੀ ਹੰਡਾ ਰਹੇ ਹਨ। ਵੱਡੀ ਗਿਣਤੀ ਬਜ਼ੁਰਗਾਂ ਲਈ ਬੁਢਾਪਾ ਇੱਕ ਸ਼ਰਾਪ ਬਣ ਗਿਆ ਹੈ ਅਤੇ ਇਹ ਬਜ਼ੁਰਗ ਵਿਚਾਰੇ ਦੂਜਿਆਂ ਉਪਰ ਇੱਕ ਤਰਾਂ ਆਪਣੇ ਆਪ ਨੂੰ ਬੋਝ ਵੀ ਮਹਿਸੂਸ ਕਰਨ ਲੱਗ ਪੈਂਦੇ ਹਨ। ਇਸ ਦੁਨੀਆਂ ਵਿੱਚ ਕਈ ਵਿਅਕਤੀ ਅਜਿਹੇ ਵੀ ਹੁੰਦੇ ਹਨ, ਜਿਹਨਾਂ ਕੋਲ ਜਿੰਦਗੀ ਤਾਂ ਹੁੰਦੀ ਹੈ ਪਰ ਜੀਉਣ ਦਾ ਹੱਕ ਨਹੀਂ ਹੁੰਦਾ ਲੱਗਦਾ। ਅਜਿਹੇ ਲੋਕਾਂ ਵਿੱਚ ਵੱਡੀ ਗਿਣਤੀ ਬਜ਼ੁਰਗਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਨਾਵਲਕਾਰ ਵੱਲੋਂ ਹੇਠ ਲਿਖੇ ਵਾਰਤਾਲਾਪ ਵਿੱਚ ਵੀ ਕੁਝ ਅਜਿਹਾ ਹੀ ਦ੍ਰਿਸ਼ ਸਿਰਜਿਆ ਗਿਆ ਹੈ।

> "ਮੈਂ ਆਪਣਾ ਬੈਗ ਚੁੱਕਿਆ ਉਸ ਵਿੱਚ ਸਿਰਫ਼ ਲੋੜ ਵਾਲੇ ਕੱਪੜੇ ਪਾਉਣ ਲੱਗਾ ।ਤਿੰਨ ਕਮੀਜ਼ਾਂ, ਪਜਾਮੇ, ਇੱਕ ਪੈਂਟ ਵੀ ਰੱਖ ਲਈ। ਬਹੁਤ ਹੀ ਜ਼ਰੂਰੀ ਸਾਮਾਨ ਦੰਦਾਂ ਵਾਲਾ ਬੁਰਸ਼, ਪੇਸਟ, ਸਾਬਣ, ਤੌਲੀਆ, ਨਿੱਕਰਾਂ, ਮੈਨੂੰ ਵਿਹੜੇ ਵਿੱਚ ਕੰਮ ਦੇ ਬਹਾਨੇ ਦੇਖਣ ਆਉਂਦੀ ਪਤਨੀ ਇਕ ਸਾਮਾਨ ਇਕੱਠਾ ਕਰਦੇ ਨੂੰ ਤਾੜਦੀ ਰਹੀ । ਪੁੱਤ ਦੀ ਘੁਰਕੀ ਤੋਂ ਡਰਦਿਆਂ ਮੇਰੇ ਕੋਲ ਨਹੀਂ ਆਈ।

ਇਸ ਤੋਂ ਸਹਿਜੇ ਹੀ ਪਤਾ ਚੱਲ ਰਿਹਾ ਹੈ ਬਜ਼ੁਰਗ ਘਰ ਦੀ ਬੇਰੁਖ਼ੀ ਤੋਂ ਤੰਗ ਆ ਕੇ ਆਪਣਾ ਨਾਤਾ ਬਿਰਧ ਆਸ਼ਰਮ ਨਾਲ ਜੋੜਨ ਜਾ ਰਿਹਾ ਹੈ। ਉਹ ਆਪਣੀਆਂ ਲੋੜੀਂਦੀਆਂ ਵਸਤੂਆਂ ਨੂੰ ਆਪਣੇ ਬੈਗ ਵਿੱਚ ਪਾ ਰਿਹਾ ਹੈ ।

> ਮੈਂ ਆਪਣੀ ਪੈਨਸ਼ਨ ਬੁੱਕ ਸਾਂਭ ਲਈ ਬੈਂਕ ਦੀ ਕਾਪੀ ਵੀ ਬੈਗ ਵਿੱਚ ਰੱਖ ਲਈ। ਇਹ ਸਭ ਕਰਦਾ ਮੈਂ ਬਾਰ ਬਾਰ ਵਿਹੜੇ ਵੱਲ ਝਾਕਦਾ ਸਾਂ, ਸ਼ਾਇਦ ਹੁਣੇ ਮੇਰਾ ਪੁੱਤ ਆ ਕੇ ਕਹੇਗਾ ਡੈਡੀ ਰੱਖੋ ਇੱਥੇ ਬੈਗ ਕੱਢੋ ਸਾਮਾਨ ਬਾਹਰ ਕਿਧਰੇ ਨਹੀਂ ਜਾਣਾ। ਨਾ ਅਸੀਂ ਤੁਹਾਨੂੰ ਜਾਣ ਦੇਣਾ । ਤੁਹਾਡੇ ਬਿਨਾਂ ਤਾਂ ਇਹ ਘਰ ਸੁੰਨਾ ਹੋ ਜਾਊ ਘਰ ਦੀ ਰੌਣਕ ਚਲੀ ਜਾਊ ਕੋਈ ਨਹੀਂ ਆਇਆ ਨਾ ਕੋਈ ਪੁੱਤ ਨਾ ਕੋਈ ਧੀ ।"

ਮਾਪਿਆਂ ਦੇ ਦਿਲ ਵਿਚ ਹਮੇਸ਼ਾ ਆਸ ਹੁੰਦੀ ਹੈ ਕਿ ਸਾਡਾ ਧੀਆ ਪੁੱਤ ਸਾਨੂੰ ਇੱਜ਼ਤਮਾਣ ਦੇਵੇਗਾ। ਉਪਰੋਕਤ ਵਾਰਤਾਲਾਪ ਵਿੱਚ ਜੋ ਦ੍ਰਿਸ਼ ਸਿਰਜਿਆ ਗਿਆ ਹੈ । ਉਸ ਵਿੱਚ ਵੀ ਜੋ ਬਜ਼ੁਰਗ ਹੈ। ਉਸ ਨੂੰ ਆਸ ਹੈ ਕਿ ਮੇਰਾ ਪੁੱਤਰ ਮੈਨੂੰ ਬਿਰਧ ਆਸ਼ਰਮ ਜਾਣ ਤੋਂ ਰੋਕੇਗਾ । ਕਹੇਂਗਾ ਕਿ ਪਿਤਾ ਜੀ ਤੁਸੀਂ ਨਹੀਂ ਜਾਣਾ ਕਿਧਰੇ ਆਪਣਾ ਸਾਰਾ ਸਾਮਾਨ ਇੱਥੇ ਹੀ ਰੱਖੋ ।ਤੁਸੀਂ ਤਾਂ ਘਰ ਦੀ ਰੌਣਕ ਹੋ ਪਰ ਬਜ਼ੁਰਗ ਦੀ ਆਸ ਉਸ ਵੇਲੇ ਟੁੱਟ ਜਾਂਦੀ ਹੈ। ਜਦੋਂ ਉਸ ਦਾ ਪੁੱਤਰ ਉਸ ਨੂੰ ਬਿਰਧ ਆਸ਼ਰਮ ਜਾਣ ਤੋਂ ਰੋਕਦਾ ਨਹੀਂ ।ਉਸ ਦੇ ਮੂੰਹੋਂ ਇੱਕ ਵਾਰੀ ਵੀ ਨਹੀਂ ਨਿਕਲਦਾ ਕੀ ਤੁਸੀਂ ਕਿਧਰੇ ਨਹੀਂ ਜਾਣਾ ।ਅੰਤ ਬਾਪੂ ਬਿਰਧ ਆਸ਼ਰਮਾਂ ਦੀਆਂ ਰਾਹਾਂ ਫੜ ਲੈਂਦਾ ਹੈ ਆਪਣੇ ਬਿਰਧ ਆਸ਼ਰਮ ਦਾ ਸਫ਼ਰ ਸ਼ੁਰੂ ਕਰਦਾ ਹੈ ।

> "ਬਾਪ ਨਾ ਰਿਹਾ ਭਰਾ ਵੀ ਨਾ ਰਿਹਾ, ਭਰਜਾਈ ਆਪਣੇ ਬੱਚਿਆਂ ਨੂੰ ਵੇਖੇ ਜਾਂ ਮੇਰੇ ਵਰਗੀ ਛੁੱਟੜ ਨਾ ਵਿਆਹੀ ਨਣਦ ਨੂੰ ਸਾਂਭੇ। ਇੱਕ ਦਿਨ ਮੈਂ ਆਪ ਹੀ ਫ਼ੈਸਲਾ ਕਰ ਲਿਆ। ਕੇਸੀ ਇਸ਼ਨਾਨ ਕੀਤਾ ।ਜ਼ਮੀਨ ਤੇ ਬੈਠ ਗਈ ।ਪਹਿਲਾਂ ਗੁਰਬਾਣੀ ਦਾ ਪਾਠ ਕੀਤਾ, ਫਿਰ ਰੱਬ ਨੂੰ ਪੁੱਛਿਆ ਹੇ ਰੱਬਾ, ਜਿਸਦੇ ਤੂੰ ਸਪੁਰਦ ਕੀਤਾ ਸੀ, ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਲਾਵਾਂ ਦੇ ਕੇ ਉਹ ਤਾਂ ਖਿੱਲਰ ਗਿਆ। ਮਰ ਮੁੱਕ ਗਿਆ । ਹੁਣ ਤੂੰ ਆ। ਫਿਰ ਰੱਬ ਆ ਗਿਆ। ਮੈਂ ਇਸ ਘਰ ਆ ਗਈ ।ਇਸ ਤੋਂ ਪਹਿਲਾਂ ਮੈਂ ਹੋਰ ਆਸ਼ਰਮਾਂ ਵਿੱਚ ਘੁੰਮੀ ਪਰ ਹੁਣ ਇਹੀ ਮੇਰਾ ਘਰ।"

ਨਾਵਲ ਵਿਚ ਵੀ ਬਿਰਧ ਆਸ਼ਰਮ ਵੱਲ ਦੇ ਸਫ਼ਰ ਦੀ ਝਲਕ ਪੇਸ਼ ਹੋ ਰਹੀ ਹੈ । ਜਿਸ ਵਿਚ ਇਹ ਦਰਸਾਇਆ ਗਿਆ ਹੈ ਕਿ ਇਕ ਔਰਤ ਜਦੋਂ ਆਪਣੇ ਪਤੀ ਵੱਲੋਂ ਬੇਸਹਾਰਾ ਹੋ ਜਾਂਦੀ ਹੈ ਅਤੇ ਮਾਪਿਆਂ ਵਿੱਚ ਵੀ ਉਸ ਦੀ ਕੋਈ ਖਾਸ ਅਹਿਮੀਅਤ ਨਹੀਂ ਰਹਿ ਜਾਂਦੀ ਤਾਂ ਉਸ ਦਾ ਸਹਾਰਾ ਫਿਰ ਬਿਰਧ ਆਸ਼ਰਮ ਹੀ ਬਣਦਾ ਹੈ। ਉਹ ਆਪਣਾ ਸਫ਼ਰ ਬਿਰਧ ਆਸ਼ਰਮ ਵੱਲ ਤੈਅ ਕਰਦੀ ਹੈ।

ਬਜ਼ੁਰਗ ਘਰ ਨੂੰ ਸਵਾਰਦੇ ਹੀ ਹਨ। ਕੋਈ ਵਿਗਾੜ ਦੇ ਥੋੜ੍ਹੀ ਹਨ। ਉਹ ਸੋਚਦੇ ਹਨ ਕਿ ਸਾਡੇ ਪੁੱਤ ਦਾ ਕੋਈ ਵੀ ਨੁਕਸਾਨ ਨਾ ਹੋਵੇ। ਸਮਾਂ ਕਿਹੋ ਜਿਹਾ ਆ ਗਿਆ ਹੈ, ਬਜ਼ੁਰਗਾਂ ਨੂੰ ਘਰ ਵਿੱਚ ਰਹਿਣ ਲਈ ਜਗ੍ਹਾ ਨਹੀਂ ਹੈ। ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਵੱਲੋਂ ਆਪਣੇ ਇਸ ਨਾਵਲ ਵਿੱਚ ਵੀ ਜੋ ਹੇਠ ਲਿਖੀਆਂ ਵਾਰਤਾਲਾਪ ਹੈ ਉਸ ਵਿਚ ਵੀ ਅਜਿਹੀ ਝਲਕ ਪੇਸ਼ ਕੀਤੀ ਗਈ ਮਾਪਿਆਂ ਨੂੰ ਘਰ ਵਿੱਚ ਰਹਿਣ ਲਈ ਧੀਆਂ ਪੁੱਤਰ ਸ਼ਰਾਪ ਸਮਝਦੇ ਹਨ ।

> " ਮੈਂ ਸਮਝ ਗਿਆ ਆਪਣੀ ਜ਼ੁਬਾਨ ਖ਼ਰਾਬ ਕਰਨ ਦਾ ਕੋਈ ਫ਼ਾਇਦਾ ਨਹੀਂ ।ਰੱਬ ਦਿਆ ਬੰਦਿਆ, ਚੰਗੀ ਗੱਲ ਇਹ ਹੈ, ਬਿਨਾਂ ਕੁਝ ਬੋਲੇ, ਪਾਸੇ ਹੋ ਜਾ ।ਸਵੇਰ ਉੱਠ ਕੇ ਮੈਂ ਆਪਣਾ ਬੈਗ ਫੇਰ ਤਿਆਰ ਕਰ ਲਿਆ। ਮੁੰਡੇ ਹੈਰਾਨ ਹੋਏ ਵੱਡੇ ਨੇ ਪੁੱਛਿਆ ਕਿੱਧਰ ਦੀ ਤਿਆਰੀ ਮੈਂ ਆਖਿਆ ਜਿੱਥੋਂ ਆਇਆ ਸੀ ਉੱਥੇ ਹੀ ਚੱਲਿਆ ।"

ਇਹ ਵੇਖਿਆ ਜਾ ਸਕਦਾ ਹੈ ਕਿ ਕਿਵੇਂ ਸਮੇਂ ਦੇ ਨਾਲ ਨਾਲ ਮਾਪਿਆਂ ਦੀ ਕਦਰ ਘਟ ਜਾਂਦੀ ਹੈ। ਨੂੰਹਾਂ ਪੁੱਤਾਂ ਵੱਲੋਂ ਰੋਟੀ ਵੀ ਬਜ਼ੁਰਗਾਂ ਨੂੰ ਸਹੀ ਤਰੀਕੇ ਨਾਲ ਲਈ ਦਿੱਤੀ ਜਾਂਦੀ । ਬਜ਼ੁਰਗਾਂ ਦਾ ਬੋਲਣਾ ਚੰਗਾ ਨਹੀਂ ਸਮਝਦੇ। ਇਹੋ ਜਿਹੇ ਕਾਰਨਾਂ ਕਰਕੇ ਬਜ਼ੁਰਗ ਆਪਣੇ ਘਰਾਂ ਨੂੰ ਛੱਡਣਾ ਹੀ ਬਿਹਤਰ ਸਮਝਦੇ ਹਨ ਅਤੇ ਬਿਰਧ ਆਸ਼ਰਮਾਂ ਵੱਲ ਆਪਣਾ ਪੈਂਡਾ ਆਰੰਭ ਕਰਦੇ ਹਨ।

> "ਮੈਂ ਉਸ ਦੀ ਗੱਲ ਦਾ ਜਵਾਬ ਨਾ ਦੇ ਕੇ ਕਿਹਾ ਧਿਆਨ ਨਾਲ ਸੁਣ ਮੇਰੀ ਗੱਲ ।ਆਪਣੀ ਬੇਬੇ ਨੂੰ ਕਹੇ ਐਵੇਂ ਨਾ ਮੈਨੂੰ ਰੇਲ ਦੀਆਂ ਲਾਈਨਾਂ ਤੇ ਜਾਂ ਨਹਿਰਾਂ ਚ ਭਾਲਦੇ ਫਿਰਿਓ। ਮੈਂ ਜਿੱਥੇ ਪਹੁੰਚਣਾ ਸੀ ਪਹੁੰਚ ਗਿਆ ਠੀਕ ਠਾਕ।"

ਬਜ਼ੁਰਗ ਜੋ ਆਪਣੇ ਘਰ ਬਾਰ ਨੂੰ ਤਿਆਗ ਕੇ ਬਿਰਧ ਆਸ਼ਰਮ ਵਿੱਚ ਪਨਾਹ ਲੈ ਬੈਠਾ ਹੈ । ਆਪਣੇ ਪੋਤਰੇ ਨੂੰ ਕਹਿ ਰਿਹਾ ਹੈ ਕਿ ਦਾਦੀ ਨੂੰ ਆਖਦੇ ਮੈਂ ਜਿਹੜੀ ਜਗ੍ਹਾ ਤੇ ਪਹੁੰਚਣਾ ਸੀ ਪਹੁੰਚ ਗਿਆ ਹਾਂ ਮੇਰਾ ਫ਼ਿਕਰ ਨਾ ਕਰਨਾ। ਜੇਕਰ ਦੇਖਿਆ ਜਾਵੇ ਤਾਂ ਪਹਿਲਾ ਪਹਿਲਾਂ ਬੱਚੇ ਯਤੀਮ ਹੁੰਦੇ ਹਨ ਕਿਉਂਕਿ ਜਦੋਂ ਬੱਚੇ ਪੈਦਾ ਹੁੰਦੇ ਹਨ ਤਾਂ ਉਹ ਛੋਟੇ ਹੋਣ ਕਰਕੇ ਉਨ੍ਹਾਂ ਕੋਲ ਇੰਨੀ ਬੁੱਧੀ ਅਤੇ ਸੋਝੀ ਨਹੀਂ ਹੁੰਦੀ ਕਿ ਉਹ ਆਪਣਾ ਪਾਲਣ ਪੋਸ਼ਣ ਕਰ ਸਕਣ। ਜਨਮ, ਬਚਪਨ ਤੋਂ ਲੈ ਕੇ ਜਵਾਨੀ ਤਕ ਉਨ੍ਹਾਂ ਦੇ ਮਾਪੇ ਹੀ ਉਨ੍ਹਾਂ ਦਾ ਸਾਥ ਦਿੰਦੇ ਹਨ , ਉਨ੍ਹਾਂ ਦਾ ਪਾਲਣ ਪੋਸ਼ਣ ਕਰਦੇ , ਪੜ੍ਹਾਉਂਦੇ ਲਿਖਾਉਂਦੇ ਹਨ। ਮਾਪੇ ਆਪਣੇ ਬੱਚਿਆਂ ਨੂੰ ਹਰ ਖ਼ੁਸ਼ੀ ਦਿੰਦੇ ਹਨ। ਆਪ ਭੁੱਖੇ ਰਹਿ ਕੇ ਉਨ੍ਹਾਂ ਦਾ ਪੇਟ ਭਰਦੇ ਹਨ। ਪਰ ਬੱਚੇ ਜਦੋਂ ਵੱਡੇ ਹੋ ਜਾਂਦੇ ਹਨ ਤੇ ਉਹ ਆਪਣੇ ਮਾਪਿਆਂ ਦੇ ਇਨ੍ਹਾਂ ਅਹਿਸਾਨਾਂ ਨੂੰ ਭੁੱਲ ਜਾਂਦੇ ਹਨ ,ਫਿਰ ਬੋਲਦੇ ਹਨ। ਸਾਡੇ ਲਈ ਤੂੰ ਕੀ ਕੀਤਾ। ਬੱਚੇ ਆਪਣੇ ਸਵਾਰਥ ਵਿਚ ਆ ਕੇ ਆਪਣੇ ਮਾਪਿਆਂ ਨੂੰ ਬੁਰਾ ਭਲਾ ਬੋਲਦੇ ਹਨ ਗਾਲੀ ਗਲੋਚ ਕਰਦੇ ਹਨ।

ਮਾਪਿਆਂ ਨੇ ਬੜੀਆਂ ਮੁਸੀਬਤਾਂ ਕੱਟ ਕੇ ਔਲਾਦ ਨੂੰ ਪਾਲਿਆ ਹੁੰਦਾ ਹੈ ਪਰ ਅੱਜਕੱਲ੍ਹ ਦੀ ਨੌਜਵਾਨ ਪੀੜ੍ਹੀ ਉਨ੍ਹਾਂ ਨੂੰ ਹੀ ਅੱਖਾਂ ਦਿਖਾਉਂਦੀ ਹੈ। ਉਨ੍ਹਾਂ ਨੂੰ ਸ਼ਾਇਦ ਇਸ ਗੱਲ ਦਾ ਅਹਿਸਾਸ ਨਹੀਂ ਹੁੰਦਾ ਕਿ ਅਸੀਂ ਮਾਤਾ-ਪਿਤਾ ਦੀ ਬਦੌਲਤ ਹੀ ਦੁਨੀਆ 'ਤੇ ਆਏ ਹਾਂ। ਸਭ ਮਾਤਾ-ਪਿਤਾ ਪਰਮਾਤਮਾ ਅੱਗੇ ਇਹੋ ਅਰਦਾਸ ਕਰਦੇ ਹਨ ਕਿ ਸਾਡਾ ਬੱਚਾ ਵਧੀਆ ਮਾਰਗ ਉੱਤੇ ਚੱਲੇ। ਨਾਵਲਕਾਰ ਨੇ ਆਪਣੇ ਨਾਵਲ ਵਿੱਚ ਵੀ ਕੁਝ ਅਜਿਹੇ ਹੀ ਦ੍ਰਿਸ਼ਾਂ ਦੀ ਸਿਰਜਣਾ ਕੀਤੀ ਹੈ ਜਿਵੇਂ ਕਿ ਹੇਠ ਲਿਖੇ ਅਨੁਸਾਰ ;

> "ਆਪਣੇ ਬੱਚੇ ਨੂੰ ਪਾਲਣ ਲਈ ਉਸ ਨੇ ਨੌਕਰੀ ਛੱਡ ਦਿੱਤੀ। ਦਿਨ ਰਾਤ ਉਸ ਨੂੰ ਗੋਦੀ ਚੁੱਕੀ ਰੱਖਦੀ। ਮੈਂ ਕਿਹਾ ਤੂੰ ਬੱਚੇ ਦੀਆਂ ਆਦਤਾਂ ਵਿਗਾੜ ਦੇਣੀਆਂ । ਉਹ ਹੱਸ ਛੱਡਦੀ ਇੱਕੋ ਤਾਂ ਬੱਚਾ ਏ ਸਾਡਾ ਆਦਤਾਂ ਵਿਗੜਦੀਆਂ ਨੇ ਤਾਂ ਵਿਗੜ ਜਾਣ। ਮੈਂ ਤਾਂ ਇਸ ਨੂੰ ਸੁੱਤਾ ਪਿਆ ਨਹੀਂ ਵੇਖ ਸਕਦੀ ।"

ਮਾਂ ਬਾਪ ਜੋ ਕਿ ਆਪਣੀ ਔਲਾਦ ਦੇ ਖਾਤਰ ਆਪਣੀ ਜਾਨ ਕੁਰਬਾਨ ਕਰਨ ਲਈ ਵੀ ਤਿਆਰ ਰਹਿੰਦਾ ਹੈ। ਆਪਣੇ ਹਿੱਸੇ ਦੀਆਂ ਸਾਰੀਆਂ ਖ਼ੁਸ਼ੀਆਂ ਉਹ ਆਪਣੇ ਧੀਆਂ ਪੁੱਤਰਾਂ ਦੇ ਲੇਖੇ ਲਗਾ ਦਿੰਦਾ। ਮਾਪੇ ਔਲਾਦ ਲਈ ਜੋ ਕੁਝ ਕਰਦੇ ਹਨ, ਉਸ ਦਾ ਦੇਣਾ ਕੋਈ ਵੀ ਅਦਾ ਨਹੀਂ ਕਰ ਸਕਦਾ। ਜਿੰਨਾ ਪਿਆਰ ਮਾਂ-ਬਾਪ ਨੇ ਔਲਾਦ ਨੂੰ ਦਿੱਤਾ ਹੁੰਦਾ ਹੈ, ਓਨਾ ਕਿਸੇ ਰਿਸ਼ਤੇਦਾਰ ਕੋਲੋਂ ਨਹੀਂ ਮਿਲਦਾ।

> "ਜਿਨ੍ਹਾਂ ਬੱਚਿਆਂ ਦੇ ਸਾਹਾਂ ਚ ਅਸੀਂ ਜੀਂਦੇ ਆਂ ਉਨ੍ਹਾਂ ਨੇ ਨਿੱਛ ਵੀ ਆਉਂਦੀ ਏ ਤਾਂ ਡਾਕਟਰ ਕੋਲ ਲੈ ਭੱਜਨੇ ਆਂ। ਉਹ ਜੋ ਮੰਗਦੇ ਜੋ ਚਾਹੁੰਦੇ ਉਸ ਨੂੰ ਪੂਰਾ ਕਰਨ ਲਈ ਆਪਣੇ ਆਪ ਨੂੰ ਵੇਚਣ ਲਈ ਤਿਆਰ ਹੋ ਜਾਂਦੇ ਹਨ, ਪਰ ਜਿਵੇਂ ਹੀ ਉਹ ਆਪਣੇ ਆਪ ਨੂੰ ਵੱਡਾ ਹੋ ਗਿਆ ਸਮਝਣ ਲੱਗਦੇ ਨੇ ਸਭ ਕੁਝ ਬਦਲ ਜਾਂਦਾ ।"

ਮਾਂ ਬਾਪ ਜੋ ਕਿ ਆਪਣੀ ਔਲਾਦ ਦੇ ਖਾਤਰ ਆਪਣੀ ਜਾਨ ਕੁਰਬਾਨ ਕਰਨ ਲਈ ਵੀ ਤਿਆਰ ਰਹਿੰਦਾ ਹੈ।ਆਪਣੇ ਹਿੱਸੇ ਦੀਆਂ ਸਾਰੀਆਂ ਖ਼ੁਸ਼ੀਆਂ ਉਹ ਆਪਣੇ ਧੀਆਂ ਪੁੱਤਰਾਂ ਦੇ ਲੇਖੇ ਲਗਾ ਦਿੰਦਾ।ਮਾਪੇ ਔਲਾਦ ਲਈ ਜੋ ਕੁਝ ਕਰਦੇ ਹਨ, ਉਸ ਦਾ ਦੇਣਾ ਕੋਈ ਵੀ ਅਦਾ ਨਹੀਂ ਕਰ ਸਕਦਾ। ਜਿੰਨਾ ਪਿਆਰ ਮਾਂ-ਬਾਪ ਨੇ ਔਲਾਦ ਨੂੰ ਦਿੱਤਾ ਹੁੰਦਾ ਹੈ, ਓਨਾ ਕਿਸੇ ਰਿਸ਼ਤੇਦਾਰ ਕੋਲੋਂ ਨਹੀਂ ਮਿਲਦਾ।

> "ਇੱਕ ਬੱਚਾ ਜਿਸ ਨੂੰ ਅਸੀਂ ਬਚਪਨ ਵਿੱਚ ਮੋਢਿਆਂ ਤੇ ਚੁੱਕਦੇ ਹਾਂ। ਉਸ ਦੀ ਹਰ ਖਾਹਿਸ਼ ਪੂਰੀ ਕਰਨ ਦੀ ਕੋਸ਼ਿਸ਼ ਕਰਦੇ ਹਾਂ ਪਰ ਜਵਾਨ ਹੁੰਦਿਆਂ। ਤੁਹਾਡਾ ਅਚਾਨਕ ਦੁਸ਼ਮਣ ਬਣ ਜਾਂਦਾ ਹੈ ਮੈਨੂੰ ਸਮਝ ਨਹੀਂ ਸੀ ਆ ਰਹੀ ਬੱਚਿਆਂ ਲਈ ਅਸੀਂ ਕਿੰਨੇ ਸੁਪਨੇ ਦੇਖਦੇ ਹਾਂ ਨਾਲੇ ਕਲਪਨਾ ਦੇ ਮਹਿਲ ਉਸਾਰਦੇ ਹਨ ।ਬੱਚੇ ਵੀ ਮਾਪਿਆਂ ਦੀ ਹਾਜ਼ਰੀ ਵਿੱਚ ਕਿੰਨੇ ਸੁਰੱਖਿਅਤ ਹੁੰਦੇ ਹਨ। ਪਤਾ ਨਹੀਂ ਉਨ੍ਹਾਂ ਅੰਦਰ ਕਿਹੜਾ ਰਾਖਸ਼ਸ਼ ਆ ਵੜਦਾ ਹੈ ।ਬੱਚੇ ਰੇਤ ਦੇ ਘਰ ਦੀ ਤਰ੍ਹਾਂ ਉਹ ਲੱਤ ਮਾਰ ਕੇ ਸਭ ਕੁਝ ਤਹਿਸ ਨਹਿਸ ਕਰ ਦਿੰਦੇ ਹਨ।"

ਦੁੱਖ ਦੀਆਂ ਗੱਲ ਜੋ ਮਾਂ-ਬਾਪ ਦੇ ਪਾਕ ਪਵਿੱਤਰ ਬਿਨਾਂ ਮਤਲਬੀ ਵਾਲੇ ਰਿਸ਼ਤੇ ਦੀ ਬੇਕਦਰੀ ਕਰਨ ਵਾਲੇ ਸ਼ਖਸ ਇਹ ਭੁੱਲ ਜਾਂਦੇ ਹਨ ਕਿ ਜਦ ਧਰਤੀ ''ਤੇ ਪਹਿਲਾ ਸਾਹ ਲਿਆ ਸੀ ਤਾਂ ਮਾਂ-ਬਾਪ ਨੂੰ ਜਿੰਨੀ ਖ਼ੁਸ਼ੀ ਹੋਈ ਹੋਣੀ ਹੈ, ਉਸ ਦਾ ਅੰਦਾਜ਼ਾ ਤਾਂ ਸ਼ਾਇਦ ਸਰੀਰ ''ਚ ਸਾਹ ਰੂਪੀ ਪੂੰਜੀਆਂ ਨੂੰ ਪਾਉਣ ਵਾਲੇ ਰੱਬ ਨੂੰ ਵੀ ਨਹੀਂ ਹੋਇਆ ਹੋਣਾ ਪਰ ਅਫਸੋਸ ਅਜੋਕੇ ਸਮੇਂ ''ਚ ਜਦ ਮਾਂ-ਬਾਪ ਆਖਰੀ ਸਾਹ ਲੈਣ ਵੇਲੇ ਆਪਣੇ ਲਾਡਲਿਆਂ ਨੂੰ ਆਪਣੇ ਕੋਲ ਹੋਣ ਦੇ ਸੁਪਨੇ ਵੇਖ ਰਹੇ ਹੋਣ ਪਰ ਉਸ ਸਮੇਂ ਉਸ ਸ਼ਖਸ ਵਲੋਂ ਮੂੰਹ ਵੱਟ ਜਾਣਾ ਮਾਪਿਆਂ ਲਈ ਮੌਤ ਨਾਲੋਂ ਵੀ ਵਧ ਦੁੱਖ ਦੇਣ ਵਾਲੀ ਹੋਵੇਗੀ। ਜੇਕਰ ਸਾਡੇ ਪਰਿਵਾਰ ਵਿੱਚ ਦੇਖਿਆ ਜਾਵੇ ਤਾਂ ਪਹਿਲਾ ਪਹਿਲਾਂ ਬੱਚੇ ਯਤੀਮ ਹੁੰਦੇ ਹਨ ਕਿਉਂਕਿ ਜਦੋਂ ਬੱਚੇ ਪੈਦਾ ਹੁੰਦੇ ਹਨ ਤਾਂ ਉਹ ਛੋਟੇ ਹੋਣ ਕਰਕੇ ਉਨ੍ਹਾਂ ਕੋਲ ਇੰਨੀ ਬੁੱਧੀ ਅਤੇ ਸੋਝੀ ਨਹੀਂ ਹੁੰਦੀ ਕਿ ਉਹ ਆਪਣਾ ਪਾਲਣ ਪੋਸ਼ਣ ਕਰ ਸਕਣ। ਜਨਮ, ਬਚਪਨ ਤੋਂ ਲੈ ਕੇ ਜਵਾਨੀ ਤਕ ਉਨ੍ਹਾਂ ਦੇ ਮਾਪੇ ਹੀ ਉਨ੍ਹਾਂ ਦਾ ਸਾਥ ਦਿੰਦੇ ਹਨ , ਉਨ੍ਹਾਂ ਦਾ ਪਾਲਣ ਪੋਸ਼ਣ ਕਰਦੇ , ਪੜ੍ਹਾਉਂਦੇ ਲਿਖਾਉਂਦੇ ਹਨ। ਮਾਪੇ ਆਪਣੇ ਬੱਚਿਆਂ ਨੂੰ ਹਰ ਖ਼ੁਸ਼ੀ ਦਿੰਦੇ ਹਨ । ਆਪ ਭੁੱਖੇ ਰਹਿ ਕੇ ਉਨ੍ਹਾਂ ਦਾ ਪੇਟ ਭਰਦੇ ਹਨ। ਪਰ ਬੱਚੇ ਜਦੋਂ ਵੱਡੇ ਹੋ ਜਾਂਦੇ ਹਨ ਤੇ ਉਹ ਆਪਣੇ ਮਾਪਿਆਂ ਦੇ ਇਨ੍ਹਾਂ ਅਹਿਸਾਨਾਂ ਨੂੰ ਭੁੱਲ ਜਾਂਦੇ ਹਨ ,ਫਿਰ ਬੋਲਦੇ ਹਨ । ਸਾਡੇ ਲਈ ਤੂੰ ਕੀ ਕੀਤਾ। ਬੱਚੇ ਆਪਣੇ ਸਵਾਰਥ ਵਿਚ ਆ ਕੇ ਆਪਣੇ ਮਾਪਿਆਂ ਨੂੰ ਬੁਰਾ ਭਲਾ ਬੋਲਦੇ ਹਨ ਗਾਲੀ ਗਲੋਚ ਕਰਦੇ ਹਨ।

> "ਜਦ ਇਹ ਤੁਹਾਡੇ ਘਰ ਸੀ ਉਦੋਂ ਇਹ ਭਾਪਾ ਸੀ, ਚਾਚਾ ਸੀ, ਭਾਈ ਸੀ ।ਪਰ ਇੱਥੇ ਇਹ ਸਾਰੇ ਰਿਸ਼ਤੇ ਤੋੜ ਕੇ ਆਇਆ। ਬੇਸਹਾਰਾ, ਬੇਆਸਰਾ ਹੋ ਕੇ ਘਰੋਂ ਕੱਢਣ ਲੱਗਿਆ ਇਹ ਸਭ ਸੋਚਣਾ ਸੀ।"

ਨਾਵਲ ਵਿੱਚ ਮਾਂ ਬਾਪ ਦੇ ਯਤੀਮ ਹੋਣ ਦੀ ਝਲਕ ਪੇਸ਼ ਹੋ ਰਹੀ ਹੈ। ਬਜ਼ੁਰਗ ਹੋਏ ਬਿਰਧ ਆਸ਼ਰਮਾਂ ਵਿੱਚ ਪਹੁੰਚੇ ਮਾਪਿਆਂ ਨੂੰ ਵੀ ਪੁੱਤ ਟਿਕਣ ਨਹੀਂ ਦਿੰਦੇ। ਪੈਨਸ਼ਨ ਲੈਣ ਲਈ ਉਨ੍ਹਾਂ ਦੇ ਮਗਰ ਪਹੁੰਚਦੇ ਹਨ ਅਤੇ ਜ਼ਬਰਦਸਤੀਆਂ ਕਰਦੇ ਹਨ ਕਿ ਸਾਨੂੰ ਪੈਸੇ ਕਢਵਾ ਕੇ ਦਿਓ।

> " ਜਦ ਇਹ ਸਾਨੂੰ ਸਾਂਭਣ ਦੀ ਉਮਰ ਦਾ ਹੋਵੇਗਾ ਉਦੋਂ ਸਾਨੂੰ ਰੂੜੀ ਦੇ ਕੂੜੇ ਵਾਂਗ ਬਾਹਰ ਸੁੱਟ ਦੇਵੇਗਾ। "

ਨਾਵਲ ਵਿੱਚ ਇਹ ਦੇਖਣ ਨੂੰ ਸਹਿਜੇ ਹੀ ਮਿਲ ਜਾਂਦਾ ਹੈ ਕਿ ਕਿਵੇਂ ਸਾਡੇ ਸਮਾਜ ਵਿੱਚ ਜਦ ਧੀਆਂ ਪੁੱਤਰ ਜਨਮ ਲੈਂਦੇ ਉਨ੍ਹਾਂ ਦੀ ਕਿੰਨੀ ਦੇਖਭਾਲ ਉਸ ਦੇ ਮਾਪਿਆਂ ਵੱਲੋਂ ਕੀਤੀ ਜਾਂਦੀ ਹੈ ਪਰ ਕੋਈ ਖ਼ਾਸ ਹੀ ਘਰ ਹੋਵੇਗਾ ਜਿੱਥੇ ਬਜ਼ੁਰਗਾਂ ਦੀ ਸੇਵਾ ਤੇ ਸਤਿਕਾਰ ਕੀਤਾ ਜਾਂਦਾ ਹੈ।

ਬਹੁਤੇ ਘਰਾਂ ਵਿੱਚ ਬਜ਼ੁਰਗਾਂ ਨੂੰ ਦੁਰਕਾਰਿਆ ਹੀ ਜਾਂਦਾ ਹੈ। ਕੋਈ ਆਪਣੇ ਬੱਚਿਆਂ ਕੋਲੋਂ ਘੱਟ ਦੁਖੀ ਏ ਕੋਈ ਵੱਧ ਦੁਖੀ ਹੈ ਪਰ ਦੁਖੀ ਜ਼ਰੂਰ ਹੈ। ਇਹੀ ਦੁੱਖ ਦਾ ਸੰਤਾਪ ਭੋਗਦੇ ਹੋਏ ਬਜ਼ੁਰਗਾਂ ਨੂੰ ਬਿਰਧ ਆਸ਼ਰਮ ਦੀ ਪਨਾਹ ਲੈਣੀ ਪੈਂਦੀ ਹੈ। ਵੱਡੀ ਗਿਣਤੀ ਨੌਜਵਾਨ ਵਿਆਹ ਤੋਂ ਬਾਅਦ ਇਹ ਹੀ ਚਾਹੁੰਦੇ ਹਨ ਕਿ ਉਹਨਾਂ ਦਾ ਆਪਣਾ ਵੱਖਰਾ ਘਰ ਹੋਵੇ ਜਿੱਥੇ ਮਾਂ ਬਾਪ ਦੀ ਰੋਕ ਟੋਕ ਨਾ ਹੋਵੇ। ਜਿਹੜੇ ਮਾਂ ਬਾਪ ਨੇ ਅਨੇਕਾਂ ਹੀ ਔਕੜਾਂ ਨਾਲ ਬਚਿਆਂ ਨੂੰ ਪਾਲਿਆ ਪੋਸਿਆ ਹੁੰਦਾ ਹੈ, ਉਹੀ ਮਾਪੇ ਮੁੰਡਿਆਂ ਨੂੰ ਬੋਝ ਜਿਹਾ ਹੀ ਲੱਗਣ ਲੱਗ ਪੈਂਦੇ ਹਨ।

> "ਸਾਰੇ ਚਲੇ ਗਏ ਘਰ ਵਿੱਚ ਮੈਂ ਇਕੱਲਾ ਰਹਿ ਗਿਆ। ਦੋ ਦਿਨ, ਤਿੰਨ ਦਿਨ, ਚਾਰ ਦਿਨ । ਮੈਂ ਉਡੀਕਿਆ ਲੜਕਾ ਗੱਡੀ ਮੋੜਨ ਨਾ ਆਇਆ । ਮੈਨੂੰ ਸਮਝ ਆ ਗਈ; ਅਗਲੇ ਦਿਨ ਮੈਂ ਜ਼ਰੂਰੀ ਕੱਪੜੇ ਲਈ ਬਿਸਤਰਾ ਬੰਨ੍ਹਿਆ ।ਘਰ ਨੂੰ ਲਾਇਆ ਜਿੰਦਰਾ ਤੇ ਏਥੇ ਆ ਗਿਆ ।"

ਨਾਵਲ ਵਿੱਚ ਬਜ਼ੁਰਗਾਂ ਦਾ ਅਨਾਦਰ ਹੀ ਪੇਸ਼ ਹੋ ਰਿਹਾ ਹੈ। ਬਜ਼ੁਰਗਾਂ ਨੂੰ ਸਿਰਫ਼ ਓਨਾ ਚਿਰ ਹੀ ਘਰ ਦਾ ਜ਼ਰੂਰੀ ਹਿੱਸਾ ਮੰਨਿਆ ਜਾਂਦਾ ਹੈ ।ਜਿੰਨਾ ਚਿਰ ਉਹ ਕੰਮ ਕਰਦਾ ਹੈ ਉਸ ਤੋਂ ਬਾਅਦ ਉਸ ਨਾਲ ਜੋ ਪੇਸ਼ੀ ਹੁੰਦੀ ਹੈ ।ਉਸ ਦਾ ਹਾਲ ਤਾਂ ਰੱਬ ਹੀ ਜਾਣਦਾ।

## ਸਾਰ-ਅੰਸ਼

ਬਲਦੇਵ ਸਿੰਘ ਇਕ ਅਜਿਹਾ ਗਲਪਕਾਰ ਹੈ ਜਿਸ ਨੇ ਭਾਵੇਂ ਪੰਜਾਬ ਦੀ ਧਰਤੀ ਅਤੇ ਪੰਜਾਬ ਤੋਂ ਬਾਹਰ ਦੀਆਂ ਧਰਤੀਆਂ ਨੂੰ ਘਟਨਾਵਾਂ ਕ੍ਰਮ ਦੇ ਪਿਛੋਕੜ ਵਜੋਂ ਵਰਤਿਆ ਹੈ ਪਰੰਤੂ ਉਸਦੇ ਨਾਵਲਾਂ ਦਾ ਕੇਂਦਰੀ ਥੀਮ ਅਜੋਕੇ ਮਨੁੱਖ ਦੀ ਹੋਣੀ ਅਤੇ ਅਤਿ-ਦੁਖਾਂਤਕ ਹਾਲਾਤ ਹੀ ਰਹੇ ਹਨ। ਕਿਸਾਨਾਂ ਦੀਆਂ ਸਮੱਸਿਆਂਵਾਂ ਹੋਣ ਜਾਂ ਵੇਸਵਾਵਾਂ ਦੀਆਂ ਬਲਦੇਵ ਸਿੰਘ ਦੀ ਕਲਮ ਉਸ ਦੀ ਤ੍ਰਾਸਦਿਕਤਾ ਨੂੰ ਜ਼ੁਬਾਨ ਦੇ ਕੇ ਨਾਵਲੀ ਬਿਰਤਾਂਤ ਵਿਚ ਢਾਲਦਾ ਰਿਹਾ ਹੈ। ਹੱਥਲਾ ਨਾਵਲ 'ਇੱਕੀਵੀਂ ਸਦੀ' ਪੰਜਾਬ ਦੀ ਧਰਤੀ ਤੇ ਪੈਰ ਪਾਸਾਰ ਰਹੀ ਇਕ ਅਜਿਹੀ ਸਮੱਸਿਆ ਨੂੰ ਕੇਂਦਰ ਵਿੱਚ ਲੈ ਕੇ ਆਉਂਦਾ ਹੈ ਜਿਸ ਬਾਰੇ ਸ਼ਾਇਦ ਹੀ ਪੰਜਾਬੀ ਨਾਵਲ ਵਿੱਚ ਪਹਿਲਾਂ ਕੋਈ ਗੱਲ ਹੋਈ ਹੋਵੇਗੀ। ਪੰਜਾਬੀ ਰਹਿਤਲ ਉਤੇ ਜਿਥੇ ਬਜ਼ੁਰਗ ਪੰਜਾਬੀ ਜਨ-ਜੀਵਨ ਵਿੱਚ ਸਤਿਕਾਰਿਤ ਹਸਤੀ ਰਹੇ ਹਨ ਉਥੇ ਨਾਵਲੀ ਬਿਰਤਾਂਤ ਵਿੱਚ ਬਿਰਧ ਆਸ਼ਰਮਾਂ ਦਾ ਖੁੱਲਣਾ ਉਸ ਸਤਿਕਾਰਿਤ ਸਖ਼ਸ਼ੀਅਤ ਤੋਂ ਤ੍ਰਿਸਕਾਰਿਤ ਹਸਤੀ ਵਿਚ ਰੂਪਾਂਤਰਨ ਦੀ ਦਾਸਤਾਨ ਹੈ।

## ਕੇਂਦਰੀ ਸ਼ਬਦ

- **ਬਿਰਧ:** ਬਜ਼ੁਰਗ
- **ਰੂਪਾਂਤਰਨ:** ਪਰਿਵਰਤਨ
- **ਰਹਿਤਲ:** ਭੂਗੋਲਿਕਤਾ

## ਸਵੈ-ਮੁਲਾਂਕਣ

1. ਪੰਜਾਬੀ ਸਾਹਿਤਕਾਰ ਬਲਦੇਵ ਸਿੰਘ ਸੜਕਨਾਮਾ ਦਾ ਜਨਮ .....ਵਿਖੇ ਹੋਇਆ।

ੳ) ਪੰਜਾਬ

ਅ) ਦਿੱਲੀ

ੲ) ਰਾਸਸਥਾਨ

ਸ) ਹਰਿਆਣਾ

2. 1965 ਵਿੱਚ ਬਲਦੇਵ ਸਿੰਘ ਮੁਕਤਸਰ ਤੋਂ ਨੌਕਰੀ ਛੱਡ ਕੇ .....ਚਲਾ ਗਿਆ

ੳ) ਸ਼ਿਮਲਾ

ਅ) ਕੈਨੇਡਾ

ੲ) ਰਾਜਸਥਾਨ

ਸ) ਦਿੱਲੀ

3. ਸ਼ਿਮਲੇ ਦੀ ਨੌਕਰੀ ਦੌਰਾਨ ਦੋ ਕਹਾਣੀਆਂ ਲਿਖੀਆਂ; "ਕੱਕਰਾਂ ਵਿੱਚ ਲੋਅ ਬੱਲੇ"ਅਤੇ "ਜੁਨਗੇ ਦੀ ਰੂਹ" ਇਹ ਦੋਵੇਂ ......ਸਨ

ੳ) ਧਾਰਮਿਕ ਕਹਾਣੀਆਂ

ਅ) ਰਾਜਨੀਤਕ ਕਹਾਣੀਆਂ

ੲ) ਜਾਸੂਸੀ ਕਹਾਣੀਆਂ

ਸ) ਪ੍ਰੇਮ ਕਹਾਣੀਆਂ

4. 1974 ਤੱਕ ਬਲਦੇਵ ਸਿੰਘ ਨੇ ....... ਟੈਕਸੀ ਚਲਾਈ

ੳ) ਕਲਕੱਤੇ

ਅ) ਕੈਨੇਡਾ

ੲ) ਰਾਜਸਥਾਨ

ਸ) ਦਿੱਲੀ

5. ਬਲਦੇਵ ਸਿੰਘ ਦੇ ....ਵਰਗ ਦਾ ਘੇਰਾ ਬਹੁਤ ਵਿਸ਼ਾਲਤਰ ਹੈ।

ੳ) ਆਲੋਚਕ

ਅ) ਪਾਠਕ

ੲ) ਲੇਖਕ

ਸ) ਮਿੱਤਰ

6. ਕਿਹੜੇ ਨਾਵਲ ਉੱਪਰ ਬਲਦੇਵ ਸਿੰਘ ਨੂੰ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ ਹੈ?

ੳ) 'ਅੰਨਦਾਤਾ'

ਅ) 'ਪੰਜਵਾਂ ਸਾਹਿਬਜ਼ਾਦਾ'

ੲ) 'ਸਤਲੁਜ ਵਹਿੰਦਾ ਰਿਹਾ'

ਸ) 'ਢਾਹਵਾਂ ਦਿੱਲੀ ਦੇ ਕਿੰਗਰੇ'

7. ਬਲਦੇਵ ਸਿੰਘ ਦਾ ਇਕ ਹੋਰ ਨਾਵਲ ਕਾਮਰੇਡ ਰੁਲਦੂ ਖ਼ਾਂ ਦੇ ਜੀਵਨ ਉੱਪਰ ਆਧਾਰਤ ਛਪ ਚੁੱਕਾ ਹੈ, ਜਿਸ ਦਾ ਸਿਰਲੇਖ ਹੈ......

ੳ) 'ਅੰਨਦਾਤਾ'

ਅ) 'ਪੰਜਵਾਂ ਸਾਹਿਬਜ਼ਾਦਾ'

ੲ) 'ਮੈਂ ਪਾਕਿਸਤਾਨ ਨਹੀਂ ਜਾਣਾ'

ਸ) 'ਢਾਹਵਾਂ ਦਿੱਲੀ ਦੇ ਕਿੰਗਰੇ'

8. ਬਲਦੇਵ ਸਿੰਘ ਦਾ ਪਹਿਲਾ ਕਹਾਣੀ ਸੰਗ੍ਰਹਿ '............' 1977 ਵਿੱਚ ਪ੍ਰਕਾਸ਼ਿਤ ਹੋਇਆ।

ੳ) ਗਿੱਲੀਆਂ ਛਿਟੀਆਂ ਦੀ ਅੱਗ

ਅ) ਹਵੇਲੀ ਛਾਵੇਂ ਖੜ੍ਹਾ ਰੱਬ

ੲ) ਸਵੇਰ ਦੀ ਲੋਅ

ਸ) ਚਿੜੀਆਂ ਖਾਨਾ

9. ਸੰਨ 2005 ਵਿਚ ਬਲਦੇਵ ਸਿੰਘ ਦਾ ਕਿਹੜਾ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਇਆ।

ੳ) ਦਿਸਹੱਦਿਆਂ ਤੋਂ ਪਾਰ

ਅ) ਜ਼ਿੰਦਗੀ ਦੇ ਰੰਗ

ੲ) ਨਾਗਵਲ

ਸ) ਡੱਖੜ ਤੇ ਪਰਿੰਦੇ

10. ਹੇਠ ਲਿਖੇ ਵਿੱਚੋਂ ਕਿਹੜੀ ਬਲਦੇਵ ਸਿੰਘ ਦੀ ਸਵੈ-ਜੀਵਨੀ ਹੈ?

ੳ) ਕੱਲਰੀ ਧਰਤੀ

ਅ) ਸੂਰਜ ਦੀ ਅੱਖ

ੲ) ਹਮ ਹੈਂ ਗਿਆਨਹੀਨ ਅਗਿਆਨੀ

ਸ) ਜੀਟੀ ਰੋਡ

11. ਹੇਠ ਲਿਖਿਆ ਵਿਚੋਂ ਕਿਹੜਾ ਨਾਵਲ ਕਿਸਾਨੀ ਸੰਕਟ ਆਧਾਰਿਤ ਹੈ?

ੳ) ਗੰਧਲੇ ਪਾਣੀ

ਅ) ਜੀਟੀ ਰੋਡ

ੲ) ਕੱਲਰੀ ਧਰਤੀ

ਸ) ਅੰਨਦਾਤਾ

12. ਬਲਦੇਵ ਸਿੰਘ ਦਲਿਤ ਚੇਤਨਾ 'ਤੇ ਅਧਾਰਿਤ ਨਾਵਲ ਕਿਹੜਾ ਹੈ?

ੳ) 'ਅੰਨਦਾਤਾ'

ਅ) 'ਪੰਜਵਾਂ ਸਾਹਿਬਜ਼ਾਦਾ'

ੲ) 'ਮੈਂ ਪਾਕਿਸਤਾਨ ਨਹੀਂ ਜਾਣਾ'

ਸ) 'ਢਾਹਵਾਂ ਦਿੱਲੀ ਦੇ ਕਿੰਗਰੇ'

13. ਬਲਦੇਵ ਸਿੰਘ ਦੀ ਰਚਨਾ 'ਕੱਚੇ ਰਾਹ ਪੱਕੀ ਮਹਿਕ' ਦੀ ਕਿਹੜੀ ਵਿਧਾ ਹੈ?

ੳ) ਨਾਵਲ

ਅ) ਕਹਾਣੀ

ੲ) ਨਾਟਕ

ਸ) ਸਵੈਜੀਵਨੀ

14. ਬਲਦੇਵ ਸਿੰਘ ਨੇ .....ਦੇ ਕਹਿਣ ਤੇ ਆਪਣੇ ਨਾਵਲ 'ਲਾਲ ਬੱਤੀ' ਦਾ ਨਾਟਕੀਕਰਨ ਕੀਤਾ।

ੳ) ਬਲਦੇਵ ਸਿੰਘ ਧਾਲੀਵਾਲ

ਅ) ਕੇਵਲ ਧਾਲੀਵਾਲ

ੲ) ਟੀ ਆਰ ਵਿਨੋਦ

ਸ) ਸਵਰਨ ਚੰਦਨ

15. ਕਿਹੜੇ ਨਾਟਕ ਨੂੰ ਕਾਲਜ ਦੀਆਂ ਨਾਟ ਟੋਲੀਆਂ ਨੇ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਖੇਡਿਆ ਗਿਆ।

ੳ) ਆਵਾਜ਼ ਪੰਜਾਬ ਦੀ

ਅ) ਸੋਨੇ ਦਾ ਹਿਰਨ

ੲ) ਮਿੱਟੀ ਰੁਦਨ ਕਰੇ

ਸ) ਦੂਜੀਆਂ ਧੀਆਂ ਵਾਲੇ ਪੁੱਤਾਂ ਵਾਲੇ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1 ੲ | 2 ੳ | 3.ਸ | 4. ੳ | 5. ਅ |
| 6. ਸ | 7. ੲ | 8. ੳ | 9. ੳ | 10. ੲ |
| 11. ਸ | 12. ਅ | 13. ਸ | 14. ਅ | 15. ੲ |

## ਅਭਿਆਸ ਪ੍ਰਸ਼ਨ

1. ਬਲਦੇਵ ਸਿੰਘ ਦੇ ਜੀਵਨ ਅਤੇ ਪਰਿਵਾਰਕ ਪਿਛੋਕੜ ਬਾਰੇ ਗੱਲ ਕਰਦੇ ਹੋਏ ਉਸ ਦਾ ਪੰਜਾਬੀ ਸਾਹਿਤ ਵਿਚ ਸਥਾਨ ਨਿਰਧਾਰਿਤ ਕਰੋ।
2. ਬਲਦੇਵ ਸਿੰਘ ਦੇ ਸਾਹਿਤਕ ਸਫ਼ਰ ਉਪਰ ਨੋਟ ਲਿਖੋ।
3. ਬਲਦੇਵ ਸਿੰਘ ਦੀ ਰਚਨਾਤਮਿਕ ਵਿਚਾਰਧਾਰਾਂ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ।
4. 'ਇੱਕੀਵੀ ਸਦੀ' ਨਾਵਲ ਦਾ ਥੀਮਗਤ ਵਿਵੇਚਨ ਪੇਸ਼ ਕਰੋ।
5. ਬਲਦੇਵ ਸਿੰਘ ਵਲੋਂ ਨਾਵਲ 'ਇੱਕੀਵੀਂ ਸਦੀ' ਵਿਚ ਪੇਸ਼ ਸਮਸਿਆ ਦੇ ਮੂਲ ਕਾਰਨਾਂ ਅਤੇ ਪ੍ਰਭਾਵਾਂ ਦਾ ਪੰਜਾਬ ਰਹਿਤਲ ਦੇ ਸੰਦਰਭ ਵਿਚ ਮੁੱਲਾਂਕਣ ਕਰੋ।

## Further Reading

- ਡਾ. ਅਸ਼ਵਨੀ ਸ਼ਰਮਾ, ਬਲਦੇਵ ਸਿੰਘ ਦਾ ਗਲਪ ਸੰਸਾਰ

## Online Links

- https://pa.wikipedia.org/wiki/%E0%A8%AC%E0%A8%B2%E0%A8%A6%E0%A9%87%E0%A8%B5_%E0%A8%B8%E0%A8%BF%E0%A9%B0%E0%A8%98_%E0%A8%B8%E0%A9%9C%E0%A8%95%E0%A8%A8%E0%A8%BE%E0%A8%AE%E0%A8%BE

# Unit 14: ਨਾਵਲ 'ਇੱਕੀਵੀਂ ਸਦੀ': ਨਾਵਲੀ ਜੁਗਤਾਂ

**ਵਿਸ਼ਾ-ਵਸਤੂ**

**ਉਦੇਸ਼**

**ਜਾਣ-ਪਛਾਣ**

**1.1 ਕਥਾਨਕ**

**1.2 ਪਾਤਰ ਅਤੇ ਪਾਤਰ ਉਸਾਰੀ**

**1.3 ਭਾਸ਼ਾ**

**1.4 ਵਾਰਤਾਲਾਪ**

**1.5 ਅਖਾਣਾਂ ਦੀ ਵਰਤੋਂ**

**1.6 ਪਿਛਲਝਾਤ ਵਿਧੀ ਦੀ ਵਰਤੋਂ**

**1.7 ਮਨੋਬਚਨੀ ਜੁਗਤ ਦੀ ਵਰਤੋਂ**

**1.8 ਦ੍ਰਿਸ਼ ਵਰਣਨ ਦੀ ਜੁਗਤ**

**1.9 ਅਪਸ਼ਬਦ/ਗਾਲ੍ਹਾਂ ਦੀ ਵਰਤੋਂ**

**1.10 ਉਦੇਸ਼**

**ਸਾਰਾਂਸ਼**

**ਕੇਂਦਰੀ ਸ਼ਬਦ**

**ਸਵੈ-ਮੁਲਾਂਕਣ**

**ਸਵੈ-ਮੁਲਾਂਕਣ ਲਈ ਉੱਤਰ**

**ਅਭਿਆਸ ਪ੍ਰਸ਼ਨ**

**ਸੰਦਰਭ ਪੁਸਤਕਾਂ**

## ਉਦੇਸ਼

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

- 'ਇੱਕੀਵੀਂ ਸਦੀ' ਨਾਵਲ ਦੇ ਵਿਧਾਗਤ ਰੂਪ ਦੀ ਪਰਖ ਕਰਨ ਦੇ ਯੋਗ ਹੋਣਗੇ
- ਨਾਵਲ ਵਿਚਲੀਆਂ ਕਲਾਤਮਕ ਜੁਗਤਾਂ ਦਾ ਮੁਲਾਂਕਣ ਕਰਨ ਦੇ ਕਾਬਿਲ ਹੋਣਗੇ
- ਬਲਦੇਵ ਦੀ ਨਾਵਲੀ ਭਾਸ਼ਾ ਦੇ ਸਰੂਪ ਨਿਰਧਾਰਿਤ ਕਰਨ ਦੇ ਸਮਰੱਥ ਹੋਣਗੇ

ਪੰਜਾਬੀ ਸਾਹਿਤ ਵਿੱਚ ਨਾਵਲ ਇਕ ਅਜਿਹਾ ਸਾਹਿਤ ਰੂਪ ਹੈ, ਜਿਸ ਵਿੱਚ ਮਨੁੱਖ ਦੀ ਸਮੁੱਚੀ ਜਿੰਦਗੀ ਨੂੰ ਵਿਸਥਾਰ ਵਿੱਚ ਚਿਤਰਨ ਦੀ ਅਥਾਹ ਸਮਰੱਥਾ ਹੁੰਦੀ ਹੈ। ਨਾਵਲ ਦੇ ਜਰੀਏ ਨਾਵਲਕਾਰ ਪਾਠਕ ਦੀ ਸਾਂਝ ਸਮੁੱਚੇ ਸਮਾਜ ਨਾਲ ਇਸ ਤਰ੍ਹਾਂ ਕਰਵਾਉਂਦਾ ਹੈ ਕਿ ਪਾਠਕ

ਆਪਣੀ ਨਿੱਜੀ ਸਮੱਸਿਆਵਾਂ ਤੋਂ ਉੱਪਰ ਉੱਠਕੇ ਸਮੁੱਚੇ ਸਮਾਜ ਦੀਆਂ ਸਮੱਸਿਆਵਾਂ ਨਾਲ ਜੁੜ ਜਾਂਦਾ ਹੈ। ਮਨੁੱਖੀ ਸਥਿਤੀਆਂ ਨੂੰ ਚਿਤਰਣ ਲਈ ਨਾਵਲ ਉੱਤਮ ਵਿਧਾ ਹੈ। ਇਹੀ ਕਾਰਨ ਹੈ ਕਿ ਇਹ ਬਾਕੀ ਸਾਹਿਤਕ ਕਿਰਤਾਂ ਨਾਲੋਂ ਜ਼ਿਆਦਾ ਲੋਕਪ੍ਰਿਯ ਸਾਹਿਤ ਰੂਪ ਹੈ। ਨਿਊ ਇੰਗਲਿਸ਼ ਡਿਕਸ਼ਨਰੀ ਅਨੁਸਾਰ:

> "ਨਾਵਲ ਵੱਡੇ ਆਕਾਰ ਵਾਲਾ ਗੱਦ ਵਿੱਚ ਲਿਖਿਆ ਉਹ ਅਖਿਆਨ ਜਾਂ ਬਿਰਤਾਂਤ ਹੈ। ਜਿਸ ਵਿੱਚ ਵਾਸਤਵਿਕ ਜੀਵਨ ਦੀ ਪ੍ਰਤੀਨਿਧਤਾ ਦਾ ਦਾਵਾ ਕਰਨ ਵਾਲੇ ਪਾਤਰਾਂ, ਕਾਰਜਾਂ ਨੂੰ ਕਥਾਨਕ ਰਾਹੀਂ ਚਿਤਰਿਆ ਜਾਵੇ।"

ਨਾਵਲ ਇੱਕ ਵੱਡੇ ਆਕਾਰ ਵਾਲੀ ਗੱਦ ਰਚਨਾ ਹੈ। ਇਸ ਵਿਚ ਕਾਲਪਨਿਕ ਪਾਤਰਾਂ ਅਤੇ ਇਕ ਤਰਤੀਬ ਵਿੱਚ ਘਟਨਾਵਾਂ ਦਾ ਵਰਣਨ ਹੁੰਦਾ ਹੈ। ਨਾਵਲ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਇੱਕ ਵਿਸ਼ਾ ਪੱਖ ਅਤੇ ਦੂਸਰਾ ਕਲਾ ਪੱਖ। ਵਿਸ਼ਾ ਪੱਖ ਉਹ ਹੈ ਜਿਸ ਵਿੱਚ ਕਿਸੇ ਸਮੱਸਿਆ ਨੂੰ ਪੇਸ਼ ਕੀਤਾ ਹੈ ਤੇ ਉਸ ਸਮੱਸਿਆ ਨੂੰ ਜਿਸ ਵਿਧੀ ਰਾਹੀਂ ਪੇਸ਼ ਕੀਤਾ ਜਾਂਦਾ ਹੈ, ਉਸਨੂੰ ਨਾਵਲ ਦਾ ਕਲਾ ਪੱਖ ਕਿਹਾ ਜਾਂਦਾ ਹੈ। ਇਹ ਵਿਧੀਆਂ ਵਿਸ਼ੇ ਨੂੰ ਸਕਾਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਵਿਸ਼ੇ ਨੂੰ ਸੱਜਰਾਪਨ, ਮੌਲਿਕਤਾ ਤੇ ਕਲਾਤਮਕਤਾ ਪ੍ਰਦਾਨ ਕਰਦੀਆਂ ਹਨ। ਨਾਵਲ ਵਿੱਚ ਜਿੰਨੀ ਮੱਹਤਤਾ ਵਿਸ਼ੇ ਦੀ ਹੁੰਦੀ ਹੈ, ਉਨੀ ਹੀ ਕਲਾਤਮਕ ਪੱਖ ਦੀ ਹੁੰਦੀ ਹੈ। ਕਿਸੇ ਵੀ ਲੇਖਕ ਦੀ ਰਚਨਾ ਦਾ ਖ਼ੂਬਸੂਰਤ ਪੱਖ ਉਸਦੀ ਕਲਾਤਮਕਤਾ ਹੁੰਦੀ ਹੈ। ਸਾਹਿਤ ਜੀਵਨ ਯਥਾਰਥ ਦਾ ਹੂ-ਬ-ਹੂ ਚਿਤਰਨ ਨਹੀਂ ਹੁੰਦਾ, ਸਗੋਂ ਜੀਵਨ ਦਾ ਕਲਾਤਮਕ ਬਿੰਬ ਹੁੰਦਾ ਹੈ। ਕਲਾਤਮਕ ਪੱਖ ਵਿੱਚ ਕਥਾਨਕ, ਪਾਤਰ ਚਿਤਰਣ, ਵਾਰਤਾਲਾਪ, ਵਾਤਾਵਰਣ, ਭਾਸ਼ਾ, ਸ਼ੈਲੀ, ਵਿਧੀਆਂ, ਵਿਅੰਗ, ਅਖਾਣ ਮੁਹਾਵਰੇ ਆਦਿ ਆ ਜਾਂਦੇ ਹਨ।

ਨਾਵਲ 'ਇੱਕੀਵੀਂ ਸਦੀ' ਦਾ ਵਿਸ਼ਾ ਪਰਿਵਾਰਿਕ ਅਤੇ ਸਮਾਜਿਕ ਰਿਸ਼ਤਿਆਂ ਦੀ ਹੋ ਰਹੀ ਬੇਕਦਰੀ ਦੀ ਤਰਜਮਾਨੀ ਕਰਦਾ ਹੈ। ਇਸ ਦਾ ਵਿਸ਼ਾ ਸਮਾਜਿਕ ਪੱਖ ਨਾਲ ਜੁੜਿਆ ਹੋਇਆ ਹੈ। ਵਿਸ਼ੇ ਨਾਲ ਜੁੜੇ ਹਰ ਪਹਿਲੂ ਨੂੰ ਉਚੇਚੇ ਕਲਾਤਮਕ ਰੂਪ ਵਿੱਚ ਢਾਲ ਕੇ ਪਾਠਕਾਂ ਸਾਹਮਣੇ ਰੱਖਿਆ ਗਿਆ ਹੈ ਜੋ ਹੇਠ ਲਿਖੇ ਅਨੁਸਾਰ ਹੈ;

## 1.1 ਕਥਾਨਕ

ਕਥਾਨਕ ਨਾਵਲ ਦਾ ਮਹੱਤਵਪੂਰਨ ਤੱਤ ਹੈ। ਨਾਵਲ ਵਿਚ ਆਈਆਂ ਘਟਨਾਵਾਂ ਨੂੰ ਰੌਚਕ ਅਤੇ ਸੁਭਾਵਿਕ ਢੰਗ ਨਾਲ ਗੁੰਦਿਆ ਜਾਂਦਾ ਹੈ। ਘਟਨਾਵਾਂ ਦੀ ਵਿਉਤਬੰਦੀ ਗੋਂਦ/ਪਲਾਟ ਜਾਂ ਕਥਾਨਕ ਅਖਵਾਉਂਦੀ ਹੈ। ਨਾਵਲ ਦੀ ਸਫਲਤਾ ਲਈ ਗੋਂਦ ਦੀ ਸਫ਼ਲਤਾ ਜਰੂਰੀ ਹੈ। ਜੋਗਿੰਦਰ ਸਿੰਘ ਰਾਹੀ ਅਨੁਸਾਰ:

> "ਵਸੂਤ ਜੀਵਨ ਵਿੱਚ ਘਟਨਾਵਾਂ ਨਿੱਕੇ ਨਿੱਕੇ ਟੁਕੜਿਆਂ ਵਿੱਚ ਖਿੱਲਰੀਆਂ ਰੂਪ-ਵਿਹੀਣ ਸੰਰਚਨਾਵਾਂ ਹੁੰਦੀਆਂ ਹਨ। ਨਾਵਲੀ ਪੱਧਰ ਉੱਤੇ ਰੂਪਮਾਨ ਹੋਣ ਲਈ ਇਹਨਾਂ ਨੂੰ ਗੈਰ ਜਰੂਰੀ ਵੇਰਵਿਆਂ ਤੋਂ ਨਿਖੜਨਾ ਪੈਂਦਾਂ ਹੈ ਅਤੇ ਨਾਵਲਕਾਰ ਦੇ ਅਨੁਭਵ ਦੇ ਚੌਖਟੇ ਵਿੱਚ ਇੱਕ ਪ੍ਰਕਾਰ ਦੀ ਪੁਨਰ-ਵਿਉਂਤ ਵਿੱਚ ਜੁੜਨਾ ਪੈਂਦਾ ਹੈ। ਇਹ ਪੁਨਰ ਵਿਓਤ ਹੀ ਨਾਵਲ ਪਲਾਟ ਨੂੰ ਜਨਮ ਦੇਂਦੀ ਹੈ।"

ਪਲਾਟ ਜਾਂ ਕਥਾਨਕ ਨਾਵਲ ਰਚਨਾ ਦਾ ਕੇਂਦਰੀ ਅਤੇ ਅਹਿਮ ਤੱਤ ਹੈ। ਨਾਵਾਂ, ਥਾਵਾਂ ਅਤੇ ਘਟਨਾਵਾਂ ਨੂੰ ਇੱਕ ਸੰਗਲੀ ਵਿੱਚ ਜੋੜਨ ਦਾ ਮਹੱਤਵਪੂਰਨ ਕਾਰਜ ਇੱਕ ਸਫਲ ਪਲਾਟ ਤੇ ਹੀ ਨਿਰਭਰ ਕਰਦਾ ਹੈ। ਪਲਾਟ ਤੋਂ ਬਿਨਾਂ ਨਾਵਲੀ ਰਚਨਾ ਤਾਂ ਕੀ ਕੋਈ ਸਾਹਿਤਕ ਰਚਨਾ ਵੀ ਨਹੀ ਉਸਾਰੀ ਜਾ ਸਕਦੀ। ਇਹ ਪਲਾਟ ਦਾ ਤੱਤ ਹੀ ਹੈ ਜਿਹੜਾ ਗਲਪ ਨੂੰ ਯਥਾਰਥਕ ਜੀਵਨ ਨਾਲ ਸਾਂਝ ਪੁਆਉਂਦਾ ਹੈ। ਨਾਵਲਕਾਰ ਬਲਦੇਵ ਸਿੰਘ ਨੇ 'ਇੱਕੀਵੀਂ ਸਦੀ' ਨਾਵਲ ਦੇ ਕਥਾਨਕ ਜਾਂ ਪਲਾਟ ਨੂੰ ਬਿਰਧ-ਆਸ਼ਰਮਾਂ ਰਾਹੀ ਦਰਸਾਇਆ ਹੈ। ਬਜ਼ੁਰਗਾਂ ਦੀ ਬੇਕਦਰੀ ਨੂੰ ਬਿਰਧ-ਆਸ਼ਰਮਾਂ ਰਾਹੀ ਪੇਸ਼ ਕੀਤਾ ਹੈ। ਸੂਰਤ ਸਿੰਘ ਦਾ ਘਰੇਲੂ ਕਲੇਸ ਕਾਰਨ ਆਪਣਾ ਘਰ ਛੱਡ ਕੇ ਆਸ਼ਰਮਾਂ ਵਿੱਚ ਜਾਣ, ਸੁਰਿੰਦਰ ਕੌਰ ਦਾ ਤਲਾਕ ਹੋਣਾ, ਮਹਿੰਗਾ ਰਾਮ ਦੇ ਪੁੱਤਰ ਵੱਲੋਂ ਬਿਰਧ ਆਸ਼ਰਮ ਜਾਂ ਕੇ ਦੁਰਵਿਹਾਰ ਕਰਨਾ, ਨੋਜਵਾਨਾਂ ਵੱਲੋਂ ਹੋ ਰਹੀ ਨਸ਼ੇ ਦੀ ਵਰਤੋਂ, ਪੁੱਤਰ ਵੱਲੋ ਮਤਰੇਈ ਮਾਂ ਨਾਲ ਅਸ਼ਲੀਲ ਹਰਕਤ, ਗੋਲੂ ਵੱਲੋਂ ਆਪਣੇ ਪਿਤਾ ਦਾ ਕਤਲ ਕਰਨ, ਔਰਤ ਦੀ ਨਾਜ਼ੁਕ ਸਥਿਤੀ, ਆਦਿ ਘਟਨਾਵਾਂ ਨੂੰ ਲੜੀਬੱਧ ਪਰੋਇਆ ਗਿਆ ਹੈ।

## 1.2 ਪਾਤਰ ਅਤੇ ਪਾਤਰ ਉਸਾਰੀ

ਨਾਵਲ ਦੇ ਤੱਤਾਂ ਵਿੱਚ ਪਾਤਰ ਅਤੇ ਪਾਤਰ-ਉਸਾਰੀ ਨੂੰ ਵੀ ਕੇਂਦਰੀ ਅਹਿਮੀਅਤ ਵਾਲਾ ਸਥਾਨ ਪ੍ਰਾਪਤ ਹੈ। ਪਾਤਰ ਉਸਾਰੀ ਅਤੇ ਪਾਤਰ ਚਿਤਰਨ ਨਾਵਲ ਵਿੱਚ ਕਥਾਨਕ ਤੋਂ ਬਾਅਦ ਦੂਜਾ ਮੁੱਖ ਧੁਰਾ ਹੈ। ਜਿਸ ਨਾਲ ਨਾਵਲ ਆਪਣੇ ਸਿਖ਼ਰ ਵੱਲ ਵਧਦਾ ਹੈ। ਨਾਵਲ ਵਿੱਚ ਪਾਤਰ ਹੀ ਘਟਨਾਵਾਂ ਨੂੰ ਸਿਰਜਦੇ ਹਨ ਅਤੇ ਦੁੱਖ-ਸੁੱਖ ਭੋਗਦੇ ਹਨ ਜੋ ਮਨੁੱਖੀ ਜਿੰਦਗੀ ਨਾਲ ਸੰਬੰਧਿਤ ਹਨ। ਨਾਵਲਕਾਰ ਪਾਤਰ ਨੂੰ ਸਾਡੀ ਜਿੰਦਗੀ ਦੇ ਆਲੇ-ਦੁਆਲੇ ਵਿਚੋਂ ਚੁਣਦਾ ਹੈ। ਨਾਵਲ ਦੀ ਸਫਲਤਾ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਨਾਵਲ ਵਿਚਲੇ ਪਾਤਰ ਬਨਾਉਟੀ ਪ੍ਰਤੀਤ ਨਾ ਹੋਣ। ਜੋਗਿੰਦਰ ਸਿੰਘ ਰਾਹੀਂ ਅਨੁਸਾਰ:

"ਨਾਵਲ ਦੇ ਪਾਤਰ ਆਮ ਮਨੁੱਖਾਂ ਵਰਗੇ ਜਿਉਂਦੇ ਜਾਗਦੇ ਮਨੁੱਖ ਹੁੰਦੇ ਹਨ। ਪਰ ਅਸੀਂ ਉਹਨਾਂ ਨੂੰ ਮਨੁੱਖ ਨਹੀਂ ਕਹਿੰਦੇ, ਪਾਤਰ ਕਹਿੰਦੇ ਹਾਂ। ਮਨੁੱਖ ਜਿੰਦਗੀ ਜਿਉਂਦੇ ਹਨ, ਪਾਤਰ ਜਿੰਦਗੀ ਦਾ ਰੋਲ ਅਦਾ ਕਰਦੇ ਹਨ।"

ਨਾਵਲ ਵਿੱਚ ਪਾਤਰ ਉਸਾਰੀ ਕਈ ਢੰਗਾਂ ਨਾਲ ਹੋ ਸਕਦਾ ਹੈ। ਜਿਵੇਂ ਦੋ ਪਾਤਰਾਂ ਦੀ ਆਪਸੀ ਵਾਰਤਾਲਾਪ ਤੋਂ ਤੀਜੇ ਪਾਤਰ ਦਾ ਚਿਤਰਨ, ਘਟਨਾਵਾਂ ਤੇ ਕਾਰਜਾਂ ਤੋਂ ਪਾਤਰ ਚਿਤਰਨ ਅਤੇ ਕਈ ਵਾਰ ਪਾਤਰ ਦੇ ਚਿੱਤਰ ਸੰਬੰਧੀ ਵਿਸ਼ੇਸ਼ਤਾਵਾਂ, ਉਸਦੇ ਭਾਵਾਂ ਅਤੇ ਵਿਚਾਰਾਂ ਨੂੰ ਲੇਖਕ ਖੁਦ ਬਿਆਨ ਕਰ ਜਾਂਦਾ ਹੈ। ਨਵਾਲਕਾਰ ਨੇ ਨੌਜਵਾਨ ਬੱਚਿਆਂ ਅੰਦਰ ਵੜੇ ਰਾਖਸ਼ ਨੂੰ ਕੱਢਣ ਲਈ ਨਮੂਨੇ ਦੇ ਪਾਤਰਾਂ ਦੀ ਸਿਰਜਣਾ ਕੀਤੀ ਹੈ ਤੇ ਇਹਨਾਂ ਪਾਤਰਾਂ ਦੇ ਜੀਵਨ ਵਿਹਾਰ ਨੂੰ ਇੱਕ ਸੂਤਰਧਾਰ 'ਮੈਂ' ਪਾਤਰ ਸੂਰਤ ਸਿੰਘ ਦੀ ਸਿਰਜਣਾ ਰਾਹੀਂ ਸਾਕਾਰ ਕੀਤਾ ਹੈ। ਇਸ ਸੂਤਰਧਾਰ ਦਾ ਜੀਵਨ ਜਿੱਥੇ ਨਾਵਲ ਦੀ ਸਮੁੱਚੀ ਕਾਇਆ ਉੱਤੇ ਫੈਲਿਆ ਹੋਇਆ ਹੈ ਉੱਥੇ ਇਹ ਸੂਤਰਧਾਰੀ ਪਾਤਰ ਵਿਭਿੰਨ ਪਾਤਰਾਂ ਦੀਆਂ ਜੀਵਨ-ਤੰਦਾਂ ਨੂੰ ਉਹਨਾਂ ਦੀ ਇਕ-ਇਕ ਕਥਾ ਰਾਹੀਂ ਵਿਉਂਤਮਈ ਤਰੀਕੇ ਨਾਲ ਉਣਦਾ ਹੋਇਆ ਨਾਵਲੀ ਕਹਾਣੀ ਨੂੰ ਸੰਪੂਰਨਤਾ ਪ੍ਰਦਾਨ ਕਰਦਾ ਹੈ। ਨਾਵਲ ਦੇ ਮੁੱਖ ਪਾਤਰ ਸੂਰਤ ਸਿੰਘ ਤੋਂ ਬਿਨਾਂ ਸੁਰਿੰਦਰ ਕੌਰ, ਮਹਿੰਗਾ ਰਾਮ, ਸੁਖਬੀਰ ਸਿੰਘ, ਮਾਸਟਰ ਜੀ, ਸਰਦਾਰ ਸਾਹਿਬ, ਪ੍ਰੋ. ਚੋਪੜਾ, ਭਜਨਾ, ਪ੍ਰੀਤਮ, ਬਨਾਰਸੀ ਦਾਸ ਅਤੇ ਕੇਹਰ ਸਿੰਘ ਫੌਜੀ, ਅਧਿਆਪਕਾਂ, ਪ੍ਰਿੰਸੀ, ਗੋਲੂ, ਕਾਲਾ ਆਦਿ ਬਹੁਤ ਸਾਰੇ ਪਾਤਰ ਆਏ ਹਨ।

ਨਾਵਲ ਦੇ ਬਹੁਤੇ ਬਿਰਧ ਪਾਤਰਾਂ ਦੀਆਂ ਸੋਚਾਂ ਤੇ ਵਿਚਾਰਾਂ ਇਸ ਦਰਦ ਨਾਲ ਕਰਾਹ ਰਹੀਆਂ ਹਨ ਕਿ ਉਹਨਾਂ ਦੇ ਬੱਚੇ ਨਸ਼ਿਆਂ ਦੀ ਭੱਠੀ ਵਿੱਚ ਤਪਦੇ ਆਪਣਾ ਸਾਰਾ ਅੱਗਾ-ਪਿੱਛਾ ਭੁੱਲ ਰਹੇ ਹਨ। ਇਸ ਲਈ ਮੈਂ ਪਾਤਰ ਸੂਰਤ ਸਿੰਘ ਨੂੰ ਆਪਣੇ ਪੁੱਤ ਦੀ ਬਿਮਾਰੀ ਉਸਦੇ ਤਿੰਨ ਪੀੜ੍ਹੀਆਂ ਦੇ ਖੜ੍ਹੇ ਕੀਤੇ ਢਾਂਚੇ ਨੂੰ ਤਬਾਹ ਕਰਦੀ ਜਾਪਦੀ ਹੈ। ਵਿਡੰਬਨਾ ਇਹ ਹੈ ਕਿ ਅਜੋਕੇ ਪੰਜਾਬੀ ਸਮਾਜ ਵਿੱਚ ਪਿਉ-ਪੁੱਤ ਦਾ ਰਿਸ਼ਤਾ ਮਤਲਬੀ ਹੋ ਰਿਹਾ ਹੈ। ਮਾਪੇ ਸਾਰੀ ਉਮਰ ਆਪਣੇ ਬੱਚਿਆਂ ਲਈ ਮਰਦੇ-ਖਪਦੇ ਰਹਿੰਦੇ ਹਨ ਬੱਚਿਆਂ ਦਾ ਖੂਨ ਇਹਨਾਂ ਚਿੱਟਾ ਹੋ ਗਿਆ ਹੈ ਕਿ ਉਹ ਪਿਉ-ਪੁੱਤ ਦੇ ਰਿਸ਼ਤੇ ਨੂੰ ਭੁੱਲ ਬੈਠੇ ਹਨ। ਇਸ ਲਈ ਬਜ਼ੁਰਗ ਬਿਰਧ ਘਰਾਂ ਵੱਲ ਕੂਚ ਕਰਦੇ ਹਨ।ਨਾਵਲਕਾਰ ਨਾਵਲ ਵਿਚਲੀ ਮੈਂ ਪਾਤਰ ਸੂਰਤ ਸਿੰਘ ਦੀ ਵਾਰਤਾਲਾਪ ਰਾਹੀ ਉਜਾਗਰ ਕਰਦਾ ਹੈ:

"ਮੈਨੂੰ ਆਵਾਜ਼ ਸੁਣੀ, ਚੌਰਾ ਅਜੇ ਗਿਆ ਨਹੀ ਘਰੋਂ? ਮੈਂ ਸਰਪੰਚ ਵੱਲ ਚੱਲਿਐ। ਘਰੋਂ ਬਾਹਰ ਜਾਂਦੇ ਮੁੰਡੇ ਦੀ ਮੈਂ ਪਿੱਠ ਵੇਖੀ। ਕੁਝ ਦੇਰ ਬਾਅਦ ਸਹਿਮੀ ਜਿਹੀ ਪਤਨੀ ਕੋਲ ਆਈ। ਮੇਰੇ ਪੁੱਛਣ ਤੋਂ ਬਿਨਾਂ ਦੀ ਦੱਸਿਆਂ, ਨਸ਼ਾ ਲੈਣ ਗਿਆ ਹੋਣੈ।ਮੈਂ ਤਾਂ ਆਖਿਆ ਸੀ, ਆਪਣੇ ਪਿਉ ਨੂੰ ਮਿਲ ਜਾ, ਪਰ ਉਹ ਤਾਂ ਪੁੱਠਾ ਈ ਬੋਲਦੈ।"

ਮਹਿੰਗਾ ਰਾਮ ਨਾਂ ਦਾ ਇਕ ਪਾਤਰ ਆਪਣਾ ਘਰ-ਬਾਰ ਤਿਆਗ ਕੇ ਬਿਰਧ-ਘਰ 'ਚ ਰਹਿੰਦਾ ਹੈ। ਉੱਥੇ ਰਹਿੰਦਿਆਂ ਵੀ ਉਹ ਆਪਣੇ ਪੁੱਤਰ ਦੇ ਅਪਮਾਨ ਦੇ ਭਾਰ ਹੇਠਾਂ ਦੱਬਿਆ ਪਿਆ ਹੈ। ਕਿਉਂਕਿ ਬਿਰਧ-ਆਸ਼ਰਮ ਪਹੁੰਚਣ ਉਪਰੰਤ ਵੀ ਉਹ ਰਿਸ਼ਤਿਆਂ ਦੀ ਪੋਟਲੀ ਨੂੰ ਆਪਣੇ ਸੀਨੇ ਨਾਲ ਲਾਈ ਰੱਖਦਾ ਹੈ। ਨਾਵਲਕਾਰ ਨੇ ਨਾਵਲ ਵਿੱਚ ਪਾਤਰ

ਸੁਰਿੰਦਰ ਕੌਰ ਤੇ ਉਸਦੇ ਪਤੀ ਦੇ ਪਿਆਰ ਅਤੇ ਰਿਸ਼ਤਿਆਂ ਵਿੱਚ ਆਈਆਂ ਤ੍ਰੇੜਾਂ ਨੂੰ ਵੀ ਪੇਸ਼ ਕੀਤਾ ਹੈ। ਪਾਤਰ ਸੁਰਿੰਦਰ ਕੌਰ ਵਰਗੀ ਗੁਰਬਾਣੀ ਦੀ ਨਿੱਤਨੇਮਣ ਸਾਹਸੀ ਔਰਤ ਵੀ ਚਾਲੀ ਸਾਲ ਤੱਕ ਉਸ ਬੰਦੇ ਨੂੰ ਆਪਣਾ ਪਤੀ ਮੰਨੀ ਰੱਖਦੀ ਹੈ। ਜਿਸਨੇ ਉਸਨੂੰ ਕਦੇ ਵੀ ਪਤੀ ਵਾਲਾ ਪਿਆਰ ਨਹੀਂ ਦਿੱਤਾ। ਉਹ ਪੈਸੇ ਨੂੰ ਹੀ ਮੁੱਖ ਮੰਨਦਾ ਸੀ। ਇਸ ਦੁਖਾਂਤ ਨੂੰ ਨਾਵਲਕਾਰ ਪਾਤਰ ਸੁਰਿੰਦਰ ਕੌਰ ਦੇ ਬੋਲਾਂ ਰਾਹੀ ਦ੍ਰਿਸਟੀਗੋਚਰ ਕਰਦਾ ਹੈ।

"ਮੈਨੂੰ ਕਹਿੰਦੇ ਮੈਂ ਤਾਂ ਟਰੇਨਿੰਗ ਲੈਣ ਚੱਲਿਆਂ ਤੇ ਉਹ ਚਲੇ ਗਏ। ਉਥੇ ਈ ਨੌਕਰੀ ਮਿਲਗੀ। ਮੈਂ ਰਹਿਗੀ ਘਰ ਜੋਗੀ, ਨਾ ਸੁਹਾਗਣਾਂ 'ਚ, ਨਾ ਵਿਧਵਾਵਾਂ 'ਚ। ਭਰਾ ਮੇਰਿਆ, ਜਿਉਂ- ਜਿਉਂ ਪੈਸਾ ਵਧਦਾ ਜਾਂਦਾ ਏ ਨਾ ਕਿਸੇ ਘਰ 'ਚ, ਉਥੇ ਫਿਰ ਨਾ ਪ੍ਰੇਮ ਹੁੰਦਾ, ਨਾ ਕੋਈ ਭਾਵਨਾ ਹੁੰਦੀ। ਦੂਜਿਆ ਲਈ ਕੁਸ਼ ਕਰਨ, ਸੋਚਣਾ ਤਾਂ ਦੂਰ ਦੀ ਗੱਲ। ਪੈਸਾ ਈ ਮੁੱਖ ਹੁੰਦਾ।"

## 1.3 ਭਾਸ਼ਾ

ਭਾਸ਼ਾ ਨਾਵਲ ਦਾ ਬੜਾ ਹੀ ਮਹੱਤਵਪੂਰਨ ਅੰਗ ਹੁੰਦੀ ਹੈ। ਨਾਵਲ ਵਿਚ ਵਰਤੀ ਜਾਣ ਵਾਲੀ ਭਾਸ਼ਾ ਨੂੰ ਆਲੋਚਕ ਦੋ ਭਾਗਾਂ ਵਿੱਚ ਵੰਡਦੇ ਹਨ। ਪਹਿਲਾ ਭਾਗ ਨਾਵਲਕਾਰ ਦੁਆਰਾ ਵਰਤੀ ਗਈ ਭਾਸ਼ਾ ਦਾ ਹੈ, ਜਿਸ ਦੁਆਰਾ ਉਹ ਨਾਵਲ ਦੇ ਬਿਰਤਾਂਤ ਦੀ ਸਿਰਜਣਾ ਕਰਦਾ ਹੈ ਅਤੇ ਦੂਸਰੇ ਭਾਗ ਵਿੱਚ ਉਹ ਭਾਸ਼ਾ ਆਉਂਦੀ ਹੈ ਜੋ ਨਾਵਲਕਾਰ ਪਾਤਰਾਂ ਦੇ ਮੂੰਹੋਂ ਬੁਲਵਾਉਂਦਾ ਹੈ। ਨਾਵਲ ਵਿੱਚ ਨਾਵਲਕਾਰ ਦੁਆਰਾ ਵਰਤੀ ਜਾਣ ਵਾਲੀ ਭਾਸ਼ਾ ਮਲਵਈ ਹੈ, ਪਰ ਨਾਵਲ ਦੇ ਵਾਤਾਵਰਣ, ਸਥਾਨ ਅਤੇ ਸਮੇਂ ਮੁਤਾਬਿਕ ਉਪ-ਭਾਸ਼ਾਵਾਂ ਦੀ ਵਰਤੋਂ ਵੀ ਕੀਤੀ ਗਈ ਹੈ, ਜਿਵੇਂ-ਮਾਝੀ ਤੇ ਪੋਠੋਹਾਰੀ ਆਦਿ।ਮਾਝੀ ਭਾਸ਼ਾ ਨਾਵਲ ਵਿੱਚ ਇਹਨਾਂ ਪੰਕਤੀਆਂ ਰਾਹੀ ਦਰਸਾਈ ਗਈ ਹੈ:

"ਬਰਾ ਜੀ, ਮੈਂ ਤੁਸਾਂ ਨੂੰ ਕਮਰੇ ਵਿੱਚ ਵੇਖਣ ਗਈ ਸਾਂ। ਦੱਸੋ ਕੀ ਕੰਮ ਹੈ, ਮੈਡਮ? ਮੈਂ ਪੁੱਛਿਆ।ਮੇਰੇ ਕਮਰੇ ਵੱਲ ਆ ਸਕਨੇ ਓ, ਜੇ ਥੋੜਾ ਵਕਤ ਹੈਗਾ ਏ।"

ਨਾਵਲ ਦਾ ਪਾਤਰ ਮਹਿੰਗਾ ਰਾਮ ਪੋਠੋਹਾਰ ਇਲਾਕੇ ਨਾਲ ਸੰਬੰਧ ਰੱਖਦਾ ਹੈ।ਬਿਰਧ ਆਸ਼ਰਮ ਵਿੱਚ ਰਹਿੰਦਾ ਪਾਤਰ ਮਹਿੰਗਾ ਰਾਮ ਪੋਠੋਹਾਰੀ ਉਪ ਭਾਸ਼ਾ ਦੀ ਵਰਤੋਂ ਕਰਦਾ ਹੈ। ਮਹਿੰਗਾ ਰਾਮ ਤੇ ਸੂਰਤ ਸਿੰਘ ਆਪਸੀ ਗੱਲਬਾਤ ਪੋਠੋਹਾਰੀ ਭਾਸ਼ਾ ਵਿਚ ਹੁੰਦੀ ਹੈ। ਪੋਠੋਹਾਰੀ ਭਾਸ਼ਾ ਨੂੰ ਨਾਵਲਕਾਰ ਨੇ ਦੋਨੇ ਪਾਤਰਾਂ ਦੀ ਆਪਸੀ ਵਾਰਤਾਲਾਪ ਰਾਹੀਂ ਉਜਾਗਰ ਕੀਤਾ ਹੈ ਜਿਵੇਂ:

> "ਉਸੇ ਸ਼ਹਿਰ 'ਚ ਇੱਕ ਮੁਹੱਲੇ 'ਚ ਅਸੀਂ ਘੁੱਗ ਵਸਦੇ ਸਾਂ। ਭਾਪੇ ਦੀ ਦੁਕਾਨ ਸੀ। ਬੜੀ ਇੱਜਤ ਸੀ ਸਾਡੀ।ਪਰ ਵੰਡ ਵੇਲੇ ਸਭ ਮਿੱਟੀ ਹੋ ਗਿਆ। ਕਾਫਲੇ ਨਾਲ ਰਲ ਕੇ ਏਧਰ ਆ ਤਾਂ ਗਏ ਪਰ ਰਸਤੇ ਵਿੱਚ ਝਾਈ ਤੇ ਭਾਪਾ ਖੁਹਾ ਆਏ। ਮੈਂ ਤੇ ਮੇਰੀ ਭੈਣ ਭੱਜ ਕੇ ਬਚੇ, ਹੋਰ ਗੱਭਰੂ ਸਨ ਸਾਡੇ ਨਾਲ। ਇਕ ਖੇਤ 'ਚ ਲੁਕੇ ਰਹੇ। ਝਾਈ ਭਾਪਾ ਬਿਰਧ ਸਨ, ਉਹ ਘੇਰੇ ਗਏ।"

ਬਲਦੇਵ ਸਿੰਘ ਨੇ ਪੰਜਾਬੀ ਭਾਸ਼ਾ ਦੇ ਨਾਲ-ਨਾਲ ਉਰਦੂ ਅਤੇ ਅੰਗਰੇਜ਼ੀ ਭਾਸ਼ਾ ਦੀ ਸ਼ਬਦਾਵਲੀ ਦਾ ਵੀ ਪ੍ਰਯੋਗ ਕੀਤਾ ਹੈ। ਨਾਵਲ ਵਿੱਚ ਵਰਤੇ ਗਏ ਉਰਦੂ ਭਾਸ਼ਾ ਦੇ ਸ਼ਬਦ ਜਿਵੇ:-

> ਗੁਫਤਗੂ, ਇਤਫ਼ਾਕ, ਤਕੱਲਫ, ਇਸਤਗਾਸਾ, ਗੋਤਰਲਬ, ਪੇਸ਼ੇਵਰਾਨਾ, ਤਕਸੀਮ, ਅਲਾਮਤਾਂ ਆਦਿ।

ਇਸ ਤਰ੍ਹਾਂ ਅੰਗਰੇਜ਼ੀ ਭਾਸ਼ਾ ਦੇ ਨਮੂਨੇ ਵੀ ਵੇਖੇ ਜਾ ਸਕਦੇ ਹਨ:-

ਨਾਈਨਟੀ ਈਅਰਜ਼, ਐਕਸੈਸ ਆਫ ਐਵਰੀ ਥਿੰਗ ਇਜ਼ ਬੈਡ, ਡਰਾਇੰਗ ਰੂਮ, ਵਾਸ਼ਰੂਮ, ਐਨ, ਵੈਲ ਕਮ, ਪਲੀਜ, ਇਗਨੋਰ, ਸਬਜੈਕਟ, ਬਰੇਕ ਫਾਸਟ, ਵਾਈਫ, ਲਾਈਫ, ਹੈਲਪ, ਥੈਂਕਯੂ, ਨਿਊ ਕਮਰ, ਲੰਚ-ਡਿਨਰ, ਫਸਟ ਡਵੀਜ਼ਨ, ਨੇਚਰ, ਲਾਅਨ, ਪੀਅਨ, ਪ੍ਰਾਬਲਮ, ਰਾਈਟ, ਆਈ ਲਾਈਕ ਇੱਟ, ਵਨਸ ਅਪੋਨ ਏ ਟਾਈਮ, ਬਟ-ਨਾਊ, ਵੈਰੀ ਕਰੂਅਲ ਟਾਈਮ ਕਮਇੰਗ ਅਰੈਡ, ਆਦਿ।

ਬਲਦੇਵ ਸਿੰਘ ਦੀ ਭਾਸ਼ਾ ਉਸ ਦੇ ਨਾਵਲ ਨੂੰ ਸਫ਼ਲ ਬਣਾਉਣ ਵਿੱਚ ਵਿਸ਼ੇਸ਼ ਮਹੱਤਤਾ ਰੱਖਦੀ ਹੈ। ਉਸਦੀ ਭਾਸ਼ਾ ਸੰਬੰਧੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਹ ਪਾਤਰ ਅਨੁਸਾਰ ਭਾਸ਼ਾ ਦਾ ਪ੍ਰਯੋਗ ਅਜਿਹੇ ਕਲਾਤਮਿਕ ਢੰਗ ਨਾਲ ਕਰਦਾ ਹੈ ਕਿ ਪਾਤਰਾਂ ਉੱਪਰ ਆਪਣੀ ਭਾਸ਼ਾ ਦਾ ਪ੍ਰਭਾਵ ਉਜਾਗਰ ਨਹੀਂ ਹੋਣ ਦਿੰਦਾ। ਨਾਵਲ ਵਿਚ ਵਰਤੀ ਗਈ ਕੁਝ ਭਾਸ਼ਾ ਪੋਠੋਹਾਰੀ ਹੈ ਕਿਉਕਿ ਨਾਵਲ ਦੇ ਕੁਝ ਪਾਤਰ ਵੰਡ ਸਮੇਂ ਪਾਕਿਸਤਾਨ ਤੋਂ ਭਾਰਤ ਆਏ ਸਨ।

## 1.4 ਵਾਰਤਾਲਾਪ

ਨਾਵਲ ਦੇ ਪਾਤਰ ਆਪਸ ਵਿੱਚ ਜੋ ਗੱਲਬਾਤ ਕਰਦੇ ਹਨ ਉਸਨੂੰ ਵਾਰਤਾਲਾਪ ਦਾ ਨਾਂ ਦਿੱਤਾ ਜਾਂਦਾ ਹੈ। ਇਸਨੂੰ ਸੰਵਾਦ ਵੀ ਆਖਿਆ ਜਾਂਦਾ ਹੈ। ਨਾਵਲ ਵਿੱਚ ਉਹੀ ਵਾਰਤਾਲਾਪ ਸਫ਼ਲ ਰਹਿੰਦੀ ਹੈ, ਜੋ ਸੁਭਾਵਿਕ ਰੂਪ ਵਿੱਚ ਪਾਤਰਾਂ ਦੀ ਸ਼ਖ਼ਸੀਅਤ ਅਨੁਸਾਰ ਹੋਵੇ, ਵਾਰਤਾਲਾਪ ਦਾ ਪਾਤਰ ਉੱਪਰ ਢੁੱਕਵਾਂ, ਉਸ ਦੇ ਅਨੁਸਾਰ ਹੋਣਾ, ਇਸ ਦਾ ਜਰੂਰੀ ਗੁਣ ਹੈ। ਵਾਰਤਲਾਪ ਕਥਾ-ਵਸਤੂ ਨੂੰ ਵਿਸਤਾਰ ਦਿੰਦਾ ਹੈ। ਇਸ ਨਾਲ ਨਾਵਲ ਵਿੱਚ ਸਜੀਵਤਾ ਅਤੇ ਨਾਟਕੀਅਤਾ ਆਉਂਦੀ ਹੈ। ਇਸ ਨਾਲ ਚਰਿਤ੍ਰ-ਚਿਤਰਣ ਵਿੱਚ ਸਹਾਇਤਾ ਮਿਲਦੀ ਹੈ। ਆਪਣੇ ਬਾਰੇ ਅਤੇ ਹੋਰਨਾਂ ਬਾਰੇ ਕਹਿਣ ਦੀ ਬਿਰਤੀ ਮਨੁੱਖ ਦੇ ਜਨਮ ਤੋਂ ਹੀ ਵਿਕਸਿਤ ਹੋ ਜਾਂਦੀ ਹੈ। ਇਸ ਨਾਲ ਪਾਤਰ ਨਾ ਕੇਵਲ ਚਰਿੱਤਰ ਨੂੰ ਹੀ ਉਘਾੜਦਾ, ਸਗੋਂ ਹੋਰਨਾਂ ਦੇ ਚਰਿਤ੍ਰ ਉੱਤੇ ਵੀ ਪ੍ਰਕਾਸ਼ ਪਾ ਜਾਂਦਾ ਹੈ। ਵਾਰਤਾਲਾਪ ਉਹੀ ਪ੍ਰਭਾਵਸ਼ਾਲੀ ਹੁੰਦਾ ਹੈ ਜੋ ਸੁਭਾਵਕ ਹੋਵੇ, ਪਾਤਰ ਦੇ ਮਨ ਦੀ ਸਥਿਤੀ ਅਤੇ ਅਵਸਥਾ ਦੇ ਅਨੁਰੂਪ ਹੋਵੇ। ਉਹ ਢੁੱਕਵਾਂ ਤੇ ਨਾਟਕੀ ਹੋਵੇ। ਉਸ ਵਿੱਚ ਕਿਸੇ ਪ੍ਰਕਾਰ ਦਾ ਉਚੇਚ ਨਾ ਹੋਵੇ।

ਇਸ ਨਾਵਲ ਵਿੱਚ ਵਾਰਤਾਲਾਪ ਬਹੁਤ ਢੁੱਕਵੀਂ ਅਤੇ ਦਿਲਚਸਪ ਹੈ। ਵਾਰਤਾਲਾਪ ਨੂੰ ਪਾਤਰ ਉਸਾਰੀ ਲਈ ਵੀ ਵਰਤਿਆ ਜਾਦਾਂ ਹੈ। ਪਾਤਰਾਂ ਦਾ ਸੰਵਾਦ ਸਾਨੂੰ ਪੜਦੇ ਸਮੇਂ ਓਪਰਾ ਨਾ ਲੱਗੇ ਸਗੋਂ ਸਹਿਜ ਲੱਗੇ। ਬਿਰਤਾਂਤ ਵਜੋਂ ਸੰਵਾਦ ਜਾਂ ਵਾਰਤਾਲਾਪ ਦੋ ਤਰ੍ਹਾਂ ਦਾ ਹੁੰਦਾ ਹੈ। ਇੱਕ ਸਾਡੀ ਜ਼ਿੰਦਗੀ ਦਾ ਸੱਚ ਹੁੰਦਾ ਹੈ ਤੇ ਇੱਕ ਗਲਪ ਦਾ ਸੱਚ ਹੁੰਦਾ ਹੈ। ਕੋਈ ਵੀ ਲੇਖਕ ਉਸ ਬਿਰਧ ਬਾਬੇ ਵਾਂਗ ਹੈ, ਜੋ ਆਪਣੀ ਜ਼ਿੰਦਗੀ ਦੀ ਪੁਸਤਕ ਫਰੋਲਦਾ ਹੋਇਆ ਉਸ ਰਾਹੀਂ ਸਾਨੂੰ ਆਪਣੇ ਜੀਵਨ ਦੇ ਦਰਸ਼ਨ ਅਰਥਾਤ ਫਲਸਫੇ ਬਾਰੇ ਦੱਸਦਾ ਹੈ। ਜਦੋਂ ਪਾਠਕ ਨੂੰ ਲੱਗਦਾ ਹੋਵੇ ਕਿ ਇਸ ਤਰ੍ਹਾਂ ਦੇ ਪਾਤਰ ਜਰੂਰ ਹੋਣਗੇ ਤਾਂ ਉਹ ਗਲਪ ਦਾ ਸੱਚ ਹੈ। ਵਾਰਤਾਲਾਪ ਵਿੱਚ ਜਿੰਦਗੀ ਦੀਆਂ ਲੋੜਾਂ ਨੂੰ ਦਰਸਾਇਆ ਜਾਂਦਾ ਹੈ। ਵਾਰਤਾਲਾਪ ਰਾਹੀਂ ਬਹੁਤ ਸਾਰੇ ਪਾਤਰਾਂ ਦੀਆਂ ਮਨੋਬਿਰਤੀਆਂ ਨੂੰ ਉਜਾਗਰ ਕੀਤਾ ਜਾਦਾ ਹੈ। ਨਾਵਲਕਾਰ ਅਜੋਕੀ ਸਥਿਤੀ ਨੂੰ ਪਾਤਰਾਂ ਰਾਹੀ ਪੇਸ਼ ਕਰਦਾ ਹੈ। ਜਿਵੇ:

> "ਅਸੀਂ ਆਪਣੇ ਲਈ ਕਦੇ ਸੋਚਿਆ ਹੀ ਨਹੀ ਸੀ। ਸਭ ਕੁਝ ਧੀਆਂ ਲਈ, ਪੁੱਤਾਂ ਲਈ, ਉਹਨਾਂ ਦੇ ਭਵਿੱਖ ਨੂੰ ਸੁਆਰਨ ਲਈ। ਨਾਲ ਨਾਲ ਆਪਣੇ ਵਡੇਰਿਆਂ ਦਾ ਵੀ ਓਹੁਨਾਂ ਹੀ ਖਿਆਲ ਰਹਿੰਦਾ ਸੀ। ਹੁਣ ਦੀ ਔਲਾਦ ਤਾਂ, ਆਪਣੇ-ਆਪ ਤੋਂ ਅਗਾਂਹ ਇਕ ਉਲਾਂਘ ਨਹੀ ਪੁੱਟ ਕੇ ਵੇਖਦੀ। ਏਸੇ ਨੂੰ ਕਹਿੰਦੇ ਹੋਣਗੇ-ਨਵਾਂ ਜ਼ਮਾਨਾ ਆ ਗਿਐ ਹੁਣ।"

## 1.5 ਅਖਾਣਾਂ ਦੀ ਵਰਤੋਂ

ਅਖਾਣ, ਅਖੌਤਾਂ ਜਾਂ ਕਹਾਵਤਾਂ ਕਿਸੇ ਭਾਸ਼ਾ ਦੀ ਸ਼ਕਤੀ ਅਤੇ ਉਸਦਾ ਸੱਭਿਆਚਾਰਕ ਵਿਰਸਾ ਹੁੰਦੀਆ ਹਨ। ਪੰਜਾਬੀ ਅਖਾਣਾਂ ਵਿੱਚੋ ਸਾਡੀ ਘਰੇਲੂ ਜੀਵਨ-ਜਾਂਚ ਅਤੇ ਰਿਸ਼ਤੇ ਨਾਤਿਆਂ ਦਾ ਜਿਕਰ ਅਸੀ ਸਹਿਜੇ ਹੀ ਵੇਖ ਸਕਦੇ ਹਾਂ। ਇਹ ਅਖਾਣਾਂ ਪੰਜਾਬੀ ਲੋਕਾਂ ਦੇ ਸੁਭਾਅ ਅਤੇ ਉਨਾਂ ਦੇ ਕਿਰਦਾਰ ਦਾ ਬਾਖੂਬੀ ਵਰਨਣ ਕਰਦੀਆ ਹਨ। ਵਾਕ ਆਮ ਤੌਰ ਤੇ ਛੋਟੇ ਤੇ ਨਿੱਗਰ ਹੁੰਦੇ ਹਨ, ਅਤੇ ਅਖਾਣਾਂ ਰਾਹੀ ਬਹੁਤ ਸਾਰਾ ਭਾਵ ਥੋੜ੍ਹੇ ਸਬਦਾਂ ਵਿੱਚ ਪ੍ਰਗਟ ਕੀਤਾ ਹੁੰਦਾ ਹੈ। ਡਾ. ਜਸਵਿੰਦਰ ਸਿੰਘ ਪੁਸਤਕ 'ਪੰਜਾਬੀ ਲੋਕ ਸਾਹਿਤ ਸ਼ਾਸਤਰ' ਵਿਚ ਲਿਖਦੇ ਹਨ ਕਿ

> "ਅਖਾਣ ਅਜਿਹੀ ਸੂਤਰਿਕ ਲੋਕ ਉਕਤ ਦਾ ਰੂਪ ਹੁੰਦੇ ਹਨ ਜਿਸ ਵਿੱਚ ਜਿੰਦਗੀ ਦੇ ਅਨੁਭਵੀ ਸੱਚ ਦੇ ਵਿਸ਼ੇਸ਼ ਅੰਸ਼ ਨੂੰ ਮੋਖਿਕ ਰੂਪ ਵਿੱਚ ਮੌਕੇ ਮੁਤਾਬਿਕ ਠੁਕਦਾਰ ਲੋਕ ਬੋਲਾਂ ਵਿੱਚ ਉਚਾਰਿਆਂ ਜਾਂਦਾ ਹੈ।

ਬਲਦੇਵ ਸਿੰਘ ਨਾਵਲ ਵਿੱਚ ਰੌਚਿਕਤਾ ਲਿਆਉਣ ਲਈ ਕਹਾਵਤਾਂ ਦੀ ਵਰਤੋ ਕਰਦਾ ਹੈ। ਜਿਵੇ:

- ਨਵੀਆਂ ਗੁੱਡੀਆਂ, ਨਵੇਂ ਪਟੋਲੇ
- ਤਰ ਤੇਂ ਲੂਣ ਘਸਾਉਣ
- ਜਿਧਰ ਗਈਆਂ ਬੇੜੀਆਂ, ਉਧਰ ਗਏ ਮਲਾਹ
- ਸਿਰ ਤੇ ਨਹੀ ਕੁੰਡਾ, ਹਾਥੀ ਫਿਰ ਲੁੰਡਾ
- ਜੱਗੋਂ ਤੇਰ੍ਹਵੀਂ ਹੋਈ ਐ
- ਵਰਤਮਾਨ ਬੜਾ ਕੜ੍ਹਬਾ ਹੈ
- ਨੀਂਦ ਤਾਂ ਸੂਲਾਂ ਦੀ ਸੇਜ ਉੱਪਰ ਵੀ ਆ ਜਾਂਦੀ ਹੈ
- ਇਕਾਂਤ ਵਾਸਾ, ਨਾ ਝਗੜਾ ਨਾ ਝਾਂਸਾ
- ਮੂਲ ਨਾਲੋਂ ਤਾਂ ਵਿਆਜ ਹੋਰ ਵੀ ਪਿਆਰਾ ਹੁੰਦੈ

## 1.6 ਪਿਛੱਲਝਾਤ ਵਿਧੀ ਦੀ ਵਰਤੋਂ

ਪਿਛੱਲਝਾਤ ਬਿਰਤਾਂਤ ਦੀ ਇੱਕ ਜੁਗਤ ਹੁੰਦੀ ਹੈ। ਪਿਛੱਲਝਾਤ ਤੋਂ ਭਾਵ ਜਦੋਂ ਕੋਈ ਪਾਤਰ ਵਰਤਮਾਨ ਵਿੱਚ ਵਿਚਰਦਾ ਹੋਇਆ, ਕੁਝ ਸਮੇਂ ਲਈ ਆਪਣੇ ਅਤੀਤ ਨਾਲ ਜੁੜ ਜਾਂਦਾ ਹੈ ਤੇ ਫਿਰ ਵਰਤਮਾਨ ਵਿੱਚ ਪਰਤ ਆਉਂਦਾ ਹੈ। ਇਹ ਕਹਾਣੀ ਜਾਂ ਨਾਵਲ ਨੂੰ ਹੋਰ ਸੰਘਣਾਂ ਜਾਂ ਪ੍ਰਭਾਵਸਾਲੀ ਬਣਾਉਣ ਲਈ ਵਰਤੀ ਜਾਂਦੀ ਹੈ।

ਬਲਦੇਵ ਸਿੰਘ ਨੇ ਨਾਵਲ ਵਿੱਚ ਪਾਤਰਾਂ ਦਾ ਪਿਛੋਕੜ ਬਿਆਨ ਕਰਨ ਲਈ ਪਿੱਛਲਝਾਤ ਦੀ ਜੁਗਤ ਵਰਤੀ ਹੈ। ਪਿੱਛਲਝਾਤ ਦੀ ਜੁਗਤ ਰਾਹੀਂ ਭੂਤਕਾਲ ਦੀਆਂ ਘਟਨਾਵਾਂ ਨੂੰ ਵਰਤਮਾਨ ਸਮੇਂ ਵਿੱਚ ਪੇਸ਼ ਕਰਕੇ ਉਸ ਦੀ ਸਾਰਥਿਕਤਾ ਸਿੱਧ ਕੀਤੀ ਹੈ। 'ਇੱਕੀਵੀਂ ਸਦੀ' ਨਾਵਲ ਮੁੱਖ ਤੌਰ ਤੇ ਪੀੜ੍ਹੀ ਪਾੜੇ ਵਿੱਚ ਬਦਲਦੀਆਂ ਕਦਰਾਂ-ਕੀਮਤਾਂ ਦਾ ਜਿਕਰ ਕਰਦਾ ਹੈ। ਇਸ ਦੇ ਨਾਲ ਹੀ ਪਿੱਛਲਝਾਤ ਨਾਲ ਮਿਲਦੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਕਰਕੇ ਕਾਮਯਾਬੀ ਨਾਲ ਅੱਗੇ ਤੁਰਦਾ ਹੈ। ਨਾਵਲ ਵਿੱਚ ਇਹ ਦਰਸਾਇਆ ਗਿਆ ਹੈ ਕਿ ਇੱਕੀਵੀਂ ਸਦੀ ਦੀ ਚਾਲ ਹੁਣ ਬਹੁਪੱਖੀ ਹੋ ਕੇ ਵੀ ਮਨੁੱਖ ਨੂੰ ਮਨਫ਼ੀ ਕਰਨ ਵੱਲ ਰੁਚਿਤ ਹੈ। ਇਹ ਸਮੇਂ ਦੀ ਚਾਲ ਅਤੇ ਪਰਿਵਰਤਨ ਵਿੱਚ ਅੰਦਰੋ ਖੁਰਦੇ ਬਜ਼ੁਰਗਾਂ ਦੀ ਕਥਾ ਹੈ ਜੋ ਆਪਣੀਆਂ ਸਫ਼ਲਤਾ ਵਾਲੀਆਂ ਘਲਣਾਵਾਂ ਦੇ ਬਾਵਜੂਦ ਆਪਣੇ ਵਾਰਸਾਂ ਦੀਆਂ ਕਰਤੂਤਾਂ ਤੋਂ ਦੁਖੀ ਹੋ ਕੇ ਜੀਵਨ ਗੁਜ਼ਾਰਨ ਲਈ ਮਜਬੂਰ ਹਨ।

ਨਾਵਲਕਾਰ ਨੇ ਪਿੱਛਲਝਾਤ ਦੀ ਜੁਗਤ ਰਾਹੀਂ ਸੂਰਤ ਸਿੰਘ ਬਾਰੇ ਜਾਣਕਾਰੀ ਦਿੱਤੀ ਹੈ। ਨਾਵਲ ਵਿੱਚ ਮੈਂ ਪਾਤਰ ਸੂਰਤ ਸਿੰਘ ਰਿਟਾਇਰ ਅਫਸਰ ਹੈ। ਸੂਰਤ ਸਿੰਘ ਘਰੇਲੂ ਕਲੇਸ਼ ਕਾਰਨ ਆਪਣਾ ਘਰ-ਬਾਰ ਛੱਡ ਕੇ ਚਾਰ ਕਿਸਮ ਦੇ ਬਿਰਧ ਆਸ਼ਰਮਾਂ ਵਿੱਚ ਪ੍ਰਵੇਸ਼ ਕਰਦਾ ਹੈ। ਨਾਵਲ ਦੇ ਮੈਂ ਪਾਤਰ ਸੂਰਤ ਸਿੰਘ ਸਮੇਤ ਹੋਰ ਵੀ ਕਿੰਨੇ ਪਾਤਰ ਹਨ, ਜਿਹੜੇ ਘਰੇਲੂ ਕਲੇਸ਼ ਕਾਰਨ ਦੁੱਖੀ ਹਨ। ਸਾਰੇ ਹੀ ਪਾਤਰ ਬਿਰਧ ਆਸ਼ਰਮ ਵਿੱਚ ਰਹਿ ਕੇ ਆਪਣੇ ਪੁਰਾਣੇ ਜੀਵਨ ਜਿਸ ਵਿਚੋਂ ਉਹ ਲੰਘ ਕੇ ਆਏ ਹਨ ਉਸਨੂੰ ਯਾਦ ਕਰਦੇ ਹਨ। ਨਾਵਲਕਾਰ ਪਿੱਛਲਝਾਤ ਤਕਨੀਕ ਰਾਹੀ ਸਭ ਪਾਤਰਾਂ ਦੀ ਜੀਵਨ-ਗਾਥਾ ਨੂੰ ਸਪੱਸ਼ਟ ਕਰਦਾ ਹੈ। ਨਾਵਲਕਾਰ ਨੇ ਪਾਤਰ ਸੂਰਤ ਸਿੰਘ ਦੀ ਪਿੱਛਲਝਾਤ ਵਾਲੀ ਸੁਰਤ ਨੂੰ ਪ੍ਰਸਤੂਤ ਕਰਦਾ ਹੈ:

> "ਪਸ਼ੂਆਂ ਦੀ ਲੰਮੀ ਖੁਰਲੀ ਦੇ ਅਗਲੇ ਸਿਰੇ ਤੇ ਖੜ੍ਹੀ ਨਿੰਮ ਹੁਣ ਕਾਫ਼ੀ ਬਿਰਧ ਹੋ ਗਈ ਹੈ। ਮੈਂ ਦਾਦਾ ਵੀ ਦੇਖਿਆ ਸੀ ਤੇ ਬਾਪੂ ਵੀ ਬੜਾ ਸਮਾਂ ਮੇਰੇ ਨਾਲ ਰਹੇ ਸਨ।ਇਹ ਨਿੰਮ ਸਾਡੀਆਂ ਤਿੰਨ ਪੀੜ੍ਹੀਆਂ ਦੀ ਗਵਾਹ ਹੈ ਨਿੰਮ ਦੇ ਲਾਗੇ ਹੀ ਇੱਕ ਬਰਾਂਡਾ ਸੀ, ਉਹਦੇ ਹੇਠ ਸਦਾ ਹੀ ਇੱਕ ਪਾਣੀ ਦਾ ਘੜਾ ਪਿਆ ਰਹਿੰਦਾ ਸੀ। ਘੜੇ ਉੱਪਰ ਚੱਪਣ ਤੇ ਚੱਪਣ ਉੱਪਰ ਪਿੱਤਲ ਦੀ ਗੜਵੀ। ਪਾਸ ਹੀ ਮੋਟੇ ਪਾਵਿਆਂ ਵਾਲਾ ਇੱਕ ਮੰਜਾ।"

## 1.7 ਮਨੋਬਚਨੀ ਜੁਗਤ ਦੀ ਵਰਤੋਂ

ਬਿਰਤਾਂਤ ਸਿਰਜਣ ਦੀਆਂ ਅਜਿਹੀਆਂ ਵਿਧੀਆਂ ਵਿੱਚੋਂ ਹੀ ਇੱਕ ਹੋਰ ਵਿਧੀ ਅੰਤਰੀਵ ਮਨ ਦੀ ਬਚਨੀ ਹੈ। ਅੰਤਰੀਵ ਮਨ ਬਚਨੀ ਦਾ ਭਾਵ ਹੈ ਆਪਣੇ ਮਨ ਦੇ ਅੰਦਰ ਝਾਕਣਾ ਅਤੇ ਆਪਣੇ ਆਪ ਨਾਲ ਗੱਲਾਂ ਕਰਨਾ। ਗਲਪਕਾਰ ਇਸ ਵਿਧੀ ਦੀ ਵਰਤੋਂ ਆਪਣੇ ਪਾਤਰ ਦੀ ਅੰਦਰਲੀ ਮਨੋ-ਸਥਿਤੀ ਤੇ ਬਿਰਤੀ ਨੂੰ ਉਘਾੜਣ ਵਾਸਤੇ ਕਰਦਾ ਹੈ।

ਅੰਤਰੀਵ ਮਨ-ਬਚਨੀ ਨੂੰ ਆਮ ਤੌਰ ਤੇ ਦੋ ਰੂਪਾਂ ਵਿੱਚ ਪ੍ਰਯੋਗ ਵਿੱਚ ਲਿਆਂਦਾ ਜਾਂਦਾ ਹੈ। ਇਕ ਰੂਪ ਪ੍ਰਤੱਖਵਾਦੀ ਹੈ, ਦੂਜਾ ਪਰੋਖਵਾਦੀ, ਚੇਤਨਾ ਪ੍ਰਵਾਹੀ ਗਲਪ ਦਾ ਪ੍ਰਸਿੱਧ ਸਮੀਖਿਅਕ ਰਬਰਟ ਹੈਮ ਫੇਰੀ ਦਾ ਮਤ ਹੈ:

> "ਅੰਤਰੀਵ ਮਨ ਬਚਨੀ ਗਲਪ ਵਿੱਚ ਪਾਤਰ ਦੀ ਮਾਨਸਿਕ ਵਸਤੂ ਤੇ ਵਿਕਾਸ ਨੂੰ ਪ੍ਰਸਤੁਤ ਕਰ ਵਾਲੀ ਜੁਗਤ ਹੈ ਜਿਹੜੀ ਚੇਤਨਾ ਦੇ ਚਿੱਤਰਪਟ ਤੇ ਕਾਰਜਸ਼ੀਲ ਪ੍ਰਕਿਰਿਆਵਾਂ ਨੂੰ ਸੁਚੇਤ ਪੇਸ਼ਕਾਰੀ ਤੋਂ ਪਹਿਲਾਂ ਹੀ ਕਹੇ ਅਣ-ਕਹੇ ਪੱਧਰ ਤੋਂ ਵਿਅਕਤ ਕਰਦੀ ਹੈ।"

ਅੰਤਰੀਵ ਮਨਬਚਨੀ ਇਕ ਵਿਧਾ ਹੈ। ਨਾਵਲਕਾਰ ਇਸ ਵਿਧਾ ਰਾਹੀਂ ਪਾਤਰ ਦੀ ਸਥਿਤੀ ਨੂੰ ਫੜਨ ਦੀ ਕੋਸ਼ਿਸ ਕਰਦਾ ਹੈ। ਨਾਵਲ ਵਿਚ ਪਾਤਰ ਸੂਰਤ ਸਿੰਘ ਦੀ ਅੰਤਰੀਵ ਮਨਬਚਨੀ ਨੂੰ ਨਾਵਲਕਾਰ ਬਿਆਨ ਕਰਦਾ ਹੈ। ਮਾਨਵੀਂ ਰਿਸ਼ਤਿਆਂ ਵਿੱਚ, ਜਿਸ ਵਿੱਚ ਮੋਹ-ਮੁਹੱਬਤ ਦੀ ਕਮੀ ਹੁੰਦੀ ਹੈ, ਉਸਦਾ ਪ੍ਰਭਾਵ ਮਨੁੱਖੀ ਮਨ ਦੀਆਂ ਅੰਤਰੀਣ ਤਹਿਆਂ ਉੱਪਰ ਜਰੂਰ ਪੈਂਦਾ ਹੈ। ਰਿਸ਼ਤਿਆਂ ਦੀ ਕਮੀ ਕਰਨ ਹੀ ਸੂਰਤ ਸਿੰਘ ਘਰ-ਬਾਰ ਛੱਡ ਕੇ ਬਿਰਧ- ਆਸ਼ਰਮ ਜਾਂਦਾ ਹੈ। ਬਿਰਧ-ਆਸ਼ਰਮ ਜਾ ਕੇ ਪਾਤਰ ਸੂਰਤ ਸਿੰਘ ਆਪਣੇ ਮਨ ਅੰਦਰ ਝਾਤ ਮਾਰਦਾ ਹੋਇਆਂ ਆਪਣੇ ਆਪ ਨਾਲ ਹੀ ਗੱਲ ਕਰਦਾ ਹੈ:

> "ਮੈਂ ਆਪਣੇ ਅੰਦਰ ਝਾਤੀ ਮਾਰੀ।ਪੂਰੇ ਪੰਜਾਹ ਵਰ੍ਹੇ, ਪਹਿਲੇ ਵੀਹ ਵਰ੍ਹਿਆਂ ਨੂੰ ਛੱਡ ਕੇ ਜਦ ਮੈਂ ਪੜ੍ਹਾਈ ਕਰ ਰਿਹਾ ਸਾਂ ਤੇ ਨੌਕਰੀ ਦੀ ਭਾਲ ਵਿੱਚ ਸਾਂ, ਆਪਣੇ ਟੱਬਰ ਲਈ ਮੈਂ ਮੁੜ੍ਹਕਾ ਵਹਾਇਆ ਹੈ। ਪੱਚੀ-ਪੱਚੀ ਮੀਲ ਸਾਈਕਲ ਉੱਪਰ ਨੌਕਰੀ ਵਾਲੀ ਜਗਾਹ ਜਾਂਦਾ ਰਿਹਾ ਹਾਂ। ਨਾ ਕਦੇ ਬੁਖ਼ਾਰ ਦੀ ਪ੍ਰਵਾਹ ਕੀਤੀ ਨਾ ਕਦੇ ਖਰਾਬ ਮੌਸਮ ਦੀ ਪ੍ਰਵਾਹ ਕੀਤੀ।"

## 1.8 ਦ੍ਰਿਸ਼ ਵਰਣਨ ਦੀ ਜੁਗਤ

ਬਲਦੇਵ ਸਿੰਘ ਦੇ ਨਾਵਲ ਦੀ ਇੱਕ ਹੋਰ ਨਾਵਲੀ ਜੁਗਤ ਹੈ। ਇਸ ਵਿੱਚਲਾ ਦਿਲ ਖਿੱਚਵਾ ਦ੍ਰਿਸ਼ ਵਰਣਨ ਅਤੇ ਪ੍ਰਕਿਰਤੀ ਚਿਤਰਨ ਹੈ। ਨਾਵਲਕਾਰ ਇੱਕ ਚਿੱਤਰਕਾਰ ਦੀ ਤਰ੍ਹਾਂ ਆਪਣੇ ਬੁਰਸ਼ ਦੀਆਂ ਕੁੱਝ ਛੋਹਾਂ ਨਾਲ ਇੰਨਾ ਸੁੰਦਰ ਦ੍ਰਿਸ਼ ਸਾਡੀਆਂ ਅੱਖਾਂ ਅੱਗੇ ਖੜ੍ਹਾ ਕਰਦਾ ਹੈ ਕਿ ਪਾਠਕ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਨਾਵਲ ਵਿੱਚ ਦ੍ਰਿਸ਼ ਵਰਣਨ ਅਤੇ ਸਥਾਨਕ ਰੰਗਣ ਪ੍ਰਦਾਨ ਕਰਨ ਨੂੰ ਇੱਕ ਜੁਗਤ ਵਜੋਂ ਪ੍ਰਯੋਗ ਕੀਤਾ ਗਿਆ ਹੈ। ਉਦਾਰਣ ਵਜੋਂ ਨਾਵਲ ਦਾ ਆਰੰਭ ਹੀ ਦ੍ਰਿਸ਼ ਉਸਾਰੀ ਤੋਂ ਹੁੰਦਾ ਹੈ, 'ਇੱਕੀਵੀਂ ਸਦੀ' ਨਾਵਲ ਵਿੱਚ ਪਾਤਰ ਸੂਰਤ ਸਿੰਘ ਅਧੀਨ ਪੁਰਾਣੇ ਸਮੇਂ ਦੇ ਘਰ ਦੇ ਦ੍ਰਿਸ਼ ਨੂੰ ਯਾਦ ਕਰਦਾ ਹੈ। ਜਿਵੇ:

> "ਨਿੰਮ ਦੇ ਲਾਗੇ ਹੀ ਇਕ ਬਰਾਂਡਾ ਸੀ, ਉਹਦੇ ਹੇਠ ਸਦਾ ਹੀ ਇੱਕ ਪਾਣੀ ਦਾ ਘੜਾ ਪਿਆ ਰਹਿੰਦਾ ਸੀ। ਘੜੇ ਉੱਪਰ ਚੱਪਣ ਤੇ ਚੱਪਣ ਉੱਪਰ ਪਿੱਤਲ ਦੀ ਗੜਵੀ।ਪਾਸ ਹੀ ਮੋਟੋ ਪਾਵਿਆਂ ਵਾਲਾ ਇੱਕ ਮੰਜਾ।"

ਨਾਵਲਕਾਰ ਨੇ ਨਾਵਲ ਵਿੱਚ ਇੱਕੀਵੀਂ ਸਦੀ ਦੇ ਸਮਾਜ ਵਿੱਚ ਬਜ਼ੁਰਗਾਂ ਦੀ ਹੋਣੀ ਵੱਲ ਗੰਭੀਰਤਾ ਨਾਲ ਸੰਕੇਤ ਕਰਦਾ ਹੈ। ਜਿਸ ਕਾਰਨ ਪਾਠਕ ਨਾਵਲ ਵਿੱਚ ਪੂਰੀ ਰੁਚੀ ਲੈ ਕੇ ਪੜ੍ਹਦਾ ਹੈ ਅਤੇ ਸਮੱਸਿਆਵਾਂ ਬਾਰੇ ਸੋਚਦਾ ਹੈ।

## 1.9 ਅਪਸ਼ਬਦ/ਗਾਲ੍ਹਾਂ ਦੀ ਵਰਤੋ

ਜਦੋਂ ਇਨਸਾਨ ਨੂੰ ਗੁੱਸਾ ਆਉਂਦਾ ਹੈ ਤਾਂ ਉਹ ਅਪਸ਼ਬਦਾ ਦਾ ਪ੍ਰਯੋਗ ਕਰਦਾ ਹੈ। ਅੱਜ ਗਾਲ੍ਹਾਂ ਸਾਡੇ ਪੇਂਡੂ ਸਮਾਜ ਵਿੱਚ ਸੁਭਾਵਿਕ ਰੂਪ ਵਿਚ ਘੁਲ-ਮਿਲ ਗਈਆ ਹਨ। ਬਲਦੇਵ ਸਿੰਘ ਨੇ ਨਾਵਲ ਦੇ ਪਾਤਰ ਆਮ ਜੀਵਨ ਵਿਚੋਂ ਲਏ ਹਨ।ਇਹਨਾਂ ਪਾਤਰਾਂ ਦੀ ਬੋਲੀ ਵੀ ਆਮ ਮਨੁੱਖਾਂ ਵਾਂਗ ਸਧਾਰਨ ਹੀ ਹੈ। ਗਾਲ੍ਹਾਂ ਵੀ ਸੁਭਾਵਿਕ ਤੌਰ ਤੇ ਸਾਡੀ ਬੋਲੀ, ਸਾਡੇ ਸਭਿਆਚਾਰ ਦਾ ਹਿੱਸਾ ਹਨ। ਸਮਾਜ ਵਿੱਚ ਮਾਂ ਦਾ ਰਿਸ਼ਤਾ ਸਭ ਤੋਂ ਵੱਧ ਪਵਿੱਤਰ ਤੇ ਉੱਚਾ ਮੰਨਿਆ ਗਿਆ ਹੈ। ਮਾਂ ਨੂੰ ਰੱਬ ਦੇ ਸਮਾਨ ਪੂਜਿਆਂ ਜਾਂਦਾ ਹੈ ਅਤੇ ਰੱਬ ਦਾ ਦੂਜਾ ਰੂਪ ਆਖਿਆ ਜਾਂਦਾ ਹੈ। ਨਾਵਲ ਵਿੱਚ ਮਾਂ ਪੁੱਤਰ ਦੇ ਰਿਸ਼ਤੇ ਵਿੱਚ ਤਕਰਾਰ ਤੇ ਹੀਣ ਸ਼ਬਦਵਲੀ ਦੀ ਵਰਤੋਂ ਕੀਤੀ ਗਈ ਹੈ। ਪ੍ਰਸਿੰਨੀ ਜਦੋਂ ਆਪਣੇ ਛੋਟੇ ਮੁੰਡੇ ਨੂੰ ਨਸ਼ੇ ਤੋਂ ਰੋਕਦੀ ਹੈ ਤਾਂ ਉਹ ਉਸਨੂੰ ਗਾਲ੍ਹਾਂ ਦਿੰਦਾ ਹੈ। ਨਾਵਲਕਾਰ ਨੇ ਨਾਵਲ ਵਿੱਚ ਮਾਂ-ਪੁੱਤ ਦੇ ਰਿਸ਼ਤੇ ਸੰਬੰਧੀ ਅਪਭਾਸ਼ਾ ਨੂੰ ਇੰਝ ਪ੍ਰਸਤੁਤ ਕੀਤਾ ਹੈ:

> "ਮੈਨੂੰ ਕੁੱਤੀਏ, ਕੰਜਰੀਏ, ਨਾਗਣ ਐ ਤੂੰ, ਸਾਰਿਆਂ ਨੂੰ ਖਾਗੀ। ਏਨੀਆਂ ਗੰਦੀਆਂ ਗਾਲ੍ਹਾਂ ਕੱਢੀਆਂ, ਕੀ ਦੱਸਾ, ਇਹੋ ਜੇਹੀਆਂ ਤਾਂ ਕਦੇ ਉਸਦੇ ਭਾਪੇ ਨੇ ਨਹੀ ਸਨ ਕੱਢੀਆਂ। ਮੈਂ ਕੰਨਾਂ ਤੇ ਹੱਥ ਧਰ ਲਏ, ਕੋਈ ਐਂ ਵੀ ਮਾਂ ਨੂੰ ਗਾਲ੍ਹਾਂ ਦਿੰਦੈ।"

## 1.10 ਉਦੇਸ਼

ਹਰੇਕ ਰਚਨਾ ਦਾ ਕੋਈ ਨਾ ਕੋਈ ਉਦੇਸ਼ ਜਰੂਰ ਹੁੰਦਾ ਹੈ। ਉਦੇਸ਼ ਬਿਨਾਂ ਸਾਹਿਤ ਦੀ ਕੋਈ ਰਚਨਾ ਨਹੀ ਹੁੰਦੀ। ਨਾਵਲ ਬਾਰੇ ਤਾਂ ਬਿਲਕੁਲ ਵੀ ਨਹੀ ਕਿਹਾ ਜਾ ਸਕਦਾ। ਲੇਖਕ ਦੇ ਮਨ ਵਿੱਚ ਜੋ ਉਦੇਸ਼ ਹੁੰਦਾ ਹੈ, ਉਸਨੂੰ ਆਪਣੀ ਰਚਨਾ ਦੇ ਮਾਧਿਅਮ ਨਾਲ ਪਾਠਕਾਂ ਤੱਕ ਪਹੁੰਚਾਉਂਦਾ ਹੈ। ਡਾ. ਕਮਲਜੀਤ ਕੌਰ ਬੰਗਾ ਪੁਸਤਕ 'ਪੰਜਾਬੀ ਨਾਵਲ ਦਾ ਵਿਚਾਰਧਾਰਕ ਪਰਿਪੇਖ' ਵਿਚ ਵਿਚਾਰ ਪੇਸ਼ ਕਰਦੇ ਹਨ;

> "ਅਜੋਕੇ ਸਮੇਂ ਵਿੱਚ ਪੰਜਾਬੀ ਨਾਵਲ ਸਾਹਿਤ ਜਗਤ ਵਿੱਚ ਸਿਖਰ ਉੱਪਰ ਪਹੁੰਚ ਚੁੱਕਿਆ ਹੈ। 19ਵੀਂ ਸਦੀ ਤੋਂ ਆਪਣਾ ਸਫ਼ਰ ਕਰਨ ਵਾਲਾ ਪੰਜਾਬੀ ਸਾਹਿਤ ਰੂਪ ਨਾਵਲ 21ਵੀਂ ਸਦੀ ਤੱਕ ਪੰਜਾਬੀ ਸਾਹਿਤ ਦਾ ਮਹੱਤਵਪੂਰਨ ਅੰਗ ਬਣ ਚੁੱਕਿਆਂ ਹੈ। ਸਮੇਂ ਵਿੱਚ ਪਰਿਵਰਤਨ ਆਉਣ ਨਾਲ ਮਨੁੱਖੀ ਜੀਵਨ ਦੇ ਰਹਿਣ-ਸਹਿਣ ਵਿੱਚ ਬਦਲਾਅ ਆਇਆ। ਇਸ ਬਦਲਾਅ ਤੋਂ ਪੰਜਾਬੀ ਨਾਵਲ ਦਾ ਉਦੇਸ਼ ਆਧੁਨਿਕ ਸਮੇਂ ਵਿੱਚ ਮਹੱਤਤਾ ਦਾ ਧਾਰਨੀ ਹੈ।"

'ਇੱਕੀਵੀਂ ਸਦੀ' ਨਾਵਲ ਦਾ ਮੂਲ ਮੰਤਵ ਜਾਂ ਉਦੇਸ ਬਜ਼ੁਰਗਾਂ ਦੀ ਬੇਕਦਰੀ, ਪੂੰਜੀਵਾਦ ਦਾ ਪ੍ਰਸਾਰ, ਬਦਲਦੀਆਂ ਕਦਰਾਂ-ਕੀਮਤਾਂ, ਨਸ਼ਿਆਂ ਦਾ ਨੌਜਵਾਨ ਪੀੜ੍ਹੀ ਦੁਆਰਾ ਸੇਵਨ, ਸਾਂਝੇ ਪਰਿਵਾਰਾਂ ਦਾ ਟੁੱਟਣਾ ਆਦਿ ਹੈ। ਲੇਖਕ ਸਿੱਧੇ ਰੂਪ ਵਿੱਚ ਹੀ ਆਪਣੇ ਉਦੇਸ਼ ਦਾ ਪ੍ਰਗਟਾਵਾ ਕਰਦਾ ਹੈ। ਉਹ ਇਸ ਦੀ ਪੇਸ਼ਕਾਰੀ ਕਲਾਮਈ ਢੰਗ ਨਾਲ ਕਰਦਾ ਹੈ। ਸਿੱਧੇ ਢੰਗ ਨਾਲ ਪੇਸ਼ ਕੀਤਾ ਉਦੇਸ਼ ਪ੍ਰਚਾਰ ਬਣ ਜਾਂਦਾ ਹੈ ਅਤੇ ਸਾਹਿਤ ਵਿੱਚ ਸਿੱਧ ਕੀਤਾ ਗਿਆ ਪ੍ਰਚਾਰ ਚੰਗਾ ਨਹੀਂ ਸਮਝਿਆਂ ਜਾਂਦਾ ਹੈ।

## ਸਾਰ-ਅੰਸ਼

ਬਲਦੇਵ ਸਿੰਘ ਸਾਹਿਤ ਸਿਰਜਣਾ ਦੇ ਖੇਤਰ ਵਿੱਚ ਆਪਣੇ ਅਨੁਭਵ ਦੀ ਵਿਭਿੰਨਤਾ ਸਮੇਤ ਕਾਰਜਸ਼ੀਲ ਹੈ। ਉਸ ਨੇ ਅਮੀਰ, ਨਿਵੇਕਲੇ ਅਤੇ ਵੱਖਰੇ ਅਨੁਭਵ ਕਾਰਨ ਹੀ ਉਸ ਦੀਆਂ ਰਚਨਾਵਾਂ ਵੱਖਰੇ ਵਿਸ਼ੇ ਲੈ ਕੇ ਸਨਮੁੱਖ ਹੁੰਦੀਆ ਹਨ। ਉਸਨੇ ਸਾਹਿਤ ਦੀ ਕਿਸੇ ਇਕ ਵਿਧਾ ਨਾਲ ਬੱਝਕੇ ਨਹੀਂ ਲਿਖਿਆ ਸਗੋਂ ਸਾਹਿਤ ਦੀ ਹਰ ਵਿਧਾ ਨੂੰ ਅਪਣਾਇਆ ਹੈ। ਉਹ ਆਪਣੇ ਕਲਾਤਮਕ ਅਨੁਭਵ ਨੂੰ ਨਵਿਆਉਣ ਦਾ ਯਤਨ ਕਰਦਾ ਹੈ। ਇਹੀ ਕਾਰਨ ਹੈ ਕਿ ਉਸ ਦੀਆਂ ਸਾਹਿਤਕ ਰਚਨਾਵਾਂ ਵਿੱਚ ਨਿਰੰਤਰ ਨਵੇਂ ਵਿਚਾਰਾ ਦਾ ਸੰਚਾਰ ਹੋਇਆ ਹੈ। ਬਲਦੇਵ ਸਿੰਘ ਆਪਣੇ ਨਾਵਲ ਵਿੱਚ ਦੂਜੇ ਨਾਵਲਕਾਰਾਂ ਵਾਂਗ ਹੀ ਸੁਧਾਰਵਾਦੀ ਤੇ ਯਥਾਰਥਵਾਦੀ ਨਾਵਲਕਾਰ ਹੈ।

ਸਮੁੱਚੇ ਰੂਪ ਵਿੱਚ ਨਾਵਲ 'ਇੱਕੀਵੀਂ ਸਦੀ' ਕਲਾਤਮਕ ਪੱਖੋਂ ਸੁਚੱਜੀ ਰਚਨਾ ਹੈ। ਘਟਨਾਵਾਂ ਦੀ ਪੇਸ਼ਕਾਰੀ ਬਹੁਤ ਕਲਾਤਮਕਤਾ ਨਾਲ ਕੀਤੀ ਗਈ ਹੈ। ਨਾਵਲ ਦੀਆਂ ਘਟਨਾਵਾਂ ਦ੍ਰਿਸ਼ ਬਣ ਕੇ ਅੱਖਾਂ ਅੱਗੋ ਸਾਕਾਰ ਹੋ ਜਾਂਦੀਆਂ ਹਨ। ਨਾਵਲ ਪੜਦਿਆਂ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ, ਜਿਵੇਂ ਘਟਨਾਵਾਂ ਸਾਹਮਣੇ ਵਾਪਰਦੀਆਂ ਦੇਖ ਰਹੇ ਹਾਂ। ਨਾਵਲ ਦੇ ਵਿੱਚ ਕਥਾਨਕ, ਪਾਤਰ-ਚਿਤਰਨ, ਵਾਰਤਾਲਾਪ, ਅਖਾਣ ਦੀ ਢੁੱਕਵੀਂ ਵਰਤੋਂ ਕੀਤੀ ਗਈ ਹੈ।

## ਕੇਂਦਰੀ ਸ਼ਬਦ

- **ਗੱਦ:** ਵਾਰਤਕ ਰਚਨਾ
- **ਸਾਕਾਰ:** ਰੂਪਮਾਨ/ ਦ੍ਰਿਸ਼ਟਮਾਨ/ਸਾਕਸ਼ਾਤ
- **ਸਨਮੁੱਖ:** ਸਾਹਮਣੇ
- **ਕਲਾਤਮਕਤਾ:** ਸ਼ਿਲਪ ਵਿਧਾਨ

## ਸਵੈ-ਮੁਲਾਂਕਣ

1. ਹੈ। ਨਾਵਲਕਾਰ ਬਲਦੇਵ ਸਿੰਘ ਨੇ 'ਇੱਕੀਵੀਂ ਸਦੀ' ਨਾਵਲ ਦੇ ਕਥਾਨਕ ਨੂੰ ....ਰਾਹੀ ਦਰਸਾਇਆ ਹੈ।

ੳ) ਬਿਰਧ-ਆਸ਼ਰਮਾਂ

ਅ) ਯਤੀਮ-ਖਾਨਿਆਂ

ੲ) ਸੁਧਾਰ-ਘਰਾਂ

ਸ) ਪੁਲਿਸ ਥਾਣਿਆਂ

2. ਕਿਸ ਤੱਤ ਨਾਲ ਨਾਵਲ ਆਪਣੇ ਸਿਖ਼ਰ ਵੱਲ ਵਧਦਾ ਹੈ?

ੳ) ਕਥਾਨਕ

ਅ) ਪਾਤਰ-ਚਿਤਰਨ

ੲ) ਵਾਰਤਾਲਾਪਾਂ

ਸ) ਵਾਤਾਵਰਣ

3. ਨਾਵਲ ਦੇ ਬਹੁਤੇ .....ਪਾਤਰਾਂ ਦੀਆਂ ਸੋਚਾਂ ਤੇ ਵਿਚਾਰਾਂ ਇਸ ਦਰਦ ਨਾਲ ਕਰਾਹ ਰਹੀਆਂ ਹਨ।

ੳ) ਔਰਤ

ਅ) ਮਰਦ

ੲ) ਬਿਰਧ

ਸ) ਨੌਜਵਾਨ

4. ਨਾਵਲੀ ਬਿਰਤਾਂਤ ਅਨੁਸਾਰ ਅਜੋਕੇ ਪੰਜਾਬੀ ਸਮਾਜ ਵਿੱਚ ਕਿਹੜਾ ਰਿਸ਼ਤਾ ਮਤਲਬੀ ਹੋ ਰਿਹਾ ਹੈ?

ੳ) ਸੱਸ-ਨੂੰਹ ਦਾ

ਅ) ਭੈਣ-ਭਰਾ ਦਾ

ੲ) ਪਤੀ-ਪਤਨੀ ਦਾ

ਸ) ਪਿਉ-ਪੁੱਤ ਦਾ

5. ਨਾਵਲ ਵਿਚ ਵਰਤੀ ਜਾਣ ਵਾਲੀ ਭਾਸ਼ਾ ਨੂੰ ਆਲੋਚਕ.... ਭਾਗਾਂ ਵਿੱਚ ਵੰਡਦੇ ਹਨ।

ੳ) ਇੱਕ

ਅ) ਦੋ

ੲ) ਤਿੰਨ

ਸ) ਪੰਜ

6. ਨਾਵਲ ਵਿਚ ਵਰਤੀ ਗਈ ਕੁਝ ਭਾਸ਼ਾ .....ਹੈ ਕਿਉਕਿ ਨਾਵਲ ਦੇ ਕੁਝ ਪਾਤਰ ਵੰਡ ਸਮੇਂ ਪਾਕਿਸਤਾਨ ਤੋਂ ਭਾਰਤ ਆਏ ਸਨ।

ੳ) ਸਰਾਇਕੀ

ਅ) ਮੁਲਤਾਨੀ

ੲ) ਪੋਠੋਹਾਰੀ

ਸ) ਝਾਂਗੀ

7. ਘਟਨਾਵਾਂ ਦੀ ਵਿਉਤਬੰਦੀ ........ਅਖਵਾਉਂਦੀ ਹੈ।

ੳ) ਗੋਂਦ

ਅ) ਥੀਮ

ੲ) ਵਾਰਤਾਲਾਪ

ਸ) ਭਾਸ਼ਾ

੮. ਨਾਵਲ 'ਇੱਕੀਵੀਂ ਸਦੀ' ਵਿੱਚ ਵਾਰਤਾਲਾਪ ਬਹੁਤ ........ਹੈ।

ੳ) ਢੁੱਕਵੀਂ ਅਤੇ ਦਿਲਚਸਪ

ਅ) ਅਢੁੱਕਵੀਂ ਅਤੇ ਨੀਰਸ

ੲ) ਨੀਰਸ ਅਤੇ ਅਕੇਵੀਂ

ਸ) ਦਿਲਚਸਪ ਅਤੇ ਅਢੁੱਕਵੀਂ

੧. ...........ਕਿਸੇ ਭਾਸ਼ਾ ਦੀ ਸ਼ਕਤੀ ਅਤੇ ਉਸਦਾ ਸੱਭਿਆਚਾਰਕ ਵਿਰਸਾ ਹੁੰਦੀਆ ਹਨ।

ੳ) ਬੋਲੀਆਂ

ਅ) ਅਖਾਣ

ੲ) ਸਿੱਠਣੀਆਂ

ਸ) ਘੋੜੀਆਂ

10. ਬਲਦੇਵ ਸਿੰਘ ਨੇ ਨਾਵਲ ਵਿੱਚ ਪਾਤਰਾਂ ਦਾ ਪਿਛੋਕੜ ਬਿਆਨ ਕਰਨ ਲਈ....ਦੀ ਜੁਗਤ ਵਰਤੀ ਹੈ।

ੳ) ਅਖਾਣਾਂ

ਅ) ਮਨੋਬਚਨੀ

ੲ) ਅਗਲਝਾਤ

ਸ) ਪਿੱਛਲਝਾਤ

11. ਨਾਵਲ ਵਿੱਚ ਸਮੇਂ ਦੀ ਚਾਲ ਅਤੇ ਪਰਿਵਰਤਨ ਸਦਕਾ ਅੰਦਰੋ ਖੁਰਦੇ ..... ਦੀ ਕਥਾ ਹੈ

ੳ) ਬਜ਼ੁਰਗਾਂ

ਅ) ਔਰਤਾਂ

ੲ) ਮਰਦਾਂ

ਸ) ਨੌਜਵਾਨਾਂ

12. ਗਲਪਕਾਰ ਕਿਸ ਵਿਧੀ ਦੀ ਵਰਤੋਂ ਆਪਣੇ ਪਾਤਰ ਦੀ ਅੰਦਰਲੀ ਮਨੋ-ਸਥਿਤੀ ਤੇ ਬਿਰਤੀ ਨੂੰ ਉਘਾੜਣ ਵਾਸਤੇ ਕਰਦਾ ਹੈ?

ੳ) ਅਖਾਣਾਂ

ਅ) ਮਨੋਬਚਨੀ

ੲ) ਅਗਲਝਾਤ

ਸ) ਪਿੱਛਲਝਾਤ

13. .......ਵੀ ਸੁਭਾਵਿਕ ਤੌਰ ਤੇ ਸਾਡੀ ਬੋਲੀ, ਸਾਡੇ ਸਭਿਆਚਾਰ ਦਾ ਹਿੱਸਾ ਹਨ।

ੳ) ਗੀਤਾਂ

ਅ) ਅਖਾਣਾਂ

ੲ) ਗਾਲ੍ਹਾਂ

ਸ) ਸਿੱਠੀਆਂ

14. .......ਬਿਨਾਂ ਸਾਹਿਤ ਦੀ ਕੋਈ ਰਚਨਾ ਨਹੀ ਹੁੰਦੀ।

ੳ) ਅਖਾਣਾਂ

ਅ) ਵਾਰਤਾਲਾਪਾਂ

ੲ) ਪਾਤਰਾਂ

ਸ) ਉਦੇਸ਼

15. ਨਾਵਲਕਾਰ ਨੇ ਨਾਵਲ ਵਿੱਚ ਇੱਕੀਵੀਂ ਸਦੀ ਦੇ ਸਮਾਜ ਵਿੱਚ...... ਦੀ ਹੋਣੀ ਵੱਲ ਗੰਭੀਰਤਾ ਨਾਲ ਸੰਕੇਤ ਕਰਦਾ ਹੈ।

ੳ) ਬਜ਼ੁਰਗਾਂ

ਅ) ਔਰਤਾਂ

ੲ) ਮਰਦਾਂ

ਸ) ਨੌਜਵਾਨਾਂ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੳ** | **2 ਅ** | **3.ੲ** | **4. ਸ** | **5. ਅ** |
| **6. ੲ** | **7. ੳ** | **8. ੳ** | **9. ਅ** | **10. ਸ** |
| **11. ੳ** | **12. ਅ** | **13. ੲ** | **14. ਸ** | **15. ੳ** |

## ਅਭਿਆਸ ਪ੍ਰਸ਼ਨ

1. ਬਲਦੇਵ ਸਿੰਘ ਦੇ ਨਾਵਲ ਦੇ ਕਥਾਨਕ ਦੀ ਘਾੜ੍ਹਤ ਨੂੰ ਵਿਸਥਾਰ ਸਹਿਤ ਬਿਆਨ ਕਰੋ

2. ਬਲਦੇਵ ਸਿੰਘ ਦੀ ਨਾਵਲ 'ਇੱਕੀਵੀਂ ਸਦੀ' ਨੂੰ ਆਧਾਰ ਬਣਾ ਕੇ ਉਸਦੀ ਭਾਸ਼ਾਈ ਯੋਗਤਾ ਉਪਰ ਨੋਟ ਲਿਖੋ

3. 'ਇੱਕੀਵੀ ਸਦੀ' ਨਾਵਲ ਦੇ ਪਾਤਰਾਂ ਅਤੇ ਪਾਤਰ ਚਿਤਰਨ ਦੀਆਂ ਜੁਗਤਾਂ ਨੂੰ ਮਿਸਾਲਾਂ ਦੇ ਕੇ ਸਮਝਾਓ।

੪. ਨਾਵਲ 'ਇੱਕੀਵੀ ਸਦੀ' ਵਿਚ ਵਰਤੀ ਗਈ ਬਾਹਰੀ ਅਤੇ ਅੰਦਰੂਨੀ ਵਾਤਾਵਰਣ ਦੀ ਪੇਸ਼ਕਾਰੀ ਦਾ ਵਿਵੇਚਨ ਕਰੋ।

5. 'ਇੱਕੀਵੀ ਸਦੀ' ਨਾਵਲ ਦੇ ਸੰਦਰਭ ਵਿੱਚ ਬਲਦੇਵ ਸਿੰਘ ਦੇ ਸਾਹਿਤਕ ਉਦੇਸ਼ ਨੂੰ ਪਰਿਭਾਸ਼ਿਤ ਕਰੋ।

## Further Reading

- ਡਾ. ਅਸ਼ਵਨੀ ਸ਼ਰਮਾ, ਬਲਦੇਵ ਸਿੰਘ ਦਾ ਗਲਪ ਸੰਸਾਰ

## Online Links

- https://pa.wikipedia.org/wiki/%E0%A8%AC%E0%A8%B2%E0%A8%A6%E0%A9%87%E0%A8%B5_%E0%A8%B8%E0%A8%BF%E0%A9%B0%E0%A8%98_%E0%A8%B8%E0%A9%9C%E0%A8%95%E0%A8%A8%E0%A8%BE%E0%A8%AE%E0%A8%BE

**LOVELY PROFESSIONAL UNIVERSITY**
Jalandhar-Delhi G.T. Road (NH-1)
Phagwara, Punjab (India)-144411
For Enquiry: +91-1824-521360
Fax.: +91-1824-506111
Email: odl@lpu.co.in